Downloaded from https:// www.studiestoday.com

# ਸਮਾਜ ਸ਼ਾਸਤਰ

*(X1 ਸ਼੍ਰੇਣੀ ਲਈ)*

**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ**



Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

**ਪਹਿਲਾ ਸੰਸਕਰਨ** : 2015...................... **ਕਾਪੀਆਂ**

**ਸਾਰੇ ਅਧਿਕਾਰ, ਅਨੁਵਾਦ, ਪੁਨਰ: ਛਪਾਈ ਆਦਿ ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ।**


**ਮੁੱਖ ਸੋਧਕ** : **ਡਾ. ਸ਼ੈਰੀ ਸੱਭਰਵਾਲ**
ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**ਪੰਜਾਬੀ ਅਨੁਵਾਦਕ** : **ਸ਼੍ਰੀਮਤੀ ਸੁਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ
ਸਰਕਾਰੀ ਕਾਲਜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)।
**ਡਾ. ਰਮਨਦੀਪ ਕੌਰ**
ਸਹਾਇਕ-ਪ੍ਰੋਫ਼ੈਸਰ, ਸਮਾਜ-ਸ਼ਾਸਤਰ

**ਕੋ-ਆਰਡੀਨੇਟਰ ਅਤੇ ਸੰਪਾਦਕ** : **ਸੀਮਾ ਚਾਵਲਾ**
ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ



**ਚੇਤਾਵਨੀ**

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ਼ ਪਾਠ-ਪੁਸਤਕ ਦੀ ਜਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੀ ਜਾਲ੍ਹੀ ਅਤੇ ਨਕਲੀ ਪ੍ਰਕਾਸ਼ਨ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ ਪ੍ਰਣਾਲੀ ਦੇ ਅਧੀਨ ਗ਼ੈਰ-ਕਾਨੂੰਨੀ ਅਪਰਾਧ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਦੇ ਉਪਰ ਹੀ ਛਾਪੀਆਂ ਜਾਂਦੀਆਂ ਹਨ।



**ਮੁੱਲ :**

ਸਕੱਤਰ : ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ 160062




Downloaded from https:// www.studiestoday.com

Downloaded from https:// www.studiestoday.com

# ਮੁੱਖਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਦੇ ਪੱਧਰ 'ਤੇ ਸਮੂਹ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸੇ ਸਿਲਸਿਲੇ ਅਧੀਨ ਹੱਥਲੀ ਪਾਠ-ਪੁਸਤਕ ਇਸੇ ਲੜੀ ਵਿੱਚੋਂ ਇੱਕ ਹੈ ਅਤੇ ਇਹ ਗਿਆਰ੍ਹਵੀਂ ਸ਼੍ਰੇਣੀ ਦੇ ਸਮਾਜ ਸ਼ਾਸਤਰ ਦੇ ਵਿਦਿਆਰਥੀਆਂ ਲਈ 'ਵਿਦਿਆਰਥੀ ਕੇਂਦਰਿਤ' ਸਿੱਖਿਆ ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਰਾਸ਼ਟਰੀ ਪਾਠਕ੍ਰਮ ਦੀ ਰੂਪ ਰੇਖਾ-2005 ਤੇ ਅਧਾਰਿਤ ਪੰਜਾਬ ਪਾਠਕ੍ਰਮ ਰੂਪ ਰੇਖਾ 2013 ਦੀ ਸਿਫਾਰਸ਼ ਹੈ ਕਿ ਵਿਦਿਆਰਥੀ ਦੀ ਸਕੂਲ ਦੀ ਜ਼ਿੰਦਗੀ ਨੂੰ ਸਕੂਲ ਤੋਂ ਬਾਹਰਲੀ ਦੁਨੀਆਂ ਨਾਲ਼ ਜੋੜਿਆ ਜਾਵੇ। ਜੋ ਵਿਦਿਆਰਥੀਆਂ ਲਈ 'ਪੁਸਤਕ ਅਧਾਰਿਤ ਸਿੱਖਿਆ' ਦੀ ਪਰੰਪਰਾ ਤੋਂ 'ਗਤੀਵਿਧੀ ਅਧਾਰਿਤ ਸਿੱਖਿਆ' ਵੱਲ ਵਧਣ ਦਾ ਇੱਕ ਕਦਮ ਹੈ।

ਸੀਨੀਅਰ ਸੈਂਕਡਰੀ ਸ਼੍ਰੇਣੀਆਂ ਲਈ ਸਮਾਜ ਸ਼ਾਸਤਰ ਨੂੰ 'ਹਿਉਮੈਂਨਟੀਜ਼' ਸਟਰੀਮ ਦੇ ਅਧੀਨ ਇੱਕ ਚੋਣਵੇਂ ਵਿਸ਼ੇ ਵਜੋਂ ਲਾਗੂ ਕੀਤਾ ਗਿਆ ਹੈ। ਇਹ ਵਿਸ਼ਾ ਸਮਾਜ, ਸੱਭਿਆਚਾਰ, ਸਮਾਜਿਕ ਸਮੂਹ, ਸਮੁਦਾਇ, ਪਰਿਵਾਰ, ਵਿਆਹ, ਨਾਤੇਦਾਰੀ, ਰਾਜਨੀਤੀ, ਧਰਮ, ਅਰਥ ਵਿਵਸਥਾ ਅਤੇ ਸਿੱਖਿਆ ਦੇ ਅਧਿਐਨ 'ਤੇ ਜ਼ੋਰ ਦਿੰਦਾ ਹੈ ਤਾਂ ਕਿ ਵਿਦਿਆਰਥੀ ਸਮਾਜਿਕ ਯਥਾਰਥ ਨੂੰ ਚੇਤੰਨ ਤੌਰ ਤੇ ਸਮਝ ਸਕਣ ਅਤੇ ਸਮਾਜਿਕ, ਆਰਥਿਕ ਵਿਕਾਸ ਵਿੱਚ ਯੋਗਦਾਨ ਦੇਣ ਲਈ ਸਮਰੱਥ ਹੋ ਸਕਣ। ਵਿਸ਼ਾ ਵਸਤੂ ਨੂੰ ਵਧੇਰੇ ਪ੍ਰਸੰਗਿਕ ਅਤੇ ਦਿਲਚਸਪ ਬਣਾਉਣ ਲਈ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਸਾਰ ਚਿੱਤਰ ਅਤੇ ਅਭਿਆਸ ਦਿੱਤੇ ਗਏ ਹਨ। ਵਿਦਿਆਰਥੀਆਂ ਨੂੰ ਸ੍ਵੈ-ਸਿੱਖਿਆ ਲਈ ਉਤਸ਼ਾਹਿਤ ਕਰਨ ਹਿੱਤ ਬਾਕਸ ਆਇਟਮਜ਼ ਨੂੰ ਵੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਪਾਠ-ਪੁਸਤਕ ਯੂਨੀਵਰਸਿਟੀਆਂ, ਕਾਲਜਾਂ, ਐਨ.ਸੀ. ਈ. ਆਰ .ਟੀ. ਅਤੇ ਐੱਸ, ਸੀ. ਈ. ਆਰ. ਟੀ. ਦੇ ਵਿਸ਼ਾ ਮਾਹਰਾਂ ਦੇ ਸੁਝਾਅ ਤੇ ਅਧਾਰਿਤ ਬਾਲ ਮਨੋਵਿਗਿਆਨ ਦੇ ਮਹੱਤਵਪੂਰਨ ਵਿਚਾਰਾਂ ਦੇ ਨਾਲ਼ ਗਿਆਨ ਨੂੰ ਨਵੀਂ ਦਿਸ਼ਾ ਦੇਣ ਦਾ ਇੱਕ ਉਪਰਾਲਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪੁਸਤਕ ਨੂੰ ਤਿਆਰ ਕਰਨ ਵਾਲ਼ੀ ਪਾਠ-ਪੁਸਤਕ ਵਿਕਾਸ ਕਮੇਟੀ ਦੇ ਵੱਲੋਂ ਕੀਤੇ ਗਏ ਸੁਹਿਰਦ ਯਤਨਾਂ ਦੀ ਸ਼ਲਾਘਾ ਕਰਦਾ ਹੈ। ਬੋਰਡ ਪਾਠ-ਪੁਸਤਕ ਵਿੱਚ ਸੁਧਾਰ ਲਈ ਆਉਂਣ ਵਾਲ਼ੇ ਸੁਝਾਂਵਾਂ ਦਾ ਖੈਰ ਮਕਦਮ ਕਰਦਾ ਹੈ।

**ਚੇਅਰਪਰਸਨ**

ਪੰਜਾਬ ਸਕੂਲ ਸਿੱਖਿਆ ਬੋਰਡ



Downloaded from https:// www.studiestoday.com

Downloaded from https:// www.studiestoday.com

# ਪਾਠ ਪੁਸਤਕ ਰਚਨਾ ਕਮੇਟੀ

**ਸੋਧਕ : ਡਾ. ਸ਼ੈਰੀ ਸਭਰਵਾਲ**, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ , ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**ਮੈਂਬਰ**

**ਡਾ. ਮੰਜੂ ਭੱਟ**, ਪ੍ਰੋਫੈਸਰ, ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿਭਾਗ, ਐੱਨ.ਸੀ.ਈ.ਆਰ.ਟੀ ਨਵੀਂ ਦਿੱਲੀ।

**ਡਾ. ਐੱਮ.ਐੱਸ. ਗਿੱਲ**, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

**ਡਾ. ਜਗਦੀਸ਼ ਮਹਿਤਾ** ਐਸੋਸੀਏਟ ਪ੍ਰੋਫੈਸਰ, ਮੁਖੀ ਸਮਾਜ ਸ਼ਾਸਤਰ ਵਿਭਾਗ ਡੀ.ਏ.ਵੀ. ਕਾਲਜ ਸੈਕਟਰ -10, ਚੰਡੀਗੜ੍ਹ।

**ਡਾ. ਮਨੋਜ ਕੁਮਾਰ**, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ ਸਰਕਾਰੀ ਕੰਨਿਆ ਕਾਲਜ, ਸੈਕਟਰ-11, ਚੰਡੀਗੜ੍ਹ।

**ਡਾ. ਬਲੀ ਬਹਾਦੁਰ**, ਸਹਾਇਕ ਪ੍ਰੋਫੈਸਰ, ਮੁਖੀ, ਸਮਾਜ ਸ਼ਾਸ਼ਤਰ ਵਿਭਾਗ, ਗੁਰੂ ਨਾਨਕ ਗਰਲਜ਼ ਕਾਲਜ, ਸ੍ਰੀ ਮੁਕਤਸਰ ਸਾਹਿਬ (ਪੰਜਾਬ)।

**ਡਾ. ਸੰਗੀਤਾ ਸ਼ਰਮਾ**, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ 'ਦੇਸ਼ ਭਗਤ ਯੂਨੀਵਰਸਿਟੀ', ਮੰਡੀ ਗੋਬਿੰਦਗੜ੍ਹ (ਪੰਜਾਬ)।

**ਸ੍ਰੀਮਤੀ ਸੀਮਾ ਬੈਨਰਜੀ**, ਪੀ.ਜੀ.ਟੀ, ਲੱਛਮਣ ਪਬਲਿਕ ਸਕੂਲ ਨਵੀ ਦਿੱਲੀ।

**ਕੁਮਾਰੀ ਜੋਤੀ ਰਾਣੀ**, ਲੈਕਚਰਾਰ, ਪੋਸਟ ਗਰੇਜੁਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ-42 ਚੰਡੀਗੜ੍ਹ।

**ਡਿਜ਼ਾਇਨ/ਚਿੱਤਰ/ਗ੍ਰਾਫ਼ਿਕਸ ਟੀਮ**

**ਸ੍ਰੀ ਵਰਿੰਦਰ ਕੁਮਾਰ**, ਪੀ.ਆਰ.ਟੀ, ਸਰਕਾਰੀ ਪ੍ਰਾਇਮਰੀ ਸਕੂਲ ਮਚਾਕੀ ਮੱਲ ਸਿੰਘ ਫਰੀਦਕੋਟ

**ਮਾਸਟਰ ਕੁੰਵਰ ਅਰੋੜਾ**, ਵਿਜ਼ੁਅਲ ਮੀਡੀਆ ਸੈਕਟਰ -34 ਚੰਡੀਗੜ੍ਹ।

**ਸ੍ਰੀ ਰਜਿੰਦਰ ਪਨੇਸਰ**, ਬਾਬਾ ਫਰੀਦ ਡਿਜ਼ੀਟਲ ਸਟੂਡੀਓ ਫਰੀਦਕੋਟ

**ਕੋਆਰਡੀਨੇਟਰ ਅਤੇ ਸੰਪਾਦਕ**

**ਸੀਮਾ ਚਾਵਲਾ**, ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।



Downloaded from https:// www.studiestoday.com

Downloaded from https:// www.studiestoday.com

# ਭੂਮਿਕਾ

ਸਮਾਜ ਸ਼ਾਸਤਰ ਵਿਸ਼ੇ ਦਾ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜ ਸ਼ਾਸਤਰ ਦੇ ਮੂਲ ਸੰਕਲਪਾਂ ਅਤੇ ਪ੍ਰਕਿਰਤੀ ਦੀ ਸਮਝ ਪੈਦਾ ਕਰਨਾ ਹੈ। ਸਮਾਜ ਸ਼ਾਸਤਰ ਦੇ ਅਧਿਐਨ ਨਾਲ਼ ਵਿਦਿਆਰਥੀਆਂ ਨੂੰ ਸਮਾਜ ਅਤੇ ਰੋਜ਼ਾਨਾ ਜੀਵਨ ਨੂੰ ਬਿਹਤਰ ਢੰਗ ਨਾਲ਼ ਸਮਝਣ ਵਿੱਚ ਮੱਦਦ ਮਿਲ਼ਦੀ ਹੈ। ਵਰਤਮਾਨ ਪਾਠਕ੍ਰਮ ਦਾ ਉਦੇਸ਼ ਵਿਦਿਆਰਥੀਆਂ ਨੂੰ ਮਨੁੱਖੀ ਵਿਵਹਾਰ ਦੀ ਗਤੀਸ਼ੀਲਤਾ ਅਤੇ ਜਟਿਲਤਾ ਦੇ ਬਾਵਜੂਦ ਸਮਾਜ ਨੂੰ ਸਮਝਣ ਵਿੱਚ ਸਮਰੱਥ ਬਣਾਉਣਾ ਹੈ ਅਤੇ ਨਾਲ਼ ਹੀ ਇਹ ਵਿਸ਼ਾ ਵਿਦਿਆਰਥੀਆਂ ਦੇ ਮਨਾਂ ਵਿੱਚ ਖੜ੍ਹੇ ਹੋਣ ਵਾਲ਼ੇ ਉਨ੍ਹਾਂ ਪ੍ਰਸ਼ਨਾਂ ਦੇ ਵੀ ਉੱਤਰ ਪ੍ਰਦਾਨ ਕਰਦਾ ਹੈ, ਜਦੋਂ ਉਹ ਸਮਾਜਿਕ ਜੀਵਨ ਨੂੰ ਸਮਝਣ ਦਾ ਯਤਨ ਕਰ ਰਹੇ ਹੁੰਦੇ ਹਨ।

ਉਦੇਸ਼

- ਸਮਾਜ-ਸ਼ਾਸਤਰ ਦੇ ਆਧਾਰਭੂਤ ਸੰਕਲਪਾਂ ਤੋਂ ਜਾਣੂ ਕਰਵਾਉਣਾ ਤਾਂ ਜੋ ਵਿਦਿਆਰਥੀ ਸਮਾਜਿਕ ਜ਼ਿੰਦਗੀ ਦਾ ਪ੍ਰੇਖਣ ਤੇ ਵਿਆਖਿਆ ਕਰ ਸਕਣ।
- ਸ਼੍ਰੇਣੀ ਕਮਰੇ ਦੇ ਅਧਿਆਪਨ ਨੂੰ ਸਮਾਜ ਨਾਲ਼ ਜੋੜਨਾ।
- ਸਮਾਜਿਕ ਸੰਰਚਨਾ ਅਤੇ ਸਮਾਜਿਕ ਪ੍ਰਕਿਰਿਆ ਦੀ ਜਟਿਲਤਾ ਸੰਬੰਧੀ ਜਾਗਰੁਕਤਾ ਪੈਦਾ ਕਰਨਾ।
- ਵਿਦਿਆਰਥੀਆਂ ਵਿੱਚ ਬਦਲ ਰਹੇ ਭਾਰਤੀ ਸਮਾਜ ਦੀ ਸਮਝ ਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਪੈਦਾ ਕਰਨਾ।
- ਭਾਰਤੀ ਸਮਾਜ ਦੀ ਵਿਭਿੰਨਤਾ ਅਤੇ ਵਿਸ਼ਵ ਪੱਧਰ 'ਤੇ ਹੋ ਰਹੀਆਂ ਤਬਦੀਲੀਆਂ ਦਾ ਭਾਰਤੀ ਸਮਾਜ 'ਤੇ ਪ੍ਰਭਾਵ ਸੰਬੰਧੀ ਸਮਝ ਪੈਦਾ ਕਰਨਾ ।
- ਸਮਾਜ ਦੇ ਵੰਚਿਤ/ਵਾਝੇਂ ਵਰਗਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ।

ਇਸ ਤੋਂ ਇਲਾਵਾ, ਸਮਾਜਿਕ ਸੰਰਚਨਾ ਨੂੰ ਸਮਝਣ ਲਈ ਵਿਸ਼ਲੇਸਣਾਤਮਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੀ ਲੋੜ ਹੈ ਤਾਂ ਜੋ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਅਰਥ-ਪੂਰਨ ਹਿੱਸਾ ਪਾਇਆ ਜਾ ਸਕੇ। ਇਸ ਪਾਠ ਪੁਸਤਕ ਦੇ ਪਾਠਾਂ ਨੂੰ ਤਿਆਰ ਕਰਦੇ ਸਮੇਂ 'ਵਿਦਿਆਰਥੀ ਕੇਂਦਰਤ' ਸਿਧਾਂਤ ਨੂੰ ਅਪਣਾਇਆ ਗਿਆ ਹੈ ਤਾਂ ਜੋ ਉਹ ਜਿਸ ਸਮਾਜ ਵਿੱਚ ਰਹਿੰਦੇ ਹਨ ਉਸ ਦੀ ਸਰੰਚਨਾ ਅਤੇ ਸਮਾਜਿਕ ਪ੍ਰਕਿਰਿਆ ਤੋਂ ਜਾਣੂ ਹੋ ਸਕਣ। ਲਿੰਗ ਵਾਤਾਵਰਨ ਅਤੇ ਸਮਾਜਿਕ ਸਮੱਸਿਆਵਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਬਣਾਏ ਰੱਖਣ ਲਈ ਵੀ ਵਿਸ਼ੇਸ਼ ਜਤਨ ਕੀਤੇ ਗਏ ਹਨ।

ਸੀਮਾ ਚਾਵਲਾ, ਵਿਸ਼ਾ ਮਾਹਿਰ।



Downloaded from https:// www.studiestoday.com

Downloaded from https:// www.studiestoday.com

# ਆਭਾਰ

ਪੰਜਾਬ ਸਕੂਲ ਸਿੱਖਿਆ ਬੋਰਡ, ਡਾ ਸ਼ੈਰੀ ਸਭਰਵਾਲ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਨਮੋਲ ਯੋਗਦਾਨ ਨੂੰ ਸਵੀਕਾਰ ਕਰਦਾ ਹੈ ਜਿਨ੍ਹਾਂ ਵੱਲੋਂ ਪਾਠ-ਪੁਸਤਕ ਦੇ ਖਰੜ੍ਹੇ ਦੇ ਸੋਧਕ ਵਜੋਂ ਆਪਣੀਆਂ ਸੇਵਾਵਾਂ ਬੋਰਡ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ। ਬੋਰਡ ਐੱਨ.ਸੀ.ਈ. ਆਰ. ਟੀ ਦੇ ਨਿਰਦੇਸ਼ਕ, ਜਿਨ੍ਹਾਂ ਨੇ ਪਾਠ-ਪੁਸਤਕ ਦੀ ਰਚਨਾਂ ਵਿੱਚ ਆਪਣੇ ਵਿਸ਼ਾ ਮਾਹਿਰਾਂ ਦੀਆਂ ਸੇਵਾਂਵਾਂ ਉਪਲਬਧ ਕਰਵਾ ਕੇ ਸਾਨੂੰ ਸਹਿਯੋਗ ਦਿੱਤਾ ਹੈ, ਦੇ ਵੀ ਧੰਨਵਾਦੀ ਹਾਂ।

ਅਸੀਂ ਸ੍ਰੀ ਵਰਿੰਦਰ ਕੁਮਾਰ, ਪੀ.ਆਰ.ਟੀ, ਸਰਕਾਰੀ ਪ੍ਰਾਇਮਰੀ ਸਕੂਲ ਮਚਾਕੀ ਮੱਲ ਸਿੰਘ ਫਰੀਦਕੋਟ, ਮਾਸਟਰ ਕੁੰਵਰ ਅਰੋੜਾ, ਵਿਜ਼ੁਅਲ ਮੀਡੀਆ ਸੈਕਟਰ -34 ਚੰਡੀਗੜ੍ਹ, ਸ੍ਰੀ ਰਜਿੰਦਰ ਪਨੇਸਰ, ਬਾਬਾ ਫਰੀਦ ਡਿਜ਼ੀਟਲ ਸਟੂਡੀਓ ਫਰੀਦਕੋਟ ਦਾ ਪੁਸਤਕ ਦੇ ਗ੍ਰਾਫਿਕਸ ਅਤੇ ਡਿਜ਼ਾਇਨ ਤਿਆਰ ਕਰਨ ਲਈ ਧੰਨਵਾਦ ਕਰਦੇ ਹਾਂ। ਅਸੀਂ ਪਾਠ ਪੁਸਤਕ ਕਮੇਟੀ ਦੇ ਮੈਂਬਰਾਂ ਅਤੇ ਡਾ. ਮੰਜੂ ਭੱਟ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਸਮਾਜਿਕ ਵਿਗਿਆਨ ਵਿਭਾਗ, ਐੱਨ.ਸੀ.ਈ.ਆਰ.ਟੀ ਨਵੀਂ ਦਿੱਲੀ, ਡਾ. ਐੱਮ.ਐੱਸ. ਗਿੱਲ, ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸ਼੍ਰੀਮਤੀ ਸੁਨੀਤ ਕੌਰ, ਐਸੋਸੀਏਟ ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ, ਸਰਕਾਰੀ ਕਾਲਜ ਮੁਹਾਲੀ, ਡਾ. ਸੰਗੀਤਾ ਸ਼ਰਮਾ, ਸਹਾਇਕ ਪ੍ਰੋਫੈਸਰ, ਸਮਾਜ ਸ਼ਾਸਤਰ ਵਿਭਾਗ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ (ਪੰਜਾਬ), ਸ੍ਰੀਮਤੀ ਸੀਮਾ ਬੈਨਰਜੀ, ਪੀ.ਜੀ.ਟੀ, ਲੱਛਮਣ ਪਬਲਿਕ ਸਕੂਲ ਨਵੀ ਦਿੱਲੀ, ਡਾ. ਰਮਨਦੀਪ ਕੌਰ, ਸਹਾਇਕ-ਪ੍ਰੋਫ਼ੈਸਰ, ਸਮਾਜ-ਸ਼ਾਸਤਰ ਵਿਭਾਗ, ਐਮ. ਸੀ. ਐਮ. ਡੀ. ਏ. ਵੀ. ਕਾਲਜ ਚੰਡੀਗੜ੍ਹ, ਕੁਮਾਰੀ ਜੋਤੀ ਰਾਣੀ, ਰੀਸੋਰਸ ਪਰਸਨ (ਲੈਕਚਰਾਰ), ਪੋਸਟ ਗਰੇਜੂਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ-42 ਚੰਡੀਗੜ੍ਹ, ਸ਼੍ਰੀ ਮੋਹਨ ਲਾਲ, ਰਿਟਾ: ਪ੍ਰਿੰਸੀਪਲ, ਸਰਕਾਰੀ ਸਕੂਲ ਚੰਡੀਗੜ੍ਹ, ਸ਼੍ਰੀਮਤੀ ਮਨੀਪਾਲ ਕੌਰ , ਸਹਾਇਕ ਪ੍ਰੋਫ਼ੈਸਰ, ਸਮਾਜ ਸ਼ਾਸਤਰ ਵਿਭਾਗ, ਐੱਸ.ਜੀ.ਜੀ. ਐੱਸ ਕਾਲਜ ਚੰਡੀਗੜ੍ਹ, ਉਪਰੋਕਤ ਸਾਰਿਆਂ ਦਾ, ਜਿਨ੍ਹਾਂ ਨੇ ਖਰੜ੍ਹੇ ਦੀ ਸਮੀਖਿਆ ਕਰਨ ਵਿੱਚ ਸਹਿਯੋਗ ਦਿੱਤਾ, ਦਾ ਤਹਿ ਦਿਲੋ ਧੰਨਵਾਦ ਕਰਦੇ ਹਾਂ।

ਬੋਰਡ ਡਾ. ਐਮ. ਰਾਜੀਵ ਲੋਚਨ, ਪ੍ਰੋ. ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਟੀ ਚੰਡੀਗੜ੍ਹ ਅਤੇ ਡਾ. ਜੋਤੀ ਸੇਠ, ਮੁਖੀ ਸਮਾਜ ਸ਼ਾਸਤਰ ਵਿਭਾਗ ਪੋਸਟ ਗਰੇਜੁਏਟ ਗੌਰਮਿੰਟ ਗਰਲਜ਼ ਕਾਲਜ ਸੈਕਟਰ-42 ਚੰਡੀਗੜ੍ਹਦੇ ਮਹੱਤਵਪੂਰਨ ਸੁਝਾਵਾਂ ਦੇ ਲਈ ਵੀ ਆਭਾਰੀ ਹੈ।



Downloaded from https:// www.studiestoday.com

Downloaded from https:// www.studiestoday.com

# ਪਾਠ ਕ੍ਰਮ

**ਇਕਾਈ-1 ਸਮਾਜ ਸ਼ਾਸਤਰ ਦੀ ਉਤਪਤੀ ਅਤੇ ਵਿਕਾਸ**

1. ਸਮਾਜ ਸ਼ਾਸਤਰ ਦਾ ਉਤਪਤੀ : ਇਤਿਹਾਸਿਕ ਪਿਛੋਕੜ, ਅਰਥ, ਸਮਾਜ ਸ਼ਾਸਤਰ ਦੀ ਪ੍ਰਕਿਰਤੀ ਅਤੇ ਵਿਸ਼ਾ ਖੇਤਰ
2. ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ : ਰਾਜਨੀਤੀ ਵਿਗਿਆਨ, ਇਤਿਹਾਸ, ਅਰਥਸ਼ਾਸਤਰ, ਮਨੋਵਿਗਿਆਨ ਅਤੇ ਮਾਨਵਵਿਗਿਆਨ।

**ਇਕਾਈ - II : ਸਮਾਜ ਸ਼ਾਸਤਰ ਦੀਆਂ ਮੂਲ ਧਾਰਨਾਵਾਂ**

3. ਸਮਾਜ, ਸਮੁਦਾਇ ਅਤੇ ਸਭਾ : ਸਮਾਜ – ਅਰਥ ਅਤੇ ਵਿਸ਼ੇਸ਼ਤਾਵਾਂ, ਵਿਅਕਤੀ ਅਤੇ ਸਮਾਜ ਦਾ ਸੰਬੰਧ, ਸਭਾ– ਅਰਥ ਅਤੇ ਵਿਸ਼ੇਸ਼ਤਾਵਾਂ, ਸਮੁਦਾਇ – ਅਰਥ ਅਤੇ ਵਿਸ਼ੇਸ਼ਤਾਵਾਂ, ਸਮਾਜ, ਸਮੁਦਾਇ ਅਤੇ ਸਭਾ ਵਿੱਚ ਭਿੰਨਤਾ
4. ਸਮਾਜਿਕ ਸਮੂਹ: ਅਰਥ ਅਤੇ ਵਿਸ਼ੇਸ਼ਤਾਵਾਂ, ਕਿਸਮਾਂ– ਮੁੱਢਲੇ ਅਤੇ ਗੌਣ ਸਮੂਹ, ਅੰਤਰਸਮੂਹ ਅਤੇ ਬਾਹਰੀ ਸਮੂਹ

**ਇਕਾਈ- III: ਸੱਭਿਆਚਾਰ ਅਤੇ ਸਮਾਜੀਕਰਨ**

5. ਸੱਭਿਆਚਾਰ : ਅਰਥ ਅਤੇ ਵਿਸ਼ੇਸ਼ਤਾਵਾਂ, ਭੌਤਿਕ ਅਤੇ ਅਭੌਤਿਕ ਸੱਭਿਆਚਾਰ
6. ਸਮਾਜੀਕਰਨ : ਅਰਥ, ਸਮਾਜੀਕਰਨ ਸਿੱਖਣ ਦੀ ਪ੍ਰਕਿਰਿਆ ਦੇ ਰੂਪ ਵਿੱਚ, ਸਮਾਜੀਕਰਨ ਦੀਆਂ ਏਜੰਸੀਆਂ : ਰਸਮੀ ਅਤੇ ਗ਼ੈਰ ਰਸਮੀ ਏਜੰਸੀਆਂ

**ਇਕਾਈ - IV: ਸਮਾਜਿਕ ਸੰਸਥਾਵਾਂ**

7. ਵਿਆਹ, ਪਰਿਵਾਰ ਅਤੇ ਨਾਤੇਦਾਰੀ
8. ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਿੱਖਿਆ ਸੰਸਥਾਵਾਂ।

**ਇਕਾਈ-V: ਸਮਾਜਿਕ ਸੰਰਚਨਾ, ਸਮਾਜਿਕ ਸਤਰੀਕਰਨ ਅਤੇ ਸਮਾਜਿਕ ਪਰਿਵਰਤਨ**

9. ਸਮਾਜਿਕ ਸੰਰਚਨਾ : ਅਰਥ ਵਿਸ਼ੇਸ਼ਤਾਵਾਂ, ਤੱਤ - ਰੁਤਬਾ ਅਤੇ ਭੂਮਿਕਾ
10. ਸਮਾਜਿਕ ਸਤਰੀਕਰਨ : ਧਾਰਨਾ, ਕਿਸਮਾਂ, ਜਾਤੀ ਅਤੇ ਵਰਗ, ਵਿਸ਼ੇਸ਼ਤਾਵਾਂ ਅਤੇ ਭਿੰਨਤਾਵਾਂ
11. ਸਮਾਜਿਕ ਪਰਿਵਰਤਨ : ਅਰਥ, ਵਿਸ਼ੇਸ਼ਤਾਵਾਂ ਅਤੇ ਕਾਰਕ – ਜਨਸੰਖਿਅਕ ਸਿੱਖਿਆ ਅਤੇ ਤਕਨੀਕੀ ਕਾਰਕ

**ਇਕਾਈ - VI: ਸਮਾਜ ਵਿਗਿਆਨ ਦੇ ਸੰਸਥਾਪਕ ਪਿਤਾਮਾ**

12. ਪੱਛਮੀ–ਸਮਾਜ ਵਿਗਿਆਨ ਦੇ ਵਿਚਾਰਕ : ਅਗਸਤ ਕਾਮਤੇ : ਸਾਕਾਰਤਮਕਤਾ, ਤਿੰਨ ਪੱਧਰੀ ਸਿਧਾਂਤ, ਕਾਰਲ ਮਾਰਕਸ : ਵਰਗ ਅਤੇ ਵਰਗ ਸੰਘਰਸ਼, ਈਮਾਈਲ ਦੁਰਖ਼ੀਮ : ਸਮਾਜਿਕ ਤੱਥ, ਕਿਰਤ ਵੰਡ, ਮੈਕਸ ਵੈਬਰ : ਸਮਾਜਿਕ ਕਿਰਿਆ, ਸੱਤਾ ਦੀਆਂ ਕਿਸਮਾਂ, ਧਰਮ ਦਾ ਸਮਾਜ ਸ਼ਾਸਤਰ



Downloaded from https:// www.studiestoday.com

Downloaded from https:// www.studiestoday.com

## ਵਿਸ਼ਾ-ਸੂਚੀ


| ਅਧਿਆਇ | ਪਾਠ ਦਾ ਨਾਮ | ਪੰਨਾ ਨੰ : |
|---|---|---|
| | **ਇਕਾਈ-1** | |
| 1. | ਸਮਾਜ ਸ਼ਾਸਤਰ ਦੀ ਉਤਪਤੀ | |
| 2. | ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ | |
| | **ਇਕਾਈ-2** | |
| 3. | ਸਮਾਜ, ਸਮੂਦਾਇ ਅਤੇ ਸਭਾ | |
| 4. | ਸਮਾਜਿਕ ਸਮੂਹ | |
| | **ਇਕਾਈ-3** | |
| 5. | ਸੱਭਿਆਚਾਰ | |
| 6. | ਸਮਾਜੀਕਰਨ | |
| | **ਇਕਾਈ-4** | |
| 7. | ਵਿਆਹ, ਪਰਿਵਾਰ ਅਤੇ ਨਾਤੇਦਾਰੀ | |
| 8. | ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਿੱਖਿਆ ਸੰਸਥਾਵਾਂ। | |
| | **ਇਕਾਈ-5** | |
| 9. | ਸਮਾਜਿਕ ਸੰਰਚਨਾ | |
| 10. | ਸਮਾਜਿਕ ਸਤਰੀਕਰਨ | |
| 11. | ਸਮਾਜਿਕ ਪਰਿਵਰਤਨ | |
| | **ਇਕਾਈ-6** | |
| 12. | ਪੱਛਮੀ-ਸਮਾਜ ਵਿਗਿਆਨ ਦੇ ਵਿਚਾਰਕ | |




Downloaded from https:// www.studiestoday.com

Downloaded from https:// www.studiestoday.com

ਇਕਾਈ -I

# ਸਮਾਜ ਸ਼ਾਸਤਰ ਦੀ ਉਤਪਤੀ ਅਤੇ ਵਿਕਾਸ







Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

ਅਧਿਆਏ 1

# ਸਮਾਜ ਸ਼ਾਸਤਰ ਦੀ ਉਤਪਤੀ

**ਮੁੱਖ ਅੰਸ਼ :**

1.1 ਇਤਿਹਾਸਿਕ ਪਿਛੋਕੜ
- 1.1.1 ਫਰਾਂਸ ਦੀ ਕ੍ਰਾਂਤੀ ਅਤੇ ਨਵਜਾਗਰਨ ਅੰਦੋਲਨ
- 1.1.2 ਪ੍ਰਾਕਿਰਤਿਕ ਵਿਗਿਆਨ ਦਾ ਵਿਕਾਸ
- 1.1.3 ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ

1.2 ਸਮਾਜ ਸ਼ਾਸਤਰ ਨੂੰ ਸਮਝਣਾ

1.3 ਸਮਾਜ ਸ਼ਾਸਤਰ ਦੀ ਪ੍ਰਕਿਰਤੀ

1.4 ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ
- 1.4.1 ਸਰੂਪਾਤਮਕ ਸਕੂਲ
- 1.4.2 ਮਿਸ਼ਰਤ ਸਕੂਲ

## ਜਾਣ-ਪਛਾਣ

ਸਮਾਜਿਕ ਵਿਗਿਆਨ ਦੇ ਇਤਿਹਾਸ ਵਿੱਚ ਸਮਾਜ ਸ਼ਾਸਤਰ ਦਾ ਇੱਕ ਵਿਸ਼ੇ ਦੇ ਰੂਪ ਵਿੱਚ ਵਿਕਾਸ ਨਵਾਂ ਹੈ। ਸਮਾਜ ਸ਼ਾਸਤਰ ਦੀ ਉਤਪਤੀ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਉਲੀਕਿਆ ਜਾ ਸਕਦਾ। ਕਈ ਮਹਾਨ ਦਾਰਸ਼ਨਿਕਾਂ (ਜਿਵੇਂ ਹੀਰੋਡੋਟਸ, ਜੋ ਇਤਿਹਾਸ ਦੇ ਪਿਤਾਮਾ ਹਨ, ਪਲੇਟੋ ਅਤੇ ਅਰਸਤੂ ਜੋ ਰਾਜਨੀਤੀ ਸ਼ਾਸਤਰ ਦੇ ਸੰਸਥਾਪਕ ਹਨ; ਅਬਦਲ ਰਹਿਮਾਨ ਇਬਨ-ਖ਼ਲਦੂਨ ਨੇ ਉੱਤਰੀ ਅਫ਼ਰੀਕਾ ਵਿੱਚ ਅਜਿਹਾ ਵਿਸ਼ਾ-ਵਸਤੂ ਵਿਕਸਿਤ ਕੀਤਾ ਜੋ ਸਮਕਾਲੀਨ ਸਮਾਜ ਸ਼ਾਸਤਰ ਦੇ ਵਿਚਾਰਾਂ ਨਾਲ਼ ਮੇਲ ਖਾਂਦਾ ਹੈ) ਦੇ ਯੋਗਦਾਨਾਂ ਦੇ ਅਧਾਰ ਤੇ ਸਮਾਜ ਦੇ ਅਧਿਐਨ ਨੂੰ ਸਮਝਿਆ ਜਾ ਸਕਦਾ ਹੈ। ਭਾਰਤੀ ਸੰਦਰਭ ਵਿੱਚ 2000 ਸਾਲ ਤੋਂ ਵੀ ਪਹਿਲਾਂ ਮਹਾਨ ਕਾਨੂੰਨ ਨਿਰਮਾਤਾ, ਮਨੂ, ਕੌਟਿਲਆ ਅਤੇ ਕਈ ਹੋਰ ਵਿਦਵਾਨਾ ਨੇ ਸਮਾਜਿਕ ਜੀਵਨ ਦੇ ਭਿੰਨ ਪਹਿਲੂਆਂ ਬਾਰੇ ਲਿਖਿਆ। ਯੂਰਪ ਦੇ ਬੋਧਿਕ ਅੰਦੋਲਨ ਜਿਵੇਂ ਨਵਜਾਗਰਨ ਕਾਲ਼, ਬੋਧ ਗਿਆਨ ਜੋ 17ਵੀਂ ਅਤੇ 18ਵੀਂ ਸ਼ਤਾਬਦੀ ਵਿੱਚ ਹੋਈਆਂ ਸਮਾਜਿਕ ਘਟਨਾਵਾਂ ਨੇ, ਵਿਗਿਆਨਕ ਅਧਿਐਨ ਦੀ ਉੱਤਪਤੀ ਤੇ ਗਹਿਰਾ ਅਸਰ ਪਾਇਆ। ਸਮਾਜ



Downloaded from https:// www.studiestoday.com

Downloaded from https:// www.studiestoday.com

ਸ਼ਾਸਤਰ ਕੁਝ ਸਮਾਂ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ, ਇਸ ਦੀ ਇੱਕ ਵਿਸ਼ੇ ਦੀ ਰੂਪ ਵਿੱਚ ਉਤਪਤੀ ਨੂੰ 19ਵੀਂ ਸ਼ਤਾਬਦੀ ਵਿੱਚ ਹੋਣ ਵਾਲ਼ੀ ਤਬਦੀਲੀ ਨਾਲ਼ ਜੋੜਿਆ ਜਾਂਦਾ ਹੈ। ਫ੍ਰਾਂਸ ਦੀ ਕ੍ਰਾਂਤੀ ਅਤੇ ਉਦਯੋਗਿਕ ਕ੍ਰਾਂਤੀ ਕਾਰਨ ਵੱਡੀ ਸੰਖਿਆ ਵਿੱਚ ਲੋਕਾਂ ਨੇ ਘਰ ਛੱਡ ਦਿੱਤੇ ਅਤੇ ਸ਼ਹਿਰਾਂ ਵਿੱਚ ਉਦਯੋਗਿਕ ਸਥਾਨਾਂ ’ਤੇ ਪਲਾਇਨ ਕਰ ਗਏ। ਇਹਨਾਂ ਕ੍ਰਾਂਤੀਆਂ ਅਤੇ ਵਿਕਾਸ ਦੀਆਂ ਹੋਰ ਘਟਨਾਵਾਂ ਦੇ ਸਿੱਟੇ ਵਜੋਂ ਸਮਾਜ ਸ਼ਾਸਤਰ, ਇੱਕ ਵਿਸ਼ੇ ਦੇ ਰੂਪ ਵਿੱਚ ਵਿਕਸਿਤ ਹੋਇਆ । ਇਸ ਨਾਲ਼ ਸਮਾਜ ਦਾ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਵਿੱਚ ਮਦਦ ਮਿਲੀ। ਇਸ ਤੋਂ ਇਲਾਵਾ 18ਵੀਂ ਅਤੇ 19ਵੀਂ ਸਦੀ ਦੇ ਬੌਧਿਕ ਸੰਕਟ ਨੇ ਸਮਾਜ ਸ਼ਾਸਤਰ ਨੂੰ ਸਿੱਖਣ ਦੀ ਇਕ ਨਵੀਂ ਸ਼ਾਖਾ ਦੇ ਰੂਪ ਵਿੱਚ ਵਿਕਸਿਤ ਹੋਣ ਲਈ ਵੀ ਯੋਗਦਾਨ ਦਿੱਤਾ। ਕਈ ਵਿਚਾਰਕ ਜਿਵੇਂ ਅਗਸਤ ਕਾਮਟੇ, ਹਰਬਰਟ ਸਪੈਂਸਰ, ਈਮਾਈਲ ਦੁਰਖ਼ੀਮ ਅਤੇ ਮੈਕਸ ਵੇਬਰ ਨੇ ਸਭ ਤੋਂ ਪਹਿਲਾਂ ਕਈ ਤਰ੍ਹਾਂ ਦੇ ਮਸਲੇ ਜਿਵੇਂ ਸਮਾਜਿਕ ਵਿਵਸਥਾ, ਸੰਘਰਸ਼, ਸਥਿਰਤਾ ਅਤੇ ਪਰਿਵਰਤਨ ਦੇ ਪੱਖਾਂ ਉੱਤੇ ਧਿਆਨ ਕੇਂਦਰਿਤ ਕੀਤਾ, ਜਿਸ ਦੇ ਸਿੱਟੇ ਵਜੋਂ ਸਮਾਜ ਸ਼ਾਸਤਰ ਦਾ ਵਿਸ਼ਾ ਵਿਕਸਿਤ ਹੋਇਆ। ਸਮਾਜ ਵਿਗਿਆਨ ਦੇ ਰੂਪ ਵਿੱਚ ਸਮਾਜ ਸ਼ਾਸਤਰ ਨੂੰ ਇੱਕ ਵੱਖਰੇ ਵਿਗਿਆਨ ਵਜੋਂ ਵਿਕਸਿਤ ਕਰਨ ਲਈ ਨਿਮਨ ਲਿਖਤ ਤਿੰਨ ਮੁੱਖ ਪ੍ਰਕਿਰਿਆਵਾਂ ਦਾ ਯੋਗਦਾਨ :

1. ਫਰਾਂਸ ਦੀ ਕ੍ਰਾਂਤੀ ਅਤੇ ਪੁਨਰ ਗਿਆਨ ਅੰਦੋਲਨ
2. ਪ੍ਰਾਕਿਰਤਿਕ ਵਿਗਿਆਨਾਂ ਦਾ ਵਿਕਾਸ
3. ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ

## ਫਰਾਂਸ ਦੀ ਕ੍ਰਾਂਤੀ ਅਤੇ ਪੁਨਰ ਗਿਆਨ ਅੰਦੋਲਨ



ਫਰਾਂਸੀਸੀ ਕ੍ਰਾਂਤੀ



ਪੁਨਰ ਗਿਆਨ ਅੰਦੋਲਨ

ਫਰਾਂਸਿਸੀ ਕ੍ਰਾਂਤੀ 1789 ਵਿੱਚ ਹੋਈ। ਇਹ ਆਪਣੀ ਕਿਸਮ ਦਾ ਪਹਿਲਾ ਵਿਦਰੋਹ ਸੀ। ਇਸਦਾ ਸਮਾਜ ’ਤੇ ਗਹਿਰਾ ਪ੍ਰਭਾਵ ਪਿਆ, ਇਸ ਨਾਲ਼ ਸਮਾਜ ਦਾ ਢਾਂਚਾ ਪਰੰਪਰਾਗਤ ਤੋਂ ਆਧੁਨਿਕ ਅਤੇ ਸਾਮੰਤਸ਼ਾਹੀ ਤੋਂ ਪੂੰਜੀਵਾਦ ਵਿੱਚ ਬਦਲਿਆ। ਇਸ ਨਾਲ਼ ਹੀ ਪੁਨਰਗਿਆਨ ਦਾ ਅੰਦੋਲਨ ਜੁੜਿਆ ਹੈ ਜਿਹੜਾ ਕਿ ਬੌਧਿਕ ਅੰਦੋਲਨ ਸੀ, ਅਤੇ ਕਈ ਦਾਰਸ਼ਨਿਕਾਂ ਦੇ ਵਿਚਾਰਾਂ ਦੀ ਦੇਣ ਸੀ। ਜਾਗਰੂਕ



Downloaded from https:// www.studiestoday.com

Downloaded from https:// www.studiestoday.com

ਵਿਚਾਰਕਾਂ ਦਾ ਉਦੇਸ਼ ਚਰਚ ਦੀ ਪ੍ਰਭੂਤਾ ਨੂੰ ਚੁਣੌਤੀ ਦੇਣਾ ਸੀ। ਉਨ੍ਹਾਂ ਨੇ ਲੋਕਾਂ ਨੂੰ ਚਰਚ ਦੇ ਵਿਚਾਰਾਂ ਨੂੰ ਅਤੇ ਫੈਸਲਿਆਂ ਨੂੰ ਬਿਨਾਂ ਸੋਚੇ ਸਮਝੇ ਅਪਣਾਉਣ ਤੋਂ ਮਨ੍ਹਾ ਕੀਤਾ ਅਤੇ ਉਹਨਾਂ ਨੂੰ ਆਪਣੇ-ਆਪ ਸੋਚਣ ਲਈ ਕਿਹਾ। ਉਹਨਾਂ ਨੇ ਲੋਕਾਂ ਨੂੰ ਇਹ ਸਲਾਹ ਦਿੱਤੀ ਕਿ ਉਹ ਅਪਣੀਆਂ ਸਮੱਸਿਆਵਾਂ ਆਪ ਤਰਕ ਦੇ ਅਧਾਰ 'ਤੇ ਸੁਲਝਾਉਣ।

ਇਸ ਤਰੀਕੇ ਨਾਲ਼ ਨਵ-ਜਾਗਰਨ ਕਾਲ ਦੀ ਵਿਚਾਰਧਾਰਾ ਨੇ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ।ਇਹ ਅਲੋਚਨਾਤਮਕ ਵਿਚਾਰਧਾਰਾ ਦਾ ਸਰੋਤ ਬਣੀ ਅਤੇ ਇਸ ਨੇ ਸਮਾਜ ਵਿੱਚ ਸੁਤੰਤਰਤਾ ਅਤੇ ਲੋਕਤਾਂਤਰਿਕ ਕੀਮਤਾਂ ਨੂੰ ਸਥਾਪਿਤ ਕੀਤਾ। ਇਸ ਨੇ ਜਗੀਰਦਾਰੀ ਯੁੱਗ ਵਿਚਲੀਆਂ ਸਮਾਜਿਕ ਭਿੰਨਤਾਵਾਂ ਨੂੰ ਘਟਾਇਆ ਅਤੇ ਚਰਚ ਦੀ ਪ੍ਰਭੂਤਾ ਨੂੰ ਸੀਮਤ ਕੀਤਾ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਹੋਈ ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ, ਸੰਯੁਕਤ ਰਾਸ਼ਟਰ ਅਮਰੀਕਾ ਅਤੇ ਫਰਾਂਸ ਦੀਆਂ ਲੋਕਤਾਂਤਰਿਕ ਕ੍ਰਾਂਤੀਆਂ ਨੇ ਸਮਾਜ ਦੀ ਮੌਜੂਦਾ ਸੰਗਠਾਤਮਕ ਸਰੰਚਨਾ ਨੂੰ ਚੁਣੌਤੀ ਦਿੱਤੀ।

## ਪ੍ਰਾਕਿਰਤਿਕ ਵਿਗਿਆਨ ਦਾ ਵਿਕਾਸ

19ਵੀਂ ਸ਼ਤਾਬਦੀ ਦਾ ਸਮਾਂ ਹੀ ਉਹ ਸਮਾਂ ਹੈ ਜਿਸ ਵਿੱਚ ਪ੍ਰਾਕਿਰਤਿਕ ਵਿਗਿਆਨ ਨੇ ਬਹੁਤ ਜ਼ਿਆਦਾ ਤਰੱਕੀ ਕੀਤੀ। ਪ੍ਰਾਕਿਰਤਿਕ ਵਿਗਿਆਨ ਦੇ ਖੇਤਰ ਵਿੱਚ ਕੰਮ ਕਰਨ ਵਾਲ਼ੇ ਲੋਕਾਂ ਦੀ ਸਫਲਤਾ ਨੇ ਸਮਾਜਿਕ ਵਿਚਾਰਕਾਂ ਨੂੰ ਪ੍ਰੇਰਿਤ ਕੀਤਾ। ਇਹ ਵਿਸ਼ਵਾਸ ਸੀ ਕਿ ਜੇ ਭੌਤਿਕ ਦੁਨੀਆਂ ਵਿੱਚ ਪ੍ਰਾਕਿਰਤਿਕ ਵਿਗਿਆਨ ਦੀਆਂ ਵਿਧੀਆ ਨਾਲ਼ ਭੌਤਿਕ ਵਿਗਿਆਨ ਨੂੰ ਸਫਲਤਾ ਪੂਰਵਕ ਸਮਝਿਆ ਜਾ ਸਕਦਾ ਹੈ ਤਾਂ ਉਹਨਾਂ ਵਿਧੀਆਂ ਨੂੰ ਹੀ ਸਮਾਜਿਕ ਜੀਵਨ ਦੀਆਂ ਸਮਾਜਿਕ ਘਟਨਾਵਾਂ ਨੂੰ ਸਮਝਣ ਵਿੱਚ ਸਫਲਤਾ ਪੂਰਵਕ ਪ੍ਰਯੋਗ ਕੀਤਾ ਜਾ ਸਕਦਾ ਹੈ। ਕਈ ਵਿਚਾਰਕ ਜਿਵੇਂ ਆਗਸਤ ਕਾਮਤੇ, ਹਰਬਰਟ ਸਪੈਂਸਰ, ਇਮਾਈਲ ਦੁਰਖ਼ੀਮ, ਮੈਕਸ ਵੈਬਰ ਅਤੇ ਹੋਰ ਸਮਾਜ ਸ਼ਾਸਤਰੀਆਂ ਨੇ ਸਮਾਜ ਦੇ ਅਧਿਐਨ ਲਈ ਵਿਗਿਆਨਕ ਅਧਿਐਨ ਦੀ ਪ੍ਰੋੜਤਾ ਕੀਤੀ, ਜਿਵੇਂ ਕਿ ਉਹ ਪ੍ਰਾਕਿਰਤਕ ਵਿਗਿਆਨ ਦੇ ਆਵਿਸ਼ਕਾਰਾਂ ਤੋਂ ਉਤਸ਼ਾਹਿਤ ਸਨ ਅਤੇ ਸਮਾਜ ਦਾ ਵੀ ਉਸੇ ਰੂਪ ਵਿੱਚ ਅਧਿਐਨ ਕਰਨਾ ਚਾਹੁੰਦੇ ਸਨ।



Downloaded from https:// www.studiestoday.com

Downloaded from https:// www.studiestoday.com

## ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ


ਉਦਯੋਗਿਕ ਕ੍ਰਾਂਤੀ


ਸ਼ਹਿਰੀਕਰਨ

18ਵੀਂ ਸਦੀ ਦੇ ਦੌਰਾਨ ਯੂਰਪ ਵਿੱਚ ਹੋਣ ਵਾਲ਼ੀ ਉਦਯੋਗਿਕ ਕ੍ਰਾਂਤੀ ਨੇ ਵੀ ਸਮਾਜ ਸ਼ਾਸਤਰ ਦੀ ਉਤਪਤੀ ਨੂੰ ਪ੍ਰਭਾਵਿਤ ਕੀਤਾ, ਜਿਸਨੇ ਪੂਰੇ ਯੂਰਪ ਵਿੱਚ ਪਰਿਵਰਤਨ ਲਿਆਂਦਾ। ਕਾਰਖ਼ਾਨਾ ਪ੍ਰਬੰਧ ਦੀ ਵਿਆਪਕ ਉਤਪਾਦਨ ਸਮਰੱਥਾ ਨੇ ਸਮਾਜ ਦੇ ਸਮੁੱਚੇ ਪਰੰਪਰਾਗਤ ਢਾਂਚੇ ਨੂੰ ਤਬਦੀਲ ਕਰ ਦਿੱਤਾ। ਸਾਧਾਰਨ ਪੇਂਡੂ ਜੀਵਨ ਅਤੇ ਲਘੂ ਉਦਯੋਗ ਦੀ ਥਾਂ ਵੱਡੇ ਕਾਰਖ਼ਾਨਿਆਂ ਵਿੱਚ ਹੋਣ ਵਾਲ਼ੇ ਵਧੇਰੇ ਉਤਪਾਦਨ ਨੇ ਲੈ ਲਈ। ਇਸ ਨਾਲ਼ ਮੱਧਕਾਲ਼ੀ ਰੀਤੀ-ਰਿਵਾਜ, ਮਾਨਤਾਵਾਂ ਤੇ ਆਦਰਸ਼ਾਂ ਦੇ ਬੁਨਿਆਦੀ ਸਰੂਪ ਵਿੱਚ ਸੁਧਾਰ ਆਇਆ ਅਤੇ ਸਮਾਜ ਪਰੰਪਰਾਗਤ ਤੋਂ ਆਧੁਨਿਕ ਸਮਾਜ ਵਿੱਚ ਬਦਲ ਗਿਆ।

ਇਸ ਤਰ੍ਹਾਂ ਉਦਯੋਗੀਕਰਨ ਨਾਲ਼ ਸ਼ਹਿਰੀਕਰਨ ਵਿੱਚ ਵਾਧਾ ਹੋਇਆ। ਸ਼ਹਿਰਾਂ ਦੇ ਵਿਸਥਾਰ ਨਾਲ ਕਈ ਸ਼ਹਿਰੀ ਸਮੱਸਿਆਵਾਂ ਸਾਹਮਣੇ ਆਈਆਂ-ਜਿਵੇਂ ਭੀੜ, ਕਈ ਤਰ੍ਹਾਂ ਦੇ ਪਰਦੂਸ਼ਨ, ਸ਼ੋਰ ਪ੍ਰਦੂਸ਼ਨ ਅਤੇ ਆਵਾਜਾਈ ਦਾ ਪ੍ਰਦੂਸ਼ਨ ਆਦਿ। ਸ਼ਹਿਰੀਕਰਨ ਕਾਰਨ, ਇਨ੍ਹਾਂ ਸ਼ਹਿਰਾ ਵੱਲ ਵੱਡੇ ਪੱਧਰ 'ਤੇ ਪਲਾਇਨ ਵੱਧਦਾ ਗਿਆ। ਇਸਦੇ ਸਿੱਟੇ ਵਜੋਂ ਲੋਕ ਪਰੰਪਰਾਗਤ ਪੇਂਡੂ ਵਾਤਾਵਰਨ ਤੋਂ ਦੂਰ ਹੋ ਗਏ। ਇਸ ਤਰ੍ਹਾਂ ਸ਼ਹਿਰੀ ਖੇਤਰਾਂ ਵਿੱਚ ਗੰਦੀਆਂ ਬਸਤੀਆਂ ਦਾ ਤੇਜ਼ੀ ਨਾਲ਼ ਵਾਧਾ ਹੋਣ ਲੱਗਾ। ਸ਼ਹਿਰੀ ਖੇਤਰਾਂ ਵਿੱਚ ਉਦਯੋਗਿਕ ਸਮਾਜ ਅਧੀਨ ਨਵੇਂ ਵਰਗ ਬਣਨੇ ਸ਼ੁਰੂ ਹੋ ਗਏ। ਅਮੀਰ ਹੋਰ ਅਮੀਰ ਹੋਣ ਲੱਗੇ ਤੇ ਗ਼ਰੀਬ ਹੋਰ ਗ਼ਰੀਬ। ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਚਾਰਾਤਮਕ ਖੇਤਰ ਵਿੱਚ ਹੋਈ ਵਿਆਪਕ ਉਥਲਪੁਥਲ ਕਾਰਨ ਜੁਰਮ ਵਿੱਚ ਵਾਧਾ ਹੋਣ ਲੱਗਿਆ।



Downloaded from https:// www.studiestoday.com

Downloaded from https:// www.studiestoday.com

ਅਗਸਤ ਕਾਮਤੇ, ਹਰਬਰਟ ਸਪੈਂਸਰ, ਮੈਕਸ ਵੈਬਰ ਅਤੇ ਜਾਰਜ ਸਿਮਲ ਵਰਗੇ ਵਿਚਾਰਕਾਂ ਨੇ ਮਹਿਸੂਸ ਕੀਤਾ ਕਿ ਸਮਾਜ ਵਿੱਚ ਤੇਜ਼ੀ ਨਾਲ਼ ਆਏ ਪਰਿਵਰਤਨ ਕਾਰਨ ਉੱਭਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ, ਸਮਾਜ ਦਾ ਵਿਗਿਆਨਕ ਅਧਿਐਨ ਬਹੁਤ ਜ਼ਰੂਰੀ ਹੈ। ਇਸ ਨਾਲ਼ ਸਮਾਜ ਸ਼ਾਸਤਰ ਦਾ ਇਕ ਵਿਸ਼ੇ ਵਜੋਂ ਵਿਕਾਸ ਹੋਇਆ।

**ਗਤੀਵਿਧੀ 1**

ਇੱਕ ਸੁਤੰਤਰ ਵਿਗਿਆਨ ਦੇ ਰੂਪ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਪ੍ਰੰਪਰਾਗਤ ਵਿਚਾਰਕਾਂ ਦੇ ਯੋਗਦਾਨ ਦਾ ਇਕ ਚਾਰਟ ਬਣਾਓ।

## ਸਮਾਜ ਸ਼ਾਸਤਰ ਨੂੰ ਸਮਝਣਾ

ਸਮਾਜ ਸ਼ਾਸਤਰ ਸ਼ਬਦ ਅੰਗਰੇਜ਼ੀ ਦੇ ਸ਼ਬਦ 'ਸੋਸ਼ਾਲੋਜੀ ਦਾ ਸਮਾਨਾਰਥੀ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਸੋਸ਼ਸ' ਜਿਸ ਦਾ ਅਰਥ ਸਮਾਜ ਅਤੇ ਗ੍ਰੀਕ ਭਾਸ਼ਾ ਦੇ ਸ਼ਬਦ 'ਲੋਗੋਸ' ਜਿਸਦਾ ਅਰਥ ਅਧਿਐਨ ਹੈ ਤੋਂ ਲਿਆ ਗਿਆ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਦਾ ਅਰਥ ਸਮਾਜ ਦਾ ਅਧਿਐਨ ਹੈ।




ਸਮਾਜ ਸ਼ਾਸਤਰ ਆਧੁਨਿਕ ਸਮਾਜਿਕ ਵਿਗਿਆਨ ਹੈ। ਸਮਾਜ ਦਾ ਵਿਗਿਆਨਕ ਢੰਗ ਨਾਲ਼ ਅਧਿਐਨ 1839 ਵਿੱਚ ਸ਼ੁਰੂ ਹੋਇਆ ਜਦੋਂ ਅਗਸਤ ਕਾਮਤੇ ਨੇ 'ਸਮਾਜ ਸ਼ਾਸਤਰ' ਸ਼ਬਦ ਮਨੁੱਖੀ ਸਮਾਜ ਅਤੇ ਸਮਾਜਿਕ ਵਿਵਹਾਰ ਦਾ ਸਿਲਸਲੇਵਾਰ/ਵਿਧੀ ਪੂਰਵਕ ਅਧਿਐਨ ਕਰਨ ਲਈ ਪ੍ਰਯੋਗ ਕੀਤਾ। ਸਮਾਜ ਸ਼ਾਸਤਰ ਦਾ ਵਿਸ਼ਾ ਵਸਤੂ ਵਿਆਪਕ ਹੈ ਪਰ ਇਹ ਮੁੱਖ ਰੂਪ ਵਿੱਚ ਸਮੂਹ ਵੱਲੋਂ ਤਿਆਰ ਕੀਤੇ ਮਨੁੱਖੀ ਵਿਵਹਾਰ ਦਾ ਅਧਿਐਨ ਹੈ, ਜਿਸ ਸਮੂਹ ਵਿੱਚ ਵਿਅਕਤੀ ਰਹਿੰਦਾ ਹੈ ਅਤੇ ਜਿਸ ਸਮੂਹ



Downloaded from https:// www.studiestoday.com

Downloaded from https:// www.studiestoday.com

ਵਿਚ ਸਮਾਜਿਕ ਅੰਤਰ-ਕਿਰਿਆ ਕਰਦਾ ਹੈ। ਸਮਾਜ ਸ਼ਾਸਤਰ ਦਾ ਮੁੱਖ ਕੇਂਦਰ ਸਮੂਹ ਹੁੰਦਾ ਹੈ ਸਮਾਜ ਸ਼ਾਸਤਰੀ ਲੋਕਾਂ ਦੀ ਅੰਤਰ ਕਿਰਿਆ ਵਿੱਚ ਰੁਚੀ ਰੱਖਦੇ ਹਨ, ਜਿਵੇਂ ਲੋਕ ਇੱਕ ਦੂਜੇ ਨਾਲ਼ ਕਿਵੇਂ ਪੇਸ਼ ਆਉਂਦੇ ਹਨ, ਇੱਕ ਦੂਜੇ ਨਾਲ਼ ਪ੍ਰਤੀਕਿਰਿਆ ਕਰਦੇ ਹਨ। ਦੂਜੇ ਵਿਗਿਆਨ ਮਨੁੱਖਾਂ ਦਾ ਵਿਅਕਤੀਗਤ ਰੂਪ ਵਿੱਚ ਜਾ ਵਿਅਕਤੀਆਂ ਦੇ ਇੱਕਠ ਦੇ ਰੂਪ ਵਿੱਚ ਮਨੁੱਖਾਂ ਦਾ ਅਧਿਐਨ ਕਰਦੇ ਸਨ ਪਰ ਸਮਾਜ ਸ਼ਾਸਤਰ ਇਨ੍ਹਾਂ ਦੀ ਅੰਤਰ ਨਿਰਭਰਤਾ ਅਤੇ ਅਰਥਪੂਰਨ ਅੰਤਰ ਕਿਰਿਆ ਦਾ ਅਧਿਐਨ ਕਰਦਾ ਹੈ।

**ਬਾਕਸ-1**

**ਸਮਾਜ ਸ਼ਾਸਤਰ ਦੀ ਪਰਿਭਾਸ਼ਾ**

"ਸਮਾਜ ਸ਼ਾਸਤਰ ਮਨੁੱਖ ਅਤੇ ਉਸਦੇ ਮਨੁੱਖੀ ਵਾਤਾਵਰਨ ਦੇ ਸੰਬੰਧਾਂ ਦਾ ਅਧਿਐਨ ਹੈ" - **ਹੈਨਰੀ ਫੇਅਰਚਾਈਲਡ।**

"ਸਮਾਜ ਸ਼ਾਸਤਰ ਸਮਾਜਿਕ ਜੀਵਨ ਦਾ ਵਿਗਿਆਨਕ ਅਧਿਐਨ ਹੈ।" - **ਵਿਲੀਅਮ ਐਫ ਔਗਬਰਨ ਅਤੇ ਐੱਮ. ਐੱਫ ਨਿਮਕੋਫ।**

"ਸਮਾਜ ਸ਼ਾਸਤਰ ਸਮੂਹਿਕ ਵਿਵਹਾਰ ਦਾ ਵਿਗਿਆਨ ਹੈ" - **ਪਾਰਕ ਅਤੇ ਬਰਗਸ।**

"ਸਮਾਜ ਸ਼ਾਸਤਰ ਸਮਾਜ ਜਾਂ ਸਮਾਜਿਕ ਤੱਤ ਦਾ ਵਿਗਿਆਨ ਹੈ" - **ਐੱਲ.ਐੱਫ.ਵਾਰਡ**

ਸਮਾਜ ਸ਼ਾਸਤਰੀਆਂ ਅਨੁਸਾਰ ਸਮਾਜ ਸ਼ਾਸਤਰ ਨੂੰ ਨਿਮਨ ਅਨੁਸਾਰ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

1. ਸਮਾਜ ਸ਼ਾਸਤਰ ਸਮੁੱਚੇ ਸਮਾਜ ਦਾ ਵਿਗਿਆਨ ਹੈ।
2. ਸਮਾਜ ਸ਼ਾਸਤਰ ਦੂਜੇ ਵਿਗਿਆਨਾਂ ਦੀ ਤਰ੍ਹਾਂ ਸੁਤੰਤਰ ਵਿਗਿਆਨ ਹੈ।
3. ਸਮਾਜ ਸ਼ਾਸਤਰ ਸਮੂਹਾਂ ਅਤੇ ਸਮਾਜਿਕ ਵਿਵਸਥਾ ਦਾ ਅਧਿਐਨ ਹੈ।
4. ਸਮਾਜ ਸ਼ਾਸਤਰ ਸਮਾਜਿਕ ਸੰਬੰਧਾਂ ਦਾ ਅਧਿਐਨ ਹੈ।
5. ਸਮਾਜ ਸ਼ਾਸਤਰ ਮਨੁੱਖੀ ਅੰਤਰ-ਕਿਰਿਆ, ਅੰਤਰ-ਸੰਬੰਧਾਂ ਅਤੇ ਅੰਤਰ-ਨਿਰਭਰਤਾ ਦਾ ਅਧਿਐਨ ਹੈ।

## ਸਮਾਜ ਸ਼ਾਸਤਰ ਇੱਕ ਵਿਸ਼ੇ ਦੇ ਰੂਪ ਵਿੱਚ

ਸਮਾਜ ਸ਼ਾਸਤਰ ਦੂਜੇ ਸਮਾਜਿਕ ਵਿਗਿਆਨਾਂ ਦੀ ਤੁਲਨਾ ਵਿੱਚ ਨਵਾਂ ਵਿਸ਼ਾ ਹੈ। ਇਹ ਤਬਦੀਲੀ ਦਾ ਨਤੀਜਾ ਹੈ, ਜੋ ਯੂਰਪ ਵਿੱਚ 18ਵੀਂ ਅਤੇ 19ਵੀਂ ਸਦੀ ਵਿੱਚ ਹੋਈ। ਅਸਲ ਵਿੱਚ ਸਮਾਜ ਸ਼ਾਸਤਰ ਇੱਕ ਅਲੱਗ ਵਿਸ਼ੇ ਦੇ ਰੂਪ ਵਿੱਚ ਸਾਹਮਣੇ ਆਇਆ ਜੋ ਫਰਾਂਸ ਦੀ ਕ੍ਰਾਂਤੀ ਅਤੇ ਉਦਯੋਗਿਕ ਕ੍ਰਾਂਤੀ ਦੇ ਕਾਰਨ ਹੋਏ ਪਰਿਵਰਤਨਾਂ ਦਾ ਸਿੱਟਾ ਸੀ। ਸਮਾਜ ਸ਼ਾਸਤਰ ਦਾ ਵਿਕਾਸ ਇੱਕ ਗਿਆਨ ਦੀ ਸ਼ਾਖਾ ਦੇ ਰੂਪ ਵਿੱਚ ਹੋਣ ਨਾਲ਼, ਇਹ ਵਿਸ਼ਾ ਉੱਚ ਸਿੱਖਿਆ ਵਿੱਚ ਪਾਠਕ੍ਰਮ ਦਾ ਹਿੱਸਾ ਬਣ ਗਿਆ। ਇਹ



Downloaded from https:// www.studiestoday.com

Downloaded from https:// www.studiestoday.com

ਵਿਸ਼ਾ 1876 ਵਿਚ ਅਮਰੀਕਾ ਦੀ ਯੇਲ ਯੂਨਿਵਰਸਿਟੀ ਵਿੱਚ ਪਾਠਕ੍ਰਮ ਦਾ ਹਿੱਸਾ ਬਣਿਆ, ਇਸ ਤੋਂ ਬਾਅਦ ਇਹ ਦੂਜੀਆਂ ਯੂਨਿਵਰਸਿਟੀਆਂ ਫਰਾਂਸ, ਪੋਲੈਂਡ, ਮਿਸਰ ਅਤੇ ਸਵੀਡਨ ਦੇ ਪਾਠਕ੍ਰਮ ਦਾ ਹਿੱਸਾ ਬਣਿਆ।

## ਭਾਰਤ ਵਿੱਚ ਸਮਾਜ ਸ਼ਾਸਤਰ ਦਾ ਵਿਕਾਸ

ਯੂਰਪ ਅਤੇ ਅਮਰੀਕਾ ਵਿੱਚ ਸਮਾਜ ਸ਼ਾਸਤਰ ਵਿਸ਼ੇ ਦਾ ਵਿਕਾਸ 19ਵੀਂ ਸ਼ਤਾਬਦੀ ਤੋਂ ਬਾਅਦ ਹੋਇਆ, ਜਦੋਂ ਕਿ ਭਾਰਤ ਵਿੱਚ ਇਸ ਦੀ ਉਤਪਤੀ ਕੁਝ ਸਮੇਂ ਬਾਅਦ ਹੋਈ ਅਤੇ ਇਸ ਵਿਸ਼ੇ ਨੂੰ ਅਧਿਐਨ ਦੇ ਰੂਪ ਵਿੱਚ ਦੂਜੇ ਪੱਧਰ 'ਤੇ ਮਹੱਤਤਾ ਦਿੱਤੀ ਗਈ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਸਮਾਜ ਸ਼ਾਸਤਰ ਦਾ ਪੱਧਰ ਉੱਚਾ ਹੋਇਆ ਅਤੇ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਇਹ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਪਾਠਕ੍ਰਮ ਦਾ ਹਿੱਸਾ ਬਣਿਆ, ਨਾਲ਼ ਹੀ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਇਸ ਵਿਸ਼ੇ ਨੂੰ ਮਾਨਤਾ ਮਿਲ਼ੀ। ਰਾਧਾ ਕਮਲ ਮੁਖਰਜੀ, ਜੀ.ਐਸ.ਗੁਰੀਏ, ਡੀ. ਪੀ. ਮੁਖਰਜੀ, ਡੀ.ਐੱਨ ਮਜੂਮਦਾਰ, ਕੇ.ਐੱਮ.ਕਪਾਡੀਆ, ਐੱਮ.ਐੱਨ. ਸ੍ਰੀਨਿਵਾਸ, ਪੀ.ਐੱਨ ਪ੍ਰਭੂ, ਏ. ਆਰ ਦਿਸਾਈ, ਕੁਝ ਮਹੱਤਵਪੂਰਨ ਨਾਮ ਹਨ, ਜਿਨ੍ਹਾਂ ਨੇ ਭਾਰਤ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਵਿੱਚ ਯੋਗਦਾਨ ਦਿੱਤਾ।

ਭਾਰਤ ਵਿੱਚ ਸਮਾਜ ਸ਼ਾਸਤਰ ਇੱਕ ਵਿਕਾਸਸ਼ੀਲ ਵਿਗਿਆਨ ਹੈ। ਗਿਆਨ ਦੀ ਇੱਕ ਸੁੰਤਤਰ ਸ਼ਾਖਾ ਦੇ ਰੂਪ ਵਿੱਚ ਅੱਗੇ ਵੱਧ ਰਿਹਾ ਹੈ।

### ਬਾਕਸ-2



**ਅਗਸਤ ਕਾਮਤੇ**

ਇੱਕ ਫ੍ਰਾਂਸੀਸੀ ਦਾਰਸ਼ਨਿਕ, ਜਿਨ੍ਹਾਂ ਨੂੰ ਪਰੰਪਰਾਗਤ ਰੂਪ ਵਿੱਚ ਸਮਾਜ ਸ਼ਾਸਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ। ਕਾਮਤੇ ਨੇ 'ਸੋਸ਼ਾਲੋਜੀ' ਸ਼ਬਦ ਦਾ ਪ੍ਰਯੋਗ ਕੀਤਾ ਉਸਨੇ ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਤੋਂ ਵੱਖ ਕੀਤਾ ਹੈ। ਉਸਨੇ ਸਭ ਤੋਂ ਪਹਿਲਾਂ ਸੋਸ਼ਾਲੋਜੀ ਸ਼ਬਦ ਦਾ ਪ੍ਰਯੋਗ ਆਪਣੀ ਪੁਸਤਕ 'ਪੋਜ਼ੇਟਿਵ ਫਿਲਾਸ਼ਫ਼ੀ' ਵਿੱਚ 1839 ਵਿੱਚ ਕੀਤਾ।

## ਸਮਾਜ ਸ਼ਾਸਤਰ ਦੀ ਪ੍ਰਕਿਰਤੀ

ਸਮਾਜ ਸ਼ਾਸਤਰ ਦੀ ਪ੍ਰਕਿਰਤੀ ਦੇ ਸੰਬੰਧ ਵਿੱਚ ਮਤਭੇਦ ਹਨ। ਸਮਾਜ ਸ਼ਾਸਤਰ ਵਿਗਿਆਨ ਹੈ ਜਾਂ ਨਹੀਂ, ਬਾਰੇ ਕਿਹਾ ਜਾ ਸਕਦਾ ਹੈ ਕਿ ਕੁਝ ਸਮਾਜ ਸ਼ਾਸਤਰੀ, ਸਮਾਜ ਸ਼ਾਸਤਰ ਨੂੰ ਵਿਗਿਆਨ ਮੰਨਣ ਵਿੱਚ ਵਿਸ਼ਵਾਸ ਨਹੀਂ ਰੱਖਦੇ ਜਦੋਂ ਕਿ ਕੁਝ ਇਸ ਨੂੰ ਵਿਗਿਆਨ ਮੰਨਦੇ ਹਨ।



Downloaded from https:// www.studiestoday.com

Downloaded from https:// www.studiestoday.com

## ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਮੰਨਣ ਦੇ ਪੱਖ ਵਿੱਚ ਤਰਕ

ਜੋ ਵਿਦਵਾਨ ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਮੰਨਦੇ ਹਨ, ਉਹਨਾਂ ਦਾ ਮੱਤ ਹੈ ਕਿ ਸਮਾਜ ਸ਼ਾਸਤਰ ਆਪਣੇ ਵਿਸ਼ਾ ਵਸਤੂ ਦਾ ਅਧਿਐਨ ਵਿਗਿਆਨਕ ਤਰੀਕਿਆਂ ਨਾਲ਼ ਕਰਦਾ ਹੈ, ਇਸ ਲਈ ਇਸ ਨੂੰ ਇਕ ਵਿਗਿਆਨ ਕਿਹਾ ਜਾ ਸਕਦਾ ਹੈ। ਇਸ ਸੰਦਰਭ ਵਿੱਚ ਪ੍ਰਮੁੱਖ ਤਰਕ ਹੇਠ ਲਿਖੇ ਹਨ।

1. **ਸਮਾਜ ਸ਼ਾਸਤਰ ਵਿਗਿਆਨਕ ਵਿਧੀਆਂ ਦਾ ਪ੍ਰਯੋਗ ਕਰਦਾ ਹੈ** : ਸਮਾਜ ਸ਼ਾਸਤਰ ਕਈ ਵਿਗਿਆਨਕ ਵਿਧੀਆਂ ਜਿਵੇਂ ਸੋਸਿਓਮੀਟਰੀ, ਇੰਟਰਵਿਊ ਵਿਧੀ, ਪ੍ਰਸ਼ਨਾਵਲੀ ਜਿਸ ਵਿੱਚ ਸਮਾਜਿਕ ਤੱਤਾਂ ਦਾ ਸੰਖਿਆਤਮਕ ਮਾਪਣ ਕੀਤਾ ਜਾਂਦਾ ਹੈ। ਇਸਦੇ ਨਾਲ਼ ਹੀ ਸਮਾਜ ਸ਼ਾਸਤਰੀ ਅਧਿਐਨ ਵਿੱਚ ਵੀ ਪ੍ਰਕਿਰਤਿਕ ਵਿਗਿਆਨਾਂ ਦੀ ਤਰ੍ਹਾਂ ਵਿਗਿਆਨਕ ਵਿਧੀ ਦੀ ਵਰਤੋਂ ਹੁੰਦੀ ਹੈ, ਜਿਵੇਂ ਸਮੱਸਿਆ ਦੀ ਚੋਣ, ਅੰਕੜੇ ਇੱਕਠੇ ਕਰਨਾ, ਵਰਗੀਕਰਨ ਅਤੇ ਸਾਰਣੀਕਰਨ ।ਪਰਿਕਲਪਨਾ ਦਾ ਟੈਸਟ ਅਤੇ ਸਧਾਰਨੀਕਰਨ ਆਦਿ।
2. **ਨਿਰੀਖਣ ਅਤੇ ਤੁਲਨਾਤਮਕ ਵਿਧੀਆਂ ਦੀ ਮਹੱਤਤਾ** : ਸਮਾਜ ਸ਼ਾਸਤਰ ਵਿਚ ਹਮੇਸ਼ਾ ਨਿਰੀਖਣ ਤੇ ਤੁਲਨਾਤਮਕ ਵਿਧੀਆਂ ਦੀ ਵਰਤੋਂ ਹੁੰਦੀ ਹੈ। ਸਮਾਜ ਸ਼ਾਸਤਰ, ਸਮਾਜਿਕ ਸਮੂਹਾਂ, ਉਹਨਾਂ ਦੇ ਵਰਗੀਕਰਨ ਅਤੇ ਸਮਾਜਿਕ ਸੰਰਚਨਾ ਦੇ ਵਿਸ਼ਲੇਸ਼ਣ ਨਾਲ਼ ਸੰਬੰਧਿਤ ਰਿਹਾ ਹੈ। ਇਹ ਉਹਨਾਂ ਵਿਸ਼ੇਸ਼ਤਾਵਾਂ ਨਾਲ਼ ਸੰਬੰਧਿਤ ਹੈ, ਜੋ ਸਾਰੇ ਸਮੂਹਾਂ ਤੇ ਸਮਾਜਾਂ ਵਿਚ ਸਮਰੂਪ ਪਾਈਆਂ ਜਾਂਦੀਆਂ ਹਨ। ਬਹੁਤ ਸਾਰੇ ਪ੍ਰਸ਼ਨਾਂ ਦਾ ਹੱਲ ਲੱਭਣ ਲਈ ਸਮਾਜ ਸ਼ਾਸਤਰੀ ਨਿਰੀਖਣ ਤੇ ਤੁਲਨਾਤਮਕ ਵਿਧੀਆਂ ਅਪਣਾਉਂਦੇ ਹਨ।

| ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਕਿਉਂ ਮੰਨਿਆ ਜਾਣਾ ਚਾਹੀਦਾ ਹੈ |
| --- |
| ਸਮਾਜ ਸ਼ਾਸਤਰ ਵਿਗਿਆਨਕ ਵਿਧੀਆਂ ਦਾ ਪ੍ਰਯੋਗ ਕਰਦਾ ਹੈ: ਪੈਮਾਨੇ, ਸੋਸਿਓਮੀਟਰੀ, ਪ੍ਰਸ਼ਨਾਵਨੀ, ਇੰਟਰਵਿਊ ਸਮਾਂ ਸੂਚੀ, ਕੇਸ ਸਟੱਡੀ ਵਿਧੀ ਆਦਿ। |
| ਜਾਂਚ ਪੜਤਾਲ ਦੇ ਮੂਲ ਤਰੀਕੇ : ਨਿਰੀਖਨ, ਵਿਸ਼ਲੇਸ਼ਣ, ਤੁਲਨਾ। |
| ਕੁਝ ਉਹ ਪ੍ਰਯੋਗ ਜੋ ਨਿਊਟਨ ਅਤੇ ਆਰਕਮਿਡੀਜ਼ ਨੇ ਪ੍ਰਕਿਰਤਿਕ ਤੇ ਭੌਤਿਕ ਵਿਗਿਆਨ ਵਿੱਚ ਕੀਤੇ, ਅਤੇ ਖਗੋਲ (ਤਾਰਾ) ਵਿਗਿਆਨ ਤੇ ਜ਼ੋਤਿਸ਼ ਵਿਗਿਆਨ ਵਿੱਚ ਵੀ ਪ੍ਰਯੋਗਸ਼ਾਲਾਵਾਂ ਦੀ ਜ਼ਰੂਰਤ ਨਹੀਂ ਹੁੰਦੀ। |
| ਸਮਾਜ ਸ਼ਾਸਤਰ ਨਿਯਮਾਂ ਦੀ ਖੋਜ ਕਰਦਾ ਹੈ, ਜੋ ਕਿ ਸਮਾਜ ਉਪਰ ਪੂਰਨ ਰੂਪ ਵਿੱਚ ਲਾਗੂ ਕੀਤੇ ਜਾ ਸਕਦੇ ਹਨ। |
| ਸਮਾਜ ਸ਼ਾਸਤਰ ਕਾਰਨ ਅਤੇ ਪਰਿਣਾਮ ਸੰਬੰਧਾਂ ਦਾ ਅਧਿਐਨ ਕਰਦਾ ਹੈ, ਉਦਾਹਰਨ ਦੇ ਲਈ, ਸ਼ਹਿਰੀਕਰਨ ਅਤੇ ਪਰਿਵਾਰਾਂ ਦਾ ਟੁੱਟਣਾ |
| ਸਮਾਜ ਸ਼ਾਸਤਰ ਵਿਸ਼ੇ ਵਸਤੂ ਦਾ ਵਿਗਿਆਨਕ ਢੰਗ ਨਾਲ਼ ਅਧਿਐਨ ਕਰਦਾ ਹੈ। |



Downloaded from https:// www.studiestoday.com

Downloaded from https:// www.studiestoday.com

3. **ਸਮਾਜ ਸ਼ਾਸਤਰ ਤੱਥਾਂ ਤੇ ਅਧਾਰਤ ਹੈ :** ਸਮਾਜ ਸ਼ਾਸਤਰੀ ਮੱਤਾਂ 'ਤੇ ਅਧਾਰਿਤ ਗਿਆਨ ਦੀ ਜਗ੍ਹਾ ਤੱਥਾਂ 'ਤੇ ਅਧਾਰਿਤ ਗਿਆਨ ਨੂੰ ਤਰਜ਼ੀਹ ਦਿੰਦਾ ਹੈ। ਅਸਲ ਵਿੱਚ ਪ੍ਰਸਿੱਧ ਫਰਾਂਸਿਸੀ ਸਮਾਜ ਸ਼ਾਸਤਰੀ ਦੁਰਖ਼ੀਮ ਨੇ ਸਮਾਜ ਸ਼ਾਸਤਰ ਨੂੰ ਸਮਾਜਿਕ ਤੱਥਾਂ ਦੇ ਅਧਿਐਨ ਦਾ ਵਿਗਿਆਨ ਕਿਹਾ ਹੈ।
4. **ਸਾਰੇ ਭੌਤਿਕ ਵਿਗਿਆਨਾਂ ਵਿੱਚ ਪ੍ਰਯੋਗ ਸੰਭਵ ਨਹੀਂ :** ਜੇਕਰ ਕਿਸੇ ਵਿਸ਼ੇ ਵਿੱਚ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਨਹੀਂ ਕਰਵਾਏ ਜਾਂਦੇ ਤਾਂ ਵੀ ਉਹ ਵਿਸ਼ਾ ਵਿਗਿਆਨਿਕ ਹੋ ਸਕਦਾ ਹੈ। ਬਹੁਤ ਸਾਰੇ ਭੌਤਿਕ ਵਿਗਿਆਨ ਹਨ, ਜਿਨ੍ਹਾਂ ਵਿਚ ਪ੍ਰਯੋਗਸ਼ਾਲਾ ਦੀ ਵਰਤੋਂ ਨਹੀਂ ਹੁੰਦੀ। ਉਦਾਹਰਨ ਲਈ ਖਗੋਲ ( ਤਾਰਾ) ਵਿਗਿਆਨੀ ਆਪਣੇ ਵਸਤੂ 'ਤੇ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਨਹੀਂ ਕਰ ਸਕਦੇ ਪਰ ਅੱਜ ਤੱਕ ਉਸ ਦੇ ਵਿਗਿਆਨ ਹੋਣ ਸਬੰਧੀ ਪ੍ਰਸ਼ਨ ਵਿੱਚ ਕੋਈ ਵਿਵਾਦ ਨਹੀਂ ਹੈ। ਇਸੇ ਤਰ੍ਹਾਂ ਸਮਾਜ ਸ਼ਾਸਤਰ ਦੇ ਪੱਖ ਵਿੱਚ ਵੀ ਦਲੀਲ ਦਿੱਤੀ ਜਾ ਸਕਦੀ ਹੈ। ਕਹਿਣ ਤੋਂ ਭਾਵ ਹੈ ਕਿ ਕਿਸੇ ਵਿਸ਼ੇ ਦੇ ਵਿਗਿਆਨਕ ਹੋਣ ਲਈ ਪ੍ਰਯੋਗਸ਼ਾਲਾ ਬੁਨਿਆਦੀ ਜ਼ਰੂਰਤ ਨਹੀਂ ਹੈ।
5. **ਸਮਾਜ ਸ਼ਾਸਤਰ ਸਰਵਵਿਆਪੀ ਕਾਨੂੰਨ ਬਣਾਉਣ ਦੇ ਸਮਰੱਥ ਹੈ :** ਸਮਾਜ ਸ਼ਾਸਤਰ ਵਿੱਚ ਖੋਜ ਸਮੇਂ ਅਤੇ ਥਾਂ ਕਰਕੇ ਸੀਮਤ ਹੈ ਕਿਉਂਕਿ ਸੱਭਿਆਚਾਰਕ ਕਾਰਨ ਹਰ ਥਾਂ ਤੇ ਭਿੰਨ ਹਨ। ਇਸ ਤਰ੍ਹਾਂ ਭੌਤਿਕ ਵਿਗਿਆਨਾਂ ਦੀ ਤਰ੍ਹਾਂ ਸਮਾਜ ਸ਼ਾਸਤਰ ਵੀ ਸਾਧਾਰਨ ਨਿਯਮ ਬਣਾਉਣ ਦਾ ਯਤਨ ਕਰਦਾ ਹੈ ਜੋ ਸੱਭਿਆਚਾਰ ਦੀ ਵਿਭਿੰਨਤਾ ਦੀ ਪ੍ਰਵਾਹ ਕੀਤੇ ਬਿਨਾ ਹਰ ਸਥਾਨ ਅਤੇ ਹਰ ਕਾਲ਼ ਵਿੱਚ ਲਾਗੂ ਹੁੰਦੇ ਹਨ।
6. **ਸਮਾਜ ਸ਼ਾਸਤਰ ਪੂਰਵ ਅਨੁਮਾਨ ਲਗਾਉਣ ਦੇ ਸਮਰੱਥ ਹੈ :** ਸਮਾਜ ਸ਼ਾਸਤਰ ਕਈ ਨਿਯਮ ਬਣਾਉਂਦਾ ਹੈ ਜਿਨ੍ਹਾਂ ਨਾਲ਼ ਪੂਰਵ ਅਨੁਮਾਨ ਲਗਾਇਆ ਜਾਂਦਾ ਹੈ ਅਤੇ ਇਸ ਨਾਲ਼ ਪੂਰਵ ਅਨੁਮਾਨ ਗ਼ਲਤ ਵੀ ਹੋ ਸਕਦੇ ਹਨ। ਤੱਥ ਇਹ ਹੈ ਕਿ ਕੋਈ ਵੀ ਵਿਗਿਆਨ ਸਪਸ਼ਟ ਨਿਸ਼ਚਿਤ ਭਵਿੱਖਬਾਣੀ ਦਾ ਦਾਵਾ ਨਹੀਂ ਕਰ ਸਕਦਾ। ਇਸ ਤਰ੍ਹਾਂ ਵਿਗਿਆਨ ਨਾਲ਼ ਸੰਬੰਧਿਤ ਕਈ ਸਿਧਾਂਤ ਸਮੇਂ ਦੇ ਨਾਲ਼ ਬਦਲ ਜਾਂਦੇ ਹਨ। ਕਈ ਭੌਤਿਕ ਵਿਗਿਆਨਾਂ ਵਿੱਚ ਕਈ ਵਾਰ, ਕੀਤੀ ਗਈ ਭਵਿਖਵਾਣੀ ਸਹੀ ਸਾਬਤ ਨਹੀਂ ਹੁੰਦੀ। ਉਦਾਹਰਨ ਦੇ ਲਈ ਮੌਸਮ ਵਿਭਾਗ ਦੀ ਮੌਸਮ ਸੰਬੰਧੀ ਪੂਰਵ ਅਨੁਮਾਨ ਹਮੇਸ਼ਾ ਸਹੀ ਨਹੀਂ ਹੁੰਦੀ, ਫਿਰ ਵੀ ਮੌਸਮ ਸਬੰਧੀ ਭਵਿੱਖਬਾਣੀ ਨੂੰ ਇੱਕ ਵਿਗਿਆਨ ਮੰਨਿਆ ਜਾਂਦਾ ਹੈ।

(ਇਸ ਤਰ੍ਹਾਂ ਸਮਾਜ ਸ਼ਾਸਤਰ ਸਮਾਜਿਕ ਸੰਗਠਨ ਵਿੱਚ ਕਾਰਜ-ਪਰਿਣਾਮ ਸੰਬੰਧ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ)। ਇਹ ਕਿਵੇਂ, ਕਿਉਂ ਵਰਗੇ ਪ੍ਰਸ਼ਨ ਜੋ ਸਮਾਜਿਕ ਪ੍ਰਕਿਰਿਆਵਾਂ ਅਤੇ ਸੰਬੰਧਾਂ ਵਿੱਚ ਹਨ, ਉਹਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਸਾਸ਼ਤਰ ਮਨੁੱਖ ਦੇ ਸਮਾਜਿਕ ਵਿਵਹਾਰ



Downloaded from https:// www.studiestoday.com

Downloaded from https:// www.studiestoday.com

ਦੇ ਵਿਸ਼ੇ ਵਿੱਚ ਸਧਾਰਨੀਕਰਨ ਵੀ ਪੇਸ਼ ਕਰਦਾ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਨੂੰ ਇੱਕ ਵਿਗਿਆਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

## ਸਮਾਜ ਸ਼ਾਸਤਰ ਵਿਗਿਆਨ ਦੇ ਵਿਪੱਖ ਵਿੱਚ ਤਰਕ

ਬਹੁਤ ਸਾਰੇ ਵਿਦਵਾਨ ਇਹ ਨਹੀਂ ਮੰਨਦੇ ਕਿ ਸਮਾਜ ਸ਼ਾਸਤਰ ਵਿਗਿਆਨ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਉਹਨਾਂ ਦੇ ਤਰਕ ਨਿਮਨ ਪ੍ਰਕਾਰ ਹਨ :

1. **ਵਿਗਿਆਨਕ ਵਿਧੀ ਦੀ ਕਮੀ :** ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਮੂਹਾਂ ਵਿੱਚ ਮਨੁੱਖੀ ਸੰਬੰਧ ਹੈ ਜਿਨ੍ਹਾਂ ਦਾ ਪ੍ਰਯੋਗਸ਼ਾਲਾ ਵਿੱਚ ਅਧਿਐਨ ਨਹੀਂ ਕੀਤਾ ਜਾ ਸਕਦਾ। ਭੌਤਿਕ ਵਿਗਿਆਨਾਂ ਵਿੱਚ ਪ੍ਰਯੋਗਸ਼ਾਲਾ ਦਾ ਇਸਤੇਮਾਲ ਹੁੰਦਾ ਹੈ ਅਤੇ ਭਵਿੱਖਬਾਣੀ ਵੀ ਸੰਭਵ ਹੈ। ਪਰ ਸਮਾਜ ਸ਼ਾਸਤਰ ਵਿੱਚ ਨਾ ਤਾਂ ਪ੍ਰਯੋਗ ਹਨ ਅਤੇ ਨਾ ਹੀ ਸਮਾਜ ਦੇ ਮਨੁੱਖੀ ਸੰਬੰਧਾਂ ਦੀ ਸਹੀ ਭਵਿੱਖਬਾਣੀ ਹੋ ਸਕਦੀ ਹੈ।

| **ਸਮਾਜ ਸ਼ਾਸਤਰ ਨੂੰ ਵਿਗਿਆਨ ਕਿਉਂ ਨਹੀਂ ਕਿਹਾ ਜਾ ਸਕਦਾ।** |
| --- |
| ਸਮਾਜ ਸ਼ਾਸਤਰ ਵਿੱਚ ਤਕਨੀਕੀ ਸ਼ਬਦਾਵਲੀ ਦੀ ਕਮੀ ਹੈ। |
| ਮਨੁੱਖੀ ਸੰਬੰਧਾਂ ਦਾ ਅਧਿਐਨ ਪਰਖ ਨਲੀ ਜਾਂ ਪ੍ਰਯੋਗਸ਼ਾਲਾ ਵਿੱਚ ਨਹੀਂ ਕੀਤਾ ਜਾ ਸਕਦਾ। |
| ਸਮਾਜ ਸ਼ਾਸਤਰ ਵਿੱਚ ਵਸਤੂਨਿਸ਼ਠਤਾ ਦੀ ਕਮੀ ਹੈ। |
| ਇਹ ਸ਼ੁਧ ਵਿਗਿਆਨ ਨਹੀਂ ਹੈ। |
| ਮਨੁੱਖੀ ਵਿਵਹਾਰ ਦੇ ਵਿਸ਼ੇ ਵਿੱਚ ਭਵਿੱਖਬਾਣੀ ਕਰਨਾ ਮੁਸ਼ਕਿਲ ਹੈ ? |

2. **ਵਸਤੂਨਿਸ਼ਠਤਾ ਦੀ ਕਮੀ :** ਮਨੁੱਖ ਦੀਆਂ ਆਪਣੀਆਂ ਪਰਿਕਲਪਨਾਵਾਂ ਅਤੇ ਪੱਖਪਾਤ ਹੁੰਦੇ ਹਨ। ਮਨੁੱਖਾਂ ਦਾ ਵਿਵਹਾਰ ਗਤੀਸ਼ੀਲ ਹੁੰਦਾ ਹੈ ਇਸ ਕਾਰਨ ਹੀ ਇੱਕ ਵਿਅਕਤੀ ਪੂਰੀ ਤਰ੍ਹਾਂ ਵਸਤੂਨਿਸ਼ਠ ਨਹੀਂ ਬਣ ਸਕਦਾ। ਦੂਜੇ ਸ਼ਬਦਾਂ ਵਿੱਚ ਸਮਾਜਿਕ ਸੰਬੰਧਾਂ ਦਾ ਅਧਿਐਨ ਪਰਿਕਲਪਨਾਵਾਂ ਤੋਂ ਬਿਨਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਸਮਾਜ ਸ਼ਾਸਤਰ ਵਿੱਚੋਂ ਵਿਸ਼ੇ ਦੇ ਰੂਪ ਵਿੱਚ ਵਸਤੂਨਿਸ਼ਠਤਾ ਦੀ ਘਾਟ ਹੁੰਦੀ ਹੈ।

3 **ਸ਼ੁੱਧਤਾ ਦੀ ਕਮੀ :** ਸਮਾਜ ਸ਼ਾਸਤਰ ਨੂੰ ਸ਼ੁੱਧ ਵਿਗਿਆਨ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਇਸ ਵਿੱਚ ਦ੍ਰਿੜਤਾ ਦੀ ਕਮੀ ਹੈ। ਇਸਦੇ ਨਿਯਮ ਅਤੇ ਪਰਿਣਾਮ ਨੂੰ ਸਪਸ਼ਟ ਸ਼ਬਦਾਂ ਵਿੱਚ ਨਹੀਂ ਦੱਸਿਆ ਜਾ ਸਕਦਾ। ਦੂਜੇ ਪਾਸੇ ਵਿਗਿਆਨ ਦੀ ਸਪਸ਼ਟਤਾ, ਵਿਸ਼ਾ ਖੇਤਰ ਤੇ ਨਿਰਭਰ ਕਰਦੀ ਹੈ, ਸਮਾਜ ਸ਼ਾਸਤਰ ਦਾ ਵਿਸ਼ਾ-ਵਸਤੂ ਇਸ ਦੇ ਸ਼ੁੱਧ ਵਿਗਿਆਨ ਬਣਨ ਵਿੱਚ ਵਿਘਨ ਪਾਉਂਦਾ ਹੈ।

4 **ਤਕਨੀਕੀ ਸ਼ਬਦਾਵਲੀ ਦੀ ਕਮੀ :** ਸਮਾਜ ਸ਼ਾਸਤਰ ਇੱਕ ਨਵਾਂ ਸਮਾਜਿਕ ਵਿਗਿਆਨ ਹੈ। ਇਸ ਸੰਬੰਧ ਵਿੱਚ ਢੁੱਕਵੀਂ ਤਕਨੀਕੀ ਸ਼ਬਦਾਵਲੀ ਪ੍ਰਾਪਤ ਨਹੀਂ ਹੈ।



Downloaded from https:// www.studiestoday.com

Downloaded from https:// www.studiestoday.com

5 **ਸਮਾਜਿਕ ਸਬੰਧਾਂ ਦੀ ਜਟਿਲਤਾ ਕਾਰਨ ਸਧਾਰਨੀਕਰਨ ਔਖਾ ਹੁੰਦਾ ਹੈ :** ਸਮਾਜ ਸ਼ਾਸਤਰ, ਕੁਦਰਤੀ ਵਿਗਿਆਨਾਂ ਵਾਂਗ ਸਧਾਰਨੀਕਰਨ ਨਹੀਂ ਕਰ ਸਕਦਾ ਜਿਨ੍ਹਾ ਨੂੰ ਸਰਬ ਵਿਆਪੀ ਰੂਪ ਵਿਚ ਲਾਗੂ ਕੀਤਾ ਜਾ ਸਕੇ। ਇਸ ਨਾਲ਼ ਸੰਬੰਧਿਤ ਵਿਦਵਾਨਾਂ ਦਾ ਵਿਚਾਰ ਹੈ ਕਿ ਸਮਾਜਿਕ ਸੰਬੰਧਾਂ ਦਾ ਭੌਤਿਕ ਰੂਪ ਵਿੱਚ ਅਧਿਐਨ ਨਹੀਂ ਕੀਤਾ ਜਾ ਸਕਦਾ। ਅਸੀਂ ਦੇਖਦੇ ਹਾਂ ਕਿ ਸਮਾਜਿਕ ਸੰਬੰਧ ਸਾਡੀ ਅੰਦਰੂਨੀ ਜ਼ਿੰਦਗੀ ਦਾ ਬਾਹਰੀ ਪ੍ਰਗਟਾਵਾ ਹਨ। ਪਰ ਭੌਤਿਕ ਵਿਗਿਆਨੀ ਅਜਿਹੀਆਂ ਜਟਿਲ ਘਟਨਾਵਾਂ ਦਾ ਸਾਹਮਣਾ ਨਹੀਂ ਕਰਦੇ। ਸਮਾਜ ਵਿਗਿਆਨੀ ਬਾਹਰੀ ਕਿਰਿਆ ਨੂੰ ਸਮਝਣ ਲਈ ਵਿਸ਼ੇ ਦੇ ਅੰਦਰੂਨੀ ਪੱਖ ਦਾ ਅਧਿਐਨ ਕਰਦੇ ਹਨ ਸੋ ਸਮਾਜ ਸ਼ਾਸਤਰ ਸਧਾਰਨ ਨਤੀਜੇ, ਨਿਯਮ ਅਤੇ ਸਿਧਾਂਤ ਦੇਣ ਤੋਂ ਅਸਮਰੱਥ।

6. **ਸਹੀ ਅੰਕੜੇ ਪ੍ਰਾਪਤ ਕਰਨਾ ਮੁਸ਼ਕਿਲ :** ਭੌਤਿਕ ਵਿਗਿਆਨਾਂ ਵਿਚ ਕੁਝ ਸਿਧਾਂਤ ਤੱਥਾਧਾਰਿਤ ਹੁੰਦੇ ਹਨ। ਭੌਤਿਕ ਵਿਗਿਆਨ ਦੇ ਅੰਕੜੇ ਸਰਲ ਹੁੰਦੇ ਹਨ ਤੇ ਇਹਨਾਂ ਨੂੰ ਪ੍ਰਯੋਗਸ਼ਾਲਾ ਵਿੱਚ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ ਪਰ ਸਮਾਜ ਵਿਗਿਆਨ ਦੇ ਅੰਕੜੇ ਫੀਲਡ ਵਰਕ, ਦਸਤਾਵੇਜ ਅਤੇ ਅੰਕੜੇ ਇਕੱਠੇ ਕਰਨਾ ਆਦਿ ਰਾਹੀਂ ਲਏ ਜਾਂਦੇ ਹਨ। ਸਮਾਜ ਸ਼ਾਸਤਰ ਵਿੱਚ ਭਿੰਨ ਜਟਿਲ ਮਸਲਿਆਂ ਜਿਵੇਂ ਪਰਿਵਾਰ, ਜੁਰਮ ਤੇ ਗ਼ਰੀਬੀ ਸੰਬੰਧੀ ਸ਼ੁੱਧ ਅੰਕੜੇ ਮਿਲ਼ਣੇ ਔਖੇ ਹੁੰਦੇ ਹਨ। ਜੇਕਰ ਸਾਡੇ ਕੋਲ਼ ਇਹਨਾਂ ਸੰਬੰਧੀ ਲੋੜੀਦੇ ਅੰਕੜੇ ਨਹੀਂ ਹੋਣਗੇ ਤਾਂ ਸਾਡੇ ਨਤੀਜੇ ਗ਼ਲਤ ਵੀ ਹੋ ਸਕਦੇ ਹਨ।

## ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ :

ਵਿਸ਼ਾ ਖੇਤਰ ਤੋਂ ਭਾਵ ਅਧਿਐਨ ਦਾ ਖੇਤਰ ਹੈ। ਹਰ ਵਿਗਿਆਨ ਦੀ ਜਾਣਕਾਰੀ ਦਾ ਅਪਣਾ ਕੇਂਦਰ ਹੁੰਦਾ ਹੈ। ਇੱਕ ਵਿਗਿਆਨ ਨੂੰ ਕ੍ਰਮਬੱਧ ਰੂਪ ਵਿੱਚ ਅਧਿਐਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਤੱਕ ਇਸ ਦੇ ਵਿਸ਼ੇ ਖੇਤਰ ਦੀ ਸੀਮਾ ਨਿਸ਼ਚਿਤ ਨਾ ਕੀਤੀ ਜਾਵੇ। ਸਮਾਜ ਸ਼ਾਸਤਰ ਦੀ ਵਿਗਿਆਨ ਦੇ ਰੂਪ ਵਿੱਚ ਅਪਣੀ ਸੀਮਾ ਅਤੇ ਵਿਸ਼ਾ ਖੇਤਰ ਹੈ। ਇਹ ਸਮਾਜ ਨੂੰ ਸਮਝਣ ਵਿੱਚ, ਭਿੰਨ ਸੰਸਥਾਵਾਂ ਮਨੁੱਖੀ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ ਅਤੇ ਮਨੁੱਖ ਅਤੇ ਸਮਾਜ ਦਾ ਕੀ ਸੰਬੰਧ ਹੈ, ਇਹਨਾਂ ਸਭ 'ਤੇ ਚਾਨਣਾ ਪਾਉਂਦੀ ਹੈ। ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਅਕਤੀਆਂ ਵਿੱਚ ਅੰਤਰ ਕਿਰਿਆ ਹੈ ਜਿਵੇਂ ਦੁਕਾਨਦਾਰ ਅਤੇ ਗਾਹਕ, ਅਧਿਆਪਕ ਅਤੇ ਵਿਦਿਆਰਥੀ, ਦੋ ਦੋਸਤ ਜਾਂ ਪਰਿਵਾਰ ਦੇ ਮੈਂਬਰਾਂ ਵਿਚਕਾਰ ਅੰਤਰ ਕਿਰਿਆ ਆਦਿ ਪਰ ਇਹ ਦੇਖਿਆ ਜਾ ਸਕਦਾ ਹੈ ਕਿ ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਦੇ ਸੰਬੰਧ ਵਿੱਚ ਸਮਾਜ ਸ਼ਾਸਤਰੀਆਂ ਵਿੱਚ ਕੋਈ ਇੱਕ ਮੱਤ ਨਹੀਂ ਹੈ। ਸਮਾਜ ਸ਼ਾਸਤਰ ਦੇ ਪੂਰਵਜ ਜਿਵੇਂ ਕਾਮਤੇ, ਸਪੈਂਸਰ, ਦੁਰਖ਼ੀਮ ਅਤੇ ਗਿਡਿੰਗਸ ਸਮਾਜ ਸ਼ਾਸਤਰੀਆਂ ਨੇ ਸਮਾਜ-ਸ਼ਾਸਤਰ ਦੀ ਖੋਜ ਵਿੱਚ ਸੀਮਾ ਨਿਸ਼ਚਿਤ ਕੀਤੀ ਹੈ।

ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਦੇ ਸੰਬੰਧ ਵਿੱਚ ਦੋ ਸਕੂਲ ਹਨ- ਸਰੂਪਾਤਮਕ ਸਕੂਲ ਅਤੇ ਮਿਸ਼ਰਤ ਸਕੂਲ।



Downloaded from https:// www.studiestoday.com

Downloaded from https:// www.studiestoday.com

### ਸਰੂਪਾਤਮਕ ਸਕੂਲ ਅਤੇ ਮਿਸ਼ਰਤ ਸਕੂਲ

ਪਹਿਲੇ ਤਰ੍ਹਾਂ ਦੇ ਵਿਚਾਰਕ ਮੰਨਦੇ ਹਨ ਕਿ ਸਮਾਜ ਸ਼ਾਸਤਰ ਨੂੰ ਇਕ ਸਮਾਜ ਵਿਗਿਆਨ ਵਜੋਂ ਲਿਆ ਜਾ ਸਕਦਾ ਹੈ ਜਿਸ ਦਾ ਇਕ ਵਿਸ਼ੇਸ਼ ਅਤੇ ਨਿਸ਼ਚਿਤ ਖੇਤਰ ਹੈ। ਅਜਿਹੇ ਵਿਚਾਰ ਜਾਰਜ ਸਿਮਲ, ਫਰਡੀਨੈਂਟ ਟੌਨਿਸ, ਐਲਫ਼ਰਡ ਵੀਰਕਾਂਤ ਅਤੇ ਲਿਉਪੋਲਡ ਵੌਨਵੀਸ ਦੇ ਹਨ। ਦੂਜੇ ਪਾਸੇ ਮਿਸ਼ਰਤ ਸਕੂਲ ਦੇ ਵਿਦਵਾਨਾ ਜਿਨ੍ਹਾ ਵਿਚ ਇਮਾਇਲ ਦੁਰਖ਼ੀਮ, ਐੱਲ ਟੀ. ਹਾਬਹਾਉਸ, ਪੀ. ਸੌਰਕਿਨ ਆਦਿ ਹਨ, ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਸਾਰੇ ਸਮਾਜ ਵਿਗਿਆਨਾਂ ਦਾ ਮਿਸ਼ਰਨ ਹੈ ਜੋ ਦੂਜਿਆਂ ਤੋਂ ਪ੍ਰਭਾਵਤ ਹੁੰਦਾ ਹੈ ਤੇ ਉਹਨਾਂ ਨੂੰ ਪ੍ਰਭਾਵਿਤ ਕਰਦਾ ਹੈ।




### ਸਰੂਪਾਤਮਕ ਸਕੂਲ

ਸਰੂਪਾਤਮਕ ਸਕੂਲ ਦਾ ਉਦੇਸ਼ ਹੈ ਕਿ ਸਮਾਜ ਸ਼ਾਸਤਰ ਨੂੰ ਅਲੱਗ ਵਿਸ਼ਾ ਬਣਾਉਣ ਲਈ ਇਸ ਦਾ ਵਿਸ਼ਾ ਖੇਤਰ ਨਿਸ਼ਚਿਤ ਕੀਤਾ ਜਾਵੇ। ਇਸ ਸਕੂਲ ਨੂੰ ਮੰਨਣ ਵਾਲਿਆਂ ਦੇ ਅਨੁਸਾਰ, ਸਮਾਜ ਸ਼ਾਸਤਰ ਸਮੁੱਚੇ ਸਮਾਜਿਕ ਜੀਵਨ ਦਾ ਅਧਿਐਨ ਨਹੀਂ ਕਰ ਸਕਦਾ ਕਿਉਂਕਿ ਇਸਦਾ ਵਿਸ਼ਾ ਖੇਤਰ ਸੀਮਿਤ ਹੈ। ਇਸ ਬੌਧਿਕ ਸਕੂਲ ਦੇ ਸਮਾਜ ਸ਼ਾਸਤਰੀ ਸਮਾਜ ਸ਼ਾਸਤਰ ਦੇ ਖੇਤਰ ਨੂੰ ਦੂਜੇ ਸਮਾਜ ਵਿਗਿਆਨਾਂ ਤੋਂ ਅਲੱਗ ਕਰਨਾ ਚਾਹੁੰਦੇ ਹਨ। ਉਹ ਸਮਾਜ ਸ਼ਾਸਤਰ ਨੂੰ ਸੁਤੰਤਰ ਤੇ ਸ਼ੁੱਧ ਵਿਗਿਆਨ ਮੰਨਦੇ ਹਨ।

ਸਮਾਜ ਸ਼ਾਸਤਰ ਦਾ ਸਰੂਪਾਤਮਕ ਸਕੂਲ ਸਮਾਜਿਕ ਸੰਬੰਧਾਂ ਦੇ ਰੂਪਾਂ ਨਾਲ਼ ਸੰਬੰਧਿਤ ਹੈ। ਸਮਾਜ ਸ਼ਾਸਤਰ ਦੇ ਦੂਜੇ ਵਿਗਿਆਨਾਂ ਨਾਲ਼ ਸੰਬੰਧ ਨੂੰ ਇੰਝ ਹੀ ਦੇਖਿਆ ਜਾਂਦਾ ਹੈ ਜਿਵੇਂ ਰੇਖਾ ਗਣਿਤ ਅਤੇ ਭੌਤਿਕ ਵਿਗਿਆਨ ਦਾ ਸੰਬੰਧ ਹੈ। ਉਦਾਹਰਨ ਦੇ ਲਈ ਰੇਖਾ ਗਣਿਤ ਵਸਤੂਆਂ ਦੇ ਵਿਸ਼ੇਸ਼ ਰੂਪਾਂ ਅਤੇ ਵਸਤੂਆਂ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ ਨਾ ਕਿ ਉਹਨਾਂ ਦੀ ਅੰਤਰਵਸਤੂ ਦਾ ਅਧਿਐਨ ਕਰਦਾ ਹੈ। ਇਸ ਤਰ੍ਹਾਂ ਹੀ ਸਮਾਜ ਸ਼ਾਸਤਰ ਸਮਾਜ ਦੀਆਂ ਸਾਰੀਆਂ ਗਤੀਵਿਧੀਆਂ ਦਾ ਅਧਿਐਨ ਨਹੀਂ ਕਰਦਾ। ਇਸ ਲਈ ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਮਾਜਿਕ ਸੰਬੰਧਾਂ ਦੇ ਵਿਸ਼ੇਸ਼ ਰੂਪਾਂ, ਵਿਵਹਾਰਾਂ ਅਤੇ ਕਿਰਿਆਵਾਂ ਦਾ ਅਧਿਐਨ ਹੈ।



Downloaded from https:// www.studiestoday.com

Downloaded from https:// www.studiestoday.com




**ਸਿਮਲ :** ਸਿਮਲ ਦੇ ਅਨੁਸਾਰ ਸਮਾਜ ਸ਼ਾਸਤਰ ਇੱਕ ਵਿਸ਼ੇਸ਼ ਸਮਾਜਿਕ ਵਿਗਿਆਨ ਹੈ ਜੋ ਸਮਾਜਿਕ ਸੰਬੰਧਾਂ ਦੇ ਰੂਪ ਦੀ ਵਿਆਖਿਆ, ਵਰਗੀਕਰਨ ਅਤੇ ਵਿਸ਼ਲੇਸ਼ਣ ਕਰਦਾ ਹੈ।

**ਟੋਨੀਜ਼:** ਟੋਨੀਜ਼ ਨੇ ਸਮਾਜ ਨੂੰ ਸਮਾਜ ਦੇ ਮੈਂਬਰਾਂ ਵਿਚਲੀ ਨੇੜਤਾ ਤੇ ਅੰਤਰ-ਕਿਰਿਆ ਦੇ ਆਧਾਰ 'ਤੇ ਦੋ ਸ਼੍ਰੇਣੀਆਂ ਸਮੁਦਾਇ ਅਤੇ ਸਭਾ ਵਿਚ ਵੰਡਿਆ ਹੈ। ਉਹ ਮੰਨਦਾ ਹੈ ਕਿ ਸਮਾਜ ਸ਼ਾਸਤਰ ਇਨ੍ਹਾ ਦੋ ਸ਼੍ਰੇਣੀਆਂ ਵਿਚਲੇ ਸਮਾਜਿਕ ਸੰਬੰਧਾਂ ਦਾ ਅਧਿਐਨ ਕਰਦਾ ਹੈ।

**ਮੈਕਸ ਵੈਬਰ :** ਮੈਕਸ ਵੈਬਰ ਨੇ ਉਸ ਤੱਤ ਦੇ ਵਿਸ਼ੇਸ਼ ਰੂਪ ਦੀ ਗੱਲ ਕੀਤੀ ਹੈ, ਜਿਸ ਨਾਲ਼ ਸਮਾਜ ਸ਼ਾਸਤਰ ਸਬੰਧਿਤ ਹੈ। ਉਸਦੇ ਵਿਚਾਰਾਂ ਅਨੁਸਾਰ ਸਮਾਜ ਸ਼ਾਸਤਰ ਵਿਗਿਆਨ ਹੈ, ਜੋ ਸਮਾਜਿਕ ਕਿਰਿਆਵਾਂ ਦੀ ਵਿਆਖਿਆ ਕਰਦਾ ਹੈ ਅਤੇ ਸਮਝਦਾ ਹੈ। ਸਮਾਜਿਕ ਕਿਰਿਆਵਾਂ ਮਨੁੱਖੀ ਸੰਬੰਧਾਂ ਦੇ ਸਮੁੱਚੇ ਖੇਤਰਾਂ ਨੂੰ ਸ਼ਾਮਲ ਨਹੀਂ ਕਰਦੀਆਂ ਭਾਵੇਂ ਕਿ ਸਾਰੀਆਂ ਮਨੁੱਖੀ ਅੰਤਰ ਕਿਰਿਆਵਾਂ ਸਮਾਜਿਕ ਨਹੀਂ ਹੁੰਦੀਆਂ।

**ਗਤੀਵਿਧੀ -2**

ਜਾਰਜ ਸਿਮਲ, ਮੈਕਸ ਵੈਬਰ, ਸੋਰੋਕਿਨ ਅਤੇ ਦੁਰਖ਼ੀਮ ਵਰਗੇ ਵਿਚਾਰਕਾਂ ਬਾਰੇ ਖੋਜ ਕਰੋ ਕਿ ਉਹ ਕਿਸ ਚਿੰਤਨ ਪਰੰਪਰਾ ਨਾਲ਼ ਸੰਬੰਧਤ ਹਨ ਅਤੇ ਉਹਨਾਂ ਦਾ ਸਮਾਜ ਸ਼ਾਸਤਰ ਵਿਸ਼ੇ ਵਿਚ ਕੀ ਯੋਗਦਾਨ ਹੈ।

**ਮਿਸ਼ਰਿਤ ਸਕੂਲ :** ਮਿਸ਼ਰਿਤ ਸਕੂਲ ਵਿੱਚ ਸਮਾਜ ਸ਼ਾਸਤਰ ਨੂੰ ਸਮਾਜਿਕ ਵਿਗਿਆਨਾਂ ਦਾ ਮਿਸ਼ਰਨ ਅਤੇ ਸਧਾਰਨ ਵਿਗਿਆਨ ਕਿਹਾ ਹੈ। ਸਮਾਜ ਸ਼ਾਸਤਰ ਵਿਗਿਆਨਾਂ ਦਾ ਵਿਗਿਆਨ ਹੈ ਅਤੇ ਸਾਰੇ ਸਮਾਜਿਕ ਵਿਗਿਆਨ ਇਸ ਦੇ ਵਿਸ਼ਾ ਖੇਤਰ ਵਿੱਚ ਸ਼ਾਮਿਲ ਹਨ। ਇਸ ਸਕੂਲ ਦੀ ਧਾਰਨਾ ਇਹ ਹੈ ਕਿ



Downloaded from https:// www.studiestoday.com

Downloaded from https:// www.studiestoday.com

ਸਮਾਜਿਕ ਜੀਵਨ ਦੇ ਸਾਰੇ ਪਹਿਲੂ ਅੰਤਰ ਸਬੰਧਿਤ ਹਨ। ਇਸ ਲਈ ਸਮਾਜਿਕ ਜੀਵਨ ਦੇ ਇੱਕ ਪਹਿਲੂ ਦਾ ਅਧਿਐਨ ਸਮਗਰਤਾ ਨੂੰ ਸਮਝਣ ਤੋਂ ਅਸਮਰਥ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਮਾਜ ਸ਼ਾਸਤਰ ਸਮਾਜਿਕ ਜੀਵਨ ਦਾ ਸਿਲਸਲੇਵਾਰ ਅਧਿਐਨ ਕਰਦਾ ਹੈ। ਸਾਰੇ ਸਮਾਜਿਕ ਵਿਗਿਆਨਾਂ ਦਾ ਵਿਸ਼ਾ ਖੇਤਰ ਇਕੋ ਜਿਹਾ ਹੈ ਪਰ ਉਹਨਾਂ ਨੂੰ ਦੇਖਣ ਦਾ ਨਜ਼ਰੀਆ ਭਿੰਨ ਹੈ। ਸਾਰੇ ਸਮਾਜਿਕ ਵਿਗਿਆਨਾਂ ਦਾ ਵਿਸ਼ਾ-ਵਸਤੂ ਸਮਾਜ ਹੈ ਪਰ ਸਾਰੇ ਸਮਾਜ ਵਿਗਿਆਨ ਇਸਦਾ ਆਪਣੇ ਪਹਿਲੂ ਤੋਂ ਹੀ ਅਧਿਐਨ ਕਰਦੇ ਹਨ। ਸਮਾਜ ਸ਼ਾਸਤਰ ਸਮਾਜਿਕ ਜੀਵਨ ਦੇ ਸਾਰੇ ਤੱਥਾਂ ਦਾ ਅਧਿਐਨ ਕਰਦਾ ਹੈ ਅਤੇ ਸਮਾਜਿਕ ਜੀਵਨ ਨੂੰ ਸਮੁੱਚ ਵਜੋਂ ਲੈਂਦਾ ਹੈ।

**ਐੱਲ. ਟੀ. ਹਾਬਹਾਊਸ :** ਹਾਬਹਾਊਸ ਨੇ ਸਮਾਜ ਸ਼ਾਸਤਰ ਨੂੰ ਵਿਗਿਆਨ ਕਿਹਾ ਹੈ ਜੋ ਮਨੁੱਖ ਦੇ ਪੂਰੇ ਸਮਾਜਿਕ ਜੀਵਨ ਨੂੰ ਆਪਣਾ ਖੇਤਰ ਬਣਾ ਲੈਂਦਾ ਹੈਂ। ਇਸਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ ਆਪਸੀ ਲੈਣ ਦੇਣ ਅਤੇ ਆਪਸੀ ਉਤਸ਼ਾਹ ਕਾਰਨ ਹੈ। ਉਦਾਹਰਨ ਲਈ ਅਸੀਂ ਪਰਿਵਾਰ ਦੇ ਅਸੰਗਠਨ ਦੇ ਕਾਰਨਾਂ ਦਾ ਅਧਿਐਨ ਅਤੇ ਵਰਗੀਕਰਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅਰਥ ਸ਼ਾਸਤਰ, ਮਨੋਵਿਗਿਆਨ ਅਤੇ ਦੂਜੇ ਸਮਾਜਿਕ ਵਿਗਿਆਨਾਂ ਦੀ ਮਦਦ ਲੈਣੀ ਪਵੇਗੀ। ਇਸ ਤਰ੍ਹਾਂ ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਸਾਰੇ ਸਮਾਜਿਕ ਵਿਗਿਆਨਾਂ ਦੇ ਵਿਸ਼ੇ ਖੇਤਰ ਨੂੰ ਸ਼ਾਮਿਲ ਕਰਦਾ ਹੈ। ਇਸ ਤਰ੍ਹਾਂ ਇੱਕ ਸਕੂਲ ਦੇ ਵਿਚਾਰਕ ਸਮਾਜ ਸ਼ਾਸਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਤੋਂ ਅਲੱਗ ਵਿਸ਼ੇਸ਼ ਵਿਗਿਆਨ ਮੰਨਦੇ ਹਨ ਅਤੇ ਦੂਜੇ ਇਸ ਨੂੰ ਮਿਸ਼ਰਿਤ ਵਿਗਿਆਨ ਮੰਨਦੇ ਹਨ।

### ਸਮਾਜ ਸ਼ਾਸਤਰ ਦੀ ਮਹੱਤਤਾ :

ਸਮਾਜ ਸ਼ਾਸਤਰ ਦੇ ਅਧਿਐਨ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਦੀ ਮਹੱਤਤਾ ਨਿਮਨ ਲਿਖਤ ਹੈ:

1. ਸਮਾਜ ਸ਼ਾਸਤਰ ਦਾ ਅਧਿਐਨ ਸਮਾਜ ਦੇ ਵਿਗਿਆਨਕ ਅਧਿਐਨ ਨੂੰ ਸੰਭਵ ਬਣਾਉਂਦਾ ਹੈ।
2. ਸਮਾਜ ਸ਼ਾਸਤਰ ਸਮਾਜ ਵਿਚਲੀਆਂ ਸੰਸਥਾਵਾਂ ਦੀ ਭੂਮਿਕਾ ਦਾ ਅਧਿਐਨ ਕਰਦਾ ਹੈ ਜਿਵੇਂ ਪਰਿਵਾਰ, ਸਕੂਲ ਤੇ ਸਿੱਖਿਆ, ਚਰਚ ਅਤੇ ਧਰਮ, ਰਾਜ ਅਤੇ ਸਰਕਾਰ, ਉਦਯੋਗ ਅਤੇ ਕੰਮ, ਸਮੁਦਾਇ ਅਤੇ ਸਭਾ ਆਦਿ। ਇਹ ਵਿਅਕਤੀ ਦੇ ਵਿਕਾਸ ਵਿੱਚ ਇਹਨਾਂ ਸੰਸਥਾਵਾਂ ਦੀ ਭੂਮਿਕਾ ਦਾ ਅਧਿਐਨ ਕਰਦਾ ਹੈ।
3. ਸਮਾਜ ਸ਼ਾਸਤਰ ਦਾ ਅਧਿਐਨ ਸਮਾਜਿਕ ਯੋਜਨਾ ਬਣਾਉਣ ਲਈ ਜ਼ਰੂਰੀ ਹੈ ਕਿਉਂਕਿ ਸਮਾਜਿਕ ਸੰਰਚਨਾ ਦੇ ਉਚਿਤ ਅਤੇ ਸਹੀ ਗਿਆਨ ਨਾਲ਼ ਸੁਧਾਰਿਆ ਜਾ ਸਕਦਾ ਹੈ। ਸਮਾਜ ਸ਼ਾਸਤਰ ਸਮਾਜਿਕ ਸਮੱਸਿਆਵਾਂ ਦੇ ਕਾਰਨ ਅਤੇ ਹੱਲ ਲੱਭਦਾ ਹੈ।
4. ਸਮਾਜ ਸ਼ਾਸਤਰ ਸਮਾਜਿਕ ਸਮੱਸਿਆਵਾਂ ਦਾ ਹੱਲ ਲੱਭਦਾ ਹੈ ਕਿਉਂਕਿ ਇਹ ਸਮਾਜਿਕ ਬੁਰਾਈਆਂ ਦੇ ਕਾਰਨਾਂ ਦਾ ਅਧਿਐਨ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

5. ਸਮਾਜ ਸ਼ਾਸਤਰ ਸਾਡੇ ਰਵੱਈਏ ਨੂੰ ਬਦਲਣ ਵਿੱਚ ਮਦਦ ਕਰਦਾ ਹੈ, ਉਦਾਹਰਨ ਦੇ ਲਈ ਸਮਾਜ ਸ਼ਾਸਤਰ ਨੇ ਅਪਰਾਧ ਤੇ ਅਪਰਾਧੀਆਂ ਵਰਗੇ ਵਿਸ਼ਿਆਂ 'ਤੇ ਸਾਡੇ ਦ੍ਰਿਸ਼ਟੀਕੋਣ ਨੂੰ ਬਦਲਿਆ ਹੈ।
6. ਸਮਾਜ ਸ਼ਾਸਤਰ ਅਲੱਗ-ਅਲੱਗ ਸੱਭਿਆਚਾਰਾਂ ਨੂੰ ਸਮਝਣ ਵਿੱਚ ਵਿਅਕਤੀਆਂ ਦੀ ਮਦਦ ਕਰਦਾ ਹੈ।




## ਸਿੱਟਾ

ਇਸ ਤਰ੍ਹਾਂ, ਸਮਾਜ ਸ਼ਾਸਤਰ ਇੱਕ ਸਮਾਜ ਵਿਗਿਆਨ ਹੈ, ਜੋ ਮਨੁੱਖੀ ਸਮਾਜਾਂ, ਉਹਨਾਂ ਦੀਆਂ ਪਰਸਪਰ ਅੰਤਰ-ਕਿਰਿਆਵਾਂ ਅਤੇ ਪ੍ਰਕਿਰਿਆਵਾਂ, ਜੋ ਉਹਨਾਂ ਨੂੰ ਨਿਰੰਤਰਤਾ ਦਿੰਦੀਆਂ ਹਨ ਅਤੇ ਰੁਪਾਂਤਰਿਤ ਕਰਦੀਆਂ ਹਨ, ਦਾ ਅਧਿਐਨ ਕਰਦਾ ਹੈ। ਇਹ ਵਿਸ਼ਾ 18ਵੀਂ ਤੇ 19ਵੀਂ ਸਦੀ ਦੇ ਨਵਜਾਗਰਨ ਦੇ ਦਰਸ਼ਨ ਦੇ ਨਾਲ਼ ਉਭਰਿਆ ਅਤੇ ਫਰਾਂਸੀਸੀ ਕ੍ਰਾਂਤੀ, ਕੁਦਰਤੀ ਵਿਗਿਆਨਾਂ ਦੇ ਵਿਕਾਸ, ਉਦਯੋਗਿਕ ਕ੍ਰਾਂਤੀ ਅਤੇ ਸ਼ਹਿਰੀਕਰਨ ਵਰਗੇ ਪੱਖਾਂ ਨੇ ਇਸਦੇ ਵਿਕਾਸ ਵਿੱਚ ਯੋਗਦਾਨ



Downloaded from https:// www.studiestoday.com

Downloaded from https:// www.studiestoday.com

ਦਿੱਤਾ। ਅੱਜ ਇਹ ਨਵ-ਵਿਗਿਆਨ  ਨਾ ਸਿਰਫ਼ ਮਨੁੱਖੀ ਅਧਿਐਨ ਕਰਨ ਦਾ ਜਤਨ ਕਰਦਾ ਹੈ ਪਰ ਨਾਲ਼ ਹੀ ਸਮਾਜਿਕ ਨਿਯੋਜਨ, ਪੁਨਰ ਨਿਰਮਾਣ ਤੇ ਸੁਧਾਰ ਦਾ ਇੱਕ ਸਰੋਤ ਵੀ ਹੈ।

**ਬਾਕਸ-3**

## ਸਮਾਜ ਸ਼ਾਸਤਰ ਕਿੱਤੇ ਦੇ ਰੂਪ ਵਿੱਚ

- ਗ਼ੈਰ ਸਰਕਾਰੀ ਸੰਗਠਨ, ਅੰਤਰਰਾਸ਼ਟਰੀ ਗ਼ੈਰ-ਸਰਕਾਰੀ ਸੰਗਠਨ ਅਤੇ ਸੰਯੁਕਤ ਰਾਸ਼ਟਰ ਦੀਆਂ ਵਿਭਿੰਨ ਗਤੀਵਿਧੀਆਂ/ਵਿਭਾਗਾਂ ਵਿੱਚ ਕਿੱਤੇ ਦੇ ਮੌਕਿਆਂ ਦੀ ਚੰਗੀ ਸੰਭਾਵਨਾ।
- ਸਕੂਲ ਪੱਧਰ, ਕਾਲਜ ਪੱਧਰ ਅਤੇ ਉੱਚ ਸਿੱਖਿਆ ਪੱਧਰ 'ਤੇ ਅਧਿਆਪਨ ਵਿੱਚ ਰੁਜ਼ਗਾਰ ਦੇ ਮੌਕੇ।
- ਪੰਜਾਬ ਵਿੱਚ ਗ਼ੈਰ-ਸਰਕਾਰੀ ਸੰਗਠਨਾ ਦੇ ਵੱਧਦੇ ਸੱਭਿਆਚਾਰ ਨਾਲ਼ ਅਤੇ ਇਨ੍ਹਾਂ ਸੰਗਠਨਾਂ ਰਾਹੀਂ ਖੋਜ ਗਤੀਵਧੀਆਂ ਦੇ ਖੇਤਰ ਵਿੱਚ ਪੰਜਾਬ ਰਾਜ ਵਿੱਚ ਰੁਜ਼ਗਾਰ ਦੇ ਮੌਕੇ ਬਣ ਰਹੇ ਹਨ।
- ਪੰਜਾਬ ਸਰਕਾਰ ਦੇ ਸਮਾਜ ਕਲਿਆਣ ਅਤੇ ਬਾਲ ਕਲਿਆਣ ਦੇ ਦਫ਼ਤਰਾਂ ਵਿੱਚ ਰੁਜ਼ਗਾਰ ਦੇ ਮੌਕੇ।
- ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਸਮਾਜਿਕ ਮਨੋਵਿਗਿਆਨਿਕ ਸਲਾਹ-ਮਸ਼ਵਰਾ (ਸਲਾਹ) ਦੇਣ ਲਈ ਅਗਵਾਈਕਾਰਾਂ ਦੇ ਰੂਪ ਵਿਚ ਰੁਜ਼ਗਾਰ ਦੇ ਮੌਕੇ।
- ਉੱਦਮੀ ਬਣਨ ਦੀ ਸ੍ਰੇਸ਼ਠ ਮੌਕਾ।
- ਭਿੰਨ-ਭਿੰਨ ਸਰਕਾਰੀ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ।

### ਸ਼ਬਦਾਵਲੀ

**ਪੂੰਜੀਵਾਦ :** ਆਰਥਿਕ ਖੇਤਰ ਵਿੱਚ ਵਪਾਰ ਵਿਵਸਥਾ ਬਜ਼ਾਰ 'ਤੇ ਅਧਾਰਿਤ ਹੈ। 'ਪੂੰਜੀ' ਸ਼ਬਦ ਤੋਂ ਭਾਵ ਧਨ, ਸੰਪਤੀ, ਅਤੇ ਮਸ਼ੀਨਾਂ ਤੋਂ ਹੈ ਜਿਸ ਦਾ ਪ੍ਰਯੋਗ ਲਾਭ ਦੀ ਉਮੀਦ ਨਾਲ਼ ਵਸਤੂਆਂ ਦੀ ਵਿਕਰੀ ਜਾਂ ਬਜ਼ਾਰ ਵਿੱਚ ਪੈਸਾ ਲਗਾਉਣ ਲਈ ਕੀਤੀ ਜਾਂਦੀ ਹੈ। ਇਹ ਵਿਵਸਥਾ ਨਿੱਜੀ ਮਲਕੀਅਤ ਅਤੇ ਉਤਪਾਦਨ ਦੇ ਸਾਧਨਾ 'ਤੇ ਅਧਾਰਿਤ ਹੈ।



Downloaded from https:// www.studiestoday.com

Downloaded from https:// www.studiestoday.com

**ਪੁਨਰ ਗਿਆਨ :** ਪੁਨਰ ਗਿਆਨ ਦਾ ਯੁੱਗ 17ਵੀਂ ਸ਼ਤਾਬਦੀ ਵਿੱਚ ਯੂਰਪ ਵਿੱਚ ਸ਼ੁਰੂ ਹੋਏ ਬੁੱਧੀ ਜੀਵੀਆਂ ਦਾ ਇੱਕ ਸੱਭਿਆਚਾਰਕ ਅੰਦੋਲਨ ਸੀ ਜਿਸ ਨੇ ਪਰੰਪਰਾ ਦੀ ਥਾਂ ਤੇ ਤਰਕ ਅਤੇ ਵਿਅਕਤੀਵਾਦ ਤੇ ਜ਼ੋਰ ਦਿੱਤਾ। ਇਸ ਦਾ ਉਦੇਸ਼ ਤਰਕ ਦਾ ਪ੍ਰਯੋਗ ਕਰਕੇ ਸਮਾਜ ਵਿੱਚ ਸੁਧਾਰ ਕਰਨਾ, ਪਰੰਪਰਾਵਾਂ 'ਤੇ ਅਧਾਰਿਤ ਵਿਸ਼ਵਾਸ ਨੂੰ ਚੁਣੌਤੀ ਦੇਣਾ ਅਤੇ ਵਿਗਿਆਨਕ ਢੰਗ ਰਾਹੀਂ ਗਿਆਨ ਦਾ ਵਿਸਤਾਰ ਕਰਨਾ ਸੀ। ਇਸ ਨਾਲ ਵਿਗਿਆਨਕ ਚਿੰਤਨ ਅਤੇ ਬੋਧਿਕ ਵਟਾਂਦਰੇ ਨੂੰ ਵਾਧਾ ਮਿਲ਼ਦਾ ਹੈ।

**ਵਿਅਕਤੀਵਾਦ :** ਨੈਤਿਕ ਉਦੇਸ਼, ਰਾਜਨੀਤਿਕ ਦਰਸ਼ਨ ਜਾਂ ਸਮਾਜਿਕ ਦ੍ਰਿਸ਼ਟੀਕੋਣ ਜੋ ਵਿਅਕਤੀ ਦੀਆਂ ਨੈਤਿਕ ਕੀਮਤਾਂ ਤੇ ਜ਼ੋਰ ਦਿੰਦਾ ਹੈ। ਵਿਅਕਤੀਵਾਦ ਆਪਣੇ ਉਦੇਸ਼ਾਂ, ਇੱਛਾਵਾਂ, ਮੁੱਲਾਂ ਦੀ ਸੁਤੰਤਰਤਾ ਅਤੇ ਆਤਮ ਨਿਰਭਰਤਾ ਨੂੰ ਵਧਾਉਂਦਾ ਹੈ।

**ਉਦਯੋਗੀਕਰਨ :** ਸਮਾਜਿਕ ਅਤੇ ਆਰਥਿਕ ਤਬਦੀਲੀ ਦਾ ਕਾਲ਼ - ਜਿਸ ਨੇ ਮਨੁੱਖੀ ਸਮੂਹ ਨੂੰ ਖੇਤੀ ਸਮਾਜ ਤੋਂ ਉਦਯੋਗੀਕਰਨ ਵੱਲ ਤਬਦੀਲ ਕੀਤਾ।

**ਸ਼ਹਿਰੀਕਰਨ :** ਸ਼ਹਿਰੀ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਦੀ ਗਿਣਤੀ ਦੇ ਵਧਣ ਨਾਲ਼ ਸ਼ਹਿਰੀ ਖੇਤਰਾਂ ਦਾ ਭੌਤਿਕ ਵਿਕਾਸ ਹੁੰਦਾ ਹੈ। ਇਹ ਵਾਧਾ ਖੜ੍ਹੇ ਦਾਅ ਜਾਂ ਲੇਟਵੇਂ ਦਾਅ ਹੋ ਸਕਦਾ ਹੈ।

**ਮੁੱਲ :** ਇਹ ਉਹ ਆਦਰਸ਼ ਹਨ ਜੋ ਵਿਅਕਤੀ ਜਾਂ ਸਮੂਹ ਲਈ ਸ੍ਵੀਕ੍ਰਿਤ, ਅਨੁਕੂਲ ਅਤੇ ਚੰਗੇ-ਮਾੜੇ ਜਾਂ ਉਚਿਤ/ਅਨਉਚਿਤ ਦੀ ਪਹਿਚਾਣ ਕਰਾਉਂਦੇ ਹਨ।

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਾਸਤਰ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ ?
2. ਸਮਾਜ ਸ਼ਾਸਤਰ ਦੇ ਇੱਕ ਅਲੱਗ ਵਿਸ਼ੇ ਦੇ ਤੌਰ 'ਤੇ ਸਥਾਪਿਤ ਹੋਣ ਦੇ ਦੋ ਮੁੱਖ ਕਾਰਨ ਦੱਸੋ ?
3. 'ਸੋਸ਼ਾਲੋਜੀ' ਸ਼ਬਦ ਕਿਹੜੇ ਸ਼ਬਦਾਂ ਦਾ ਸੰਗਮ ਹੈ । ਇਹ ਵਿਸ਼ਾ ਕਦੋਂ ਹੋਂਦ ਵਿੱਚ ਆਇਆ ?
4. ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਨਾਲ਼ ਸੰਬੰਧਿਤ ਦੋ ਸਕੂਲਾਂ ਦਾ ਵਰਣਨ ਕਰੋ ?
5. ਉਦਯੋਗੀਕਰਨ ਕੀ ਹੈ ?
6. ਭਾਰਤ ਵਿੱਚ ਸਮਾਜ ਸ਼ਾਸਤਰ ਦੇ ਵਿਕਾਸ ਲਈ ਯਤਨਸ਼ੀਲ ਦੋ ਵਿਚਾਰਕਾਂ ਦੇ ਨਾਮ ਦੱਸੋ।

### ਨਿਮਨਲਿਖਤ ਛੋਟੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਾਸਤਰ ਦਾ ਅਰਥ ਕੀ ਹੈ ?
2. ਉਦਯੋਗਿਕ ਕ੍ਰਾਂਤੀ ਨਾਲ਼ ਆਈਆਂ ਦੋ ਮਹੱਤਵਪੂਰਨ ਤਬਦੀਲੀਆਂ ਬਾਰੇ ਦੱਸੋ ?



Downloaded from https:// www.studiestoday.com

Downloaded from https:// www.studiestoday.com

3. ਸਕਾਰਾਤਮਕਵਾਦ ਕੀ ਹੈ ?
4. ਵਿਗਿਆਨਕ ਵਿਧੀ ਕੀ ਹੈ ?
5. ਵਸਤੂ ਨਿਸ਼ਠਤਾ ਦੀ ਪਰਿਭਾਸ਼ਾ ਦਿਓ।
6. ਸਮਾਜ ਸ਼ਾਸਤਰ ਦੇ ਖੇਤਰ ਅਤੇ ਵਿਸ਼ਾ ਵਸਤੂ ਦਾ ਵਰਣਨ ਕਰੋ।
7. ਸਮਾਜ ਵਿਗਿਆਨਕ ਵਿਸ਼ਾਂ-ਖੇਤਰ ਦਾ ਅਧਿਐਨ ਕਰਨ ਲਈ ਕਿਹੜੀਆਂ ਵਿਧੀਆਂ ਨੂੰ ਅਪਣਾਉਂਦੇ ਹਨ ?

**ਨਿਮਨਲਿਖਤ ਵੱਡੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।**

1. ਸਰੂਪਾਤਮਕ ਸਕੂਲ ਦੀ ਵਿਚਾਰਧਾਰਾ ਮਿਸ਼ਰਤ ਸਕੂਲ ਤੋਂ ਕਿਵੇਂ ਭਿੰਨ ਹੈ ?
2. ਸਮਾਜ ਸ਼ਾਸਤਰ ਦੀ ਮਹੱਤਤਾ ਦੀ ਸੰਖੇਪ ਵਿਆਖਿਆ ਕਰੋ।
3. ਫਰਾਂਸ ਦੀ ਕ੍ਰਾਂਤੀ ਨੇ ਸਮਾਜ ਤੇ ਕਿਵੇਂ ਅਸਰ ਪਾਇਆ ?
4. ਉਦਯੋਗਿਕ ਕ੍ਰਾਂਤੀ ਦਾ ਸਮਾਜ 'ਤੇ ਕਿਹੜੇ ਤਰੀਕੇ ਨਾਲ਼ ਕੀ ਪ੍ਰਭਾਵ ਪਿਆ ?
5. ਸਮਾਜ ਸ਼ਾਸਤਰ ਆਪਣੇ ਵਿਸ਼ਾਂ ਖੇਤਰ ਵਿੱਚ ਵਿਗਿਆਨਕ ਵਿਧੀ ਦਾ ਪ੍ਰਯੋਗ ਕਰਦਾ ਹੈ। ਵਿਆਖਿਆ ਕਰੋ ?

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।**

1. ਸਮਾਜ ਸ਼ਾਸਤਰ ਤੋਂ ਕੀ ਭਾਵ ਹੈ ? ਇਸ ਦੇ ਵਿਸ਼ਾਂ ਖੇਤਰ ਦਾ ਵਰਣਨ ਕਰੋ।
2. ਸਮਾਜ ਸ਼ਾਸਤਰ ਤੋਂ ਤੁਸੀਂ ਕੀ ਸਮਝਦੇ ਹੋ ? ਸਮਾਜ ਸ਼ਾਸਤਰ ਦੀ ਪ੍ਰਕਿਰਤੀ ਦਾ ਵਰਣਨ ਕਰੋ ?
3. ਸਮਾਜ ਸ਼ਾਸਤਰ ਦੀ ਉਤਪਤੀ ਲਈ ਕਿਹੜੇ ਕਾਰਨ ਜ਼ੁੰਮੇਵਾਰ ਹਨ ?
4. ਸਮਾਜ ਸ਼ਾਸਤਰ ਦੀ ਉਤਪੱਤੀ ਅਤੇ ਵਿਕਾਸ ਦਾ ਅਧਿਐਨ ਕਿਉਂ ਜ਼ਰੂਰੀ ਹੈ ?
5. ਸਮਾਜ ਸ਼ਾਸਤਰ ਵਿੱਚ ਜਾਗਰਤੀ ਕਾਲ਼ ਦਾ ਵਰਣਨ ਕਰੋ।



Downloaded from https:// www.studiestoday.com

Downloaded from https:// www.studiestoday.com

ਅਧਿਆਏ 2

# ਸਮਾਜ ਸ਼ਾਸਤਰ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ਼ ਸੰਬੰਧ

**ਮੁੱਖ ਅੰਸ਼**

2.1 ਰਾਜਨੀਤੀ ਸ਼ਾਸਤਰ
2.2 ਇਤਿਹਾਸ
2.3 ਅਰਥ ਸ਼ਾਸਤਰ
2.4 ਮਨੋਵਿਗਿਆਨ
2.5 ਮਾਨਵ ਵਿਗਿਆਨ

## ਜਾਣ ਪਛਾਣ

ਇੱਕ ਵਿਅਕਤੀ ਦੇ ਜੀਵਨ ਦੇ ਕਈ ਪੱਖ ਹੁੰਦੇ ਹਨ, ਜਿਵੇਂ ਆਰਥਿਕ ਪੱਖ, ਕਾਨੂੰਨੀ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ ਆਦਿ। ਇਸ ਦੇ ਫਲਸਰੂਪ, ਸਮਾਜਿਕ ਜੀਵਨ ਨੂੰ ਸਮੁੱਚੇ ਰੂਪ ਵਿਚ ਜਾਣਨ ਲਈ ਸਮਾਜ ਸ਼ਾਸਤਰ ਨੂੰ ਦੂਜੇ ਸਮਾਜਿਕ ਵਿਗਿਆਨਾਂ ਦੀ ਮਦਦ ਦੀ ਲੋੜ ਹੁੰਦੀ ਹੈ, ਜੋ ਸਮਾਜ ਦੇ ਵਿਸ਼ੇਸ਼ ਪੱਖਾਂ ਤੇ ਧਿਆਨ ਕੇਂਦਰਿਤ ਕਰਦੇ ਹਨ। ਦੂਜੇ ਸਮਾਜਿਕ ਵਿਗਿਆਨ ਜੋ ਮਨੁੱਖੀ ਸਮਾਜ ਦੇ ਵਿਸ਼ੇਸ਼ ਪਹਿਲੂਆਂ ਤੇ ਜ਼ੋਰ ਦਿੰਦੇ ਹਨ, ਦੀ ਮਦਦ ਨਾਲ਼ ਸਮਾਜ ਸ਼ਾਸਤਰ ਸਮਾਜਿਕ ਜੀਵਨ ਨੂੰ ਚੰਗੇ ਢੰਗ ਨਾਲ਼ ਸਮਝ ਸਕਦਾ ਹੈ। ਇਸ ਲਈ ਸਮਾਜ ਸ਼ਾਸਤਰ ਹੀ ਦੂਜੇ ਸਮਾਜਿਕ ਵਿਗਿਆਨਾਂ ਤੇ ਨਿਰਭਰ ਨਹੀਂ ਕਰਦਾ, ਸਗੋਂ ਦੂਜੇ ਸਮਾਜਿਕ ਵਿਗਿਆਨ ਵੀ ਸਮਾਜ ਸ਼ਾਸ਼ਤਰ ਤੇ ਨਿਰਭਰ ਕਰਦੇ ਹਨ।

ਸਮਾਜ ਸ਼ਾਸਤਰ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਬਹੁਤ ਸਮਾਨਤਾਵਾਂ ਹਨ ਅਤੇ ਇੱਥੇ ਸਮਾਜ ਨੂੰ ਸਮਝਣ ਲਈ ਪਰਸਪਰ ਦ੍ਰਿਸ਼ਟੀਕੋਣ ਅਪਣਾਉਣ ਦੀ ਗੱਲ ਕੀਤੀ ਜਾਂਦੀ ਹੈ ਜਿਸ ਨਾਲ਼ ਹਰ ਸਮਾਜਿਕ ਵਿਗਿਆਨ ਨੂੰ ਲਾਭ ਹੋਵੇਗਾ। ਅਗਲੇ ਪੰਨੇ ਤੇ ਦਰਸਾਏ ਚਿੱਤਰਾਂ ਦੀ ਮੱਦਦ ਨਾਲ਼ ਸਮਾਜ ਸ਼ਾਸਤਰ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਅੰਤਰ-ਨਿਰਭਰਤਾ ਅਤੇ ਭਿੰਨਤਾ ਦੀ ਵਿਆਖਿਆ ਨੂੰ ਸਮਝਿਆ ਜਾ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com




## ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ :









Downloaded from https:// www.studiestoday.com

Downloaded from https:// www.studiestoday.com

ਸਮਾਜ ਸ਼ਾਸਤਰ ਦਾ ਰਾਜਨੀਤੀ ਸ਼ਾਸਤਰ ਨਾਲ਼ ਗਹਿਰਾ ਸੰਬੰਧ ਹੈ। ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। ਇਹ ਮਨੁੱਖੀ ਅੰਤਰ ਕਿਰਿਆਵਾਂ ਅਤੇ ਅੰਤਰ-ਸੰਬੰਧਾਂ, ਉਨਾਂ ਦੀ ਅਵਸਥਾ/ਦਸ਼ਾ ਕਾਰਨ ਅਤੇ ਪਰਿਣਾਮਾ ਦਾ ਅਧਿਐਨ ਕਰਦਾ ਹੈ। ਦੂਜੇ ਪਾਸੇ ਰਾਜਨੀਤੀ ਸ਼ਾਸਤਰ, ਰਾਜ ਅਤੇ ਸਰਕਾਰ ਦਾ ਵਿਗਿਆਨ ਹੈ। ਇਹ ਰਾਜ ਦੀ ਪ੍ਰਭੁਸੱਤਾ ਦੇ ਅੰਤਰਗਤ/ਅਧੀਨ ਸੰਗਠਤ ਸਮਾਜਿਕ ਸਮੂਹਾਂ ਨਾਲ਼ ਸੰਬੰਧਿਤ ਹੈ। ਇਹ ਸਮਾਜਿਕ ਸਮੂਹਾਂ ਨਾਲ਼ ਸੰਬੰਧਿਤ ਹੈ ਜੋ ਰਾਜ ਦੀ ਸਰਬ ਸੱਤਾਧਾਰੀ ਸ਼ਕਤੀ ਅਧੀਨ ਸੰਗਠਿਤ ਹੈ। ਵਿਸ਼ੇਸ਼ ਤੌਰ ਤੇ ਇਹ ਰਾਜਨੀਤਿਕ ਪ੍ਰਕਿਰਿਆਵਾਂ, ਰਾਜਨੀਤਿਕ ਪ੍ਰਣਾਲੀਆਂ , ਸਰਕਾਰ ਦੀਆਂ ਕਿਸਮਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਦਾ ਅਧਿਐਨ ਕਰਦਾ ਹੈ।

ਮੋਰਿਸ ਜਿਨਸਬਰਗ ਦੇ ਅਨੁਸਾਰ ਇਤਿਹਾਸਕ ਤੌਰ ਤੇ ਸਮਾਜ ਸ਼ਾਸਤਰ ਦੀਆਂ ਜੜਾਂ ਰਾਜਨੀਤੀ ਅਤੇ ਇਤਿਹਾਸ ਦੇ ਦਰਸ਼ਨ (ਫਿਲਾਸਫੀ) ਵਿੱਚ ਹਨ। ਇਸ ਕਾਰਨ ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ 'ਤੇ ਨਿਰਭਰ ਕਰਦਾ ਹੈ, ਹਰ ਸਮਾਜਿਕ ਸਮੱਸਿਆ ਦਾ ਕਾਰਨ ਰਾਜਨੀਤਿਕ ਨਹੀਂ ਹੁੰਦਾ ਪਰ ਰਾਜਨੀਤੀ ਵਿਵਸਥਾ ਜਾਂ ਸੰਰਚਨਾ ਦੀ ਪ੍ਰਕਿਰਤੀ ਵਿਚ ਕਿਸੇ ਤਰ੍ਹਾਂ ਦਾ ਕੋਈ ਵੀ ਪਰਿਵਰਤਨ ਸਮਾਜ ਵਿੱਚ ਪਰਿਵਰਤਨ ਲਿਆਉਂਦਾ ਹੈ। ਕਈ ਰਾਜਨੀਤਿਕ ਘਟਨਾਵਾਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਦੀ ਮਦਦ ਲੈਂਦਾ ਹੈ। ਇਸੇ ਤਰ੍ਹਾਂ ਰਾਜਨੀਤੀ ਵਿਗਿਆਨ ਵੀ ਸਮਾਜ ਸ਼ਾਸਤਰ ਤੇ ਨਿਰਭਰ ਕਰਦਾ ਹੈ। ਰਾਜ ਆਪਣੇ ਨਿਯਮ, 'ਤੇ ਕਾਨੂੰਨ ਬਣਾਉਂਦਾ ਹੈ ਜੋ ਸਮਾਜਿਕ ਰੀਤੀ ਰਿਵਾਜ, ਪ੍ਰਥਾਵਾਂ ਅਤੇ ਕਦਰਾਂ-ਕੀਮਤਾਂ 'ਤੇ ਅਧਾਰਿਤ ਹੁੰਦੇ ਹਨ। ਇਸ ਤਰ੍ਹਾਂ ਸਮਾਜਿਕ ਪਿਛੋਕੜ ਤੋਂ ਬਿਨਾਂ ਰਾਜਨੀਤੀ ਵਿਗਿਆਨ ਦਾ ਅਧਿਐਨ ਅਧੂਰਾ ਹੈ। ਸਾਰੀਆਂ ਰਾਜਨੀਤਿਕ ਸਮੱਸਿਆਵਾਂ ਦਾ ਸਮਾਜਿਕ ਕਾਰਨ ਹੈ ਅਤੇ ਇਹਨਾਂ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਸਮਾਜ ਸ਼ਾਸਤਰ ਰਾਜਨੀਤੀ ਵਿਗਿਆਨ ਦੀ ਮਦਦ ਨਾਲ ਕਰਦਾ ਹੈ।

ਇਸ ਤੋਂ ਬਿਨਾਂ ਕੁਝ ਸਾਂਝੇ ਵਿਸ਼ਾ-ਵਸਤੂ ਸੰਬੰਧੀ ਅਧਿਐਨ ਦੋਨਾਂ ਹੀ ਵਿਸ਼ਿਆਂ ਵਿੱਚ ਕੀਤਾ ਜਾਂਦਾ ਹੈ ਜਿਵੇਂ ਯੁੱਧ, ਪ੍ਰਚਾਰ, ਸੱਤਾ, ਸਮੁਦਾਇਕ ਦੰਗਾ ਫਸਾਦ, ਕਾਨੂੰਨ ਆਦਿ। ਦੋਹਾਂ ਵਿਸ਼ਿਆਂ ਦੇ ਜੋੜ ਨਾਲ਼ ਅਧਿਐਨ ਦਾ ਨਵਾਂ ਵਿਸ਼ਾ ਜਿਸ ਨੂੰ 'ਰਾਜਨੀਤਿਕ ਸਮਾਜ ਸ਼ਾਸਤਰ' ਕਹਿੰਦੇ ਹਾਂ ਸਾਹਮਣੇ ਆਇਆ ਹੈ। ਇਸ ਤਰ੍ਹਾਂ ਰਾਜਨੀਤੀ ਵਿਗਿਆਨ ਅਤੇ ਸਮਾਜ ਸ਼ਾਸਤਰ ਇੱਕ ਦੂਜੇ ਤੇ ਨਿਰਭਰ ਕਰਦੇ ਹਨ।

ਦੋਵੇਂ ਵਿਸ਼ੇ ਅੰਤਰ-ਸੰਬੰਧਿਤ ਅਤੇ ਅੰਤਰ-ਨਿਰਭਰ ਹੋਣ ਦੇ ਬਾਵਜੂਦ ਨਿਮਨ ਆਧਾਰ ਤੇ ਇੱਕ ਦੂਜੇ ਤੋਂ ਭਿੰਨ ਹਨ।



Downloaded from https:// www.studiestoday.com

Downloaded from https:// www.studiestoday.com

## ਭਿੰਨਤਾ

| ਸਮਾਜ ਸ਼ਾਸਤਰ | ਰਾਜਨੀਤੀ ਸ਼ਾਸਤਰ |
| --- | --- |
| • ਸਮਾਜ ਸ਼ਾਸਤਰ ਸਮਾਜ ਦਾ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਸ਼ਾਲ ਹੈ। | • ਰਾਜਨੀਤੀ ਸ਼ਾਸਤਰ ਦਾ ਵਿਸ਼ਾ ਖੇਤਰ ਸੀਮਿਤ ਹੈ। |
| • ਸਮਾਜ ਸ਼ਾਸਤਰ ਆਮ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਵਿਸ਼ੇਸ਼ ਵਿਗਿਆਨ ਹੈ। |
| • ਸਮਾਜ ਸ਼ਾਸਤਰ ਸੰਗਠਿਤ, ਅਸੰਗਠਿਤ ਅਤੇ ਗ਼ੈਰ-ਸੰਗਠਿਤ ਸਮਾਜਾਂ ਦਾ ਅਧਿਐਨ ਹੈ। | • ਰਾਜਨੀਤੀ ਸ਼ਾਸਤਰ ਰਾਜਨੀਤਿਕ ਰੂਪ ਵਿੱਚ ਸੰਗਠਿਤ ਸਮਾਜਾਂ ਦਾ ਅਧਿਐਨ ਹੈ। |
| • ਸਮਾਜ ਸ਼ਾਸਤਰ ਮਨੁੱਖ ਦੀਆਂ ਸਮਾਜਿਕ ਕਿਰਿਆਵਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਦੀਆਂ ਰਾਜਨੀਤਿਕ ਕਿਰਿਆਵਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਨਵਾਂ ਵਿਗਿਆਨ ਹੈ। | • ਰਾਜਨੀਤੀ ਸ਼ਾਸਤਰ ਪੁਰਾਣਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਮਨੁੱਖ ਦਾ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਨੂੰ ਰਾਜਨੀਤਿਕ ਪ੍ਰਾਣੀ ਦੇ ਰੂਪ ਵਿੱਚ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਰਸਮੀ ਅਤੇ ਗ਼ੈਰ-ਰਸਮੀ, ਦੋਹਾਂ ਤਰ੍ਹਾਂ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਕੇਵਲ ਰਸਮੀ ਸੰਬੰਧਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਮਨੁੱਖ ਦੀਆਂ ਚੇਤਨ ਅਤੇ ਅਚੇਤਨ ਕਿਰਿਆਵਾਂ ਦਾ ਅਧਿਐਨ ਕਰਦਾ ਹੈ। | • ਰਾਜਨੀਤੀ ਸ਼ਾਸਤਰ ਮਨੁੱਖ ਦੀਆਂ ਚੇਤਨ ਕਿਰਿਆਵਾਂ ਦਾ ਅਧਿਐਨ ਕਰਦਾ ਹੈ। |



Downloaded from https:// www.studiestoday.com

Downloaded from https:// www.studiestoday.com

| | |
|---|---|
| • ਸਮਾਜ ਸ਼ਾਸਤਰ ਸਾਰੀਆਂ ਸਭਾਵਾਂ ਨਾਲ਼ ਸੰਬੰਧਿਤ ਹੈ। | • ਰਾਜਨੀਤੀ ਸ਼ਾਸਤਰ ਸਿਰਫ਼ ਇੱਕ ਸਭਾ ਵਿਸ਼ੇਸ਼ ਰੂਪ ਵਿੱਚ ਰਾਜ ਨਾਲ਼ ਸੰਬੰਧਿਤ ਹੈ। |

## ਸਮਾਜ ਸ਼ਾਸਤਰ ਅਤੇ ਇਤਿਹਾਸ







## ਸਮਾਜ ਸ਼ਾਸਤਰ ਅਤੇ ਇਤਿਹਾਸ

ਇਤਿਹਾਸ ਗਿਆਨ ਦੀ ਉਹ ਸ਼ਾਖਾ ਹੈ ਜੋ ਪੂਰਵਕਾਲ਼ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ। ਇਹ ਤਿੱਥੀਆਂ, ਸਥਾਨਾਂ, ਘਟਨਾਵਾਂ ਅਤੇ ਸੰਘਰਸ਼ ਦਾ ਅਧਿਐਨ ਹੈ। ਇਹ ਮੁੱਖ ਰੂਪ ਵਿੱਚ ਪੂਰਵਕਾਲ਼ ਦੀਆਂ ਘਟਨਾਵਾਂ ਨਾਲ਼ ਸੰਬੰਧਿਤ ਹੈ ਅਤੇ ਇਹ ਜਾਣਨ ਦਾ ਜਤਨ ਕਰਦਾ ਹੈ ਕਿ ਇਹ, ਸਮੁੱਚੇ ਸਮਾਜ ਨੂੰ ਕਿਵੇਂ ਪ੍ਰਭਾਵਿਤ ਕਰਦੀਆ ਹਨ। ਉਦਾਹਰਨ ਦੇ ਲਈ 1947 ਦੀ ਭਾਰਤ ਦੀ ਵੰਡ ਸਮੇਂ ਲੋਕਾਂ ਦਾ ਪਰਸਪਰ ਵਿਵਹਾਰ ਸੱਭਿਆਚਾਰ ਕਿਵੇਂ ਪ੍ਰਭਾਵਿਤ ਹੋਇਆ ਆਦਿ। ਇਸ ਕਰਕੇ ਇਹ ਕਿਹਾ ਜਾਂਦਾ ਹੈ ਇਤਿਹਾਸ ਪੂਰਵਕਾਲ ਦੀ ਸੂਖਮ, ਦਰਸ਼ੀ ਵਰਤਮਾਨ ਦੀ ਕੁੰਡਲੀ ਅਤੇ ਭਵਿੱਖ ਦੀ ਦੂਰਬੀਨ ਹੈ।



Downloaded from https:// www.studiestoday.com

Downloaded from https:// www.studiestoday.com

ਦੂਜੇ ਪਾਸੇ ਸਮਾਜ ਸ਼ਾਸਤਰ ਸਮਾਜਿਕ ਕਿਰਿਆਵਾਂ ਦੀ ਪ੍ਰਣਾਲੀ ਅਤੇ ਪਰਸਪਰ-ਸੰਬੰਧਾਂ ਦੀ ਵਿਵਸਥਾ ਦਾ ਅਧਿਐਨ ਹੈ। ਇਹ ਸਮਾਜਿਕ ਸਮੂਹਾਂ ਅਤੇ ਸਮਾਜਿਕ ਸੰਸਥਾਵਾਂ ਦਾ ਵਿਗਿਆਨ ਹੈ। ਇਹ ਸਿਰਫ਼ ਪੂਰਵਕਾਲ਼ ਦਾ ਹੀ ਅਧਿਐਨ ਨਹੀਂ ਕਰਦਾ ਬਲਕਿ ਵਰਤਮਾਨ ਅਤੇ ਭਵਿੱਖ ਨਾਲ਼ ਸੰਬੰਧਿਤ ਰਿਸ਼ਤਿਆਂ ਦਾ ਵੀ ਅਧਿਐਨ ਕਰਦਾ ਹੈ।

ਦੋਵੇਂ ਵਿਸ਼ੇ ਇੱਕ ਦੂਜੇ ਨਾਲ਼ ਪਰਸਪਰ ਸੰਬੰਧਿਤ ਹਨ ਅਤੇ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਦੋਵੇਂ ਮਨੁੱਖੀ ਸਮਾਜ ਦਾ ਅਧਿਐਨ ਕਰਦੇ ਹਨ। ਇਤਿਹਾਸ ਸਮਾਜ ਸ਼ਾਸਤਰ ਦੀ ਸਹਾਇਤਾ ਕਰਦਾ ਹੈ ਅਤੇ ਉਸਦਾ ਵਿਸਥਾਰ ਕਰਦਾ ਹੈ। ਇਤਿਹਾਸ ਗਿਆਨ ਦਾ ਖ਼ਜ਼ਾਨਾ ਹੈ ਜਿਸ ਤੋਂ ਸਮਾਜ ਸ਼ਾਸਤਰ ਨੇ ਬਹੁਤ ਕੁਝ ਪ੍ਰਾਪਤ ਕੀਤਾ ਹੈ। ਇਤਿਹਾਸ ਸਮੱਗਰੀ ਪ੍ਰਦਾਨ ਕਰਦਾ ਹੈ ਜਿਸ ਦਾ ਸਮਾਜ ਸ਼ਾਸਤਰੀਆਂ ਦੁਆਰਾ ਪ੍ਰਯੋਗ ਕੀਤਾ ਜਾਂਦਾ ਹੈ। ਇਤਿਹਾਸ ਭੂਤਕਾਲ ਦੀਆਂ ਸਮਾਜਿਕ ਘਟਨਾਵਾਂ, ਸਮਾਜਿਕ ਰੀਤੀ ਰਿਵਾਜ਼ਾਂ ਅਤੇ ਜੀਵਨ ਦੇ ਭਿੰਨ-ਭਿੰਨ ਪੱਧਰਾਂ ਦੀ ਜਾਣਕਾਰੀ ਦਿੰਦਾ ਹੈ ਅਤੇ ਸਮਾਜ ਸ਼ਾਸਤਰ ਇਸ ਜਾਣਕਾਰੀ ਦਾ ਪ੍ਰਯੋਗ ਕਰਦਾ ਹੈ। ਇਸ ਤਰ੍ਹਾਂ ਸਮਾਜ ਸ਼ਾਸਤਰ ਇਤਿਹਾਸ ਦੀ ਮਦਦ ਕਰਦਾ ਹੈ ਅਤੇ ਇਸ ਨੂੰ ਸਮੱਰਥ ਬਣਾਉਂਦਾ ਹੈ। ਇਤਿਹਾਸਕਾਰ ਸਮਾਜ ਸ਼ਾਸਤਰੀਆਂ ਦੇ ਕੀਤੇ ਹੋਏ ਖੋਜ ਕਾਰਜਾਂ ਤੋਂ ਲਾਭ ਲੈਂਦੇ ਹਨ। ਸਮਾਜ ਸ਼ਾਸਤਰ ਇਤਿਹਾਸ ਦੇ ਅਧਿਐਨ ਲਈ ਸਮਾਜ ਦਾ ਪਿਛੋਕੜ ਪ੍ਰਦਾਨ ਕਰਦਾ ਹੈ। ਉਦਾਹਰਨ ਦੇ ਲਈ ਇਤਿਹਾਸਕਾਰ, ਸਮਾਜ ਸ਼ਾਸਤਰ ਦੇ ਅੰਕੜਿਆਂ ਦੀ ਮਦਦ ਨਾਲ ਜਾਤੀ, ਵਰਗ ਅਤੇ ਪਰਿਵਾਰ ਦਾ ਅਧਿਐਨ ਕਰਦੇ ਹਨ।

ਇਸ ਤਰ੍ਹਾਂ ਇਤਿਹਾਸ, ਸਮਾਜ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਕਰਦਾ ਹੈ। ਹਰ ਇਤਿਹਾਸਿਕ ਘਟਨਾ ਦਾ ਸਮਾਜਿਕ ਕਾਰਨ ਜਾ ਸਮਾਜਿਕ ਪਿਛੋਕੜ ਹੁੰਦਾ ਹੈ। ਕਿਸੇ ਇਤਿਹਾਸਕ ਘਟਣਾ ਨੂੰ ਸਮਝਣ ਦੇ ਲਈ ਇਤਿਹਾਸ ਨੂੰ ਸਮਾਜ ਸ਼ਾਸਤਰ ਦੀ ਮਦਦ ਦੀ ਲੋੜ ਹੁੰਦੀ ਹੈ। ਸਮਾਜ ਸ਼ਾਸਤਰ ਅਤੇ ਇਤਿਹਾਸ ਦੇ ਵਿਚਕਾਰਲੇ ਸੰਬੰਧਾਂ ਨੂੰ ਹੇਠ ਲਿਖੇ ਅਧਾਰ ’ਤੇ ਸਮਝਿਆ ਜਾ ਸਕਦਾ ਹੈ :

- ਸਮਾਜ ਸ਼ਾਸਤਰ ਵਰਤਮਾਨ ਸਮੇਂ ਦੇ ਅਧਿਐਨ ਦੇ ਲਈ ਇਤਿਹਾਸ ਦੀ ਮਦਦ ਲੈਂਦਾ ਹੈ।
- ਸੱਭਿਆਚਾਰ, ਪਰੰਪਰਾਵਾਂ, ਸਮਾਜਿਕ ਅੰਦੋਲਨ ਸਮਾਜਿਕ ਤਬਦੀਲੀ ਦੀ ਇਤਿਹਾਸਿਕ ਹੋਂਦ ਅਤੇ ਸਮਾਜਿਕ ਸੰਸਥਾਵਾਂ ਜਿਵੇਂ ਪਰਿਵਾਰ, ਵਿਆਹ, ਧਰਮ ਆਦਿ ਦਾ ਪਿਛੋਕੜ ਉਨਾਂ ਦੀ ਵਰਤਮਾਨ ਸਥਿਤੀ ਨੂੰ ਸਮਝਣ ਵਿੱਚ ਮਦਦ ਕਰਦਾ ਹੈ।
- ਸਮਾਜ ਸ਼ਾਸਤਰੀ ਖੋਜ ਵਿੱਚ ਇਤਿਹਾਸਿਕ ਵਿਧੀ ਕਾਫ਼ੀ ਹੱਦ ਤੱਕ ਅਨੁਕੂਲ ਅਤੇ ਮਹੱਤਵਪੂਰਨ ਹੈ।



Downloaded from https:// www.studiestoday.com

Downloaded from https:// www.studiestoday.com

- ਇਤਿਹਾਸ ਕੇਵਲ ਇਤਿਹਾਸਿਕ ਘਟਨਾਵਾਂ ਤੱਕ ਸੀਮਤ ਨਹੀਂ ਹੈ ਬਲਕਿ ਵਰਤਮਾਨ ਘਟਨਾਵਾਂ ਨੂੰ ਵੀ ਆਪਣੇ ਖੇਤਰ ਵਿੱਚ ਸ਼ਾਮਿਲ ਕਰਦਾ ਹੈ, ਇਸੇ ਤਰ੍ਹਾਂ ਸਮਾਜ ਸ਼ਾਸਤਰ ਇਤਿਹਾਸਿਕ ਘਟਨਾਵਾਂ ਦਾ ਅਧਿਐਨ ਕਰਦਾ ਹੈ।

ਸਮਾਜ ਸ਼ਾਸਤਰ ਅਤੇ ਇਤਿਹਾਸ ਦਾ ਨੇੜਲਾ ਸੰਬੰਧ ਹੋਣ ਦੇ ਬਾਵਜੂਦ ਦੋਵਾਂ ਸਮਾਜਿਕ ਵਿਗਿਆਨਾਂ ਵਿੱਚ ਭਿੰਨਤਾ ਵੀ ਹੈ।

## ਭਿੰਨਤਾ

| ਸਮਾਜ ਸ਼ਾਸਤਰ | ਇਤਿਹਾਸ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ ਅਤੇ ਇਸ ਦਾ ਸੰਬੰਧ ਵਰਤਮਾਨ ਸਮਾਜ ਨਾਲ਼ ਹੈ। | • ਇਤਿਹਾਸ ਭੂਤਕਾਲ਼ ਦੀਆਂ ਘਟਨਾਵਾਂ ਨਾਲ਼ ਸੰਬੰਧਿਤ ਹੈ ਅਤੇ ਪੁਰਾਤਨ ਸਮਾਜ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਇਕ ਆਧੁਨਿਕ ਜਾਂ ਨਵਾਂ ਵਿਸ਼ਾ ਹੈ। | • ਇਤਿਹਾਸ ਇਕ ਪ੍ਰਾਚੀਨ ਸਮਾਜਿਕ ਵਿਗਿਆਨ ਹੈ। |
| • ਸਮਾਜ ਸ਼ਾਸਤਰ ਅਮੂਰਤ ਹੈ। | • ਇਤਿਹਾਸ ਦੀ ਪ੍ਰਕਿਰਤੀ ਮੂਰਤ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਸ਼ਾਲ ਹੈ। | • ਇਤਿਹਾਸ ਦਾ ਵਿਸ਼ਾ ਖੇਤਰ ਸੀਮਿਤ ਹੈ। |
| • ਸਮਾਜ ਸ਼ਾਸਤਰ ਇੱਕ ਵਿਸ਼ਲੇਸ਼ਣਾਤਮਕ ਵਿਗਿਆਨ ਹੈ। | • ਇਤਿਹਾਸ ਇੱਕ ਵਿਆਖਿਆਤਮਕ ਵਿਗਿਆਨ ਹੈ। |
| • ਸਮਾਜ ਸ਼ਾਸਤਰ ਸਮਾਜਿਕ ਘਟਨਾਵਾਂ ਦਾ ਇੱਕ ਵਿਸ਼ਿਸਟ ਰੂਪ ਵਿੱਚ ਅਧਿਐਨ ਕਰਦਾ ਹੈ। | • ਇਤਿਹਾਸ ਇੱਕ ਵਿਸ਼ੇਸ਼ ਘਟਨਾ ਦਾ ਉਸਦੀ ਸੰਪੂਰਨਤਾ ਨਾਲ਼ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਇੱਕ ਸਾਧਾਰਨ ਵਿਗਿਆਨ ਹੈ। | • ਇਤਿਹਾਸ ਇਕ ਵਿਸ਼ੇਸ਼ ਵਿਗਿਆਨ ਹੈ। |

## ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ






Downloaded from https:// www.studiestoday.com

Downloaded from https:// www.studiestoday.com




ਸਮਾਜ ਸ਼ਾਸਤਰ ਦਾ ਅਰਥ ਸ਼ਾਸਤਰ ਨਾਲ਼ ਵੀ ਗੂੜ੍ਹਾ ਰਿਸ਼ਤਾ ਹੈ । ਆਰਥਿਕ ਸੰਬੰਧਾਂ ਵਿੱਚ ਸਮਾਜਿਕ ਗਤੀਵਿਧੀਆਂ ਅਤੇ ਸਮਾਜਿਕ ਸੰਬੰਧ ਸ਼ਾਮਿਲ ਹੁੰਦੇ ਹਨ ਅਤੇ ਇਸ ਤਰ੍ਹਾਂ ਆਰਥਿਕ ਕਿਰਿਆਵਾਂ, ਬਹੁਤ ਹੱਦ ਤੱਕ ਸਮਾਜਿਕ ਕਿਰਿਆਵਾਂ ਹੁੰਦੀਆਂ ਹਨ। ਇਸ ਤਰ੍ਹਾਂ ਸਮਾਜਿਕ ਸੰਬੰਧ ਵੀ ਆਰਥਿਕ ਸੰਬੰਧਾਂ ਤੋਂ ਪ੍ਰਵਾਭਿਤ ਹੁੰਦੇ ਹਨ। ਇਸ ਲਈ ਦੋਵੇਂ ਵਿਸ਼ੇ ਆਪਸ ਵਿੱਚ ਅੰਤਰ ਸਬੰਧਿਤ ਹਨ।

ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ ਇਸ ਲਈ ਇਹ ਮਨੁੱਖੀ ਸਾਂਝ 'ਤੇ ਜ਼ੋਰ ਦਿੰਦਾ ਹੈ। ਅਰਥ ਸ਼ਾਸਤਰ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਨਾਲ਼ ਸੰਬੰਧਿਤ ਹੈ। ਅਰਥ ਸ਼ਾਸਤਰ ਧਨ ਦਾ ਵਿਗਿਆਨ ਹੈ ਅਤੇ ਇਹ ਤਰਕ ਅਧਾਰਤ ਹੈ ਇਸ ਲਈ ਇਹ ਦੁਰਲੱਭ ਸਾਧਨਾ ਦੇ ਸਹੀ ਪ੍ਰਬੰਧ ਅਤੇ ਸਹੀ ਪ੍ਰਯੋਗ 'ਤੇ ਜ਼ੋਰ ਦਿੰਦਾ ਹੈ। ਲਿਉਨੇਲ ਰੋਬਿੰਨਸ ਦੇ ਅਨੁਸਾਰ "ਅਰਥ ਸ਼ਾਸਤਰ ਅਜਿਹਾ ਸਮਾਜ ਵਿਗਿਆਨ ਹੈ ਜੋ ਮਨੁੱਖ ਦੇ ਵਿਵਹਾਰਾਂ ਦਾ ਉਹਨਾਂ ਦੇ ਉਦੇਸ਼ਾਂ ਅਤੇ ਦੁਰਲੱਭ ਸਾਧਨਾਂ ਵਿਚਲੇ ਸੰਬੰਧਾਂ ਦਾ ਅਧਿਐਨ ਕਰਦਾ ਹੈ। ਇਹ ਉਤਪਾਦਨ, ਉਪਭੋਗ, ਵੰਡ ਅਤੇ ਵਟਾਂਦਰੇ ਵਰਗੀਆਂ ਗਤੀਵਿਧੀਆਂ ਨੂੰ ਵਾਚਦਾ ਹੈ। ਇਹ ਵੱਖ-ਵੱਖ ਆਰਥਿਕ ਸੰਗਠਨਾਂ ਦੀ ਸੰਰਚਨਾ ਤੇ ਕਾਰਜਸ਼ੀਲਤਾ ਦਾ ਅਧਿਐਨ ਕਰਦਾ ਹੈ ਜਿਵੇਂ ਬੈਂਕ, ਬਜ਼ਾਰ ਆਦਿ।"

ਇਹ ਮਨੁੱਖਾਂ ਦੀਆਂ ਪਦਾਰਥਕ ਲੋੜਾਂ ਦਾ ਅਧਿਐਨ ਕਰਦਾ ਹੈ, ਨਾਲ਼ ਦੀ ਨਾਲ਼ ਪਦਾਰਥਕ ਕਲਿਆਣ ਨਾਲ਼ ਵੀ ਸੰਬੰਧਿਤ ਹੈ। ਦੋਵਾਂ ਦੇ ਅਧਿਐਨ ਖੇਤਰ ਵੱਖਰੇ ਹਨ। ਇਸ ਦੇ ਬਾਵਜੂਦ ਦੋਵਾਂ ਵਿਸ਼ਿਆਂ ਵਿੱਚ ਬਹੁਤ ਹੀ ਨੇੜਤਾ ਹੈ। ਦੋਵੇਂ ਹੀ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹਨ। ਅਸਲ ਵਿੱਚ ਅਰਥ ਸ਼ਾਸਤਰ ਦੀ ਵੱਖਰੀ ਹੋਂਦ ਹੈ ਪਰ ਇਹ ਸਮਾਜ ਸ਼ਾਸਤਰ ਦੀ ਇੱਕ ਸ਼ਾਖਾ ਹੈ। ਇਹਨਾਂ ਦੇ ਆਪਸੀ ਸੰਬੰਧ ਨਿਮਨਲਿਖਤ ਹਨ :

- ਅਰਥ ਸ਼ਾਸਤਰ ਸਮਾਜ ਦੇ ਆਰਥਿਕ ਪੱਖ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦੱਦ ਲੈਂਦਾ ਹੈ ਅਤੇ ਉਸ ਤੇ ਨਿਰਭਰ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

- ਅਰਥ ਸ਼ਾਸਤਰ ਸਮਾਜ ਸ਼ਾਸਤਰ ਦਾ ਇੱਕ ਹਿੱਸਾ ਹੈ ਅਤੇ ਸਮਾਜ ਸ਼ਾਸਤਰ ਦੀ ਮੱਦਦ ਲਏ ਬਿਨ੍ਹਾਂ ਇਸ ਨੂੰ ਪੂਰੀ ਤਰਾਂ ਨਾਲ ਨਹੀਂ ਸਮਝ ਸਕਦਾ ਹੈ।
- ਅਰਥ ਸ਼ਾਸਤਰ ਮਨੁੱਖ ਦੇ ਭੌਤਿਕ ਕਲਿਆਣ ਨਾਲ਼ ਸੰਬੰਧਿਤ ਹੈ ਜੋ ਸਮਾਜਿਕ ਕਲਿਆਣ ਦਾ ਇੱਕ ਹਿੱਸਾ ਹੈ।
- ਧਨ ਦੇ ਫੈਲਾਅ, ਗ਼ਰੀਬੀ, ਬੇਰੁਜ਼ਗਾਰੀ ਵਰਗੀਆਂ ਆਰਥਿਕ ਸਮੱਸਿਆਵਾਂ ਦੇ ਹੱਲ ਲਈ ਅਰਥ ਸ਼ਾਸਤਰ, ਇਕ ਖ਼ਾਸ ਸਮੇਂ ਵਾਪਰੀਆਂ ਸਮਾਜਿਕ ਘਟਨਾਵਾਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦਦ ਲੈਂਦਾ ਹੈ। ਉਸੇ ਸਮੇਂ ਸਮਾਜ ਵਿਅਕਤੀ ਦੀਆਂ ਆਰਥਿਕ ਗਤੀਵਿਧੀਆਂ ਨੂੰ ਨਿਯੰਤਰਿਤ ਕਰਦਾ ਹੈ।
- ਅਰਥ ਸ਼ਾਸਤਰ, ਸਮਾਜ ਸ਼ਾਸਤਰੀ ਗਿਆਨ ਵਿੱਚ ਵਾਧਾ ਕਰਦਾ ਹੈ। ਆਰਥਿਕ ਕਾਰਨ ਸਮਾਜਿਕ ਜੀਵਨ ਦੇ ਸਾਰੇ ਪੱਖਾਂ ਨੂੰ ਵਿਆਪਕ ਪੱਧਰ ਤੇ ਪ੍ਰਭਾਵਿਤ ਕਰਦੇ ਹਨ। ਅਰਥ ਸ਼ਾਸਤਰ ਸਮਾਜ ਦਾ ਇੱਕ ਹਿੱਸਾ ਹੈ ਅਤੇ ਅਰਥ ਸ਼ਾਸਤਰ ਦੀ ਮਦਦ ਤੋਂ ਬਿਨਾਂ ਅਸੀਂ ਸਮਾਜ ਨੂੰ ਉੱਚਿਤ ਢੰਗ ਨਾਲ਼ ਨਹੀਂ ਸਮਝ ਸਕਦੇ।

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ ਗਹਿਰੇ ਰੂਪ ਵਿੱਚ ਸੰਬੰਧਿਤ ਹਨ। ਆਰਥਿਕ ਪਰਿਵਰਤਨ, ਸਮਾਜਿਕ ਪਰਿਵਰਤਨ ਦਾ ਪਰਿਣਾਮ ਹੈ । ਬਹੁਤ ਸਾਰੇ ਇਹੋ ਜਿਹੇ ਪੱਖ ਹਨ ਜਿਨ੍ਹਾ ਦਾ ਅਧਿਐਨ ਸਮਾਜ ਸ਼ਾਸਤਰੀਆਂ ਅਤੇ ਅਰਥ ਸ਼ਾਸਤਰੀਆਂ ਦੁਆਰਾ ਸਾਂਝੇ ਤੌਰ ਤੇ ਕੀਤਾ ਜਾਂਦਾ ਹੈ, ਜਿਵੇਂ ਪੂੰਜੀਵਾਦ, ਉਦਯੋਗੀਕਰਨ, ਕਿਰਤ ਸੰਬੰਧ, ਵਿਸ਼ਵੀਕਰਨ ਆਦਿ।

ਆਪਸੀ ਨਿਰਭਰਤਾ ਦੇ ਬਾਵਜੂਦ, ਦੋਵੇਂ ਸਮਾਜਿਕ ਵਿਗਿਆਨਾਂ ਵਿਚ ਕੁੱਝ ਅੰਤਰ ਹਨ ਜਿਨ੍ਹਾਂ ਦਾ ਵਰਣਨ ਹੇਠ ਅਨੁਸਾਰ ਹੈ।

### ਭਿੰਨਤਾ

| ਸਮਾਜ ਸ਼ਾਸਤਰ | ਅਰਥ ਸ਼ਾਸਤਰ |
|---|---|
| • ਸਮਾਜ ਸ਼ਾਸਤਰ ਸਮਾਜ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ।<br>• ਸਮਾਜ ਸ਼ਾਸਤਰ ਸਮਾਜਿਕ ਵਿਗਿਆਨਾਂ ਵਿੱਚ ਸਭ ਤੋਂ ਨਵਾਂ ਵਿਗਿਆਨ ਹੈ।<br>• ਸਮਾਜ ਸ਼ਾਸਤਰ ਅਮੂਰਤ ਵਿਗਿਆਨ ਹੈ। | • ਅਰਥ ਸ਼ਾਸਤਰ ਧਨ ਦਾ ਅਤੇ ਤਰਕ ਅਧਾਰਤ ਚੋਣ ਦਾ ਵਿਗਿਆਨ ਹੈ।<br>• ਅਰਥ ਸ਼ਾਸਤਰ ਤੁਲਨਾਤਮਕ ਤੌਰ ਤੇ ਪੁਰਾਣਾ ਵਿਗਿਆਨ ਹੈ।<br>• ਅਰਥ ਸ਼ਾਸਤਰ ਦੀ ਪ੍ਰਕਿਰਤੀ ਮੂਰਤ ਹੈ। |



Downloaded from https:// www.studiestoday.com

Downloaded from https:// www.studiestoday.com

| | |
|---|---|
| • ਸਮਾਜ ਸ਼ਾਸਤਰ ਸਾਧਾਰਨ ਸਮਾਜਿਕ ਵਿਗਿਆਨ ਹੈ। | • ਅਰਥ ਸ਼ਾਸਤਰ ਵਿਸ਼ੇਸ਼ ਸਮਾਜਿਕ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ-ਖੇਤਰ ਵਿਆਪਕ ਹੈ। | • ਅਰਥ ਸ਼ਾਸਤਰ ਦਾ ਵਿਸ਼ਾ-ਖੇਤਰ ਸੀਮਤ ਹੈ। |
| • ਸਮਾਜ ਸ਼ਾਸਤਰ ਮਨੁੱਖ ਦੀਆਂ ਸਮਾਜਿਕ ਕਿਰਿਆਵਾਂ ਨਾਲ਼ ਸੰਬੰਧਿਤ ਹੈ। | • ਅਰਥ ਸ਼ਾਸਤਰ ਮਨੁੱਖ ਦੀ ਆਰਥਿਕਤਾ ਨਾਲ਼ ਸੰਬੰਧਿਤ ਹੈ। |
| • ਸਮਾਜ ਸ਼ਾਸਤਰ ਸਮਾਜ ਦੀ ਇਕਾਈ ਦਾ ਅਧਿਐਨ ਹੈ। | • ਅਰਥ ਸ਼ਾਸਤਰ ਵਿੱਚ ਵਿਅਕਤੀ ਅਧਿਐਨ ਦੀ ਇਕਾਈ ਹੈ। |

## ਸਮਾਜ ਸ਼ਾਸਤਰ ਅਤੇ ਮਨੋਵਿਗਿਆਨ







ਮਨੋਵਿਗਿਆਨ ਇੱਕ ਅਜਿਹਾ ਵਿਸ਼ਾ ਹੈ ਜਿਸ ਦਾ ਸਮਾਜ ਸ਼ਾਸਤਰ ਨਾਲ ਗੂੜ੍ਹਾ ਸੰਬੰਧ ਹੈ। ਦੋਵੇਂ ਵਿਸ਼ੇ ਆਪਣੇ-ਆਪਣੇ ਵਿਸ਼ੇ ਖੇਤਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਦੋਨਾਂ ਦੇ ਆਪਸੀ ਸੰਬੰਧ ਨਜ਼ਦੀਕੀ ਅਤੇ ਗਹਿਰੇ ਹਨ ਕਿ ਕਾਰਲ ਪੀਅਰਸਨ ਵਰਗੇ ਮਨੋਵਿਗਿਆਨੀ ਦੋਨਾਂ ਨੂੰ ਅਲੱਗ ਵਿਗਿਆਨ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਦੇ। ਇਹਨਾਂ ਦਾ



Downloaded from https:// www.studiestoday.com

Downloaded from https:// www.studiestoday.com

ਸੰਬੰਧ ਉਦੋਂ ਸਪਸ਼ਟ ਹੋਵੇਗਾ ਜਦੋਂ ਅਸੀਂ ਇੰਨ੍ਹਾਂ ਦੇ ਅੰਤਰ ਸੰਬੰਧਾਂ ਅਤੇ ਆਪਸੀ ਨਿਰਭਰਤਾ ਦਾ ਵਿਸ਼ਲੇਸ਼ਣ ਕਰਾਂਗੇ।

ਸਮਾਜ ਸ਼ਾਸਤਰ ਸਮਾਜਿਕ ਘਟਨਾਵਾਂ ਜਾਂ ਪ੍ਰਤੱਖ ਅਤੇ ਸਮਾਜਿਕ ਸੰਬੰਧਾਂ ਦਾ ਵਿਗਿਆਨ ਹੈ। ਇਹ ਸਮਾਜਿਕ ਸੰਸਥਾਵਾਂ ਅਤੇ ਸਮਾਜਿਕ ਸਮੂਹਾਂ ਦਾ ਅਧਿਐਨ ਹੈ। ਦੂਜੇ ਪਾਸੇ ਮਨੋਵਿਗਿਆਨ ਮਨ ਅਤੇ ਮਾਨਸਿਕ ਪ੍ਰਕਿਰਿਆ ਦਾ ਵਿਗਿਆਨ ਹੈ। ਇਹ ਮਨੁੱਖੀ ਵਿਵਹਾਰ ਦਾ ਵਿਗਿਆਨ ਹੈ। ਇਹ ਸਮਾਜ ਵਿਚ ਮਨੋਬਿਰਤੀ, ਭਾਵਨਾਵਾਂ, ਸੂਝ, ਸਿੱਖਣ ਦੀ ਪ੍ਰਕ੍ਰਿਆ ਅਤੇ ਵਿਅਕਤੀ ਦੀਆਂ ਕਦਰਾਂ ਕੀਮਤਾਂ ਅਤੇ ਸਮਾਜ ਵਿੱਚ ਵਿਅਕਤੀਤਵ ਦੇ ਸਵਰੂਪ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਾ ਹੈ, ਸਮਾਜ ਦੇ ਬਹੁਤ ਸਾਰੇ ਪਹਿਲੂਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਮਾਜਸ਼ਾਸਤਰ ਮਨੋਵਿਗਿਆਨ ਦੀ ਮਦਦ ਲੈਂਦਾ ਹੈ। ਮਨੋਵਿਗਿਆਨਕ ਜਿਵੇਂ ਸਿਗਮੰਡ ਫਰਾਇਡ , ਵਿਲਿਅਮ ਮੈਕਡੂਗਲ ਅਤੇ ਕਈ ਹੋਰਾਂ ਨੇ ਸਮਾਜ ਸ਼ਾਸਤਰ ਨੂੰ ਕਈ ਪੱਖ ਤੋਂ ਅਮੀਰ ਬਣਾਇਆ ਹੈ। ਉਹਨਾਂ ਦਾ ਵਿਚਾਰ ਹੈ ਕਿ ਪੂਰਾ ਸਮਾਜਿਕ ਜੀਵਨ ਮਨੋਵਿਗਿਆਨਕ ਸ਼ਕਤੀਆਂ ਦੇ ਆਧਾਰ ਤੇ ਸਮਝਿਆ ਜਾ ਸਕਦਾ ਹੈ। ਹਰ ਸਮਾਜਿਕ ਸਮੱਸਿਆ ਦੇ ਸਮਾਧਾਨ ਲਈ ਸਮਾਜ ਦੇ ਪ੍ਰਤੱਖ ਦਾ ਮਨੋਵਿਗਿਆਨਕ ਆਧਾਰ ਜ਼ਰੂਰੀ ਹੈ। ਜਿਸ ਵਿੱਚ ਸਮਾਜਸ਼ਾਸਤਰ ਨੂੰ ਮਨੋਵਿਗਿਆਨ ਦੀ ਮਦੱਦ ਦੀ ਲੋੜ ਹੁੰਦੀ ਹੈ।

ਇਸ ਤਰ੍ਹਾਂ ਮਨੋਵਿਗਿਆਨ ਭਿੰਨ-ਭਿੰਨ ਵਰਤਾਰਿਆਂ ਨੂੰ ਸਮਝਣ ਲਈ ਸਮਾਜਸ਼ਾਸਤਰ ਤੇ ਨਿਰਭਰ ਕਰਦਾ ਹੈ। ਮਨੋਵਿਗਿਆਨ ਸਮਾਜਿਕ ਸੰਬੰਧਾਂ, ਵਿਵਹਾਰ ਅਤੇ ਗਤੀਵਿਧੀਆਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦਦ ਕਰਦਾ ਹੈ। ਜਿਵੇਂ ਮਨੁੱਖੀ ਮਨ ਅਤੇ ਵਿਅਕਤੀਤਵ ਸਮਾਜਿਕ ਵਾਤਾਵਰਨ, ਸਭਿਆਚਾਰ, ਪ੍ਰਥਾਵਾਂ, ਅਤੇ ਪਰਪਰਾਵਾਂ ਤੋਂ ਪ੍ਰਭਾਵਿਤ ਹੁੰਦੇ ਹਨ। ਮਨੋਵਿਗਿਆਨਕ ਅਧਿਐਨ ਸਮਾਜਸ਼ਾਸਤਰ ਦੀ ਮਦਦ ਤੋਂ ਬਿਨਾਂ ਅਧੂਰਾ ਹੈ। ਗਿਆਨ ਦੀ ਇੱਕ ਨਵੀਂ ਸ਼ਾਖਾ ਜੋ ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਜੋੜਦੀ ਹੈ ਉਹ ਸਮਾਜਿਕ ਮਨੋਵਿਗਿਆਨ ਹੈ। ਇਹਨਾਂ ਦੋਨਾਂ ਵਿਸ਼ਿਆਂ ਦੀ ਇੱਕ ਦੂਜੇ ਤੇ ਨਿਰਭਰਤਾ ਨਿਮਨ ਰੂਪ ਵਿੱਚ ਹੈ।

- ਮਨੁੱਖੀ ਪ੍ਰਕਿਰਤੀ ਅਤੇ ਵਿਵਹਾਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਮਾਜ ਸ਼ਾਸਤਰ ਨੂੰ ਮਨੋਵਿਗਿਆਨ ਤੇ ਨਿਰਭਰ ਹੋਣਾ ਪੈਂਦਾ ਹੈ।
- ਇਸ ਤਰ੍ਹਾਂ ਬਹੁਤ ਸਾਰੀਆਂ ਮਨੋਵਿਗਿਆਨਕ ਸਮੱਸਿਆਵਾਂ ਜਿਨ੍ਹਾ ਦਾ ਸਮਾਜਿਕ ਕਾਰਨ ਹੋ ਸਕਦਾ ਹੈ। ਇਹ ਸਮਾਜਿਕ ਸਮੱਸਿਆਵਾਂ ਨੂੰ ਸਮਝਨ ਲਈ ਮਨੋਵਿਗਿਆਨ ਨੂੰ ਸਮਾਜ ਸ਼ਾਸਤਰ ਦੀ ਮਦੱਦ ਦੀ ਲੋੜ ਹੁੰਦੀ ਹੈ।
- ਕਈ ਸਮਾਜ ਸ਼ਾਸਤਰੀਆਂ ਦਾ ਯੋਗਦਾਨ ਅਤੇ ਸਿਧਾਂਤਾਂ ਨੇ ਮਨੋਵਿਗਿਆਨ ਦੀ ਬਹੁਤ ਮਦਦ ਕੀਤੀ ਹੈ ਅਤੇ ਇਸੇ ਤਰ੍ਹਾਂ ਹੀ ਮਨੋਵਿਗਿਆਨਕ ਵੀ ਸਮਾਜ ਸ਼ਾਸਤਰ ਲਈ ਮਦਦਗਾਰ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

- ਸਮਾਜ ਸ਼ਾਸਤਰ ਵਿੱਚ ਹੋਈ ਖੋਜ ਮਨੋਵਿਗਿਆਨੀਆਂ ਲਈ ਅਤੇ ਮਨੋਵਿਗਿਆਨ ਵਿੱਚ ਖੋਜ ਸਮਾਜ ਸ਼ਾਸਤਰੀਆਂ ਲਈ ਲਾਭਵੰਦ ਹੈ।

  ਇਸ ਲਈ ਸਮਾਜ ਸ਼ਾਸਤਰ ਤੇ ਮਨੋਵਿਗਿਆਨ ਦੋਵੇਂ ਅੰਤਰ ਨਿਰਭਰ ਹਨ। ਦੋਹਾਂ ਦੇ ਅਧਿਐਨ ਦੇ ਕੁਝ ਖੇਤਰ ਜਿਵੇਂ ਗ਼ੈਰ-ਸੰਸਥਾਤਮਕ, ਲੋਕ ਮੱਤ ਆਦਿ ਕੁਝ ਪੱਖ ਸਾਂਝੇ ਹਨ ਜਿਹੜੇ ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਵੱਲੋਂ ਅਧਿਐਨ ਦਾ ਵਿਸ਼ਾ ਬਣਦੇ ਹਨ। ਦੂਜੇ ਵਿਗਿਆਨਾਂ ਵਾਂਗ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਭਿੰਨਤਾ ਨਿਮਨ ਅਨੁਸਾਰ ਹੈ।

## ਭਿੰਨਤਾ

| ਸਮਾਜਸ਼ਾਸਤਰ | ਮਨੋਵਿਗਿਆਨ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। | • ਮਨੋਵਿਗਿਆਨ ਮਨ ਦਾ ਵਿਗਿਆਨ ਹੈ। |
| • ਸਮਾਜ ਸ਼ਾਸਤਰ ਦਾ ਵਿਸ਼ਾ-ਖੇਤਰ ਵਿਸ਼ਾਲ ਹੈ। | • ਮਨੋਵਿਗਿਆਨ ਦਾ ਵਿਸ਼ਾ-ਖੇਤਰ ਛੋਟਾ ਹੈ। |
| • ਸਮਾਜ ਸ਼ਾਸਤਰ ਦੇ ਅਧਿਐਨ ਦੀ ਇਕਾਈ ਸਮਾਜ ਹੈ। | • ਮਨੋਵਿਗਿਆਨ ਵਿੱਚ ਵਿਅਕਤੀ ਅਧਿਐਨ ਦੀ ਇਕਾਈ ਹੈ। |
| • ਸਮਾਜ ਸ਼ਾਸਤਰ ਸਮਾਜਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ। | • ਮਨੋਵਿਗਿਆਨ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ। |
| • ਸਮਾਜ ਸ਼ਾਸਤਰ ਮਨੁੱਖੀ ਵਿਵਹਾਰ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਕਰਦਾ ਹੈ। | • ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਮਨੋਵਿਗਿਆਨ ਪੱਖ ਤੋਂ ਅਧਿਐਨ ਕਰਦਾ ਹੈ। |

## ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ






Downloaded from https:// www.studiestoday.com

Downloaded from https:// www.studiestoday.com




ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਇੱਕ ਦੂਜੇ ਨਾਲ਼ ਸੰਬੰਧਿਤ ਹਨ। ਏ.ਐੱਲ. ਕਰੋਬਰ ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਨੂੰ ਜੁੜਵਾਂ ਭੈਣਾਂ ਮੰਨਦਾ ਹੈ। ਸਮਾਨ ਵਿਸ਼ੇ ਲਈ ਇਹ ਦੋਵੇਂ ਅਲੱਗ-ਅਲੱਗ ਨਾਮ ਨਾਲ਼ ਜਾਣੇ ਜਾਂਦੇ ਹਨ। ਰਾਬਰਟ ਰੈੱਡਫੀਲਡ ਵਰਗੇ ਵਿਦਵਾਨ ਦੋਹਾਂ ਸਮਾਜਿਕ ਵਿਗਿਆਨਾਂ ਦੀ ਨੇੜਤਾ ਨੂੰ ਪ੍ਰਮਾਣਿਤ ਕਰਦੇ ਹਨ ਅਤੇ ਦੋਵੇਂ ਇੱਕ ਖੇਤਰ ਵਿੱਚ ਕੰਮ ਕਰਦੇ ਹਨ।

ਸਮਾਜ ਦਾ ਵਿਗਿਆਨ ਹੋਣ ਦੇ ਨਾਤੇ ਸਮਾਜ ਸ਼ਾਸਤਰ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਇਹ ਮਨੁੱਖਾਂ ਦੀ ਸਾਂਝ ਨਾਲ਼ ਸੰਬੰਧਿਤ ਹੈ। ਮਾਨਵ ਵਿਗਿਆਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਐਨਥਰੋਪੋਲੋਜੀ' ਦਾ ਸਮਾਨਾਰਥੀ ਹੈ ਜੋ ਦੋ ਗ੍ਰੀਕ ਸ਼ਬਦ ਐਨਥਰੋਪਾਜ਼ ਅਰਥ ਮਨੁੱਖ ਅਤੇ ਲੋਗੋਸ ਤੋਂ ਬਣਿਆ ਹੈ ਜਿਸ ਦਾ ਭਾਵ ਅਧਿਐਨ ਜਾ ਵਿਗਿਆਨ ਹੈ। ਇਸ ਤਰ੍ਹਾਂ ਮਾਨਵ ਵਿਗਿਆਨ ਮਨੁੱਖ ਦਾ ਅਧਿਐਨ ਹੈ।




ਮਨੁੱਖੀ-ਵਿਗਿਆਨ ਹੋਣ ਨਾਤੇ ਇਹ ਮਨੁੱਖਾਂ, ਉਨ੍ਹਾਂ ਦੇ ਕੰਮਾਂ ਅਤੇ ਵਿਵਹਾਰ ਦਾ ਅਧਿਐਨ ਕਰਦਾ ਹੈ। ਮਾਨਵਸ਼ਾਸਤਰ ਮਨੁੱਖ ਦੇ ਵਿਕਾਸ ਦੇ ਜੀਵ ਵਿਗਿਆਨਿਕ ਪੱਖ ਅਤੇ ਸੱਭਿਆਚਾਰਕ ਵਿਕਾਸ ਦਾ ਅਧਿਐਨ ਕਰਦਾ ਹੈ। ਇਸਦੇ ਅਧਿਐਨ ਦਾ ਖੇਤਰ ਕਾਫੀ ਵਿਸ਼ਾਲ ਹੈ ਜਿਸਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ ਜਿਵੇਂ ਭੌਤਿਕ ਮਾਨਵ ਵਿਗਿਆਨ, ਸੱਭਿਆਚਾਰਕ ਮਾਨਵ



Downloaded from https:// www.studiestoday.com

Downloaded from https:// www.studiestoday.com

ਵਿਗਿਆਨ ਅਤੇ ਸਮਾਜਿਕ ਮਾਨਵ ਵਿਗਿਆਨ ਹਨ। ਭੌਤਿਕ ਮਾਨਵ ਵਿਗਿਆਨ ਪੁਰਾਤਨ ਮਨੁੱਖ ਦੇ ਸਰੀਰਕ ਗੁਣਾਂ ਦਾ ਅਧਿਐਨ ਕਰਦਾ ਹੈ ਅਤੇ ਨਾਲ਼ ਹੀ ਪੁਰਾਤਨ ਅਤੇ ਆਧੁਨਿਕ ਸੱਭਿਆਚਾਰ ਨੂੰ ਸਮਝਦਾ ਹੈ। ਪੁਰਾਲੇਖ ਮਾਨਵ ਵਿਗਿਆਨ ਪੂਰਵ ਇਤਿਹਾਸ ਕਾਲ਼ ਦੇ ਸੱਭਿਆਚਾਰ ਦਾ ਅਧਿਐਨ ਕਰਦਾ ਹੈ। ਇਸ ਅਧਿਐਨ ਨਾਲ਼ ਸਮਾਜ ਸ਼ਾਸਤਰੀਆਂ ਦੀ ਮਦਦ ਕਰਦਾ ਹੈ ਕਿ ਉਹਨਾਂ ਲਈ ਵਰਤਮਾਨ ਸਮਾਜਿਕ ਢਾਂਚੇ ਦਾ ਤੁਲਨਾਤਮਕ ਅਧਿਐਨ ਆਸਾਨ ਹੋ ਜਾਵੇ। ਇਸ ਦਾ ਸੰਬੰਧ ਮਨੁੱਖੀ ਹੋਂਦ ਦੇ ਸ਼ੁਰੂ ਦੇ ਸਮੇਂ ਨਾਲ਼ ਹੈ। ਇਹ ਸਮਾਜ ਦੇ ਅਤੀਤ ਦਾ ਪੁਨਰ ਨਿਰਮਾਨ, ਸੱਭਿਆਚਾਰ ਦੀ ਉਤਪਤੀ ਅਤੇ ਵਿਕਾਸ ਦਾ ਅਧਿਐਨ ਪੁਰਾਤਨ ਸਮਾਜਾਂ ਦੇ ਅਧਿਐਨ ਨਾਲ਼ ਕਰਦਾ ਹੈ। ਸਮਾਜਿਕ ਮਾਨਵ ਵਿਗਿਆਨ ਸਮਾਜਿਕ ਸੰਸਥਾਵਾਂ ਵਿਚ ਵਿਅਕਤੀ ਦੇ ਵਿਵਹਾਰ ਦੇ ਅਧਿਐਨ ਨਾਲ਼ ਸੰਬੰਧਿਤ ਹੈ। ਸਮਾਜਿਕ ਮਾਨਵ ਵਿਗਿਆਨ, ਮਾਨਵ ਵਿਗਿਆਨ ਦੀ ਇਕ ਸ਼ਾਖਾ ਹੈ ਜੋ ਸਮਾਜ ਸ਼ਾਸਤਰ ਦੇ ਬਹੁਤ ਨੇੜੇ ਹੈ। ਵਾਸਤਵ ਵਿਚ ਏਵੰਨ ਪ੍ਰੀਚਰਡ ਸਮਾਜਿਕ ਮਾਨਵ ਵਿਗਿਆਨ ਨੂੰ ਸਮਾਜ ਸ਼ਾਸਤਰ ਦੀ ਇੱਕ ਸ਼ਾਖਾ ਮੰਨਦੀ ਹੈ।

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿੱਚ ਗਹਿਰਾ ਸੰਬੰਧ ਹੈ।

- ਸਮਾਜ ਸ਼ਾਸਤਰ ਸਮਾਜ ਦਾ ਅਧਿਐਨ ਕਰਦਾ ਹੈ ਅਤੇ ਮਾਨਵ ਵਿਗਿਆਨ ਮਨੁੱਖ ਦਾ ਅਧਿਐਨ ਕਰਦਾ ਹੈ। ਮਨੁੱਖ ਅਤੇ ਸਮਾਜ ਇੱਕ ਦੂਜੇ ਨਾਲ਼ ਅੰਤਰ ਸੰਬੰਧਿਤ ਹਨ, ਇਸ ਲਈ ਇਹਨਾਂ ਦੋਹਾਂ ਵਿੱਚ ਅੰਤਰ ਕਰਨਾ ਬਹੁਤ ਮੁਸ਼ਕਿਲ ਹੈ।
- ਮਾਨਵ ਵਿਗਿਆਨ ਸਮਾਜ ਸ਼ਾਸਤਰ ਦੇ ਵਿਕਾਸ ਵਿਚ ਯੋਗਦਾਨ ਦਿੰਦਾ ਹੈ। ਮਾਨਵ ਵਿਗਿਆਨ ਦੀ ਮਦਦ ਤੋਂ ਬਿਨਾਂ ਸਮਾਜ ਸ਼ਾਸਤਰ ਦਾ ਅਧਿਐਨ ਪੂਰਾ ਨਹੀਂ ਹੋ ਸਕਦਾ। ਇਹ ਸਮਾਜ ਸ਼ਾਸਤਰ ਦਾ ਹਿੱਸਾ ਹੈ।
- ਮਾਨਵ ਵਿਗਿਆਨ ਪੁਰਾਤਨ ਸਮਾਜ ਦੇ ਵਿਸ਼ੇ ਦਾ ਗਿਆਨ ਪ੍ਰਦਾਨ ਕਰਦਾ ਹੈ। ਵਰਤਮਾਨ ਸਮਾਜ ਦਾ ਪੂਰਨ ਗਿਆਨ ਪ੍ਰਾਪਤ ਕਰਨ ਲਈ ਸਮਾਜ ਸ਼ਾਸਤਰ ਮਾਨਵ ਵਿਗਿਆਨ ਦੀ ਮਦਦ ਲੈਂਦਾ ਹੈ।
- ਸਮਾਜਿਕ ਸੰਸਥਾਵਾਂ ਦੀ ਉੱਤਪਤੀ ਜਿਵੇਂ ਪਰਿਵਾਰ, ਵਿਆਹ, ਧਰਮ ਆਦਿ ਨੂੰ ਮਾਨਵ ਵਿਗਿਆਨੀ ਦੇ ਮਾਂਧਿਅਮ ਰਾਹੀਂ ਹੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।
- ਕਈ ਧਾਰਨਾਵਾਂ ਜਿਵੇਂ ਸੱਭਿਆਚਾਰ, ਸੱਭਿਆਚਾਰਕ ਗੁਣ ਅਤੇ ਸੱਭਿਆਚਾਰ ਪਿੱਛੜੇਵਾਂ ਮਾਨਵ ਵਿਗਿਆਨ ਤੋਂ ਹੀ ਸਮਾਜ ਸ਼ਾਸਤਰ ਨੇ ਗ੍ਰਹਿਣ ਕੀਤੇ ਹਨ।
- ਮਾਨਵ ਵਿਗਿਆਨ ਸਮਾਜ ਸ਼ਾਸਤਰ ਦੀਆਂ ਕਈ ਧਾਰਨਾਵਾਂ ਨੂੰ ਸਵੀਕਾਰਦਾ ਹੈ। ਕਈ ਸਮਾਜ ਸ਼ਾਸਤਰੀਆਂ ਦੀ ਦੇਣ ਜਿਵੇਂ ਈਮਾਈਲ ਦੁਰਖ਼ੀਮ, ਹਰਬਰਟ ਸਪੈਂਸਰ ਆਦਿ ਨੇ ਮਾਨਵ ਵਿਗਿਆਨ ਦੀ ਬਹੁਤ ਮਦਦ ਕੀਤੀ ਹੈ।
- ਮਾਨਵ ਵਿਗਿਆਨੀਆਂ ਨੇ ਸਮਾਜ ਸ਼ਾਸਤਰੀਆਂ ਦੀ ਖੋਜ ਤੋਂ ਲਾਭ ਉਠਾਇਆ ਹੈ। ਸਮਾਜ ਸ਼ਾਸਤਰੀ ਖੋਜਾਂ ਦੇ ਪਰਿਣਾਮ ਅਤੇ ਵਿਚਾਰ ਮਾਨਵ ਵਿਗਿਆਨੀਆਂ ਖੋਜ ਵਿੱਚ ਸਹਾਇਕ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

ਇਸ ਤਰ੍ਹਾਂ ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਵਿੱਚ ਗਹਿਰਾ ਸੰਬੰਧ ਹੈ। ਸਮਾਜ ਸ਼ਾਸਤਰ ਨੂੰ ਮਾਨਵ ਵਿਗਿਆਨੀ ਅਧਿਐਨ ਨਾਲ਼ ਫਾਇਦਾ ਹੁੰਦਾ ਹੈ ਅਤੇ ਮਾਨਵ ਵਿਗਿਆਨ ਨੂੰ ਸਮਾਜ ਸ਼ਾਸਤਰੀ ਦੇਣ ਤੋਂ ਲਾਭ ਹੁੰਦਾ ਹੈ। ਦੋਵੇਂ ਵਿਸ਼ੇ ਮਨੁੱਖੀ ਸਮਾਜ ਦਾ ਅਧਿਐਨ ਕਰਦੇ ਹਨ ਅਤੇ ਸਭ ਤਰ੍ਹਾਂ ਦੇ ਸਮਾਜਿਕ ਸਮੂਹਾਂ ਜਿਵੇਂ ਪਰਿਵਾਰ, ਮਿੱਤਰ ਸਮੂਹ ਅਤੇ ਕਬੀਲੇ ਆਦਿ ਨਾਲ਼ ਸੰਬੰਧਿਤ ਹਨ। ਕਈ ਸਮਾਨ ਵਿਚਾਰ ਅਤੇ ਧਾਰਨਾਵਾਂ ਦੋਹਾਂ ਵਿਸ਼ਿਆਂ ਵਿੱਚ ਵਰਤੀਆਂ ਜਾਂਦੀਆਂ ਹਨ। ਦੋਵੇਂ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹਨ।

## ਭਿੰਨਤਾ

| ਸਮਾਜ ਸ਼ਾਸਤਰ | ਮਾਨਵ ਵਿਗਿਆਨ |
|---|---|
| • ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ।<br>• ਸਮਾਜ ਸ਼ਾਸਤਰ ਦਾ ਖੇਤਰ ਵਿਸ਼ਾਲ ਹੈ। | • ਮਾਨਵ ਵਿਗਿਆਨ ਮਨੁੱਖ ਦਾ ਵਿਗਿਆਨ ਹੈ।<br>• ਮਾਨਵ ਵਿਗਿਆਨ ਦਾ ਖੇਤਰ ਬਹੁਤ ਸੀਮਤ ਹੈ। ਕਿਉਂਕਿ ਮਾਨਵ ਵਿਗਿਆਨ ਸਮਾਜ ਦਾ ਹਿੱਸਾ ਹੈ। |
| • ਸਮਾਜ ਸ਼ਾਸਤਰ ਪੂਰੇ ਸਮਾਜ ਦਾ ਅਧਿਐਨ ਕਰਦਾ ਹੈ।<br>• ਸਮਾਜ ਸ਼ਾਸਤਰ ਸੱਭਿਅਤਾ ਦਾ ਅਧਿਐਨ ਕਰਦਾ ਹੈ ਜੋ ਕਿ ਵਿਸ਼ਾਲ ਅਤੇ ਗਤੀਸ਼ੀਲ ਹੈ। | • ਮਾਨਵ ਵਿਗਿਆਨ ਮਨੁੱਖ ਦਾ ਸਮਾਜ ਦੇ ਹਿੱਸੇ ਦੇ ਰੂਪ ਵਿੱਚ ਅਧਿਐਨ ਕਰਦਾ ਹੈ।<br>• ਮਾਨਵ ਵਿਗਿਆਨ ਸੱਭਿਆਚਾਰ ਦਾ ਅਧਿਐਨ ਕਰਦਾ ਹੈ ਜੋ ਛੋਟਾ ਅਤੇ ਸਥਾਈ ਹੈ। |
| • ਸਮਾਜ ਸ਼ਾਸਤਰ ਆਧੁਨਿਕ ਸੱਭਿਅਤਾ ਅਤੇ ਜਟਿਲ ਸਮਾਜ ਦਾ ਅਧਿਐਨ ਕਰਦਾ ਹੈ।<br>• ਸਮਾਜ ਸ਼ਾਸਤਰ ਦਾ ਸੰਬੰਧ ਸਮਾਜਿਕ ਯੋਜਨਾਵਾਂ ਨਾਲ਼ ਹੈ। | • ਮਾਨਵ ਵਿਗਿਆਨ ਪੁਰਾਤਨ ਅਤੇ ਅਸਿੱਖਿਅਤ ਸਮਾਜਾਂ ਦਾ ਅਧਿਐਨ ਕਰਦਾ ਹੈ।<br>• ਮਾਨਵ ਵਿਗਿਆਨ ਦਾ ਸਮਾਜਿਕ ਯੋਜਨਾਵਾਂ ਨਾਲ਼ ਕੋਈ ਸੰਬੰਧ ਨਹੀਂ ਹੈ। |

## ਸਿੱਟਾ

ਉਕਤ ਚਰਚਾ ਤੋਂ ਪਤਾ ਚੱਲਦਾ ਹੈ ਕਿ ਬਹੁਤ ਸਾਰੇ ਸਮਾਜਿਕ ਵਿਗਿਆਨ ਆਪਸ ਵਿੱਚ ਸੰਬੰਧਿਤ ਹਨ। ਭਿੰਨਤਾਵਾਂ ਦੇ ਬਾਵਜੂਦ ਵੀ ਸਮਾਜ ਵਿਗਿਆਨ ਅਤੇ ਦੂਜੇ ਸਮਾਜਿਕ ਵਿਗਿਆਨਾਂ ਵਿੱਚ ਗਹਿਰਾ ਸੰਬੰਧ ਹੈ।



Downloaded from https:// www.studiestoday.com

Downloaded from https:// www.studiestoday.com

## ਸ਼ਬਦਾਵਲੀ

- **ਪੁਰਾਤੱਤਵ ਵਿਗਿਆਨ :** ਪੁਰਾਤੱਤਵ ਵਿਗਿਆਨ ਮਨੁੱਖੀ ਗਤੀਵਿਧੀਆਂ ਦਾ ਭੂਤਕਾਲ਼ ਵਿੱਚ ਅਧਿਐਨ ਕਰਦਾ ਹੈ ਜਿਸ ਵਿੱਚ ਪੁਨਰ ਪ੍ਰਾਪਤੀ, ਪਦਾਰਥਕ ਸੱਭਿਆਚਾਰ ਦਾ ਵਿਸ਼ਲੇਸ਼ਣ ਅਤੇ ਉਹ ਪ੍ਰਕਿਰਤਕ ਅੰਕੜੇ ਆਉਂਦੇ ਹਨ ਜੋ ਮਨੁੱਖ ਪਿੱਛੇ ਛੱਡ ਆਇਆ ਹੈ। ਇਹਨਾਂ ਅੰਕੜਿਆਂ ਵਿੱਚ ਕਲਾਪ੍ਰਭਾਵ, ਭਵਨ ਨਿਰਮਾਣ, ਜੈਵਿਕ ਤੱਥ (ਵਾਤਾਵਰਨਿਕ ਤੱਥ) ਸੱਭਿਆਚਾਰਕ ਖੇਤਰ (ਜਾਂ ਪੁਰਾਤੱਤਵ ਰਿਕਾਰਡ) ਆਦਿ ਸ਼ਾਮਿਲ ਹਨ।
- **ਸੱਭਿਆਚਾਰਕ ਮਾਨਵ-ਵਿਗਿਆਨ:** ਇਹ ਮਾਨਵ-ਵਿਗਿਆਨ ਦੀ ਉਹ ਸ਼ਾਖਾ ਹੈ ਜੋ ਸਮਾਜ ਮਾਨਵ-ਵਿਗਿਆਨ ਦੀ ਤੁਲਨਾ ਵਿੱਚ ਮਨੁੱਖਾਂ ਵਿੱਚ ਸੱਭਿਆਚਾਰਕ ਉਤਾਰ-ਚੜਾਅ ਦੇ ਅਧਿਐਨ 'ਤੇ ਕੇਂਦਰਤ ਹੈ ਭਾਵੇਂ ਕਿ ਇਹ ਸੱਭਿਆਚਾਰਕ ਉਤਾਰ-ਚੜ੍ਹਾਅ ਨੂੰ ਅਧੀਨ ਚਰਾਂ ਨਾਲ਼ੋਂ ਸੁਤੰਤਰ ਚਰ ਵਜੋਂ ਲੈਂਦਾ ਹੈ।
- **ਭੌਤਿਕ ਮਾਨਵ-ਵਿਗਿਆਨ:** ਇਸ ਨੂੰ ਜੀਵ ਵਿਗਿਆਨਕ ਮਾਨਵ-ਵਿਗਿਆਨ ਵੀ ਕਿਹਾ ਜਾਂਦਾ ਹੈ ਇਹ ਮਨੁੱਖਾਂ ਦੇ ਵਿਕਾਸ, ਅਖਿਰਤਾ ਅਤੇ ਵਾਤਾਵਰਨਿਕ ਤਨਾਉ ਨਾਲ਼ ਅਨੁਕੂਲਨ ਨਾਲ਼ ਸੰਬੰਧਿਤ ਹੈ।
- **ਰਾਜਨੀਤਿਕ ਸਮਾਜ-ਸ਼ਾਸਤਰ :** ਇਹ ਇਕ ਅਜਿਹਾ ਵਿਸ਼ਾ ਹੈ ਕਿ ਜਿਸ ਵਿਚ ਇਹ ਅਧਿਐਨ ਕੀਤਾ ਜਾਂਦਾ ਹੈ ਕਿ ਸਮਾਜਿਕ ਝੁਕਾਅ (Trend) ਗਤੀਸ਼ੀਲਤਾ ਅਤੇ ਪ੍ਰਭੂਤਾ ਰਸਮੀ ਰਾਜਨੀਤਿਕ ਪ੍ਰਕਿਰਿਆ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ਅਤੇ ਨਾਲ ਹੀ ਭਿੰਨ ਸਮਾਜਿਕ ਸ਼ਕਤੀਆਂ ਰਾਜਨੀਤਿਕ ਨੀਤੀਆਂ ਨੂੰ ਬਦਲਣ ਲਈ ਕਿਵੇਂ ਇਕੱਠੀਆਂ ਕੰਮ ਕਰਦੀਆਂ ਹਨ।
- **ਸਮਾਜਿਕ ਮਨੋਵਿਗਿਆਨ :** ਇਹ ਲੋਕਾਂ ਦੇ ਵਿਚਾਰਾਂ, ਭਾਵਨਾਵਾਂ ਅਤੇ ਵਿਵਹਾਰ ਦਾ ਵਿਗਿਆਨਕ ਅਧਿਐਨ ਹੈ ਜੋ ਅਸਲ, ਕਾਲਪਨਿਕ ਜਾਂ ਦੂਜਿਆਂ ਦੀ ਹਾਜ਼ਰੀ ਤੋਂ ਪ੍ਰਭਾਵਿਤ ਹੁੰਦਾ ਹੈ।

## ਅਭਿਆਸ

### ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ

1. ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਨੂੰ ਜੁੜਵੀਆਂ ਭੈਣਾਂ, ਕਿਸ ਵਿਚਾਰਕ ਨੇ ਕਿਹਾ ਹੈ ?
2. ਸਮਾਜ ਸ਼ਾਸਤਰ ਅਤੇ ਅਰਥ ਸ਼ਾਸਤਰ ਵਿੱਚ ਅਧਿਐਨ ਕੀਤੇ ਜਾਣ ਵਾਲ਼ੇ ਵਿਸ਼ੇ (issue) ਦੇ ਨਾਮ ਦੱਸੋ।
3. ਮਾਨਵ ਸ਼ਾਸਤਰ ਵਿੱਚ ਅਧਿਐਨ ਦੇ ਦੋ ਖੇਤਰ ਕਿਹੜੇ ਹਨ।



Downloaded from https:// www.studiestoday.com

Downloaded from https:// www.studiestoday.com

### ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ

1. ਸਮਾਜ ਸ਼ਾਸਤਰ ਕੀ ਹੈ ?
2. ਰਾਜਨੀਤੀ ਸ਼ਾਸਤਰ ਤੋਂ ਕੀ ਭਾਵ ਹੈ ?
3. ਭੌਤਿਕ ਮਨੋਵਿਗਿਆਨ ਤੋਂ ਕੀ ਭਾਵ ਹੈ ?
4. ਸੱਭਿਆਚਾਰ ਮਨੋਵਿਗਿਆਨ ਤੋਂ ਕੀ ਭਾਵ ਹੈ ?
5. ਅਰਥ ਸ਼ਾਸਤਰ ਕੀ ਹੈ ?
6. ਇਤਿਹਾਸ ਕੀ ਹੈ ?

### ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ-

1. ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਦੋ ਭਿੰਨਤਾਵਾਂ ਦੱਸੋ ?
2. ਸਮਾਜ ਸ਼ਾਸਤਰ ਅਤੇ ਇਤਿਹਾਸ ਵਿੱਚ ਕੀ ਸੰਬੰਧ ਹੈ ? ਦੋ ਵਿਚਾਰ ਦਿਓ ?
3. ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਵਿੱਚ ਸੰਬੰਧਾਂ ਦੀ ਸੰਖੇਪ ਵਿਆਖਿਆ ਕਰੋ।
4. ਸਮਾਜ ਸ਼ਾਸਤਰ ਅਰਥ ਸ਼ਾਸਤਰ ਨਾਲ਼ ਕਿਵੇਂ ਸਬੰਧਿਤ ਹੈ ? ਸੰਖੇਪ ਵਰਣਨ ਕਰੋ।
5. ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਦੇ ਸੰਬੰਧਾਂ ਦਾ ਵਰਣਨ ਕਰੋ।
6. ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਨਾਲ਼ ਕਿਵੇਂ ਅੰਤਰਸੰਬੰਧਿਤ ਹੈ ? ਵਿਆਖਿਆ ਕਰੋ ?
7. ਸਮਾਜ ਸ਼ਾਸਤਰ ਅਤੇ ਮਾਨਵ ਸ਼ਾਸਤਰ ਵਿੱਚ ਸੰਖੇਪ ਭਿੰਨਤਾ ਦਾ ਵਰਣਨ ਕਰੋ।
8. ਸਮਾਜ ਸ਼ਾਸਤਰ ਅਤੇ ਅਰਥਸ਼ਾਸਤਰ ਵਿੱਚ ਸੰਖੇਪ ਭਿੰਨਤਾ ਦਾ ਵਰਣਨ ਕਰੋ।
9. ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਵਿੱਚ ਭਿੰਨਤਾ ਕਰੋ।
10. ਸਮਾਜ ਸ਼ਾਸਤਰ ਅਤੇ ਇਤਿਹਾਸ ਵਿੱਚ ਸੰਖੇਪ ਭਿੰਨਤਾ ਕਰੋ।

### ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ-

1. ਸਮਾਜ ਸ਼ਾਸਤਰ ਦੂਜੇ ਸਮਾਜਿਕ ਵਿਗਿਆਨਾਂ ਤੋਂ ਕਿਵੇਂ ਭਿੰਨ ਹੈ। 'ਤੇ ਵਿਸਤਾਰ ਸਹਿਤ ਵਰਨਣ ਕਰੋ।
2. ਸਮਾਜ ਸ਼ਾਸਤਰ ਅਤੇ ਇਤਿਹਾਸ ਵਿਚਲੇ ਸੰਬੰਧਾਂ ਤੇ ਵਿਸਥਾਰ ਪੂਰਵਕ ਨੋਟ ਲਿਖੋ।
3. ਰਾਜਨੀਤਿਕ ਸ਼ਾਸਤਰ ਦੇ ਅਧਿਐਨ ਲਈ ਸਮਾਜ ਸ਼ਾਸਤਰ ਦੀ ਸਮਝ ਦੀ ਲੋੜ ਕਿਉਂ ਹੈ ? ਵਿਆਖਿਆ ਕਰੋ।
4. ਮਨੋਵਿਗਿਆਨ ਸਮਾਜ ਸ਼ਾਸਤਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?



Downloaded from https:// www.studiestoday.com

Downloaded from https:// www.studiestoday.com

ਇਕਾਈ -II

# ਸਮਾਜ ਸ਼ਾਸਤਰ ਦੀਆਂ ਮੂਲ ਧਾਰਨਾਵਾਂ







Downloaded from https:// www.studiestoday.com

Downloaded from https:// www.studiestoday.com

ਅਧਿਆਏ 3

# ਸਮਾਜ, ਸਮੁਦਾਇ ਅਤੇ ਸਭਾ

**ਮੁੱਖ ਅੰਸ਼**


3.1 **ਅਰਥ**

3.2 **ਵਿਸ਼ੇਸ਼ਤਾਵਾਂ**

3.3 **ਵਿਅਕਤੀ ਅਤੇ ਸਮਾਜ**

3.4 **ਸਮਾਜ, ਸਮੁਦਾਇ ਅਤੇ ਸਭਾ ਵਿੱਚ ਭਿੰਨਤਾ**




## ਜਾਣ ਪਛਾਣ

ਸਮਾਜ ਸ਼ਾਸ਼ਤਰ ਸਮਾਜਿਕ ਸੰਬੰਧਾਂ ਅਤੇ ਅੰਤਰ ਕਿਰਿਆਵਾਂ ਦਾ ਅਧਿਐਨ ਹੈ। ਇਹ ਸੰਬੰਧ ਅਤੇ ਅੰਤਰ ਕਿਰਿਆ ਖਲਾਅ ਵਿੱਚ ਨਹੀਂ ਹੁੰਦੇ ਸਗੋਂ ਇੱਕ ਸਮਾਜ ਦੀਆਂ ਕੁਝ ਇਕਾਈਆਂ ਦੇ ਵਿਚਕਾਰ ਹੋਂਦ ਵਿੱਚ ਆਉਂਦੇ ਹਨ। ਇਸ ਅਧਿਐਨ ਵਿੱਚ ਅਸੀਂ ਅਜਿਹੀਆਂ ਤਿੰਨ ਇਕਾਈਆਂ ਅਰਥਾਤ ਸਮਾਜ, ਸਮੁਦਾਇ ਅਤੇ ਸਭਾ ਦੀ ਚਰਚਾ ਕਰਾਂਗੇ।

### 1. ਸਮਾਜ :

ਗ੍ਰੀਕ ਦਾਰਸ਼ਨਿਕ ਅਰਸਤੂ ਦੇ ਸ਼ਬਦਾਂ ਵਿੱਚ, 'ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ'। ਇੱਕ ਵਿਅਕਤੀ ਸਮਾਜ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦਾ ਕਿਉਂਕਿ ਅਸੀਂ ਸਮਾਜ ਵਿੱਚ ਜਨਮ ਲੈਂਦੇ ਹਾਂ ਅਤੇ ਆਪਣਾ ਸਾਰਾ ਜੀਵਨ ਸਮਾਜ ਵਿੱਚ ਹੀ ਬਤੀਤ ਕਰਦੇ ਹਾਂ। ਸਮਾਜ ਸ਼ਬਦ



Downloaded from https:// www.studiestoday.com

Downloaded from https:// www.studiestoday.com

ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਸੋਸਾਇਟੀ' ਦਾ ਸਮਾਨਾਰਥੀ ਹੈ ਜੋ ਲਤੀਨੀ ਭਾਸ਼ਾ ਦੇ ਸ਼ਬਦ 'ਸੋਸ਼ੀਅਸ' ਤੋਂ ਲਿਆ ਗਿਆ ਹੈ ਜਿਸਦਾ ਅਰਥ ਸਾਥੀ ਜਾਂ ਮਿੱਤਰਤਾ ਹੈ। ਮਿੱਤਰਤਾ ਤੋਂ ਭਾਵ ਸਮਾਜਿਕਤਾ ਹੈ ਜੋ ਇਹ ਦੱਸਦੀ ਹੈ ਕਿ ਮਨੁੱਖ ਹਮੇਸ਼ਾ ਹੋਰ ਲੋਕਾਂ ਦੇ ਸਾਥ ਵਿੱਚ ਹੀ ਰਹਿੰਦਾ ਹੈ।




ਸਮਾਜ ਦੀ ਸੌਖੀ ਪਰਿਭਾਸ਼ਾ ਕਰਦਿਆਂ ਆਖਿਆ ਜਾ ਸਕਦਾ ਹੈ ਕਿ ਸਮਾਜ ਇਕ ਨਿਸ਼ਚਿਤ ਖੇਤਰ, ਇੱਕ ਸਮਾਜਿਕ ਸੰਰਚਨਾ, ਅੰਤਰ-ਕਿਰਿਆਵਾਂ ਅਤੇ ਸੱਭਿਆਚਾਰ ਨਾਲ਼ ਸੰਬੰਧਿਤ ਵਿਅਕਤੀਆਂ ਦਾ ਇੱਕ ਸਮੂਹ ਹੈ। ਇਹ ਵਿਅਕਤੀਆਂ ਅਤੇ ਸਮੂਹਾਂ ਦੇ ਵਿਚਕਾਰ ਪਰਸਪਰ ਅੰਤਰ-ਕਿਰਿਆਵਾਂ ਅਤੇ ਅੰਤਰ ਸੰਬੰਧਾਂ ਨਾਲ਼ ਸਥਾਪਿਤ ਹੁੰਦਾ ਹੈ। ਇਹ ਅਨੇਕ ਸੰਸਥਾਵਾਂ ਨਾਲ਼ ਨਿਰਮਤ ਇੱਕ ਸੰਗਠਿਤ ਵਿਵਸਥਾ-ਪ੍ਰਣਾਲੀ ਹੈ, ਜੋ ਇਕ ਦੂਸਰੇ ਦੇ ਸਹਿਯੋਗ ਨਾਲ਼ ਕੰਮ ਕਰਦੀ ਹੈ। ਇੱਕ ਸੰਗਠਨ ਦੇ ਰੂਪ ਵਿੱਚ ਸਮਾਜ ਸਾਂਝੇ ਉਦੇਸ਼ਾਂ ਅਤੇ ਨਿਸ਼ਚਿਤ ਮਨੋਰਥਾਂ ਦਾ ਸਮੂਹ ਹੈ। ਇਸ ਦੇ ਸੁਚੱਜੇ ਢੰਗ ਨਾਲ਼ ਕਾਰਜ ਕਰਨ ਲਈ ਜ਼ਰੂਰੀ ਹੈ ਕਿ ਸਮਾਜ ਦੇ ਕੁਝ ਨਿਸ਼ਚਿਤ ਪਰਿਭਾਸ਼ਿਤ ਨਿਯਮ, ਮਾਪਦੰਡ, ਪ੍ਰਤਿਮਾਨ ਅਤੇ ਮੁੱਲ ਹੋਣੇ ਚਾਹੀਦੇ ਹਨ, ਜੋ ਮੈਂਬਰਾਂ ਦੇ ਵਿਅਕਤੀਗਤ ਵਿਵਹਾਰ ਦੇ ਪ੍ਰਤਿਮਾਨਾ ਨੂੰ ਨਿਰਧਾਰਨ ਕਰਨ ਵਿੱਚ ਉਪਯੋਗੀ ਹੁੰਦੇ ਹਨ। ਇਸ ਪ੍ਰਕਾਰ ਕੁਝ ਲੋਕਾਂ ਦੇ ਲਈ, ਸਮਾਜ ਵਿਅਕਤੀਆਂ ਦਾ ਇੱਕ ਇੱਕਠ ਹੈ ਜਦੋਂ ਕਿ ਦੂਜੇ ਇਸ ਨੂੰ ਇਕ ਸਮਾਜਿਕ ਸੰਬੰਧਾਂ ਦੇ ਇੱਕ ਜਾਲ਼ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ, ਜੋ ਕਿ ਵਿਅਕਤੀਆਂ ਜਾਂ ਸਮੂਹਾਂ ਦੇ ਵਿਚਕਾਰ ਮੌਜੂਦ ਹੁੰਦਾ ਹੈ।

ਵੱਖ-ਵੱਖ ਸਮਾਜ ਵਿਗਿਆਨਾ ਵਿੱਚ ਸਮਾਜ ਦੇ ਅਰਥ ਵੱਖੋ-ਵੱਖਰੇ ਹਨ। ਪ੍ਰੰਤੂ ਸਮਾਜ ਸ਼ਾਸਤਰ ਵਿੱਚ ਇਸਦਾ ਪ੍ਰਯੋਗ ਵਿਭਿੰਨ ਪ੍ਰਕਾਰ ਦੀਆਂ ਸਮਾਜਿਕ ਇਕਾਈਆਂ ਦੇ ਸੰਦਰਭ ਵਿੱਚ ਹੁੰਦਾ ਹੈ। ਸਮਾਜ ਸ਼ਾਸਤਰ ਦਾ ਮੁੱਖ ਕੇਂਦਰ ਬਿੰਦੂ ਮਨੁੱਖੀ ਸਮਾਜ ਹੈ ਅਤੇ ਇਸ ਵਿੱਚ ਪਾਏ ਜਾਣ ਵਾਲ਼ੇ ਸੰਬੰਧਾਂ ਦਾ ਵਿਗਿਆਨਕ ਅਧਿਐਨ ਹੈ। ਇਕ ਸਮਾਜ ਸ਼ਾਸ਼ਤਰੀ ਸਮਾਜਿਕ ਪ੍ਰਾਣੀਆਂ ਦੇ ਅੰਤਰ ਸੰਬੰਧਾਂ ਦਾ ਅਧਿਐਨ ਕਰਦਾ ਹੈ ਅਤੇ ਇਹ ਖੋਜਦਾ ਹੈ ਕਿ ਵਿਸ਼ੇਸ਼ ਸਥਿਤੀ ਵਿੱਚ ਇਕ ਵਿਅਕਤੀ ਕਿਹੋ ਜਿਹਾ ਵਿਵਹਾਰ ਕਰਦਾ ਹੈ। ਉਸ ਨੂੰ ਦੂਸਰੇ ਵਿਅਕਤੀਆਂ ਤੋਂ ਕਿਹੋ ਜਿਹੀ ਉਮੀਦ ਕਰਨੀ ਚਾਹੀਦੀ ਹੈ ਅਤੇ ਦੂਸਰੇ ਲੋਕ ਉਸ ਤੋਂ ਕੀ ਉਮੀਦਾਂ ਰੱਖਦੇ ਹਨ।



Downloaded from https:// www.studiestoday.com

Downloaded from https:// www.studiestoday.com



ਸਮਾਜ ਦੇ ਸੰਬੰਧ ਵਿੱਚ ਕੁੱਝ ਮਹੱਤਵਪੂਰਨ ਧਾਰਨਾਵਾਂ ਨਿਮਨ ਲਿਖਤ ਹਨ।

- **ਅਗਸਤ ਕਾਮਤੇ** : "ਸਮਾਜਿਕ ਸੰਰਚਨਾ ਅਤੇ ਪ੍ਰਕਿਰਿਆਵਾਂ ਦੇ ਵਿਚਕਾਰ ਤਾਲਮੇਲ ਰੱਖਣ ਵਾਲ਼ਾ ਸਮਾਜਿਕ ਸਮੂਹ ਹੈ।"
- **ਆਰ. ਐੱਮ. ਮੈਕਾਈਵਰ ਅਤੇ ਚਾਰਲਸ ਪੇਜ** : "ਸਮਾਜ ਸਮਾਜਿਕ ਸੰਬੰਧਾਂ ਦਾ ਇਕ ਜਾਲ਼ ਹੈ।"
- **ਐੱਫ. ਐੱਚ. ਗਿੱਡੀਗੰਜ** : "ਸਮਾਜ ਆਪਣੇ ਆਪ ਵਿੱਚ ਇਕ ਸੰਘ, ਸੰਗਠਨ ਅਤੇ ਰਸਮੀ ਸੰਬੰਧਾਂ ਦਾ ਸਮੂਹ ਹੈ, ਜਿਸ ਵਿੱਚ ਸੰਬੰਧਿਤ ਵਿਅਕਤੀ ਇਕ ਦੂਜੇ ਨਾਲ਼ ਜੁੜੇ ਹੁੰਦੇ ਹਨ।"
- **ਮੈਰਿਸ ਗ਼ਿਨਸ ਬਰਗ** : "ਸਮਾਜ ਵਿਅਕਤੀਆਂ ਦਾ ਇਕ ਅਜਿਹਾ ਇੱਕਠ ਹੈ, ਜੋ ਸੰਬੰਧਾਂ ਅਤੇ ਵਿਵਹਾਰਾਂ ਦੀ ਵਿਧੀਆਂ ਦੁਆਰਾ ਇਕ ਦੂਜੇ ਨਾਲ਼ ਸੰਬੰਧਿਤ ਹੈ। ਜੋ ਵਿਅਕਤੀ ਇਹਨਾਂ ਨਾਲ਼ ਸੰਬੰਧਿਤ ਨਹੀਂ ਹੁੰਦੇ ਅਤੇ ਜਿਨ੍ਹਾਂ ਦੇ ਵਿਵਹਾਰ ਇਹਨਾਂ ਤੋਂ ਭਿੰਨ ਹੁੰਦੇ ਹਨ, ਉਹ ਸਮਾਜ ਤੋਂ ਅਲੱਗ ਹੁੰਦੇ ਹਨ।"
- **ਜੀ. ਐੱਚ. ਮੀਡ.** "ਸਮਾਜ ਪਹਿਲਾਂ ਤੋਂ ਮੌਜੂਦ ਵਿਅਕਤੀਆਂ ਦਾ ਇੱਕਠ ਨਹੀਂ ਹੈ ਪਰ ਇਹ ਪ੍ਰਕਿਰਿਆਤਮਕ ਸੰਬੰਧ ਹੈ। ਜਿਸ ਵਿੱਚ ਵਿਅਕਤੀ ਆਪਣੇ-ਆਪ ਨੂੰ ਸਮਾਜਿਕ ਕਿਰਿਆਵਾਂ ਵਿੱਚ ਸਹਿਯੋਗ ਦੇ ਮਾਧਿਅਮ ਵਿਚਕਾਰ ਪਰਿਭਾਸ਼ਿਤ ਕਰਦਾ ਹੈ।"

ਇਸ ਤਰ੍ਹਾਂ ਸੰਪੂਰਨ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਸਮਾਜ ਸੰਬੰਧਾਂ, ਸੰਸਥਾਵਾਂ ਅਤੇ ਸੰਗਠਨਾ ਨਾਲ਼ ਬਣਦਾ ਹੈ। ਇਸ ਉਹਨਾਂ ਲੋਕਾਂ ਅਤੇ ਵਿਅਕਤੀਆਂ ਵਿੱਚ 'ਅਸੀਂ ਦੀ ਭਾਵਨਾ' ਪੈਦਾ ਕਰਦਾ ਹੈ ਜੋ ਇਕ ਦੂਜੇ 'ਤੇ ਨਿਰਤਰ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

## ਸਮਾਜ ਦੀਆਂ ਕਿਸਮਾਂ

ਵੱਖ-ਵੱਖ ਲੇਖਕਾਂ ਨੇ ਸਮਾਜ ਨੂੰ ਬਹੁਤ ਸਾਰੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੈ। ਇਹ ਸਾਰੇ ਵਿਚਾਰਕ ਸਮਾਜ ਨੂੰ ਮੋਟੇ ਤੌਰ 'ਤੇ ਪੂਰਵ ਉਦਯੋਗੀਕਰਨ ਅਤੇ ਉੱਤਰ ਉਦਯੋਗੀਕਰਨ ਦੇ ਸਮਾਜਾਂ ਵਿੱਚ ਵੰਡਦੇ ਹਨ। ਸਮਾਜ ਸ਼ਾਸਤਰੀ ਕਾਮਤੇ ਨੇ ਬੌਧਿਕ ਵਿਕਾਸ ਦੇ ਆਧਾਰ 'ਤੇ ਸਮਾਜ ਦਾ ਵਰਗੀਕਰਨ ਕੀਤਾ ਹੈ। ਇਸ ਵਰਗੀਕਰਨ ਤੋਂ ਬਾਅਦ ਵਿੱਚ, ਸਮਾਜ ਸ਼ਾਸ਼ਤਰੀ ਆਮ ਤੌਰ 'ਤੇ ਸਮਾਜ ਨੂੰ ਆਦਮ ਜਾਂ ਆਧੁਨਿਕ ਅਤੇ ਅਨਪੜ੍ਹ ਜਾਂ ਪੜ੍ਹੇ ਲਿਖੇ ਸਮਾਜਾਂ ਦੇ ਰੂਪ ਵਿੱਚ ਵੇਖਦੇ ਹਨ। ਇਕ ਨਵੇਂ ਪ੍ਰਕਾਰ ਦੇ ਵਰਗੀਕਰਨ ਦੇ ਆਧਾਰ 'ਤੇ ਸਮਾਜ ਨੂੰ ਖੁੱਲ੍ਹੇ ਅਤੇ ਬੰਦ ਸਮਾਜਾਂ ਵਿੱਚ ਵੰਡਿਆ ਜਾਂਦਾ ਹੈ। ਬੰਦ ਸਮਾਜ ਪੰਰਪਰਾਗਤ, ਸਰਲ ਅਤੇ ਸਰਬ ਸ਼ਕਤੀਮਾਨ ਹੁੰਦੇ ਹਨ ਅਤੇ ਪਰਿਵਰਤਨ ਦਾ ਵਿਰੋਧ ਕਰਦੇ ਹਨ। ਜਦੋਂ ਕਿ ਇਕ ਖੁੱਲ੍ਹਾ ਸਮਾਜ ਪਰਿਵਰਤਨ ਨੂੰ ਸਵੀਕਾਰ ਕਰਦਾ ਹੈ।




ਉਪਰੋਕਤ ਤਸਵੀਰ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜਾਂ ਦਾ ਵਰਗੀਕਰਨ ਸਮਾਜਿਕ ਵਿਕਾਸ (ਮਾਰਗਨ), ਬੌਧਿਕ ਵਿਕਾਸ (ਕਾਮਤੇ), ਸੰਰਚਨਾਤਮਕ ਜਟਿਲਤਾ ਦੀ ਮਾਤਰਾ (ਸਪੈਂਸਰ), ਸਮਾਜਿਕ ਸੰਬੰਧਾਂ ਦੇ ਪ੍ਰਕਾਰ (ਟੌਨਿਸ) ਅਤੇ ਏਕਤਾ ਦੀਆਂ ਕਿਸਮਾਂ (ਦੁਰਖ਼ੀਮ) ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ।

## ਸਮਾਜ ਦੀਆਂ ਵਿਸ਼ੇਸ਼ਤਾਵਾਂ

1. **ਸਮਾਜ ਅਮੂਰਤ ਹੈ :** ਅਸੀਂ ਸਾਰੇ ਜਾਣਦੇ ਹਾਂ ਕਿ ਸਮਾਜ ਸਾਡੇ ਤੋਂ ਬਾਹਰੀ ਹੈ ਅਤੇ ਸਾਡੇ ਵਿਵਹਾਰ, ਚਿੰਤਨ ਅਤੇ ਕਿਰਿਆਵਾਂ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰੰਤੂ ਕੀ ਤੁਸੀਂ ਕਦੇ ਸਮਾਜ ਨੂੰ ਵੇਖਿਆ ਹੈ? ਸੰਭਵ ਇਸਦਾ ਜਵਾਬ ਨਹੀਂ ਹੀ ਹੋਵੇਗਾ ਜਿਵੇਂ ਕਿ ਪਹਿਲਾਂ ਵਿਆਖਿਆ ਕੀਤੀ ਗਈ ਹੈ ਕਿ ਸਮਾਜ ਸੰਬੰਧਾਂ ਦਾ ਜਾਲ ਹੈ। ਸਮਾਜਿਕ ਸੰਬੰਧ ਅਦ੍ਰਿਸ਼ ਹੁੰਦੇ ਹਨ ਅਤੇ ਅਸੀਂ ਸਾਰੇ ਇਕ ਤਰ੍ਹਾਂ ਨਾਲ਼ ਜਾਂ ਕਿਸੇ ਹੋਰ ਤਰ੍ਹਾਂ ਨਾਲ਼ ਸਮਾਜਿਕ ਸੰਬੰਧਾਂ ਨਾਲ਼ ਬੱਝੇ ਹੋਏ ਹਾਂ। ਅਸੀਂ ਇਹਨਾਂ ਸੰਬੰਧਾਂ ਨੂੰ ਦੇਖ ਜਾਂ ਛੂਹ ਨਹੀਂ ਸਕਦੇ ਪ੍ਰੰਤੂ ਅਸੀਂ ਇਹਨਾਂ ਦੀ ਮੌਜੂਦਗੀ ਨੂੰ ਮਹਿਸੂਸ ਕਰ ਸਕਦੇ ਹਾਂ। ਇਸ ਦੇ ਇਲਾਵਾ ਸਮਾਜ ਪ੍ਰਥਾਵਾਂ, ਪੰਰਪਰਾਵਾਂ, ਲੋਕਰੀਤੀਆਂ



Downloaded from https:// www.studiestoday.com

Downloaded from https:// www.studiestoday.com

ਰੂੜ੍ਹੀਆਂ ਅਤੇ ਸੱਭਿਆਚਾਰ ਤੋਂ ਬਣਦਾ ਹੈ ਜੋ ਕਿ ਅਮੂਰਤ ਹੁੰਦਾ ਹੈ, ਇਸ ਲਈ ਸਮਾਜ ਇਕ ਅਮੂਰਤ ਵਰਤਾਰਾ ਹੈ।

2. **ਸਮਾਜ ਵਿੱਚ ਸਮਾਨਤਾ ਪਾਈ ਜਾਂਦੀ ਹੈ :** ਸਮਾਜ ਮੈਂਬਰਾਂ ਦੇ ਨਾਲ਼ ਬਣਦਾ ਹੈ, ਜਿਸ ਵਿੱਚ ਹੋਰ ਪੱਧਰਾਂ ਤੇ ਭੇਦਭਾਵ ਹੋਣ ਦੇ ਬਾਵਜੂਦ ਕੁਝ ਹੱਦ ਤੱਕ ਮਾਨਸਿਕ ਸਮਾਨਤਾ ਪਾਈ ਜਾਂਦੀ ਹੈ। ਉਹ ਬਹੁਤ ਹੱਦ ਤੱਕ ਇਕੋ ਜਿਹਾ ਅਨੁਭਵ ਕਰਦੇ, ਇਕੋ ਜਿਹੀ ਕਿਰਿਆ ਕਰਦੇ ਅਤੇ ਇਕੋ ਜਿਹਾ ਸੋਚਦੇ ਹਨ। ਸਮਾਨਤਾ ਦੀ ਭਾਵਨਾ ਤੋਂ ਬਿਨ੍ਹਾਂ ਸੰਬੰਧਿਤਤਾ ਦੀ ਭਾਵਨਾ' ਨਹੀਂ ਹੋ ਸਕਦੀ ਅਤੇ ਨਾ ਹੀ ਸਮਾਜ। ਉਦਾਰਹਨ ਦੇ ਤੌਰ 'ਤੇ ਅਸੀਂ ਸਾਰੇ ਭਾਰਤ ਦੇ ਲਈ ਸਮਾਨ ਭਾਵਨਾਵਾਂ ਰੱਖਦੇ ਹਾਂ ਅਤੇ ਸੱਭਿਆਚਾਰਕ ਅਤੇ ਧਾਰਮਿਕ ਭਿੰਨਤਾਵਾਂ ਦੇ ਬਾਵਜੂਦ 'ਸੁਤੰਤਰਤਾ ਦਿਵਸ' ਤੇ ਆਪਣੇ ਰਾਸ਼ਟਰੀ ਝੰਡੇ ਨੂੰ ਇਕ ਸਮਾਨ ਢੰਗ ਨਾਲ਼ ਲਹਿਰਾਉਂਦੇ ਹਾਂ ਅਤੇ ਪ੍ਰਣਾਮ ਕਰਦੇ ਹਾਂ। 'ਅਸੀਂ', 'ਸਾਨੂੰ', ਅਤੇ 'ਸਾਡੇ' ਉਹ ਸੰਕਲਪ ਹਨ, ਜੋ ਵਿਚਾਰਾਂ ਦੀ ਸਮਾਨਤਾ ਦੀ ਵਿਆਖਿਆ ਕਰਦੇ ਹਨ। ਇਕ ਸਮਾਜ ਵਿੱਚ ਸਮਰੂਪਤਾ ਅਤੇ ਸਮਾਨਤਾ ਭਿੰਨਤਾ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਭਾਵੇਂ ਕਿ ਦੋਵੇਂ ਹੀ ਸਮਾਜ ਦਾ ਅਨਿੱਖੜਵਾਂ ਅੰਗ ਹਨ।

3. **ਸਮਾਜ ਵਿੱਚ ਵਿਭਿੰਨਤਾ ਪਾਈ ਜਾਂਦੀ ਹੈ :** ਕੀ ਤੁਸੀਂ ਆਪਣੇ ਮਾਪਿਆਂ ਅਤੇ ਸੰਬੰਧੀਆਂ ਨੂੰ ਇਕੋ ਜਿਹੀ ਮਹੱਤਤਾ ਦਿੰਦੇ ਹੋ ? ਕੀ ਇਕ ਸਮਾਜ ਦੇ ਸਾਰੇ ਮੈਂਬਰਾਂ ਦੇ ਵਿਚਕਾਰ ਇਕੋ ਜਿਹੀ ਰੁਚੀ ਅਤੇ ਪਸੰਦ ਪਾਈ ਜਾਂਦੀ ਹੈ ? ਸਪਸ਼ਟ ਹੈ ਕਿ ਅਜਿਹਾ ਨਹੀਂ ਹੁੰਦਾ। ਸਮਾਜ ਦੇ ਮੈਂਬਰ ਆਪਣੀ ਪਸੰਦ, ਰੁਚੀ, ਭਾਵਨਾਵਾਂ, ਸੰਸਕ੍ਰਿਤੀ ਅਤੇ ਹੋਰ ਅਨੇਕਾਂ ਆਧਾਰਾਂ ਤੇ ਇਕ ਦੂਜੇ ਨਾਲ਼ੋਂ ਭਿੰਨ ਹੁੰਦੇ ਹਨ। ਇਸਦਾ ਅਰਥ ਇਹ ਹੈ ਕਿ ਸਮਾਜ ਵਿੱਚ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ, ਜੋ ਸਮਾਜ ਦੇ ਮੈਂਬਰਾਂ ਵਿੱਚ ਸੁਭਾਵਿਕ ਰੂਪ ਵਿੱਚ ਹੁੰਦੀਆਂ ਹਨ, ਅਤੇ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹਿੰਦੀਆਂ ਹਨ। ਇਥੋਂ ਤੱਕ ਕਿ ਜੁੜਵਾਂ ਬੱਚੇ ਵੀ ਪ੍ਰਕਿਰਤਿਕ ਰੁਚੀ, ਯੋਗਤਾਵਾਂ ਵਿੱਚ ਸੁਭਾਵਿਕ ਰੂਪ ਨਾਲ਼ ਇਕ ਦੂਸਰੇ ਤੋਂ ਭਿੰਨ ਹੁੰਦੇ ਹਨ। ਸਮਾਜਿਕ ਸੰਬੰਧਾਂ ਦੇ ਜਾਲ ਦੇ ਰੂਪ ਵਿੱਚ ਸਮਾਜ ਉਹਨਾਂ ਭਿੰਨਤਾਵਾਂ ਨੂੰ ਸ਼ਾਮਿਲ ਕਰਦੇ ਹਨ, ਜੋ ਸਮਾਜ ਵਿੱਚ ਅੰਤਰ ਕਿਰਿਆ ਕਰ ਰਹੇ ਮੈਂਬਰਾਂ ਦੇ ਵਿਚਕਾਰ ਪਾਈਆਂ ਜਾਂਦੀਆਂ ਹਨ। ਭਾਵੇਂ ਕਿ ਭਿੰਨਤਾਵਾਂ ਸਮਾਜ ਦੇ ਲਈ ਜ਼ਰੂਰੀ ਹਨ, ਪਰ ਹਮੇਸ਼ਾ ਭਿੰਨਤਾਵਾਂ ਦੇ ਆਧਾਰ 'ਤੇ ਸਮਾਜ ਨਿਰਮਤ ਨਹੀਂ ਹੁੰਦਾ। ਇਸ ਲਈ ਭਿੰਨਤਾ ਸਮਾਨਤਾ ਦੇ ਅਧੀਨ ਹੁੰਦੀ ਹੈ

4. **ਸਹਿਯੋਗ ਅਤੇ ਸੰਘਰਸ਼ ਸਮਾਜ ਦੇ ਅਟੁੱਟ ਅੰਗ ਹਨ :** ਸਹਿਯੋਗ ਅਤੇ ਸੰਘਰਸ਼ ਮਨੁੱਖੀ ਸਮਾਜ ਦੇ ਸੁਭਾਵਿਕ ਤੱਤ ਹਨ। ਸਮਾਜ ਦੇ ਮੈਂਬਰ ਭਿੰਨਤਾਵਾਂ 'ਤੇ ਧਿਆਨ ਦਿੱਤੇ ਬਿਨਾਂ, ਸਮਾਜ ਦੀਆਂ ਸੰਸਥਾਵਾਂ ਨੂੰ ਸੰਚਾਲਿਤ ਕਰਨ ਦੇ ਲਈ ਸਹਿਯੋਗ ਕਰਦੇ ਹਨ। ਇਕ ਇੱਕਲਾ ਵਿਅਕਤੀ ਆਪਣੀਆਂ ਜ਼ਰੂਰਤਾਵਾਂ ਨੂੰ ਪੂਰਾ ਨਹੀਂ ਕਰ ਸਕਦਾ। ਇਕ ਆਰਾਮਦਾਇਕ ਅਤੇ ਸ਼ਾਂਤੀ ਪੂਰਨ ਜੀਵਨ ਜੀਉਣ ਦੇ ਲਈ ਵਿਅਕਤੀ ਨੂੰ ਹੋਰ ਲੋਕਾਂ ਨਾਲ਼ ਸਹਿਯੋਗ ਕਰਨਾ



Downloaded from https:// www.studiestoday.com

Downloaded from https:// www.studiestoday.com

ਪੈਂਦਾ ਹੈ। ਉਦਾਹਰਨ ਦੇ ਲਈ, ਇਕ ਸਮਾਜ ਵਿੱਚ ਖੇਤੀ ਉਤਪਾਦਨ ਪ੍ਰਕਿਰਿਆ ਵਿੱਚ ਲੱਗੇ ਲੋਕ ਆਪਸ ਵਿੱਚ ਅੰਤਰ ਕਿਰਿਆ ਕਰਦੇ ਹਨ ਜਿਸ ਨਾਲ਼ ਸਮਾਜਿਕ ਸੰਬੰਧਾਂ ਦੀ ਇਕ ਸੰਰਚਨਾ ਨਿਰਮਤ ਹੁੰਦੀ ਹੈ। ਅਨਾਜ ਦੇ ਉਤਪਾਦਨ ਦੇ ਲਈ ਕਿਸਾਨ, ਖੇਤ ਮਜ਼ਦੂਰ, ਕਰਜ਼ ਅਤੇ ਬਾਜ਼ਾਰ ਸੰਸਥਾਵਾਂ ਦੇ ਵਿਚਕਾਰ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਇੱਕ ਪਿੰਡ ਵਿੱਚ ਰਹਿਣ ਵਾਲ਼ੇ ਪਰਿਵਾਰ ਇੱਕ ਦੂਜੇ ਨਾਲ਼ ਸਹਿਯੋਗ ਕਰਦੇ ਹਨ ਅਤੇ ਆਪਣੀਆਂ ਸਮਸਿਆਵਾਂ ਨੂੰ ਹੱਲ ਕਰਦੇ ਹਨ। ਇਸ ਨਾਲ਼ ਹੀ ਇਕ ਸਮਾਜ ਦੇ ਮੈਂਬਰਾਂ ਵਿੱਚਕਾਰ ਪਾਏ ਜਾਣ ਵਾਲੇ ਸੰਘਰਸ਼ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਸੰਘਰਸ਼ ਇੱਕ ਪ੍ਰਕਿਰਿਆ ਹੈ ਜਿਸਦਾ ਅਰਥ ਅਸਹਿਮਤੀ ਹੁੰਦਾ ਹੈ ਅਤੇ ਇਹ ਸਾਰੇ ਸਮਾਜਾਂ ਵਿੱਚ ਪਾਈ ਜਾਂਦੀ ਹੈ। ਇਸਦੇ ਸਹਿਯੋਗ ਦੇ ਨਾਲ਼ ਸੰਬੰਧ ਅੰਤਰਿਕ ਹੁੰਦੇ ਹਨ, ਅਜਿਹਾ ਲੱਗਦਾ ਹੈ ਕਿ ਸੰਘਰਸ਼ ਦਾ ਅਹਿਸਾਸ ਲੋਕਾਂ ਨੂੰ ਸਮਾਜ ਦੇ ਵਿਕਾਸ ਅਤੇ ਸਥਿਰਤਾ ਨੂੰ ਬਣਾਈ ਰੱਖਣ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਸਹਿਯੋਗ ਕਰਨ ਲਈ ਪ੍ਰੇਰਿਤ ਕਰਦਾ ਹੈ। ਸੰਘਰਸ਼ ਸਮਾਜ ਦੇ ਸੁਚਾਰੂ ਤਾਲਮੇਲ ਨਾਲ਼ ਸੰਚਾਲਨ ਦੇ ਲਈ ਬਦਲ ਲੱਭਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦਾ ਹੈ, ਨਹੀਂ ਤਾਂ ਸਮਾਜ ਕਿਰਿਆਹੀਣ ਹੋ ਸਕਦਾ ਹੈ ਇਸ ਲਈ ਸਹਿਯੋਗ ਅਤੇ ਸੰਘਰਸ਼ ਇਕ ਦੂਜੇ ਦੇ ਨਾਲ਼ ਰਹਿੰਦੇ ਹਨ ਅਤੇ ਇਹ ਸਮਾਜ ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ ਹਨ।

5. **ਸਮਾਜ ਵਿੱਚ ਸਤਰੀਕਰਨ ਦੀ ਪ੍ਰਣਾਲੀ ਪਾਈ ਜਾਂਦੀ ਹੈ :** ਹਰੇਕ ਸਮਾਜ ਵਿੱਚ ਇਕ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਲੋਕਾਂ ਨੂੰ ਉੱਚੇ ਅਤੇ ਨੀਵੇਂ ਸਤਰ ਵਿੱਚ ਵੰਡਦੀ ਹੈ। ਸਾਰੇ ਸਮਾਜਾਂ ਵਿੱਚ ਭਿੰਨ-ਭਿੰਨ ਸ਼੍ਰੇਣੀਆਂ ਪਾਈਆਂ ਜਾਂਦੀਆਂ ਹਨ, ਜੋ ਲੋਕਾਂ ਨੂੰ ਧਨ, ਪ੍ਰਸਥਿਤੀ ਅਤੇ ਸ਼ਕਤੀ ਦੇ ਅਧਾਰ 'ਤੇ ਵੰਡਦੀਆਂ ਹਨ। ਸਮਾਜਿਕ ਸਤਰੀਕਰਨ ਪਦਾਰਥਕ, ਪ੍ਰਤੀਕਾਤਮਕ ਅਹੁਦਿਆਂ ਅਤੇ ਸ਼ਕਤੀ ਦੇ ਅਧਾਰ 'ਤੇ ਸਮਾਜਿਕ ਸਮੂਹਾਂ ਵਿੱਚ ਵੱਖਰਤਾਵਾਂ ਦਾ ਨਾਮ ਹੈ।

6. **ਸਮਾਜ ਗਤੀਸ਼ੀਲ ਹੈ :** ਸਮਾਜ ਦੀ ਪ੍ਰਕਿਰਤੀ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੁੰਦੀ ਹੈ। ਸਮਾਜ ਸਥਿਰ ਨਹੀਂ ਹੈ। ਪਰਿਵਰਤਨ ਹਮੇਸ਼ਾ ਸਮਾਜ ਵਿੱਚ ਪਾਇਆ ਜਾਂਦਾ ਹੈ। ਕੋਈ ਵੀ ਸਮਾਜ ਲੰਮੇ ਸਮੇਂ ਦੇ ਲਈ ਸਥਿਰ ਨਹੀਂ ਰਹਿ ਸਕਦਾ। ਪੁਰਾਣੀਆਂ ਪ੍ਰਥਾਵਾਂ, ਪੰਰਪਰਾਵਾਂ, ਲੋਕ-ਰੀਤੀਆਂ, ਰੁੜ੍ਹੀਆਂ, ਮੁੱਲ ਅਤੇ ਸੰਸਥਾਵਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਉਹਨਾਂ ਦਾ ਸਥਾਨ ਨਵੀਂਆਂ ਪ੍ਰਥਾਵਾਂ ਅਤੇ ਮੁੱਲ ਲੈ ਲੈਂਦੇ ਹਨ। ਨਵੀਆਂ ਪ੍ਰਥਾਵਾਂ ਅਤੇ ਕੀਮਤਾਂ ਇਹਨਾਂ ਦੀ ਥਾਂ ਲੈਂਦੀਆਂ ਹਨ। ਸਮਾਜ ਪਰੰਪਰਾਗਤ ਤੋਂ ਆਧੁਨਿਕ ਰੂਪ ਵਿੱਚ ਬਦਲ ਜਾਂਦਾ ਹੈ। ਪਰਿਵਰਤਨ ਹੌਲ਼ੀ-ਹੌਲ਼ੀ ਜਾਂ ਅਚਾਨਕ ਹੋ ਸਕਦਾ ਹੈ। ਇਹ ਅੰਸ਼ਕ ਜਾਂ ਸੰਪੂਰਨ ਰੂਪ ਵਿੱਚ ਹੋ ਸਕਦਾ ਹੈ। ਮਨੁੱਖੀ ਸਮਾਜ ਦੀ ਇੱਕ ਅੰਤਰਿਕ ਵਿਸ਼ੇਸ਼ਤਾ ਦੇ ਰੂਪ ਵਿੱਚ ਪਰਿਵਰਤਨਸ਼ੀਲਤਾ ਜ਼ਿਆਦਾ ਮਹੱਤਵਪੂਰਣ ਜਾਂ ਘੱਟ ਮਹੱਤਵਪੂਰਣ ਹੋ ਸਕਦੀ ਹੈ।



Downloaded from https:// www.studiestoday.com

Downloaded from https:// www.studiestoday.com

7. **ਸਮਾਜ ਸੰਗਠਿਤ ਹੈ :** ਸਮਾਜ ਇੱਕ ਸੰਗਠਿਤ ਪ੍ਰਣਾਲੀ ਹੈ। ਇਸ ਵਿੱਚ ਕੁਝ ਨਿਸ਼ਚਿਤ ਨਿਯਮ ਅਤੇ ਵਿਵਹਾਰ ਹੁੰਦੇ ਹਨ। ਜਿਨ੍ਹਾਂ ਦਾ ਹਰੇਕ ਮੈਂਬਰ ਪਾਲਣ ਕਰਦਾ ਹੈ। ਨਿਯਮ ਅਤੇ ਨਿਸ਼ਚਿਤ ਪ੍ਰਤਿਮਾਨ ਸਮਾਜ ਦੇ ਭਿੰਨ-ਭਿੰਨ ਭਾਗਾਂ ਦਾ ਸੰਚਾਲਨ ਕਰਨ ਵਿੱਚ ਸਹਾਇਤਾ ਕਰਦੇ ਹਨ। ਇਸ ਪ੍ਰਕਾਰ ਦਾ ਸਹਿਯੋਗ ਅਤੇ ਸੰਗਠਿਤ ਸੰਚਾਲਨ ਬਹੁਤ ਜ਼ਰੂਰੀ ਹੈ ਤਾਂ ਕਿ ਕਿਸੇ ਵੀ ਪੱਧਰ ਤੇ ਕੰਮ ਨਾ ਰੁਕੇ।

### ਗਤੀਵਿਧੀ-3.1

- ਸਹਿਯੋਗ ਦਾ ਉਦਾਹਰਨ ਦਿਓ ਜੋ ਤੁਸੀਂ ਆਪਣੀ ਪਰਿਵਾਰਕ ਵਿਵਸਥਾ ਵਿੱਚ ਦੇਖਦੇ ਹੋ।
- ਕੀ ਤੁਸੀਂ ਸੋਚਦੇ ਹੋ ਕਿ ਪੀੜ੍ਹੀ-ਅੰਤਰ ਸੰਘਰਸ਼ ਨੂੰ ਪੈਦਾ ਕਰਦਾ ਹੈ।

### ਗਤੀਵਿਧੀ-3.2

- ਸਾਡੇ ਸਮਾਜਾਂ ਵਿੱਚ ਕਈ ਸਾਲਾਂ ਤੋਂ ਹੋ ਰਹੇ ਪਰਿਵਰਤਨਾਂ ਦੇ ਬਾਰੇ ਵਿੱਚ ਆਪਣੇ ਬਜ਼ੁਰਗਾਂ ਜਾਂ ਦਾਦਾ-ਦਾਦੀ ਤੋਂ ਪਤਾ ਕਰੋ।
- ਭਿੰਨ-ਭਿੰਨ ਸਮਾਜਾਂ ਦੇ ਵਿਚਕਾਰ ਪਾਈਆਂ ਜਾਣ ਵਾਲੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ 'ਤੇ ਕਲਾਸ ਵਿੱਚ ਆਪਣੇ ਅਧਿਆਪਕ ਨਾਲ਼ ਵਿਚਾਰ-ਵਟਾਂਦਰਾ ਕਰੋ। ਇਸਦੇ ਕਾਰਨ ਪਤਾ ਕਰੋ ਅਤੇ ਇਨ੍ਹਾਂ ਦੀ ਸੂਚੀ ਬਣਾਓ।

### ਗਤੀਵਿਧੀ-3.3

- ਪੰਜਾਬੀ ਸਮਾਜ ਦੇ ਸਾਹਮਣੇ ਦਰਪੇਸ਼ ਚੁਣੌਤੀਆਂ ਦੀ ਇੱਕ ਸੂਚੀ ਬਣਾਓ।

## ਵਿਅਕਤੀ ਅਤੇ ਸਮਾਜ

ਵਿਅਕਤੀ ਜੈਵਿਕ ਇਕਾਈ ਹੀ ਨਹੀਂ ਸਗੋਂ ਇਕ ਸਮਾਜਿਕ ਪ੍ਰਾਣੀ ਵੀ ਹੈ। ਵਿਅਕਤੀਆਂ ਦੇ ਰੂਪ ਵਿੱਚ, ਅਸੀਂ ਹਮੇਸ਼ਾ ਸਮੂਹਾਂ ਦੇ ਮੈਂਬਰ ਹੁੰਦੇ ਹਾਂ ਕਿਉਂਕਿ ਕੋਈ ਵਿਅਕਤੀ ਲੰਬੇ ਸਮੇਂ ਤੱਕ ਇੱਕਲਾ ਨਹੀਂ ਰਹਿ ਸਕਦਾ। ਵਿਅਕਤੀ ਨੂੰ, ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਆਪਣੇ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦੂਸਰਿਆਂ ਦੀ ਜ਼ਰੂਰਤ ਹੁੰਦੀ ਹੈ। ਹਰੇਕ ਵਿਅਕਤੀ ਵਿੱਚ ਦੂਸਰਿਆਂ ਦੇ



Downloaded from https:// www.studiestoday.com

Downloaded from https:// www.studiestoday.com

ਨਾਲ਼ ਅੰਤਰ ਕਿਰਿਆ ਕਰਦੇ ਹੋਏ ਜੀਵਨ ਜੀਉਣ ਦੀ ਤੇਜ਼ ਇੱਛਾ ਹੁੰਦੀ ਹੈ। ਹਰੇਕ ਵਿਅਕਤੀ ਜਿਉਣ ਲਈ ਜੀਵਨ ਵਿੱਚ ਦੂਸਰਿਆਂ ਨਾਲ਼ ਅੰਤਰ ਕਿਰਿਆ ਕਰਦਾ ਹੈ। ਆਪਣੀ ਹੋਂਦ ਅਤੇ ਜਿਉਂਦੇ ਰਹਿਣ ਲਈ ਵਿਅਕਤੀ ਨੂੰ ਸਮਾਜ ਅਤੇ ਦੂਸਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ।

ਸਮਾਜ, ਇਕ ਉਤਪਾਦ ਦੇ ਰੂਪ ਵਿੱਚ, ਆਪਣੇ ਵਿਕਾਸ ਲਈ ਇਕ ਅਨੁਕੂਲ ਮੌਕਾ ਪ੍ਰਦਾਨ ਕਰਦਾ ਹੈ। ਇਕ ਸਮਰੱਥ ਅਤੇ ਵਿਵਿਧਤਾ ਪੂਰਨ ਸਮਾਜਿਕ ਜੀਵਨ ਵਿਅਕਤੀ ਨੂੰ, ਨਾ ਕੇਵਲ ਆਪਣੇ ਵਿਅਕਤੀਤਵ ਨੂੰ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਸਗੋਂ ਸਮਾਜ ਦੇ ਨਾਲ਼ ਇੱਕਠੇ ਵਿਚਰਨ ਦਾ ਮੌਕਾ ਵੀ ਦਿੰਦਾ ਹੈ। ਸਮਾਜ ਦੇ ਇੱਕ ਅਟੁੱਟ ਅੰਗ ਦੇ ਰੂਪ ਵਿੱਚ ਕਿਸੇ ਵਿਅਕਤੀ ਦੀਆਂ ਮਾਨਤਾਵਾਂ, ਦ੍ਰਿਸ਼ਟੀ ਕੋਣ ਅਤੇ ਵਿਚਾਰ ਉਸਨੂੰ ਸਮਾਜ ਅਤੇ ਸਮਾਜ ਦੇ ਦੂਸਰੇ ਮੈਂਬਰਾਂ ਦੇ ਨਾਲ਼ ਸੰਬੰਧਿਤ ਕਰਦੇ ਹਨ। ਪੀਟਰ ਬਰਜਰ ਦੇ ਅਨੁਸਾਰ, 'ਸਮਾਜ ਕੇਵਲ ਵਿਅਕਤੀ ਦੀਆਂ ਗਤੀਵਿਧੀਆਂ ਨੂੰ ਹੀ ਨਿਯੰਤਰਿਤ ਨਹੀਂ ਕਰਦਾ ਸਗੋਂ ਇਕ ਵਿਅਕਤੀ ਦੀ ਪਹਿਚਾਣ, ਵਿਚਾਰ ਅਤੇ ਭਾਵਨਾਵਾਂ ਨੂੰ ਵੀ ਅਕਾਰ ਦਿੰਦਾ ਹੈ।' ਜਿਸ ਭਾਸ਼ਾ ਦਾ ਅਸੀਂ ਪ੍ਰਯੋਗ ਕਰਦੇ ਹਾਂ, ਜਿਵੇਂ – ਅਸੀਂ ਕੱਪੜੇ ਪਾਉਂਦੇ ਹਾਂ, ਜਿਵੇਂ ਭੋਜਨ ਖਾਂਦੇ ਹਾਂ ਅਤੇ ਜਿਨ੍ਹਾਂ ਮਨੋਰੰਜਨ ਗਤੀਵਿਧੀਆਂ ਦਾ ਅਸੀਂ ਆਨੰਦ ਲੈਂਦੇ ਹਾਂ, ਸਾਰੀਆਂ ਸਮਾਜ ਤੋਂ ਹੀ ਉਤਪੰਨ ਹੋਈਆਂ ਹਨ। ਇਸ ਲਈ ਭਾਵਨਾਤਮਕ ਵਿਚਾਰ, ਬੌਧਿਕ ਪਰਿਪੱਕਤਾ ਅਤੇ ਆਤਮ ਨਿਪੁੰਨਤਾ ਕੇਵਲ ਸਮਾਜ ਵਿੱਚ ਹੀ ਸੰਭਵ ਹੈ।

ਵਿਅਕਤੀਆਂ ਅਤੇ ਸਮਾਜ ਦੇ ਵਿਚਕਾਰ ਸੰਬੰਧਾਂ ਦੇ ਵਿਸ਼ੇ ਵਿੱਚ ਅਨੇਕ ਮੱਤ ਹਨ। ਇਮਾਇਲ ਦੁਰਖ਼ੀਮ ਦੇ ਅਨੁਸਾਰ 'ਸਮਾਜ ਦੀ ਹੋਂਦ ਸਾਡੇ ਤੋਂ ਬਾਹਰ ਹੁੰਦੀ ਹੈ, ਇਹ ਸਾਡੇ ਸਮੁੱਚੇ ਜੀਵਨ ਦਾ ਇਕ ਹਿੱਸਾ ਹੈ। ਸਮਾਜਿਕ ਸੰਸਥਾਵਾਂ ਸਾਡੀਆਂ ਕਿਰਿਆਵਾਂ ਅਤੇ ਸਾਡੀਆਂ ਉਮੀਦਾਂ ਨੂੰ ਅਕਾਰ ਦਿੰਦੀਆਂ ਹਨ। ਸਮਾਜ ਦੀ ਸੰਰਚਨਾ ਸਾਡੀ ਚੇਤਨਾ ਦੀ ਸੰਰਚਨਾ ਬਣ ਜਾਂਦੀ ਹੈ।'

**ਸਮਾਜ ਦੇ ਲਈ ਵਿਅਕਤੀ ਦਾ ਮਹੱਤਵ:** ਸਮਾਜ ਦੀ ਸੰਰਚਨਾ ਲਈ ਮੈਂਬਰਾਂ ਦੀ ਹੋਂਦ ਇਕ ਬੁਨਿਆਦੀ ਜ਼ਰੂਰਤ ਹੈ। ਮੈਂਬਰਾਂ ਤੋਂ ਬਿਨਾ ਸਮਾਜ ਨਹੀਂ ਬਣ ਸਕਦਾ। ਇਸ ਸ਼ਰਤ ਦੇ ਕਾਰਨ ਸਮਾਜ ਦੇ ਨਿਰਮਾਣ ਲਈ ਵਿਅਕਤੀਆਂ ਨੂੰ ਮੁੱਢਲਾ ਮਹੱਤਵ ਦਿੱਤਾ ਜਾਂਦਾ ਹੈ।

**ਵਿਅਕਤੀ ਦੇ ਲਈ ਸਮਾਜ ਦਾ ਮਹੱਤਵ :** ਜਿਸ ਤਰ੍ਹਾਂ ਵਿਅਕਤੀ ਸਮਾਜ ਦੇ ਲਈ ਬਹੁਤ ਮਹੱਤਵ ਰੱਖਦਾ ਹੈ, ਉਸੇ ਤਰ੍ਹਾਂ ਸਮਾਜ ਵੀ ਵਿਅਕਤੀ ਦੇ ਲਈ ਮਹੱਤਵਪੂਰਨ ਹੁੰਦਾ ਹੈ।

**ਜਿਉਂਦੇ ਰਹਿਣਾ:** ਹਰੇਕ ਵਿਅਕਤੀ ਨੂੰ ਆਪਣੇ ਅਸਤਿੱਤਵ ਅਤੇ ਜ਼ਰੂਰਤਾਂ ਦੀ ਪੂਰਤੀ ਦੇ ਲਈ ਸਮਾਜ ਦੀ ਜ਼ਰੂਰਤ ਹੁੰਦੀ ਹੈ।

**ਸਿੱਖਣਾ :** ਹਰੇਕ ਵਿਅਕਤੀ ਸਮਾਜ ਵਿੱਚ ਰਹਿ ਕੇ ਪ੍ਰਤਿਮਾਨ, ਮੁੱਲ ਅਤੇ ਵਿਵਹਾਰ ਦੇ ਤਰੀਕੇ ਸਿੱਖਦਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਜਨਮ ਤੋਂ ਹੀ ਆਰੰਭ ਹੁੰਦੀ ਹੈ ਅਤੇ ਜੀਵਨ ਦੇ ਭਿੰਨ-ਭਿੰਨ ਪੜਾਵਾਂ ਤੱਕ ਜਾਰੀ ਰਹਿੰਦੀ ਹੈ।



Downloaded from https:// www.studiestoday.com

Downloaded from https:// www.studiestoday.com

**ਸਮਾਜਿਕ ਉਤਪਾਦ** : ਜਨਮ ਦੇ ਸਮੇਂ ਮਨੁੱਖ ਜੈਵਿਕ ਇਕਾਈਆਂ ਹੁੰਦੇ ਹਨ ਪਰ ਸਮਾਜ ਦਾ ਹਿੱਸਾ ਬਣ ਕੇ ਉਹ ਸਮਾਜਿਕ ਪ੍ਰਾਣੀ ਬਣ ਜਾਂਦੇ ਹਨ। ਸਮਾਜ ਦੀਆਂ ਸਾਰੀਆਂ ਪੰਰਪਰਾਵਾਂ ਅਤੇ ਰੀਤੀ-ਰਿਵਾਜਾਂ ਨੂੰ ਸਿੱਖਣ ਲਈ ਵਿਅਕਤੀ ਦੇ ਜੀਵਨ ਵਿੱਚ ਸਮਾਜ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

**ਸ੍ਵੈ ਦਾ ਵਿਕਾਸ** : ਸਮਾਜ ਵਿੱਚ ਰਹਿੰਦੇ ਹੋਏ ਸ੍ਵੈ ਦਾ ਵਿਕਾਸ ਹੁੰਦਾ ਹੈ, ਕਿਉਂਕਿ ਇਕ ਵਿਅਕਤੀ ਆਪਣੀਆਂ ਅਤੇ ਦੂਜਿਆਂ ਦੀਆਂ ਪ੍ਰਸਥਿਤੀਆਂ ਅਤੇ ਭੂਮਿਕਾਵਾਂ ਦੇ ਸੰਬੰਧ ਵਿੱਚ ਚੇਤੰਨ ਹੋ ਜਾਂਦਾ ਹੈ। ਕੋਈ ਵੀ ਵਿਅਕਤੀ ਇਕੱਲੇ ਰਹਿੰਦੇ ਹੋਏ ਵਿਅਕਤੀਤਵ ਅਤੇ ਆਤਮ/ਸਵੈ ਦਾ ਵਿਕਾਸ ਨਹੀਂ ਕਰ ਸਕਦਾ। ਕੈਸਪਰ ਹੋਸਰ ਅਤੇ ਅੰਨਾ, ਜੋ ਕਿ ਸਮਾਜ ਤੋਂ ਦੂਰ ਰਹੇ, ਦੇ ਉਦਾਹਰਨ ਤੋਂ ਸਪਸ਼ਟ ਹੈ ਕਿ ਸਮਾਜ ਦੇ ਬਿਨਾਂ ਮਨ ਅਤੇ ਆਤਮ ਦਾ ਵਿਕਾਸ ਅਸੰਭਵ ਹੈ। ਵਿਅਕਤੀ ਵਿਸ਼ਾਲ ਸਮਾਜ ਦਾ ਇੱਕ ਹਿੱਸਾ ਹੈ ਅਤੇ ਸਮਾਜ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਸਮਾਜ ਦਾ ਹਿੱਸਾ ਬਣਨ 'ਤੇ ਹੀ ਕਿਸੇ ਵਿਅਕਤੀ ਵਿੱਚ ਵਿਅਕਤੀਵਾਦ ਅਤੇ ਸਮੂਹਿਕਤਾ ਦਾ ਵਿਕਾਸ ਇਕੋ ਸਮੇਂ ਹੁੰਦਾ ਹੈ।

**ਬਕਸਾ-1**

**ਵਿਅਕਤੀ ਦੇ ਵਿਕਾਸ ਵਿੱਚ ਸਮਾਜ ਦੇ ਮਹੱਤਵ ਨੂੰ ਦਰਸਾਉਣ ਵਾਲ਼ੇ ਉਦਾਹਰਨ :**

- ਕੈਸਪਰ ਹੌਸਰ ਇਕ ਜਰਮਨ ਨੌਜਵਾਨ ਸੀ, ਜੋ ਇਕ ਵੱਖਰੇ ਹਨੇਰੇ ਕਮਰੇ ਵਿੱਚ ਵਿੱਚ ਪਲਿਆ ਸੀ ਅਤੇ 1828 ਵਿੱਚ ਨੂਰਮਬਰਗ ਦੀਆਂ ਗਲ਼ੀਆਂ ਵਿੱਚ ਘੁੰਮਦਾ ਹੋਇਆ ਮਿਲ਼ਿਆ ਸੀ। ਉਸਦੀ ਉਮਰ ਲਗਭਗ 18 ਸਾਲ ਸੀ। ਉਹ ਮੁਸ਼ਕਿਲ ਨਾਲ਼ ਹੀ ਚੱਲ ਜਾਂ ਬੋਲ ਸਕਦਾ ਸੀ ਅਤੇ ਉਸਦਾ ਮਾਨਸਿਕ ਵਿਕਾਸ ਵੀ ਪੂਰਾ ਨਹੀਂ ਹੋਇਆ ਸੀ। ਇਸਦਾ ਕਾਰਨ ਇਹ ਸੀ ਕਿ ਉਹ ਮਨੁੱਖੀ ਸਮਾਜ ਦਾ ਹਿੱਸਾ ਨਹੀਂ ਸੀ ਅਤੇ ਇਸ ਲਈ ਉਹ ਦੂਜੇ ਸਾਧਾਰਨ ਵਿਅਕਤੀ ਦੀ ਤਰ੍ਹਾਂ ਵਿਕਸਿਤ ਨਹੀਂ ਹੋ ਸਕਿਆ ਸੀ।
- ਇਕ ਦੂਜਾ ਉਦਾਹਰਨ ਇਕ ਅਵੈਧ ਬੱਚੀ ਅੰਨਾ ਦਾ ਹੈ ਜੋ ਕਿ ਇੱਕ ਛੋਟੇ, ਹਨੇਰੇ ਕਮਰੇ ਤੱਕ ਹੀ ਸੀਮਿਤ ਸੀ ਅਤੇ ਆਪਣੇ ਜੀਵਨ ਦੇ ਪਹਿਲੇ 5 ਸਾਲਾਂ ਵਿੱਚ ਉਹ ਕੇਵਲ ਦੁੱਧ ਤੇ ਹੀ ਜਿਉਂਦੀ ਸੀ ਅਤੇ ਉਸਨੂੰ ਸਾਰੇ ਮਾਨਵੀ ਸੰਪਰਕਾਂ ਤੋਂ ਦੂਰ ਰੱਖਿਆ ਗਿਆ। 5 ਸਾਲ ਦੀ ਉਮਰ ਵਿੱਚ ਜਦੋਂ ਉਸਨੂੰ ਮੁਕਤ ਕਰਵਾਇਆ ਗਿਆ ਅਤੇ ਉਸ ਵਿੱਚ 5 ਸਾਲ ਦੀ ਬੱਚੀ ਦੀਆਂ ਕੇਵਲ ਕੁਝ ਵਿਸ਼ੇਸ਼ਤਾਵਾਂ ਹੀ ਸਨ। ਉਹ ਨਾ ਚੱਲ ਸਕਦੀ ਸੀ, ਨਾ ਬੋਲ ਸਕਦੀ ਸੀ ਅਤੇ ਉਹ ਆਪਣੇ ਆਲ਼ੇ-ਦੁਆਲ਼ੇ ਮੌਜੂਦ ਲੋਕਾਂ ਦੇ ਪ੍ਰਤੀ ਉਦਾਸੀਨ ਅਤੇ ਅਣਜਾਣ ਸੀ।

ਉਪਰੋਕਤ ਉਦਾਹਰਨ ਸਮਾਜ ਦੇ ਮਹੱਤਵ ਉੱਤੇ ਰੋਸ਼ਨੀ ਪਾਉਂਦੇ ਹਨ। ਇੱਕ ਸਮਾਜ ਦੇ ਵਿੱਚ ਹੀ ਇੱਕ ਵਿਅਕਤੀ ਆਪਣੇ ਵਿਅਕਤੀਤਵ ਅਤੇ ਸ਼ਖ਼ਸੀਅਤ ਦਾ ਵਿਕਾਸ ਕਰ ਸਕਦਾ ਹੈ। ਸਮਾਜ ਇੱਕ ਵਿਅਕਤੀ ਨੂੰ ਉਸਦੀ ਸਮਾਜਿਕ ਵਿਰਾਸਤ ਦਿੰਦਾ ਹੈ ਜੋ ਉਸਦੀ ਸ਼ਖ਼ਸੀਅਤ ਨੂੰ ਨਿਰਧਾਰਿਤ ਕਰਦੀ ਅਤੇ ਅਕਾਰ ਦਿੰਦੀ ਹੈ।



Downloaded from https:// www.studiestoday.com

Downloaded from https:// www.studiestoday.com

ਇਸ ਤਰ੍ਹਾਂ ਹਰੇਕ ਵਿਅਕਤੀ ਖਾਸ/ਵਿਸ਼ੇਸ਼ ਹੈ f ਵਿਅਕਤੀਵਾਦ ਵਿਅਕਤੀ ਨੂੰ ਪ੍ਰਕਿਰਤੀ ਤੋਂ ਵਿਰਾਸਤ ਵਿੱਚ ਮਿਲਿਆ ਹੈ, ਭਾਵੇਂ ਸਮੂਹਿਕਤਾ ਸਮਾਜ ਦਾ ਉਪਹਾਰ ਹੈ। ਵਿਅਕਤੀ ਅਤੇ ਸਮਾਜ ਵਿੱਚ ਸੰਬੰਧ ਕੇਵਲ ਭੌਤਿਕ ਜਾਂ ਕਾਰਜਾਤਮਕ ਨਹੀਂ ਹਨ। ਸਗੋਂ ਸਮੱਗਰ ਹੁੰਦੇ ਹਨ। ਸਮਾਜ ਸਾਨੂੰ ਵਿਕਲਪ ਅਤੇ ਅਵਸਰ ਦੇ ਨਾਲ਼-ਨਾਲ਼ ਸਿੱਖਣ ਦਾ ਖੇਤਰ ਵੀ ਪ੍ਰਦਾਨ ਕਰਦਾ ਹੈ, ਜੋ ਵਿਕਸਿਤ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਉਭਰਨ ਵਿੱਚ ਸਾਡੀ ਮੱਦਦ ਕਰਦਾ ਹੈ।

**ਸਮੁਦਾਇ :** ਸਮੁਦਾਇ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਕਮਿਊਨਿਟੀ ਦਾ ਸਮਾਨਰਥੀ ਸ਼ਬਦ ਹੈ। ਇਹ ਸਹਿਚਾਰਤਾ ਜਾਂ ਸੰਗਠਿਤ ਸਮਾਜ ਜਿਹੜਾ ਕਿ ਸਾਂਝੀਵਾਲਤਾ ਦੇ ਸੰਕਲਪ ’ਤੇ ਅਧਾਰਿਤ ਹੈ ਜਿਸ ਦਾ ਅਰਥ ਵਸਤੂਆਂ ਦੀ ਸਾਂਝ ਤੇ ਵੰਡ ਹੈ, ਲਈ ਵਿਆਪਕ ਤਕਨੀਕੀ ਸ਼ਬਦ ਹੈ।




ਸਮੁਦਾਇ ਕਿਸੇ ਵੀ ਅਕਾਰ ਦਾ ਇੱਕ ਸਮਾਜਿਕ ਸਮੂਹ ਹੈ ਜਿਸਦੇ ਮੈਂਬਰ ਇੱਕ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਨਿਵਾਸ ਕਰਦੇ ਹਨ। ਆਮ ਤੌਰ ’ਤੇ ਇੱਕ ਸਰਕਾਰ, ਇੱਕ ਸੱਭਿਆਚਾਰਿਕ ਅਤੇ ਇਤਿਹਾਸਿਕ ਵਿਰਾਸਤ ਨੂੰ ਸਾਂਝਾ ਕਰਦੇ ਹਨ। ਸਮੁਦਾਇ ਤੋਂ ਭਾਵ ਉਹਨਾਂ ਲੋਕਾਂ ਦੇ ਇੱਕ ਸਮੂਹ ਤੋਂ ਵੀ ਲਿਆ ਜਾਂਦਾ ਹੈ, ਜੋ ਇੱਕ ਤਰ੍ਹਾਂ ਦੇ ਕਾਰਜ ਜਾਂ ਗਤੀਵਿਧੀਆਂ ਵਿੱਚ ਸ਼ਾਮਿਲ ਰਹਿੰਦੇ ਹਨ ਜਿਵੇਂ ਨਸਲਵਾਦੀ ਸਮੁਦਾਇ, ਧਾਰਮਿਕ ਸਮੁਦਾਇ, ਇੱਕ ਰਾਸ਼ਟਰੀ ਸਮੁਦਾਇ, ਇੱਕ ਜਾਤੀ ਸਮੁਦਾਇ ਜਾਂ ਇੱਕ ਭਾਸ਼ਾਈ ਸਮੁਦਾਇ ਆਦਿ। ਇਸ ਅਰਥ ਵਿੱਚ ਇਹ ਸਮਾਨ ਵਿਸ਼ੇਸ਼ਤਾਵਾਂ ਜਾਂ ਪੱਖਾਂ ਵਾਲ਼ੇ ਇੱਕ ਸਮਾਜਿਕ, ਧਾਰਮਿਕ ਜਾਂ ਵਿਵਸਾਇਕ ਸਮੂਹ ਦੀ ਅਗਵਾਈ ਕਰਦਾ ਹੈ ਅਤੇ ਵਿਸ਼ਾਲ ਸਮਾਜ, ਜਿਸ ਵਿੱਚ ਉਹ ਰਹਿੰਦਾ ਹੈ, ਤੋਂ ਆਪਣੇ ਆਪ ਨੂੰ ਕੁੱਝ ਵੱਖਰਾ ਪ੍ਰਦਰਸ਼ਿਤ ਕਰਦਾ ਹੈ। ਇਸ ਤਰ੍ਹਾਂ ਸਮੁਦਾਇ ਦਾ ਅਰਥ ਇਕ ਵਿਸ਼ਾਲ ਖੇਤਰ ਵਿੱਚ ਫੈਲੇ ਲੋਕਾਂ ਤੋਂ ਹੈ ਜੋ ਇੱਕ ਜਾਂ ਦੂਜੇ ਢੰਗ ਦੀਆਂ ਸਮਾਨਤਾਵਾਂ ਦੀ ਸਾਂਝ ਰੱਖਦੇ ਹਨ। ਉਦਾਹਰਨ ਦੇ ਲਈ ਅੰਤਰ ਰਾਸ਼ਟਰੀ ਸਮੁਦਾਇ ਜਾਂ ਐੱਨ.ਆਰ. ਆਈ. ਸਮੁਦਾਇ ਵਰਗੇ ਸ਼ਬਦ ਸਮਾਨ ਵਿਸ਼ੇਸ਼ਤਾਵਾਂ ਤੋਂ ਬਣੇ ਕੁੱਝ ਸਪਸ਼ਟ ਸਮੂਹਾਂ ਦੇ ਰੂਪ ਵਿੱਚ ਸਾਹਿਤ ਵਿੱਚ ਵਰਤੇ ਜਾਂਦੇ ਹਨ।

ਸਮਾਜ ਸ਼ਾਸ਼ਤਰੀ ਸਾਹਿਤ ਵਿੱਚ ਸਮੁਦਾਇ ਦਾ ਅਰਥ ਜੰਨਸੰਖਿਆ ਆਵਾਸ ਨਾਲ਼ ਹੈ, ਜਿਵੇਂ ਪੇਂਡੂ ਸਮੁਦਾਇ ਜਾਂ ਸ਼ਹਿਰੀ ਸਮੁਦਾਇ। ਅਜਿਹੇ ਆਵਾਸਾਂ ਵਿੱਚ ਰਹਿਣ ਵਾਲ਼ੀ ਜਨਸੰਖਿਆ ਦੇ ਵਿਚਕਾਰ ਸਮਾਜਿਕ ਸੰਬੰਧਾਂ ਦਾ ਨੈੱਟਵਰਕ/ਜਾਲ ਜੋ ਇੱਕ ਵਿਸ਼ੇਸ਼ ਭੂਗੋਲਿਕ ਖੇਤਰ ਜਾਂ ਸਥਿਤੀ ਵਿੱਚ ਉਹਨਾਂ ਦੇ ਜੀਵਨ ਦੇ ਵਿਸ਼ੇਸ਼ ਤਰੀਕਿਆਂ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਸਮੁਦਾਇ ਦੀ ਧਾਰਨਾ ਤੋਂ ਭਾਵ ਇੱਕ ਨਿਸ਼ਚਿਤ ਭੂਗੋਲਿਕ ਖੇਤਰ ਵਿੱਚ ਰਹਿਣ ਵਾਲ਼ੇ ਲੋਕਾਂ ਦੇ ਸਮੂਹ ਤੋਂ ਹੈ ਜਿਨ੍ਹਾ ਵਿੱਚ ਸਮਾਨ ਜੀਵਨ ਸ਼ੈਲੀ ਦੀ ਸਾਂਝ ਹੁੰਦੀ ਹੈ। ਇੰਟਰਨੈੱਟ ਯੁੱਗ ਦੇ ਆਗਮਨ ਦੇ ਬਾਅਦ ਸਮੁਦਾਇ ਦੀ



Downloaded from https:// www.studiestoday.com

Downloaded from https:// www.studiestoday.com

ਧਾਰਨਾ ਵਿੱਚ ਭੂਗੋਲਿਕ ਖੇਤਰ ਦਾ ਮਹੱਤਵ ਘੱਟ ਹੋ ਗਿਆ ਹੈ, ਹੁਣ ਲੋਕ ਬਿੰਬ ਸਮੁਦਾਇ ਦਾ ਨਿਰਮਾਣ ਕਰਨ ਲੱਗੇ ਹਨ। ਜਿੱਥੇ ਉਹ ਭੌਤਿਕ ਸਥਾਨ ਦੀ ਬਜਾਇ ਆਨਲਾਈਨ ਮਿਲ਼ਦੇ ਹਨ ਅਤੇ ਸਮਾਨ ਹਿੱਤਾਂ ਨੂੰ ਸਾਂਝਾ ਕਰਦੇ ਹਨ। ਆਧੁਨਿਕ ਵਿਸ਼ਵ ਵਿੱਚ ਕਬੀਲਿਆਂ ਨੂੰ ਛੱਡ ਕੇ ਕੇਵਲ ਕੁਝ ਥਾਵਾਂ ਉੱਤੇ ਭੂਗੋਲਿਕ ਪਰਿਸਥਿਤੀਆਂ ਦਾ ਮਹੱਤਵ ਰਹਿ ਗਿਆ ਹੈ ਜੋ ਕਿ ਆਪਣੀ ਵਿਸ਼ੇਸ਼ ਸੱਭਿਆਚਾਰ ਅਤੇ ਪਛਾਣ ਨੂੰ ਬਣਾਈ ਰੱਖਦੇ ਹਨ, ਜਿਵੇਂ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ।

ਸਮੁਦਾਇ ਦੀ ਧਾਰਨਾ ਨੂੰ ਕਈ ਵਾਰ ਵਾਤਾਵਰਨਿਕ ਜਾਂ ਜੈਵਿਕ ਇਕਾਈ ਆਖਿਆ ਜਾਂਦਾ ਹੈ। ਇਹ ਆਮ ਤੌਰ 'ਤੇ ਉਹਨਾਂ ਦੇ ਰਹਿਣ ਦੀ ਨਜ਼ਦੀਕੀ, ਨਿੱਜੀ ਵਿਅਕਤੀਗਤ ਸੰਪਰਕ, ਰੁਚੀਆਂ, ਪ੍ਰੰਪਰਾਵਾਂ ਅਤੇ ਪ੍ਰਥਾਵਾਂ ਦੀ ਅੰਤਰ-ਸੰਬੰਧਿਤਤਾ ਦੇ ਕਾਰਨ ਹੁੰਦੀਆਂ ਹਨ ਜੋ ਅਪਣੱਤ/ਸਾਂਝਾ ਦਾ ਆਧਾਰ ਬਣਦੀਆਂ ਹਨ। ਇਸ ਕਾਰਨ ਸਮਾਜ ਸ਼ਾਸ਼ਤਰੀ ਦ੍ਰਿਸ਼ਟੀ ਨਾਲ਼ ਸਮੁਦਾਇ ਦਾ ਸੰਬੰਧ ਅਸੀਂ/ਸਾਡੇ ਨਾਲ਼ ਹੈ, ਮੈਂ/ਮੇਰੇ ਨਾਲ਼ ਨਹੀਂ। ਉਦਾਹਰਨ ਦੇ ਲਈ ਅਸੀਂ ਕਹਿੰਦੇ ਹਾਂ ਸਾਡਾ ਪਿੰਡ, ਸਾਡਾ ਧਰਮ, ਸਾਡਾ ਦੇਸ਼ ਨਾ ਕਿ ਮੇਰਾ ਪਿੰਡ, ਮੇਰਾ ਧਰਮ ਜਾਂ ਮੇਰਾ ਦੇਸ਼ ਆਦਿ। ਇਹਨਾਂ ਅਰਥ ਵਿੱਚ ਸਮੁਦਾਇ ਕੇਵਲ ਇਕ ਭੂਗੋਲਿਕ ਵਿਚਾਰ ਨਹੀਂ ਹੈ। ਇਹ ਇਕ ਖੇਤਰ ਦੇ ਵਿੱਚ ਰਹਿਣ ਵਾਲ਼ੇ ਲੋਕਾਂ ਵਿਚਲੇ ਸੰਬੰਧਾਂ ਨੂੰ ਪ੍ਰਗਟ ਕਰਦਾ ਹੈ ਜਿੰਨ੍ਹਾਂ ਵਿਚ ਆਪਣੀ ਗਹਿਰੀ ਅੰਤਰ ਕਿਰਿਆ, ਸੰਚਾਰ, ਸੰਪਰਕ, ਸੰਗਠਨ ਅਤੇ ਸਹਿਮਤੀ ਪਾਈ ਜਾਂਦੀ ਹੈ। ਨਤੀਜੇ ਵਜੋਂ ਇਕ ਸਮੁਦਾਇ ਦੇ ਮੈਂਬਰਾਂ ਵਿੱਚ ਕੁਝ ਮਾਤਰਾ ਵਿੱਚ ਸਮਾਨ ਚੇਤਨਾ ਤੇ ਪਹਿਚਾਣ ਪਾਈ ਜਾਂਦੀ ਹੈ। ਮੈਕਾਈਵਰ ਨੇ ਸਮੁਦਾਇ ਨੂੰ ਸਾਧਾਰਨ ਜੀਵਨ ਦੇ ਇਕ ਖੇਤਰ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਹੈ, ਜੋ ਇਕ ਪਿੰਡ, ਕਸਬਾ, ਦੇਸ਼ ਜਾਂ ਇਕ ਵਿਸ਼ਾਲ ਖੇਤਰ ਹੋ ਸਕਦਾ ਹੈ। ਇਹ ਇਕ ਆਤਮ ਨਿਰਭਰ ਸਮੂਹ ਹੈ ਜਿਸ ਵਿੱਚ ਲੋਕ ਨਾ ਕੇਵਲ ਬਹੁਤ ਸਾਰੇ ਵਿਸ਼ੇਸ਼ ਹਿੱਤਾਂ ਨੂੰ ਸਾਂਝਾ ਕਰਦੇ ਹਨ, ਸਗੋਂ ਜੀਵਨ ਦੇ ਬੁਨਿਆਦੀ ਹਾਲਾਤਾਂ ਨੂੰ ਵੀ ਸਾਂਝਾ ਕਰਦੇ ਹਨ। ਇਸ ਲਈ ਇਕ ਸਮੁਦਾਇ ਅਜਿਹੇ ਲੋਕਾਂ ਦਾ ਸਮੂਹ ਹੈ ਜੋ ਇਕ ਭੂਗੋਲਿਕ ਖੇਤਰ ਵਿਚ ਰਹਿੰਦੇ ਹਨ ਅਤੇ ਸਾਧਾਰਨ ਜੀਵਨ ਬਤੀਤ ਕਰ ਰਹੇ ਹਨ।

ਉਪਰੋਕਤ ਚਰਚਾ ਦੇ ਆਧਾਰ ਤੇ ਸਮੁਦਾਇ ਨੂੰ ਕਈ ਤਰੀਕਿਆਂ ਨਾਲ਼ ਸਮਝਿਆ ਜਾ ਸਕਦਾ ਹੈ।

- ਇਕ ਨਿਸ਼ਚਿਤ ਭੂਗੋਲਿਕ ਖੇਤਰ ਵਿਚ ਰਹਿਣ ਵਾਲ਼ੇ ਲੋਕ ਜਿਨ੍ਹਾਂ ਵਿਚ ਉਦੇਸਾਂ ਦੀ ਸਾਂਝ, ਸਮਾਜਿਕ ਸੰਬੰਧਾਂ ਦੀ ਅਲੱਗ ਪ੍ਰਕਿਰਤੀ ਅਤੇ ਜੀਵਨ ਜੀਉਣ ਦੀ ਇਕ ਵਿਸ਼ੇਸ਼ ਸ਼ੈਲੀ ਹੋਵੇ ਨੂੰ ਸਮੁਦਾਇ ਕਿਹਾ ਜਾਂਦਾ ਹੈ। ਪੇਂਡੂ ਅਤੇ ਕਬੀਲਾ ਸਮੁਦਾਇ ਇਸ ਦੇ ਉਦਾਹਰਨ ਹਨ। ਇੱਥੇ ਸਮੁਦਾਇ ਦੇ ਵਾਤਾਵਰਣਿਕ ਜਾਂ ਖੇਤਰੀ ਚਰਿੱਤਰ ਉੱਤੇ ਜ਼ੋਰ ਦਿੱਤਾ ਗਿਆ ਹੈ।
- ਅੰਤਰ-ਕਿਰਿਆ ਅਤੇ ਸੰਚਾਰ ਦੇ ਕਾਰਨ ਲੋਕਾਂ ਵਿਚ ਕੁਝ ਮਾਤਰਾ ਵਿਚ ਉਤਪੰਨ ਆਪਸੀ, ਸੰਗਠਨ ਅਤੇ ਸਹਿਮਤੀ ਨਾਲ਼ ਸਮੁਦਾਇ ਬਣਦਾ ਹੈ। ਇਸ ਵਿਚ ਸਮਾਨ ਚੇਤਨਾ ਅਤੇ ਪਹਿਚਾਣ ਪਾਈ ਜਾਂਦੀ ਹੈ। ਜੈਨ ਸਮੁਦਾਇ, ਸਿੱਖ ਸਮੁਦਾਇ ਆਦਿ ਅਜਿਹੇ ਸਮੁਦਾਇ ਦੇ ਉਦਾਹਰਨ ਹਨ। ਸਮੁਦਾਇ ਨੂੰ ਸਮਝਣ ਦਾ ਇਹ ਤਰੀਕਾ ਸੰਬੰਧਾਂ ਉੱਤੇ ਜ਼ੋਰ ਦਿੰਦਾ ਹੈ।



Downloaded from https:// www.studiestoday.com

Downloaded from https:// www.studiestoday.com

- ਆਧੁਨਿਕ ਸੰਸਾਰ ਵਿੱਚ ਸਮੁਦਾਇ ਦੀ ਭੂਗੋਲਿਕ ਪ੍ਰਕਿਰਿਆ ਦੀ ਵਿਸ਼ੇਸ਼ਤਾ ਨੂੰ ਘੱਟ ਮਹੱਤਵ ਦਿੱਤਾ ਜਾਂਦਾ ਹੈ। ਸਮੁਦਾਇ ਨੂੰ ਇਕ ਸਮਾਜਿਕ ਪ੍ਰਣਾਲੀ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ ਜੋ ਸਮਾਨ ਹਿੱਤਾਂ ਵਾਲ਼ੇ ਵਿਅਕਤੀਆਂ ਦਾ ਇੱਕ ਆਤਮ ਨਿਰਭਰ ਸਮੂਹ ਹੀ ਨਹੀਂ ਹੈ ਸਗੋਂ ਅਜਿਹਾ ਸਮੂਹ ਹੈ, ਜਿਸ ਵਿਚ ਅਨੇਕਤਾ, ਆਤਮ ਹਿੱਤ ਅਤੇ ਪਰਿਵਰਤਨ ਸ਼ਾਮਿਲ ਹੁੰਦਾ ਹੈ। ਇੱਕ ਵਿਸ਼ਾਲ ਸਮਾਜ ਦੇ ਇਕ ਭਾਗ ਦੇ ਰੂਪ ਵਿੱਚ ਲੋਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਏਕਤਾ ਅਤੇ ਅਖੰਡਤਾ ਪ੍ਰਾਪਤ ਕਰਦੇ ਹਨ। ਭਾਵੇਂ ਉਦੇਸ਼ ਅਤੇ ਸਾਧਨ ਅਲੱਗ-ਅਲੱਗ ਹਨ, ਉਹਨਾਂ ਦੇ ਹਿੱਤ ਅਲੱਗ-ਅਲੱਗ ਹਨ ਪਰ ਦੂਜਿਆਂ ਦੇ ਉੱਚਿਤ ਸਹਿਯੋਗ ਨਾਲ਼ ਹੀ ਇਹਨਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਵਪਾਰ ਸਮੁਦਾਇ, ਚਿਕਿਤਸਾ ਸਮੁਦਾਇ ਅਤੇ ਅਜਿਹੇ ਹੀ ਦੂਜੇ ਸਮੁਦਾਵਾਂ ਵਿੱਚ ਦੇਖਿਆ ਗਿਆ ਹੈ।

ਇਸ ਤਰ੍ਹਾਂ ਅਸੀਂ ਸਮੁਦਾਇ ਦੀ ਪਰਿਭਾਸ਼ਾ ਨੂੰ ਖੇਤਰੀ ਚਰਿੱਤਰ ਦੀ ਭਾਵਨਾ ਅਤੇ ਅਸੀਂ ਦੀ ਭਾਵਨਾ ਤੱਕ ਸੀਮਿਤ ਰੱਖਣ ਦੀ ਬਜਾਏ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਨਿਰਧਾਰਤ ਕਰਨ ਵਾਲ਼ੇ ਸਮਾਜਿਕ ਸੰਬੰਧਾਂ ਦਾ ਇਕ ਜਾਲ ਕਹਿ ਸਕਦੇ ਹਾਂ, ਜੋ ਉਹਨਾਂ ਦੀਆਂ ਸਾਰੀਆਂ ਭਿੰਨਤਾਵਾਂ ਦੇ ਨਾਲ ਸਮਾਨ ਚੇਤਨਾ ਅਤੇ ਸਾਂਝੀ ਪਹਿਚਾਣ ਦੀ ਭਾਵਨਾ ਨੂੰ ਵਧਾਉਂਦਾ ਹੈ।

## ਸਮੁਦਾਇ ਦੇ ਤੱਤ




1. ਸਮੁਦਾਇ ਨੂੰ ਇਕ ਵਿਸ਼ੇਸ਼ ਸਮਾਜਿਕ ਸੰਰਚਨਾ ਨਾਲ਼ ਸੰਬੰਧਿਤ ਹੋਣ ਦੀ ਭਾਵਨਾ ਜਾਂ ਸਮੁਦਾਇਕ ਭਾਵਨਾ ਰੱਖਣ ਵਾਲ਼ੇ ਲੋਕਾਂ ਦਾ ਸਾਂਝਾ ਸਮੁਦਾਇ ਕਿਹਾ ਜਾ ਸਕਦਾ ਹੈ।
2. ਇਕ ਸਮੁਦਾਇ ਦੀ ਪ੍ਰਤੀਦਿਨ ਦੀਆਂ ਗਤੀਵਿਧੀਆਂ-ਕਾਰਜ ਤੇ ਗ਼ੈਰ-ਕਾਰਜ ਆਤਮ ਨਿਰਭਰ ਭੂਗੋਲਿਕ ਖੇਤਰ ਦੇ ਵਿਚਕਾਰ ਹੁੰਦੀਆਂ ਹਨ।



Downloaded from https:// www.studiestoday.com

Downloaded from https:// www.studiestoday.com

## ਸਮੁਦਾਇ ਦੀਆਂ ਵਿਸ਼ੇਸ਼ਤਾਵਾਂ

ਮੈਕਾਈਵਰ ਅਤੇ ਪੇਜ (1949) ਨੇ ਸਮੁਦਾਇ ਦੇ ਦੋ ਮਹੱਤਵਪੂਰਨ ਅਧਾਰ ਸਥਾਨਿਕਤਾ (ਭੂਗੋਲਿਕ ਖੇਤਰ) ਅਤੇ ਸਮੁਦਾਇਕ ਭਾਵਨਾ ਬਣਾਏ ਹਨ। ਇਹਨਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

1. **ਲੋਕਾਂ ਦਾ ਸਮੂਹ :** ਸਮੁਦਾਇ ਲੋਕਾਂ ਦਾ ਇਕ ਸਮੂਹ ਹੈ ਜੋ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਸਮਾਨ ਹਿੱਤਾਂ ਨੂੰ ਸਾਂਝਾ ਕਰਨ ਦੇ ਕਾਰਨ ਇਕ ਵਿਸ਼ੇਸ਼ ਕਾਰਜ ਵਿਚ ਆਪਣੇ-ਆਪ ਨੂੰ ਸ਼ਾਮਿਲ ਰੱਖਦੇ ਹਨ।
2. **ਭੂਗੋਲਿਕ ਖੇਤਰ ਜਾਂ ਸਥਾਨਿਕਤਾ :** ਸਮਾਜਿਕ ਏਕਤਾ ਦਾ ਬੰਧਨ ਜੋ ਸਮੁਦਾਇ ਦੇ ਮੈਂਬਰਾਂ ਵਿੱਚ ਹੁੰਦਾ ਹੈ, ਉਹ ਉਹਨਾਂ ਨੂੰ ਆਪਣੇ ਸਥਾਨਿਕ ਜਾਂ ਭੂਗੋਲਿਕ ਖੇਤਰ ਤੋਂ ਪ੍ਰਾਪਤ ਹੁੰਦਾ ਹੈ। ਇਕ ਸਮੁਦਾਇ ਦੇ ਮੈਂਬਰ ਇਕ ਹੀ ਭੌਤਿਕ ਸਥਾਨ ਉੱਤੇ ਰਹਿੰਦੇ ਹਨ, ਜੋ ਸਮਾਨ ਹਿੱਤਾਂ ਦੇ ਨਾਲ਼ ਭੌਤਿਕ ਨੇੜਤਾ ਰਾਹੀਂ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ। ਜਦੋਂ ਕਿ ਇਕ ਵਾਸਤਵਿਕ ਸਮੁਦਾਇ ਬਣਾਉਣ ਦੇ ਲਈ ਨਿਵਾਸੀਆਂ ਵਿੱਚ ਇਕਜੁਟਤਾ ਦੀ ਭਾਵਨਾ ਦਾ ਅਹਿਸਾਸ ਅਤੇ ਘੱਟ ਤੋਂ ਘੱਟ ਕੁੱਝ ਨੈਤਿਕ ਕਦਰਾਂ ਕੀਮਤਾਂ ਅਤੇ ਪ੍ਰਤੀਕਾਂ ਵਿੱਚ ਸਾਂਝ ਦਾ ਹੋਣੀ ਜ਼ਰੂਰੀ ਹੈ। ਉਦਾਹਰਨ ਦੇ ਲਈ ਇਕ ਛੋਟੇ ਪਿੰਡ ਵਿੱਚ ਰਹਿਣ ਵਾਲ਼ੇ ਪਰਿਵਾਰਾਂ ਦੇ ਜੀਵਨ ਹੌਲ਼ੀ ਗਤੀ ਦੇ ਨਾਲ਼ ਚੱਲਦੇ ਹੋਣ ਕਾਰਨ ਇਕ ਦੂਜੇ ਦੇ ਨਾਲ਼ ਬੱਝੇ ਹੁੰਦੇ ਹਨ। ਉਹ ਕਹਾਣੀਆਂ, ਚੁਟਕਲੇ, ਦੁੱਖ, ਕਹਾਵਤਾਂ/ਪੌਰਾਣਿਕ ਕਥਾਵਾਂ ਅਤੇ ਅਨੁਭਵਾਂ ਨੂੰ ਸਾਂਝਾ ਕਰਦੇ ਹਨ। ਉਹ ਖ਼ੁਦ ਆਪਣੇ ਨੂੰ ਸਮੂਹਾਂ ਚਲਾਉਂਦੇ ਹਨ ਅਤੇ ਆਪਣੇ ਖੇਤਰ ਦੇ ਆਧਾਰ ਉੱਤੇ ਹੀ ਗਤੀਵਿਧੀਆਂ ਦਾ ਪ੍ਰਬੰਧ ਕਰਦੇ ਹਨ।
3. **ਸਮੁਦਾਇਕ ਚੇਤਨਾ :-**ਸਮੁਦਾਇਕ ਭਾਵਨਾ ਦੇ ਬਿਨਾਂ ਇੱਕ ਸਮੁਦਾਇ ਦਾ ਨਿਰਮਾਣ ਨਹੀਂ ਹੋ ਸਕਦਾ । ਸਮੁਦਾਇਕ ਭਾਵਨਾ 'ਅਸੀਂ ਦੀ ਭਾਵਨਾ' ਜਾਂ ਮੈਂਬਰਾਂ ਦੇ ਵਿਚਕਾਰ ਜ਼ਬਰਦਸਤ ਆਪਸੀ ਭਾਵਨਾ ਨਾਲ਼ ਜੁੜੀ ਹੈ। ਇਸਦਾ ਅਰਥ ਸਧਾਰਨ ਜੀਵਨ ਦੀ ਭਾਵਨਾ ਹੋਣ ਤੋਂ ਹੈ ਜੋ ਇੱਕ ਖੇਤਰ ਦੇ ਮੈਂਬਰਾਂ ਵਿਚਕਾਰ ਸ਼ਾਮਿਲ ਹੁੰਦੀ ਹੈ। ਬਹੁਤ ਲੰਮੇ ਸਮੇਂ ਤੋਂ ਇੱਕ ਖੇਤਰ ਦੇ ਅੰਦਰ ਸਧਾਰਨ ਜੀਵਨ ਜੀਉਣ ਦੇ ਕਾਰਨ ਉਸ ਖੇਤਰ ਦੇ ਮੈਂਬਰਾਂ ਵਿੱਚ ਸਾਧਾਰਨ ਜੀਵਨ ਦੀ ਭਾਵਨਾ ਵਿਕਸਿਤ ਹੋ ਜਾਂਦੀ ਹੈ, ਜਿਸ ਨਾਲ਼ ਮੈਂਬਰ ਆਪਣੇ-ਆਪ ਨੂੰ ਇਕ ਦੂਸਰੇ ਨਾਲ਼ ਭਾਵਨਾਤਮਕ ਰੂਪ ਨਾਲ਼ ਜੁੜਿਆ ਹੋਇਆ ਮਹਿਸੂਸ ਕਰਦੇ ਹਨ। ਮੈਂਬਰਾਂ ਦਾ ਇਹ ਭਾਵਾਤਮਕ ਲਗਾਵ ਉਹਨਾਂ ਨੂੰ ਦੂਜੇ ਸਮੁਦਾਇ ਦੇ ਮੈਂਬਰਾਂ ਤੋਂ ਅਲੱਗ ਕਰਦਾ ਹੈ। ਇਸ ਤਰ੍ਹਾਂ, ਹਰੇਕ ਸਮੁਦਾਇ ਜੀਵਨ ਜੀਉਣ ਦਾ ਇੱਕ ਸਾਂਝਾ ਤਰੀਕਾ ਹੈ। ਉਹ ਸਧਾਰਨ ਪਹਿਚਾਣ, ਪਰਸਪਰਤਾ, ਚੇਤਨਾ ਅਤੇ ਸੰਗਠਨ ਦੀ ਇੱਕ ਮਾਤਰਾ ਨੂੰ



Downloaded from https:// www.studiestoday.com

Downloaded from https:// www.studiestoday.com

ਵਿਆਪਕ ਹੱਦ ਤੱਕ ਸਾਂਝਾ ਕਰਦੇ ਹਨ। ਇਸ ਲਈ, ਇਹ ਸਮਾਨਤਾ, ਜੋ ਸਮੂਹਿਕ ਚੇਤਨਾ ਦਾ ਅਧਾਰ ਹੈ, ਵਿਆਪਕ ਰੂਪ ਨਾਲ਼ ਗਹਿਰੀ ਅੰਤਰ-ਕਿਰਿਆ ਅਤੇ ਸੰਪਰਕਾਂ ਦੇ ਕਾਰਨ, ਇਕ ਸਥਾਨਿਕ ਜਾਂ ਭੂਗੋਲਿਕ ਖੇਤਰ ਵਿੱਚ ਉੱਭਰਦੀ ਹੈ।

4. **ਸਾਂਝਾ ਸੱਭਿਆਚਾਰ :** ਇੱਕ ਸਮੁਦਾਇ ਦਾ ਸਾਰ ਸੰਬੰਧਤਾ ਦੀ ਭਾਵਨਾ, ਸਾਂਝੇ ਹਿੱਤ ਸਾਂਝੇ ਨੈਤਿਕ ਮੁੱਲ ਅਤੇ ਭਾਵਨਾਵਾਂ ਹਨ। ਇਕ ਸਮੁਦਾਇ ਦੇ ਮੈਂਬਰ ਇਕੋ ਜਿਹੀਆਂ ਪਰੰਪਰਾਵਾਂ, ਪ੍ਰਥਾਵਾਂ, ਮੁੱਲਾਂ, ਪ੍ਰਤਿਮਾਨ ਅਤੇ ਜੀਵਨ ਸ਼ੈਲੀ ਨੂੰ ਆਪਸ ਵਿੱਚ ਸਾਂਝਾ ਕਰਦੇ ਹਨ, ਉਹ ਅਨੁਭਵਾਂ ਨੂੰ ਸਾਂਝਾ ਕਰਦੇ ਹਨ ਜਿਨ੍ਹਾਂ ਨਾਲ਼ ਉਹ ਸੰਸਾਰ ਨੂੰ ਸਮਝਦੇ ਹਨ ਜਿਵੇਂ-ਜਿਵੇਂ ਸਮੁਦਾਇ ਦਾ ਆਕਾਰ ਵੱਧਦਾ ਹੈ, ਸਮਾਜਿਕ ਨੈੱਟਵਰਕ ਜਾਂ ਸੰਬੰਧਾਂ ਦੇ ਖੇਤਰ ਦਾ ਵਿਸਥਾਰ ਹੁੰਦਾ ਹੈ ਅਤੇ ਇਸ ਪ੍ਰਕਾਰ ਪੰਰਪਰਾਵਾਂ, ਪ੍ਰਥਾਵਾਂ ਅਤੇ ਦੂਜੇ ਪੱਖਾਂ ਦਾ ਵੀ ਵਿਸਥਾਰ ਹੁੰਦਾ ਹੈ।

5. **ਸੁਭਾਵਿਕਤਾ :** ਸਮੁਦਾਵਾਂ ਦਾ ਸੁਭਾਵਿਕ ਵਿਕਾਸ ਹੁੰਦਾ ਹੈ। ਇਹ ਨਾ ਤਾਂ ਮਨੁੱਖੀ ਇੱਛਾ ਦਾ ਅਤੇ ਨਾ ਹੀ ਸਰਕਾਰ ਦੇ ਕਿਸੇ ਜਤਨ ਦਾ ਨਤੀਜਾ ਹੁੰਦੀਆਂ ਹਨ। ਉਹ ਸੁਭਾਵਿਕ ਰੂਪ ਨਾਲ਼ ਵਿਕਸਿਤ ਹੁੰਦੀ ਹੈ। ਇਕ ਸਮੁਦਾਇ ਆਪਣੇ-ਆਪ ਨੂੰ ਇਕ ਯੋਜਨਾ ਬੱਧ ਤਰੀਕੇ ਜਾਂ ਕਿਸੇ ਦੂਜੇ ਤਰੀਕੇ ਨਾਲ਼ ਨਹੀਂ ਸਗੋਂ ਸੁਭਾਵਿਕ ਤਰੀਕੇ ਨਾਲ਼ ਸਥਾਪਿਤ ਕਰਦੀ ਹੈ। ਇਸ ਦੀ ਉੱਤਪਤੀ ਸੁਭਾਵਿਕ ਹੈ ਅਤੇ ਇਸ ਵਿੱਚ ਮੈਂਬਰਾਂ ਦੇ ਸਮੁੱਚਾ ਜੀਵਨ ਨੂੰ ਸ਼ਾਮਿਲ ਹੁੰਦਾ ਹੈ। ਇਹ ਸੰਖੇਪਕ ਤੌਰ 'ਤੇ ਸਥਿਰ ਅਤੇ ਸਥਾਈ ਹੈ। ਜੀਵਨ ਨੂੰ ਨਿਯੰਤਰਰਿਤ ਕਰਨ ਵਾਲ਼ੇ ਨਿਯਮ ਵੀ ਵਿਵਹਾਰਾਂ, ਲੋਕ-ਰੀਤੀਆਂ, ਪ੍ਰਤਿਮਾਨਾ, ਪ੍ਰਥਾਵਾਂ ਆਦਿ ਦੀ ਪ੍ਰਕਿਰਿਆ ਦੇ ਮਾਧਿਅਮ ਨਾਲ਼ ਸਮੇਂ ਦੇ ਨਾਲ਼ ਸਥਾਪਿਤ ਹੋ ਜਾਂਦੇ ਹਨ।

### ਕਿਰਿਆ 3.4

- ਇੱਕ ਸਮੁਦਾਇ ਵਿੱਚ ਵੈਸਾਖੀ ਅਤੇ ਲੋਹੜੀ ਮਨਾਉਣ ਦੇ ਮਹੱਤਵ ਤੇ ਚਰਚਾ ਕਰੋ।
- ਖੇਤੀਬਾੜੀ ਅਤੇ ਸੱਭਿਆਚਾਰ ਵਿਚਕਾਰ ਗਹਿਰਾ ਸੰਬੰਧ ਹੈ। ਢੁਕਵੇਂ ਉਦਾਹਰਨ ਦੇ ਕੇ ਸਪਸ਼ਟ ਕਰੋ।



Downloaded from https:// www.studiestoday.com

Downloaded from https:// www.studiestoday.com

**ਸਮਾਜ ਅਤੇ ਸਮੁਦਾਇ ਵਿਚਕਾਰ ਭਿੰਨਤਾ :**

| ਸਮਾਜ | ਸਮੁਦਾਇ |
|---|---|
| 1. ਸਮਾਜ ਸਮਾਜਿਕ ਸੰਬੰਧਾਂ ਦਾ ਇਕ ਜਾਲ ਹੈ। | 1. ਸਮੁਦਾਇ 'ਅਸੀਂ' ਦੀ ਭਾਵਨਾ ਦੇ ਨਾਲ਼ ਇਕ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਰਹਿਣ ਵਾਲ਼ੇ ਲੋਕਾਂ ਦਾ ਸਮੂਹ ਹੈ। |
| 2. ਸਮਾਜ ਅਮੂਰਤ ਹੈ। | 2. ਸਮੁਦਾਇ ਮੂਰਤ ਹੈ। |
| 3. ਸਮਾਜ ਦੇ ਲਈ ਇਕ ਨਿਸ਼ਚਿਤ ਭੂਗੋਲਿਕ ਖੇਤਰ ਹੋਣਾ ਜ਼ਰੂਰੀ ਨਹੀਂ ਹੈ। | 3. ਸਮੁਦਾਇ ਇਕ ਖੇਤਰੀ ਇਕਾਈ ਹੈ। |
| 4. ਸਮਾਜ ਵਿਚ ਸਮੁਦਾਇਕ ਭਾਵਨਾਵਾਂ ਹੋ ਵੀ ਸਕਦੀਆਂ ਹਨ ਅਤੇ ਨਹੀਂ ਵੀ। | 4. ਸਮੁਦਾਇਕ ਭਾਵਨਾ ਤੋਂ ਬਿਨਾਂ ਸਮੁਦਾਇ ਦਾ ਨਿਰਮਾਣ ਨਹੀਂ ਹੋ ਸਕਦਾ । |
| 5. ਸਮਾਜ ਇੱਕ ਵਿਸ਼ਾਲ ਇਕਾਈ ਹੈ। ਇੱਕ ਸਮਾਜ ਵਿੱਚ ਇੱਕ ਤੋਂ ਵੱਧ ਸਮੁਦਾਇ ਹੋ ਸਕਦੇ ਹਨ। | 5. ਸਮੁਦਾਇਕ ਸਮਾਜ ਦੀ ਤੁਲਨਾ ਵਿੱਚ ਛੋਟਾ ਹੁੰਦਾ ਹੈ। ਇਹ ਸਮਾਜ ਦਾ ਇਕ ਭਾਗ ਹੈ। |
| 6. ਸਮਾਜ ਵਿਚ ਸਮਾਨਤਾ ਅਤੇ ਭਿੰਨਤਾ ਦੋਵੇਂ ਹੁੰਦੀਆਂ ਹਨ। | 6. ਸਮੁਦਾਇ ਵਿੱਚ ਭਿੰਨਤਾ ਦੀ ਤੁਲਨਾ ਵਿੱਚ ਸਮਾਨਤਾ ਜ਼ਿਆਦਾ ਮਹੱਤਵਪੂਰਨ ਹੈ। |

**ਸਭਾ**

ਇੱਕ ਵਿਸ਼ੇਸ਼ ਉਦੇਸ਼ ਨੂੰ ਪੂਰਾ ਕਰਨ ਲਈ ਜਦੋਂ ਦੋ ਜਾਂ ਦੋ ਤੋਂ ਵੱਧ ਵਿਅਕਤੀ ਇੱਕ ਦੂਜੇ ਨਾਲ਼ ਸਹਿਯੋਗ ਕਰਦੇ ਹਨ ਤਾਂ ਉਸ ਸਮੂਹ ਨੂੰ ਸਭਾ ਦਾ ਨਾਂ ਦਿੱਤਾ ਜਾਂਦਾ ਹੈ। ਇਹ ਇੱਕ ਤਰ੍ਹਾਂ ਦੀ ਸਹਿਯੋਗੀ ਇਕਾਈ ਹੁੰਦੀ ਹੈ ਜਿਸਦਾ ਅਪਣਾ ਸੰਗਠਨ, ਨਿਯਮ ਤੇ ਵਿਨਿਯਮ ਹੁੰਦੇ ਹਨ। ਲੋਕਾਂ ਦੀਆਂ ਭਿੰਨ-ਭਿੰਨ ਜ਼ਰੂਰਤਾਂ, ਇੱਛਾਵਾਂ ਅਤੇ ਹਿੱਤ ਹੁੰਦੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਹੁੰਦਾ ਹੈ ਅਜਿਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਤਿੰਨ ਤਰੀਕੇ ਹਨ। ਪਹਿਲਾ, ਵਿਅਕਤੀ ਦੂਸਰਿਆਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਢੰਗ ਨਾਲ਼ ਸੁਤੰਤਰ ਰੂਪ ਨਾਲ਼ ਕੰਮ ਕਰ ਸਕਦੇ ਹਨ। ਇਹ, ਗ਼ੈਰ -ਸਮਾਜਿਕ ਵਿਧੀ ਹੈ ਅਤੇ ਇਸ ਦੀਆਂ ਕਈ ਸੀਮਾਂਵਾਂ ਹਨ ਦੂਜਾ, ਲੋਕ ਇੱਕ ਦੂਸਰੇ ਨਾਲ਼ ਸੰਘਰਸ਼ ਕਰਕੇ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਨ। ਇਹ ਵੀ ਰਚਨਾਤਮਕ ਦ੍ਰਿਸ਼ਟੀਕੋਣ ਨਹੀਂ ਹੈ। ਤੀਸਰਾ ਲੋਕ ਆਪਣੇ ਉਦੇਸ਼ ਨੂੰ ਸਹਿਯੋਗ ਅਤੇ ਆਪਸੀ ਸਹਾਇਤਾ ਨਾਲ਼ ਪ੍ਰਾਪਤ ਕਰਨ ਦਾ ਯਤਨ ਕਰ ਸਕਦੇ ਹਨ। ਇਹ



Downloaded from https:// www.studiestoday.com

Downloaded from https:// www.studiestoday.com

ਸਹਿਯੋਗ ਸਭਾ ਦੇ ਸਬੰਧ ਵਿੱਚ ਹੈ। ਰਾਜਨੀਤਿਕ ਸਭਾਵਾਂ, ਧਾਰਮਿਕ ਸਭਾਵਾਂ, ਵਿਦਿਆਰਥੀ ਸਭਾਵਾਂ, ਮਜ਼ਦੂਰ ਸਭਾਵਾਂ, ਆਰਥਿਕ ਸਭਾਵਾਂ ਅਤੇ ਅੰਤਰਰਾਸ਼ਟਰੀ ਸਭਾਵਾਂ ਆਦਿ ਸਭਾ ਦੇ ਕੁਝ ਉਦਾਹਰਨ ਹਨ।

ਇਸ ਤਰ੍ਹਾਂ ਇੱਕ ਸਭਾ ਇੱਕ ਵਿਸ਼ੇਸ਼ ਉਦੇਸ਼ ਜਾਂ ਅਨੇਕ ਉਦੇਸ਼ਾਂ ਦੀ ਪੂਰਤੀ ਲਈ ਸੰਗਠਿਤ ਲੋਕਾਂ ਦਾ ਇੱਕ ਸਮੂਹ ਹੈ। ਇੱਕ ਸਭਾ ਦਾ ਨਿਰਮਾਣ ਕਰਨ ਲਈ (ੳ) ਲੋਕਾਂ ਦਾ ਇੱਕ ਸਮੂਹ ਹੋਣਾ ਚਾਹੀਦਾ ਹੈ। (ਅ) ਇਹ ਲੋਕ ਸੰਗਠਿਤ ਹੋਣੇ ਚਾਹੀਦੇ ਹਨ (ੲ) ਉਸਨੂੰ ਅੱਗੇ ਵਧਾਉਂਣ ਲਈ ਇੱਕ ਸਧਾਰਨ ਅਤੇ ਵਿਸ਼ੇਸ਼ ਉਦੇਸ਼ ਹੋਣਾ ਚਾਹੀਦਾ ਹੈ। ਪਰਿਵਾਰ, ਚਰਚ, ਮਜ਼ਦੂਰ ਵਰਗ, ਸੰਗੀਤ ਕਲੱਬ ਸਾਰੇ ਸਭਾ ਦੇ ਉਦਾਹਰਨ ਹਨ।

ਇੱਕ ਵਿਅਕਤੀ ਕ੍ਰਿਕਟ ਸਭਾ ਦਾ, ਇਸਤਰੀਆਂ ਦੀ ਸਭਾ ਦਾ ਮੈਂਬਰ ਅਤੇ ਫੇਸ ਬੁੱਕ ਪ੍ਰਯੋਗ ਕਰਨ ਵਾਲ਼ੀ ਸਭਾ ਦਾ ਮੈਂਬਰ ਹੋ ਸਕਦਾ ਹੈ। ਉਪਰੋਕਤ ਸੰਬੰਧ ਵਿੱਚ ਸਮੁਦਾਇ ਦੀ ਜਗ੍ਹਾ ਸਭਾ ਸ਼ਬਦਾਂ ਦਾ ਪ੍ਰਯੋਗ ਕਿਉਂ ਕੀਤਾ ਗਿਆ ਹੈ, ਇਹ ਸ਼ਬਦ ਉਦੋਂ ਪ੍ਰਯੋਗ ਕੀਤਾ ਜਾਂਦਾ ਹੈ ਜਦੋਂ ਕੋਈ ਵਿਅਕਤੀ ਕਿਸੇ ਵਿਅਕਤੀ ਦੀਆਂ ਗਤੀ ਵਿਧੀਆਂ ਦੇ ਵਿਸ਼ੇ ਵਿੱਚ ਜਾਣਨ ਦਾ ਯਤਨ ਕਰਦਾ ਹੈ। ਆਧੁਨਿਕ ਜਟਿਲ ਸਮਾਜਾਂ ਵਿੱਚ ਸਮੁਦਾਇ  ਸ਼ਬਦ ਦੀ ਤੁਲਨਾ ਵਿੱਚ ਸਭਾ ਸ਼ਬਦ ਦਾ ਪ੍ਰਯੋਗ ਜ਼ਿਆਦਾ ਕੀਤਾ ਜਾਂਦਾ ਹੈ।




ਰਾਜਨੀਤਕ ਸਭਾ




ਮਜਦੂਰ ਸੰਘ

ਅਜਿਹਾ ਕਿਉਂ ਹੈ ? ਕੀ ਸਮਾਜ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੈ ਜਾਂ ਕੁਝ ਹੋਰ ਕਾਰਨ ਹਨ ? ਕੋਈ ਵੀ ਆਪਣੇ ਗੁਣਾਂ ਜਾਂ ਹਿੱਤਾਂ ਦੇ ਆਧਾਰ ਤੇ ਇੱਕ ਸਮੂਹ ਦਾ ਮੈਂਬਰ ਬਣ ਜਾਂਦਾ ਹੈ, ਉਦਾਹਰਨ ਦੇ ਲਈ ਜੇਕਰ ਇੱਕ ਵਿਅਕਤੀ ਨੂੰ ਕ੍ਰਿਕਟ ਜਾਂ ਇਸਤਰੀਆਂ ਦੇ ਵਿਸ਼ੇ ਵਿੱਚ ਰੁਚੀ ਹੈ ਤਾਂ ਉਹ ਤਰਤੀਬ ਵਾਰ ਕ੍ਰਿਕਟ  ਅਤੇ ਮਹਿਲਾ ਸਭਾ ਦਾ ਮੈਂਬਰ ਬਣ ਸਕਦਾ ਹੈ ਅਤੇ ਕੋਈ ਮਹੱਤਵਪੂਰਨ ਸੂਚਨਾਵਾਂ ਇੱਕਠੀਆਂ ਕਰਨ ਜਾਂ ਪੁਰਾਣੇ ਦੋਸਤਾਂ ਨਾਲ਼ ਦੋਬਾਰਾ ਜੁੜਨ ਲਈ ਫੇਸ ਬੁੱਕ



Downloaded from https:// www.studiestoday.com

Downloaded from https:// www.studiestoday.com

ਦੀ ਮੈਂਬਰਸ਼ਿਪ ਗ੍ਰਹਿਣ ਕਰ ਸਕਦਾ ਹੈ। ਇਸ ਲਈ ਸਭਾਵਾਂ ਵਿਅਕਤੀ ਦੇ ਵਿਸ਼ੇਸ਼ ਹਿੱਤਾਂ ਨੂੰ ਵਧਾਉਂਦੀਆਂ ਹਨ।

ਸਾਰੀਆਂ ਸਭਾਵਾਂ ਸਮਾਜ ਦੇ ਮੈਂਬਰਾਂ ਦੇ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਹੋਂਦ ਵਿੱਚ ਆਉਂਦੀਆਂ ਹਨ। ਆਧੁਨਿਕ ਸੰਸਾਰ ਵਿੱਚ ਹਿੱਤਾਂ ਨੂੰ ਸੁਤੰਤਰ ਰੂਪ ਨਾਲ਼ ਪੂਰਾ ਨਹੀਂ ਕੀਤਾ ਜਾ ਸਕਦਾ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਵਿਅਕਤੀ ਨੂੰ ਦੂਸਰਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਕਰਨ ਦੀ ਪ੍ਰਕਿਰਿਆ ਵਿੱਚ ਕਦੀ-ਕਦੀ ਦੂਜਿਆਂ ਦੇ ਨਾਲ਼ ਸੰਘਰਸ਼, ਇੱਛਤ ਟੀਚਿਆਂ ਦੀ ਪ੍ਰਾਪਤੀ ਵਿੱਚ ਮਦਦ ਕਰ ਸਕਦੇ ਹਨ। ਪਰ ਇਹ ਵਿਧੀ ਇਕ ਵਿਵਸਥਿਤ ਸਮਾਜ ਦੀ ਹੋਂਦ ਉੱਤੇ ਸਵਾਲ ਖੜ੍ਹਾ ਕਰਦੀ ਹੈ। ਇਸ ਲਈ ਜਦੋਂ ਵਿਅਕਤੀ ਆਪਣੇ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਜਾਂ ਆਪਦੇ ਮਿਥੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਇਕਜੁੱਟ ਹੁੰਦੇ ਹਨ ਤਾਂ ਉਹ ਸਭਾ ਨਾਮ ਦੇ ਸਮੂਹ ਦੇ ਰੂਪ ਵਿੱਚ ਸੰਗਠਿਤ ਹੁੰਦੇ ਹਨ। ਇਸ ਲਈ ਸਭਾ ਇਕ ਵਿਸ਼ੇਸ਼ ਉਦੇਸ਼ ਲਈ ਇਕਜੁੱਟ ਲੋਕਾਂ ਦਾ ਇਕ ਸਮੂਹ ਹੈ। ਸਭਾ ਦੇ ਨਿਸ਼ਾਨੇ ਔਖੇ ਹੋ ਸਕਦੇ ਹਨ, ਜਿਵੇਂ ਇੱਕ ਮਜ਼ਦੂਰ ਸੰਘ ਜੋ ਕਿ ਨਾ ਕੇਵਲ ਮਜ਼ਦੂਰਾਂ ਦੇ ਹਿੱਤਾਂ ਨੂੰ ਅੱਗੇ ਵਧਾਉਂਦਾ ਹੈ, ਸਗੋਂ ਉਨ੍ਹਾਂ ਨੂੰ ਸੁਰੱਖਿਆ, ਕਿੱਤਾ ਮੁਖੀ ਸਿਖਲਾਈ ਵੀ ਪ੍ਰਦਾਨ ਕਰਦੇ ਹਨ।

**ਸਭਾ ਦੀਆਂ ਵਿਸ਼ੇਸ਼ਤਾਵਾਂ :**

ਹਰ ਇੱਕ ਸਭਾ ਆਪਣੇ ਮੈਂਬਰਾਂ ਦੇ ਹਿੱਤਾਂ ਨੂੰ ਪੂਰਾ ਕਰਨ ਦਾ ਯਤਨ ਕਰਦੀ ਹੈ, ਜੋ ਇੱਕ ਇੱਕਲਾ ਵਿਅਕਤੀ ਨਹੀਂ ਕਰ ਸਕਦਾ। ਸਭਾ ਦੀਆਂ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਅਨੁਸਾਰ ਪ੍ਰਗਟ ਕੀਤਾ ਜਾ ਸਕਦਾ ਹੈ :-

1. **ਵਿਅਕਤੀਆਂ ਦਾ ਇੱਕਠ :** ਇੱਕ ਸਭਾ ਲੋਕਾਂ ਦਾ ਇੱਕ ਇੱਕਠ ਹੈ। ਵਿਅਕਤੀਆਂ ਦੇ ਬਿਨਾਂ ਸਭਾ ਨਹੀਂ ਹੋ ਸਕਦੀ, ਭਾਵੇਂ ਕਿ ਸਾਰੇ ਸਮੂਹ ਸਭਾ ਨਹੀਂ ਹੁੰਦੇ ਕਿਉਂਕਿ ਸਭਾ ਮੁੱਖ ਰੂਪ ਨਾਲ਼ ਇੱਕ ਸੰਗਠਿਤ ਸਮੂਹ ਹੈ।
2. **ਇੱਛੁਕ ਮੈਂਬਰਸ਼ਿਪ :** ਸਭਾਵਾਂ ਆਮ ਤੌਰ ਤੇ ਸਵੈ-ਇੱਛੁਕ ਹੁੰਦੀਆਂ ਹਨ। ਇਸ ਦੀ ਮੈਂਬਰਸ਼ਿਪ ਵਿਅਕਤੀ ਦੇ ਹਿੱਤ ਜਾਂ ਉਦੇਸ਼ ਉੱਤੇ ਨਿਰਭਰ ਕਰਦੀ ਹੈ। ਜਿਸ ਦੇ ਲਈ ਉਹ ਇੱਕ ਸਭਾ ਦਾ ਮੈਂਬਰ ਬਣਦਾ ਹੈ। ਇਕ ਵਿਅਕਤੀ ਸਭਾ-ਮੈਂਬਰ ਬਣਦਾ ਹੈ ਕਿਉਂਕਿ ਉਹ ਅਜਿਹਾ ਚਾਹੁੰਦਾ ਹੈ ਅਤੇ ਉਹ ਇਸ ਨੂੰ ਪਸੰਦ ਕਰਦਾ ਹੈ। ਜਦੋਂ ਕੋਈ ਵਿਅਕਤੀ ਸਭਾ ਸੰਬੰਧੀ ਨਾਪੰਸਦੀ ਦੀ ਭਾਵਨਾ ਵਿਕਸਿਤ ਕਰ ਲੈਂਦਾ ਹੈ ਤਾਂ ਉਹ ਸਭਾ ਤਿਆਗਣ ਜਾਂ ਛੱਡਣ ਲਈ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੈ।
3. **ਸਾਂਝੇ ਹਿੱਤ :** ਸਭਾਵਾਂ ਨਿਸ਼ਚਿਤ ਨਿਸ਼ਾਨਿਆਂ ਜਾਂ ਉਦੇਸ਼ਾਂ ਨਾਲ਼ ਮੈਂਬਰਾਂ ਦੇ ਚੇਤੰਨ ਅਤੇ ਸੋਚੇ ਸਮਝੇ ਜਤਨਾਂ ਦੁਆਰਾ ਹੋਂਦ ਵਿੱਚ ਆਉਂਦੀਆਂ ਹਨ। ਇਸ ਅਨੁਸਾਰ ਰਾਜਨੀਤਿਕ ਹਿੱਤਾਂ ਵਾਲ਼ੇ ਲੋਕ ਰਾਜਨੀਤਿਕ ਸਭਾ ਵਿੱਚ ਸ਼ਾਮਿਲ ਹੋ ਸਕਦੇ ਹਨ ਧਾਰਮਿਕ ਹਿੱਤ ਵਾਲ਼ੇ ਲੋਕ ਧਾਰਮਿਕ ਸਭਾਵਾਂ ਵਿੱਚ ਸ਼ਾਮਿਲ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਚੱਲਦਾ ਰਹਿੰਦਾ ਹੈ। ਆਮ



Downloaded from https:// www.studiestoday.com

Downloaded from https:// www.studiestoday.com

ਤੌਰ ਤੇ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਨਾਲ਼ ਹੀ ਇਸਦੀ ਹੋਂਦ ਸਮਾਪਤ ਹੋ ਸਕਦੀ ਹੈ।

4. **ਨਿਯਮ ਅਤੇ ਅਧਿਨਿਯਮ :** ਸਭਾ ਦਾ ਇੱਕ ਸੰਵਿਧਾਨ ਹੁੰਦਾ ਹੈ, ਜਿਹੜਾ ਇਸ ਦੀ ਕਾਰਜਸ਼ੀਲਤਾ ਲਈ, ਪ੍ਰਕਿਰਿਆ, ਨਿਯਮਾਂ ਤੇ ਵਿਨਿਯਮਾਂ ਦੀ ਵਿਆਖਿਆ ਕਰਦਾ ਹੈ। ਮੈਂਬਰ ਉਦੇਸ਼ਾਂ ਦੀ ਪ੍ਰਾਪਤੀ ਲਈ ਇਨ੍ਹਾਂ ਪ੍ਰਕਿਰਿਆਵਾਂ ਦਾ ਪਾਲਣ ਕਰਦੇ ਹਨ। ਸਭਾਵਾਂ ਦੀ ਸੰਰਚਨਾ ਸੰਗਠਿਤ ਜਾ ਅਸੰਗਠਿਤ ਹੁੰਦੀ ਹੈ ਇਸ ਰਸਮੀ ਨਿਯਮ ਸਭਾ ਦੀ ਗਤੀਵਿਧੀ ਨੂੰ ਪਰਿਭਾਸ਼ਿਤ ਕਰਦੇ ਹਨ। ਇਸ ਵਿੱਚ ਰਸਮੀ ਨਿਯਮਾਂ ਵਿੱਚ, ਦਫ਼ਤਰ, ਪਦ ਚਿੰਨ੍ਹਾਂ 'ਤੇ ਚੱਲਣ ਦੀ ਪ੍ਰਕਿਰਿਆ ਅਤੇ ਉਦੇਸ਼ ਜੋ ਪ੍ਰਾਪਤ ਕੀਤੇ ਜਾਣੇ ਹਨ, ਸ਼ਾਮਿਲ ਹਨ। ਧਾਰਮਿਕ ਸਭਾਵਾਂ ਦੀ ਸੰਰਚਨਾ ਅਸੰਗਠਿਤ ਹੁੰਦੀ ਹੈ ਅਤੇ ਵਪਾਰ ਸਭਾਵਾਂ ਦੀ ਸੰਰਚਨਾ ਦਾ ਢੰਗ ਜ਼ਿਆਦਾ ਔਖਾ ਹੁੰਦਾ ਹੈ ਕਿਉਂਕਿ ਧਾਰਮਿਕ ਸਭਾਵਾਂ ਪੰਰਪਰਾਵਾਂ ਅਤੇ ਪ੍ਰਥਾਵਾਂ ਨਾਲ਼ ਬੱਝੀਆਂ ਹੁੰਦੀਆਂ ਹਨ ਅਤੇ ਵਪਾਰ ਸਭਾਵਾਂ ਵਿੱਚ ਰਸਮੀ ਨਿਯਮ ਹੁੰਦੇ ਹਨ।

### ਗਤੀਵਿਧੀ-3.5

- ਆਪਣੇ ਗੁਆਂਢ ਵਿੱਚ ਸਥਿਤ ਭਿੰਨ-ਭਿੰਨ ਸਭਾਵਾਂ ਦੇ ਬਾਰੇ ਵਿੱਚ ਪਤਾ ਲਗਾਓ, ਜਿਵੇਂ ਰਿਹਾਇਸ਼ੀ ਕਲਿਆਣ ਸਭਾਵਾਂ, ਯੁਵਾ ਕਲੱਬ, ਬਜੁਰਗ ਨਾਗਰਿਕ ਸਭਾ ਦੇ ਸੰਗਠਨ ਆਦਿ।
- ਆਪਣੇ ਸ਼ਹਿਰ/ਕਸਬੇ/ਪਿੰਡ ਵਿੱਚ ਸਥਿਤ ਇਕੋ ਤਰ੍ਹਾਂ ਦੀਆਂ ਸਭਾਵਾਂ ਦੇ ਨਾਮ ਇੱਕਠੇ ਕਰੋ।
- ਇਹਨਾਂ ਸੰਸਥਾਵਾਂ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਕਿਰਿਆਵਾਂ ਦਾ ਪਤਾ ਲਗਾਓ।

## ਸਮੁਦਾਇ ਅਤੇ ਸਭਾ ਵਿੱਚ ਭਿੰਨਤਾ

| ਸਮੁਦਾਇ | ਸਭਾ |
|---|---|
| • ਵਿਅਕਤੀ ਜਨਮ ਤੋਂ ਹੀ ਇੱਕ ਸਮੁਦਾਇ ਦਾ ਮੈਂਬਰ ਬਣ ਜਾਂਦਾ ਹੈ। | • ਇਕ ਸਭਾ ਦੀ ਮੈਂਬਰਸ਼ਿਪ ਸ੍ਵੈ ਇੱਛੁਕ ਹੁੰਦੀ ਹੈ। |
| • ਸਮੁਦਾਇ ਵਿੱਚ ਹਿੱਤ ਸਾਂਝੇ ਹੁੰਦੇ ਹਨ। | • ਸਭਾ ਵਿੱਚ ਕੁਝ ਵਿਸ਼ੇਸ਼ ਹਿੱਤ ਸਾਂਝੇ ਹੁੰਦੇ ਹਨ। |
| • ਇਕ ਸਮੁਦਾਇ ਸਥਿਰ ਅਤੇ ਸਥਾਈ ਹੁੰਦਾ ਹੈ। | • ਸਭਾ ਸਥਿਰ ਜਾਂ ਦੀਰਘ ਕਾਲੀਨ ਹੋ ਵੀ ਸਕਦੀ ਹੈ ਅਤੇ ਨਹੀਂ ਵੀ। |
| • ਇਕ ਸਮੁਦਾਇ ਨੂੰ ਕਾਨੂੰਨੀ ਦਰਜਾ ਪ੍ਰਾਪਤ ਨਹੀਂ ਹੁੰਦਾ। | • ਇੱਕ ਸਭਾ ਨੂੰ ਕਾਨੂੰਨੀ ਦਰਜਾ ਪ੍ਰਾਪਤ ਹੁੰਦਾ ਹੈ। |
| • ਸਮੁਦਾਇ ਵਿੱਚ ਅਨੇਕ ਸਭਾਵਾਂ ਸ਼ਾਮਿਲ ਹੁੰਦੀਆਂ ਹਨ। | • ਇੱਕ ਸਭਾ ਇਕ ਹੀ ਸੰਗਠਨ ਹੈ। |



Downloaded from https:// www.studiestoday.com

Downloaded from https:// www.studiestoday.com

## ਸਮਾਜ ਅਤੇ ਸਭਾ ਵਿੱਚ ਅੰਤਰ

| ਸਮਾਜ | ਸਭਾ |
|---|---|
| • ਸਮਾਜ ਸੁਭਾਵਿਕ ਪ੍ਰਕਿਰਤੀ ਦਾ ਸਿੱਟਾ ਹੈ। | • ਸਭਾ ਦਾ ਨਿਰਮਾਣ ਬਨਾਵਟੀ ਰੂਪ ਨਾਲ਼ ਹੁੰਦਾ ਹੈ। |
| • ਸਮਾਜ ਦੀ ਮੈਂਬਰਸ਼ਿਪ ਜ਼ਰੂਰੀ ਹੈ। | • ਸਭਾ ਦੀ ਮੈਂਬਰਸ਼ਿਪ ਸ੍ਵੈ-ਇੱਛੁਕ ਹੈ। |
| • ਸਮਾਜ ਦਾ ਉਦੇਸ਼ ਆਪਣੇ ਮੈਂਬਰਾਂ ਦੇ ਸਾਂਝੇ ਹਿੱਤਾਂ ਨੂੰ ਪੂਰਾ ਕਰਨਾ ਹੈ। | • ਸਭਾ ਦਾ ਨਿਰਮਾਣ ਕੁਝ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਹੁੰਦਾ ਹੈ। |
| • ਸਮਾਜ ਵਿੱਚ ਸਹਿਯੋਗ ਅਤੇ ਸੰਘਰਸ਼ ਦੋਵੇਂ ਹੁੰਦੇ ਹਨ। | • ਸਭਾ ਸਹਿਯੋਗ ਉੱਤੇ ਅਧਾਰਿਤ ਹੈ। |
| • ਸਮਾਜ ਸੰਗਠਿਤ ਜਾਂ ਅਸੰਗਠਿਤ ਹੋ ਸਕਦਾ ਹੈ। | • ਸਭਾ ਸੰਗਠਿਤ ਹੋਣੀ ਚਾਹੀਦੀ ਹੈ। |
| • ਸਮਾਜ ਸਭਾ ਤੋਂ ਪੁਰਾਣਾ ਹੈ। ਮਨੁੱਖਾਂ ਦੀ ਉੱਤਪਤੀ ਦੇ ਸਮੇਂ ਤੋਂ ਹੀ ਇਸਦੀ ਹੋਂਦ ਹੈ। | • ਸਭਾਵਾਂ ਨਵੀਂਆਂ ਹਨ ਇਹਨਾਂ ਦੀ ਉੱਤਪਤੀ ਉਦੋਂ ਹੋਈ ਜਦੋਂ ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਮਨੁੱਖਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਨਾ ਸਿੱਖਿਆ। |

### ਸਿੱਟਾ :

ਇਸ ਤਰ੍ਹਾਂ ਸਮਾਜ, ਸਮੁਦਾਇ ਅਤੇ ਸਭਾਵਾਂ ਮੁੱਢਲੀਆਂ ਇਕਾਈਆਂ ਹਨ, ਜੋ ਸਾਨੂੰ ਵਿਅਕਤੀ ਅਤੇ ਸਮਾਜਿਕ ਪ੍ਰਕਿਰਿਆਵਾਂ ਦੇ ਵਿਚਕਾਰ ਸੰਬੰਧਾਂ ਨੂੰ ਸਥਾਪਿਤ ਕਰਨ ਦਾ ਆਧਾਰ ਪ੍ਰਦਾਨ ਕਰਦੀਆਂ ਹਨ। ਹਰੇਕ ਇਕਾਈ ਦੂਸਰੀ ਇਕਾਈ ਨਾਲ਼ ਸੰਬੰਧਿਤ ਹੈ ਫਿਰ ਵੀ ਉਹ ਇਕ ਦੂਜੇ ਨਾਲ਼ੋਂ ਅਨੇਕ ਤਰ੍ਹਾਂ ਨਾਲ਼ ਭਿੰਨ ਹਨ। ਸਮਾਜ ਸ਼ਾਸਤਰ ਨੂੰ ਸਮਝਣ ਦੇ ਲਈ ਇਹਨਾਂ ਸੰਕਲਪਾਂ ਦੇ ਅਧਿਐਨ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

### ਸ਼ਬਦਾਵਲੀ

**ਇੱਕਠ :** ਲੋਕਾਂ ਦਾ ਇਕ ਸਮੂਹ ਜੋ ਇਕ ਸਥਾਨ ਉੱਤੇ ਇਕ ਹੀ ਸਮੇਂ ਹੁੰਦਾ ਹੈ ਪਰ ਉਹਨਾਂ ਦਾ ਇਕ ਦੂਜੇ ਨਾਲ਼ ਕੋਈ ਸੰਬੰਧ ਜਾਂ ਸੰਪਰਕ ਨਹੀਂ ਹੁੰਦਾ।

**ਸਭਾ :** ਲੋਕਾਂ ਦਾ ਇੱਕ ਸੰਗਠਿਤ ਸਮੂਹ ਜਿਨ੍ਹਾਂ ਦੇ ਹਿੱਤ, ਕਿਰਿਆਵਾਂ ਜਾਂ ਉਦੇਸ਼ ਇਕੋ ਜਿਹੇ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

**ਸਮੁਦਾਇ :** ਇਹ ਪਰਸਪਰ ਕਿਰਿਆਵਾਂ, ਮਨੁੱਖੀ ਵਿਵਹਾਰਾਂ ਦਾ ਇਕ ਸਮੂਹ ਹੈ, ਜੋ ਇਸਦੇ ਮੈਂਬਰਾਂ ਦੇ ਲਈ ਅਰਥਪੂਰਨ ਅਤੇ ਆਸ਼ਾਵਾਦੀ ਹੈ। ਇਹ ਕੇਵਲ ਕਿਰਿਆਵਾਂ ਨੂੰ ਸ਼ਾਮਿਲ ਨਹੀਂ ਕਰਦਾ ਸਗੋਂ ਵਿਅਕਤੀਆਂ ਦੇ ਵਿਚਕਾਰ ਸਾਂਝੀਆਂ ਉਮੀਦਾਂ, ਮੁੱਲਾਂ, ਵਿਸ਼ਵਾਸਾਂ ਅਤੇ ਅਰਥਾਂ ਉੱਤੇ ਅਧਾਰਿਤ ਕਿਰਿਆਵਾਂ ਨੂੰ ਸ਼ਾਮਿਲ ਕਰਦਾ ਹੈ।

**ਸਹਿਯੋਗ :** ਸਾਂਝੇ ਜਾਂ ਆਪਸੀ ਲਾਭਾਂ ਦੇ ਲਈ ਇਕੱਠੇ ਕੰਮ ਕਰਨ ਦੀ ਪ੍ਰਕਿਰਿਆ।

ਗਤੀਸ਼ੀਲ : ਇਕ ਪ੍ਰਕਿਰਿਆ ਜਾਂ ਪ੍ਰਣਾਲੀ ਜੋ ਨਿਰੰਤਰ ਪਰਿਵਰਤਨਸ਼ੀਲ, ਕਾਰਜਸ਼ੀਲ ਜਾਂ ਤਰੱਕੀ ਰਾਹੀਂ ਪਰਿਭਾਸ਼ਤ ਹੁੰਦੀ ਹੈ।

**ਸੰਸਥਾ :** ਕਿਸੇ ਸਮੁਦਾਇ ਦੇ ਵਿਚਕਾਰ ਇੱਕ ਸਮੂਹ ਦੇ ਵਿਵਹਾਰ ਨੂੰ ਨਿੰਯਤਰਿਤ ਕਰਨ ਵਾਲ਼ੀ ਸਮਾਜਿਕ ਵਿਵਸਥਾ ਦਾ ਇੱਕ ਯੰਤਰ ਜਾਂ ਸਥਾਈ ਸੰਰਚਨਾ।

**ਕਾਨੂੰਨ:** ਇਕ ਪ੍ਰਤਿਮਾਨ ਜੋ ਲਿਖਿਤ ਹੈ ਅਤੇ ਇਕ ਸਰਕਾਰੀ ਏਜੰਸੀ ਦੁਆਰਾ ਲਾਗੂ ਕੀਤਾ ਜਾਂਦਾ ਹੈ।

ਸਮਾਜਿਕ ਸੰਬੰਧ : ਸਮਾਜ ਦੇ ਦੋ ਜਾਂ ਦੋ ਤੋਂ ਵੱਧ ਮੈਂਬਰਾਂ ਵਿਚਕਾਰ ਸੰਬੰਧ

**ਸਮਾਜ :** ਲੋਕਾਂ ਦਾ ਇੱਕ ਸਮੂਹ ਜੋ ਇਕ ਵਿਸ਼ੇਸ਼ ਖੇਤਰ, ਸੱਭਿਆਚਾਰ ਜਾਂ ਸਮਾਜਿਕ ਸੰਬੰਧਾਂ ਨੂੰ ਸਾਂਝਾ ਕਰਦਾ ਹੈ।

**ਅਸੀਂ ਦੀ ਭਾਵਨਾ :** ਇਕ ਮਜ਼ਬੂਤ ਸੰਬੰਧ ਦੀ ਭਾਵਨਾ ਜਿਸ ਦੇ ਆਧਾਰ ਉੱਤੇ ਇਕ ਸਮੂਹ ਦੇ ਮੈਂਬਰ ਆਪਣੇ-ਆਪ ਨੂੰ ਪਛਾਣਦੇ ਹਨ ਅਤੇ ਦੂਜਿਆਂ ਨਾਲ਼ੋਂ ਆਪਣੇ-ਆਪ ਨੂੰ ਅਲੱਗ ਕਰਦੇ ਹਨ। ਇਹ ਉਹਨਾਂ ਵਿਚਕਾਰ ਏਕਤਾ ਦੀ ਮਜ਼ਬੂਤ ਭਾਵਨਾ ਨੂੰ ਪ੍ਰਗਟ ਕਰਦੀ ਹੈ।

## ਅਭਿਆਸ

### ਨਿਮਨਲਿਖਤ ਪ੍ਰਸ਼ਨ ਦਾ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮਾਜ ਦਾ ਅਰਥ ਦੱਸੋ।
2. 'ਸੋਸਾਇਟੀ' ਅਤੇ 'ਕਮਿਊਨਿਟੀ' ਸ਼ਬਦ ਕਿਨ੍ਹਾਂ ਸ਼ਬਦਾਂ ਤੋਂ ਮਿਲ਼ ਕੇ ਬਣੇ ਹਨ ?
3. 'ਮਨੁੱਖ ਇਕ ਸਮਾਜਿਕ ਪ੍ਰਾਣੀ ਹੈ' ਕਿਸ ਨੇ ਕਿਹਾ ?
4. ਸਧਾਰਨ ਸੰਯੁਕਤ ਸਮਾਜ, ਸੰਯੁਕਤ ਸਮਾਜ, ਦੋਹਰਾ ਸੰਯੁਕਤ ਸਮਾਜ ਅਤੇ ਤੀਹਰਾ ਸੰਯੁਕਤ ਸਮਾਜ ਦਾ ਵਰਗੀਕਰਨ ਕਿਸ ਨੇ ਦਿੱਤਾ।
5. ਸਭਾ ਕਿਸ ਨੂੰ ਕਹਿੰਦੇ ਹਨ।
6. ਖੁੱਲ੍ਹਾ ਸਮਾਜ ਕਿਸਨੂੰ ਕਹਿੰਦੇ ਹਨ।



Downloaded from https:// www.studiestoday.com

Downloaded from https:// www.studiestoday.com

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ।
2. ਸਮਾਜ ਦੀਆਂ ਕਿਸਮਾਂ ਦਾ ਵਰਣਨ ਕਰੋ।
3. ਸਮੁਦਾਇ ਕਿਸ ਨੂੰ ਕਹਿੰਦੇ ਹਨ।
4. ਸਮਾਜ ਕਿਸ ਤਰ੍ਹਾਂ ਸਮੁਦਾਇ ਤੋਂ ਭਿੰਨ ਹੈ ? ਦੋ ਅੰਤਰ ਦੱਸੋ।
5. ਸਭਾ ਨੂੰ ਪਰਿਭਾਸ਼ਿਤ ਕਰੋ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਦੀ ਚਰਚਾ ਕਰੋ।
6. ਸਮੁਦਾਇ ਅਤੇ ਸਭਾ ਦੇ ਵਿਚਕਾਰ ਦੋ ਅੰਤਰ ਦੱਸੋ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਮਨੁੱਖੀ ਸਮਾਜ ਉੱਤੇ ਇੱਕ ਸੰਖੇਪ ਟਿੱਪਣੀ ਲਿਖੋ।
2. ਅਗਸਤ ਕਾਮਤੇ ਦੁਆਰਾ ਪ੍ਰਸਤੁਤ ਮਾਨਵ ਸਮਾਜ ਦੇ ਤਿੰਨ ਪੜਾਵਾਂ ਬਾਰੇ ਦੱਸੋ।
3. ਸਮੁਦਾਇ ਦੇ ਪ੍ਰਮੁੱਖ ਅਧਾਰ ਕਿਹੜੇ ਹਨ ?
4. ਸਭਾ ਦੇ ਤਿੰਨ ਉਦਾਹਰਨ ਦਿਓ।
5. ਟੌਨਿਜ਼ ਦੁਆਰਾ ਪ੍ਰਸਤੁਤ ਸਮਾਜ ਦੀਆਂ ਕਿਸਮਾਂ ਕਿਹੜੀਆਂ ਹਨ ?

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।

1. ਸਮਾਜ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ? ਵਿਸਤਰਿਤ ਟਿੱਪਣੀ ਲਿਖੋ।
2. ਵਿਅਕਤੀ ਅਤੇ ਸਮਾਜ ਪਰਸਪਰ ਸੰਬੰਧਿਤ ਹਨ। ਟਿੱਪਣੀ ਲਿਖੋ।
3. ਸਮੁਦਾਇ ਤੋਂ ਤੁਸੀਂ ਕੀ ਸਮਝਦੇ ਹੋ। ਸਮੁਦਾਇ ਦੀਆਂ ਵਿਸ਼ੇਸ਼ਤਾਵਾਂ ਦੀ ਵਿਸਥਾਰ ਰੂਪ ਵਿੱਚ ਚਰਚਾ ਕਰੋ।
4. ਸਮੁਦਾਇ ਨੂੰ ਪਰਿਭਾਸ਼ਿਤ ਕਰੋ। ਸਮੁਦਾਇ ਕਿਹੜੇ ਅਰਥ ਵਿੱਚ ਸਮਾਜ ਨਾਲੋਂ ਵੱਖ ਹੈ। ਵਿਸਥਾਰ ਨਾਲ਼ ਚਰਚਾ ਕਰੋ।
5. ਸਮੁਦਾਇ ਅਤੇ ਸਭਾ ਵਿਚਕਾਰ ਅੰਤਰ ਦੱਸੋ।
6. ਸਮਾਜ ਅਤੇ ਸਭਾ ਦੇ ਵਿਚਕਾਰ ਅੰਤਰ ਬਾਰੇ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

ਅਧਿਆਏ 4

# ਸਮਾਜਿਕ ਸਮੂਹ

**ਮੁੱਖ ਬਿੰਦੂ :**

4.1 ਅਰਥ ਅਤੇ ਵਿਸ਼ੇਸ਼ਤਾਵਾਂ

4.2 ਕਿਸਮਾਂ : ਮੁੱਢਲੇ ਅਤੇ ਗੌਣ ਸਮੂਹ

4.3 ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ

## ਭੂਮਿਕਾ

ਸਾਰੇ ਸੰਸਾਰ ਵਿੱਚ ਅਜਿਹਾ ਕੋਈ ਵਿਅਕਤੀ ਨਹੀਂ ਹੈ, ਜੋ ਕਿਸੇ ਨਾ ਕਿਸੇ ਸਮੂਹ ਦਾ ਮੈਂਬਰ ਨਾ ਹੋਵੇ ਬਲਕਿ ਸਾਰੇ ਮਨੁੱਖ ਜਾਂ ਪ੍ਰਾਣੀ ਸਮੂਹਾਂ ਵਿੱਚ ਰਹਿੰਦੇ ਹਨ। ਸਮਾਜ ਸ਼ਾਸਤਰ ਵਿਸ਼ੇ ਵਿੱਚ ਸਮੂਹ ਦਾ ਕੇਂਦਰੀ ਸਥਾਨ ਹੈ। ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਸਮਾਜ ਸ਼ਾਸਤਰ ਉਹ ਵਿਗਿਆਨ ਹੈ ਜੋ ਸਮਾਜਿਕ ਸਮੂਹਾਂ ਦਾ ਅਧਿਐਨ ਕਰਦਾ ਹੈ। ਹਰ ਇੱਕ ਸਮਾਜ ਵਿੱਚ ਚਾਹੇ ਉਹ ਪ੍ਰਾਚੀਨ ਸਾਮੰਤਵਾਦੀ, ਆਧੁਨਿਕ, ਏਸ਼ੀਅਨ, ਯੂਰਪੀਅਨ ਜਾਂ ਅਫ਼ਰੀਕੀ ਹੋਣ, ਹਰ ਥਾਂ ਮਨੁੱਖੀ ਸਮੂਹ ਅਤੇ ਸਮੂਹਿਕਤਾ ਪਾਈ ਜਾਂਦੀ ਹੈ ਪ੍ਰੰਤੂ ਇਹ ਵੀ ਸੱਚ ਹੈ ਕਿ ਇਹ ਮਨੁੱਖੀ ਸਮੂਹ ਜਾਂ ਸਮੂਹਿਕਤਾ ਆਪਣੇ ਸੱਭਿਆਚਾਰ ਦੀ ਵਿਭਿੰਨਤਾ ਦੇ ਅਨੁਸਾਰ ਹੀ ਪਾਏ ਜਾਂਦੇ ਹਨ।

## ਸਮਾਜਿਕ ਸਮੂਹ ਦੀ ਧਾਰਨਾ



ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਇੱਕਲਾ ਨਹੀਂ ਰਹਿ ਸਕਦਾ। ਜ਼ਿਆਦਾਤਰ ਵਿਅਕਤੀਆਂ ਦੀਆਂ ਕਿਰਿਆਵਾਂ ਉਹਨਾਂ ਦੇ ਸਮੂਹ ਦੇ ਮੈਂਬਰ ਹੋਣ 'ਤੇ ਸ਼ੁਰੂ ਹੁੰਦੀਆਂ ਹਨ, ਉਦਾਹਰਨ ਦੇ ਤੌਰ 'ਤੇ ਪਰਿਵਾਰ। ਜਦੋਂ ਵਿਅਕਤੀ ਬਾਹਰ ਜਾਂਦਾ ਹੈ, ਉਹ ਕਈ ਹੋਰ ਵਿਅਕਤੀਆਂ ਦੇ ਨਾਲ਼ ਅੰਤਰ



Downloaded from https:// www.studiestoday.com

Downloaded from https:// www.studiestoday.com

ਕ੍ਰਿਆ ਕਰਦਾ ਹੈ ਅਤੇ ਆਪਣੇ ਪਰਸਪਰ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਦਾ ਹੈ। ਦੂਜੇ ਸ਼ਬਦਾਂ ਵਿੱਚ, ਸਾਰੀਆਂ ਔਰਤਾਂ ਅਤੇ ਆਦਮੀਆਂ ਵਿੱਚ ਸਮਾਜਿਕ ਪ੍ਰਾਣੀ ਦੇ ਤੌਰ ਤੇ ਆਪਸੀ ਸਾਂਝ ਰਾਹੀਂ ਮਿਲ਼-ਜੁਲ਼ ਕੇ ਰਹਿਣ ਦੀ ਪ੍ਰਵਿਰਤੀ ਹੁੰਦੀ ਹੈ।

ਸਮਾਜਿਕ ਸਮੂਹ ਵਿਅਕਤੀਆਂ ਦਾ ਸੰਗਠਨ ਹੈ, ਜਿਸ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀਆਂ ਦੇ ਵਿਚਕਾਰ ਅੰਤਰ-ਕਿਰਿਆ ਪਾਈ ਜਾਂਦੀ ਹੈ। ਇਸ ਵਿੱਚ ਉਹ ਵਿਅਕਤੀ ਆਉਂਦੇ ਹਨ ਜੋ ਇਕ ਦੂਜੇ ਦੇ ਨਾਲ਼ ਅੰਤਰ-ਕਿਰਿਆ ਕਰਦੇ ਹਨ ਅਤੇ ਆਪਣੇ-ਆਪ ਨੂੰ ਵੱਖਰੀ ਸਮਾਜਿਕ ਇਕਾਈ ਮੰਨਦੇ ਹਨ। ਸਮੂਹ ਵਿੱਚ ਮੈਂਬਰਾਂ ਦੀ ਵੱਖਰੀ ਸੰਖਿਆ ਨੂੰ ਦੋ ਤੋਂ ਸੌ ਵਿਅਕਤੀਆਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਇਸਦੇ ਨਾਲ਼, ਸਮਾਜਿਕ ਸਮੂਹ ਦੀ ਪ੍ਰਕਿਰਤੀ ਗਤੀਸ਼ੀਲ ਹੁੰਦੀ ਹੈ। ਇਸਦੀਆਂ ਗਤੀਵਿਧੀਆਂ ਵਿੱਚ ਸਮੇਂ-ਸਮੇਂ ਤੇ ਪਰਿਵਰਤਨ ਆਉਂਦਾ ਰਹਿੰਦਾ ਹੈ। ਸਮਾਜਿਕ ਸਮੂਹ ਦੇ ਅੰਤਰਗਤ ਵਿਅਕਤੀਆਂ ਵਿਚਕਾਰ ਅੰਤਰ-ਕਿਰਿਆਵਾਂ ਵਿਅਕਤੀਆਂ ਨੂੰ ਦੂਜਿਆਂ ਨਾਲ਼ ਪਹਿਚਾਣ ਬਦਾਉਣ ਲਈ ਪ੍ਰੇਰਿਤ ਕਰਦੀਆਂ ਹਨ। ਸਮੂਹ ਆਮ ਤੌਰ ਤੇ ਸਥਿਰ ਅਤੇ ਸਮਾਜਿਕ ਇਕਾਈ ਹੈ। ਉਦਾਹਰਨ ਦੇ ਲਈ ਪਰਿਵਾਰ, ਸਮੁਦਾਇ, ਪਿੰਡ ਆਦਿ ਸਮੂਹ ਭਿੰਨ-ਭਿੰਨ ਸੰਗਠਿਤ ਕਿਰਿਆਵਾਂ ਕਰਦੇ ਹਨ ਜੋ ਕਿ ਸਮਾਜ ਦੇ ਲਈ ਬਹੁਤ ਮਹੱਤਵਪੂਰਨ ਹਨ।

## ਇਕੱਠ, ਸ਼੍ਰੇਣੀ ਅਤੇ ਸਮੂਹ



ਸਮਾਜਿਕ ਸਮੂਹ ਇੱਕਠ ਅਤੇ ਸਮਾਜਿਕ ਸ਼੍ਰੇਣੀ ਤੋਂ ਭਿੰਨ ਹੈ। ਇਹ ਜ਼ਰੂਰੀ ਨਹੀਂ ਕਿ ਲੋਕਾਂ ਦਾ ਹਰ ਇੱਕਠ ਇਕ ਸਮਾਜਿਕ ਸਮੂਹ ਹੋਵੇ। ਇੱਕਠ ਕਿਸੇ ਇੱਕ ਸਮੇਂ, ਕਿਸੇ ਇੱਕ ਸਥਾਨ 'ਤੇ ਜੁੜੇ ਲੋਕਾਂ ਦੀ ਭੀੜ ਦਾ ਨਾਮ ਹੈ, ਪਰ ਉਹਨਾਂ ਵਿਚਕਾਰ ਕੋਈ ਵਿਸ਼ੇਸ਼ ਸਾਂਝ ਨਹੀਂ ਹੁੰਦੀ। ਉਦਾਹਰਨ ਦੇ ਲਈ ਬੱਸ ਦੇ ਇੰਤਜ਼ਾਰ ਵਿਚ ਇੱਕਠੇ ਹੋਏ ਲੋਕਾਂ ਵਿਚ ਕੋਈ ਵਿਸ਼ੇਸ਼ ਸਾਂਝਾ ਨਿਸ਼ਚਿਤ ਉਦੇਸ਼ ਨਹੀਂ ਹੁੰਦਾ ਅਤੇ ਨਾ ਹੀ ਉਹਨਾਂ ਵਿਚਕਾਰ ਅੰਤਰ-ਕਿਰਿਆ ਹੁੰਦੀ ਹੈ। ਸੋ ਸਿੱਧ ਹੈ ਕਿ ਸਮਾਜਿਕ ਸਮੂਹ ਦੇ ਬਣਨ ਲਈ ਜ਼ਰੂਰੀ ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ, ਸਮੂਹ ਦੇ ਬਣਨ ਲਈ ਵਿਸ਼ੇਸ਼ ਉਦੇਸ਼ ਅਤੇ ਅੰਤਰ-ਕਿਰਿਆ ਜ਼ਰੂਰੀ ਤੱਤ ਹਨ।



Downloaded from https:// www.studiestoday.com

Downloaded from https:// www.studiestoday.com

ਸਮਾਨਾਤਰ ਰੂਪ ਵਿੱਚ ਸਮਾਜਿਕ ਸ਼੍ਰੇਣੀ ਵੀ ਸਾਂਝੀਆਂ ਵਿਸ਼ੇਸ਼ਤਾਈਆਂ ਵਾਲ਼ੇ ਲੋਕਾਂ ਦੁਆਰਾ ਬਣਦੀ ਹੈ। ਉਦਾਹਰਨ ਲਈ ਹਮ ਉਮਰ ਸਮੂਹ, ਜਾਤੀ, ਲਿੰਗ ਅਤੇ ਕਿੱਤਾ ਆਦਿ ਦੇ ਲੋਕ ਇੱਕ ਸ਼੍ਰੇਣੀ ਦੇ ਸਾਂਝੀਦਾਰ ਹੁੰਦੇ ਹਨ। ਇਕ ਸ਼੍ਰੇਣੀ ਦੇ ਸਾਂਝੀਦਾਰਾਂ ਲਈ ਜ਼ਰੂਰੀ ਨਹੀਂ ਹੈ ਕਿ ਉਹ ਆਪਸ ਵਿਚ ਅੰਤਰ–ਕਿਰਿਆ ਕਰਨ ਜਾਂ ਇਕ ਜਗ੍ਹਾ 'ਤੇ ਇੱਕਠੇ ਹੋਣ। ਉਹਨਾਂ ਕੋਲ਼ ਸਾਂਝੀ ਕਰਨ ਯੋਗ ਕੋਈ ਵਿਸ਼ੇਸ਼ਤਾ ਨਹੀਂ ਹੁੰਦੀ। ਕਿਸੇ ਵੀ ਸ਼੍ਰੇਣੀ ਨੂੰ ਸਮੂਹ ਤਾਂ ਹੀ ਕਿਹਾ ਜਾ ਸਕਦਾ ਹੈ ਜੇ ਉਹਨਾਂ ਕੋਲ਼ ਅੰਤਰ–ਕਿਰਿਆ ਦਾ ਵਿਵਸਥਿਤ ਪ੍ਰਬੰਧ ਹੋਵੇ। ਪਰਿਵਾਰ, ਸਕੂਲ, ਕਾਲਜ ਅਤੇ ਕਲੱਬ ਸਮਾਜਿਕ ਸਮੂਹ ਦੀਆਂ ਉਦਾਹਰਨਾਂ ਹਨ

## ਗਤੀਵਿਧੀ 4.1

ਇੱਕਠ, ਸ਼੍ਰੇਣੀ ਅਤੇ ਸਮੂਹ ਨੂੰ ਦਰਸਾਉਂਦੇ ਹੋਏ ਯੋਜਨਾ ਬਣਾਉ।

## ਸਮਾਜਿਕ ਸਮੂਹ ਦੀਆਂ ਵਿਸ਼ੇਸ਼ਤਾਵਾਂ

ਸਮਾਜਿਕ ਸਮੂਹ ਦੇ ਬਹੁਤ ਸਾਰੇ ਗੁਣ ਹਨ, ਜਿਹੜੇ ਕਿ ਹੇਠ ਲਿਖੇ ਅਨੁਸਾਰ ਹਨ



**1. ਵਿਅਕਤੀਆਂ ਦਾ ਸਮੂਹ :** ਇਹ ਵਿਅਕਤੀਆਂ ਦਾ ਸਮੂਹ ਹੈ, ਜਿਨ੍ਹਾ ਦੀ ਸੰਖਿਆ ਭਿੰਨ ਹੁੰਦੀ ਹੈ। ਸਮਾਜਿਕ ਸਮੂਹ ਬਣਾਉਣ ਦੇ ਲਈ ਘੱਟ ਤੋਂ ਘੱਟ ਦੋ ਵਿਅਕਤੀਆਂ ਦਾ ਹੋਣਾ ਜ਼ਰੂਰੀ ਹੈ। ਵਿਅਕਤੀਆਂ ਤੋਂ ਬਿਨ੍ਹਾਂ ਸਮੂਹ ਨਹੀਂ ਬਣ ਸਕਦਾ। ਜਿਵੇਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਬਿਨ੍ਹਾਂ ਸਕੂਲ ਨਹੀਂ ਬਣ ਸਕਦਾ, ਉਸੇ ਤਰ੍ਹਾਂ ਵਿਅਕਤੀਆਂ ਦੀ ਹਾਜਰੀ ਤੋਂ ਬਿਨ੍ਹਾਂ ਸਮੂਹ ਨਹੀਂ ਬਣ ਸਕਦਾ।

**2. ਅੰਤਰ-ਕਿਰਿਆ :** ਇਹ ਸਮੂਹ ਦਾ ਉਹ ਤੱਤ ਹੈ, ਜਿਸ ਵਿੱਚ ਮੈਂਬਰ ਆਪਸ ਵਿੱਚ ਅੰਤਰ–ਕਿਰਿਆ ਕਰਦੇ ਹਨ। ਸਮਾਜਿਕ ਸਮੂਹ ਇਕ ਤਰ੍ਹਾਂ ਨਾਲ਼ ਅੰਤਰ–ਕਿਰਿਆ ਦੀ ਪ੍ਰਣਾਲੀ ਹੈ। ਅੰਤਰ–ਕਿਰਿਆ ਨਿਯਮਿਤ ਅਤੇ ਲਗਾਤਾਰਤਾ ਵਿੱਚ ਹੋਣੀ ਜ਼ਰੂਰੀ ਨਹੀਂ ਹੈ ਪਰ ਕਦੇ–ਕਦੇ ਜ਼ਰੂਰ ਹੋਣੀ ਚਾਹੀਦੀ ਹੈ। ਉਦਾਹਰਨ ਲਈ , ਵੱਡੇ ਪਰਿਵਾਰਾਂ ਦੇ ਸਾਂਝੀਦਾਰ ਜੋ ਦੂਰ–ਦਰਾਡੇ ਰਹਿੰਦੇ ਹਨ ਪਰ ਉਹਨਾਂ ਵਿੱਚ ਸਹਿ–ਸੰਚਾਰ ਹੁੰਦਾ ਹੈ। ਉਹ ਸਾਂਝੀਦਾਰ ਆਪਣੀਆਂ ਸਾਂਝਾ ਨੂੰ ਆਪਸ ਵਿੱਚ ਬਣਾਈ



Downloaded from https:// www.studiestoday.com

Downloaded from https:// www.studiestoday.com

ਰੱਖਦੇ ਹਨ। ਕਿਸੇ ਵੀ ਸਮੂਹ ਵਿੱਚ ਅੰਤਰ-ਕਿਰਿਆ ਵਿਅਕਤੀਗਤ ਜਾਂ ਚਿੰਨ੍ਹਾਤਮਕ ਹੋ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਵਿਅਕਤੀਗਤ ਅੰਤਰ-ਕਿਰਿਆ ਮੂੰਹ-ਰੂਪੀ ਹੋਵੇ। ਅਜੋਕੇ ਸਮੇਂ ਵਿੱਚ ਇਹ ਮੋਬਾਇਲ ਫ਼ੋਨ, ਇੰਟਰਨੈੱਟ ਅਤੇ ਹੋਰ ਅਜੋਕੇ ਸੰਚਾਰ ਸਾਧਨਾਂ ਰਾਹੀਂ ਹੋ ਰਹੀ ਹੈ।

**3. ਮੈਂਬਰਾਂ ਦੇ ਪ੍ਰਤੀ ਜਾਗਰੂਕਤਾ :** ਸਮੂਹ ਨਾਲ਼ ਸੰਬੰਧਿਤ ਮੈਂਬਰਾਂ ਦੇ ਪ੍ਰਤੀ ਜਾਗਰੂਕਤਾ ਵੀ ਇੱਕ ਸਮੂਹ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਇੱਕ ਸਮੂਹ ਦੇ ਮੈਂਬਰ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ਼ ਜਾਣਦੇ ਹੁੰਦੇ ਹਨ ਕਿ ਕੋਈ ਇੱਕ ਵਿਸ਼ੇਸ਼ ਰੇਖਾ ਉਨਾਂ ਮੈਂਬਰਾਂ ਨੂੰ ਗ਼ੈਰ-ਮੈਂਬਰਾਂ ਤੋਂ ਅਲੱਗ ਕਰਦੀ ਹੈ। ਇਸ ਰੇਖਾ ਨੂੰ ਕੋਈ ਬਾਹਰ ਦਾ ਵਿਅਕਤੀ ਨਹੀਂ ਲੰਘ ਸਕਦਾ। ਇਹ ਵਿਸ਼ਿਸ਼ਟਤਾ ਸਮੂਹਿਕ ਜੀਵਨ ਦਾ ਹਿੱਸਾ ਹੈ। ਸਮੂਹ ਦੇ ਲੋਕ ਮੈਂਬਰਾਂ ਤੇ ਗ਼ੈਰ-ਮੈਂਬਰਾਂ ਦੇ ਵਿਚਕਾਰ ਅੰਤਰ ਚੰਗੀ ਤਰ੍ਹਾਂ ਜਾਣਦੇ ਹਨ। ਗਿਡਿੰਗਜ਼ ਦੇ ਅਨੁਸਾਰ ਕੋਈ ਵੀ ਵਿਅਕਤੀ, "ਅਲੱਗ ਪਹਿਚਾਣ ਦੀ 'ਚੇਤਨਾ' ਦੇ ਕਾਰਨ ਅਜਿਹਾ ਕਰ ਸਕਦਾ ਹੈ।

**4. ਸਮੂਹ ਦੇ ਹਿੱਤ :** ਸਮੂਹ ਦਾ ਮੈਂਬਰ ਮਹਿਸੂਸ ਕਰਦਾ ਹੈ ਕਿ ਉਹ ਕਿਸੇ ਅਜਿਹੀ ਸੰਸਥਾ ਦਾ ਇੱਕ ਅੰਗ ਹੈ, ਜੋ ਉਸ ਲਈ ਬਹੁਤ ਵੱਡੀ ਹੈ। ਸਮੂਹ ਕਿਸੇ ਸਮੇਂ ਸੁਤੰਤਰ ਰੂਪ ਨਾਲ਼ ਕਿਸੇ ਮੈਂਬਰ ਦੇ ਹਿੱਤਾਂ ਦੀ ਪਰਵਾਹ ਕੀਤੇ ਬਿਨ੍ਹਾਂ ਕੰਮ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ, ਸਮੂਹ ਨਿੱਜੀ ਹਿੱਤ ਤੋਂ ਕਿਤੇ ਵੱਡਾ ਹੈ। ਮੈਂਬਰਾਂ ਦੇ ਨਿੱਜੀ ਹਿੱਤਾਂ ਦੇ ਮੁਕਾਬਲੇ ਤੇ ਸਮੂਹ ਦੇ ਹਿੱਤ ਜ਼ਿਆਦਾ ਮਹੱਤਵਪੂਰਨ ਹਨ। ਸਮੂਹਿਕ ਹਿੱਤ ਸਦਾ ਕਿਸੇ ਵਿਅਕਤੀ ਦੇ ਹਿੱਤ ਤੋਂ ਵੱਡੇ ਹੁੰਦੇ ਹਨ, ਜਿਵੇਂ ਕਿ ਪ੍ਰਸਿੱਧ ਸਮਾਜ ਸ਼ਾਸਤਰੀ ਦੁਰਖ਼ੀਮ ਨੇ ਦਲੀਲ਼ ਦਿੱਤੀ ਹੈ ਕਿ ਸਮਾਜ ਸਦਾ ਵਿਅਕਤੀ ਤੋ ਬਹੁਤ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

**5. ਅਸੀਂ ਦੀ ਭਾਵਨਾ :** 'ਅਸੀਂ ਦੀ ਭਾਵਨਾ' ਦਾ ਅਰਥ ਸਾਂਝੀਦਾਰਾਂ ਦੀ ਅਜਿਹੀ ਸਮੱਰਥਾ ਤੋਂ ਹੈ ਜੋ ਉਹਨਾਂ ਨੂੰ ਸਮੂਹ ਨਾਲ਼ ਜੁੜੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਇਹ ਸਮੂਹ ਦੀ ਭਾਵਨਾ ਨੂੰ ਦਰਸਾਉਂਦੀ ਹੈ। ਭਾਵੇਂ ਲੋਕ ਇੱਕ ਦੂਸਰੇ ਨੂੰ ਲਗਾਤਾਰ ਮਿਲ਼ਦੇ ਅਤੇ ਗੱਲਬਾਤ ਕਰਦੇ ਹਨ। ਪਰ ਜਿਨ੍ਹਾ ਚਿਰ ਉਹਨਾਂ ਵਿੱਚ ਸਾਂਝ ਦੀ ਹੋਂਦ ਨਹੀਂ ਹੈ, ਉਹ ਸਮੂਹ ਨਹੀਂ ਬਣਾ ਸਕਦੇ। ਉਦਾਹਰਨ ਲਈ ਵਿਕ੍ਰੇਤਾ ਅਤੇ ਗਾਹਕ ਇਕ ਸਟੋਰ 'ਤੇ ਇਕ ਦੂਜੇ ਨੂੰ ਦੇਖਦੇ ਅਤੇ ਗੱਲਬਾਤ ਕਰਦੇ ਹਨ, ਪਰ ਉਹ ਸਮੂਹ ਨਹੀਂ ਬਣਾਉਂਦੇ, ਕਿਉਂਕਿ ਉਹ ਸਾਂਝੀ ਪਛਾਣ ਪ੍ਰਤੀ ਚੇਤੰਨ ਨਹੀਂ ਹੁੰਦੇ। ਦੂਜੇ ਪਾਸੇ ਇੱਕ ਖ਼ਾਸ ਜਾਤੀ ਦੇ ਸਾਂਝੀਦਾਰ ਆਪਣੀ ਸਮੂਹਿਕ ਪਹਿਚਾਣ, ਪ੍ਰਤੀ ਚੇਤੰਨ ਹੁੰਦੇ ਹਨ ਅਤੇ ' ਅਸੀਂ ਮਹਿਸੂਸ ਕਰਦੇ ਹਾਂ' ਦੀ ਭਾਵਨਾ ਨਾਲ਼ ਜੁੜੇ ਹੁੰਦੇ ਹਨ। ਸੋ 'ਅਸੀਂ ਕਹਿ ਸਕਦੇ ਹਾਂ ਕਿ ਅਸੀਂ ਮਹਿਸੂਸ ਕਰਦੇ ਹਾਂ' ਜਾਂ 'ਅਸੀਂ ਦੀ ਭਾਵਨਾ' ਕਿਸੇ ਸਮੂਹ ਦੀ ਮਹੱਤਵਪੂਰਣ ਵਿਸ਼ੇਸ਼ਤਾ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

**6. ਪਰਸਪਰਤਾ :** ਸਮੂਹ ਦੇ ਮੈਂਬਰਾਂ ਵਿੱਚ ਪਰਸਪਰਤਾ (ਦੇਣ ਅਤੇ ਲੈਣ ਦਾ ਸੰਬੰਧ) ਪਾਈ ਜਾਂਦੀ ਹੈ। ਪਰਿਵਾਰ ਦੇ ਮੈਂਬਰ, ਆਪਸ ਵਿੱਚ ਗੱਲਬਾਤ ਕਰਦੇ ਹਨ, ਪਿਤਾ, ਬੱਚੇ ਦਾ ਪਾਲਣ-ਪੋਸ਼ਣ ਅਤੇ ਰੱਖਿਆ ਕਰਦਾ ਹੈ ਅਤੇ ਬੱਚੇ ਪਿਤਾ ਦੀ ਆਗਿਆ ਦਾ ਪਾਲਣ ਅਤੇ ਉਹਨਾਂ ਦੀ ਇੱਜ਼ਤ ਕਰਦੇ ਹਨ। ਇਸ ਤਰ੍ਹਾਂ ਸਕੂਲ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਸਕੂਲ ਦੇ ਨਿਯਮਾਂ ਦਾ ਪਾਲਣ, ਇਨਾਮ ਅਤੇ ਸਜ਼ਾ ਦੀ ਪ੍ਰਕਿਰਿਆ ਰਾਹੀਂ ਕਰਵਾਉਂਦੇ ਹਨ।

**7. ਮੈਂਬਰਾਂ ਦੀ ਨਿਸ਼ਚਿਤ ਭੂਮਿਕਾਵਾਂ :** ਹਰੇਕ ਸਮੂਹ ਵਿੱਚ ਇਸ ਦੇ ਸਾਂਝੀਦਾਰਾਂ ਨੂੰ ਨਿਸ਼ਚਿਤ ਭੂਮਿਕਾਵਾਂ ਅਦਾ ਕਰਨੀਆਂ ਹੁੰਦੀਆਂ ਹਨ। ਹਰੇਕ ਮੈਂਬਰ ਨੂੰ ਸਮੂਹ ਵਿੱਚ ਇੱਕ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ। ਦਰਜੇ (Status) ਦਾ ਅਰਥ ਦੂਸਰੇ ਮੈਂਬਰਾਂ ਦੇ ਨਾਲ਼ ਸੰਬੰਧਾਂ ਦੀ ਸਥਿਤੀ ਹੁੰਦੀ ਹੈ। ਦਰਜਾ ਹਮੇਸ਼ਾ ਭੂਮਿਕਾ ਨਾਲ਼ ਸੰਬੰਧਿਤ ਹੁੰਦਾ ਹੈ। ਦਰਜਾ ਕਦੇ ਵੀ ਕਿਸੇ ਕਾਰਜ ਦੇ ਬਿਨਾਂ ਨਹੀਂ ਹੁੰਦਾ ਅਤੇ ਉਹ ਕਾਰਜ ਹੀ ਭੂਮਿਕਾ ਅਖਵਾਉਂਦਾ ਹੈ। ਇਸ ਤਰ੍ਹਾਂ ਸਮੂਹ ਦਾ ਹਰੇਕ ਮੈਂਬਰ ਆਪਣੇ ਪੱਧਰ ਅਤੇ ਭੂਮਿਕਾ ਦੇ ਅਨੁਸਾਰ ਕੰਮ ਕਰਦਾ ਹੈ।

**8. ਸਮੂਹ ਦੇ ਨਿਯਮ :** ਹਰ ਸਮੂਹ ਵਿੱਚ ਕੁਝ ਨਿਯਮ ਹੁੰਦੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਹਰੇਕ ਸਮੂਹ ਦੇ ਸਾਂਝੀਦਾਰ ਦੇ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਹ ਨਿਯਮ ਪ੍ਰਤੀਮਾਨ ਅਖਵਾਉਂਦੇ ਹਨ। ਇਹ ਨਿਯਮ ਲੋਕ ਸੰਚਾਰ ਪਰੰਪਰਾਵਾਂ, ਲੋਕ-ਪ੍ਰਥਾ, ਰੀਤੀ-ਰਿਵਾਜਾਂ ਅਤੇ ਕਾਨੂੰਨ ਦੇ ਰੂਪ ਵਿੱਚ ਹੋ ਸਕਦੇ ਹਨ। ਇਹ ਨਿਯਮ ਲਿਖਤ ਜਾਂ ਅਲਿਖਤ ਹੁੰਦੇ ਹਨ। ਸਮੂਹ ਦਾ ਕੋਈ ਵੀ ਮੈਂਬਰ ਜੇ ਇਹਨਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਸਜ਼ਾ ਦਾ ਫੈਸਲਾ ਨਿਯਮਾਂ ਅਨੁਸਾਰ ਹੁੰਦਾ ਹੈ।

**9. ਸਮੂਹ ਨਿਯੰਤਰਨ :** ਸਮੂਹ ਹਮੇਸ਼ਾ ਮੈਂਬਰਾਂ ਦੀਆਂ ਕਿਰਿਆਵਾਂ 'ਤੇ ਦਬਾਓ ਪਾਉਂਦਾ ਹੈ। ਇਹ ਦਬਾਓ ਪ੍ਰਤੱਖ ਅਤੇ ਅਪ੍ਰਤੱਖ ਹੋ ਸਕਦਾ ਹੈ ਪ੍ਰੰਤੂ ਇਹ ਹਮੇਸ਼ਾ ਮੌਜੂਦ ਹੁੰਦਾ ਹੈ। ਵਿਅਕਤੀ ਇਸਦਾ ਪਾਲਣ ਕਰਦਾ ਹੈ ਅਤੇ ਸਮੂਹ ਦੇ ਹਿੱਤਾਂ ਦੀ ਰੱਖਿਆ ਲਈ ਆਪਣੇ ਹਿੱਤਾਂ ਦੀ ਕੁਰਬਾਨੀ ਦੇ ਦਿੰਦਾ ਹੈ। ਵਿਅਕਤੀ ਇਹਨਾਂ ਨਿਯਮਾਂ ਦੇ ਦਬਾਓ ਦੇ ਪ੍ਰਤੀ ਜਾਂ ਤਾਂ ਸਿਰ ਝੁਕਾਉਂਦਾ ਹੈ ਜਾਂ ਫੇਰ ਉਹਨਾਂ ਦੇ ਵਿਰੁੱਧ ਵਿਦਰੋਹ ਕਰਦਾ ਹੈ। ਵਿਦਰੋਹ ਦੋ ਪ੍ਰਕਾਰ ਦੇ ਰੂਪ ਧਾਰਨ ਕਰ ਸਕਦਾ ਹੈ, ਵਿਦਰੋਹੀ ਵਿਅਕਤੀ ਸ੍ਵੈਇੱਛਤ ਤੌਰ 'ਤੇ ਉਸ ਸਮੂਹ ਦੀ ਮੈਂਬਰਸ਼ਿਪ ਛੱਡ ਸਕਦਾ ਹੈ ਜਾਂ ਫੇਰ ਆਪਣੀ ਇੱਛਾ ਦੇ ਅਨੁਸਾਰ ਕੰਮ ਕਰ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

**10. ਏਕਤਾ ਅਤੇ ਅਖੰਡਤਾ :** ਸਮੂਹ ਦੇ ਮੈਂਬਰਾਂ ਵਿੱਚ ਏਕਤਾ ਅਤੇ ਅਖੰਡਤਾ ਦਾ ਬੰਧਨ ਹੁੰਦਾ ਹੈ। ਸਮੂਹ ਦੀ ਅਖੰਡਤਾ ਇਸਦੇ ਮੈਂਬਰਾਂ ਵਿਚਕਾਰ ਗੱਲਬਾਤ ਦੇ ਆਦਾਨ-ਪ੍ਰਦਾਨ, ਵੰਨ-ਸੁਵੰਨਤਾ ਅਤੇ ਭਾਵਨਾਤਮਕ ਗੁਣਾ 'ਤੇ ਨਿਰਭਰ ਕਰਦੀ ਹੈ। ਇੱਕ ਪਰਿਵਾਰ, ਹਮ-ਉਮਰ, ਸਮੂਹ, ਗੁਆਂਢ ਅਤੇ ਜਾਤੀ ਸਮੂਹ, ਇਕਮੁੱਠ ਤੇ ਇਕ ਜੁੱਟ ਸਮੂਹਾਂ ਦਾ ਉਦਾਹਰਨ ਹਨ।

**11. ਗਤੀਸ਼ੀਲਤਾ :** ਸਮਾਜਿਕ ਸਮੂਹ ਗਤੀਸ਼ੀਲ ਹੁੰਦਾ ਹੈ, ਸਮਾਜਿਕ ਸਮੂਹ ਦਾ ਰੂਪ ਅਤੇ ਕਿਰਿਆਵਾਂ ਬਦਲਦੀਆਂ ਰਹਿੰਦੀਆਂ ਹਨ। ਇਹ ਬਦਲਾਵ ਅੰਦਰੂਨੀ ਜਾਂ ਬਾਹਰੀ ਦਬਾਵ ਕਾਰਨ ਹੋ ਸਕਦੇ ਹਨ। ਕਦੇ-ਕਦੇ ਇਹ ਪਰਿਵਰਤਨ ਬਹੁਤ ਹੌਲ਼ੀ ਹੁੰਦਾ ਹੈ ਅਤੇ ਕਦੇ ਬਹੁਤ ਤੇਜ਼ੀ ਨਾਲ਼ ਹੁੰਦਾ ਹੈ।

**ਗਤੀਵਿਧੀ 4.2**

ਉਹਨਾਂ ਪ੍ਰਜਾਤੀਆਂ ਦੀ ਪਹਿਚਾਣ ਕਰੋ ਜੋ ਮਨੁੱਖੀ ਪ੍ਰਜਾਤੀ ਦੀ ਤਰ੍ਹਾਂ ਇੱਕਠ ਵਿਚ ਰਹਿੰਦੀਆਂ ਹਨ।

## ਸਮੂਹ ਦੀਆਂ ਕਿਸਮਾਂ

ਵੱਖਰੇ-ਵੱਖਰੇ ਸਮਾਜ ਸ਼ਾਸਤਰੀਆਂ ਨੇ ਸਮਾਜਿਕ ਸਮੂਹਾਂ ਨੂੰ ਵੱਖਰੇ-ਵੱਖਰੇ ਤਰ੍ਹਾਂ ਦੇ ਵਰਗਾਂ ਵਿੱਚ ਵੰਡਿਆ ਹੈ।
ਸੀ. ਐੱਚ. ਕੂਲੇ ਨੇ ਇਸ ਨੂੰ ਮੁੱਢਲੇ ਅਤੇ ਗੌਣ ਸਮੂਹਾਂ ਵਿੱਚ ਵੰਡਿਆਂ ਹੈ।
ਡਬਲਉ. ਜੀ. ਸਮਨਰ ਨੇ ਇਸਨੂੰ ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿੱਚ ਵੰਡਿਆ ਹੈ।
ਰਾਬਰਟ ਕੇ. ਮਰਟਨ ਨੇ ਇਸ ਨੂੰ ਸੰਦਰਭ ਸਮੂਹ ਦਾ ਨਾਮ ਦਿੱਤਾ ਹੈ।






Downloaded from https:// www.studiestoday.com

Downloaded from https:// www.studiestoday.com

## ਮੁੱਢਲੇ ਸਮੂਹ

ਮੁੱਢਲੇ ਸਮੂਹ ਦੀ ਧਾਰਨਾ ਸੀ. ਐੱਚ. ਕੂਲੇ ਦੁਆਰਾ ਦਿੱਤੀ ਗਈ ਹੈ। ਸਮਾਜਿਕ ਸਮੂਹ ਕਈ ਅਰਥਾਂ ਵਿੱਚ ਮੁੱਢਲੇ ਹੁੰਦੇ ਹਨ, ਪਰ ਮੁੱਖ ਰੂਪ ਨਾਲ਼ ਇਹ ਵਿਅਕਤੀ ਦੇ ਸਮਾਜਿਕ ਸੁਭਾਅ ਅਤੇ ਆਦਰਸ਼ਾਂ ਨੂੰ ਬਣਾਉਂਦੇ ਹਨ। ਇਸ ਸਮੁੱਚ ਨੂੰ ਸੌਖੇ ਤਰੀਕੇ ਨਾਲ਼ "ਸਾਡਾ ਸਮੂਹ" 'ਸਾਡੀ ਭਾਵਨਾ' ਰਾਹੀਂ ਵਰਨਿਤ ਕੀਤਾ ਜਾ ਸਕਦਾ ਹੈ। ਮੁੱਢਲੇ ਸਮੂਹ ਅਕਾਰ ਵਿਚ ਛੋਟੇ ਹੁੰਦੇ ਹਨ ਅਤੇ ਆਹਮੋ-ਸਾਹਮਣੇ, ਆਪਸੀ ਸਹਿਯੋਗ ਅਤੇ ਮਿਲ਼-ਵਰਤਨ ਇਸ ਦੀਆਂ ਵਿਸ਼ੇਸ਼ਤਾਵਾਂ ਹਨ। ਇਹਨਾਂ ਦਾ ਆਧਾਰ ਸਰਬਵਿਆਪੀ ਮਨੁੱਖੀ ਪ੍ਰਕਿਰਤੀ ਅਤੇ ਆਦਰਸ਼ ਹੁੰਦੇ ਹਨ। ਇਹ ਮਾਨਵੀ ਗੁਣ ਜਿਵੇਂ ਪਿਆਰ, ਸਹਿਯੋਗ, ਹਮਦਰਦੀ, ਨਿਆਂ ਅਤੇ ਨਿਰਪੱਖ ਖੇਡ ਦੀ ਨਰਸਰੀ ਹਨ। ਆਰ. ਐੱਮ. ਮੈਕਾਈਵਰ ਇਸ ਨੂੰ ਸਾਡੇ ਬਹੁਤ ਕੁਝ ਬੀਜਣ ਦਾ ਮੈਦਾਨ ਅਤੇ ਵਫ਼ਾਦਾਰੀ ਦੀ ਨਰਸਰੀ ਕਹਿੰਦਾ ਹੈ।



ਪਰਿਵਾਰ



ਖੇਡ ਸਮੂਹ

## ਮੁੱਢਲੇ ਸਮੂਹ ਦੀਆਂ ਵਿਸ਼ੇਸ਼ਤਾਵਾਂ

ਮੁੱਢਲੇ ਸਮੂਹ ਦੀਆਂ ਵਿਸ਼ੇਸਤਾਵਾਂ ਦੋ ਪ੍ਰਕਾਰ ਦੀਆਂ ਹਨ ਕਿੰਗਸਲੇ ਡੇਵਿਸ ਦੇ ਅਨੁਸਾਰ ਇਹ ਅੰਦਰੂਨੀ ਅਤੇ ਬਾਹਰੀ ਹਨ। ਮੁੱਢਲੇ ਸਮੂਹ ਦੀਆਂ ਬਾਹਰੀ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ।

### ਬਾਹਰੀ ਵਿਸ਼ੇਸ਼ਤਾਵਾਂ (External Characteristic)

1. **ਛੋਟਾ ਆਕਾਰ** : ਮੁੱਢਲੇ ਸਮੂਹ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ ਕਿਉਂਕਿ ਇਕ ਵੱਡੇ ਸਮੂਹ ਵਿੱਚ ਸਿੱਧੇ ਤੌਰ 'ਤੇ ਅਤੇ ਵਿਅਕਤੀਗਤ ਰੂਪ ਵਿੱਚ ਪਰਸਪਰ ਸੰਬੰਧ ਰੱਖਣਾ ਅਸੰਭਵ ਹੁੰਦਾ ਹੈ। ਜਦੋਂ ਸਮੂਹ ਵਿੱਚ ਮੈਂਬਰਾਂ ਦੀ ਸੰਖਿਆ ਵੱਧ ਜਾਂਦੀ ਹੈ ਤਾਂ ਆਪਸ ਵਿੱਚ ਡੂੰਘੇ ਸੰਬੰਧ ਘੱਟ ਜਾਂਦੇ ਹਨ। ਦੂਸਰੇ ਸ਼ਬਦਾਂ ਵਿੱਚ, ਸਮੂਹ ਦਾ ਆਕਾਰ ਜਿੰਨਾਂ ਛੋਟਾ ਹੁੰਦਾ ਹੈ, ਓਨੇ ਸੰਬੰਧ ਗਹਿਰੇ ਹੁੰਦੇ ਹਨ। ਜੇ ਸ਼ਰੋਤੇ ਜ਼ਿਆਦਾ



Downloaded from https:// www.studiestoday.com

Downloaded from https:// www.studiestoday.com

ਹੋਣ ਤਾਂ ਉਹ ਬੁਲਾਰੇ ਨੂੰ ਚੰਗੀ ਤਰ੍ਹਾਂ ਸੁਣ ਜਾਂ ਦੇਖ ਨਹੀਂ ਸਕਦੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੁੱਢਲੇ ਸਮੂਹ ਛੋਟੇ ਹੁੰਦੇ ਹਨ ਪਰ ਸਾਰੇ ਛੋਟੇ ਸਮੂਹ ਮੁੱਢਲੇ ਸਮੂਹ ਨਹੀਂ ਹੁੰਦੇ। ਡਾਕਟਰ ਅਤੇ ਰੋਗੀ ਦਾ ਸੰਬੰਧ ਮੁੱਢਲੇ ਸਮੂਹ ਦਾ ਉਦਾਹਰਨ ਨਹੀਂ ਹੋ ਸਕਦਾ।

2. **ਭੌਤਿਕ ਨੇੜਤਾ :** ਭੌਤਿਕ ਨੇੜਤਾ ਤੋਂ ਭਾਵ ਹੈ ਕਿ ਸਮੂਹ ਦੇ ਸਾਂਝੀਦਾਰ ਇਕ ਸਮੇਂ 'ਚ ਇਕ ਸਥਾਨ 'ਤੇ ਰਹਿੰਦੇ ਹੋਣ। ਜੇਕਰ ਸਾਂਝੀਦਾਰਾਂ ਵਿਚਕਾਰ ਭੌਤਿਕ ਨੇੜਤਾ ਨਹੀਂ ਹੈ ਤਾਂ ਵਿਚਾਰਾਂ ਦੀ ਸਾਂਝ ਅਤੇ ਸਹਿਯੋਗ ਔਖਾ ਹੋ ਜਾਵੇਗਾ। ਨੇੜਲੇ ਸੰਬੰਧ ਆਪਸੀ ਗੱਲਬਾਤ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਇਕ-ਦੂਜੇ ਨੂੰ ਦੇਖ ਕੇ ਕੀਤੀ ਗਈ ਗੱਲਬਾਤ ਰਾਹੀਂ ਵਿਚਾਰਾਂ, ਰਾਵਾਂ ਅਤੇ ਭਾਵਨਾਵਾਂ ਦੇ ਅਦਾਨ-ਪ੍ਰਦਾਨ ਨੂੰ ਸੌਖਾ ਕਰ ਦਿੰਦੀ ਹੈ। ਇਕੱਠੇ ਰਹਿਣਾ ਤੇ ਖਾਣਾ, ਖੇਡਣਾ, ਯਾਤਰਾ ਕਰਨਾ ਅਤੇ ਇੱਕਠੇ ਪੜ੍ਹਨਾ ਨੇੜਤਾ ਦੇ ਚਿੰਨ੍ਹ ਹਨ। ਸਮਾਜਿਕ ਚਿੰਤਕ ਡੇਵਿਸ ਅਨੁਸਾਰ, ਮੁੱਢਲੇ ਸਮੂਹ ਸਿੱਧੇ ਸੰਪਰਕ ਤੱਕ ਸੀਮਿਤ ਨਹੀਂ ਹੋ ਸਕਦੇ। ਬਹੁਤ ਹੀ ਡੂੰਘੇ ਅਤੇ ਨਜ਼ਦੀਕੀ ਸੰਬੰਧ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਦਾ ਸਿੱਧੇ ਰੂਪ ਵਿੱਚ ਸੰਪਰਕ ਨਾ ਹੋਵੇ। ਕਲਮੀ ਮਿੱਤਰ, ਫੇਸਬੁੱਕ ਮਿੱਤਰ, ਇਸ ਤਰ੍ਹਾਂ ਦੀ ਸ਼੍ਰੇਣੀ ਨਾਲ਼ ਸੰਬੰਧ ਰੱਖਦੇ ਹਨ।

3. **ਹੰਢਣਸਾਰ:** ਮੁੱਢਲੇ ਸਮੂਹਾਂ ਵਿਚ ਰਿਸ਼ਤਾ ਹੰਢਣਸਾਰ ਹੁੰਦਾ ਹੈ ਅਤੇ ਇਹ ਉੱਥੇ ਹੀ ਪੈਦਾ ਹੁੰਦਾ ਹੈ, ਜਿੱਥੇ ਲੰਮੇ ਸਮੇਂ ਦਾ ਮੇਲ਼-ਜੋਲ਼ ਹੋਵੇ। ਮੇਲ਼-ਜੋਲ਼ ਦਾ ਸਮਾਂ ਜਿਨ੍ਹਾਂ ਲੰਮਾ ਹੋਵੇਗਾ ਉਨੀ ਹੀ ਆਪਸੀ ਸੰਬੰਧਾਂ ਦੀ ਪਕੜ ਤੇ ਪਕਿਆਈ ਹੋਵੇਗੀ। ਜਿਨ੍ਹਾ ਜ਼ਿਆਦਾ ਉਹ ਇਕ ਦੂਜੇ ਨੂੰ ਜਾਣਨਗੇ ਉਨੀ ਹੀ ਨੇੜਤਾ ਵੱਧ ਹੋਵੇਗੀ। ਉਦਾਹਰਨ ਲਈ ਮਾਪਿਆਂ ਤੇ ਬੱਚਿਆਂ ਵਿਚਕਾਰ ਵਿਚਾਰਾਂ ਦਾ ਵੱਖਰੇਵਾਂ ਹੋਣ ਦੇ ਬਾਵਜੂਦ ਉਹ ਲੰਮਾ ਸਮਾਂ ਇੱਕਠੇ ਰਹੇ ਹੋਣ ਕਰਕੇ, ਇਕ-ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ।

## ਅੰਦਰੂਨੀ ਵਿਸ਼ੇਸ਼ਤਾਵਾਂ :

ਇਹ ਉਹ ਵਿਸ਼ੇਸ਼ਤਾਵਾਂ ਹਨ ਜੋ ਮੁੱਢਲੇ ਸੰਬੰਧਾਂ ਦੇ ਅੰਦਰੂਨੀ ਭਾਗ ਨਾਲ਼ ਸੰਬੰਧ ਰੱਖਦੀਆਂ ਹਨ।

1. **ਉਦੇਸ਼ ਦੀ ਪਹਿਚਾਣ :** ਇਕ ਮੁੱਢਲੇ ਸਮੂਹ ਵਿੱਚ ਇਛਾਵਾਂ, ਦ੍ਰਿਸ਼ਟੀਕੋਣ ਅਤੇ ਉਦੇਸ਼ ਸਮਾਨ ਹੁੰਦੇ ਹਨ। ਉਹ ਸਾਰੇ ਸੰਸਾਰ ਨੂੰ ਇਕ ਹੀ ਢੰਗ ਨਾਲ਼ ਜਾਂ ਇਕ ਹੀ ਦ੍ਰਿਸ਼ਟੀ ਨਾਲ਼ ਦੇਖਦੇ ਹਨ ਜਾਂ ਸਮਝਦੇ ਹਨ। ਖਿਡਾਰੀਆਂ ਦਾ ਸਮੂਹ ਜੋ ਇਕ ਖੇਡ ਵਿੱਚ ਭਾਗ ਲੈ ਰਿਹਾ ਹੈ, ਜਿੱਤਣਾ ਉਹਨਾਂ ਦਾ ਇਕ ਹੀ ਉਦੇਸ਼ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

**2. ਸੰਬੰਧ ਆਪਣੇ ਆਪ ਵਿੱਚ ਉਦੇਸ਼ ਹਨ :** ਮੁੱਢਲੇ ਸੰਬੰਧ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਸਾਧਨ ਹੀ ਨਹੀਂ, ਸਗੋਂ ਇਹ ਆਪਣੇ-ਆਪ ਵਿੱਚ ਉਦੇਸ਼ ਹਨ। ਇਸ ਦੇ ਮਹੱਤਵਪੂਰਣ ਹੋਣ ਦੇ ਕਾਰਨ ਹੀ ਇਸਦਾ ਇੰਨਾਂ ਜ਼ਿਆਦਾ "ਮੁੱਲ" ਹੈ। ਇਹ ਪਿਆਰ ਅਤੇ ਲਗਾਵ ਵਾਲ਼ਾ ਸੰਬੰਧ ਹੈ। ਇਸ ਦਾ ਉਦਾਹਰਨ ਮਾਤਾ ਅਤੇ ਬੱਚੇ ਵਾਲ਼ੇ ਮਮਤਾ ਭਰਪੂਰ ਪਿਆਰ, ਪ੍ਰੇਮੀਆਂ ਵਾਲ਼ਾ ਪਿਆਰ ਅਤੇ ਜ਼ਿਆਦਾਤਰ ਪਿਆਰੇ ਮਿੱਤਰਾਂ ਵਾਲ਼ੇ ਪ੍ਰੇਮ ਵਿੱਚ ਵੇਖਿਆ ਜਾ ਸਕਦਾ ਹੈ।

**3. ਸੰਬੰਧ ਨਿੱਜੀ ਹੁੰਦੇ ਹਨ :** ਮੁੱਢਲੇ ਸਮੂਹ ਦੇ ਮੈਂਬਰ ਨਿੱਜੀ ਸੰਬੰਧ ਕਾਇਮ ਕਰਦੇ ਹਨ। ਇਹ ਸੰਬੰਧ ਦੋ ਵਿਸ਼ੇਸ਼ ਵਿਅਕਤੀਆਂ ਦੇ ਵਿਚਕਾਰ ਹੁੰਦੇ ਹਨ। ਇਹ ਬਦਲਣ ਵਾਲ਼ਾ ਨਹੀਂ ਹੁੰਦਾ ਅਤੇ ਇਸ ਲਈ ਕਿਸੇ ਇਕ ਵੀ ਵਿਅਕਤੀ ਦੀ ਗ਼ੈਰ-ਹਾਜ਼ਰੀ ਕਿਸੇ ਦੂਸਰੇ ਵਿਅਕਤੀ ਦੁਆਰਾ ਪੂਰੀ ਨਹੀਂ ਕੀਤੀ ਜਾ ਸਕਦੀ ਇਕ ਵਿਆਹੇ ਹੋਏ ਜੋੜੇ ਵਿਚੋਂ ਇਕ ਦੀ ਮੌਤ ਹੋਣ ਤੋਂ ਬਾਅਦ ਜਿਉਂਦੇ ਵਿਅਕਤੀ ਦਾ ਵਿਆਹ ਹੋ ਸਕਦਾ ਹੈ ਪ੍ਰੰਤੂ ਪਹਿਲੇ ਸਾਥੀ ਦੀ ਯਾਦ ਨਹੀਂ ਭੁੱਲਦੀ। ਕਿਸੇ ਵਿਸ਼ੇਸ਼ ਮਿੱਤਰ ਜਾਂ ਕਿਸੇ ਪਰਿਵਾਰਿਕ ਮੈਂਬਰ ਦਾ ਸਥਾਨ ਕੋਈ ਹੋਰ ਨਹੀਂ ਲੈ ਸਕਦਾ।

**4. ਸੰਬੰਧ ਸੰਮਿਲਿਤ ਹੁੰਦੇ ਹਨ :** ਮੁੱਢਲੇ ਸਮੂਹਾਂ ਵਿੱਚ ਸੰਬੰਧ ਇਸ ਅਰਥ ਵਿੱਚ ਸੰਮਿਲਿਤ ਹੁੰਦੇ ਹਨ। ਇਹ ਸੰਬੰਧਿਤ ਮੈਂਬਰਾਂ ਦੇ ਵਿਅਕਤੀਤਵ ਨਾਲ਼ ਸਾਰੇ ਪੱਖਾਂ ਤੋਂ ਜੁੜੇ ਹੁੰਦੇ ਹਨ। ਮੈਂਬਰ ਇਕ ਦੂਜੇ ਨੂੰ ਬਹੁਤ ਡੂੰਘਾਈ ਨਾਲ਼ ਜਾਣਦੇ ਹਨ। ਉਹਨਾਂ ਵਿੱਚ ਕੋਈ ਭੇਦ ਛੁਪਿਆ ਹੋਇਆ ਨਹੀਂ ਹੁੰਦਾ। ਇਸ ਲਈ ਉਹ ਆਪਸ ਵਿੱਚ ਇਕ ਦੂਸਰੇ ਦੇ ਪ੍ਰਤੀ ਪੂਰੀ ਤਰ੍ਹਾਂ ਸਪਸ਼ਟ ਹੁੰਦੇ ਹਨ। ਉਦਾਹਰਨ ਵਜੋਂ, ਚੰਗੇ ਮਿੱਤਰ ਇਕ ਦੂਜੇ ਨਾਲ਼ ਬਿਨ੍ਹਾਂ ਕਿਸੇ ਸ਼ਰਮ ਦੇ ਗੱਲ ਕਰਦੇ ਹਨ ਅਤੇ ਆਪਸ ਵਿੱਚ ਕੁਝ ਵੀ ਨਹੀਂ ਛੁਪਾਉਂਦੇ।

**5. ਸੰਬੰਧ ਸ੍ਵੈ ਇੱਛੁਕ ਹੁੰਦੇ ਹਨ :** ਮੁੱਢਲੇ ਸਮੂਹ ਵਿੱਚ ਸੰਬੰਧ ਇਕ ਦੂਸਰੇ ਨਾਲ ਸ੍ਵੈ ਇਛੁੱਕ ਹੁੰਦੇ ਹਨ। ਇਸ ਦੇ ਮੈਂਬਰਾਂ ਵਿੱਚ ਕੋਈ ਮਜ਼ਬੂਰੀ ਜਾਂ ਦਬਾਅ ਵਾਲ਼ੀ ਗੱਲ ਨਹੀਂ ਹੁੰਦੀ। ਮਿੱਤਰ ਆਪਸ ਵਿੱਚ ਮਿਲ਼ਦੇ ਹਨ ਕਿਉਂਕਿ ਉਹ ਆਪਸ ਵਿੱਚ ਗੱਲਬਾਤ ਕਰਨਾ ਚਾਹੁੰਦੇ ਹਨ। ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਉਹ ਹਰ ਜਗ੍ਹਾ ਇੱਕਠੇ ਫੁੱਟਬਾਲ ਜਾਂ ਤਾਸ਼ ਖੇਡਣਾ ਚਾਹੁੰਦੇ ਹਨ। ਇਕ ਦੂਸਰੇ ਕੋਲ਼ ਰਹਿਣਾ ਚਾਹੁੰਦੇ ਹਨ।

**6. ਸਮਾਨ ਪਿਛੋਕੜ :** ਸਮਾਨ ਪਿਛੋਕੜ ਦੇ ਨਾਲ਼ ਮੁੱਢਲੇ ਸਮੂਹ ਦੇ ਮੈਂਬਰਾਂ ਦੇ ਅਨੁਭਵ ਤੇ ਮਾਨਸਿਕ ਪੱਧਰ ਵੀ ਸਮਾਨ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

**7. ਸਹਿਯੋਗ :** ਮੁੱਢਲੇ ਸਮੂਹ ਦੇ ਸਾਰੇ ਮੈਂਬਰਾਂ ਤੋਂ ਸਾਰੇ ਕੰਮ ਇਕ ਦੂਜੇ ਨਾਲ਼ ਮਿਲ਼ ਕੇ ਸਹਿਯੋਗ ਨਾਲ਼ ਕੰਮ ਕਰਨ ਦੀ ਆਸ਼ਾ ਕੀਤੀ ਜਾਂਦੀ ਹੈ।

## ਮੁੱਢਲੇ ਸਮੂਹ ਦਾ ਮਹੱਤਵ

### ਵਿਅਕਤੀਆਂ ਲਈ ਮਹੱਤਵ

1. ਮੁੱਢਲੇ ਸਮੂਹ ਵਿੱਚ ਮੈਂਬਰ ਆਪਣੇ ਸੱਭਿਆਚਾਰ ਬਾਰੇ ਸਿੱਖਦਾ ਹੈ।
2. ਮੁੱਢਲੇ ਸਮੂਹ ਵਿੱਚ ਵਿਅਕਤੀ ਦੀ ਸ਼ਖ਼ਸੀਅਤ ਉੱਸਰਦੀ ਹੈ।
3. ਇਹ ਵਿਅਕਤੀ ਨੂੰ ਆਪਸ ਵਿੱਚ ਜੋੜਦਾ ਹੈ।
4. ਇਹ ਵਿਅਕਤੀਆਂ ਨੂੰ ਆਪਣੀਆਂ ਜ਼ਰੂਰਤਾਂ ਤੇ ਨਰਾਜ਼ਗੀ ਪ੍ਰਗਟ ਕਰਨ ਦਾ ਮੌਕਾ ਦਿੰਦਾ ਹੈ। ਇਹ ਆਪਣੇ ਹਰੇਕ ਮੈਂਬਰ ਦੀਆਂ ਰੁਚੀਆਂ ਨੂੰ ਬਣਾਈ ਰੱਖਣ ਲਈ ਉਤਸ਼ਾਹਿਤ ਕਰਦਾ ਹੈ।
5. ਇਹ ਆਪਣੇ ਮੈਂਬਰਾਂ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਦਾ ਹੈ।
6. ਇਹ ਆਪਣੇ ਮੈਂਬਰਾਂ ਵਿੱਚ ਨੈਤਿਕਤਾ ਨੂੰ ਵਧਾਉਂਦਾ ਹੈ।
7. ਇਹ ਆਪਣੇ ਮੈਂਬਰਾਂ ਵਿੱਚ 'ਅਸੀਂ ਦੀ ਭਾਵਨਾ' , ਸਹਿਯੋਗ ਤੇ ਏਕਤਾ ਪੈਦਾ ਕਰਦਾ ਹੈ।

### ਸਮਾਜ ਦੇ ਲਈ ਮਹੱਤਵ

1. ਮੁੱਢਲਾ ਸਮੂਹ ਆਪਣੇ ਮੈਂਬਰਾਂ ਉੱਤੇ ਸਮਾਜਿਕ ਨਿਯੰਤਰਨ ਰੱਖਦਾ ਹੈ।
2. ਇਹ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮੱਦਦ ਕਰਦਾ ਹੈ।
3. ਇਹ ਸਮਾਜ ਦੇ ਪ੍ਰਤਿਮਾਨਾ ਦੇ ਅਨੁਸਾਰ ਵਿਅਕਤੀਆਂ ਨੂੰ ਕੰਮ ਕਰਨ ਦੇ ਲਈ ਮਾਰਗ ਦਰਸ਼ਨ ਕਰਦਾ ਹੈ।
4. ਇਹ ਸਮਾਜਿਕ ਸੰਸਥਾਵਾਂ ਪ੍ਰਤੀ ਹਾਂ ਪੱਖੀ (ਪ੍ਰਤੱਖ) ਵਿਵਹਾਰ ਨੂੰ ਵਿਕਸਿਤ ਕਰਦਾ ਹੈ।
5. ਇਹ ਸਮਾਜਿਕ ਸੰਰਚਨਾ ਨੂੰ ਜੋੜਨ ਅਤੇ ਅਸੰਗਠਨ ਨੂੰ ਖ਼ਤਮ ਕਰਨ ਵਿੱਚ ਮਦਦ ਕਰਦਾ ਹੈ।

ਇਸ ਤਰ੍ਹਾਂ 'ਮੁੱਢਲੇ ਸਮੂਹ' ਸੱਤਾ, ਸਮਝੌਤੇ ਅਤੇ ਅਖੰਡਤਾ 'ਤੇ ਅਧਾਰਿਤ ਹਨ। ਇਹ ਸਰਬ ਸੰਮਤੀ ਨਾਲ਼ ਪ੍ਰਵਾਨਿਤ ਹੈ। ਮੁੱਢਲੇ ਸਮੂਹ, ਸਮੇਂ ਅਤੇ ਵਿਸ਼ੇਸ਼ਤਾ ਦੇ ਕਾਰਨ ਮੁੱਢਲੇ ਹਨ। ਇਹ ਸਮੂਹ ਸਮੇਂ ਦੇ ਅਨੁਸਾਰ ਮੁੱਢਲੇ ਇਸ ਲਈ ਮੰਨੇ ਜਾਂਦੇ ਹਨ, ਕਿਉਂਕਿ ਇਹ ਪਹਿਲੇ ਸਮੂਹ ਹਨ, ਜਿਨ੍ਹਾਂ ਵਿੱਚ ਬੱਚਾ ਆਪਣੀ ਮੁੱਢਲੀ ਉਮਰ ਵਿੱਚ ਪ੍ਰਵੇਸ਼ ਕਰਦਾ ਹੈ। ਇਹ ਵਿਸ਼ੇਸ਼ਤਾ ਦੇ ਪੱਖ ਤੋਂ ਇਸ ਲਈ ਪ੍ਰਥਮ ਹੈ ਕਿਉਂਕਿ ਇਹ ਸਮਾਜੀਕਰਨ ਦੀ ਪ੍ਰਕਿਰਿਆ ਲਈ ਜ਼ਿਆਦਾ ਮਹੱਤਵਪੂਰਨ ਹੈ। ਇਹ ਬੱਚੇ ਨੂੰ ਆਪਣਾ ਪਹਿਲਾ ਤਜ਼ਰਬਾ ਸਮਾਜਿਕ ਮੇਲ਼-ਜੋਲ਼ ਰਾਹੀਂ ਲੈਣ-ਦੇਣ ਦੀ ਪ੍ਰਕਿਰਿਆ ਦੇ ਰੂਪ ਵਿੱਚ ਦਿੰਦਾ ਹੈ ਅਤੇ



Downloaded from https:// www.studiestoday.com

Downloaded from https:// www.studiestoday.com

ਉਹਨਾਂ ਨੂੰ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਹਿਯੋਗ ਕਰਨਾ ਸਿਖਾਇਆ ਜਾਂਦਾ ਹੈ। ਮੁੱਢਲੇ ਸਮੂਹ ਵਿਅਕਤੀਆਂ ਲਈ ਅਤੇ ਸਮਾਜ ਲਈ ਮਹੱਤਵਪੂਰਨ ਹੁੰਦੇ ਹਨ। ਇਹ ਇਕ ਸਫਲ ਸਮਾਜਿਕ ਜੀਵਨ ਲਈ ਲੋਕਾਂ ਨੂੰ ਤਿਆਰ ਕਰਦੇ ਹਨ ਅਤੇ ਉਹਨਾਂ ਦੇ ਵਿਅਕਤੀਤਵ ਦਾ ਨਿਰਮਾਣ ਸਹੀ ਢੰਗ ਨਾਲ਼ ਕਰਦੇ ਹਨ। ਮੁੱਢਲੇ ਸਮੂਹ ਦੀ ਸ਼ਕਤੀ ਸਮਾਜ ਦੀ ਚੰਗੀ ਸਿਹਤ 'ਤੇ ਅਧਾਰਿਤ ਹੁੰਦੀ ਹੈ। ਮੁੱਢਲਾ ਸਮੂਹ ਵਰਤਮਾਨ ਵਿੱਚ ਵੱਧ ਰਹੇ ਇਕੱਲੇਪਣ ਵਾਲ਼ੇ ਸੰਸਾਰ ਵਿੱਚ ਖੁੱਲ੍ਹਪਣ, ਵਿਸ਼ਵਾਸ ਨੇੜਤਾ ਦੇ ਸਰੋਤ ਹਨ। ਉਹ ਲੋਕ, ਜੋ ਕਿਸੇ ਵੀ ਮੁੱਢਲੇ ਸਮੂਹ, ਜਿਵੇਂ ਵਿਆਹ, ਦੋਸਤੀ ਅਤੇ ਕੰਮ-ਕਾਜੀ ਰਿਸ਼ਤੇ ਦੇ ਮੈਂਬਰ ਨਹੀਂ ਬਣਨਾ ਚਾਹੁੰਦੇ, ਉਹਨਾਂ ਨੂੰ ਜੀਵਨ ਵਿੱਚ ਕਠਿਨਾਈ ਮਹਿਸੂਸ ਹੁੰਦੀ ਹੈ।

## ਗੌਣ ਸਮੂਹ

ਗੌਣ ਸਮੂਹ ਲਗਭਗ ਮੁੱਢਲੇ ਸਮੂਹਾਂ ਤੋਂ ਉਲਟ ਹੁੰਦੇ ਹਨ। ਕੂਲੇ ਨੇ ਗੌਣ ਸਮੂਹਾਂ ਦੇ ਬਾਰੇ ਵਿੱਚ ਨਹੀਂ ਦੱਸਿਆ ਜਦੋਂ ਕਿ ਉਹ ਮੁੱਢਲੇ ਸਮੂਹ ਦੇ ਸੰਬੰਧ ਵਿੱਚ ਦਸੱਦਾ ਹੈ, ਬਾਅਦ ਵਿੱਚ ਵਿਚਾਰਕਾਂ ਨੇ ਮੁੱਢਲੇ ਸਮੂਹ ਦੇ ਨਾਲ਼ ਗੌਣ ਸਮੂਹ ਦੇ ਵਿਚਾਰ ਨੂੰ ਸਮਝਿਆ। ਗੌਣ ਸਮੂਹ ਉਹ ਸਮੂਹ ਹੈ, ਜੋ ਆਕਾਰ ਵਿੱਚ ਵੱਡਾ ਹੁੰਦਾ ਹੈ ਅਤੇ ਥੋੜ੍ਹੇ ਸਮੇਂ ਲਈ ਹੁੰਦਾ ਹੈ। ਮੈਂਬਰਾਂ ਵਿੱਚ ਵਿਚਾਰਾਂ ਦਾ ਆਦਾਨ ਪ੍ਰਦਾਨ ਰਸਮੀ ਉਪਯੋਗ 'ਤੇ ਅਧਾਰਿਤ, ਵਿਸ਼ੇਸ਼ ਅਤੇ ਅਸਥਾਈ ਹੁੰਦਾ ਹੈ, ਕਿਉਂਕਿ ਇਸਦੇ ਮੈਂਬਰ ਆਪਣੀਆਂ ਭੂਮਿਕਾਵਾਂ ਅਤੇ ਕੀਤੇ ਜਾਣ ਵਾਲ਼ੇ ਕੰਮਾਂ ਦੇ ਕਾਰਨ ਆਪਸ ਵਿੱਚ ਜੁੜੇ ਹੁੰਦੇ ਹਨ। ਵਿਕ੍ਰੇਤਾ ਅਤੇ ਖਰੀਦਦਾਰ, ਕ੍ਰਿਕੇਟ ਮੈਚ ਵਿੱਚ ਇੱਕਠੇ ਹੋਏ ਲੋਕ ਅਤੇ ਉਦਯੋਗਿਕ ਸੰਗਠਨ ਇਸਦੇ ਉਦਾਹਰਨ ਹਨ। ਕਾਰਖ਼ਾਨੇ ਦੇ ਮਜ਼ਦੂਰ, ਸੈਨਾ, ਕਾਲਜ ਦੇ ਵਿਦਿਆਰਥੀਆਂ ਦਾ ਸੰਗਠਨ, ਵਿਸ਼ਵ ਵਿਦਿਆਲੇ ਦੇ ਵਿਦਿਆਰਥੀਆਂ ਦੇ ਸੰਗਠਨ, ਇਕ ਰਾਜਨੀਤਿਕ ਦਲ ਆਦਿ ਵੀ ਗੌਣ ਸਮੂਹ ਦੇ ਉਦਾਹਰਨ ਹਨ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੌਣ ਸਮੂਹ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਬਣਾਏ ਜਾਂਦੇ ਹਨ ਅਤੇ ਗੌਣ ਸਮੂਹ ਦੇ ਮੈਂਬਰ ਉਦੇਸ਼ ਦੀ ਪੂਰਤੀ ਲਈ ਯਤਨਸ਼ੀਲ ਹੁੰਦੇ ਹਨ। ਗੌਣ ਸਮੂਹ ਦੇ ਮੈਂਬਰ ਰੋਜ਼ ਨਹੀਂ ਮਿਲ਼ਦੇ ਉਹਨਾਂ ਦੇ ਵਿਚਕਾਰ ਗ਼ੈਰ-ਵਿਅਕਤੀਗਤ ਸੰਬੰਧ ਪਾਏ ਜਾਂਦੇ ਹਨ ਅਤੇ ਉਹਨਾਂ ਵਿੱਚ ਆਪਸੀ ਗਹਿਰੇ ਸੰਬੰਧ ਨਹੀਂ ਪਾਏ ਜਾਂਦੇ।



Downloaded from https:// www.studiestoday.com

Downloaded from https:// www.studiestoday.com






ਰਾਜਨੀਤਿਕ ਦਲ

ਮਜ਼ਦੂਰ ਸਮੂਹ

## ਗੌਣ ਸਮੂਹ ਦੀਆਂ ਵਿਸ਼ੇਸ਼ਤਾਵਾਂ

ਗੌਣ ਸਮੂਹ ਆਕਾਰ ਵਿੱਚ ਵੱਡੇ ਹੁੰਦੇ ਹਨ। ਇਹਨਾਂ ਦੇ ਮੈਂਬਰ ਵੰਡੇ ਖੇਤਰ ਵਿੱਚ ਫੈਲੇ ਹੋ ਸਕਦੇ ਹਨ, ਇਥੋਂ ਤੱਕ ਕਿ ਪੂਰੇ ਸੰਸਾਰ ਵਿੱਚ। ਉਹਨਾਂ ਦੀਆਂ ਨਿਮਨ-ਲਿਖਤ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

1. **ਭੌਤਿਕ ਨੇੜਤਾ ਨਹੀਂ ਹੁੰਦੀ :** ਗੌਣ ਸਮੂਹ ਦੇ ਮੈਂਬਰ ਇਕ ਹੀ ਸਮੇਂ ਤੇ ਇਕ ਹੀ ਸਥਾਨ ਤੇ ਨਹੀਂ ਰਹਿੰਦੇ। ਬਹੁਤ ਸਾਰੇ ਗੌਣ ਸਮੂਹ ਕਿਸੇ ਨਿਸ਼ਚਿਤ ਖੇਤਰ ਵਿੱਚ ਸੀਮਿਤ ਨਹੀਂ ਹੁੰਦੇ। ਗੌਣ ਸਮੂਹ ਦੇ ਕੁਝ ਉਦਾਹਰਨ ਹਨ ਜਿਵੇਂ ਰੈੱਡ ਕਰੋਸ ਸੋਸਾਇਟੀ ਅਤੇ ਰੋਟਰੀ ਕਲੱਬ, ਅੰਤਰ ਰਾਸ਼ਟਰੀ ਸੁਭਾਓ ਵਾਲ਼ੇ ਹਨ, ਜਿਨ੍ਹਾ ਦੇ ਮੈਂਬਰ ਵਿਸ਼ਾਲ ਖੇਤਰ ਵਿੱਚ ਫੈਲੇ ਹੋਏ ਹਨ ਅਤੇ ਕਈ ਵਾਰ ਤਾਂ ਇਸਦੇ ਮੈਂਬਰ ਇਕ ਦੂਜੇ ਨੂੰ ਜਾਣਦੇ ਵੀ ਨਹੀਂ ਹਨ।

2. **ਅਸਥਿਰਤਾ :** ਗੌਣ ਸਮੂਹ ਵਿੱਚ ਮੈਂਬਰ ਸੀਮਿਤ ਉਦੇਸ਼ ਦੇ ਲਈ ਸ਼ਾਮਿਲ ਹੁੰਦੇ ਹਨ ਅਤੇ ਜਿਵੇਂ ਹੀ ਉਹਨਾਂ ਦਾ ਉਦੇਸ਼ ਪੂਰਾ ਹੋ ਜਾਂਦਾ ਹੈ, ਉਹ ਸਮੂਹ ਨੂੰ ਛੱਡ ਕੇ ਚਲੇ ਜਾਂਦੇ ਹਨ। ਉਦਾਹਰਨ ਦੇ ਲਈ ਵਿਦਿਆਰਥੀ ਜਦੋਂ ਆਪਣੇ ਸਕੂਲ ਦੀ ਪ੍ਰੀਖਿਆ ਪਾਸ ਕਰ ਲੈਂਦੇ ਹਨ। ਉਹ ਆਪਣੇ ਸਕੂਲ ਨੂੰ ਛੱਡ ਕੇ ਚਲੇ ਜਾਂਦੇ ਹਨ। ਜ਼ਿਆਦਾਤਰ ਕੇਸਾਂ ਵਿੱਚ ਵਿਦਿਆਰਥੀ ਅਤੇ ਅਧਿਆਪਕ ਦਾ ਸੰਬੰਧ ਅਲੋਪ ਹੋ ਜਾਂਦਾ ਹੈ, ਜਿਵੇਂ ਹੀ ਉਹ ਸਕੂਲ ਛੱਡਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੌਣ ਸਮੂਹ ਸਥਾਈ ਨਹੀਂ। ਇਹ ਬਹੁਤ ਦੇਰ ਤੱਕ ਕਾਇਮ ਨਹੀਂ ਰਹਿੰਦੇ।



Downloaded from https:// www.studiestoday.com

Downloaded from https:// www.studiestoday.com

**3. ਉਦੇਸ਼ ਨੂੰ ਪ੍ਰਾਪਤ ਕਰਨ ਦਾ ਸਾਧਨ :** ਗੌਣ ਸਮੂਹ ਵਿੱਚ ਸੰਬੰਧ ਸਦਾ ਹੀ ਉਦੇਸ਼ ਪ੍ਰਧਾਨ ਹੁੰਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਇਹ ਆਪਣੇ-ਆਪ ਵਿੱਚ ਉਦੇਸ਼ ਨਹੀਂ ਹੁੰਦੇ ਪ੍ਰੰਤੂ ਇਹ ਉਦੇਸ਼ਾਂ ਦੀ ਪ੍ਰਾਪਤੀ ਲਈ ਇਹ ਸਾਧਨ ਹੁੰਦੇ ਹਨ। ਗੌਣ ਸਮੂਹਾਂ ਵਿੱਚ ਉਹਨਾਂ ਦੇ ਮੈਂਬਰ ਸਾਂਝੇ ਉਦੇਸ਼ਾਂ ਦੇ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਦੇ। ਅਜਿਹੇ ਸੰਬੰਧ ਦਾ ਆਧਾਰ ਉਦੇਸਪੂਰਨ ਜਾਂ ਨਿਰਪੱਖ ਸੁਆਰਥ ਦੀ ਪੂਰਤੀ ਲਈ ਹੁੰਦਾ ਹੈ। ਸੰਬੰਧਾਂ ਦਾ ਮੁੱਲ ਉਦੋਂ ਤੱਕ ਹੁੰਦਾ ਹੈ ਜਦੋਂ ਇਹ ਉਦੇਸ਼ ਦੀ ਪੂਰਤੀ ਕਰਦੇ ਹੋਣ ਭਾਵ ਸੰਬੰਧਾਂ ਦਾ ਆਧਾਰ ਉਦੇਸ਼ ਦੀ ਪੂਰਤੀ ਹੈ।

**4. ਸੰਬੰਧ ਰਸਮੀ ਹੁੰਦੇ ਹਨ :** ਗੌਣ ਸਮੂਹਾਂ ਵਿੱਚ ਸੰਬੰਧ ਰਸਮੀ ਹੁੰਦੇ ਹਨ। ਇਸਦੇ ਮੈਂਬਰ ਜਾਂ ਵਿਅਕਤੀ ਇਕ ਦੂਜੇ ਨਾਲ਼ ਰਸਮੀ ਢੰਗ ਨਾਲ਼ ਮਿਲ਼ਦੇ ਹਨ। ਗੌਣ ਸਮੂਹ ਰਸਮੀ ਨਿਯਮਾਂ ਅਨੁਸਾਰ ਚਲਾਇਆ ਜਾਂਦਾ ਹੈ। ਥੋੜ੍ਹੀ ਦੇਰ ਲਈ ਕਿਸੇ ਕੰਮ ਲਈ ਆਪਸ ਵਿੱਚ ਮਿਲ਼ਦੇ ਹਨ। ਇਨ੍ਹਾਂ ਸੰਬੰਧਾਂ ਵਿੱਚ ਗਹਿਰੇ ਸੰਬੰਧਾਂ ਦੀ ਕਮੀ ਹੁੰਦੀ ਹੈ ਅਤੇ ਇਹ ਸੰਬੰਧ ਅਵਿਅਕਤੀਗਤ ਹੁੰਦੇ ਹਨ।

**5. ਸਵੈ ਇਛੁੱਕ ਮੈਂਬਰਸ਼ਿਪ :** ਵਿਅਕਤੀਆਂ ਦੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਗੌਣ ਸਮੂਹ ਦੇ ਮੈਂਬਰ ਜ਼ਰੂਰ ਬਣਨ। ਮੈਂਬਰਾਂ ਦਾ ਦਰਜਾ ਅਰਜਿਤ ਹੁੰਦਾ ਹੈ ਅਤੇ ਉਹਨਾਂ ਦੀ ਮੈਂਬਰਸ਼ਿਪ ਉਹਨਾਂ ਦੀ ਭੂਮਿਕਾ ਅਤੇ ਕਾਰਜ ਉੱਤੇ ਅਧਾਰਿਤ ਨਾ ਹੋ ਕੇ ਵਿਅਕਤੀਗਤ ਗੁਣਾਂ ਤੇ ਅਧਾਰਿਤ ਹੁੰਦੀ ਹੈ।

## ਗੌਣ ਸਮੂਹ ਦਾ ਮਹੱਤਵ

ਮੁੱਢਲੇ ਸਮੂਹਾਂ ਤੋਂ ਹੱਟ ਕੇ ਗੌਣ ਸਮੂਹ ਪ੍ਰਕਿਰਤੀ ਵਿੱਚ ਗੌਣ ਹਨ ਕਿਉਂਕਿ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਇਕ ਦੂਜੇ ਨਾਲ਼ ਬਹੁਤ ਸਮੇਂ ਬਾਅਦ ਵੱਡੇ ਹੋ ਕੇ ਮਿਲ਼ਦੇ ਹਨ। ਇਹ ਸਮੂਹ ਵੀ ਸਮਾਜ ਲਈ ਮਹੱਤਵਪੂਰਨ ਹੁੰਦੇ ਹਨ ਨਾਲ਼ ਦੀ ਨਾਲ਼ ਹੀ ਵਿਅਕਤੀਆਂ ਲਈ ਕਿਉਂਕਿ ਇਹ ਕੁਝ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਕੀਤੀਆਂ ਜਾਣ ਵਾਲ਼ੀਆਂ ਸਭਾਵਾਂ ਵਿੱਚ ਮੈਂਬਰਾਂ ਦੀ ਮਦਦ ਕਰਦੇ ਹਨ। ਵੱਧਦਾ ਹੋਇਆ ਉਦਯੋਗੀਕਰਨ, ਸ਼ਹਿਰੀਕਰਨ, ਵਿਸ਼ਵੀਕਰਨ, ਅਤੇ ਵਿਸਤ੍ਰਿਤ ਸੰਚਾਰ ਵਿਵਸਥਾ ਨੇ ਸਮੂਹ ਨੂੰ ਮੂਕ ਬਣਾ ਦਿੱਤਾ ਹੈ। ਸਮਾਜਿਕ ਜੀਵਨ ਦੀਆਂ ਜਟਿਲਤਾਵਾਂ ਦੇ ਕਾਰਨ ਮੁੱਢਲੇ ਸਮੂਹ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਇਸ ਅਸਰੱਥਾ ਦੇ ਕਾਰਨ ਉਹ ਗੌਣ ਸਮੂਹਾਂ ਵੱਲ ਦੇਖਦੇ ਹਨ। ਉਦਾਹਰਨ ਦੇ ਰੂਪ ਵਿੱਚ, ਪਹਿਲੇ ਸਮੇਂ ਵਿੱਚ ਪਰਿਵਾਰ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਸਨ ਅਤੇ ਆਪਣੇ ਮਾਤਾ-ਪਿਤਾ ਦਾ ਬੁਢਾਪੇ ਵਿੱਚ ਪੂਰਾ ਧਿਆਨ ਰੱਖਦੇ ਸਨ। ਪ੍ਰੰਤੂ ਅੱਜ-ਕੱਲ੍ਹ ਅਸੀਂ ਦੇਖਦੇ ਹਾਂ ਕਿ ਕੰਮ ਤੇ ਜਾਣ ਵਾਲ਼ੀਆਂ ਮਾਤਾਵਾਂ ਆਪਣੇ ਬੱਚੇ ਨੂੰ



Downloaded from https:// www.studiestoday.com

Downloaded from https:// www.studiestoday.com

ਬੱਚਾ ਕੇਂਦਰ ਵਿੱਚ ਛੱਡ ਜਾਂਦੀਆਂ ਹਨ ਅਤੇ ਬੁੱਢੇ ਮਾਤਾ-ਪਿਤਾ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੀਆਂ ਜਰੂਰਤਾਂ ਦੀ ਪੂਰਤੀ ਦੇ ਲਈ ਆਧੁਨਿਕ ਸਮਾਜ ਦੇ ਗੌਣ ਸਮੂਹ ਤੇ ਅਧਾਰਿਤ ਹੈ। ਕਿਉਂਕਿ ਇਹ ਅਧੁਨਿਕ ਸਮਾਜ ਦਾ ਰਿਵਾਜ ਹੈ, ਜੋ ਛੋਟੇ ਸਮੁਦਾਇ ਤੋਂ ਵੱਡੇ ਸਮੁਦਾਇ ਵੱਲ ਵੱਧ ਰਹੇ ਹਨ।

## ਮੁੱਢਲੇ ਸਮੂਹ ਅਤੇ ਗੌਣ ਸਮੂਹ ਵਿੱਚ ਅੰਤਰ

| ਮੁੱਢਲੇ ਸਮੂਹ | ਗੌਣ ਸਮੂਹ |
|---|---|
| 1. ਆਹਮੋ-ਸਾਹਮਣੇ ਦੇ ਸੰਬੰਧ | 1. ਆਹਮੋ-ਸਾਹਮਣੇ ਦੇ ਸੰਬੰਧ ਨਹੀਂ ਹੁੰਦੇ। |
| 2. ਸੀਮਿਤ ਮੈਂਬਰ/ਆਕਾਰ ਵਿੱਚ ਛੋਟੇ | 2. ਵਿਸਤ੍ਰਿਤ ਮੈਂਬਰਸ਼ਿਪ/ਆਕਾਰ ਵਿੱਚ ਵੱਡੇ। |
| 3. ਵਿਅਕਤੀਗਤ ਅਤੇ ਨੇੜਲੇ ਸੰਬੰਧ | 3. ਅਵਿਅਕਤੀਗਤ ਅਤੇ ਦੁਰੇਡੇ ਸੰਬੰਧ। |
| 4. ਪਿਆਰ ਦੀ ਭਾਵਨਾ, ਮਿੱਤਰਤਾ ਅਤੇ ਸਹਿਣਸ਼ੀਲਤਾ ਆਦਿ। | 4. ਸੰਗਠਨਾਂ ਨੂੰ ਮਾਨਤਾ ਪ੍ਰਾਪਤ ਨਿਯਮਾਂ ਅਨੁਸਾਰ ਵਿਵਹਾਰ |
| 5. ਸਮਾਜਿਕ ਨਿਯੰਤਰਨ ਦਾ ਗ਼ੈਰ-ਰਸਮੀ ਸਾਧਨ | 5. ਸਮਾਜਿਕ ਨਿਯੰਤਰਨ ਦਾ ਰਸਮੀ ਸਾਧਨ |
| 6. ਵਿਅਕਤੀ ਸਥਿਰ ਸੰਬੰਧਾਂ ਵਿੱਚ ਬੱਝਾ ਹੁੰਦਾ ਹੈ। | 6. ਅਸਥਿਰ ਸੰਬੰਧ/ਵਿਅਕਤੀ ਕਦੇ ਵੀ ਸਮੂਹ ਛੱਡ ਸਕਦਾ ਹੈ। |
| 7. ਅਣਇਛੁੱਕ ਮੈਂਬਰਸ਼ਿਪ | 7. ਸ੍ਵੈ ਇੱਛਕ ਮੈਂਬਰਸ਼ਿਪ |
| 8. ਸਹਿਯੋਗ ਪਾਇਆ ਜਾਂਦਾ ਹੈ। | 8. ਅਪ੍ਰੱਤਖ ਤੌਰ ਤੇ ਸਹਿਯੋਗ ਪਾਇਆ ਜਾਂਦਾ ਹੈ। |
| 9. ਅਸੀਂ ਦੀ ਭਾਵਨਾ | 9. ਉਹ ਦੀ ਭਾਵਨਾ |
| 10. ਗ਼ੈਰ-ਰਸਮੀ ਸੰਬੰਧ | 10. ਰਸਮੀ ਸੰਬੰਧ |



Downloaded from https:// www.studiestoday.com

Downloaded from https:// www.studiestoday.com

## ਡਬਲਿਯੂ ਜੀ ਸਮਨਰ - ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ

ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ ਦੀ ਧਾਰਨਾ ਵਿਲੀਅਮ ਗ੍ਰਾਹਮ ਸਮਨਰ, ਇੱਕ ਅਮਰੀਕੀ ਸਮਾਜ ਸ਼ਾਸਤਰੀ ਦੁਆਰਾ ਦਿੱਤੀ ਗਈ ਹੈ। ਉਸ ਨੇ ਸਮੂਹ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ– ਅੰਦਰੂਨੀ ਸਮੂਹ ਅਤੇ ਬਾਹਰੀ ਸਮੂਹ। ਅੰਦਰੂਨੀ ਸਮੂਹ ਨੂੰ 'ਅਸੀਂ ਸਮੂਹ' ਕਿਹਾ ਜਾਂਦਾ ਹੈ ਅਤੇ ਬਾਹਰੀ ਸਮੂਹ ਨੂੰ 'ਉਹ ਸਮੂਹ' ਕਿਹਾ ਜਾਂਦਾ ਹੈ।

### ਅੰਦਰੂਨੀ ਸਮੂਹ



ਅੰਦਰੂਨੀ ਸਮੂਹ ਇੱਕ ਅਜਿਹਾ ਸਮਾਜਿਕ ਸਮੂਹ ਹੈ ਜਿਸ ਦੇ ਵਿੱਚ, ਮੈਂਬਰਾਂ ਵਿੱਚ ਸਮੂਹ ਦੀ ਕਿਸਮ ਸੰਬੰਧੀ ਚੇਤਨਾ ਜਾਂ ਜਾਗਰੂਕਤਾ ਹੁੰਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹ ਸਮੂਹ ਨਾਲ਼ ਸੰਬੰਧ ਰੱਖਦੇ ਹਨ ਅਤੇ ਇਸ ਦੇ ਪਰਿਣਾਮਾਂ ਨੂੰ ਸਾਂਝੇ ਤੌਰ ਤੇ ਸਵੀਕਾਰ ਕਰਦੇ ਹਨ ਅਤੇ ਇਕ ਸਾਂਝੀ ਵਿਚਾਰਧਾਰਾ ਨੂੰ ਅਪਣਾਉਂਦੇ ਹਨ। ਅੰਦਰੂਨੀ ਸਮੂਹ ਮੁੱਢਲੇ ਸਮੂਹ ਹੁੰਦੇ ਹਨ। ਤੁਹਾਡੇ ਸਕੂਲ ਦੇ ਵਿਦਿਆਰਥੀ ਅਜਿਹੀ ਮਿੱਤਰਤਾ ਤੇ ਇੱਕਠੇ ਰਹਿਣ ਵਾਲ਼ੀ ਭਾਵਨਾ ਨੂੰ ਮਹਿਸੂਸ ਕਰ ਸਕਦੇ ਹਨ। ਇਸ ਪ੍ਰਕਾਰ ਦੂਜੇ ਸਕੂਲ ਦੇ ਵਿਦਿਆਰਥੀ 'ਅੰਦਰੂਨੀ ਸਮੂਹ' ਬਣਾ ਸਕਦੇ ਹਨ ਪ੍ਰੰਤੂ ਇਹ ਆਪਣੇ ਲਈ ਇਕ ਬਾਹਰੀ ਸਮੂਹ ਹੈ। ਹੋਰ ਸਮੂਹਾਂ ਦੇ ਮੈਂਬਰ ਤੁਹਾਡੇ ਲਈ 'ਉਹ' ਹਨ ਅਤੇ ਤੁਸੀਂ ਉਹਨਾਂ ਦੇ ਲਈ 'ਉਹ' ਹੋ।

### ਬਾਹਰੀ ਸਮੂਹ

ਬਾਹਰੀ ਸਮੂਹ ਨੂੰ ਇੱਕ ਅਜਿਹੇ ਸਮੂਹ ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਹੈ ਜਿਸ ਵਿੱਚ ਵਿਅਕਤੀ ਸਮੂਹ ਨਾਲ਼ ਸੰਬੰਧਿਤ ਨਹੀਂ ਹੁੰਦਾ ਅਤੇ ਨਾ ਹੀ ਸਮੂਹ ਵਿੱਚ ਗਿਣਿਆ ਜਾਂਦਾ ਹੈ, ਉਹ ਆਪਣੇ ਸਮੂਹ ਦਾ ਅੰਗ ਹੁੰਦਾ ਹੋਇਆ ਬਾਹਰੀ ਸਮੂਹ ਦਾ ਹਿੱਸਾ ਹੁੰਦਾ ਹੈ। 'ਅੰਦਰੂਨੀ ਸਮੂਹ' ਦੇ ਮੈਂਬਰ ਬਾਹਰੀ ਸਮੂਹ ਲਈ 'ਉਹ' ਸ਼ਬਦ ਦਾ ਪ੍ਰਯੋਗ ਕਰਦੇ ਹਨ ਬਾਹਰੀ ਸਮੂਹ ਦੇ ਮੈਂਬਰਾਂ ਨਾਲ਼ ਨਕਾਰਾਤਮਕ ਤੇ 'ਬੇਗ਼ਾਨੇ' ਵਾਲ਼ਾ ਵਿਹਾਰ ਕੀਤਾ ਜਾਂਦਾ ਹੈ। ਉਦਾਹਰਨ ਲਈ ਸਕੂਲ ਵਿੱਚ ਮੁਕਾਬਲੇ ਦੌਰਾਨ 'ਅੰਦਰੂਨੀ ਸਮੂਹ' ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ 'ਬਾਹਰੀ ਸਮੂਹ' ਨੂੰ ਨਿਰਉਤਸ਼ਾਹਤ ਕੀਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com



ਸਕੂਲ ਮੁਕਾਬਲੇ ਦਾ ਦ੍ਰਿਸ਼

**ਗਤੀਵਿਧੀ 4.3**

ਭਾਰਤ ਦੇ ਹੋਰ ਭਾਗਾਂ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦੇ ਨਾਲ਼ ਮਿਲ਼ਕੇ ਉਹਨਾਂ ਨੂੰ ਹੋਣ ਵਾਲ਼ੇ ਤਜ਼ਰਬਿਆਂ ਦਾ ਪਤਾ ਲਗਾਓ ਜੋ ਪੰਜਾਬ ਵਿੱਚ ਪੜ੍ਹਨ, ਕੰਮ ਦੇ ਲਈ ਜਾਂ ਕਿਸੇ ਹੋਰ ਕਾਰਨ ਦੇ ਲਈ ਆਉਂਦੇ ਹਨ।

- ਕੀ ਤੁਸੀਂ ਸੋਚਦੇ ਹੋ ਕਿ ਉਹਨਾਂ ਨਾਲ਼ ਬਾਹਰੀ ਲੋਕਾਂ ਵਰਗਾ ਵਿਹਾਰ ਕੀਤਾ ਜਾਂਦਾ ਹੈ। ਆਪਣੇ ਉੱਤਰ ਨੂੰ ਸਿੱਧ ਕਰਨ ਲਈ ਦਲੀਲਾਂ ਦਿਓ।

## ਸੰਦਰਭ ਸਮੂਹ: ਰੱਬਟ ਕੇ. ਮਰਟਨ

ਸੰਦਰਭ ਸਮੂਹ : ਸੰਦਰਭ ਸਮੂਹ ਦੀ ਧਾਰਨਾ ਅਮਰੀਕੀ ਸਮਾਜ ਵਿਗਿਆਨਿਕ ਰਾਬਰਟ ਕੇ. ਮਰਟਨ ਦੁਆਰਾ ਦਿੱਤੀ ਗਈ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਹਰੇਕ ਵਿਅਕਤੀ ਕਿਸੇ ਨਾ ਕਿਸੇ ਸਮੂਹ ਦਾ ਮੈਂਬਰ ਹੈ। ਲੋਕਾਂ ਦੇ ਕਿਸੇ ਸਮੂਹ ਦੇ ਲਈ, ਦੂਸਰੇ ਸਮੂਹ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਆਪ ਦੀ ਤੁਲਨਾ ਕਰਦੇ ਹਨ। ਕਈ ਵਾਰ ਸਮੂਹ ਦੇ ਮੈਂਬਰ, ਦੂਸਰੇ ਸਮੂਹ ਨੂੰ ਦੇਖਦੇ 'ਤੇ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਜਿਨ੍ਹਾਂ ਸਮੂਹਾਂ ਤੋਂ ਜੀਵਨ ਸ਼ੈਲੀ ਅਪਣਾਈ ਜਾਂਦੀ ਹੈ ਉਸ ਨੂੰ ਸੰਦਰਭ ਸਮੂਹ ਕਿਹਾ ਜਾਂਦਾ ਹੈ। 'ਅਸੀਂ' ਉਸ ਤਰ੍ਹਾਂ ਸਮੂਹ ਦੇ ਨਾਲ਼ ਆਪਣੀ ਪਹਿਚਾਣ ਬਣਾਉਣੀ ਸ਼ੁਰੂ ਕਰ ਦਿੰਦੇ ਹਾਂ। ਸੰਦਰਭ ਸਮੂਹ, ਸੱਭਿਆਚਾਰ, ਜੀਵਨ ਸ਼ੈਲੀ, ਪ੍ਰੇਰਣਾ ਅਤੇ ਉਦੇਸ਼ਾਂ ਦੀ ਪ੍ਰਾਪਤੀ ਦੀ ਸੂਚਨਾ ਦੇ ਮਹੱਤਵਪੂਰਣ ਸਰੋਤ ਹਨ। ਉਦਾਹਰਨ ਵਜੋਂ ਅਮਰੀਕਾ, ਕੈਨੇਡਾ ਅਤੇ ਅਸਟਰੇਲੀਆ ਵਿੱਚ ਵੱਸੇ ਹੋਏ ਪੰਜਾਬੀਆਂ ਨੂੰ ਸੰਦਰਭ ਸਮੂਹ ਕਿਹਾ ਜਾ ਸਕਦਾ ਹੈ ਕਿਉਂਕਿ ਉਹਨਾਂ ਦਾ ਉੱਚ ਪੱਧਰ ਇਥੋਂ ਦੇ ਪੰਜਾਬੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਉਹ ਵਿਦੇਸ਼ ਵਿੱਚ ਵੱਸਣਾ ਚਾਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

**ਗਤੀਵਿਧੀ 4.4**

1. ਕੀ ਤੁਸੀਂ ਆਪਣੇ ਪਰਿਵਾਰ ਜਾਂ ਇਲਾਕੇ ਦੇ ਕਿਸੇ ਵਿਸ਼ੇਸ਼ ਵਿਅਕਤੀ ਤੋਂ ਪ੍ਰਭਾਵਿਤ ਹੋ ?
2. ਉਸ ਦੇ ਕਿਹੜੇ ਗੁਣ ਤੁਹਾਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਦੇ ਹਨ।
3. ਕੀ ਤੁਸੀਂ ਕਦੇ ਉਸ ਵਿਅਕਤੀ ਵਾਂਗੂੰ ਵਿਵਹਾਰ ਕੀਤਾ ਹੈ।

**ਸਿੱਟਾ :**

ਸਮਾਜਿਕ ਸਮੂਹਾਂ ਦਾ ਅਧਿਐਨ ਸਮਾਜ ਸ਼ਾਸਤਰੀਆਂ ਦੇ ਅਧਿਐਨ ਦਾ ਕੇਂਦਰੀ ਬਿੰਦੂ ਹੈ। ਇਕ ਸਮਾਜਿਕ ਸਮੂਹ ਵਿਅਕਤੀਆਂ ਦੇ ਇਕੱਠ ਤੋਂ ਵੱਧ ਕੇ ਹੈ। ਇਸ ਵਿੱਚ ਸਮਾਨ ਵਿਸ਼ੇਸ਼ਤਾਵਾਂ ਵਾਲ਼ੇ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀ ਸ਼ਾਮਲ ਹੁੰਦੇ ਹਨ ਜਿਹੜੇ ਇਕ ਦੂਜੇ ਨਾਲ ਮੇਲ਼-ਜੋਲ਼ ਰੱਖਦੇ ਹਨ ਅਤੇ ਏਕਤਾ ਤੇ ਸੰਬੰਧਤਾ ਦੀ ਭਾਵਨਾ ਮਹਿਸੂਸ ਕਰਦੇ ਹਨ। ਅਸੀਂ ਕਈ ਤਰ੍ਹਾਂ ਦੇ ਸਮੂਹਾਂ ਵਿੱਚ ਭਿੰਨਤਾ ਕਰ ਸਕਦੇ ਹਾਂ, ਹਰੇਕ ਦਾ ਆਪਣਾ ਇੱਕ ਉਦੇਸ਼ , ਸੱਭਿਆਚਾਰ ਅਤੇ ਪ੍ਰਤਿਮਾਨ ਆਦਿ ਹਨ। ਸਭ ਤੋਂ ਜ਼ਿਆਦਾ ਮਹੱਤਵਪੂਰਣ ਸਮੂਹ, ਮੁੱਢਲੇ/ਗੌਣ ਸਮੂਹ, ਅੰਦਰੂਨੀ/ ਬਾਹਰੀ ਸਮੂਹ ਅਤੇ ਸੰਦਰਭ ਸਮੂਹ ਹਨ।

## ਸ਼ਬਦਾਵਲੀ

**ਮੁੱਢਲਾ ਸਮੂਹ :** ਇਹ ਇੱਕ ਛੋਟਾ ਸਮੂਹ ਹੁੰਦਾ ਹੈ ਜਿਸ ਵਿੱਚ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਹਨ ਅਤੇ ਉਹਨਾਂ ਵਿਚਕਾਰ ਨੇੜਤਾ ਅਤੇ ਆਪਣੇਪਣ ਤੋਂ ਇਲਾਵਾ 'ਅਸੀਂ ਦੀ ਭਾਵਨਾ' ਪਾਈ ਜਾਂਦੀ ਹੈ।

**ਗੌਣ ਸਮੂਹ :** ਇਹ ਇੱਕ ਅਜਿਹਾ ਸਮੂਹ ਹੈ ਜਿਸ ਵਿੱਚ ਗ਼ੈਰ ਵਿਅਕਤੀਗਤਤਾ, ਰਸਮੀਂ, ਖੰਡਾਤਮਕਤਾ ਅਤੇ ਉਪਯੋਗਤਾ ਮੁੱਖੀ ਵਿਵਹਾਰ ਪਾਇਆ ਜਾਂਦਾ ਹੈ।

**ਸੰਦਰਭ ਸਮੂਹ :** ਆਪਣੇ ਫੈਸਲਿਆਂ ਅਤੇ ਕਿਰਿਆਵਾਂ ਦੇ ਲਈ ਕਿਸੇ ਸਮੂਹ ਨੂੰ ਮਾਰਗ ਦਰਸ਼ਕ ਮੰਨਣਾ



Downloaded from https:// www.studiestoday.com

Downloaded from https:// www.studiestoday.com

**ਅੰਤਰ ਸਮੂਹ :** ਅਜਿਹਾ ਸਮੂਹ ਜਿਸ ਵਿੱਚ ਆਪਸ ਵਿੱਚ ਇੱਕਜੁਟਤਾ ਦੀ ਭਾਵਨਾ ਪਾਈ ਜਾਂਦੀ ਹੈ।

**ਬਾਹਰੀ ਸਮੂਹ :** ਅਜਿਹਾ ਸਮੂਹ ਜਿਸ ਵਿੱਚ ਆਪਸ ਵਿੱਚ ਇੱਕਜੁਟਤਾ ਦੀ ਭਾਵਨਾ ਨਹੀਂ ਪਾਈ ਜਾਂਦੀ ਹੈ।

**ਅਸੀਂ ਦੀ ਭਾਵਨਾ :** ਅਸੀਂ ਦੀ ਭਾਵਨਾ ਦਾ ਅਰਥ ਸਾਂਝੀਦਾਰਾਂ ਦੀ ਅਜਿਹੀ ਸਮਰੱਥਾ ਤੋਂ ਹੈ ਜੋ ਉਹਨਾਂ ਨੂੰ ਸਮੂਹ ਨਾਲ਼ ਜੁੜੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ।

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮੂਹ ਦੀਆਂ ਦੋ ਕਿਸਮਾਂ ਅੰਤਰ-ਸਮੂਹ ਅਤੇ ਬਾਹਰੀ-ਸਮੂਹ ਦਾ ਵਰਗੀਕਰਨ ਕਿਸ ਨੇ ਕੀਤਾ ਹੈ।
2. ਅੰਦਰੂਨੀ ਗਰੁੱਪ ਦੀਆਂ ਦੋ ਉਦਾਹਰਨਾ ਦਿਓ।
3. ਬਾਹਰੀ ਸਮੂਹ ਦੀਆਂ ਦੋ ਉਦਾਹਰਨਾ ਦਿਓ।
4. ਸੰਦਰਭ ਸਮੂਹ ਕਿਸਨੇ ਦਿੱਤਾ ਸੀ ?
5. 'ਅਸੀਂ' ਦੀ ਭਾਵਨਾ ਕੀ ਹੈ ?
6. ਸੀ.ਐਚ.ਕੂਲੇ ਦੁਆਰਾ ਦਿੱਤੇ ਗਏ ਮੁੱਢਲੇ ਸਮੂਹ ਬਾਰੇ ਦੋ ਉਦਾਹਰਨਾ ਸਹਿਤ ਲਿਖੋ ?

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਸਮੂਹ ਦੀ ਪਰਿਭਾਸ਼ਾ ਦਿਓ।
2. ਮੁੱਢਲੇ ਸਮੂਹ ਤੋਂ ਤੁਸੀਂ ਕੀ ਸਮਝਦੇ ਹੋ ? ਇੱਕ ਉਦਾਹਰਨ ਦਿਓ।
3. ਗੌਣ ਸਮੂਹ ਤੋਂ ਤੁਹਾਡਾ ਕੀ ਭਾਵ ਹੈ ? ਉਦਾਹਰਨ ਸਹਿਤ ਲਿਖੋ।
4. ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿਚਕਾਰ ਦੋ ਅੰਤਰ ਦਿਓ।
5. ਗੌਣ ਸਮੂਹ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
6. ਮੁੱਢਲੇ ਸਮੂਹ ਦੀ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।



Downloaded from https:// www.studiestoday.com

Downloaded from https:// www.studiestoday.com

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।**

1. ਸਮਾਜਿਕ ਸਮੂਹ ਦੇ ਗੁਣਾ ਦਾ ਵਰਣਨ ਕਰੋ।
2. ਮੁੱਢਲੇ ਸਮੂਹ ਦੀ ਮਹੱਤਤਾ ਬਾਰੇ ਲਿਖੋ।
3. ਮੁੱਢਲੇ ਸਮੂਹ ਅਤੇ ਗੌਣ ਸਮੂਹ ਵਿੱਚ ਅੰਤਰ ਲਿਖੋ।
4. ਅੰਤਰ ਸਮੂਹ ਦੇ ਗੁਣ ਦੱਸੋ।

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।**

1. ਸਮਾਜਿਕ ਸਮੂਹ ਬਾਰੇ ਤੁਸੀਂ ਕੀ ਸਮਝਦੇ ਹੋ, ਇਸ 'ਤੇ ਵਿਸਤਾਰ ਨੋਟ ਲਿਖੋ।
2. ਤੁਸੀਂ ਮੁੱਢਲੇ ਅਤੇ ਗੌਣ ਸਮੂਹ ਦਾ ਕਿਸ ਤਰ੍ਹਾਂ ਵਰਣਨ ਕਰੋਗੇ।
3. ਤੁਸੀਂ ਸਮਾਜ ਦੇ ਮੈਂਬਰ ਹੁੰਦੇ ਹੋਏ ਅਲੱਗ ਸਮੂਹਾਂ ਨਾਲ਼ ਅੰਤਰਕਿਰਿਆ ਕਰਦੇ ਹੋ। ਤੁਸੀਂ ਇਸ ਨੂੰ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਕਿਸ ਤਰ੍ਹਾਂ ਦੇਖਦੇ ਹੋ।
4. ਮਨੁੱਖ ਦੀ ਜ਼ਿੰਦਗੀ ਸਮੂਹ ਦੀ ਜ਼ਿੰਦਗੀ ਹੈ। ਉਦਾਹਰਨਾ ਸਹਿਤ ਲਿਖੋ ?



Downloaded from https:// www.studiestoday.com

Downloaded from https:// www.studiestoday.com

ਇਕਾਈ -III

# ਸੱਭਿਆਚਾਰ ਅਤੇ ਸਮਾਜੀਕਰਨ







Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

ਅਧਿਆਏ 5

# ਸੱਭਿਆਚਾਰ

**ਮੁੱਖ ਅੰਸ਼**

5.1 ਅਰਥ ਅਤੇ ਵਿਸ਼ੇਸ਼ਤਾਵਾਂ
5.2 ਭੌਤਿਕ ਸੱਭਿਆਚਾਰ
5.3 ਅਭੌਤਿਕ ਸੱਭਿਆਚਾਰ

## ਭੂਮਿਕਾ

ਸੱਭਿਆਚਾਰ, ਮਨੁੱਖ ਨੂੰ ਪਸ਼ੂਆਂ ਤੋਂ ਅਲੱਗ ਕਰਦਾ ਹੈ। ਸੱਭਿਆਚਾਰ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਸੱਭਿਆਚਾਰ ਸਿੱਖਿਅਤ, ਸਾਂਝਾ ਅਤੇ ਪ੍ਰਸਾਰਿਤ ਵਿਵਹਾਰ ਹੈ ਜਿਸ ਨੂੰ ਕੇਵਲ ਉਸ ਸਮੇਂ ਹੀ ਗ੍ਰਹਿਣ ਕੀਤਾ ਜਾਂਦਾ ਹੈ, ਜਦੋਂ ਵਿਅਕਤੀ ਕਿਸੇ ਸਮੂਹ ਦਾ ਹਿੱਸਾ ਹੁੰਦਾ ਹੈ। ਇਸ ਲਈ ਸਮਾਜ ਤੋਂ ਬਿਨਾਂ ਸੱਭਿਆਚਾਰ ਦੀ ਹੋਂਦ ਨਹੀਂ ਹੋ ਸਕਦੀ ਅਤੇ ਨਾ ਹੀ ਸੱਭਿਆਚਾਰ ਤੋਂ ਬਿਨਾਂ ਸਮਾਜ ਦੀ। ਸੱਭਿਆਚਾਰ ਸਮਾਜਿਕ ਅੰਤਰ-ਕਿਰਿਆ ਦੁਆਰਾ ਵਿਕਸਿਤ ਹੁੰਦਾ ਹੈ। ਸਮਾਜ ਦੇ ਵਿਵਹਾਰ ਅਤੇ ਪ੍ਰਤਿਮਾਨਾ ਨੂੰ ਸਿੱਖਣਾ ਸੱਭਿਆਚਾਰ ਦਾ ਜ਼ਰੂਰੀ ਅੰਗ ਹੈ, ਉਦਾਹਰਨ ਦੇ ਤੌਰ 'ਤੇ ਅਸੀਂ ਵੱਖੋ-ਵੱਖਰੇ ਵਿਅਕਤੀਆਂ ਦਾ ਸਤਿਕਾਰ ਵੀ ਵਖੱਰੇ-ਵਖੱਰੇ ਢੰਗ ਨਾਲ਼ ਕਰਦੇ ਹਾਂ, ਜਿਵੇਂ ਮਿੱਤਰ, ਬਜ਼ੁਰਗ, ਰਿਸ਼ਤੇਦਾਰ ਅਤੇ ਦੂਜੇ ਸਮੂਹਾਂ ਦੇ ਲੋਕ ਆਦਿ। ਇਹ ਸਾਨੂੰ ਸਾਡੇ ਸੱਭਿਆਚਾਰ ਦੁਆਰਾ ਸਿਖਾਇਆ ਜਾਂਦਾ ਹੈ।



ਭਾਰਤ ਵਿੱਚ ਮੌਸਮੀ ਤਿਉਹਾਰ- ਪੰਜਾਬ ਵਿੱਚ ਵਿਸਾਖੀ ਅਤੇ ਬੰਗਾਲ ਵਿੱਚ ਦੁਰਗਾ ਪੂਜਾ



Downloaded from https:// www.studiestoday.com

Downloaded from https:// www.studiestoday.com

ਜਦੋਂ ਅਸੀਂ ਆਪਣੇ ਆਲ਼ੇ-ਦੁਆਲ਼ੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਮਨੁੱਖ ਦੇ ਤੌਰ 'ਤੇ ਸਾਡੀ ਵਧੇਰੇ ਜ਼ਿੰਦਗੀ ਆਪਣੇ ਦਿਨ ਪ੍ਰਤੀ ਦਿਨ ਦੀ ਅੰਤਰ ਕਿਰਿਆ ਵਿੱਚ ਕਈ ਤਰ੍ਹਾਂ ਦੀਆਂ ਸੱਭਿਆਚਾਰਕ ਉਤਪਾਦਾਂ ਤੋਂ ਪ੍ਰਭਾਵਿਤ ਹੁੰਦੀ ਹੈ, ਜਿਵੇਂ ਕਿ ਟੀ.ਵੀ., ਮੋਬਾਇਲ ਫ਼ੋਨ, ਕੰਪਿਊਟਰ ਅਤੇ ਹੋਰ ਬਿਜਲਈ ਯੰਤਰ। ਇਸ ਲਈ, ਸੱਭਿਆਚਾਰ, ਸਾਡੇ ਜੀਵਨ ਦਾ ਅਟੁੱਟ ਅੰਗ ਹੈ। ਇਹ ਸਾਡੇ ਵਿਵਹਾਰ ਨੂੰ ਆਕਾਰ ਦਿੰਦਾ ਹੈ ਅਤੇ ਅਸੀਂ ਵੀ ਆਪਣੇ ਸੱਭਿਆਚਾਰ ਨੂੰ ਆਕਾਰ ਦਿੰਦੇ ਹਾਂ। ਇਹ ਯਾਦ ਰੱਖਣ ਯੋਗ ਹੈ ਕਿ ਸੱਭਿਆਚਾਰ ਕਦੇ ਵੀ ਸੰਪੂਰਨ ਨਹੀਂ ਹੋ ਸਕਦੇ। ਇਸ ਵਿਚ ਤਬਦੀਲੀ ਆਉਂਦੀ ਹੈ ਅਤੇ ਨਵੇਂ ਤੱਤ ਲਗਾਤਾਰ ਹੀ ਵੱਧਦੇ-ਘੱਟਦੇ ਰਹਿੰਦੇ ਹਨ ਜਾਂ ਉਨ੍ਹਾਂ ਵਿਚ ਵਾਧਾ ਹੁੰਦਾ ਹੈ, ਇਸ ਤਰ੍ਹਾਂ ਸੱਭਿਆਚਾਰ ਸਮਾਜ ਦਾ ਗਤੀਸ਼ੀਲ ਅਤੇ ਕਾਰਜਕਾਰੀ ਅੰਗ ਹੈ। ਦੂਜੇ ਸ਼ਬਦਾਂ ਵਿਚ ਸੱਭਿਆਚਾਰ ਕਦੇ ਨਾ ਖ਼ਤਮ ਹੋਣ ਵਾਲੀ ਨਿਰੰਤਰ ਚੱਲਣ ਵਾਲੀ ਪ੍ਰੀਕਿਰਿਆ ਹੈ।

## ਸੱਭਿਆਚਾਰ ਦਾ ਅਰਥ




19ਵੀਂ ਸਦੀ ਦੇ ਅੰਤ ਤੱਕ, ਮਾਨਵ ਵਿਗਿਆਨੀਆਂ ਨੇ ਸਭ ਤੋਂ ਪਹਿਲਾਂ ਸੱਭਿਆਚਾਰ ਦੇ ਸਿਧਾਂਤ ਦਾ ਪ੍ਰਯੋਗ ਕੀਤਾ। ਸੱਭਿਆਚਾਰ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਕਲਚਰ' ਦਾ ਸਮਰੂਪੀ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਕੋਲੇਅਰ' ਤੋਂ ਲਿਆ ਗਿਆ ਹੈ ਜਿਸ ਦਾ ਅਰਥ 'ਵਾਹੀ ਕਰਨਾ' ਹੈ। ਮਧਕਾਲ਼ੀਨ ਯੂਰਪ ਵਿਚ ਇਸ ਦਾ ਸੰਬੰਧ ਖੇਤੀਬਾੜੀ ਨਾਲ਼ ਸੀ। ਸਮਾਜਿਕ ਮਾਨਵ ਵਿਗਿਆਨ ਵਿਚ ਸੱਭਿਆਚਾਰ ਸ਼ਬਦ ਦਾ ਅਰਥ 'ਗਿਆਨ' ਹੈ। ਗਿਆਨ ਤੋਂ ਭਾਵ ਮਨੁੱਖਤਾ ਦੇ ਉਨ੍ਹਾਂ ਪੱਖਾਂ ਤੋਂ ਹੈ ਜਿਹੜੇ ਪ੍ਰਾਕਿਰਤਿਕ ਨਹੀਂ ਹਨ ਬਲਕਿ ਪ੍ਰਾਪਤ ਕੀਤੇ ਜਾਂਦੇ ਹਨ।

### ਸੱਭਿਆਚਾਰ ਦੀਆਂ ਪਰਿਭਾਸ਼ਾਵਾਂ

**ਐਡਵਰਡ ਬੀ. ਟੇਲਰ** ਦੇ ਅਨੁਸਾਰ, ਸੱਭਿਆਚਾਰ ਉਹ ਗੁੰਝਲਦਾਰ ਪੂਰਨਤਾ ਹੈ, ਜਿਸ ਵਿਚ ਗਿਆਨ ਵਿਸ਼ਵਾਸ , ਕਲਾ, ਨੈਤਿਕ ਨਿਯਮ, ਕਾਨੂੰਨ, ਪ੍ਰਥਾ ਅਤੇ ਇਹੋ ਜਿਹੀਆਂ ਕਈ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ, ਜਿਨ੍ਹਾਂ ਨੂੰ ਮਨੁੱਖ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

**ਕਲਾਇਡ ਕਲੋਕੋਹਨ** ਦੇ ਅਨੁਸਾਰ ਸੱਭਿਆਚਾਰ :-

1. ਸੱਭਿਆਚਾਰ ਲੋਕਾਂ ਦਾ ਸੰਪੂਰਨ ਜੀਵਨ ਢੰਗ ਹੈ।
2. ਸਮਾਜਿਕ ਵਿਰਸਾ ਜੋ, ਵਿਅਕਤੀ ਆਪਣੇ ਸਮੂਹਾਂ ਤੋਂ ਪ੍ਰਾਪਤ ਕਰਦਾ ਹੈ।
3. ਸੋਚਣ, ਮਹਿਸੂਸ ਕਰਨ ਅਤੇ ਵਿਸ਼ਵਾਸ ਕਰਨ ਦਾ ਤਰੀਕਾ।
4. ਆਦਰਸ਼ ਰਵੱਈਆ ਜਾਂ ਕੁਦਰਤੀ ਵਰਤਾਓ।
5. ਸਮਾਜਿਕ-ਰਵੱਈਏ ਦੀ ਜਮ੍ਹਾਂ ਪੂੰਜੀ।
6. ਮੌਜੂਦਾ ਸਮੱਸਿਆਵਾਂ ਦਾ ਢੁੱਕਵਾਂ ਜਾਂ ਮਿਆਰੀ ਹੱਲ।
7. ਸੱਭਿਅਕ ਅਤੇ ਸਿੱਖਿਅਤ ਚਾਲ- ਚਲੱਣ।
8. ਰਵੱਈਏ ਨੂੰ ਸੇਧ ਦੇਣ ਵਾਲ਼ੀ ਕਾਰਜਪ੍ਰਣਾਲੀ।
9. ਤਕਨੀਕਾਂ ਦਾ ਉਹ ਸਮੂਹ, ਜਿਹੜਾ ਕਿ ਬਾਹਰੀ ਵਾਤਾਵਰਨ ਅਤੇ ਦੂਜੇ ਸਮੂਹਾਂ ਨਾਲ਼ ਲੋਕਾਂ ਨੂੰ ਜੋੜਦਾ ਹੈ।

ਇੱਕ ਸਮਾਜ ਦਾ ਸੱਭਿਆਚਾਰ, ਦੂਜੇ ਸਮਾਜ ਦੇ ਸੱਭਿਆਚਾਰ ਨਾਲ਼ੋਂ ਭਿੰਨ ਹੁੰਦਾ ਹੈ ਅਤੇ ਹਰ ਸੱਭਿਆਚਾਰ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ, ਕਦਰਾਂ-ਕੀਮਤਾਂ ਅਤੇ ਆਪਣੇ ਪਰਿਮਾਪ ਹੁੰਦੇ ਹਨ। ਸਮਾਜਿਕ ਪਰਿਮਾਪ ਸਮਾਜ ਦੁਆਰਾ ਪ੍ਰਮਾਣਿਤ ਵਿਵਹਾਰ ਦੇ ਉਹ ਢੰਗ ਹਨ ਜਦੋਂ ਕਿ ਸਮਾਜਿਕ ਕਦਰਾਂ- ਕੀਮਤਾਂ ਦਾ ਭਾਵ 'ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ', ਦੀ ਮਾਨਤਾ ਨਾਲ਼ ਸੰਬੰਧਿਤ ਹੈ। ਉਦਾਹਰਨ ਦੇ ਤੌਰ 'ਤੇ, ਇੱਕ ਸੱਭਿਆਚਾਰ/ਸਮਾਜ ਦੇ ਵਿੱਚ ਮਹਿਮਾਨ ਨਿਵਾਜ਼ੀ ਉੱਚ ਸਮਾਜਿਕ ਕੀਮਤ ਹੈ, ਜਦੋਂ ਕਿ ਦੂਸਰੇ ਸਮਾਜ/ਸੱਭਿਆਚਾਰ ਵਿੱਚ ਅਜਿਹਾ ਨਹੀਂ ਹੁੰਦਾ। ਇਸੇ ਤਰ੍ਹਾਂ ਕਈ ਸਮਾਜਾਂ ਵਿਚ ਬਹੁ-ਵਿਆਹ, ਸੱਭਿਅ ਰੂਪ ਹੈ ਜਦੋਂ ਕਿ ਕਈ ਸਮਾਜਾਂ ਵਿੱਚ ਇਸਨੂੰ ਉੱਚਿਤ ਪ੍ਰਥਾ ਨਹੀਂ ਸਮਝਿਆ ਜਾਂਦਾ।

ਸੱਭਿਆਚਾਰ ਦੇ ਕੁੱਝ ਅਜਿਹੇ ਤੱਤ ਹਨ, ਜਿਨ੍ਹਾਂ ਦੇ ਨਾਲ਼ ਸੱਭਿਆਚਾਰ ਦੀ ਰੂਪਰੇਖਾ ਉਲੀਕੀ ਜਾਂਦੀ ਹੈ। ਇਹ ਸਾਰੇ ਤੱਤ ਸੱਭਿਆਚਾਰ ਦੀ ਪਹਿਚਾਣ ਨੂੰ ਆਕਾਰ ਦਿੰਦੇ ਹਨ। ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ- ਭੌਤਿਕ ਅਤੇ ਅਭੌਤਿਕ।

ਭੌਤਿਕ ਸੱਭਿਆਚਾਰ ਅਧੀਨ ਸੱਭਿਆਚਾਰਕ ਚੀਜ਼ਾਂ, ਭੌਤਿਕ ਚੀਜ਼ਾਂ ਅਤੇ ਅਭੌਤਿਕ ਸੱਭਿਆਚਾਰ ਅਧੀਨ ਗਿਆਨ, ਵਿਸ਼ਵਾਸ ਜੋ ਕਿ ਮਨੁੱਖ ਜਨਮ ਤੋਂ ਵਿਰਾਸਤ ਵਿੱਚ ਗ੍ਰਹਿਣ ਕਰਦਾ ਹੈ ਅਤੇ ਜਿਹੜੇ ਵਿਅਕਤੀ ਦੇ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਇਲਾਵਾ ਰੀਤੀ ਰਿਵਾਜ, ਪਰਿਮਾਪ, ਕੀਮਤਾਂ ਵੀ ਵਿਅਕਤੀ ਦੇ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਨ ਵਿੱਚ ਮਹੱਤਵਪੂਰਨ



Downloaded from https:// www.studiestoday.com

Downloaded from https:// www.studiestoday.com

ਭੂਮਿਕਾ ਨਿਭਾਉਂਦੀਆਂ ਹਨ। ਭੌਤਿਕ ਤੱਤਾਂ ਵਿੱਚ ਅਸੀਂ ਵਾਸਤਵਿਕ ਸੱਭਿਆਚਾਰਕ ਉਤਪਾਦਾਂ ਨੂੰ ਸ਼ਾਮਿਲ ਕਰ ਸਕਦੇ ਹਾਂ ।

**ਗਤੀਵਿਧੀ 5.1**

1. ਆਪਣੇ ਸੱਭਿਆਚਾਰ ਵਿਚੋਂ ਖਾਣ-ਪੀਣ, ਪਹਿਰਾਵਾ, ਸੰਗੀਤ, ਰੀਤੀ-ਰਿਵਾਜ ਆਦਿ ਬਾਰੇ ਜਾਣਕਾਰੀ ਹਾਸਿਲ ਕਰੋ ਜੋ ਤੁਹਾਡੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।
2. ਸੱਭਿਆਚਾਰ ਗੀਤਾਂ ਦੀ ਸੂਚੀ ਬਣਾ ਕੇ ਆਪਣੀ ਜਮਾਤ ਵਿਚ ਵਿਚਾਰ-ਵਟਾਂਦਰਾ ਕਰੋ।




## ਰੀਤੀ ਰਿਵਾਜ ਅਤੇ ਪਰੰਪਰਾਵਾਂ

ਸਮਾਜਿਕ ਵਿਵਹਾਰ ਜੋ ਸੰਗਠਿਤ ਹੈ ਅਤੇ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਇਸ ਵਿੱਚ ਵਰਤਾਓ ਦੇ ਨਿਰੰਤਰ ਅਤੇ ਵਿਵਸਥਿਤ ਤਰੀਕੇ ਸ਼ਾਮਿਲ ਹੁੰਦੇ ਹਨ। ਪਰੰਪਰਾਵਾਂ ਅਤੇ ਰੀਤੀ ਰਿਵਾਜ ਇੱਕ ਸਮਾਜ ਤੋਂ ਦੂਜੇ ਸਮਾਜ ਅਤੇ ਇੱਕ ਸੱਭਿਆਚਾਰ ਤੋਂ ਦੂਜੇ ਸੱਭਿਆਚਾਰ, ਇਕ ਸਮੇਂ ਤੋਂ ਦੂਜੇ ਸਮੇਂ ਅਤੇ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਭਿੰਨ ਹੁੰਦੇ ਹਨ। ਲੋਕ ਇਨ੍ਹਾਂ ਰੀਤੀ ਰਿਵਾਜ਼ਾਂ ਦੇ ਅਨੁਸਾਰ ਵਿਵਹਾਰ ਕਰਦੇ ਹਨ ਕਿਉਂਕਿ ਸਮੂਹ ਤੇ ਸਮਾਜ 'ਤੇ ਇਸਦਾ ਪ੍ਰਭਾਵ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਸਤਿਕਾਰ ਪ੍ਰਗਟ ਕਰਨ ਲਈ ਭਾਰਤ ਵਿੱਚ ਲੋਕ ਹੱਥ ਜੋੜਦੇ ਹਨ, ਜਦੋਂ ਕਿ ਪੱਛਮੀ ਸਮਾਜ ਵਿੱਚ ਲੋਕ ਆਪਣੀ ਕੁਰਸੀ ਤੋਂ ਉੱਠਕੇ ਹੱਥ ਮਿਲਾਉਂਦੇ ਹਨ। ਦੋਨੋਂ ਹੀ ਕਿਸਮਾਂ ਦੀਆਂ ਕਿਰਿਆਵਾਂ ਸਤਿਕਾਰ ਪ੍ਰਗਟ ਕਰਨ ਨਾਲ਼ ਸੰਬੰਧ ਰੱਖਦੀਆਂ ਹਨ, ਜੋ ਕਿ ਵੱਖਰੇ ਸੱਭਿਆਚਾਰਾਂ ਵਿੱਚ ਵੱਖਰੀਆਂ-ਵੱਖਰੀਆਂ ਹਨ।

ਪਰੰਪਰਾ ਇਕ ਅਜਿਹਾ ਵਿਸ਼ਵਾਸ ਜਾਂ ਵਿਵਹਾਰ ਹੈ ਜੋ ਸਮਾਜ ਜਾਂ ਸਮੂਹ ਦੇ ਅੰਤਰਗਤ ਵਿਸ਼ੇਸ਼ ਮਹੱਤਵ ਰੱਖਦੀ ਹੈ, ਜਿਸ ਦਾ ਨਿਕਾਸ ਬੀਤੇ ਸਮੇਂ ਵਿੱਚ ਹੋਇਆ ਹੈ । ਹਰੇਕ ਸਮਾਜ ਵਿਸ਼ੇਸ਼



Downloaded from https:// www.studiestoday.com

Downloaded from https:// www.studiestoday.com

ਅਵਸਥਾ ਵਿੱਚ ਵਿਵਹਾਰ ਦੀ ਸਥਿਤੀ ਨੂੰ ਵਿਕਸਿਤ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਹਿੰਦੂ ਅਤੇ ਸਿੱਖ ਦੀਵਾਲ਼ੀ ਦੇ ਮੌਕੇ 'ਤੇ ਦੀਪ ਮਾਲਾ ਕਰਦੇ ਹਨ ਅਤੇ ਮਿਠਾਈਆਂ ਤਿਆਰ ਕਰਦੇ ਹਨ। ਸਿੱਖ ਅਜਿਹਾ ਗੁਰਪੁਰਬ ਦੇ ਮੌਕੇ 'ਤੇ ਵੀ ਕਰਦੇ ਹਨ। ਮੁਸਲਿਮ ਮਸਜਿਦ ਵਿੱਚ ਨਮਾਜ਼ ਅਦਾ ਕਰਦੇ ਹਨ ਅਤੇ ਈਦ ਮਨਾਉਂਦੇ ਹਨ। ਇਸਾਈ ਕ੍ਰਿਸਮਸ ਦੇ ਮੌਕੇ 'ਤੇ ਦੂਜਿਆਂ ਦੇ ਘਰ ਜਾ ਕੇ ਤੋਹਫ਼ੇ ਦਿੰਦੇ ਹਨ। ਇਹ ਜਸ਼ਨ ਮੌਕੇ ਦੀ ਸ਼ਾਨ ਨੂੰ ਵਧਾਉਂਦੇ ਹਨ। ਇਹ ਸਭ ਪਰੰਪਰਾਵਾਂ ਹਨ। ਪਰੰਪਰਾਵਾਂ ਬਹੁਤ ਪੁਰਾਣੇ ਰੀਤੀ ਰਿਵਾਜ ਹਨ, ਜੋ ਲੰਬੇ ਸਮੇਂ ਤੋਂ ਵਿਸ਼ੇਸ ਮੌਕਿਆਂ 'ਤੇ ਕੀਤੇ ਜਾਂਦੇ ਹਨ। ਰੀਤੀ- ਰਿਵਾਜ ਵਿਅਕਤੀ ਦੇ ਦੈਨਿਕ ਵਿਵਹਾਰ ਨਾਲ਼ ਸੰਬੰਧਿਤ ਹੈ ਜਦੋਂ ਕਿ ਪਰੰਪਰਾਵਾਂ ਵਿਸ਼ੇਸ ਮੌਕਿਆਂ ਨਾਲ਼ ਸੰਬੰਧ ਰੱਖਦੀਆਂ ਹਨ। ਜਦੋਂ ਕਿਸੇ ਰਾਜ ਦਾ ਮੁਖੀ ਦੂਜੇ ਦੇਸ਼ ਵਿੱਚ ਰਸਮੀ ਤੌਰ 'ਤੇ ਜਾਂਦਾ ਹੈ ਤਾਂ ਇਹ ਪਰੰਪਰਾ ਹੈ ਕਿ ਉੱਚ ਪਦਵੀ ਵਾਲ਼ਾ ਵਿਅਕਤੀ ਮੇਜ਼ਬਾਨ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਾ ਹੈ। ਜਿਵੇਂ ਕਿ ਜਦੋਂ ਕਿਸੇ ਰਾਜ ਦਾ ਮੁਖੀ ਭਾਰਤ ਵਿੱਚ ਆਉਂਦਾ ਹੈ ਤਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ 'ਰਾਜ ਘਾਟ' ਜਾਂਦਾ ਹੈ। ਇਸ ਪ੍ਰਕਾਰ ਸਮਾਜ ਦੁਆਰਾ ਪਰੰਪਰਾਵਾਂ ਦਾ ਅਵਲੋਕਨ ਕੀਤਾ ਜਾਂਦਾ ਹੈ, ਜਿਹੜੇ ਵਿਅਕਤੀ ਇਹਨਾਂ ਪਰੰਪਰਾਵਾਂ ਨੂੰ ਅੱਖੋਂ-ਪਰੋਖੇ ਕਰਦੇ ਹਨ, ਸਮਾਜ ਉਨ੍ਹਾਂ ਦੀ ਆਲੋਚਨਾ ਕਰਦਾ ਹੈ।

### ਸਮਾਜਿਕ ਪਰਿਮਾਪ

ਪਰਿਮਾਪ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਤੱਤ ਹੈ। ਹਰੇਕ ਸਮਾਜ ਉਸ ਵਿੱਚ ਰਹਿਣ ਵਾਲ਼ੇ ਮੈਂਬਰਾਂ ਤੋਂ ਉਮੀਦ ਕਰਦਾ ਹੈ ਕਿ ਉਹਨਾਂ ਨੂੰ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਦਾ ਨਹੀਂ ਪਰਿਮਾਪ ਇੱਕ ਤਰ੍ਹਾਂ ਦੀ ਵਿਵਹਾਰ ਦੀ ਉਮੀਦ ਦੀ ਰੂਪ-ਰੇਖਾ ਹਨ। ਸਮਾਜਿਕ ਪਰਿਮਾਪ ਮਨੁੱਖ ਦੇ ਕਿਸੇ ਸਮੂਹ ਦਾ ਮੈਂਬਰ ਹੋਣ ਨਾਤੇ ਉਸਦੇ ਵਿਵਹਾਰ ਨੂੰ ਨਿਯਮਿਤ ਕਰਦੇ ਹਨ। ਇਹ ਉਹ ਮਾਪਦੰਡ ਹਨ, ਜੋ ਕਿ ਸਮੂਹ ਨੂੰ ਇਹ ਦੱਸਦੇ ਹਨ ਕਿ ਕਿਹੜੀਆਂ ਰੀਤਾਂ, ਕੀਮਤਾਂ, ਵਿਵਹਾਰ ਠੀਕ ਹਨ ਤੇ ਕਿਹੜੀਆਂ ਗ਼ਲਤ ਹਨ। ਹਰ ਕਿਰਿਆ ਜਿਹੜੀ ਵਿਅਕਤੀ ਨਾਲ਼ ਸੰਬੰਧਿਤ ਹੈ ਚਾਹੇ ਉਹ ਉੱਠਣ-ਬੈਠਣ, ਖੜ੍ਹੇ ਹੋਣ, ਚੱਲਣ-ਫਿਰਨ, ਗੱਲ-ਬਾਤ ਕਰਨ, ਖਾਣ-ਪੀਣ ਅਤੇ ਪਹਿਨਣ ਦੀ ਹੋਵੇ ਉਹ ਪਰਿਮਾਪਾਂ ਦੁਅਰਾ ਨਿਰਧਾਰਿਤ ਕੀਤੀ ਜਾਂਦੀ ਹੈ। ਪਰਿਮਾਪ ਸਮੇਂ ਨਾਲ਼ ਬਦਲਦੇ ਰਹਿੰਦੇ ਹਨ ਅਤੇ ਹਰ ਸਮਾਜ ਵਿੱਚ ਭਿੰਨ ਤਰ੍ਹਾਂ ਦੇ ਪਰਿਮਾਪ ਪਾਏ ਜਾਂਦੇ ਹਨ। ਕੁਝ ਵਿਵਹਾਰਾਂ ਨੂੰ ਕਿਸੇ ਹੱਦ ਤੱਕ ਮੁਆਫ਼ ਕੀਤਾ ਜਾ ਸਕਦਾ ਹੈ। ਉਹ ਵਿਅਕਤੀ 'ਤੇ ਸਮਾਜ ਦੇ ਦਬਾਅ ਉੱਪਰ ਨਿਰਧਾਰਿਤ ਹੁੰਦੇ ਹਨ। ਸਮਾਜ, ਨਿਯਮਾਂ ਦੇ ਪਾਲਣ ਲਈ, ਕਈ ਤਰੀਕਿਆਂ ਨਾਲ਼ ਲੋਕਾਂ ਨੂੰ ਉਤਸ਼ਾਹਿਤ ਕਰਦਾ ਹੈ। ਇਹਨਾਂ ਵਿਚੋਂ ਪ੍ਰਮਾਣਿਤ ਅਤੇ ਅਪ੍ਰਮਾਣਿਤ ਦੀ ਵਿਆਖਿਆ ਕਰਨ ਵਾਲ਼ੇ ਪਰਿਮਾਪ ਉਹ ਹਨ ਜਿਨ੍ਹਾਂ ਰਾਹੀਂ



Downloaded from https:// www.studiestoday.com

Downloaded from https:// www.studiestoday.com

ਸਮਾਜਿਕ ਨਿਯਮਾਂ ਦਾ ਨਿਰੀਖਣ ਅਤੇ ਵਿਅਕਤੀਆਂ ਦੇ ਵਿਚਾਰ ਨੂੰ ਨਿਯਮਤ ਕੀਤਾ ਜਾਂਦਾ ਹੈ। ਪ੍ਰਤੀਬੰਧ ਸਕਾਰਾਤਮਕ ਜਾਂ ਨਕਾਰਾਤਮਕ ਦੋਵੇਂ ਹੁੰਦੇ ਹਨ। ਸਕਾਰਾਤਮਕ ਪ੍ਰਤੀਬੰਧ ਵਿੱਚ ਵਿਵਹਾਰ ਦੀ ਤਾਰੀਫ਼ ਜਾਂ ਸਨਮਾਨ ਕੀਤਾ ਜਾਂਦਾ ਹੈ। ਇਹ ਇੱਕ ਖਾਸ ਤਰ੍ਹਾਂ ਦੇ ਵਿਵਹਾਰ ਨੂੰ ਉਤਸ਼ਾਹਿਤ ਕਰਦੇ ਹਨ। ਦੂਸਰੇ ਪਾਸੇ ਵਿਅਕਤੀ ਦਾ ਵਿਵਹਾਰ ਨਕਾਰਾਤਮਕ ਪ੍ਰਤੀਬੰਧ ਨਾਲ਼ ਵੀ ਕਾਬੂ ਕੀਤਾ ਜਾਂਦਾ ਹੈ, ਜਿਵੇਂ ਕਿ ਕੋਈ ਵਿਅਕਤੀ ਇਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਮਾਜ ਦੁਆਰਾ ਸਜ਼ਾ ਦਿੱਤੀ ਜਾ ਸਕਦੀ ਹੈ। ਨਕਾਰਾਤਮਕ ਇੱਕ ਤਰ੍ਹਾਂ ਦੇ ਉਹ ਪ੍ਰਤੀਬੰਧ ਹਨ ਜਿਹੜੇ ਕਿ ਸਮਾਜ ਵਿੱਚ ਰਹਿੰਦੇ ਮਨੁੱਖਾਂ ਨੂੰ ਇੱਕ ਖਾਸ ਤਰ੍ਹਾਂ ਦੇ ਵਿਵਹਾਰ ਪ੍ਰਤੀ ਸੁਚੇਤ ਕਰਦੇ ਹਨ।

## ਸਮਾਜਿਕ ਕਦਰਾਂ-ਕੀਮਤਾਂ

ਸਮਾਜਿਕ ਕਦਰਾਂ-ਕੀਮਤਾਂ ਵਿਵਹਾਰ ਦਾ ਇਛੁੱਕ ਰੂਪ ਹੁੰਦੀਆਂ ਹਨ। ਹਰ ਸੱਭਿਆਚਾਰ ਦੀਆਂ ਕੁਝ ਅਨਮੋਲ ਕੀਮਤਾਂ ਹੁੰਦੀਆਂ ਹਨ ਜਿਹੜੀਆਂ ਲਮੇਂ ਸਮੇਂ ਤੱਕ ਵਿਸ਼ਵਾਸ ਅਤੇ ਆਦਰਸ਼ ਦੇ ਰੂਪ ਵਿਚ ਬਾਕੀ ਮੈਂਬਰਾਂ ਵਿਚ ਸਵਿਕਾਰੀਆਂ ਜਾਂ ਨਕਾਰੀਆਂ ਜਾਂਦੀਆਂ ਹਨ। ਉਦਾਹਰਨ ਲਈ ਪੁਰਾਤਨ ਭਾਰਤੀ ਸਮਾਜ ਦੀਆਂ ਅਨਮੋਲ ਕੀਮਤਾਂ, ਜਿਵੇਂ ਕਿ ਹੋਰ ਸੰਸਾਰੀ ਵਸਤੂਆਂ ਤੋਂ ਨਿਰਲੇਪ ਹੋਣਾ ਅਤੇ ਚਾਰ ਪੁਰਸ਼ਾਰਥ -ਧਰਮ, ਅਰਥ , ਕਾਮ ਤੇ ਮੋਕਸ਼ ਦੀ ਪ੍ਰਾਪਤੀ ਤੋਂ ਹੈ। ਆਧੁਨਿਕ ਭਾਰਤ ਵਿਚ ਮੁੱਖ ਕੀਮਤਾਂ-ਲੋਕਤੰਤਰੀ ਵਿਵਸਥਾ, ਨਿਆਂ, ਸਮਾਨਤਾ ਅਤੇ ਧਰਮ ਨਿਰਪੱਖਤਾ ਹਨ, ਵਿਭਿੰਨ ਸਮਾਜਾਂ ਦੀਆਂ ਵੱਖਰੀਆਂ ਅਤੇ ਆਪਣੀਆਂ ਕੀਮਤਾਂ ਹੁੰਦੀਆਂ ਹਨ। ਛੋਟੇ ਸਮੂਹ ਕਿਸੇ ਖ਼ਾਸ ਕੀਮਤਾਂ ’ਤੇ ਜ਼ੋਰ ਦੇ ਸਕਦੇ ਹਨ ਜਦੋਂ ਕਿ ਵੱਡੇ ਸਮੂਹ ਸਰਵ ਵਿਆਪਕ ਕੀਮਤਾਂ ’ਤੇ।

## ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ

ਸਮਾਜ ਸ਼ਾਸਤਰੀਆਂ ਅਤੇ ਸਮਾਜਿਕ ਮਾਨਵ ਸ਼ਾਸਤਰੀਆਂ ਨੇ ਸੱਭਿਆਚਾਰ ਦੀਆਂ ਵਿਭਿੰਨ ਕਿਸਮਾਂ ਦਾ ਵਰਣਨ ਕੀਤਾ ਹੈ। ਪਰ ਸੱਭਿਆਚਾਰ ਨੂੰ ਸਮਝਣ ਲਈ ਹੇਠ ਅਨੁਸਾਰ ਵਿਸ਼ੇਸ਼ਤਾਵਾਂ ਨੂੰ ਸਮਝਣਾ ਜ਼ਰੂਰੀ ਹੈ।

1. **ਸੱਭਿਆਚਾਰ ਸਿੱਖਿਅਤ ਵਿਵਹਾਰ ਹੈ** : ਸੱਭਿਆਚਾਰ ਸਿੱਖਿਆ ਹੋਇਆ ਵਿਵਹਾਰ ਹੈ। ਇਸ ਨੂੰ ਮਨੁੱਖ ਉਸ ਸਮਾਜ ਤੋਂ ਪ੍ਰਾਪਤ ਕਰਦਾ ਹੈ ਜਿਸ ਵਿੱਚ ਉਸਦਾ ਪਾਲਣ ਪੋਸ਼ਣ ਹੁੰਦਾ ਹੈ। ਇਹ ਇਕ ਪੀੜ੍ਹੀ ਦੀ ਸਿਆਣਪ ਅਤੇ ਸਮਝ, ਦੂਜੀ ਪੀੜ੍ਹੀ ਨੂੰ ਇੱਕ ਪ੍ਰਕਿਰਿਆ ਦੁਆਰਾ ਦਿੱਤੀ ਜਾਂਦੀ ਹੈ, ਜਿਸਨੂੰ ਸਮਾਜੀਕਰਨ ਕਹਿੰਦੇ ਹਨ। ਇਸ ਪ੍ਰਕਿਰਿਆ ਵਿੱਚ ਵਿਅਕਤੀ ਨੂੰ ਆਪਣੇ ਸੱਭਿਆਚਾਰ ਦਾ ਗਿਆਨ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਸਮਾਜ ਦਾ ਮੈਂਬਰ ਬਣਿਆ ਰਹੇ। ਇਹ ਕੇਵਲ ਸਰੀਰਕ ਕਿਰਿਆਵਾਂ ਜਿਵੇਂ



Downloaded from https:// www.studiestoday.com

Downloaded from https:// www.studiestoday.com

ਕਿ ਭੋਜਨ, ਜੋ ਅਸੀਂ ਖਾਂਦੇ ਹਾਂ, ਕੱਪੜੇ ਜੋ ਅਸੀਂ ਪਹਿਨਦੇ ਹਾਂ ਅਤੇ ਭਾਸ਼ਾ ਜੋ ਅਸੀਂ ਬੋਲਦੇ ਹਾਂ ਤੱਕ ਹੀ ਸੀਮਤ ਨਹੀਂ ਹੈ। ਸੱਭਿਆਚਾਰ ਵਿਚ ਕੀਮਤਾਂ, ਪਰਿਮਾਪ, ਰਵਾਇਤਾਂ, ਨੈਤਿਕਤਾ ਤੋਂ ਇਲਾਵਾ ਮਾਨਸਿਕ ਅਤੇ ਸਰੀਰਕ ਪਹਿਲੂ ਵੀ ਸ਼ਾਮਿਲ ਹਨ। ਸੱਭਿਆਚਾਰ ਉੱਤੇ ਕਿਸੇ ਇੱਕ ਵਿਅਕਤੀ ਦਾ ਅਧਿਕਾਰ ਨਹੀਂ ਹੁੰਦਾ। ਇਹ ਪ੍ਰਾਪਤ ਕੀਤੇ ਹੋਏ ਜਾਂ ਸਿੱਖੇ ਹੋਏ ਵਿਵਹਾਰ ਦਾ ਤਰੀਕਾ ਹੈ। ਇਹ ਤਜ਼ਰਬੇ ਨਾਲ ਨਕਲ, ਸੰਚਾਰ, ਵਿਚਾਰਾਂ ਦੀ ਅਦਲਾ-ਬਦਲੀ, ਵਿਚਾਰਧਾਰਾ ਅਤੇ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਸਿੱਖਿਆ ਜਾਂਦਾ ਹੈ।

2. **ਸੱਭਿਆਚਾਰ ਇੱਕ ਜੀਵਨ ਪੱਧਤੀ ਹੈ** : ਸੱਭਿਆਚਾਰ ਜੀਵਨ ਪੱਧਤੀ ਦਾ ਨਿਰਮਾਣ ਕਰਦਾ ਹੈ, ਜਿਸ ਤੋਂ ਬਿਨਾਂ ਜਿਉਂਦੇ ਰਹਿਣਾ ਜਾਂ ਜੀਵਨ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੈ। ਉਦਾਹਰਨ ਦੇ ਤੌਰ ’ਤੇ ਦੂਸਰੇ ਦੇਸ਼ ਦਾ ਸਫਰ ਕਰਨ ਅਤੇ ਉਥੋਂ ਦੀ ਜੀਵਨ ਸ਼ੈਲੀ ਅਪਨਾਉਣ ਸਮੇਂ ਅਸੀਂ ਔਖ ਮਹਿਸੂਸ ਕਰਦੇ ਹਾਂ। ਭਿੰਨ ਸੱਭਿਆਚਾਰਕ ਪਿਛੋਕੜ ਹੋਣ ਕਾਰਨ ਨਵੇਂ ਸੱਭਿਆਚਾਰ ਨੂੰ ਅਪਣਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਸਾਰੇ ਸੱਭਿਆਚਾਰ ਸਮਾਨ ਨਹੀਂ ਹੁੰਦੇ, ਹਰ ਸਮਾਜ ਦਾ ਅਲੱਗ ਸੱਭਿਆਚਾਰ ਹੈ।

3. **ਸੱਭਿਆਚਾਰ ਵਿਚ ਬੋਧ ਤੱਤ ਹੁੰਦਾ ਹੈ** : ਹਰ ਸੱਭਿਆਚਾਰ ਵਿਚ ਜ਼ਿਆਦਾ ਜਾਂ ਘੱਟ ਬੋਧ ਤੱਤ ਹੁੰਦੇ ਹਨ। ਬੋਧ ਇਕ ਮਾਨਸਿਕ ਕਿਰਿਆ ਹੈ ਜਿਸ ਵਿਚ ਜਾਗਰੁਕਤਾ, ਸਹਿਜ, ਧਾਰਨਾ, ਤਰਕ ਅਤੇ ਨਿਰਣਾ ਕਰਨ ਵਰਗੇ ਤੱਤ ਮੌਜੂਦ ਹੁੰਦੇ ਹਨ। ਇਹ ਬੌਧ ਅਤੇ ਗਿਆਨ ਦੀ ਪੇਸ਼ਕਾਰੀ ਮਿੱਥਾਂ, ਸਾਹਿਤ, ਕਲਾ, ਧਰਮ ਅਤੇ ਵਿਗਿਆਨਿਕ ਸਿਧਾਂਤ ਵਿੱਚ ਹੋਈ ਹੈ। ਸਾਹਿਤ ਵਿੱਚ ਵਿਚਾਰਾਂ ਦੀ ਪੇਸ਼ਕਾਰੀ ਰਾਹੀਂ ਇਸ ਬੁੱਧੀਵਾਦੀ ਵਿਰਾਸਤ ਨੂੰ, ਅਗਲੀ ਪੀੜ੍ਹੀ ਲਈ ਪੁਸਤਕਾਂ ਲਈ ਰਿਕਾਰਡ ਕੀਤਾ ਤੇ ਸਾਂਭਿਆ ਜਾਂਦਾ ਹੈ। ਵਿਚਾਰ ਅਜਿਹੇ ਗਿਆਨ (ਸਿੱਖਿਆ, ਨਿਪੁੰਨਤਾ ਆਦਿ) ਅਤੇ ਸੱਭਿਆਚਾਰ ਦੇ ਪ੍ਰਤੀ ਲੋਕਾਂ ਦਾ ਸਰਬਵਿਆਪਕ ਦ੍ਰਿਸ਼ਟੀਕੋਣ ਦਾ ਨਿਰਮਾਣ ਕਰਦੇ ਹਨ। ਸਿੱਖਿਅਤ ਸਮਾਜ ਵਿਚ ਵਿਚਾਰਾਂ ਨੂੰ ਕਿਤਾਬਾਂ ਅਤੇ ਦਸਤਾਵੇਜ਼ਾਂ ਵਿੱਚ ਲਿਖਿਆ ਜਾਂਦਾ ਹੈ ਅਤੇ ਇਸ ਨੂੰ ਲਾਇਬਰੇਰੀਆਂ ਅਤੇ ਪੁਰਾਲੇਖ ਭਵਨਾਂ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ। ਅਸਿੱਖਿਅਤ ਸਮਾਜਾਂ ਵਿੱਚ ਲੋਕ ਕਥਾਵਾਂ ਨੂੰ ਮੂੰਹ ਜ਼ੁਬਾਨੀ ਯਾਦ ਰੱਖਦੇ ਹਨ। ਉਦਾਹਰਨ ਦੇ ਤੌਰ ’ਤੇ ਭਾਰਤ ਵਿੱਚ ਸਮਰਿਤੀ ਤੇ ਸ਼ਰੁਤੀ ਪਰੰਪਰਾਵਾਂ ਦਾ ਸੰਚਾਰਨ ਮੌਖਿਕ ਰੂਪ ’ਤੇ ਅਧਾਰਿਤ ਹੈ।

4. **ਸੱਭਿਆਚਾਰ ਸਾਂਝਾ ਹੁੰਦਾ ਹੈ** : ਸੱਭਿਆਚਾਰ ਦੇ ਤੱਤ ਆਮ ਤੌਰ ’ਤੇ ਸਾਂਝੇ ਹੁੰਦੇ ਹਨ, ਅਸੀਂ ਇਨ੍ਹਾਂ ਨੂੰ ਸਮੂਹ ਦੇ ਦੂਜੇ ਮੈਂਬਰਾਂ ਨਾਲ਼ ਵੰਡਦੇ ਹਾਂ। ਇਸ ਪ੍ਰਕਾਰ ਅਸੀਂ ਚੰਗੇ ਪ੍ਰਕਾਰ ਦਾ ਵਿਵਹਾਰ ਕਰਨ



Downloaded from https:// www.studiestoday.com

Downloaded from https:// www.studiestoday.com

ਦੇ ਯੋਗ ਹੋ ਜਾਂਦੇ ਹਾਂ ਅਤੇ ਭਵਿੱਖਬਾਣੀ ਕਰ ਸਕਦੇ ਹਾਂ ਕਿ ਸੰਸਾਰ ਵਿਚ, ਇਹੋ ਜਿਹੇ ਸਮਾਜ ਵੀ ਹਨ ਜਿੱਥੇ ਮਿਲ਼ਿਆ-ਜੁਲ਼ਿਆ ਸੱਭਿਆਚਾਰ ਹੈ ਜਿਸ ਦਾ ਕਾਰਨ ਹੈ ਵਿਸਤਾਰ।

ਉਦਾਹਰਨ ਦੇ ਤੌਰ 'ਤੇ ਅਮਰੀਕਾ ਵਿੱਚ ਕਈ ਤਰ੍ਹਾਂ ਦਾ ਸੱਭਿਆਚਾਰ ਹੈ। ਜਿਵੇਂ ਕਿ ਯੂਰਪੀ, ਏਸ਼ੀਅਨ, ਅਫਰੀਕਨ ਅਤੇ ਦੇਸੀ ਸੱਭਿਆਚਾਰ, ਇਹ ਸਭ ਇੱਕਠੇ ਹੋ ਕੇ ਭਿੰਨ ਪ੍ਰਕਾਰ ਦੇ ਸੱਭਿਆਚਾਰ ਨੂੰ ਜਨਮ ਦਿੰਦੇ ਹਨ।

5. **ਸੱਭਿਆਚਾਰ ਪ੍ਰਤੀਕਾਂ 'ਤੇ ਅਧਾਰਿਤ ਹੁੰਦਾ ਹੈ:** ਹਰ ਸੱਭਿਆਚਾਰ ਦੇ ਆਪਣੇ ਪ੍ਰਤੀਕ ਅਤੇ ਚਿੰਨ੍ਹ ਹੁੰਦੇ ਹਨ, ਜਿਹੜੇ ਕਿ ਵਿਭਿੰਨ ਤਜ਼ਰਬਿਆਂ ਅਤੇ ਪ੍ਰਤੱਖ ਵਿਚਾਰਾਂ ਨਾਲ਼ ਜੁੜੇ ਹੁੰਦੇ ਹਨ। ਇਹ ਚਿੰਨ੍ਹ ਹਰ ਸਮਾਜ ਵਿਚ ਅਲੱਗ ਹੁੰਦੇ ਹਨ, ਅਤੇ ਇਨ੍ਹਾਂ ਦੀ ਮਾਨਤਾ ਉਸ ਸਮੇਂ ਹੀ ਹੁੰਦੀ ਹੈ ਜਦੋਂ ਸਮਾਜ ਦੇ ਸਮੂਹ ਇਨ੍ਹਾਂ ਦਾ ਪ੍ਰਯੋਗ ਕਰਦੇ ਹਨ। ਜਦੋਂ ਵੀ ਅਸੀਂ ਕੋਈ ਪ੍ਰਤੀਕ ਦੇਖਦੇ ਹਾਂ ਤਾਂ ਸਾਡੇ ਦਿਮਾਗ ਵਿਚ ਕੁਝ ਵਿਸ਼ੇਸ਼ ਵਿਚਾਰਾਂ ਦੀ ਤਸਵੀਰ ਬਣਦੀ ਹੈ। ਉਦਾਹਰਨ ਵਜੋਂ ਜਦੋਂ ਅਸੀਂ ਤ੍ਰਿਸ਼ੂਲ ਜਾਂ ਕ੍ਰਿਪਾਨ ਦੇਖਦੇ ਹਾਂ ਤਾਂ ਅਸੀਂ ਇਨ੍ਹਾਂ ਪ੍ਰਤੀਕਾਂ ਨਾਲ਼ ਜੁੜੀ ਹੋਈ ਹਿੰਦੂ ਅਤੇ ਸਿੱਖ ਧਰਮ ਦੀ ਸ਼ਰਧਾ ਦੇ ਬਾਰੇ ਵਿੱਚ ਸੋਚਦੇ ਹਾਂ।

6. **ਸੱਭਿਆਚਾਰ ਏਕੀਕ੍ਰਿਤ ਹੈ :** ਸੱਭਿਆਚਾਰ ਦੇ ਅਨੇਕ ਅੰਗ ਹਨ ਜੋ ਸੰਪੂਰਨ ਰੂਪ ਨਾਲ਼ ਆਪਸ ਵਿੱਚ ਸੰਬੰਧਿਤ ਹਨ ਅਤੇ ਇਸਨੂੰ ਪੂਰਨ ਅਤੇ ਅਰਥਪੂਰਨ ਬਣਾਉਂਦੇ ਹਨ। ਸੱਭਿਆਚਾਰ ਦੇ ਸਾਰੇ ਪੱਖ ਇੱਕ ਦੂਜੇ ਨਾਲ਼ ਜੁੜੇ ਹੁੰਦੇ ਹਨ। ਇਸ ਲਈ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਸਦੇ ਸਾਰੇ ਹਿੱਸਿਆਂ ਨੂੰ ਜਾਣਨਾ ਅਤੇ ਸਮਝਣਾ ਜ਼ਰੂਰੀ ਹੈ।

7. **ਸੱਭਿਆਚਾਰ ਗਤੀਸ਼ੀਲ ਹੈ:** ਇਸਦਾ ਅਰਥ ਹੈ ਕਿ ਸੱਭਿਆਚਾਰ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦਾ ਹੈ ਅਤੇ ਲਗਾਤਾਰ ਬਦਲਦਾ ਰਹਿੰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜ਼ਿਆਦਾਤਰ ਸੱਭਿਆਚਾਰ ਦੂਜੇ ਸੱਭਿਆਚਾਰਾਂ ਦੇ ਨਾਲ਼ ਸੰਬੰਧਿਤ ਹੁੰਦੇ ਹਨ ਅਤੇ ਇੱਕ ਦੂਜੇ ਦੇ ਸੰਪਰਕ ਵਿੱਚ ਆ ਕੇ ਵਿਚਾਰਾਂ ਅਤੇ ਪ੍ਰਤੀਕਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਸੱਭਿਆਚਾਰ ਦੇ ਸਾਰੇ ਅੰਗ ਆਪਸ ਵਿੱਚ ਜੁੜੇ ਹੁੰਦੇ ਹਨ। ਜੇਕਰ ਸੱਭਿਆਚਾਰ ਵਿੱਚ ਤਬਦੀਲੀ ਨਾ ਆਵੇ ਤਾਂ ਇਸਨੂੰ ਬਦਲਦੇ ਹੋਏ ਵਾਤਾਵਰਨ ਦੇ ਨਾਲ਼ ਢਲਣ ਵਿੱਚ ਮੁਸ਼ਕਿਲਾਂ ਆਉਂਦੀਆਂ ਹਨ। ਉਸੀ ਤਰ੍ਹਾਂ ਜੇਕਰ ਇਸਦੇ ਕਿਸੇ ਇੱਕ ਅੰਗ ਵਿੱਚ ਪਰਿਵਰਤਨ ਆਉਂਦਾ ਹੈ ਤਾਂ ਸੰਭਵ ਹੈ ਕਿ ਸਾਰੀ ਵਿਵਸਥਾ ਵਿੱਚ ਇਸਦੇ ਅਨੁਸਾਰ ਪਰਿਵਰਤਨ ਹੋਵੇਗਾ ।

8. **ਸੱਭਿਆਚਾਰ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ:** ਸੱਭਿਆਚਾਰ ਮਨੁੱਖ ਦੀਆਂ ਜੈਵਿਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਅਸਲ ਵਿਚ ਕਿਸੇ ਵੀ ਸੱਭਿਆਚਾਰ ਦੀ ਨਿਰੰਤਰਤਾ ਮਨੁੱਖੀ



Downloaded from https:// www.studiestoday.com

Downloaded from https:// www.studiestoday.com

ਜ਼ਰੂਰਤਾਂ ਦੀ ਪੂਰਤੀ ਦੀ ਸਮਰੱਥਾ ਤੇ ਅਧਾਰਿਤ ਹੁੰਦੀ ਹੈ। ਇਹੀ ਕਾਰਨ ਹੈ ਕਿ ਸੱਭਿਆਚਾਰ ਦੇ ਜਿਹੜੇ ਤੱਤ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਉਹ ਅਪ੍ਰਚਲਿਤ ਹੋ ਜਾਂਦੇ ਹਨ। ਉਦਾਹਰਨ ਦੇ ਤੌਰ 'ਤੇ ਬੈਲ-ਗੱਡੀ ਦੀ ਜਗ੍ਹਾ ਤੇਜ਼ ਚੱਲਣ ਵਾਲੀ ਗੱਡੀ ਨੇ ਲੈ ਲਈ ਹੈ। ਇਸ ਤਰ੍ਹਾਂ ਰੀਤਾਂ ਵੀ ਕੀਮਤਾਂ ਦੇ ਅਨੁਸਾਰ ਬਦਲ ਜਾਂਦੀਆਂ ਹਨ।

9. **ਸੱਭਿਆਚਾਰ ਜੀਵਨ ਜਾਚ ਦਾ ਪੂਰਨ ਢੰਗ ਹੈ :** ਸੱਭਿਆਚਾਰ ਲੋਕਾਂ ਦੁਆਰਾ ਬਤੀਤ ਕੀਤੇ ਜਾ ਰਹੇ ਜੀਵਨ ਢੰਗ, ਰੀਤੀ ਰਿਵਾਜਾਂ, ਰੱਬ ਤੇ ਵਿਸ਼ਵਾਸ, ਪਰਿਮਾਪ ਅਤੇ ਕੀਮਤਾਂ, ਪਹਿਰਾਵੇ ਦੇ ਢੰਗ, ਸਾਹਿਤ ਅਤੇ ਕਲਾ ਆਦਿ ਨੂੰ ਦਰਸਾਉਂਦਾ ਹੈ। ਜਿਹੜੇ ਵਿਅਕਤੀ ਇੱਕ ਹੀ ਸੱਭਿਆਚਾਰ ਸਮੂਹ ਦੇ ਹੁੰਦੇ ਹਨ ਉਹਨਾਂ ਦੇ ਸੱਭਿਆਚਾਰ ਦੇ ਆਰਥਿਕ, ਧਾਰਮਿਕ, ਵਿਸ਼ਵਾਸ, ਰੀਤੀ ਰਿਵਾਜ਼, ਪਹਿਰਾਵਾ, ਕਲਾ ਅਤੇ ਸਾਹਿਤ ਸਭ ਕੁਝ ਇਕੋ ਜਿਹਾ ਹੁੰਦਾ ਹੈ। ਇਸ ਲਈ ਸੱਭਿਆਚਾਰ ਵਿਚ ਵਿਅਕਤੀ ਦੇ ਜੀਵਨ ਦਾ ਹਰ ਪੱਖ ਸ਼ਾਮਿਲ ਹੁੰਦਾ ਹੈ।

## ਸੱਭਿਆਚਾਰ ਦੀਆਂ ਕਿਸਮਾਂ

ਸੱਭਿਆਚਾਰ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈ- ਭੌਤਿਕ ਅਤੇ ਅਭੌਤਿਕ

**ਭੌਤਿਕ ਅਤੇ ਅਭੌਤਿਕ ਸੱਭਿਆਚਾਰ:** ਇਹ ਮਨੁੱਖੀ ਸੱਭਿਆਚਾਰ ਦੇ ਦੋ ਸਹਿ-ਸੰਬੰਧਿਤ ਪੱਖ ਹਨ, ਜਿਨ੍ਹਾਂ ਵਿੱਚ ਪਦਾਰਥਕ ਵਸਤੂਆਂ ਅਤੇ ਇਹਨਾਂ ਵਸਤੂਆਂ 'ਤੇ ਅਧਾਰਿਤ ਵਿਚਾਰ-ਤੱਤ ਆਉਂਦੇ ਹਨ।

1. **ਭੌਤਿਕ ਸੱਭਿਆਚਾਰ :** ਇਸ ਕਿਸਮ ਵਿੱਚ ਸੱਭਿਆਚਾਰ ਦਾ ਠਿੱਗਰ, ਵਿਅਕਤੀਗਤ ਤੇ ਸਥੂਲ ਰੂਪ ਸ਼ਾਮਲ ਹੈ। ਸੱਭਿਆਚਾਰ ਦੇ ਇਸ ਪੱਖ ਵਿਚ ਮਨੁੱਖ ਦੁਆਰਾ ਬਣਾਈਆਂ ਗਈਆਂ ਚੀਜ਼ਾਂ ਤੇ ਭੌਤਿਕ ਵਸਤੂਆਂ ਹੁੰਦੀਆਂ ਹਨ। ਭੌਤਿਕ ਸੱਭਿਆਚਾਰ ਵਿਚ ਸੰਦ, ਮਸ਼ੀਨਾਂ, ਉਤਪਾਦਨ ਅਤੇ ਸੰਚਾਰ ਦੇ ਸਾਧਨ, ਇਮਾਰਤਾਂ ਅਤੇ ਆਵਾਜਾਈ ਦੇ ਸਾਧਨ (ਜਿਵੇਂ ਕਾਰ, ਬੱਸ, ਰੇਲ ਗੱਡੀ, ਹਵਾਈ ਜ਼ਹਾਜ) ਸ਼ਾਮਿਲ ਹਨ। ਇਹ ਸੰਦ ਅਤੇ ਔਜ਼ਾਰ ਅਸੀਂ ਆਪਣੇ ਰੋਜ਼ਾਨਾ ਜੀਵਨ ਵਿਚ ਵਰਤਦੇ ਹਾਂ ਤਾਂ ਕਿ ਇਹਨਾਂ ਨਾਲ਼ ਦੂਜੀਆਂ ਖੱਪਤ ਕੀਤੀਆਂ ਜਾਣ ਵਾਲ਼ੀਆਂ ਵਸਤੂਆਂ ਤਿਆਰ ਕੀਤੀਆਂ ਜਾ ਸਕਣ। ਭੌਤਿਕ ਸੱਭਿਆਚਾਰ ਵਿਗਿਆਨਕ ਗਿਆਨ ਅਤੇ ਉਤਪਾਦਨ ਦੀ ਤਕਨੀਕ ਦਾ ਪ੍ਰਤੀਨਿਧ ਕਰਦਾ ਹੈ।

ਭੌਤਿਕ ਸੱਭਿਆਚਾਰ ਤਕਨੀਕੀ ਗਿਆਨ ਨਾਲ਼ ਵਿਕਾਸ ਕਰਦਾ ਹੈ। ਭੌਤਿਕ ਭਾਗ ਵਿਚ ਸਭ ਕੁਝ ਸ਼ਾਮਿਲ ਹੈ, ਜਿਸਨੂੰ ਮਨੁੱਖ ਸਮਾਜ ਵਿਚ ਬਣਾਉਂਦਾ ਹੈ ਅਤੇ ਮਨੁੱਖ ਦੁਆਰਾ ਹੀ ਸਮਾਜ ਨੂੰ ਵਾਪਿਸ ਦਿੱਤਾ ਜਾਂਦਾ ਹੈ। ਸਮਾਜ ਵਿੱਚ ਮਨੁੱਖ ਦੁਆਰਾ ਫੈਸ਼ਨ ਜਿਵੇਂ ਇਮਾਰਤਾਂ, ਸੰਦ, ਤਕਨੀਕ, ਸਾਜ਼ ਆਦਿ, ਇਹ ਭੌਤਿਕ ਤੱਤ ਮਨੁੱਖ ਦੇ ਵਿਵਹਾਰ ਨੂੰ ਦਰਸਾਉਂਦੇ ਹਨ। ਉਦਾਹਰਨ ਲਈ ਉਹ ਲੋਕ, ਜਿਨ੍ਹਾਂ ਦਾ ਮੁੱਖ ਕਿੱਤਾ ਖੇਤੀ ਹੈ, ਉਹ ਇਕੋ ਤਰ੍ਹਾਂ ਦੇ ਸੰਦਾਂ ਦਾ ਇਸਤੇਮਾਲ ਨਹੀਂ ਕਰਦੇ। ਪਹਾੜੀ



Downloaded from https:// www.studiestoday.com

Downloaded from https:// www.studiestoday.com

ਖੇਤਰਾਂ ਵਿੱਚ ਹਲ਼ਾਂ ਦੀ ਜਗ੍ਹਾ ਖੁਰਪਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਤਕਨੀਕ ਦੇ ਵਖਰੇਵੇਂ ਕਰਕੇ ਵਿਕਸਿਤ ਸਮਾਜ ਵਿੱਚ ਨੌਜਵਾਨਾ ਨੂੰ ਕੰਪਿਊਟਰ ਸਿੱਖਣ ਦੀ ਲੋੜ ਹੈ ਜਦੋਂ ਕਿ ਕਬਾਇਲੀ ਸਮਾਜ ਵਿੱਚ ਨੌਜਵਾਨਾ ਨੂੰ ਸ਼ਿਕਾਰ ਕਰਨ ਲਈ ਹਥਿਆਰ ਚਲਾਉਣੇ ਸਿੱਖਣ ਦੀ ਲੋੜ ਹੈ।




**2. ਅਭੌਤਿਕ ਸੱਭਿਆਚਾਰ** : ਸੱਭਿਆਚਾਰ ਦਾ ਇਹ ਪੱਖ ਅਮੂਰਤ ਅਤੇ ਗ਼ੈਰ-ਭੌਤਿਕ ਅਤੇ ਗੈਰ-ਪਦਾਰਥ ਹੈ। ਇਸ ਨੂੰ ਬੌਧਿਕ ਅਤੇ ਪਰਿਮਾਪਕ ਸੱਭਿਆਚਾਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਵਿਚਾਰ, ਗਿਆਨ, ਗੀਤਾਂ, ਕਲਾ ਆਦਿ ਸ਼ਾਮਿਲ ਹਨ। ਇਸ ਤਰ੍ਹਾਂ ਦਾ ਸੱਭਿਆਚਾਰ ਨਿਯਮ ਬਣਾਉਣ ਅਤੇ ਵਿਵਹਾਰ ਨੂੰ ਨਿਯੰਤਰਨ ਵਿੱਚ ਰੱਖਣ ਵਿਚ ਸਹਾਈ ਹੁੰਦਾ ਹੈ। ਸਮਾਜਿਕ ਭੂਮਿਕਾ, ਨਿਯਮ, ਨੀਤੀ ਸ਼ਾਸਤਰ, ਵਿਸ਼ਵਾਸ ਅਤੇ ਆਦਰਸ਼ ਇਸ ਦੇ ਕੁਝ ਉਦਾਹਰਨ ਹਨ। ਇਹ ਤੱਤ ਸੱਭਿਆਚਾਰ ਵਿੱਚ ਨਿਰੰਤਰਤਾ ਅਤੇ ਭਵਿੱਖਬਾਣੀ ਨੂੰ ਕਾਇਮ ਰੱਖਦੇ ਹਨ ਅਤੇ ਪ੍ਰਤੱਖ ਲੋਕ ਗੀਤਾਂ ਲੋਕ ਧਾਰਾ, ਗੀਤੀ—ਰਿਵਾਜਾਂ ਅਤੇ ਨਿਯਮਾਂ ਦੇ ਰੂਪ ਵਿੱਚ ਮਿਲਦੇ ਹਨ ਜੋ ਸੱਭਿਆਚਾਰ ਦੇ ਇਹ ਮਨੁੱਖੀ ਰੂਪ ਵਿਵਹਾਰ ਨੂੰ ਪ੍ਰੇਰਿਤ ਕਰਦੇ ਹਨ ਜਿਹੜਾ ਸਮਾਜ ਨੂੰ ਸਵੀਕਾਰ ਹੁੰਦਾ ਹੈ।



ਲੋਹੜੀ ਦੀ ਗੀਤ



Downloaded from https:// www.studiestoday.com

Downloaded from https:// www.studiestoday.com

ਸੱਭਿਆਚਾਰ ਦੇ ਅਭੌਤਿਕ ਪਹਿਲੂ ਵਿੱਚ ਚਿੰਨ੍ਹ ਅਤੇ ਵਿਚਾਰ ਸ਼ਾਮਿਲ ਹੁੰਦੇ ਹਨ ਜੋ ਮਨੁੱਖਾਂ ਦੇ ਜੀਵਨ ਵਿੱਚ ਆਪਸੀ ਸੰਬੰਧਾਂ ਨੂੰ ਆਕਾਰ ਪ੍ਰਦਾਨ ਕਰਦੇ ਹਨ। ਇਹਨਾਂ ਵਿੱਚ ਮੁੱਖ ਤੌਰ 'ਤੇ ਸੱਭਿਅਕ ਵਿਸ਼ਵਾਸ, ਕੀਮਤਾਂ ਅਤੇ ਮਾਪਦੰਡ ਸ਼ਾਮਿਲ ਹਨ। ਉਦਾਹਰਨ ਦੇ ਤੌਰ 'ਤੇ ਵਿਸ਼ਵਾਸ, ਕਰਮਕਾਂਡ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ ਕਿ ਮੁਸਲਮਾਨ ਰਮਜ਼ਾਨ ਦੇ ਮਹੀਨੇ ਵਿੱਚ ਇੱਕ ਮਹੀਨੇ ਲਈ ਰੋਜ਼ੇ ਰੱਖਦੇ ਹਨ। ਇਸੇ ਤਰ੍ਹਾਂ ਹਿੰਦੂ ਨਰਾਤਿਆਂ ਵਿਚ ਭੋਜਨ ਤੇ ਲੱਗੀ ਰੋਕ ਨੂੰ ਧਿਆਨ ਵਿਚ ਰੱਖਦੇ ਹਨ। ਰੋਜ਼ਾ ਰੱਖਣਾ ਅਤੇ ਨਰਾਤਿਆਂ ਦੇ ਦੌਰਾਨ ਵਰਤ ਰੱਖਣਾ ਅਭੌਤਿਕ ਸੱਭਿਆਚਾਰ ਦੇ ਉਦਾਹਰਨ ਹਨ।

## ਸੱਭਿਆਚਾਰਕ ਪਛੜੇਵਾਂ

ਸੱਭਿਆਚਾਰਕ ਪਛੜੇਵਾਂ ਉਹ ਧਾਰਨਾ ਹੈ ਜਿਸਦਾ ਪ੍ਰਯੋਗ ਉਸ ਸਥਿਤੀ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਸ ਵਿੱਚ, ਸਮਾਜ ਦੇ ਸੱਭਿਆਚਾਰ, ਨਿਯਮਾਂ ਅਤੇ ਮਾਪਦੰਡਾਂ ਵਿੱਚ ਪਰਿਵਰਤਨ ਸਹਿਜ ਢੰਗ ਨਾਲ਼ ਵਾਪਰਦਾ ਹੈ ਅਤੇ ਤਕਨੀਕੀ ਵਿਕਾਸ ਬਹੁਤ ਤੇਜ਼ੀ ਨਾਲ਼ ਹੁੰਦਾ ਹੈ। ਜਦੋਂ ਸਮਾਜ ਦਾ ਆਕਾਰ ਛੋਟਾ ਹੁੰਦਾ ਹੈ ਤੇ ਪਰਿਵਰਤਨ ਦੀ ਦਰ ਹੌਲ਼ੀ ਹੁੰਦੀ ਹੈ ਤਾਂ ਉਸ ਸਮਾਜ ਵਿੱਚ ਏਕਤਾ ਬਣੀ ਰਹਿੰਦੀ ਹੈ ਪਰ ਦੂਸਰੇ ਪਾਸੇ ਜਦੋਂ ਪਰਿਵਰਤਨ ਦੀ ਦਰ ਤੇਜ਼ ਹੁੰਦੀ ਹੈ ਤਾਂ ਉਸ ਸਮੇਂ ਸੱਭਿਆਚਾਰਕ ਪਛੜੇਪਨ ਦੀ ਦਸ਼ਾ ਪੈਦਾ ਹੁੰਦੀ ਹੈ। ਵਿਲਿਅਮ, ਐਫ. ਔਗਬਰਨ ਨੇ ਸਭ ਤੋਂ ਪਹਿਲਾਂ ਇਸ ਸ਼ਬਦ ਦਾ ਇਸਤਮਾਲ ਕੀਤਾ ਸੀ। ਸੱਭਿਆਚਾਰ ਦੇ ਅਭੌਤਿਕ ਪੱਖ ਦੀ ਤੁਲਨਾ ਨਾਲ਼ ਭੌਤਿਕ ਪੱਖ ਵਿੱਚ ਤਬਦੀਲੀ ਬਹੁਤ ਤੇਜ਼ੀ ਅਤੇ ਅਸਾਨੀ ਨਾਲ਼ ਆਉਂਦੀ ਹੈ।



ਮੋਬਾਈਲ ਫੋਨ ਦਾ ਪ੍ਰਯੋਗ ਕਰਦੇ ਹੋਏ ਸੰਨਿਆਸੀ



ਕੰਪਿਊਟਰ ਦਾ ਪ੍ਰਯੋਗ ਕਰਦੇ ਹੋਏ ਕਿਸਾਨ

ਸੱਭਿਆਚਾਰ ਦੇ ਇੱਕ ਪੱਖ ਵਿੱਚ ਹੋਣ ਵਾਲੇ ਬਦਲਾਵ ਅਤੇ ਪਰਿਵਰਤਨ ਦਬਾਅ ਪੈਦਾ ਕਰਦੇ ਹਨ ਅਤੇ ਜਿਸ ਨਾਲ਼ ਸੱਭਿਆਚਾਰ ਦੇ ਬਾਕੀ ਦੇ ਤੱਤਾਂ ਵਿੱਚ ਦਬਾਅ ਪੈਦਾ ਹੁੰਦਾ ਹੈ। ਇਸ ਲਈ ਸਮਾਜ ਦੇ ਪੂਰਨ ਵਿਕਾਸ ਲਈ ਸੱਭਿਆਚਾਰ ਦੇ ਦੋਹਾਂ ਪੱਖਾਂ ਭੌਤਿਕ ਅਤੇ ਅਭੌਤਿਕ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ। ਜੇਕਰ ਅਭੌਤਿਕ ਤੱਤ, ਭੌਤਿਕ ਤੱਤ ਦੀ ਗਤੀ ਨਾਲ਼ ਮੇਲ ਨਹੀਂ ਖਾਂਦੇ ਤਾਂ ਸਮਾਜਿਕ ਪਛੜੇਵਾਂ ਪੈਦਾ ਹੁੰਦਾ ਹੈ। ਉਦਾਹਰਨ ਲਈ 19ਵੀਂ ਸਦੀ ਵਿੱਚ ਕਈ ਭਾਰਤੀਆਂ ਨੇ ਅੰਗਰੇਜ਼ੀ ਸਿੱਖਿਆ, ਪਹਿਰਾਵੇ ਦਾ ਢੰਗ ਅਤੇ ਘਰ ਬਣਾਉਣ ਦੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਇਆ



Downloaded from https:// www.studiestoday.com

Downloaded from https:// www.studiestoday.com

ਸੀ। ਪਰ ਦੂਸਰੇ ਪਾਸੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਪੁਰਾਤਨ ਰੀਤਾਂ, ਛੂਤ-ਛਾਤ ਅਤੇ ਵਖਰੇਵੇਂ ਨੂੰ ਹੀ ਅਪਣਾਇਆ ਹੋਇਆ ਸੀ, ਜਿਸ ਦੇ ਨਤੀਜੇ ਵਜੋਂ ਨੈਤਿਕ ਕਦਰਾਂ ਕੀਮਤਾਂ 'ਤੇ ਪ੍ਰਭਾਵ ਪਿਆ।

**ਗਤੀਵਿਧੀ -5.2**

- ਕੀ ਤੁਸੀਂ ਆਪਣੇ ਆਲ਼ੇ-ਦੁਆਲ਼ੇ ਦੇ ਕਿਸੇ ਉਪ-ਸੱਭਿਆਚਾਰਕ ਸਮੂਹਾਂ ਬਾਰੇ ਜਾਗਰੂਕ ਹੋ ? ਤੁਸੀਂ ਉਨ੍ਹਾਂ ਦੀ ਪਛਾਣ ਕਿਵੇਂ ਕਰੋਗੇ ?

## ਸੱਭਿਆਚਾਰਕ ਪਰਿਵਰਤਨ

ਸੱਭਿਆਚਾਰ ਵਿੱਚ ਪਰਿਵਤਨ, ਪ੍ਰਕਿਰਤਿਕ ਵਾਤਾਵਰਨ ਵਿੱਚ ਪਰਿਵਰਤਨ ਅਤੇ ਹੋਰ ਸੱਭਿਆਚਾਰ ਦੇ ਨਾਲ਼ ਤੁਲਨਾ ਦੀ ਪ੍ਰਕਿਰਿਆ ਨਾਲ਼ ਹੋ ਸਕਦਾ ਹੈ ਜਿਸ ਵਿਚ ਸਮਾਜ ਆਪਣੇ ਸੱਭਿਆਚਾਰ ਦੇ ਤਰੀਕਿਆਂ ਨੂੰ ਬਦਲਦਾ ਹੈ। ਇਹ ਤਬਦੀਲੀ ਅੰਦਰੂਨੀ ਅਤੇ ਬਾਹਰਲੀ ਹੋ ਸਕਦੀ ਹੈ। ਅੰਦਰੂਨੀ ਕਾਰਨਾਂ ਵਿੱਚ, ਉਦਾਹਰਨ ਲਈ ਖੇਤੀ ਦਾ ਨਵਾਂ ਢੰਗ, ਖੇਤੀ ਦੇ ਉਤਪਾਦਨ ਨੂੰ ਵਧਾਉਂਦਾ ਹੈ, ਜਿਸ ਨਾਲ਼ ਭੋਜਨ ਦੀ ਖੱਪਤ ਅਤੇ ਖੇਤੀ ਸਮੁਦਾਇ ਦੇ ਜੀਵਨ ਉੱਪਰ ਅਸਰ ਪੈਂਦਾ ਹੈ, ਦੂਸਰੇ ਪਾਸੇ ਬਾਹਰੀ ਕਾਰਕਾਂ ਕਾਰਨ ਵੀ ਸਮਾਜ ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਸੱਭਿਆਚਾਰਕ ਤਬਦੀਲੀ ਪ੍ਰਕਿਰਤਕ ਤਬਦੀਲੀ ਕਰਕੇ ਹੁੰਦੀ ਹੈ। ਇਹ ਪਰਿਵਰਤਨ ਦੂਜੇ ਸੱਭਿਆਚਾਰ ਦੇ ਸੰਪਰਕ ਵਿਚ ਆਉਣ ਅਤੇ ਅਨੁਕੂਲਣ ਦੀ ਪ੍ਰਕਿਰਿਆ ਨਾਲ਼ ਹੁੰਦਾ ਹੈ। ਪ੍ਰਕਿਰਤਕ ਤਬਦੀਲੀ ਲੋਕਾਂ ਦੇ ਜੀਵਨ ਵਿਚ ਬਹੁਤ ਹੱਦ ਤੱਕ ਪ੍ਰਭਾਵ ਪਾਉਂਦੀ ਹੈ। ਉਦਾਹਰਨ ਲਈ ਉੱਤਰੀ ਭਾਰਤ ਅਤੇ ਮੱਧ ਭਾਰਤ ਦੇ ਕਬਾਇਲੀ ਸਮੁਦਾਇ ਜੰਗਲੀ ਸਾਧਨਾਂ ਦੇ ਲੁਪਤ ਹੋਣ ਲਈ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਨਿਰੰਤਰ ਕਿਰਿਆ, ਅੰਤਰ-ਕਿਰਿਆ ਨੂੰ ਜਨਮ ਦਿੰਦੀ ਹੈ। ਜਿਸ ਪ੍ਰਕਿਰਿਆ ਦੁਆਰਾ ਦੂਸਰੇ ਸੱਭਿਆਚਾਰਾਂ ਦੇ ਗੁਣ ਆਪਣੇ ਸੱਭਿਆਚਾਰ ਵਿਚ ਮਿਲ਼ ਜਾਂਦੇ ਹਨ।

## ਸਾਰ

- ਸੱਭਿਆਚਾਰ ਸਾਂਝਾ ਵਿਵਹਾਰ ਹੈ, ਜਿਸ ਵਿਚ ਮਨੁੱਖ ਦੀਆਂ ਆਦਤਾਂ, ਵਿਵਹਾਰ, ਵਿਚਾਰ ਅਤੇ ਭੌਤਿਕ ਤਰੀਕੇ ਸ਼ਾਮਿਲ ਹਨ।
- ਸੱਭਿਆਚਾਰ ਵਿਚ ਮਨੁੱਖ ਦੀਆਂ ਆਦਤਾਂ, ਯੋਗਤਾਵਾਂ, ਭਾਸ਼ਾ, ਔਜ਼ਾਰ, ਗਿਆਨ, ਵਿਚਾਰ, ਕਲਾ, ਨੈਤਿਕਤਾ ਅਤੇ ਕਾਨੂੰਨ ਮੌਜੂਦ ਹਨ।
- ਜੈਵਿਕ, ਵਿਗਿਆਨ, ਸਮਾਜਿਕ ਗੁਣ ਅਤੇ ਵਾਤਾਵਰਨ ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਮਦਦ ਕਰਦੇ ਹਨ।
- ਸੱਭਿਆਚਾਰ ਦੀਆਂ ਦੋ ਕਿਸਮਾਂ ਭੌਤਿਕ ਅਤੇ ਅਭੌਤਿਕ ਪ੍ਰਕਾਰ ਦੀਆਂ ਹੁੰਦੀਆਂ ਹਨ।
- ਜਦੋਂ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ ਤਾਂ ਭੌਤਿਕ ਸੱਭਿਆਚਾਰ ਬਦਲਦਾ ਹੈ ਅਤੇ ਅਭੌਤਿਕ ਸੱਭਿਆਚਾਰ ਪਿੱਛੇ ਰਹਿ ਜਾਂਦਾ ਹੈ ਜਿਸ ਨਾਲ ਅਜਿਹੀ ਸਥਿਤੀ ਤੇਜ਼ੀ ਨਾਲ਼ ਵਾਧਾ ਹੁੰਦਾ ਹੈ ਜਿਸ ਨੂੰ 'ਸਮਾਜਿਕ ਪਛੜਿਆਪਣ' ਆਖਦੇ ਹਨ।
- ਹਰ ਸੱਭਿਆਚਾਰ ਵਿਚ ਉੱਪ-ਸੱਭਿਆਚਾਰ ਪਾਏ ਜਾਂਦੇ ਹਨ।



Downloaded from https:// www.studiestoday.com

Downloaded from https:// www.studiestoday.com

- ਰੀਤੀ ਰਿਵਾਜ਼ ਸਮਾਜਿਕ ਵਿਵਹਾਰ ਦਾ ਸੰਗਠਿਤ ਰੂਪ ਅਤੇ ਉਸਦਾ ਦੁਹਰਾਅ ਹੈ।
- ਰੀਤੀ-ਰਿਵਾਜ਼ ਪ੍ਰਤੀਦਿਨ ਵਿਵਹਾਰ ਨਾਲ਼ ਸੰਬੰਧਿਤ ਹੈ ਜਦੋਂ ਕਿ ਪਰੰਪਰਾਵਾਂ ਵਿਸ਼ੇਸ਼ ਮੌਕੇ ਨਾਲ਼ ਸੰਬੰਧਿਤ ਹਨ।
- ਸਮਾਜਿਕ ਪਰਿਮਾਪ ਸਮਾਜ ਦੁਆਰਾ ਵਿਕਸਿਤ ਕੀਤੇ ਗਏ ਮਾਪਦੰਡ ਹਨ ਜੋ ਸਮਾਜ ਦੇ ਸਮੂਹ ਮੈਂਬਰਾਂ ਦੇ ਵਿਵਹਾਰ ਨੂੰ ਨਿਯੰਰਿਤ ਕਰਦੇ ਹਨ।
- ਸਮਾਜਿਕ ਕੀਮਤਾਂ ਉਦੇਸ਼ਾਂ ਦੀ ਪਹਿਲ ਅਤੇ ਇਛੁੱਕ ਉਦੇਸ਼ਾਂ 'ਤੇ ਜ਼ੋਰ ਦਿੰਦੀਆਂ ਹਨ।

## ਸ਼ਬਦਾਵਲੀ

| | |
|---|---|
| **ਸੱਭਿਆਚਾਰਕ ਪਰਿਵਰਤਨ** | ਇਹ ਉਹ ਢੰਗ ਹਨ, ਜਿਨ੍ਹਾ ਨਾਲ਼ ਸਮਾਜ ਆਪਣੇ ਸੱਭਿਆਚਾਰ ਦੇ ਤੌਰ ਤਰੀਕਿਆਂ ਨੂੰ ਪਰਿਵਰਤਤ ਕਰਦੇ ਹਨ। |
| **ਸੱਭਿਆਚਾਰ ਪਛੜੇਵਾਂ** | ਜਦੋਂ ਭੌਤਿਕ ਸੱਭਿਆਚਾਰ ਅਭੌਤਿਕ ਸੱਭਿਆਚਾਰ ਤੋਂ ਵੱਧ ਤੇਜ਼ੀ ਨਾਲ਼ ਬਦਲਦਾ ਹੈ, ਜਿਸ ਨਾਲ਼ ਸਮੇਂ ਵਿਚ ਖੜੋਤ ਆ ਜਾਂਦੀ ਹੈ। |
| **ਸੱਭਿਆਚਾਰ** | ਇਹ ਵਿਅਕਤੀਆਂ ਦੁਆਰਾ ਬਤੀਤ ਕੀਤੀ ਜਾ ਰਹੀ ਜੀਵਨ ਸ਼ੈਲੀ ਹੈ, ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ, ਨੂੰ ਪ੍ਰਸਾਰਿਤ ਕੀਤੀ ਜਾਂਦੀ ਹੈ। ਇਸ ਵਿੱਚ ਵਿਵਹਾਰ ਅਤੇ ਵਿਸ਼ਵਾਸ ਜੋ ਕਿ ਕਿਸੇ ਖਾਸ ਸਮਾਜ, ਸਮੂਹ ਜਾਂ ਉਮਰ ਨਾਲ਼ ਸੰਬੰਧਿਤ ਹਨ, ਵੀ ਸ਼ਾਮਿਲ ਹਨ। |
| **ਰੀਤਾਂ** | ਇਹ ਇਕ ਸਮੂਹ ਦਾ ਵਿਵਹਾਰ ਹੈ ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਪ੍ਰਸਾਰਿਤ ਕੀਤਾ ਜਾਂਦਾ ਹੈ। |
| **ਭੌਤਿਕ ਸੱਭਿਆਚਾਰ** | ਇਹ ਭੌਤਿਕ ਚੀਜ਼ਾਂ ਜਾਂ ਕਲਾਵਾਂ ਦਾ ਸੰਗ੍ਰਹਿ ਹੈ, ਜੋ ਸਮਾਜ ਦੁਆਰਾ ਵਰਤਿਆ ਜਾਂਦਾ ਹੈ। |
| **ਅਭੌਤਿਕ ਸੱਭਿਆਚਾਰ** | ਇਹ ਕਦਰਾਂ ਕੀਮਤਾਂ, ਪਰਿਮਾਪਾਂ ਆਦਿ ਦਾ ਜੋੜ ਹੈ। |
| **ਪਰਿਮਾਪ** | ਇਹ ਵਿਵਹਾਰ ਦੀ ਪ੍ਰਮਾਣਿਤ ਸ਼੍ਰੇਣੀ ਹੈ, ਜੋ ਹਰ ਮੈਂਬਰ ਦੁਆਰਾ ਵੰਡੀ ਜਾਂਦੀ ਹੈ ਤੇ ਇਹ ਆਸ ਲਗਾਈ ਜਾਂਦੀ ਹੈ ਕਿ ਹਰ ਕੋਈ ਇਸ ਨੂੰ ਠੀਕ ਢੰਗ ਨਾਲ਼ ਅਪਣਾਏਗਾ। |
| **ਪਰੰਪਰਾ** | ਇਹ ਜੱਦੀ ਹੈ ਅਤੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਸੋਚ ਅਤੇ ਕੰਮ ਕਰਨ ਦਾ ਤਰੀਕਾ ਹੈ। |
| **ਕਦਰਾਂ- ਕੀਮਤਾਂ** | ਲੋੜ ਅਨੁਸਾਰ ਬਣਾਏ ਗਏ ਸਿਧਾਂਤ, ਸਤਰ ਅਤੇ ਗੁਣਵੱਤਾ। |



Downloaded from https:// www.studiestoday.com

Downloaded from https:// www.studiestoday.com

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿਚ ਦਿਓ।

1. ਸੱਭਿਆਚਾਰ ਦੇ ਆਮ ਤੱਤਾਂ ਦਾ ਵਰਣਨ ਕਰੋ।
2. ਕਿਸ ਵਿਚਾਰਕ ਸੱਭਿਆਚਾਰ ਨੂੰ 'ਜਿਊਣ ਦਾ ਸੰਪੂਰਨ ਢੰਗ ਕਿਹਾ ਹੈ'।
3. ਅਨਪੜ੍ਹ ਸਮਾਜਾਂ ਵਿਚ ਸੱਭਿਆਚਾਰ ਕਿਵੇਂ ਪ੍ਰਸਾਰਿਤ ਕੀਤਾ ਜਾਂਦਾ ਹੈ।
4. ਸੱਭਿਆਚਾਰ ਦਾ ਵਿਸਤ੍ਰਿਤ ਰੂਪ ਵਿੱਚ ਵਰਗੀਕਰਨ ਕਰੋ।
5. ਅਭੌਤਿਕ ਸੱਭਿਆਚਾਰ ਦੀਆਂ ਕੁਝ ਉਦਾਹਰਨਾਂ ਦੇ ਨਾਮ ਲਿਖੋ।
6. 'ਸੱਭਿਆਚਾਰਕ ਪਛੜੇਵੇਂ' ਦਾ ਸਿਧਾਂਤ ਕਿਸਨੇ ਦਿੱਤਾ ਹੈ।

### ਨਿਮਨਲਿਖਤ ਪ੍ਰਸ਼ਨਾਂ ਦਾ 30-35 ਸ਼ਬਦਾਂ ਵਿਚ ਉੱਤਰ ਦਿਓ।

1. ਸੱਭਿਆਚਾਰ ਕੀ ਹੈ ?
2. ਸੱਭਿਆਚਾਰਕ ਪਛੜੇਵਾਂ ਕੀ ਹੈ ?
3. ਸਮਾਜਿਕ ਪਰਿਮਾਪ ਕੀ ਹਨ ?
4. ਆਧੁਨਿਕ ਭਾਰਤ ਦੀਆਂ ਕੇਂਦਰੀ ਕਦਰਾਂ -ਕੀਮਤਾਂ ਕੀ ਹਨ ?
5. ਪਰੰਪਰਾਗਤ ਭਾਰਤ ਸਮਾਜ ਦੀਆਂ ਕੁਝ ਕਦਰਾਂ-ਕੀਮਤਾਂ ਦਾ ਵਰਣਨ ਕਰੋ ।
6. ਸੱਭਿਆਚਾਰ ਦੇ ਗਿਆਨਾਤਮਕ ਤੱਤਾਂ ਨੂੰ ਕਿਵੇਂ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਲਿਖੋ।

1. ਸੱਭਿਆਚਾਰ ਕਿਸ ਪ੍ਰਕਾਰ ਲੋਕਾਂ ਦਾ ਸੰਪੂਰਨ ਜੀਵਨ ਹੈ ?
2. ਭੌਤਿਕ ਅਤੇ ਅਭੌਤਿਕ ਸੱਭਿਆਚਾਰ ਨੂੰ ਵਿਸਤਾਰ ਰੂਪ ਵਿੱਚ ਲਿਖੋ।
3. ਸੱਭਿਆਚਾਰ ਦੇ ਮੂਲ ਤੱਤਾਂ 'ਤੇ ਕਿਸ ਤਰ੍ਹਾਂ ਵਿਚਾਰ-ਵਟਾਂਦਰਾਂ ਕਰੋਗੇ।
4. ਸੱਭਿਆਚਾਰ ਸਿੱਖਿਅਤ ਵਿਵਹਾਰ ਹੈ। ਇਸ ਟਿੱਪਣੀ ਨੂੰ ਢੁਕਵੀਂ ਉਦਾਹਰਨ ਦੇ ਕੇ ਸਪਸ਼ਟ ਕਰੋ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਉ ?

1. ਸੱਭਿਆਚਾਰ ਦੇ ਸਮਾਜਿਕ ਨਿਰੀਖਣ ਨੂੰ ਆਪਣੀ ਰੋਜ਼ ਮਰਾ ਦੇ ਸ਼ਬਦਾਂ ਵਿੱਚ ਕਿਸ ਤਰ੍ਹਾਂ ਸਮਝਾਉਗੇ।
2. ਸੱਭਿਆਚਾਰ ਤੋਂ ਤੁਹਾਡਾ ਕੀ ਭਾਵ ਹੈ, ਸੱਭਿਆਚਾਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਿਓ ?
3. ਸੱਭਿਆਚਾਰ ਦੀਆਂ ਦੋ ਕਿਸਮਾਂ ਦਾ ਵਿਸਤਾਰ ਵਿੱਚ ਵਰਣਨ ਕਰੋ ?
4. ਸੱਭਿਆਚਾਰਕ ਪਿਛੋਕੜ ਦਾ ਵਿਸਤਾਰ ਵਿੱਚ ਵਰਣਨ ਕਰੋ ?



Downloaded from https:// www.studiestoday.com

Downloaded from https:// www.studiestoday.com

ਅਧਿਆਏ
6

# ਸਮਾਜੀਕਰਨ

**ਮੁੱਖ ਅੰਸ਼ :**

6.1 ਅਰਥ

6.2 ਪੜਾਅ

6.3 ਏਜੰਸੀਆਂ

6.3.1 ਰਸਮੀ

6.3.2 ਗ਼ੈਰ-ਰਸਮੀ

## ਭੂਮਿਕਾ

ਸਮਾਜ ਵਿਗਿਆਨ, ਸਮਾਜਿਕ ਮਾਨਵ ਵਿਗਿਆਨ ਅਤੇ ਸਮਾਜਿਕ ਮਨੋਵਿਗਿਆਨ ਵਿਚ ਵਿਅਕਤੀ ਤੇ ਸਮਾਜ, ਵਿਅਕਤੀਤਵ ਤੇ ਸਮੂਹ, ਸੱਭਿਆਚਾਰ ਤੇ ਆਪੇ ਦੇ ਵਿਕਾਸ ਦੀ ਪ੍ਰਕਿਰਿਆ ਦਾ ਵਿਭਿੰਨ ਪਹਿਲੂਆਂ ਤੋਂ ਅਧਿਐਨ ਕੀਤਾ ਹੈ। ਜਨਮ ਦੇ ਸਮੇਂ, ਬੱਚਾ ਨਾ ਤਾਂ ਬੋਲ ਸਕਦਾ ਹੈ, ਨਾ ਚੱਲ ਸਕਦਾ ਹੈ ਅਤੇ ਨਾ ਹੀ ਕਿਸੇ ਵਸਤੂ ਜਾਂ ਵਿਅਕਤੀ ਨੂੰ ਪਹਿਚਾਣ ਸਕਦਾ ਹੈ। ਛੋਟਾ ਬੱਚਾ ਸਿਰਫ਼ ਆਪਣੀ ਜ਼ਰੂਰਤ ਦੇ ਸਮੇਂ ਹੀ ਰੋਂਦਾ ਹੈ। ਜਦੋਂ ਉਹ ਵੱਡਾ ਹੋਣਾ ਸ਼ੁਰੂ ਹੁੰਦਾ ਹੈ ਤਾਂ ਆਪਣੀ ਮਾਂ ਨੂੰ ਪਹਿਚਾਨਣਾ ਸ਼ੁਰੂ ਕਰਦਾ ਹੈ ਅਤੇ ਹੌਲ਼ੀ-ਹੌਲ਼ੀ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਪਹਿਚਾਣਦਾ ਹੈ। ਹੌਲ਼ੀ-ਹੌਲ਼ੀ ਉਹ ਦੂਜੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ਼ ਬੋਲਣਾ ਚੱਲਣਾ ਅਤੇ ਗੱਲਬਾਤ ਕਰਨਾ ਸਿੱਖਦਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਜਿਹੜੀ ਸਮੂਹ ਵਿਚ ਰਹਿ ਕੇ ਹੁੰਦੀ ਹੈ, ਉਸ ਨੂੰ ਸਮਾਜੀਕਰਨ ਕਹਿੰਦੇ ਹਨ। ਸਿੱਖਣ ਤੋਂ ਇਲਾਵਾ ਇਹ, ਗ੍ਰਹਿਣ ਕਰਨ ਅਤੇ ਅੰਦਰੂਨੀ ਅਨੁਭਵ ਦੀ ਪ੍ਰਕਿਰਿਆ ਹੈ।

## ਸਮਾਜੀਕਰਨ ਦਾ ਅਰਥ

ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਹੜੀ ਬਚਪਨ ਵਿਚ ਸ਼ੁਰੂ ਹੁੰਦੀ ਹੈ ਅਤੇ ਜੀਵਨ-ਭਰ ਚੱਲਦੀ ਹੈ। ਇਸ ਪ੍ਰਕਿਰਿਆ ਦੇ ਦੁਆਰਾ ਹੀ ਮਨੁੱਖ ਜੈਵਿਕ ਤੋਂ ਸਮਾਜਿਕ ਪ੍ਰਾਣੀ ਬਣਦਾ ਹੈ। ਇਸ ਪ੍ਰਕਿਰਿਆ ਤੋਂ ਬਿਨਾਂ ਮਨੁੱਖ ਕਦੇ ਵੀ ਸਮਾਜਿਕ ਪ੍ਰਾਣੀ ਨਹੀਂ ਬਣ ਸਕਦਾ। ਉਦਾਹਰਨ ਲਈ, ਜੇਕਰ ਅਸੀਂ ਬੱਚੇ ਨੂੰ ਬਾਕੀ ਸਮਾਜਿਕ ਪ੍ਰਾਣੀਆਂ ਤੋਂ ਲੰਬੇ ਸਮੇਂ ਤੱਕ ਦੂਰ ਰੱਖਾਂਗੇ, ਤਾਂ ਉਹ ਜੈਵਿਕ ਲਛਣਾਂ ਤੋਂ ਇਲਾਵਾ ਹੋਰ ਕੋਈ ਮਨੁੱਖੀ ਵਿਸ਼ੇਸ਼ਤਾ ਨੂੰ ਗ੍ਰਹਿਣ ਨਹੀਂ ਕਰ ਸਕੇਗਾ ਇਥੋਂ ਤੱਕ ਕਿ ਬੋਲਣ, ਚੱਲਣ



Downloaded from https:// www.studiestoday.com

Downloaded from https:// www.studiestoday.com

ਅਤੇ ਖਾਣ ਪੀਣ ਦੇ ਢੰਗ ਵੀ ਸੱਭਿਆਚਾਰ ਰਾਹੀਂ ਨਿਰਧਾਰਿਤ ਹੁੰਦੇ ਹਨ। ਬਾਲਕ ਦੀ ਸ਼ਖ਼ਸ਼ੀਅਤ ਨੂੰ ਢਾਲਣ ਅਤੇ ਆਕਾਰ ਦੇਣ ਦੀ ਇਸ ਪ੍ਰਕਿਰਿਆ ਨੂੰ ਸਮਾਜੀਕਰਨ ਕਹਿੰਦੇ ਹਨ।

**ਬਾਕਸ-1**

ਸਮਾਜ ਵਿੱਚ ਇਕੱਲਤਾ ਦੀ ਸਭ ਤੋਂ ਉੱਤਮ ਉਦਾਹਰਨ ਰਾਮੂ ਨਾਮਕ 'ਬਘਿਆੜ ਬੱਚਾ' ਦੀ ਹੈ, ਜਿਹੜਾ ਕਿ ਬਘਿਆੜ ਦੀ ਗੁਫ਼ਾ ਵਿਚੋਂ ਮਿਲਿਆ ਸੀ, ਉਹ ਪਸ਼ੂਆਂ ਦੀ ਤਰ੍ਹਾਂ ਆਪਣੇ ਦੋਹਾਂ ਹੱਥਾਂ ਅਤੇ ਦੋਹਾਂ ਲੱਤਾਂ ਤੇ ਚੱਲਦਾ, ਕੱਚਾ ਮੀਟ ਖਾਂਦਾ ਅਤੇ ਬਘਿਆੜ ਦੀ ਤਰ੍ਹਾਂ ਹੀ ਗੁਰਾਂਦਾ ਸੀ, ਮਨੁੱਖਾਂ ਵਾਂਗ ਬੋਲ ਨਹੀਂ ਸਕਦਾ ਸੀ ਅਤੇ ਉਸ ਵਿੱਚ ਮਨੁੱਖੀ ਬੱਚੇ ਵਾਲ਼ਾ ਇਕ ਵੀ ਗੁਣ ਨਹੀਂ ਸੀ। ਬਾਅਦ ਵਿਚ ਉਸ ਨੂੰ ਮਨੁੱਖਾਂ ਦੇ ਨਾਲ਼ ਰੱਖਿਆ ਗਿਆ ਪਰ ਉਹ ਥੋੜ੍ਹੇ ਸਮੇਂ ਬਾਅਦ ਹੀ ਮਰ ਗਿਆ।

ਇਸੇ ਤਰ੍ਹਾਂ ਦਾ ਇਕ ਹੋਰ ਉਦਾਹਰਨ ਅਮਰੀਕਾ ਵਿਚ ਵੀ ਪਾਇਆ ਗਿਆ। ਇੱਕ ਸਮਾਜਿਕ ਤੌਰ 'ਤੇ ਅਪ੍ਰਵਾਨਿਤ ਬੱਚੀ ਸੀ ਜਿਸ ਨੂੰ ਇੱਕ ਬੰਦ ਕਮਰੇ ਵਿਚ ਰੱਖਿਆ ਗਿਆ ਸੀ। ਉਹ ਛੇ ਮਹੀਨੇ ਦੀ ਸੀ ਜਦੋਂ ਉਸ ਨੂੰ ਬੰਦ ਕੀਤਾ ਸੀ ਅਤੇ ਪੰਜ ਸਾਲ ਬਾਅਦ ਉਸ ਨੂੰ ਬਾਹਰ ਕੱਢਿਆ ਗਿਆ। ਉਸ ਸਮੇਂ ਨਾਂ ਉਹ ਬੋਲ ਸਕਦੀ ਸੀ ਤੇ ਨਾ ਹੀ ਚੱਲ ਸਕਦੀ ਸੀ। ਉਹ ਆਪਣੇ ਆਲ਼ੇ-ਦੁਆਲ਼ੇ ਦੇ ਮਨੁੱਖਾਂ ਤੋਂ ਬਿਲਕੁਲ ਅਲੱਗ ਸੀ। ਉਸ ਨੂੰ ਬਹੁਤ ਹੀ ਵਧੀਆ ਸਿਖਲਾਈ ਦਿੱਤੀ ਗਈ, ਜਿਸ ਨਾਲ਼ ਉਸਨੇ ਮਨੁੱਖੀ ਗੁਣਾਂ ਨੂੰ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ ਪਰ ਉਹ 3-4 ਸਾਲ ਬਾਅਦ ਮਰ ਗਈ। ਇਹ ਕੇਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮਨੁੱਖ ਆਪਣੇ ਆਲ਼ੇ-ਦੁਆਲ਼ੇ ਦੂਜੇ ਮਨੁੱਖਾਂ ਦੇ ਨਾਲ਼ ਰਹਿ ਕੇ ਹੀ ਕੁਝ ਸਿੱਖ ਸਕਦਾ ਹੈ।

ਜਨਮ ਦੇ ਸਮੇਂ ਮਨੁੱਖੀ ਬੱਚੇ ਨੂੰ ਸਮਾਜ ਜਾਂ ਸਮਾਜਿਕ ਵਿਵਹਾਰ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਉਹ ਸਿਰਫ਼ ਆਪਣੀਆਂ ਕੁਝ ਸਰੀਰਕ ਜ਼ਰੂਰਤਾਂ ਤੋਂ ਜਾਣੂ ਹੁੰਦਾ ਹੈ ਜਿਹੜੀਆਂ ਕਿ ਪਰਿਵਾਰ ਦੇ ਦੂਜੇ ਮੈਂਬਰਾਂ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਕ ਨਵ-ਜੰਮਿਆ ਬੱਚਾ ਆਪਣੀ ਮਾਂ ਅਤੇ ਦੂਜੇ ਪਰਿਵਾਰਕ ਮੈਂਬਰਾਂ ਵਿਚ ਵੀ ਫ਼ਰਕ ਨਹੀਂ ਕਰ ਸਕਦਾ। ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਹੈ ਉਹ ਹੌਲ਼ੀ-ਹੌਲ਼ੀ ਸਿੱਖਣਾ ਸ਼ੁਰੂ ਕਰਦਾ ਹੈ। ਹੌਲ਼ੀ-ਹੌਲ਼ੀ ਉਸ ਸਮਾਜ ਦੇ ਨਿਯਮ ਅਤੇ ਕਦਰਾਂ ਕੀਮਤਾਂ ਨੂੰ ਸਿੱਖਦਾ ਹੈ ਅਤੇ ਸਮੇਂ ਦੇ ਨਾਲ਼ ਉਹ ਸਮਾਜ ਦੁਆਰਾ ਪ੍ਰਵਾਨਿਤ ਵਿਵਹਾਰ ਨੂੰ ਗ੍ਰਹਿਣ ਕਰਦਾ ਹੈ। ਦੂਸਰੇ ਸ਼ਬਦਾਂ ਵਿਚ, ਸਮਾਜੀਕਰਨ ਸਿੱਖਣ ਦੀ ਪ੍ਰਕਿਰਿਆ ਹੈ, ਜਿਸ ਵਿੱਚ ਵਿਸ਼ਵਾਸ, ਸਮਾਜਿਕ ਕੀਮਤਾਂ, ਸਮਾਜਿਕ ਭੂਮਿਕਾਵਾਂ ਅਤੇ ਸੱਭਿਆਚਾਰ ਸ਼ਾਮਿਲ ਹਨ।

## ਸਮਾਜੀਕਰਨ : ਇਕ ਪ੍ਰਕਿਰਿਆ

ਸਮਾਜੀਕਰਨ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਵਿਅਕਤੀ ਸਮਾਜਿਕ ਵਿਵਸਥਾ ਵਿੱਚ ਹਿੱਸਾ ਲੈਣ ਲਈ ਤਿਆਰ ਹੁੰਦਾ ਹੈ। ਇਸ ਦੇ ਅੰਤਰਗਤ ਸੱਭਿਆਚਾਰਕ ਚਿੰਨ੍ਹਾਂ ਦੀ ਸਮਝ, ਭਾਸ਼ਾਂ, ਵਿਚਾਰ ਅਤੇ ਸਮਾਜਿਕ ਵਿਵਸਥਾ ਨੂੰ ਬਣਾਉਣ ਵਾਲ਼ੇ ਰਿਸ਼ਤੇ ਜਾਂ ਸੰਬੰਧ ਸ਼ਾਮਿਲ ਹਨ। ਸਾਡਾ ਉਦੇਸ਼ ਕੇਵਲ ਸਮਾਜੀਕਰਨ ਦੀ ਵਿਵਸਥਾ ਨੂੰ ਸਮਝਣਾ ਹੀ ਨਹੀਂ ਹੈ ਸਗੋਂ ਵਿਸ਼ੇਸ਼ ਤੌਰ 'ਤੇ ਇਹ ਕਿਸ ਤਰ੍ਹਾਂ ਕੰਮ ਕਰਦਾ ਹੈ ਨੂੰ ਸਮਝਣਾ ਅਤੇ ਉਸ ਦਾ ਵਿਸਲੇਸ਼ਣ ਕਰਕੇ ਸਿੱਟਿਆਂ ਤੱਕ ਪਹੁੰਚਣਾ ਹੈ।



Downloaded from https:// www.studiestoday.com

Downloaded from https:// www.studiestoday.com

ਸਮਾਜੀਕਰਨ ਜੀਵਨ ਭਰ ਚੱਲਣ ਵਾਲ਼ੀ ਪ੍ਰਕਿਰਿਆ ਹੈ, ਜਿਹੜੀ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਚੱਲਦੀ ਹੈ ਮਾਤਾ-ਪਿਤਾ ਦੁਆਰਾ ਬੱਚਿਆਂ ਨੂੰ ਆਤਮ ਨਿਰਭਰ ਹੋਣ ਲਈ ਮਦਦ ਮਿਲਦੀ ਹੈ। ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਵਿਅਕਤੀ ਨਵੀਆਂ ਭੂਮਿਕਾਵਾਂ ਦੇ ਅਨੁਸਾਰ ਢਲਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਇਕ ਵਿਅਕਤੀ ਦਾ ਵਿਆਹ ਹੁੰਦਾ ਹੈ ਉਸ ਸਮੇਂ ਉਹ ਸਮਾਜੀਕਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ ਫੇਰ ਜਦੋਂ ਉਹ ਮਾਤਾ-ਪਿਤਾ ਦੀ ਭੂਮਿਕਾ ਨਿਭਾਉਂਦਾ ਹੈ ਤਾਂ ਇਹ ਪ੍ਰਕਿਰਿਆ ਮੁੜ ਸ਼ੁਰੂ ਹੋ ਜਾਂਦੀ ਹੈ। ਬੁਢਾਪੇ ਵਿਚ ਇਹ ਭੂਮਿਕਾਵਾਂ ਉਲਟ ਹੋ ਜਾਂਦੀਆਂ ਹਨ, ਬੱਚੇ ਆਪਣੇ ਮਾਤਾ-ਪਿਤਾ ਜਿਹੜੇ ਕਿ ਉਨ੍ਹਾਂ 'ਤੇ ਨਿਰਭਰ ਹੁੰਦੇ ਹਨ, ਦਾ ਧਿਆਨ ਰੱਖਦੇ ਹਨ।




ਵਿਅਕਤੀਆਂ ਦੇ ਅਨੁਸਾਰ ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਵਿਚ 'ਆਪੇ' ਦਾ ਵਿਕਾਸ ਹੁੰਦਾ ਹੈ ਅਤੇ ਸਮਾਜਿਕ ਵਿਵਸਥਾ ਦੀ ਨਿਰੰਤਰਤਾ ਅਤੇ ਕਾਰਜ ਪ੍ਰਣਾਲੀ ਨੂੰ ਜਾਰੀ ਰੱਖਣ ਲਈ ਸਮਾਜੀਕਰਨ ਦੀ ਪ੍ਰਕਿਰਿਆ ਬਹੁਤ ਜ਼ਰੂਰੀ ਹੈ ਤਾਂ ਜੋ ਵਿਅਕਤੀ ਆਪਣੀਆਂ ਭੂਮਿਕਾਵਾਂ ਠੀਕ ਤਰ੍ਹਾਂ ਨਾਲ਼ ਨਿਭਾ ਸਕਣ।

ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਵਿਚ ਸਿੱਖਣ ਦਾ ਹੁਨਰ, ਭੂਮਿਕਾਵਾਂ, ਕਦਰਾਂ-ਕੀਮਤਾਂ ਸ਼ਾਮਿਲ ਹਨ ਅਤੇ ਇਹ ਕਿ ਜਨਮ ਤੋਂ ਬੁਢਾਪੇ ਤੱਕ ਚੱਲਦੀ ਹੈ। ਸਮਾਜ ਸ਼ਾਸ਼ਤਰੀ ਸਿਰਫ਼ ਵਿਅਕਤੀ ਦੇ ਸਰੀਰਕ ਪੱਖ 'ਤੇ ਹੀ ਜ਼ੋਰ ਨਹੀਂ ਦਿੰਦੇ ਸਗੋਂ ਸਰੀਰਕ ਅਤੇ ਸਮਾਜਿਕ ਦੋਵੇਂ ਪੱਖ ਹੀ ਸਿੱਖਣ ਦੀ ਪ੍ਰਕਿਰਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਵਿਅਕਤੀ ਕੋਲ਼ ਅੱਖ, ਕੰਨ ਹੁੰਦੇ ਹਨ, ਜਿਨ੍ਹਾਂ ਦੁਆਰਾ ਉਹ ਦੇਖਦੇ, ਸੁਣਦੇ ਅਤੇ ਸੁਨੇਹੇ ਲੈਂਦੇ ਹਨ। ਇਹ ਜੈਵਿਕ ਪੱਖ ਹਨ ਜੋ ਵਿਅਕਤੀ ਦੀ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮਦਦ ਕਰਦੇ ਹਨ ਜਿਵੇਂ ਕਿ, ਇਕ ਨਵਾਂ ਜੰਮਿਆ



Downloaded from https:// www.studiestoday.com

Downloaded from https:// www.studiestoday.com

ਬੱਚਾ ਜਿਸ ਨੂੰ ਸਮਾਜ ਤੋਂ ਦੂਰ ਕਰ ਦਿੱਤਾ ਜਾਵੇ, ਉਹ ਭਾਸ਼ਾ, ਪਰਿਮਾਪ, ਕੀਮਤਾਂ, ਆਦਤਾਂ, ਤੁਰਨ ਫਿਰਨ ਵੀ ਸਿੱਖਣ ਦੇ ਯੋਗ ਨਹੀਂ ਹੋਵੇਗਾ।

ਜਨਮ ਦੇ ਸਮੇਂ ਉਹ ਕੇਵਲ ਇਕ ਜੈਵਿਕ ਪ੍ਰਾਣੀ ਹੈ, ਜੋ ਕਿ ਹੌਲ਼ੀ-ਹੌਲ਼ੀ ਦੂਸਰੇ ਸਮਾਜਿਕ ਪ੍ਰਾਣੀਆਂ ਨਾਲ਼ ਅੰਤਰ-ਕਿਰਿਆ ਰਾਹੀਂ ਸਮਾਜਿਕ ਪ੍ਰਾਣੀ ਵਿੱਚ ਤਬਦੀਲ ਹੁੰਦਾ ਹੈ। ਜਿਸ ਦੀ ਆਪਣੀ ਭਾਸ਼ਾ, ਸੱਭਿਆਚਾਰ, ਸੰਬੰਧ, ਕਦਰਾਂ-ਕੀਮਤਾਂ ਅਤੇ ਮਾਨਤਾਵਾਂ ਹੁੰਦੀਆਂ ਹਨ, ਉਸ ਪ੍ਰਕਿਰਿਆ ਨੂੰ ਸਮਾਜੀਕਰਨ ਦੀ ਪ੍ਰਕਿਰਿਆ ਦਾ ਨਾਮ ਦਿੱਤਾ ਜਾਂਦਾ ਹੈ। ਬਚਪਨ ਵਿਚ ਵਿਅਕਤੀ ਚੀਕਣੀ ਮਿੱਟੀ ਦੀ ਤਰ੍ਹਾਂ ਹੁੰਦਾ ਹੈ, ਜਿਸ ਨੂੰ ਮਾਤਾ-ਪਿਤਾ, ਪਰਿਵਾਰ, ਸਮਾਜ, ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਸਮਾਜ ਵਿੱਚ ਸਥਾਪਿਤ ਮਾਪਦੰਡਾਂ ਅਨੁਸਾਰ ਮਨੁੱਖੀ ਆਦਤਾਂ ਸਿਖਾ ਕੇ ਉਸ ਦੇ ਵਿਵਹਾਰ ਨੂੰ ਪਰਿਵਰਤਤ ਕਰਦੇ ਹਨ। ਇਹ ਪ੍ਰਕਿਰਿਆ ਇਥੇ ਹੀ ਖ਼ਤਮ ਨਹੀਂ ਹੁੰਦੀ ਸਗੋਂ ਇਹ ਨਿਰੰਤਰ ਤੌਰ ’ਤੇ ਚੱਲਦੀ ਰਹਿੰਦੀ ਹੈ, ਜਿਸ ਵਿਚ ਸਮਾਜ ਦੀਆਂ ਕੀਮਤਾਂ ਅਤੇ ਵਿਚਾਰਾਂ ਨੂੰ ਤਾਂ ਉਮਰ ਭਰ ਸਿੱਖਿਆ ਜਾਂਦਾ ਹੈ।

## ਸਮਾਜੀਕਰਨ ਦੇ ਪੜਾਅ

ਸਮਾਜੀਕਰਨ ਸਿੱਖਣ ਦੀ ਨਿਰੰਤਰ ਪ੍ਰਕਿਰਿਆ ਹੈ। ਨਵਜਾਤ ਬੱਚੇ ਨੂੰ ਸਮਾਜਿਕ ਜੀਵਨ ਬਾਰੇ ਸਾਰੀਆਂ ਚੀਜ਼ਾਂ ਇੱਕਠੀਆਂ ਨਹੀਂ ਸਿਖਾਈਆਂ ਜਾ ਸਕਦੀਆਂ। ਜੀਵਨ ਦੇ ਅਰੰਭਿਕ ਪੱਧਰ ਉੱਤੇ ਬਚਪਨ ਦੀ ਅਵਸਥਾ ਅਤੇ ਬਾਲ ਅਵਸਥਾ ਵਿੱਚ ਸਮਾਜੀਕਰਨ, ਸਮਾਜਿਕ ਜਗਤ ਦੇ ਨਾਲ਼ ਸ਼ੁਰੂ ਹੁੰਦਾ ਹੈ। ਹੌਲ਼ੀ-ਹੌਲ਼ੀ ਬੱਚੇ ਦਾ ਸਮਾਜਿਕ ਦਾਇਰਾ ਵੱਧਦਾ ਹੈ ਅਤੇ ਬੱਚਾ ਬਹੁਤ ਸਾਰੀਆਂ ਵਸਤੂਆਂ ਨੂੰ ਸਿੱਖਦਾ ਹੈ ਅਤੇ ਉਹਨਾਂ ਦੇ ਅਨੁਸਾਰ ਆਪਣੇ-ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਸਮਾਜੀਕਰਨ ਦੀ ਪ੍ਰਕਿਰਿਆ ਦੇ ਸ਼ੁਰੂ ਅਤੇ ਅੰਤ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਹਾਲਾਂਕਿ ਸਮਾਜ ਸ਼ਾਸ਼ਤਰੀਆਂ ਨੇ ਸਮਾਜੀਕਰਨ ਦੇ ਕੁਝ ਪੱਧਰਾਂ ਨੂੰ ਪ੍ਰਗਟਾਇਆ ਹੈ। ਕਈ ਵਿਚਾਰਕਾਂ ਨੇ ਇਹਨਾਂ ਪੱਧਰਾਂ ਨਾਲ਼ ਜੁੜੇ ਭਿੰਨ-ਭਿੰਨ ਪ੍ਰਕਾਰ ਦੇ ਮਾਡਲ ਦਿੱਤੇ ਹਨ। ਮੁੱਖ ਰੂਪ ਵਿੱਚ ਨਿਮਨਲਿਖਤ ਪੜਾਵਾਂ ਦਾ ਵਰਣਨ ਕੀਤਾ ਗਿਆ ਹੈ।






Downloaded from https:// www.studiestoday.com

Downloaded from https:// www.studiestoday.com

**ਬਾਲਪਨ**

ਇਹ ਪੜਾਅ ਬੱਚੇ ਦੇ ਜਨਮ ਨਾਲ਼ ਸ਼ੁਰੂ ਹੁੰਦਾ ਹੈ ਅਤੇ ਇਕ ਸਾਲ ਦੀ ਉਮਰ ਤੱਕ ਚਲਦਾ ਹੈ। ਸਭ ਤੋਂ ਪਹਿਲਾਂ ਬੱਚਾ ਆਪਣੀ ਮਾਂ, ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਆਉਂਦਾ ਹੈ। ਇਸ ਪੜਾਅ ਵਿੱਚ ਪਰਿਵਾਰ ਹੀ ਸਮਾਜੀਕਰਨ ਦਾ ਮੁੱਖ ਪੜਾਅ ਮੰਨਿਆ ਗਿਆ ਹੈ। ਬੱਚਾ ਪਰਿਵਾਰ ਵਿੱਚ ਰਹਿ ਕੇ ਹੀ ਚੱਲਣਾ, ਬੋਲਣਾ, ਖਾਣਾ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਸਮਝਦਾ ਹੈ, ਨਾਲ਼ ਹੀ ਇਸ ਵਿੱਚ ਉਹ ਆਪਣੇ ਰੋਜ਼ਮਰਾ ਜ਼ਿੰਦਗੀ ਦੀਆਂ ਗਤੀਵਿਧੀਆਂ ਜਿਵੇਂ ਸਰੀਰ ਨੂੰ ਸਾਫ਼ ਰੱਖਣ ਬਾਰੇ ਵੀ ਸਿੱਖਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸ ਪੜਾਅ ਤੇ ਬੱਚਾ ਵਿਵਹਾਰ ਦੇ ਮੁੱਢਲੇ ਨਿਯਮਾਂ ਨੂੰ ਸਿੱਖਦਾ ਹੈ।



ਬਾਲਪਨ ਅਵਸਥਾ

**ਬਚਪਨ**





ਖੇਡਦੇ ਹੋਏ ਬੱਚੇ – ਨਰਸਰੀ ਸਕੂਲ ਵਿੱਚ ਬੱਚੇ



Downloaded from https:// www.studiestoday.com

Downloaded from https:// www.studiestoday.com

ਪਰਿਵਾਰ ਤੋਂ ਬਾਅਦ ਬੱਚਾ ਬਾਹਰਲੀ ਦੁਨੀਆਂ ਦੇ ਸੰਪਰਕ ਵਿੱਚ ਆਉਂਦਾ ਹੈ। ਹੌਲ਼ੀ-ਹੌਲ਼ੀ ਉਹ ਦੋਸਤ ਬਣਾਉਂਦਾ ਹੈ, ਜਿਨ੍ਹਾਂ ਨਾਲ਼ ਉਹ ਖੇਡਦਾ ਹੈ ਅਤੇ ਬੋਲਚਾਲ ਵਧਾਉਂਦਾ ਹੈ। ਤਿੰਨ ਚਾਰ ਸਾਲ ਦੀ ਉਮਰ ਵਿੱਚ ਉਸਨੂੰ ਸਕੂਲ ਦਾਖਲ ਕਰਾਇਆ ਜਾਂਦਾ ਹੈ। ਜਿੱਥੇ ਉਹ ਨਵੇਂ ਦੋਸਤ ਬਣਾਉਂਦਾ ਹੈ। ਨੌਂ-ਦਸ ਸਾਲ ਦੀ ਉਮਰ ਤੱਕ ਬੱਚੇ ਦੇ ਵਿਵਹਾਰ ਨੂੰ ਵਾਚਿਆ ਜਾਂਦਾ ਹੈ ਅਤੇ ਉਸ ਉਪਰ ਮਾਂ-ਬਾਪ, ਅਧਿਆਪਕਾਂ, ਗੁਆਂਢ, ਦੋਸਤਾਂ ਆਦਿ ਦਾ ਅਸਰ ਪੈਂਦਾ ਹੈ, ਜਿਸ ਨਾਲ਼ ਉਸਦਾ ਵਿਵਹਾਰ ਬਦਲਦਾ ਹੈ। ਉਦਾਹਰਨ ਵਜੋਂ ਕਬਾਇਲੀ ਸਮਾਜਾਂ ਵਿੱਚ ਬੱਚੇ ਦਾ ਸਮਾਜੀਕਰਨ ਪਰਿਵਾਰ ਵਿੱਚ ਰਹਿ ਕੇ ਸਰੀਰਿਕ ਗਤੀਵਿਧੀਆਂ ਕਰਕੇ ਬਣਦਾ ਹੈ, ਕਿਉਂਕਿ ਉਹ ਕੁਦਰਤ ਦੇ ਨੇੜੇ ਹਨ। ਅਜਿਹੇ ਸਮਾਜਾਂ ਵਿੱਚ ਉਹ ਆਪਣੇ ਆਲ਼ੇ-ਦੁਆਲ਼ੇ ਬਾਰੇ, ਸੱਭਿਆਚਾਰ, ਮੌਸਮਾਂ, ਸ਼ਿਕਾਰ ਆਦਿ ਬਾਰੇ ਸਿੱਖਦਾ ਹੈ। ਉਹ ਗੀਤ ਸੰਗੀਤ, ਨਾਚ ਅਤੇ ਆਪਣੀਆਂ ਲੋਕ ਪਰੰਪਰਾਵਾਂ ਨੂੰ ਸਿੱਖਦਾ ਹੈ। ਇਹੀ ਗੱਲ ਪੇਂਡੂ ਬੱਚਿਆਂ 'ਤੇ ਵੀ ਲਾਗੂ ਹੁੰਦੀ ਹੈ। ਦੂਸਰੇ ਪਾਸੇ, ਖੋਜਾਂ ਤੋਂ ਸਿੱਧ ਹੁੰਦਾ ਹੈ ਕਿ ਪੇਂਡੂ ਤੇ ਕਬਾਇਲੀ ਬੱਚਿਆਂ ਦੇ ਮੁਕਾਬਲੇ ਸ਼ਹਿਰੀ ਬੱਚਿਆਂ ਵਿੱਚ ਪੁਰਾਣੀਆਂ ਪ੍ਰੰਪਰਾਵਾਂ ਦੇ ਗਿਆਨ ਦੀ ਘਾਟ ਹੁੰਦੀ ਹੈ ਪਰੰਤੂ ਖੋਜਾਂ ਇਹ ਵੀ ਦੱਸਦੀਆਂ ਹਨ ਕਿ ਪੇਂਡੂ ਤੇ ਕਬਾਇਲੀ ਬੱਚਿਆਂ ਦੀ ਤੁਲਨਾਂ ਵਿੱਚ ਸ਼ਹਿਰੀ ਬੱਚਿਆਂ ਨੂੰ ਵਧੇਰੇ ਮੌਕੇ ਪ੍ਰਾਪਤ ਹੋਣ ਕਾਰਨ; ਉਹਨਾਂ ਦੀ ਸ਼ਬਦਾਵਲੀ ਕਾਫ਼ੀ ਵਿਕਸਤ ਹੁੰਦੀ ਹੈ। ਹਰ ਸਮਾਜ ਵਿੱਚ ਭਾਵੇਂ ਉਹ ਕਬਾਇਲੀ ਹੈ, ਪੇਂਡੂ ਜਾਂ ਸ਼ਹਿਰੀ, ਸਮਾਜੀਕਰਨ ਦੀ ਪ੍ਰਕਿਰਿਆ ਵੱਖ-ਵੱਖ ਹੈ।

## ਕਿਸ਼ੋਰ ਅਵਸਥਾ

ਸਮਾਜੀਕਰਨ ਦੇ ਕਿਸ਼ੋਰ ਅਵਸਥਾ ਦੇ ਪੜਾਅ ਵਿੱਚ ਬੱਚਿਆਂ ਦੀਆਂ ਜ਼ਰੂਰਤਾਂ, ਸੰਗਤ ਅਤੇ ਸੰਬੰਧ ਬਦਲ ਜਾਂਦੇ ਹਨ। ਉਹਨਾਂ ਉਪਰ ਵੱਖ-ਵੱਖ ਸਭਿਆਚਾਰਾਂ ਅਤੇ ਹੋਰ ਸਮਾਜਾਂ ਦਾ ਪ੍ਰਭਾਵ ਪੈਂਦਾ ਹੈ ਕਿਉਂਕਿ ਉਹ ਭਿੰਨ-ਭਿੰਨ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ। ਇਹ ਪੜਾਅ ਬਹੁਤ ਹੀ ਅਹਿਮ ਮੰਨਿਆ ਜਾਂਦਾ ਹੈ। ਕਿਉਂਕਿ ਬੱਚਾ ਨਾ ਤਾਂ ਬਹੁਤ ਸਮਝਦਾਰ ਹੁੰਦਾ ਹੈ ਅਤੇ ਨਾ ਹੀ ਬਚਪਨੇ ਵਿੱਚ ਹੁੰਦਾ ਹੈ। ਇਸ ਪੜਾਅ ਵਿੱਚ ਬਹੁਤ ਸਾਰੇ ਸਰੀਰਿਕ, ਜੈਵਿਕ ਅਤੇ ਹਾਰਮੋਨਲ ਬਦਲਾਵ ਆਉਂਦੇ ਹਨ, ਜਿਹੜੇ ਕਿ ਕਈ ਮਨੋਵਿਗਿਆਨਕ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

**ਗਤੀਵਿਧੀ -6**

- ਕੀ ਤੁਸੀਂ ਸੋਚਦੇ ਹੋ ਕਿ ਕਿਸ਼ੋਰ ਅਵਸਥਾ ਇਕ ਉਲਝਣਾ ਭਰੀ ਅਵਸਥਾ ਹੈ ?
- ਕੀ ਤੁਹਾਨੂੰ ਘਰ ਅਤੇ ਸਕੂਲ ਵਿੱਚ ਹੁਣ ਵੀ ਬੱਚੇ ਅਤੇ ਕਿਸ਼ੋਰ ਦੋਨੋਂ ਹੀ ਸਮਝਿਆ ਜਾਂਦਾ ਹੈ ?
- ਕੀ ਤੁਹਾਨੂੰ ਲੱਗਦਾ ਹੈ ਕਿ ਇਹ ਅਵਸਥਾ ਤੁਹਾਡੇ ਦਿਮਾਗ ਵਿੱਚ ਸੰਘਰਸ਼ ਪੈਦਾ ਕਰਦੀ ਹੈ ?
- ਕੀ ਤੁਸੀਂ ਸਮਝਦੇ ਹੋ ਕਿ ਇਹ ਸੰਘਰਸ਼ ਦੀ ਸਥਿਤੀ ਨੂੰ ਜਨਮ ਦਿੰਦਾ ਹੈ। ਇਹੋ ਜਿਹੀਆਂ ਕੁਝ ਪ੍ਰਸਥਿਤੀਆਂ ਆਪਣੇ ਅਧਿਆਪਕ ਨਾਲ਼ ਸਾਂਝੀਆਂ ਕਰੋ।



Downloaded from https:// www.studiestoday.com

Downloaded from https:// www.studiestoday.com

### ਬਾਲਗ ਅਵਸਥਾ

ਪਹਿਲੇ ਪੜਾਅ ਨਾਲ਼ੋਂ ਇਸ ਪੜਾਅ ਵਿਚ ਸਮਾਜਿਕ ਦਾਇਰਾ ਹੋਰ ਵੱਧ ਜਾਂਦਾ ਹੈ। ਵਿਅਕਤੀ ਕਿਸੇ ਕੰਮ ਧੰਦੇ ਨਾਲ਼ ਜੁੜ ਜਾਂਦਾ ਹੈ। ਉਹ ਕਿਸੇ ਕਲੱਬ, ਸਮਾਜਿਕ ਸਮੂਹ, ਰਾਜਨੀਤਿਕ ਸਮੂਹ, ਆਦਿ ਦਾ ਮੈਂਬਰ ਬਣ ਜਾਂਦਾ ਹੈ। ਇਸੇ ਪੜਾਅ ਦੇ ਦੌਰਾਨ ਉਸਦਾ ਵਿਆਹ ਵੀ ਹੋ ਜਾਂਦਾ ਹੈ ਅਤੇ ਉਸ ਦੇ ਸੰਪਰਕ ਵਿਚ ਗੁਆਂਢੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਆਉਂਦੇ ਹਨ ਉਹ ਆਪਣੇ ਮਿੱਤਰਾਂ ਤੋਂ ਇਲਾਵਾ ਆਪਣੇ ਸਹੁਰਾ ਪਰਿਵਾਰ ਨਾਲ਼ ਵੀ ਜੁੜ ਜਾਂਦਾ ਹੈ। ਇਸ ਉਮਰ ਵਿੱਚ ਉਹ ਕਿਸੇ ਤੇ ਨਿਰਭਰ ਨਹੀਂ ਰਹਿੰਦਾ ਸਗੋਂ ਉਹ ਇਕ ਜ਼ੁੰਮੇਵਾਰ ਵਿਅਕਤੀ ਬਣ ਜਾਂਦਾ ਹੈ ਅਤੇ ਉਹ ਇਕ ਪਤੀ/ਪਤਨੀ, ਮਾਂ/ਬਾਪ, ਪਰਿਵਾਰ ਦੇ ਕਰਤਾ ਅਤੇ ਦੇਸ਼ ਦੇ ਨਾਗਰਿਕ ਦਾ ਭੂਮਿਕਾ ਅਦਾ ਕਰ ਰਿਹਾ ਹੁੰਦਾ ਹੈ। ਇਸ ਲਈ ਨਵੀਆਂ ਭੂਮਿਕਾਵਾਂ ਨਾਲ਼, ਨਵੀਆਂ ਉਮੀਦਾਂ ਵੀ ਜੁੜ ਜਾਂਦੀਆਂ ਹਨ, ਜਿਹੜੀਆਂ ਭਵਿੱਖ ਵਿੱਚ ਸਮਾਜੀਕਰਨ ਦੀ ਪ੍ਰਕਿਰਿਆ ਵਿਚ ਸਹਾਈ ਹੁੰਦੀਆਂ ਹਨ ਅਤੇ ਇਸਦੇ ਨਾਲ਼ ਉਹ ਬਦਲਦੀਆਂ ਪ੍ਰਸਥਿਤੀਆਂ ਦੇ ਨਾਲ਼ ਆਪਣੇ-ਆਪ ਨੂੰ ਢਾਲਣ ਦੀ ਕੋਸ਼ਿਸ ਕਰਦਾ ਹੈ।




ਪਰਿਵਾਰ ਅਤੇ ਕੰਮਕਾਜੀ ਸਮੂਹ ਨਾਲ਼ ਕਿਸ਼ੋਰ

### ਬਿਰਧ ਅਵਸਥਾ



ਇਕ ਬਜ਼ੁਰਗ ਵਿਅਕਤੀ ਦਾ ਜੀਵਨ ਵਾਤਾਵਰਨ, ਕੰਮ-ਕਾਜ, ਦੋਸਤਾਂ ਅਤੇ ਦੂਸਰੇ ਸਮੂਹਾਂ ਤੋਂ ਪ੍ਰਭਾਵਿਤ ਹੁੰਦਾ ਹੈ। ਬਹੁਤ ਸਾਰੀਆਂ ਕਦਰਾਂ-ਕੀਮਤਾਂ ਉਸਦੇ ਅੰਦਰ ਸਮਾ ਚੁੱਕੀਆਂ ਹੁੰਦੀਆਂ ਹਨ ਅਤੇ ਉਹ ਸਮਾਜ ਵਿਚ ਆਪਣੇ-ਆਪ ਨੂੰ ਸਮਾ ਲੈਂਦਾ ਹੈ। ਅਸਲ ਵਿੱਚ ਇਸ ਅਵਸਥਾ ਵਿਚ ਮਨੁੱਖ ਮਜ਼ਬੂਤ ਬਣ ਜਾਂਦਾ ਹੈ ਅਤੇ ਔਖੀ ਘੜੀ ਵਿਚ ਵੀ ਆਪਣੇ ਆਪ ਨੂੰ ਢਾਲ਼ ਲੈਂਦਾ ਹੈ। ਉਸ ਨਾਲ਼ ਨਵੇਂ ਸੰਬੰਧ ਜਿਵੇਂ ਦਾਦਾ-ਦਾਦੀ, ਨਾਨਾ-ਨਾਨੀ, ਸੱਸ-ਸਹੁਰਾ, ਸੀਨੀਅਰ ਨਾਗਰਿਕ ਆਦਿ ਦੀਆਂ ਭੂਮਿਕਾਵਾਂ ਜੁੜ ਜਾਂਦੀਆਂ ਹਨ। ਇਹ ਸਮਾਜੀਕਰਨ ਦਾ ਆਖਰੀ ਪੜਾਅ ਹੈ। ਪਰ ਇਹ ਪ੍ਰਕਿਰਿਆ ਇੱਥੇ ਹੀ ਖ਼ਤਮ ਨਹੀਂ ਹੁੰਦੀ ਬਲਕਿ ਇਹ ਉਮਰ ਭਰ ਚੱਲਦੀ ਰਹਿੰਦੀ ਹੈ। ਇਹ ਜਨਮ ਤੋਂ ਲੈ ਕੇ ਮੌਤ ਤੱਕ ਚੱਲਣ ਵਾਲ਼ੀ ਪ੍ਰਕਿਰਿਆ ਹੈ।



Downloaded from https:// www.studiestoday.com

Downloaded from https:// www.studiestoday.com

## ਸਮਾਜੀਕਰਨ ਦੀਆਂ ਏਜੰਸੀਆਂ/ਸੰਸਥਾਵਾਂ

ਮਨੁੱਖੀ ਜੀਵਨ ਦੇ ਵੱਖ ਵੱਖ ਪੜਾਵਾਂ ਵਿੱਚ ਮਨੁੱਖ ਬਹੁਤ ਸਾਰੇ ਵਿਅਕਤੀਆਂ, ਸਮੂਹਾਂ, ਸੰਸਥਾਵਾਂ ਅਤੇ ਸਮੁਦਾਵਾਂ ਦੇ ਸੰਪਰਕ ਵਿੱਚ ਆਉਂਦਾ ਹੈ ਜਿਨ੍ਹਾਂ ਤੋਂ ਉਹ ਬਹੁਤ ਕੁਝ ਸਿੱਖਦਾ ਹੈ। ਵੱਖ-ਵੱਖ ਸਮੂਹ ਅਤੇ ਸੰਸਥਾਵਾਂ ਮਨੁੱਖ ਦੇ ਵਿਵਹਾਰ ਨੂੰ ਸੰਵਾਰਨ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੀਆਂ ਹਨ। ਇਸ ਦੇ ਨਾਲ਼ ਹੀ ਮਨੁੱਖ ਸੱਭਿਆਚਾਰ ਦੇ ਕਈ ਤੱਤਾਂ ਨੂੰ ਆਤਮਸਾਤ ਕਰਦਾ ਹੈ। ਹਰ ਸਮਾਜ ਦੇ ਸਮਾਜੀਕਰਨ ਦੇ ਆਪਣੇ ਸਾਧਨ -ਵਿਅਕਤੀ, ਸਮੂਹ ਅਤੇ ਸੰਸਥਾਵਾਂ ਜੋ ਜੀਵਨ ਭਰ ਸਮਾਜੀਕਰਨ ਲਈ ਉੱਚਿਤ ਮਾਤਰਾ ਪ੍ਰਦਾਨ ਕਰਦੇ ਹਨ। ਸਮਾਜੀਕਰਨ ਦੇ ਸਾਧਨ ਉਸ ਪ੍ਰਣਾਲੀ ਦਾ ਹਿੱਸਾ ਹਨ ਜਿਸ ਅਧੀਨ ਵਿਅਕਤੀ ਸੱਭਿਆਚਾਰ ਦੇ ਵਿਸ਼ਵਾਸ, ਕੀਮਤਾਂ ਅਤੇ ਵਿਵਹਾਰਕ ਢੰਗ-ਤਰੀਕਿਆਂ ਨੂੰ ਸਿੱਖਦਾ ਹੈ, ਇਹ ਨਵੇਂ ਮੈਂਬਰਾਂ ਨੂੰ ਆਪਣਾ ਸਥਾਨ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਪੁਰਾਣੇ ਮੈਂਬਰਾਂ ਨੂੰ ਸਮਾਜ ਵਿੱਚ ਨਵੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਤਿਆਰ ਕਰਦਾ ਹੈ।

**ਬਾਕਸ-2**

**ਸਮਾਜੀਕਰਨ ਦੇ ਦੋ ਪੜਾਅ ਹਨ** : ਮੁੱਢਲੇ ਅਤੇ ਗੌਣ (ਸੈਕੰਡਰੀ) ਇਨ੍ਹਾਂ ਦੋਹਾਂ ਪੜਾਵਾਂ ਵਿਚ ਰਸਮੀ ਅਤੇ ਗ਼ੈਰ-ਰਸਮੀ ਸੰਸਥਾਵਾਂ ਸਮਾਜੀਕਰਨ ਦੀਆਂ ਅਵਸਥਾਵਾਂ ਲਈ ਉੱਤਰਦਾਈ ਹੁੰਦੀਆਂ ਹਨ। ਇਹ ਉਹ ਸੰਸਥਾਵਾਂ ਜਾਂ ਵਿਅਕਤੀ ਹੁੰਦੇ ਹਨ, ਜੋ ਵਿਅਕਤੀ ਵਿੱਚ ਵਿਸ਼ੇਸ਼ ਸਮਾਜ ਦੇ ਲਈ ਕਦਰਾਂ-ਕੀਮਤਾਂ ਅਤੇ ਪ੍ਰਤਿਮਾਨਾ ਦਾ ਸਮਾਜੀਕਰਨ ਕਰਦੇ ਹਨ।

ਉਹ ਵਿਅਕਤੀ ਅਤੇ ਸਮੂਹ ਜੋ ਕਿ ਸਾਡੇ ਸ੍ਵੈ-ਸੰਕਲਪ, ਭਾਵਨਾਵਾਂ ਅਤੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਦੇ ਹਨ, ਉਹਨਾਂ ਨੂੰ ਸਮਾਜੀਕਰਨ ਦੀਆਂ ਸੰਸਥਾਵਾਂ ਕਿਹਾ ਜਾਂਦਾ ਹੈ। ਸਮਾਜੀਕਰਨ ਦੀਆਂ ਸੰਸਥਾਵਾਂ ਉਹ ਸਰੋਤ ਹੁੰਦੀਆਂ ਹਨ, ਜੋ ਸਮਾਜ ਅਤੇ ਆਪਣੇ-ਆਪ ਨੂੰ ਸਮਝਣ ਵਿੱਚ ਸਹਾਈ ਹੁੰਦੀਆਂ ਹਨ। ਵਿਅਕਤੀ ਦੇ ਸਮਾਜੀਕਰਨ ਦੇ ਲਈ ਸਹਾਇਕ ਪਰਿਵਾਰਿਕ ਮੈਂਬਰ, ਮਿੱਤਰ, ਗੁਆਂਢ, ਪੁਲੀਸ, ਮਾਲਕ, ਅਧਿਆਪਕ, ਰਾਜਨੇਤਾ, ਵਿਉਪਾਰੀ, ਧਾਰਮਿਕ ਆਗੂ, ਸੰਪਾਦਕ, ਖਿਡਾਰੀ ਅਤੇ ਮਨੋਰੰਜਨ ਕਰਨ ਵਾਲ਼ੇ ਕਲਾਕਾਰ ਜਿਵੇਂ ਫਿਲਮੀ ਕਲਾਕਾਰ ਆਦਿ ਸ਼ਾਮਿਲ ਹੁੰਦੇ ਹਨ।

## ਸਮਾਜੀਕਰਨ ਦੀਆਂ ਸੰਸਥਾਵਾਂ

ਸਮਾਜੀਕਰਨ ਦੀਆਂ ਸੰਸਥਾਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।
ਗ਼ੈਰ-ਰਸਮੀ ਜਾਂ (ਸਮਾਜਿਕ ਸਮੂਹ) ਸੰਸਥਾ ਅਤੇ ਰਸਮੀ ਜਾਂ (ਸੰਸਥਾਗਤ ਸੰਸਥਾਵਾਂ)



Downloaded from https:// www.studiestoday.com

Downloaded from https:// www.studiestoday.com




## ਗ਼ੈਰ-ਰਸਮੀ ਸੰਸਥਾਵਾਂ/ ਏਜੰਸੀਆਂ

ਇਸਦੇ ਅੰਤਰਗਤ ਵਿਅਕਤੀ ਅਤੇ ਸਮਾਜਿਕ ਸੰਸਥਾਵਾਂ ਆਉਂਦੀਆਂ ਹਨ, ਜੋ ਵਿਅਕਤੀ ਦਾ ਗ਼ੈਰ-ਰਸਮੀ ਤੌਰ 'ਤੇ ਸਮਾਜੀਕਰਨ ਕਰਦੀਆਂ ਹਨ, ਜਿਵੇਂ ਪਰਿਵਾਰ, ਸਹਿਯੋਗੀ ਸਮੂਹ, ਗੁਆਂਢ ਅਤੇ ਧਰਮ।

## ਪਰਿਵਾਰ

ਪਰਿਵਾਰ ਸਮਾਜੀਕਰਨ ਦੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਇਕਾਈ ਹੈ, ਇਸਦੇ ਬਾਅਦ ਦੋਸਤ, ਸਮੂਹ ਅਤੇ ਗੁਆਂਢ ਹੁੰਦੇ ਹਨ। ਪਰਿਵਾਰ ਸਮਾਜ ਦੀ ਇਕ ਛੋਟੀ ਇਕਾਈ ਹੁੰਦੀ ਹੈ ਅਤੇ ਇਸਦੇ ਸਾਰੇ ਰੂਪਾਂ ਨੂੰ ਪ੍ਰਗਟਾਉਂਦੀ ਹੈ। ਸਮਾਜ ਵਿੱਚ ਪਰਿਵਾਰ ਅਨੇਕਾਂ ਕੰਮਾਂ ਨੂੰ ਨਿਭਾਉਂਦਾ ਹੈ। ਬੱਚੇ ਦੀਆਂ ਅਨੇਕ ਜ਼ਰੂਰਤਾਂ, ਉਦਾਹਰਨ ਦੇ ਲਈ ਮਨੋਵਿਗਿਆਨਿਕ, ਮਨੋਰੰਜਕ, ਬਚਾਅ, ਸਿੱਖਿਅਕ ਅਤੇ ਆਰਥਿਕ ਪਰਿਵਾਰ ਦੁਆਰਾ ਹੀ ਪੂਰੀਆਂ ਹੁੰਦੀਆਂ ਹਨ। ਕੁਝ ਲੋਕ ਇਕਹਿਰੇ ਪਰਿਵਾਰ ਵਿੱਚ ਰਹਿੰਦੇ ਹਨ, ਜਦੋਂ ਕਿ ਕਈ ਲੋਕ ਸਾਂਝੇ ਪਰਿਵਾਰ ਵਿੱਚ ਰਹਿੰਦੇ ਹਨ। ਸੰਯੁਕਤ ਪਰਿਵਾਰ ਵਿੱਚ ਦਾਦਾ-ਦਾਦੀ/ਨਾਨਾ-ਨਾਨੀ ਸਮਾਜੀਕਰਨ ਦੇ ਮੁੱਖ ਸਰੋਤ ਹੁੰਦੇ ਹਨ, ਜਦੋਂ ਕਿ ਇਕਹਿਰੇ ਪਰਿਵਾਰ ਵਿਚ ਇਹ ਭੂਮਿਕਾ ਮਾਤਾ-ਪਿਤਾ ਦੁਆਰਾ ਨਿਭਾਈ ਜਾਂਦੀ ਹੈ। ਸਾਰੇ ਪ੍ਰਕਾਰ ਦੇ ਪਰਿਵਾਰਾਂ ਵਿਚ ਮਾਂ ਵਲੋਂ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾਂਦੀ ਹੈ। ਸੀ.ਐੱਚ.ਕੂਲੇ ਦੇ ਅਨੁਸਾਰ, ਪਰਿਵਾਰ ਦੇ ਅੰਤਰਗਤ ਸਮਾਜ ਦੇ ਸਾਰੇ ਮਾਪਦੰਡ, ਕਦਰਾਂ-ਕੀਮਤਾਂ, ਵਿਵਹਾਰਿਕ ਸਰੂਪ, ਪ੍ਰਸਥਿਤੀ ਅਤੇ ਭੂਮਿਕਾ ਆਉਂਦੇ ਹਨ, ਵਿਅਕਤੀ ਨੂੰ ਸਮਾਜ ਦਾ ਮਹੱਤਵਪੂਰਨ ਭਾਗ ਬਣਾਉਣ ਵਿਚ ਪਰਿਵਾਰ ਦੀ ਭੂਮਿਕਾ ਮਹੱਤਵਪੂਰਨ ਹੈ। ਬੱਚਾ ਪਰਿਵਾਰ ਵਿਚ ਮੈਂਬਰਾਂ ਦੀਆਂ ਭੂਮਿਕਾਵਾਂ ਦਾ ਨਿਰੀਖਣ ਕਰਦਾ ਹੈ ਜਿਵੇਂ ਮਾਤਾ, ਪਿਤਾ, ਭੈਣ, ਭਰਾ, ਪਤੀ, ਪਤਨੀ ਆਦਿ। ਪਰਿਵਾਰ ਦੇ ਸਾਰੇ ਮੈਂਬਰ ਅਪਣੀਆਂ-ਆਪਣੀਆਂ ਪ੍ਰਸਥਿਤੀਆਂ ਦੇ ਅਨੁਸਾਰ ਭੂਮਿਕਾ ਨਿਭਾਉਂਦੇ ਹਨ। ਬੱਚਾ ਇਨ੍ਹਾਂ



Downloaded from https:// www.studiestoday.com

Downloaded from https:// www.studiestoday.com

ਪ੍ਰਸਥਿਤੀਆਂ ਅਤੇ ਭੂਮਿਕਾਵਾਂ ਦੇ ਅਨੁਸਾਰ ਆਪਣੇ-ਆਪ ਨੂੰ ਪਹਿਚਾਣਦਾ ਹੈ। ਸਮੇਂ ਦੇ ਨਾਲ਼ ਬੱਚਾ ਪਰਿਵਾਰ ਵਿਚੋਂ ਬਾਹਰ ਨਿਕਲ ਕੇ ਸਮਾਜਿਕ ਕਿਰਿਆਵਾਂ ਵਿਚ ਹਿੱਸਾ ਲੈਂਦਾ ਹੈ। ਉਹ ਪਰਿਵਾਰ ਵਿੱਚ ਕਾਫ਼ੀ ਸਮਾਜਿਕ ਵਿਵਹਾਰਾਂ ਨੂੰ ਸਿੱਖਦਾ ਹੈ। ਪਰਿਵਾਰ ਵਿੱਚ ਬੱਚਾ ਆਪਣੇ ਸੱਭਿਆਚਾਰ ਦੇ ਗਿਆਨ, ਵਿਸ਼ਵਾਸ, ਮਨੋਭਾਵ, ਭਾਵੁਕਤਾ ਨੂੰ ਅਪਣਾਉਂਦਾ ਅਤੇ ਸਿੱਖਦਾ ਹੈ।


ਵਿਆਹ ਵਿੱਚ ਸ਼ਾਮਿਲ ਪਰਿਵਾਰ


ਮੰਦਿਰ ਵਿੱਚ ਪੂਜਾ ਕਰਦਾ ਹੋਇਆ ਪਰਿਵਾਰ

**ਗਤੀਵਿਧੀ- 6.2**

1. ਹਰ ਪਰਿਵਾਰ ਇਕ ਖਾਸ ਤਰ੍ਹਾਂ ਦੇ ਪਰਿਮਾਪ ਅਪਣਾਉਂਦਾ ਹੈ ਜੋ ਕਿ ਮਨੁੱਖ ਦੇ ਵਿਵਹਾਰ ਨੂੰ ਨਿਯਮਤ ਕਰਦੇ ਹਨ। ਤੁਹਾਡੇ ਪਰਿਵਾਰ ਦੇ ਪਰਿਮਾਪ ਦੱਸੋ ਜਿਹੜੇ ਦੂਸਰੇ ਪਰਿਵਾਰਾਂ ਵਿਚ ਨਾ ਹੋਣ।
2. ਤੁਸੀਂ ਕਿਵੇਂ ਸੋਚਦੇ ਹੋ ਕਿ ਪਰਿਵਾਰ ਦੇ ਵੱਡੇ-ਵੱਡੇਰੇ (ਦਾਦਾ-ਦਾਦੀ ਆਦਿ) ਬੱਚਿਆਂ ਦੇ ਸਮਾਜੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### ਸਾਥੀ ਸਮੂਹ ਅਤੇ ਗੁਆਂਢ

ਸਾਥੀ ਸਮੂਹ ਅਕਸਰ ਹਮ-ਉਮਰ, ਸਮਾਨ ਪਿਛੋਕੜ, ਹਿੱਤਾਂ ਅਤੇ ਸਮਾਜਿਕ ਸਤਰ ਵਾਲ਼ੇ ਸਮੂਹ ਹਨ ਜਿਨ੍ਹਾਂ ਨਾਲ਼ ਵਿਅਕਤੀ ਜੁੜਿਆ ਹੁੰਦਾ ਹੈ ਅਤੇ ਉਸ ਦੇ ਵਿਸ਼ਵਾਸਾਂ ਤੇ ਵਿਵਹਾਰ ਉੱਤੇ ਸਮੂਹ ਦਾ ਪ੍ਰਭਾਵ ਹੁੰਦਾ ਹੈ ਕਿਉਂਕਿ ਬੱਚੇ ਬਹੁਤਾ ਸਮਾਂ ਆਪਣੇ ਸਾਥੀਆਂ ਵਿੱਚ ਗੁਜਾਰਦੇ ਹਨ। ਇਹ ਸਾਥੀ ਸਮੂਹ ਬੱਚਿਆਂ ਦੇ ਗ਼ੈਰ-ਰਸਮੀ ਸਮਾਜੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਬੱਚੇ ਸਾਥੀ ਸਮੂਹਾਂ ਵਿੱਚ ਆਪਣੇ ਵੱਡੇਰਿਆਂ ਦੇ ਪਰਤੱਖ ਨਿਰੀਖ਼ਣ ਤੋਂ ਦੂਰ ਰਹਿੰਦੇ ਹਨ ਅਤੇ ਉਹਨਾਂ ਦਾ ਮਾਹੌਲ ਲੋਕਤੰਤਰਿਕ ਹੁੰਦਾ ਹੈ। ਸਾਥੀ ਸਮੂਹ ਵਿੱਚ ਬੱਚੇ ਆਪਣੇ-ਆਪ ਸੰਬੰਧ ਬਣਾਉਣਾ ਸਿੱਖਦੇ ਹਨ। ਇਸ ਸਮੂਹ ਦੇ ਮੈਂਬਰ ਰਹਿਣ-ਸਹਿਣ, ਫੈਸ਼ਨ ਦੇ ਤਰੀਕੇਆਂ ਅਤੇ ਗੁੱਪਤ ਕਲਪਨਾਵਾਂ ਨੂੰ ਆਪਸ ਵਿੱਚ ਸਾਂਝਾ ਕਰਦੇ ਹਨ ਜਿਨ੍ਹਾਂ ਨੂੰ ਉਹ ਪਰਿਵਾਰ ਵਿੱਚ ਸਾਂਝਾ ਨਹੀਂ ਕਰ ਸਕਦੇ।





Downloaded from https:// www.studiestoday.com

Downloaded from https:// www.studiestoday.com

ਸਾਥੀ ਸਮੂਹ ਵਿੱਚ ਬੱਚਾ ਵਿਭਿੰਨ ਪ੍ਰਕਾਰ ਦੀਆਂ ਅੰਤਰ ਕਿਰਿਆਵਾਂ ਖੋਜਦਾ ਹੈ ਜਿਸ ਦੇ ਅਧਾਰ ਤੇ ਵਿਵਹਾਰ ਦੇ ਨਿਯਮਾਂ ਦਾ ਨਿਰੀਖਣ ਜਾਂ ਪ੍ਰੀਖਣ ਕੀਤਾ ਜਾ ਸਕੇ। ਇਸ ਵਿਚ ਬੱਚੇ ਵੱਡਿਆਂ ਦੀ ਭੂਮਿਕਾ ਨੂੰ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ। ਉਦਾਹਰਨ ਲਈ, ਬੱਚੇ ਅਲੱਗ-ਅਲੱਗ ਭੂਮਿਕਾਵਾਂ ਨਿਭਾਉਂਦੇ ਹਨ, ਜਿਵੇਂ ਕਿ ਲੜਕੇ ਪਿਤਾ ਦੀ ਅਤੇ ਲੜਕੀਆਂ ਮਾਤਾ ਦੀ। ਇਹ ਇਕ ਤਰ੍ਹਾਂ ਦਾ ਸੰਭਾਵੀ ਸਮਾਜੀਕਰਨ ਹੈ। ਇਸ ਢੰਗ ਨਾਲ਼ ਉਹ ਆਪਣੇ ਆਪ ਨੂੰ ਭਵਿੱਖ ਲਈ ਤਿਆਰ ਕਰਦੇ ਹਨ। ਸਾਥੀ ਸਮੂਹ ਦਾ ਪ੍ਰਭਾਵ ਉਮਰ ਨਾਲ਼ ਵੱਧਦਾ ਹੈ ਅਤੇ ਕਿਸ਼ੋਰ ਅਵਸਥਾ ਦੀ ਸਿਖਰ ਤੇ ਪਹੁੰਚਦਾ ਹੈ।



ਚਿਕਿਤਸਾ/ਮੈਡਿਕਲ ਸਟਾਫ਼ ਦੀ ਵਰਦੀ ਵਿੱਚ ਬੱਚੇ



ਘਰ-ਘਰ ਖੇਲਦੇ ਬੱਚੇ

**ਗਤੀਵਿਧੀ 6.3**

ਸਾਥੀ ਸਮੂਹ ਬਾਲਗ ਅਵਸਥਾ ਵਿਚ ਸਭ ਤੋਂ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਕੀ ਤੁਸੀਂ ਕੁਝ ਸਕਾਰਾਤਮਕ ਅਤੇ ਨਾਕਾਰਾਤਮਕ ਪ੍ਰਭਾਵ ਦੱਸ ਸਕਦੇ ਹੋ, ਸੂਚੀ ਬਣਾਓ।

ਕੀ ਤੁਹਾਨੂੰ ਲੱਗਦਾ ਹੈ ਕਿ ਹੇਠ ਲਿਖੀਆਂ ਚੀਜ਼ਾਂ ਦੀ ਹੋਂਦ ਜਾਂ ਅਣਹੋਂਦ ਤੁਹਾਡੀ ਜ਼ਿੰਦਗੀ ਤੇ ਕੀ ਪ੍ਰਭਾਵ ਪਾਵੇਗੀ

- ਟੀ.ਵੀ. ਸੈੱਟ/ਮਿਊਜ਼ਿਕ ਸਿਸਟਮ
- ਆਪਣਾ ਕਮਰਾ
- ਮੋਬਾਇਲ ਫ਼ੋਨ-ਕੰਪਿਊਟਰ

ਗੁਆਂਢ ਇਕ ਬਹੁਤ ਮਹੱਤਵਪੂਰਨ ਏਜੰਸੀ ਹੈ, ਜਿਹੜੀ ਕਿ ਸਮਾਜੀਕਰਨ ਵਿਚ ਸਹਾਈ ਹੁੰਦੀ ਹੈ। ਗੁਆਂਢ ਵਿਚ ਇਕੋ ਸਾਰ ਦੇ ਬੱਚਿਆਂ ਵਿਚਕਾਰ ਦੋਸਤੀ ਹੁੰਦੀ ਹੈ ਜਦੋਂ ਉਹ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਹੌਲ਼ੀ-ਹੌਲ਼ੀ ਦੋਸਤ ਬਣ ਜਾਂਦੇ ਹਨ। ਉਹ ਗੁਆਂਢੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਮਾਪੇ ਵੀ, ਦੋਸਤਾਂ ਦੇ ਮਾਪਿਆਂ ਦੀ ਤਰ੍ਹਾਂ ਵਿਵਹਾਰ ਕਰਨ। ਗੁਆਂਢ ਵਿਚ ਰਹਿ ਕੇ ਬੱਚਾ ਆਪਣੇ ਗੁਆਂਢ ਦੇ ਵਿਵਹਾਰ ਨੂੰ ਦੇਖਦਾ ਹੈ ਅਤੇ ਉਸ ਦੇ ਅਨੁਕੂਲ ਬਨਣ ਦੀ ਕੋਸ਼ਿਸ਼ ਕਰਦਾ ਹੈ। ਉਥੋਂ ਹੀ ਉਹ ਕਈ ਤਰ੍ਹਾਂ ਦੀਆਂ



Downloaded from https:// www.studiestoday.com

Downloaded from https:// www.studiestoday.com

ਸੱਭਿਆਚਾਰਕ ਕਿਰਿਆਵਾਂ ਜਿਵੇਂ, ਸੰਗੀਤ, ਨਾਟਕ, ਗਾਣਾ ਗਾਉਣਾ, ਸਕਿੱਟ, ਖਾਣ-ਪੀਣ ਦੀਆਂ ਆਦਤਾਂ ਆਦਿ ਸਿੱਖਦਾ ਹੈ। ਇਸਦੇ ਨਾਲ਼ ਹੀ ਉਹ ਵਿਭਿੰਨਤਾ ਵਾਲ਼ੇ ਦੇਸ ਭਾਰਤ ਵਿੱਚ ਵਿਭਿੰਨ ਤਰ੍ਹਾਂ ਦੇ ਤਿਉਹਾਰਾਂ ਤੋਂ ਵੀ ਜਾਣੂ ਹੁੰਦਾ ਹੈ ਜਿਵੇਂ ਕਿ ਹੋਲ਼ੀ, ਦੀਵਾਲ਼ੀ, ਈਦ, ਕ੍ਰਿਸਮਿਸ, ਗੁਰਪੂਰਬ ਆਦਿ। ਇਸ ਤਰ੍ਹਾਂ ਦੀਆਂ ਅੰਤਰ-ਕਿਰਿਆਵਾਂ ਨਾਲ਼ ਬੱਚਾ ਦੂਜਿਆਂ ਦੇ ਸੱਭਿਆਚਾਰ ਅਤੇ ਧਰਮ ਦਾ ਸਤਿਕਾਰ ਕਰਨਾ ਸਿੱਖਦਾ ਹੈ ਅਤੇ ਉਸਦੇ ਗਿਆਨ ਵਿਚ ਵੀ ਵਾਧਾ ਹੁੰਦਾ ਹੈ।

### ਧਰਮ

ਹੁਣ ਲੋਕਾਂ ਦੇ ਜੀਵਨ ਵਿੱਚ ਧਰਮ ਦਾ ਓਨਾ ਪ੍ਰਭਾਵ ਨਹੀਂ ਹੈ, ਜਿਨ੍ਹਾਂ ਕੁਝ ਪੀੜ੍ਹੀਆਂ ਪਹਿਲਾਂ ਸੀ, ਪਰ ਇਸਦੇ ਬਾਵਜੂਦ ਧਰਮ ਸਾਡੀ ਜ਼ਿੰਦਗੀ, ਕਦਰਾਂ-ਕੀਮਤਾਂ, ਵਿਸ਼ਵਾਸ ਨੂੰ ਅੱਜ ਵੀ ਪ੍ਰਭਾਵਿਤ ਕਰਦਾ ਹੈ। ਭਾਰਤ ਵਰਗੇ ਦੇਸ਼ ਵਿਚ ਧਰਮ ਸਾਡੇ ਜੀਵਨ ਦੇ ਹਰ ਇਕ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਇਸ ਨੂੰ ਸਮਾਜੀਕਰਨ ਦਾ ਇੱਕ ਸ਼ਕਤੀਸ਼ਾਲੀ ਸਾਧਨ ਮੰਨਿਆ ਜਾਂਦਾ ਹੈ।

ਕਈ ਤਰ੍ਹਾਂ ਦੇ ਵਿਵਹਾਰ, ਕਰਮਕਾਂਡ, ਕਦਰਾਂ ਕੀਮਤਾਂ-ਪਰਿਮਾਪ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਪ੍ਰਵਾਹਿੱਤ ਹਨ। ਧਾਰਮਿਕ ਤਿਉਹਾਰ ਆਮ ਤੌਰ 'ਤੇ ਇਕੱਠੇ ਮਨਾਏ ਜਾਂਦੇ ਹਨ, ਜਿਸ ਨਾਲ਼ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਬਹੁਤ ਮਦਦ ਮਿਲ਼ਦੀ ਹੈ। ਧਰਮ ਤੋਂ ਬੱਚੇ ਨੂੰ ਇਹ ਪਤਾ ਚੱਲਦਾ ਹੈ ਕਿ ਰੱਬ ਜਿਹੜੀ ਕਿ ਅਪਾਰ ਸ਼ਕਤੀ ਹੈ, ਉਹ ਕਿਸ ਤਰ੍ਹਾਂ ਸਾਡੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਸਾਡੀ ਰੱਖਿਆ ਕਰਦੀ ਹੈ। ਜਿਹੜੇ ਮਾਤਾ-ਪਿਤਾ ਧਾਰਮਿਕ ਹੁੰਦੇ ਹਨ, ਉਨ੍ਹਾਂ ਦੇ ਬੱਚੇ ਵੀ ਧਾਰਮਿਕ ਹੋ ਸਕਦੇ ਹਨ।



**ਗਤੀਵਿਧੀ-6.4**

- ਤੁਸੀਂ ਕਿਸ ਤਰ੍ਹਾਂ ਆਪਣੇ ਸਕੂਲ ਵਿੱਚ ਸਮਾਜਿਕ ਅਤੇ ਧਾਰਮਿਕ ਤਿਉਹਾਰ ਮਨਾਉਂਦੇ ਹੋ। ਉਦਾਹਰਨ ਦਿਓ ਜਿਵੇਂ ਆਜ਼ਾਦੀ ਦਿਵਸ, ਗੁਰਪੂਰਬ ਆਦਿ।
- ਆਪਣੇ ਸਕੂਲ ਦੇ ਕੈਲੰਡਰ ਦੀਆਂ ਮੁੱਖ ਗਤੀਵਿਧੀਆਂ ਦੀ ਸੂਚੀ ਤਿਆਰ ਕਰੋ।

### ਰਸਮੀ ਸੰਸਥਾਵਾਂ

ਇਹ ਸਮਾਜੀਕਰਨ ਦੀ ਪ੍ਰਕਿਰਿਆ ਦਾ ਮੁੱਖ ਅੰਗ ਹਨ ਕਿਉਂਕਿ ਇਹ ਰਸਮੀ ਤੌਰ 'ਤੇ ਸਮਾਜੀਕਰਨ ਕਰਦੇ ਹਨ। ਸਕੂਲ, ਕਾਨੂੰਨ ਅਤੇ ਰਾਜਨੀਤਿਕ ਵਿਵਸਥਾ ਇਸਦੇ ਮੁੱਖ ਅੰਗ ਹਨ।



Downloaded from https:// www.studiestoday.com

Downloaded from https:// www.studiestoday.com

## ਸਕੂਲ

ਸਕੂਲ ਸਮਾਜੀਕਰਨ ਦੀ ਪ੍ਰਕਿਰਿਆ ਦੀ ਰਸਮੀ ਅਤੇ ਮਹੱਤਵਪੂਰਨ ਏਜੰਸੀ ਹੈ। ਸਕੂਲ ਵਿੱਚ ਬੱਚੇ ਜਦੋਂ ਆਪਣੇ ਸਾਥੀਆਂ ਨਾਲ਼ ਅੰਤਰ -ਕਿਰਿਆ ਕਰਦੇ ਹਨ ਅਤੇ ਆਪਣੇ ਅਧਿਆਪਕਾਂ ਦੇ ਸੰਪਰਕ ਵਿੱਚ ਆਉਂਦੇ ਹਨ ਉਸ ਸਮੇਂ ਉਹਨਾਂ ਦਾ ਸਮਾਜੀਕਰਨ ਹੁੰਦਾ ਹੈ। ਇਹ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਸਹਾਈ ਹੁੰਦੇ ਹਨ, ਸਕੂਲ ਤੋਂ ਬੱਚਾ, ਕਿਤਾਬਾਂ, ਰਸਾਲਿਆਂ ਤੋਂ ਰਸਮੀ ਸ਼ਿਸਟਾਚਾਰ ਸਿੱਖਦਾ ਹੈ। ਇੱਥੇ ਬੱਚਿਆਂ ਦੇ ਜਮਾਤੀ ਦੋਸਤ, ਮਨੋਰੰਜਨ ਦੇ ਸਾਧਨ, ਖੇਡਾਂ ਅਤੇ ਕਿਤਾਬਾਂ ਬਹੁਤ ਮਹੱਤਵ ਰੱਖਦੀਆਂ ਹਨ। ਰਸਮੀ ਵਿਵਸਥਾ ਦੇ ਨਾਲ਼ ਹੀ ਉਹ ਗ਼ੈਰ-ਰਸਮੀ ਪਾਠਕ੍ਰਮ ਨੂੰ ਵੀ ਸਿੱਖਦੇ ਹਨ। ਸਕੂਲ ਵਿੱਚ ਹੀ ਬੱਚਾ ਪਹਿਲੀ ਵਾਰ ਆਪਣੇ ਕੰਮ ਨੂੰ ਤਰਤੀਬਵਾਰ ਕਰਨਾ ਸਿੱਖਦਾ ਹੈ ਤੇ ਆਪਣੇ ਰੋਜ਼ਮਰਾ ਦੇ ਜੀਵਨ ਨੂੰ ਅਨੁਸ਼ਾਸ਼ਨ ਪੂਰਨ ਬਣਾਉਂਦਾ ਹੈ। ਇਥੋਂ ਹੀ ਉਹ ਕਈ ਤਰ੍ਹਾਂ ਦਾ ਨਵਾਂ ਗਿਆਨ ਅਤੇ ਕਾਰਜ ਕੁਸ਼ਲਤਾਵਾਂ ਨੂੰ ਸਿੱਖਦਾ ਹੈ, ਜੋ ਉਸ ਨੂੰ ਭਵਿੱਖ ਵਿੱਚ ਕੰਮ ਆਉਂਦੀਆਂ ਹਨ।




ਸਕੂਲ ਦੀ ਇਮਾਰਤ



ਸਕੂਲ ਵਿੱਚ ਇਨਾਮ ਵੰਡ ਸਮਾਰੋਹ

ਸਕੂਲ ਵਿੱਚ ਵਿਭਿੰਨ ਕਿਰਿਆਵਾਂ ਰਾਹੀਂ ਬੱਚਿਆਂ ਵਿੱਚ ਦੇਸ਼ਭਗਤੀ, ਲੋਕਤੰਤਰ, ਨਿਆਂ, ਇਮਾਨਦਾਰੀ ਅਤੇ ਮੁਕਾਬਲੇ ਵਰਗੀਆਂ ਭਾਵਨਾਂ ਜਾਗ੍ਰਿਤ ਹੁੰਦੀਆਂ ਹਨ। ਬੱਚਿਆਂ ਵਿੱਚ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨਿਤਿਕ ਪੱਖ ਉਭਾਰਨ ਲਈ ਉਪਰਾਲੇ ਕੀਤੇ ਜਾਂਦੇ ਹਨ। ਜਿਵੇਂ ਕਿ ਸਮੇਂ-ਸਮੇਂ ਸਿਰ ਸਕੂਲ ਕਈ ਤਰ੍ਹਾਂ ਦੀਆਂ ਸੱਭਿਆਚਾਰਕ ਗਤੀਵਿਧੀਆਂ- ਜਿਵੇਂ ਵਿਵਾਦ, ਲੇਖ ਲਿਖਣਾ, ਨਾਚ ਮੁਕਾਬਲੇ ਆਦਿ ਕਰਾਉਂਦੇ ਰਹਿੰਦੇ ਹਨ, ਜਿਸ ਨਾਲ਼ ਬੱਚਿਆਂ ਦੇ ਸਮਾਜੀਕਰਨ ਵਿੱਚ ਮਦਦ ਮਿਲਦੀ ਹੈ। ਰਾਜਨੀਤਕ ਸਮਾਜੀਕਰਨ ਵੀ ਰਸਮੀ ਸਿੱਖਿਆ ਦੀ ਦੇਣ ਹੈ। ਬਣਾਉਟੀ ਸੰਸਦ ਦੀਆਂ ਪ੍ਰਕਿਰਿਆਵਾਂ ਰਾਹੀਂ ਵਿਦਿਆਰਥੀ ਰਾਜਨੀਤਿਕ ਵਿਵਸਥਾ ਦਾ ਗਿਆਨ ਪ੍ਰਾਪਤ ਕਰਦੇ ਹਨ।

## ਕਾਨੂੰਨ ਅਤੇ ਕਾਨੂੰਨੀ ਵਿਵਸਥਾ

ਕਾਨੂੰਨ ਸਮਾਜੀਕਰਨ ਦੀ ਰਸਮੀ ਸੰਸਥਾ ਹੈ, ਜੋ ਕਿ ਬੱਚਿਆਂ ਨੂੰ ਨਿਯਮਾਂ, ਪੁਰਸਕਾਰ ਅਤੇ ਸਜ਼ਾ ਤੋਂ ਜਾਣੂ ਕਰਾਉਂਦੀ ਹੈ। ਕਾਨੂੰਨ ਇੱਕ ਤਰ੍ਹਾਂ ਦੀ ਵਿਵਸਥਾ ਹੈ, ਜੋ ਸਮਾਜਿਕ ਨਿਯੰਤਰਨ ਨੂੰ ਸਮਝਣ, ਪੜ੍ਹਨ ਵਿੱਚ ਸਹਾਈ ਹੁੰਦੀ ਹੈ। ਹਰ ਦੇਸ਼ ਦੇ ਆਪਣੇ ਹੀ ਨਿਯਮ-ਵਿਨਿਯਮ ਹੁੰਦੇ ਹਨ, ਜੋ ਕਿ ਦੂਸਰੇ



Downloaded from https:// www.studiestoday.com

Downloaded from https:// www.studiestoday.com

ਦੇਸ਼ ਤੋਂ ਭਿੰਨ ਹੁੰਦੇ ਹਨ ਜਿਵੇਂ ਕਿ ਭਾਰਤੀ ਕਾਨੂੰਨ, ਅਮਰੀਕੀ ਕਾਨੂੰਨ ਤੋਂ ਭਿੰਨ ਹੈ। ਕਾਨੂੰਨ ਨੂੰ ਰਾਜ ਦੀ ਸੱਤਾ ਚਲਾਉਂਦੀ ਹੈ। ਕਾਨੂੰਨ ਨੂੰ ਪੜ੍ਹਾਉਣ ਦੀ ਪ੍ਰਕਿਰਿਆ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਮਾਤਾ ਪਿਤਾ ਕਾਨੂੰਨੀ ਵਿਵਸਥਾ ਨੂੰ ਮੰਨਦੇ ਹਨ ਅਤੇ ਇਜ਼ੱਤ ਦਿੰਦੇ ਹਨ, ਜਿਵੇਂ ਕਿ ਅਦਾਲਤਾਂ ਥਾਣੇ ਆਦਿ, ਉਦੋਂ ਬੱਚਾ ਵੀ ਆਪਣੇ-ਆਪ ਇਸ ਨੂੰ ਸਮਝਣ ਲੱਗ ਜਾਂਦਾ ਹੈ।


ਅਦਾਲਤ


ਮਹਿਲਾ ਪੁਲਿਸ ਅਧਿਕਾਰੀ

## ਰਾਜਨੀਤਿਕ ਵਿਵਸਥਾ

ਰਾਜਨੀਤਿਕ ਵਿਵਸਥਾ ਦੀ ਪੜ੍ਹਾਈ ਦੁਆਰਾ ਬੱਚਾ ਆਪਣੇ ਸਮਾਜ ਵਿੱਚ ਰਹਿੰਦੇ ਲੋਕਾਂ ਦੇ ਰੁਤਬੇ ਨੂੰ ਸਮਝਦਾ ਹੈ। ਅਸੀਂ ਉਨ੍ਹਾਂ ਪ੍ਰਵਾਨਿਤ ਨਿਯਮਤ ਵਿਵਹਾਰਾਂ ਤੋਂ ਜਾਣੂ ਹੁੰਦੇ ਹਾਂ, ਜਿਹੜੇ ਕਿਸੇ ਵੀ ਰਾਜਨੀਤਿਕ ਵਿਵਸਥਾ ਨੂੰ ਠੀਕ ਢੰਗ ਨਾਲ਼ ਚਲਾਉਣ ਲਈ ਜ਼ਰੂਰੀ ਹਨ। ਰਾਜਨੀਤਕ ਵਿਸ਼ਵਾਸ ਬਚਪਨ ਵਿੱਚ ਬਣ ਜਾਂਦੇ ਹਨ, ਉਹ ਵਿਅਕਤੀ ਦੀ ਵਿਚਾਰਧਾਰਾ ਨੂੰ ਵਿਕਸਿਤ ਕਰਦੇ ਹਨ। ਰਾਜਨੀਤਿਕ ਸਮੂਹ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹ ਉੱਚ ਪੱਧਰੀ ਆਗੂਆਂ ਦੇ ਚੰਗੇ ਅਤੇ ਸਕਾਰਾਤਮਕ ਵਿਚਾਰਾਂ ਨੂੰ ਆਪਣਾਉਂਦੇ ਹਨ।


ਰਾਜਨੀਤਿਕ ਵਿਵਸਥਾ


ਭਾਰਤ ਵਿੱਚ ਮਤਦਾਨ

## ਜੰਨਸੰਪਰਕ ਸਾਧਨ

ਜਨਸੰਪਰਕ ਸਾਧਨ ਸਮਾਜੀਕਰਨ ਦੀ ਇਕ ਹੋਰ ਮਹੱਤਵਪੂਰਨ ਸੰਸਥਾ ਹੈ। ਸੂਚਨਾ ਜੰਨਸੰਪਰਕ ਸਾਧਨਾਂ ਜਿਵੇਂ ਟੀ.ਵੀ., ਅਖ਼ਬਾਰ, ਰੇਡੀਓ, ਇੰਟਰਨੈੱਟ ਰਾਹੀਂ ਵਧੇਰੇ ਲੋਕਾਂ ਤੱਕ ਪਹੁੰਚਦੀ ਹੈ। ਆਮ ਤੌਰ 'ਤੇ ਆਮ ਬੱਚੇ ਬਹੁਤ ਸਮਾਂ ਇਨ੍ਹਾਂ ਜੰਨਸੰਪਰਕ ਸਾਧਨਾਂ 'ਤੇ ਬਿਤਾਉਂਦੇ ਹਨ ਕਿਉਂਕਿ ਇਕ ਸਾਧਾਰਨ ਬੱਚਾ



Downloaded from https:// www.studiestoday.com

Downloaded from https:// www.studiestoday.com

ਆਪਣਾ ਰੋਜ਼ ਦਾ ਬਹੁਤਾ ਸਮਾਂ ਜਨਸੰਪਰਕ ਦੇ ਵੱਖ-ਵੱਖ ਸਾਧਨਾ ਨਾਲ਼ ਬਿਤਾਉਂਦਾ ਹੈ। ਇਹ ਉਸਦੇ ਸਮਾਜਿਕ ਮਾਪਦੰਡਾਂ, ਵਿਸ਼ਵਾਸਾਂ ਅਤੇ ਵਿਵਹਾਰਾਂ ਨੂੰ ਵਿਸ਼ਾਲ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਵਿਅਕਤੀ ਜਨਸੰਪਰਕ ਸਾਧਨਾ ਰਾਹੀਂ ਭੌਤਿਕ ਸੱਭਿਆਚਾਰ ਦੀਆਂ ਵਸਤੂਆਂ ਨਵੀਆਂ ਤਕਨੀਕਾਂ ਅਤੇ ਆਵਾਜਾਈ ਦੇ ਸਾਧਨਾਂ ਦੇ ਬਾਰੇ ਸਿੱਖਦਾ ਹੈ ਇਸ ਦੇ ਨਾਲ਼ ਹੀ ਉਹ ਅਭੌਤਿਕ ਸੱਭਿਆਚਾਰ- ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਪਰਿਮਾਪਾਂ ਬਾਰੇ ਸਿੱਖਦਾ ਹੈ। ਟੀ.ਵੀ. ਪ੍ਰੋਗਰਾਮ, ਫਿਲਮਾਂ, ਹਰਮਨ ਪਿਆਰਾ ਸੰਗੀਤ, ਮੈਗਜ਼ੀਨ, ਵੈਬਸਾਈਟ ਅਤੇ ਹੋਰ ਜਨਸੰਚਾਰ ਸਾਧਨਾ ਨੇ ਸਾਡੇ ਰਾਜਨੀਤਿਕ ਨਜ਼ਰੀਏ, ਇਸਤਰੀਆਂ ਦੇ ਪ੍ਰਤੀ ਸਾਡੇ ਨਜ਼ਰੀਏ, ਵਿਕਲਾਂਗ, ਰੰਗ ਅਤੇ ਨਸਲ ਆਦਿ ਪੱਖਾਂ ਸੰਬੰਧੀ ਵਿਸ਼ਵਾਸ ਅਤੇ ਪ੍ਰਥਾਵਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਬੱਚਿਆਂ ਵਿੱਚ ਨਸਲੀ, ਹਿੰਸਕ ਅਤੇ ਲਿੰਗਕ ਸੱਭਿਆਚਾਰ ਦੇ ਉਭਾਰ ਲਈ ਜਨਸੰਪਰਕ ਸਾਧਨਾ ਦੀ ਆਲੋਚਨਾ ਕੀਤੀ ਜਾਂਦੀ ਹੈ।



ਪਿੰਡ ਵਿੱਚ ਲੋਕ ਕੰਪਿਊਟਰ ਦਾ ਪ੍ਰਯੋਗ ਕਰਦੇ ਹੋਏ



ਟੀ. ਵੀ. ਦੇਖਦਾ ਹੋਇਆ ਪਰਿਵਾਰ



ਜੀਵਨ ਚੱਕਰ

## ਸਿੱਟਾ

ਇਹ ਪਾਠ ਸਮਾਜੀਕਰਨ ਦੁਆਰਾ ਗਿਆਨ ਨੂੰ ਸਿੱਖਣ ਦੀ ਪ੍ਰਕਿਰਿਆ ਬਾਰੇ ਗਿਆਨ ਕਰਾਉਂਦਾ ਹੈ। ਬੱਚਾ ਜਨਮ ਦੇ ਸਮੇਂ ਕੇਵਲ ਜੈਵਿਕ ਪ੍ਰਾਣੀ ਹੁੰਦਾ ਹੈ। ਹੌਲ਼ੀ-ਹੌਲ਼ੀ ਉਹ ਸਮਾਜਿਕ



Downloaded from https:// www.studiestoday.com

Downloaded from https:// www.studiestoday.com

ਪ੍ਰਾਣੀ ਬਣਦਾ ਹੈ। ਦੂਸਰੇ ਦੇ ਨਾਲ਼ ਅੰਤਰ-ਕਿਰਿਆ ਦੁਆਰਾ ਸਿੱਖਣ ਦੀ ਪ੍ਰਕਿਰਿਆ ਨੂੰ ਸਮਾਜੀਕਰਨ ਕਹਿੰਦੇ ਹਨ। ਸਮੂਹ ਦੇ ਦੁਆਰਾ ਵਿਅਕਤੀ, ਆਦਤਾਂ, ਪਹਿਨਣ ਦੇ ਸਲੀਕੇ, ਸੱਭਿਅਤਾ, ਸਮਾਜਿਕ ਵਿਵਹਾਰ ਅਤੇ ਮੁੱਲਾਂ ਦੇ ਪ੍ਰਯੋਗ ਨੂੰ ਸਿੱਖਦਾ ਹੈ। ਵਿਅਕਤੀ ਹੋਰ ਸਮੂਹਾਂ ਅਤੇ ਵਿਅਕਤੀਆਂ ਦੇ ਨਾਲ ਸ਼ਿਸ਼ੂ ਅਵਸਥਾ, ਬਾਲ ਅਵਸਥਾ, ਕਿਸ਼ੋਰ ਅਵਸਥਾ, ਜਵਾਨ ਅਵਸਥਾ ਅਤੇ ਬਿਰਧ ਅਵਸਥਾ ਦੌਰਾਨ ਸੰਪਰਕ ਵਿੱਚ ਆਉਂਦਾ ਹੈ। ਵਿਅਕਤੀ ਦੇ ਸਮਾਜੀਕਰਨ ਦੇ ਮੁੱਖ ਏਜੰਟ ਪਰਿਵਾਰ (ਸ਼ਿਸ਼ੂ ਅਵਸਥਾ ਦੇ ਦੌਰਾਨ), ਸਕੂਲ, ਦੋਸਤ (ਬਾਲ ਅਵਸਥਾ ਦੇ ਦੌਰਾਨ) ਧਰਮ, ਕਾਨੂੰਨ ਆਦਿ (ਜਵਾਨ ਅਵਸਥਾ ਵਿੱਚ) ਹੁੰਦੇ ਹਨ। ਸਮਾਜੀਕਰਨ ਦੀ ਪ੍ਰਕਿਰਿਆ ਦੇ ਦੋ ਪੱਖ ਹੁੰਦੇ ਹਨ। ਪਹਿਲੀ ਸ਼੍ਰੇਣੀ ਵਿੱਚ ਵਿਅਕਤੀ, ਸਮਾਜਿਕ ਅਤੇ ਸੱਭਿਆਚਾਰਕ ਵਿਵਹਾਰਾਂ ਦੇ ਪ੍ਰਭਾਵ ਦੇ ਅੰਤਰਗਤ ਸਮਾਜਿਕ ਮੁੱਲਾਂ ਨੂੰ ਸਿੱਖਦਾ ਜਾਂ ਅਪਣਾਉਂਦਾ ਹੈ। ਦੂਸਰਾ ਪੱਖ ਉਸ ਦੀ ਸ਼ਖ਼ਸੀਅਤ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਉਹ ਸਮਾਜੀਕਰਨ ਦੁਆਰਾ ਸਮਾਜਿਕ ਜ਼ੁੰਮੇਵਾਰੀਆਂ ਅਤੇ ਵਿਅਕਤੀਗਤ ਅਜ਼ਾਦੀ ਨੂੰ ਹਾਸਿਲ ਕਰਦਾ ਹੈ। ਵਿਅਕਤੀ ਦਾ 'ਆਪਾ' ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਹੀ ਵਿਕਸਿਤ ਹੁੰਦਾ ਹੈ।

ਅੱਜ ਕੱਲ੍ਹ ਇਹ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਬੱਚਿਆਂ ਉੱਤੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਨਿਯੰਤਰਨ ਘੱਟ ਹੋ ਗਿਆ ਹੈ। ਇਸ ਦਾ ਅਰਥ ਬੱਚੇ ਵੱਡਿਆਂ ਦੀ ਸੱਤਾ ਨੂੰ ਮਾਨਤਾ ਨਹੀਂ ਦਿੰਦੇ। ਸੱਤਾ ਦਾ ਅਰਥ ਦਬਾਅ ਦਾ ਪ੍ਰਯੋਗ ਕਰਨਾ ਨਹੀਂ ਹੁੰਦਾ ਹੈ। ਸਜ਼ਾ ਦਾ ਡਰ ਬੱਚੇ ਨੂੰ ਆਗਿਆ ਦਾ ਪਾਲਣ ਕਰਨ ਲਈ ਦਬਾਅ ਪਾਉਂਦਾ ਹੈ ਪਰ ਸ਼ਜਾ ਦਾ ਡਰ ਉਹਨਾਂ ਵਿੱਚ ਸਮਾਜ ਦੇ ਨਿਯਮਾਂ ਅਤੇ ਵਿਵਹਾਰਾਂ ਨੂੰ ਮੰਨਣ ਦੀ ਸਵੈ ਇੱਛਾ ਪੈਦਾ ਨਹੀਂ ਕਰ ਸਕਦਾ। ਜੇਕਰ ਮਾਤਾ-ਪਿਤਾ ਸਮਾਜਿਕ ਨਿਯਮਾਂ ਦੀ ਪਾਲਣਾ ਕਰਨਗੇ ਤਾਂ ਬੱਚੇ ਵੀ ਸਮਾਜਿਕ ਨਿਯਮਾਂ ਦੀ ਪਾਲਣਾ ਕਰਨਗੇ। ਮਾਤਾ ਪਿਤਾ, ਅਧਿਆਪਕਾਂ ਅਤੇ ਦੂਜਿਆਂ ਦਾ ਵਿਵਹਾਰ ਬੱਚਿਆਂ ਪ੍ਰਤੀ ਪਿਆਰ ਭਰਿਆ ਹੋਵੇਗਾ ਤਾਂ ਬੱਚੇ ਵੀ ਅਜਿਹਾ ਹੀ ਵਿਵਹਾਰ ਕਰਨਾ ਸਿੱਖਣਗੇ। ਇਸਦੇ ਉਲਟ ਜੇਕਰ ਮਾਤਾ-ਪਿਤਾ ਦਾ ਵਿਵਹਾਰ ਬੱਚਿਆਂ ਦੇ ਪ੍ਰਤੀ ਉਲਟ ਹੋਵੇਗਾ ਤਾਂ ਬੱਚਿਆਂ ਵਿੱਚ ਅਸੱਭਿਅਤਾ ਜਾਂ ਆਗਿਆ ਨਾ ਮੰਨਣ ਦੀ ਭਾਵਨਾ ਪੈਦਾ ਹੋਵੇਗੀ। ਮਾਤਾ-ਪਿਤਾ, ਅਧਿਆਪਕ ਅਤੇ ਦੋਸਤਾਂ ਦਾ ਬੱਚਿਆਂ ਦੇ ਪ੍ਰਤੀ ਪਿਆਰ ਭਰਿਆ ਵਿਵਹਾਰ ਬੱਚਿਆਂ ਅਤੇ ਹੋਰ ਵਿਅਕਤੀਆਂ ਵਿਚਕਾਰ ਗਹਿਰੇ ਸੰਬੰਧਾਂ ਨੂੰ ਵਿਕਸਿਤ ਕਰਦਾ ਹੈ। ਬੱਚੇ ਦੀ ਸੁਤੰਤਰਤਾ ਉਸ ਦੀ ਵਚਨਬੱਧਤਾ ਵਿੱਚ ਵਾਧਾ ਕਰਦੀ ਹੈ। ਬੱਚੇ ਨੂੰ ਆਪਣੇ-ਆਪ ਕੰਮ ਅਤੇ ਆਪਣੀਆਂ ਰੁਚੀਆਂ ਨੂੰ ਵਿਕਸਿਤ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਸਖਤ ਸਜ਼ਾ, ਵੱਡੇ ਇਨਾਮ ਜਾਂ ਬੱਚਿਆਂ ਦੀ ਆਜ਼ਾਦੀ ਹਮੇਸ਼ਾਂ ਸਹਾਈ ਨਹੀਂ ਹੁੰਦੀ। ਇਹ ਕੇਵਲ ਸਮਾਜੀਕਰਨ ਦੀ ਸਹੀ ਪ੍ਰਕਿਰਿਆ ਹੀ ਹੈ ਜੋ ਬੱਚੇ ਦੇ ਵਿਕਾਸ ਵਿੱਚ ਬਹੁਤ ਜ਼ਿਆਦਾ ਮਹੱਤਵ ਰੱਖਦੀ ਹੈ।



Downloaded from https:// www.studiestoday.com

Downloaded from https:// www.studiestoday.com

## ਸ਼ਬਦਾਵਲੀ

- **ਕਿਸ਼ੋਰ ਅਵਸਥਾ** — ਇਹ ਜਵਾਨੀ ਅਤੇ ਪ੍ਰੌੜਤਾ ਵਿਚਕਾਰਲਾ ਸਮਾਂ ਹੈ। ਇਹ ਬਾਲਗ ਅਵਸਥਾ ਤੱਕ ਹੈ।
- **ਸਮਾਜੀਕਰਨ ਦੇ ਰਸਮੀ ਏਜੰਟ** — ਇਨ੍ਹਾਂ ਨੂੰ ਸੰਸਥਾ ਦੇ ਏਜੰਟ ਵੀ ਕਿਹਾ ਜਾਂਦਾ ਹੈ। ਇਸ ਵਿਚ ਸਮਾਜਿਕ ਸੰਸਥਾਵਾਂ ਹਨ ਜੋ ਰਸਮੀ ਸਮਾਜੀਕਰਨ ਕਰਦੀਆਂ ਹਨ। ਇਸ ਵਿੱਚ ਸਕੂਲ, ਕਾਨੂੰਨ ਅਤੇ ਰਾਜਨੀਤਿਕ ਪ੍ਰਣਾਲੀ ਸ਼ਾਮਿਲ ਹੈ।
- **ਬਾਲਪਨ** — ਇਹ ਉਹ ਪੜਾਅ ਹੈ ਜੋ ਬਚਪਨ ਨਾਲ਼ ਸੰਬੰਧਿਤ ਹੈ, ਜਿਸ ਵਿੱਚ ਬੱਚੇ ਨੇ ਤੁਰਨਾ ਫਿਰਨਾ ਵੀ ਨਹੀਂ ਸਿੱਖਿਆ ਹੁੰਦਾ।
- **ਸਮਾਜੀਕਰਨ ਦੇ ਗੈਰ-ਰਸਮੀ ਏਜੰਟ** — ਇਨ੍ਹਾਂ ਨੂੰ ਸਮਾਜਿਕ ਸਮੂਹ ਦੇ ਏਜੰਟ ਦੇ ਨਾਮ ਨਾਲ਼ ਵੀ ਜਾਨਿਆ ਜਾਂਦਾ ਹੈ ਜਿਸ ਵਿੱਚ ਸਮਾਜਿਕ ਸੰਸਥਾਵਾਂ ਗ਼ੈਰ-ਰਸਮੀ ਤੌਰ 'ਤੇ ਵਿਅਕਤੀ ਨੂੰ ਸਮਾਜੀਕਰਨ ਸਿਖਾਉਂਦੀਆਂ ਹਨ।
- **ਸਾਥੀ ਸਮੂਹ** — ਇਹ ਵਿਅਕਤੀਆਂ ਦਾ ਉਹ ਸਮੂਹ ਹੈ, ਜਿਸ ਵਿੱਚ ਇਕਸਾਰ ਉਮਰ, ਪਿਛੋਕੜ, ਸਮਾਜਿਕ ਰੁਤਬਾ ਅਤੇ ਇਕੋ ਤਰ੍ਹਾਂ ਦੀ ਧਾਰਨਾ ਦੇ ਲੋਕ ਸ਼ਾਮਿਲ ਹੁੰਦੇ ਹਨ।
- **ਆਪਾ** — ਇੱਕ ਵਿਅਕਤੀ ਜਾਂ ਚੀਜ਼ ਦੀ ਅਨੋਖੀ ਪਛਾਣ।
- **ਸਮਾਜੀਕਰਨ** — ਇਹ ਇਕ ਨਿਰੰਤਰ ਚਲੱਣ ਵਾਲ਼ੀ ਪ੍ਰਕਿਰਿਆ ਹੈ, ਜਿਹੜੀ ਹਰ ਵਿਅਕਤੀ ਦੁਆਰਾ ਧਾਰਨ ਕੀਤੀ ਜਾਂਦੀ ਹੈ ਅਤੇ ਜਿਸ ਵਿੱਚ ਵਿਅਕਤੀ ਪਰਿਮਾਪ, ਕਦਰਾਂ-ਕੀਮਤਾਂ, ਵਿਵਹਾਰ ਅਤੇ ਸਮਾਜਿਕ ਕਲਾ ਨੂੰ ਸਿੱਖਦਾ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

**ਹੇਠ ਲਿਖੇ ਪ੍ਰਸ਼ਨਾਂ ਦਾ 10-15 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਤੋਂ ਤੁਸੀਂ ਕੀ ਸਮਝਦੇ ਹੋ ?
2. ਸਮਾਜੀਕਰਨ ਦੇ ਪੜਾਵਾਂ ਦੇ ਨਾਂ ਲਿਖੋ।
3. ਕਿਸ਼ੋਰ ਅਵਸਥਾ ਕੀ ਹੈ ?
4. ਬਾਲਪਨ ਕੀ ਹੈ ?
5. ਸਮਾਜੀਕਰਨ ਦੀਆਂ ਮੁੱਢਲੀਆਂ ਏਜੰਸੀਆਂ ਕਿਹੜੀਆਂ ਹਨ ?
6. ਰਸਮੀ ਏਜੰਸੀਆਂ ਦੀਆਂ ਦੋ ਉਦਾਹਰਨਾਂ ਦਿਓ।
7. ਗ਼ੈਰ-ਰਸਮੀ ਏਜੰਸੀ ਦੀਆਂ ਦੋ ਉਦਾਹਰਨਾਂ ਦਿਓ।

**ਹੇਠ ਲਿਖੇ ਪ੍ਰਸ਼ਨਾਂ ਦਾ 30-35 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਨੂੰ ਪਰਿਭਾਸ਼ਿਤ ਕਰੋ।
2. ਸਮਾਜੀਕਰਨ ਦੇ ਪੜਾਵਾਂ 'ਤੇ ਨੋਟ ਲਿਖੋ।
3. ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਪਰਿਵਾਰ ਦੀ ਭੂਮਿਕਾ ਬਾਰੇ ਚਰਚਾ ਕਰੋ।
4. ਸਮਾਜੀਕਰਨ ਦੀਆਂ ਤਿੰਨ ਰਸਮੀ ਏਜੰਸੀਆਂ ਦੱਸੋ।
5. ਪ੍ਰਾਥਮਿਕ ਸਮਾਜੀਕਰਨ ਉੱਪਰ ਨੋਟ ਲਿਖੋ।
6. ਜੰਨਸੰਪਰਕ ਸਾਧਨਾਂ ਉੱਪਰ ਨੋਟ ਲਿਖੋ।

**ਹੇਠ ਲਿਖੇ ਪ੍ਰਸ਼ਨਾਂ ਦਾ 75-85 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਦੀਆਂ ਵਿਸ਼ੇਸ਼ਤਾਵਾਂ ਦੱਸੋ।
2. ਸਾਥੀ ਸਮੂਹਾਂ ਦੀ ਸਮਾਜੀਕਰਨ ਵਿੱਚ ਭੂਮਿਕਾ ਦੱਸੋ।
3. ਸੰਖੇਪ ਵਿੱਚ ਜਵਾਨੀ ਅਤੇ ਬੁਢਾਪੇ ਦੀ ਸਮਾਜੀਕਰਨ ਦੀ ਪ੍ਰਕਿਰਿਆ ਉਪਰ ਚਰਚਾ ਕਰੋ।

**ਹੇਠ ਲਿਖੇ ਪ੍ਰਸ਼ਨਾਂ ਦਾ 250-300 ਸ਼ਬਦਾਂ ਵਿੱਚ ਉੱਤਰ ਦਿਓ।**

1. ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਵਿਅਕਤੀਗਤ ਵਿਕਾਸ ਉੱਪਰ ਚਰਚਾ ਕਰੋ।
2. ਸਮਾਜੀਕਰਨ ਦੇ ਵੱਖ-ਵੱਖ ਪੜਾਵਾਂ ਦਾ ਵਰਣਨ ਕਰੋ।
3. ਸਮਾਜੀਕਰਨ ਦੀਆਂ ਏਜੰਸੀਆਂ ਦਾ ਵਰਣਨ ਕਰੋ।
4. ਸਮਾਜੀਕਰਨ ਪੁਸ਼ਤੈਨੀ ਅਤੇ ਵਾਤਾਵਰਨ ਸੰਬੰਧੀ ਪ੍ਰਮੁੱਖਤਾ ਦਾ ਸਵਾਲ ਢੁਕਵਾਂ ਨਹੀਂ ਹੈ। ਇਸਦਾ ਵਿਸ਼ਲੇਸ਼ਣ ਕਰੋ।
5. ਸਮਾਜੀਕਰਨ ਦੇ ਏਜੰਟ ਅਤੇ ਵਿਅਕਤੀਆਂ ਦੇ ਭਿੰਨ ਪੜਾਵਾਂ ਦੇ ਰਿਸ਼ਤੇ ਬਾਰੇ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

ਇਕਾਈ -IV

# ਸਮਾਜਿਕ ਸੰਸਥਾਵਾਂ







Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

ਅਧਿਆਏ 7

# ਵਿਆਹ, ਪਰਿਵਾਰ ਅਤੇ ਨਾਤੇਦਾਰੀ

**ਮੁੱਖ ਅੰਸ਼ :**

7.1 ਸੰਸਥਾ ਦਾ ਅਰਥ ਅਤੇ ਵਿਸ਼ੇਸ਼ਤਾਵਾਂ

7.2 ਵਿਆਹ : ਕਿਸਮਾਂ, ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ, ਪਰਿਵਰਤਨ

7.3 ਪਰਿਵਾਰ : ਵਿਸ਼ੇਸ਼ਤਾਵਾਂ, ਕਾਰਜ, ਕਿਸਮਾਂ, ਪਰਿਵਰਤਨ

7.4 ਨਾਤੇਦਾਰੀ : ਕਿਸਮਾਂ

## ਭੂਮਿਕਾ :

ਸਮਾਜ ਵਿੱਚ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੁਝ ਸੰਸਥਾਵਾਂ ਦੀ ਸਥਾਪਨਾ ਕੀਤੀ ਜਾਂਦੀ ਹੈ। ਸੰਸਥਾ ਕਿਸੇ ਸਮਾਜਿਕ ਵਿਵਸਥਾ, ਸਹਿਯੋਗ ਦੀ ਸੰਰਚਨਾ ਜਾਂ ਢਾਂਚਾ ਹੈ, ਜੋ ਸਮੁਦਾਇ ਵਿੱਚ ਵਿਅਕਤੀਆਂ ਦੇ ਵਿਵਹਾਰ ਨੂੰ ਨਿਯੰਤਰਿਤ ਕਰਦੀ ਹੈ। ਸੰਸਥਾ ਵਿਸ਼ੇਸ਼ ਉਦੇਸ਼ਾਂ ਨੂੰ ਪੂਰਾ ਕਰਨ ਦੀ ਸਾਧਨ ਹੈ, ਜੋ ਇੱਕ ਸਮਾਜ ਦੀ ਹੋਂਦ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਹੈ।

## ਸੰਸਥਾ ਦਾ ਅਰਥ ਅਤੇ ਪਰਿਭਾਸ਼ਾਵਾਂ :

'ਸੰਸਥਾ' ਸ਼ਬਦ ਆਮ ਵਿਅਕਤੀ ਵੱਲੋਂ ਖਾਸ ਤੌਰ 'ਤੇ ਸਥਾਪਿਤ ਰਸਮੀ ਸੰਗਠਨ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ ਜਿਵੇਂ ਸਕੂਲ, ਹਸਪਤਾਲ ਅਤੇ ਜੇਲ੍ਹ। ਭਾਵੇਂ ਕਿ ਸਮਾਜ ਸ਼ਾਸਤਰ ਵਿੱਚ ਸੰਸਥਾ ਤੋਂ ਭਾਵ, ਵਿਵਹਾਰ ਜਾਂ ਸੰਬੰਧਾਂ ਦੇ ਸਥਾਪਿਤ ਅਤੇ ਸੰਰਚਿਤ ਅਕਾਰ ਤੋਂ ਲਿਆ ਜਾਂਦਾ ਹੈ ਜਿਸਨੂੰ ਸੱਭਿਆਚਾਰ ਦੇ ਇੱਕ ਮੁੱਢਲੇ ਅੰਗ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ, ਜਿਵੇਂ ਵਿਆਹ। ਸੰਸਥਾ ਸ਼ਬਦ ਦਾ ਪ੍ਰਯੋਗ ਰੀਤੀ, ਰਿਵਾਜ, ਕਾਨੂੰਨ, ਪੰਰਪਰਾ ਦੀ ਵਿਆਖਿਆ ਕਰਨ ਲਈ ਵੀ ਕੀਤਾ ਜਾ ਸਕਦਾ ਹੈ। ਮੈਕਾਈਵਰ ਅਤੇ ਪੇਜ ਦੇ ਅਨੁਸਾਰ, ਸੰਸਥਾ ਸਮੂਹਿਕ ਗਤੀਵਿਧੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਪ੍ਰਕਿਰਿਆਵਾਂ ਦੀਆਂ ਸ਼ਰਤਾਂ ਦਾ ਸਥਾਪਿਤ ਰੂਪ ਹੈ। ਸੰਸਥਾ ਲੋਕਾਂ ਦਾ ਸਮੂਹ ਨਹੀਂ ਹੈ। ਸਮਾਜ ਸ਼ਾਸਤਰੀ 'ਸੰਸਥਾ' ਸ਼ਬਦ ਦੀ ਵਰਤੋਂ ਆਦਰਸ਼ਵਾਦੀ ਪ੍ਰਣਾਲੀ ਦੀ ਵਿਆਖਿਆ ਕਰਨ ਲਈ ਵੀ ਕਰਦੇ ਹਨ ਜੋ ਕਿ ਮਨੁੱਖੀ ਜੀਵਨ ਦੇ ਮੁੱਢਲੇ ਖੇਤਰਾਂ ਵਿੱਚ ਸੰਚਾਲਿਤ ਹੁੰਦੀ ਹੈ। ਇਸ ਪ੍ਰਕਾਰ ਸਮਾਜਿਕ ਸੰਸਥਾਵਾਂ ਸਮਾਜਿਕ ਪ੍ਰਤੀਮਾਨਾ, ਕਦਰਾਂ-ਕੀਮਤਾਂ ਅਤੇ ਭੂਮਿਕਾ ਸਬੰਧਾਂ ਦਾ ਇੱਕ ਜਟਿਲ ਜੁੱਟ ਹੈ ਜੋ



Downloaded from https:// www.studiestoday.com

Downloaded from https:// www.studiestoday.com

ਸਮਾਜ ਦੀਆਂ ਲੋੜਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਇਹ ਸੰਸਥਾਵਾਂ ਮਨੁੱਖਾਂ ਦੀਆਂ ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਕਰਦੀਆਂ ਹਨ। ਸਮਾਜਿਕ ਸੰਸਥਾਵਾਂ ਰਾਜ ਦੀ ਤਰ੍ਹਾਂ ਵਿਸ਼ਾਲ ਅਤੇ ਪਰਿਵਾਰ ਦੀ ਤਰ੍ਹਾਂ 'ਸੂਖਮ' ਦੋਵੇਂ ਹੀ ਹੋ ਸਕਦੀਆਂ ਹਨ। ਸਮਾਜਿਕ ਸੰਸਥਾਵਾਂ ਸਾਡੇ ਜੀਵਨ ਦੀ ਹੋਂਦ ਨੂੰ ਇੱਕ ਵਿਸ਼ੇਸ਼ ਪਹਿਚਾਣ ਦਿੰਦੀਆਂ ਹਨ ਅਤੇ ਸਾਡੇ ਸਮਾਜਿਕ ਜੀਵਨ ਨੂੰ ਜਿਉਣ ਯੋਗ ਬਣਾਉਦੀਆਂ ਹਨ। ਪਰਿਵਾਰ, ਵਿਆਹ, ਰਿਸ਼ਤੇਦਾਰੀ, ਰਾਜਨੀਤਿਕ ਪਾਰਟੀ, ਬੈਂਕ, ਫੈਕਟਰੀ, ਧਰਮ ਆਦਿ ਸੰਸਥਾਵਾਂ ਦੀਆਂ ਮਹੱਤਵਪੂਰਨ ਉਦਾਹਰਨਾ ਹਨ।

## ਸੰਸਥਾ ਦੀਆਂ ਵਿਸ਼ੇਸ਼ਤਾਵਾਂ

ਸੰਸਥਾਵਾਂ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੇਠ ਅਨੁਸਾਰ ਹਨ।

1. **ਵਿਸ਼ੇਸ਼ ਜ਼ਰੂਰਤਾਂ ਦੀ ਪੂਰਤੀ :** ਹਰ ਸੰਸਥਾ ਵਿਅਕਤੀ ਦੀਆਂ ਕੁਝ ਵਿਸ਼ੇਸ਼ ਜ਼ਰੂਰਤਾਂ ਦੀ ਪੂਰਤੀ ਕਰਦੀ ਹੈ। ਉਦਾਹਰਨ ਵਜੋਂ ਪਰਿਵਾਰ ਸੰਤਾਨ ਉੱਤਪਤੀ, ਪਾਲਨ ਪੋਸ਼ਣ ਅਤੇ ਬੱਚਿਆਂ ਦਾ ਸਮਾਜੀਕਰਨ ਕਰਦਾ ਹੈ ਅਤੇ ਆਪਣੇ ਮੈਂਬਰਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਦਾ ਹੈ ਜਦੋਂ ਕਿ ਸਰਕਾਰ ਸਮਾਜ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਕਰਨ ਦੀ ਲੋੜ ਨੂੰ ਪੂਰਾ ਕਰਦੀ ਹੈ।
2. **ਨਿਯਮਾਂ ਦਾ ਨਿਰਧਾਰਨ :** ਹਰ ਸੰਸਥਾ ਕੁਝ ਨਿਯਮਾਂ ਨੂੰ ਨਿਰਧਾਰਿਤ ਕਰਦੀ ਹੈ ਜਿਸਦਾ ਪਾਲਣ ਕੀਤਾ ਜਾਣਾ ਹੁੰਦਾ ਹੈ। ਉਦਾਹਰਨ ਦੇ ਲਈ ਵਿਆਹ ਇੱਕ ਸੰਸਥਾ ਦੇ ਰੂਪ ਵਿੱਚ ਪਤੀ ਅਤੇ ਪਤਨੀ ਦੇ ਆਪਸੀ ਸੰਬੰਧਾਂ ਨੂੰ, ਜੀਵਨ ਸਾਥੀ ਚੁਣਨ ਦੇ ਨਿਯਮਾਂ ਨੂੰ ਨਿਯਮਤ ਕਰਦਾ ਹੈ ਆਦਿ। ਇਸੇ ਤਰ੍ਹਾਂ ਵਿੱਦਿਅਕ ਸੰਸਥਾਵਾਂ ਦੇ ਰੂਪ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਆਪਣੇ ਨਿਯਮ ਅਤੇ ਕਾਰਜ ਪ੍ਰਣਾਲੀ ਹੁੰਦੀ ਹੈ।
3. **ਅਮੂਰਤਤਾ :** ਸੰਸਥਾਵਾਂ ਦੀ ਪ੍ਰਕਿਰਤੀ ਅਮੂਰਤ ਹੁੰਦੀ ਹੈ। ਇਨ੍ਹਾਂ ਨੂੰ ਨਾ ਤਾਂ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਲਈ ਵਿਆਹ, ਪਰਿਵਾਰ ਜਾਂ ਧਰਮ ਦੀ ਸੰਸਥਾ ਨੂੰ ਵੇਖਿਆ ਤੇ ਮਾਪਿਆ ਨਹੀਂ ਜਾ ਸਕਦਾ।
4. **ਸੱਭਿਆਚਾਰਕ ਪ੍ਰਤੀਕ :** ਸੰਸਥਾਵਾਂ ਦੇ ਆਪਣੇ ਸੱਭਿਆਚਾਰਕ ਪ੍ਰਤੀਕ ਹੁੰਦੇ ਹਨ ਜੋ ਸੁਭਾਅ ਤੋਂ ਭੌਤਿਕ ਜਾਂ ਅਭੌਤਿਕ ਹੋ ਸਕਦੇ ਹਨ। ਉਦਾਹਰਨ ਵਜੋਂ ਦੇਸ਼ ਦਾ ਰਾਸ਼ਟਰੀ ਝੰਡਾ ਅਤੇ ਰਾਸ਼ਟਰੀ ਗੀਤ ਉਸ ਦੇਸ਼ ਦੇ ਪ੍ਰਤੀਕ ਹਨ। ਇੱਕ ਸਕੂਲ ਦਾ ਆਪਣਾ ਨੀਤੀ ਮੰਤਰ (Motto) ਅਤੇ ਵਰਦੀ ਹੁੰਦੀ ਹੈ।
5. **ਸਰਵਵਿਆਪਕਤਾ :** ਸਮਾਜਿਕ ਸੰਸਥਾਵਾਂ ਸਰਵ-ਵਿਆਪਕ ਹੁੰਦੀਆਂ ਹਨ। ਇਹ ਹਰੇਕ ਸਮਾਜ ਵਿੱਚ ਅਤੇ ਸਮਾਜਿਕ ਵਿਕਾਸ ਦੇ ਹਰੇਕ ਪੜਾਅ ਵਿੱਚ ਪਾਈਆਂ ਜਾਂਦੀਆਂ ਹਨ।
6. **ਸਮਾਜਿਕ ਪ੍ਰਕਿਰਤੀ :** ਲੋਕਾਂ ਦੀਆਂ ਸਮੂਹਿਕ ਗਤੀਵਿਧੀਆਂ ਤੋਂ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ। ਇਹ ਲਾਜ਼ਮੀ ਤੌਰ ਤੇ ਸਮਾਜਿਕ ਹੁੰਦੀਆਂ ਹਨ।
7. **ਮੌਖਿਕ ਅਤੇ ਲਿਖਤੀ :** ਸੰਸਥਾਵਾਂ ਮੌਖਿਕ/ਲਿਖਤੀ ਪੰਰਪਰਾਵਾਂ ਦੇ ਰੂਪ ਵਿੱਚ ਹੋ ਸਕਦੀਆਂ ਹਨ। ਆਧੁਨਿਕ ਸਮਾਜ ਦੀ ਤੁਲਨਾ ਵਿੱਚ ਆਦਮ ਸਮਾਜ ਦੀਆਂ ਸੰਸਥਾਵਾਂ ਵਧੇਰੇ ਮੌਖਿਕ ਸਨ।



Downloaded from https:// www.studiestoday.com

Downloaded from https:// www.studiestoday.com

8. **ਸਥਾਈ ਅਤੇ ਕਠੋਰ :** ਸੰਸਥਾਵਾਂ ਦੀ ਪ੍ਰਕਿਰਤੀ ਕਠੋਰ ਹੁੰਦੀ ਹੈ ਅਤੇ ਇਹ ਲੰਬੇ ਸਮੇਂ ਤੱਕ ਕਾਇਮ ਰਹਿੰਦੀਆਂ ਹਨ। ਭਾਵੇਂ ਸੰਸਥਾਵਾਂ ਦੀ ਤਬਦੀਲੀ ਵਿੱਚ ਵਿਭਿੰਨ ਸਮਾਜਾਂ ਅਤੇ ਸੱਭਿਆਚਾਰ ਵਿੱਚ ਅੰਤਰ ਪਾਇਆ ਜਾਂਦਾ ਹੈ, ਇਨ੍ਹਾਂ ਵਿੱਚ ਤਬਦੀਲੀ ਅਚਾਨਕ ਨਹੀਂ ਹੁੰਦੀ ਅਤੇ ਇਹ ਪਰਿਵਰਤਨ ਬਹੁਤ ਧੀਮੀ ਗਤੀ ਨਾਲ਼ ਹੁੰਦਾ ਹੈ।

9. **ਨਿੰਯਤਰਨ ਕਰਨ ਦਾ ਸਾਧਨ :** ਸੰਸਥਾਵਾਂ ਸਮਾਜ ਨੂੰ ਨਿਯੰਤਰਨ ਕਰਨ ਦੇ ਸਾਧਨ ਦੇ ਰੂਪ ਵਜੋਂ ਕੰਮ ਕਰਦੀਆਂ ਹਨ। ਉਦਾਹਰਨ ਦੇ ਤੌਰ ਤੇ ਧਰਮ, ਕਾਨੂੰਨ, ਆਦਿ ਜੋ ਵਿਅਕਤੀ ਦੇ ਵਿਵਹਾਰ ਨੂੰ ਨਿਯੰਤਰਿਤ ਕਰਦੇ ਹਨ ਅਤੇ ਸਮਾਜ ਵਿੱਚ ਸਮਾਜਿਕ ਵਿਵਸਥਾ ਅਤੇ ਸਥਿਰਤਾ ਨੂੰ ਬਣਾਏ ਰੱਖਣ ਵਿੱਚ ਮੱਦਦ ਕਰਦੇ ਹਨ।

10. **ਸੰਸਥਾਵਾਂ ਅੰਤਰ-ਸੰਬੰਧਿਤ ਹਨ :** ਭਾਵੇਂ ਹਰੇਕ ਸੰਸਥਾ ਆਪਣੀ ਪ੍ਰਕਿਰਤੀ ਤੋਂ ਭਿੰਨ ਹੁੰਦੀ ਹੈ। ਪਰ ਸਾਰੀਆਂ ਸੰਸਥਾਵਾਂ ਅੰਤਰ-ਸੰਬੰਧਿਤ ਹੁੰਦੀਆਂ ਹਨ। ਇੱਕ ਸੰਸਥਾ ਵਿੱਚ ਹੋਣ ਵਾਲ਼ਾ ਪਰਿਵਰਤਨ ਦੂਜੀ ਸੰਸਥਾ ਵਿੱਚ ਹੋਣ ਵਾਲ਼ੇ ਪਰਿਵਰਤਨ ਦਾ ਕਾਰਨ ਬਣਦਾ ਹੈ।

ਇਸ ਅਧਿਆਇ ਵਿੱਚ ਅਸੀਂ ਸਮਾਜਿਕ ਸੰਸਥਾਵਾਂ ਦੇ ਮਹੱਤਵਪੂਰਨ ਤੱਤਾਂ ਦੇ ਰੂਪ ਵਿੱਚ ਵਿਆਹ, ਪਰਿਵਾਰ ਅਤੇ ਨਾਤੇਦਾਰੀ ਦੀ ਚਰਚਾ ਕਰਾਂਗੇ ਅਤੇ ਅਗਲੇ ਅਧਿਆਇ ਵਿੱਚ ਸਰਕਾਰ, ਧਰਮ, ਅਰਥਵਿਵਸਥਾ ਅਤੇ ਸਿੱਖਿਆ ’ਤੇ ਧਿਆਨ ਕੇਂਦਰਿਤ ਕਰਾਂਗੇ।




## ਵਿਆਹ

ਵਿਆਹ ਇੱਕ ਮਹੱਤਵਪੂਰਨ ਸਮਾਜਿਕ ਸੰਸਥਾ ਹੈ ਅਤੇ ਸੰਸਾਰ ਦੇ ਹਰ ਹਿੱਸੇ ਵਿੱਚ ਮੌਜੂਦ ਹੈ। ਵਿਆਹ ਮਨੁੱਖੀ ਸਮਾਜ ਦੀ ਮੁੱਢਲੀ ਸੰਸਥਾ ਹੈ। ਵਿਆਹ ਦੇ ਮਾਧਿਆਮ ਰਾਹੀਂ ਦੋ ਵਿਪਰੀਤ ਲਿੰਗ ਦੇ ਵਿਅਕਤੀਆਂ ਨੂੰ ਪਤੀ ਤੇ ਪਤਨੀ ਦੇ ਰੂਪ ਵਿੱਚ ਇਕੱਠੇ ਰਹਿਣ ਦੀ ਸਮਾਜਿਕ ਪ੍ਰਵਾਨਗੀ ਮਿਲ਼ਦੀ ਹੈ। ਵਿਆਹ ਸਮਾਜਿਕ ਸੰਰਚਨਾ ਦਾ ਕੇਂਦਰ ਬਣ ਜਾਂਦਾ ਹੈ, ਜਿਸ ਵਿੱਚ ਵਿਅਕਤੀ ਨਾਤੇਦਾਰੀ ਦੇ ਮਾਧਿਅਮ ਤੋਂ ਇਕ ਦੂਜੇ ਨਾਲ਼ ਸੰਬੰਧਿਤ ਹੋ ਜਾਂਦੇ ਹਨ।





Downloaded from https:// www.studiestoday.com

Downloaded from https:// www.studiestoday.com

ਵਿਆਹ ਇਸਤਰੀ ਅਤੇ ਪੁਰਸ਼ਾਂ ਦੀਆਂ ਸਰੀਰਕ, ਸਮਾਜਿਕ, ਮਨੋਵਿਗਿਆਨਿਕ, ਸੱਭਿਆਚਾਰਕ ਅਤੇ ਆਰਥਿਕ ਜ਼ਰੂਰਤਾਂ ਨੂੰ ਸੰਤੁਸ਼ਟ ਕਰਨ ਦੇ ਲਈ ਬਣਾਈ ਗਈ ਸੰਸਥਾ ਹੈ। ਇਹ ਪੁਰਸ਼ ਅਤੇ ਇਸਤਰੀ ਨੂੰ ਪਰਿਵਾਰ ਦਾ ਨਿਰਮਾਣ ਕਰਨ ਦੇ ਲਈ ਇਕ ਦੂਜੇ ਨਾਲ਼ ਸੰਬੰਧ ਸਥਾਪਿਤ ਕਰਨ ਦੀ ਆਗਿਆ ਦਿੰਦਾ ਹੈ। ਵਿਆਹ ਦਾ ਮੁੱਢਲਾ ਉਦੇਸ਼ ਸਥਾਈ ਸੰਬੰਧਾਂ ਦੁਆਰਾ ਲਿੰਗਕ ਕਿਰਿਆਵਾਂ ਨੂੰ ਨਿਯਮਤ ਕਰਨਾ ਹੈ। ਸੌਖੇ ਜਾਂ ਸਾਧਾਰਨ ਸ਼ਬਦਾਂ ਵਿੱਚ, ਵਿਆਹ ਨੂੰ ਇੱਕ ਅਜਿਹੀ ਸੰਸਥਾ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਪੁਰਸ਼ਾਂ ਅਤੇ ਔਰਤਾਂ ਨੂੰ ਪਰਿਵਾਰਿਕ ਜੀਵਨ ਦੇ ਵਿੱਚ ਪ੍ਰਵੇਸ਼ ਕਰਨ, ਸੰਤਾਨ ਉਤਪਤੀ, ਪਤੀ-ਪਤਨੀ, ਬੱਚਿਆਂ ਦੇ ਵਿਭਿੰਨ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਪ੍ਰਵਾਨਗੀ ਦਿੰਦੀ ਹੈ। ਸਮਾਜ ਇੱਕ ਪੁਰਸ਼ ਅਤੇ ਇਸਤਰੀ ਵਿਚਕਾਰ ਸੰਬੰਧਾਂ ਨੂੰ ਇੱਕ ਧਾਰਮਿਕ ਸੰਸਕਾਰ ਦੇ ਰੂਪ ਵਿੱਚ ਆਪਣੀ ਪ੍ਰਵਾਨਗੀ ਪ੍ਰਦਾਨ ਕਰਦਾ ਹੈ। ਪਤੀ-ਪਤਨੀ ਇੱਕ ਦੂਜੇ ਅਤੇ ਸਮਾਜ ਦੇ ਪ੍ਰਤਿ ਅਨੇਕਾਂ ਜ਼ਿੰਮੇਵਾਰੀਆਂ ਦਾ ਪਾਲਣ ਕਰਦੇ ਹਨ। ਵਿਆਹ ਇੱਕ ਮਹੱਤਵਪੂਰਨ ਆਰਥਿਕ ਉਦੇਸ਼ ਨੂੰ ਵੀ ਪੂਰਾ ਕਰਦਾ ਹੈ। ਇਹ ਵਿਰਾਸਤ ਨਾਲ਼ ਸੰਬੰਧਿਤ ਸੰਪਤੀ ਅਧਿਕਾਰ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਪ੍ਰਕਾਰ ਅਸੀਂ ਸਮਝ ਸਕਦੇ ਹਾਂ ਕਿ ਵਿਆਹ ਇੱਕ ਪੁਰਸ਼ ਅਤੇ ਇਸਤਰੀ ਦੇ ਵਿਚਕਾਰ ਬਹੁਮੁਖੀ ਸੰਬੰਧਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

### ਵਿਆਹ ਸੰਸਥਾ ਦੀ ਉਤਪਤੀ ਦੇ ਕਾਰਨ

ਵਿਆਹ ਸੰਸਥਾ ਉਤਪਤੀ ਦੇ ਮੁੱਖ ਕਾਰਨ ਨਿਮਨਲਿਖਤ ਹਨ :

1. **ਜੈਵਿਕ ਜ਼ਰੂਰਤਾਂ** :ਵਿਆਹ ਇੱਕ ਮੁੱਢਲੀ ਸੰਸਥਾ ਮੰਨੀ ਜਾਂਦੀ ਹੈ, ਜੋ ਕਿ ਵਿਪਰੀਤ ਲਿੰਗਕ ਸੰਬੰਧਾਂ ਨੂੰ ਮਾਨਤਾ ਪ੍ਰਦਾਨ ਕਰਦੀ ਹੈ। ਇਹ ਦੋ ਵਿਪਰੀਤ ਲਿੰਗਕ ਵਿਅਕਤੀਆਂ ਦੇ ਵਿਚਕਾਰ ਇਕ ਸਮਾਜਿਕ ਸਬੰਧ ਹੈ ਜਿਸ ਦੇ ਆਧਾਰ ਤੇ ਉਹ ਆਪਣੀਆਂ ਸਰੀਰਕ ਅਤੇ ਜੈਵਿਕ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।
2. **ਮਨੋਵਿਗਿਆਨਿਕ ਜ਼ਰੂਰਤਾਂ** : ਵਿਆਹ ਕੇਵਲ ਜੈਵਿਕ ਜ਼ਰੂਰਤਾਂ ਨੂੰ ਹੀ ਪੂਰਾ ਨਹੀਂ ਕਰਦਾ ਬਲਕਿ ਬੱਚਿਆਂ ਦਾ ਹੋਣਾ ਮਨੋਵਿਗਿਆਨਿਕ ਸੰਤੁਸ਼ਟੀ ਵੀ ਹੈ। ਬੱਚਿਆਂ ਨੂੰ ਜਨਮ ਦੇਣਾ ਅਤੇ ਉਹਨਾਂ ਦਾ ਪਾਲਣ-ਪੋਸ਼ਣ ਕਰਨਾ ਵਿਆਹ ਦਾ ਇੱਕ ਮਹੱਤਵਪੂਰਨ ਕਾਰਨ ਹੈ, ਜਿਸਦੇ ਲਈ ਸਿੱਧੇ ਰੂਪ ਵਿੱਚ ਇਕ ਸਥਾਈ ਸੰਬੰਧ ਅਤੇ ਵਿਆਹ ਦੀ ਜ਼ਰੂਰਤ ਹੁੰਦੀ ਹੈ।
3. **ਪ੍ਰਜਣਨ ਕਾਰਜ** : ਬੱਚਿਆਂ ਨੂੰ ਜਨਮ ਦੇਣਾ ਵਿਆਹ ਦਾ ਇੱਕ ਹੋਰ ਅਭਿੰਨ ਪੱਖ ਹੈ।
4. **ਪਾਲਣ-ਪੋਸ਼ਣ ਦੀ ਜ਼ਰੂਰਤ** : ਬੱਚਿਆਂ ਨੂੰ ਜਨਮ ਦੇਣ ਦੇ ਨਾਲ਼-ਨਾਲ਼ ਵਿਆਹ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਉਹਨਾਂ ਦੇ ਸਮਾਜੀਕਰਨ ਦਾ ਵੀ ਕੰਮ ਕਰਦਾ ਹੈ।

**ਗਤੀਵਿਧੀ -7.1**

1. ਤੁਸੀਂ ਆਪਣੇ ਪਰਿਵਾਰ/ਰਿਸ਼ਤੇਦਾਰ/ਗੁਆਂਢੀ ਦੇ ਵਿਆਹ ਸਮਾਰੋਹ ਵਿੱਚ ਸ਼ਾਮਿਲ ਹੋਏ ਹੋਵੋਗੇ। ਵਿਆਹ ਨਾਲ਼ ਜੁੜੇ ਸੰਸਕਾਰਾਂ ਅਤੇ ਪ੍ਰਥਾਵਾਂ ਦੀ ਇੱਕ ਸੂਚੀ ਬਣਾਉ।
2. ਕਲਾਸ ਵਿੱਚ ਇਨ੍ਹਾਂ ਵਿਚੋਂ ਕੁੱਝ ਸੰਸਕਾਰਾਂ ਦੇ ਵਿਚਾਰ-ਵਟਾਂਦਰਾ ਕਰੋ।

**ਵਿਆਹ ਦੀਆਂ ਕਿਸਮਾਂ** : ਸੰਸਾਰ ਦੇ ਵੱਖਰੇ-ਵੱਖਰੇ ਭਾਗਾਂ ਵਿੱਚ ਵਿਆਹ ਦੀਆਂ ਮੁੱਖ ਦੋ ਕਿਸਮਾਂ ਪ੍ਰਚਲਿਤ ਹਨ।



Downloaded from https:// www.studiestoday.com

Downloaded from https:// www.studiestoday.com




## ਇੱਕ ਵਿਆਹ ਅਤੇ ਬਹੁ ਵਿਆਹ

ਇਕ ਵਿਆਹ ਤੋਂ ਭਾਵ ਇਕ ਪਤੀ ਅਤੇ ਪਤਨੀ ਦੇ ਵਿਚਕਾਰ ਸੰਬੰਧਾਂ ਤੋਂ ਹੈ। ਵਿਸ਼ਵ ਦੇ ਵਧੇਰੇ ਵਿਆਹ ਇਕ ਵਿਆਹ ਦੀ ਕਿਸਮ ਵਾਲ਼ੇ ਹਨ। ਅਜਿਹੇ ਸਮਾਜ ਜਿੱਥੇ ਇਕ ਵਿਆਹ ਪ੍ਰਚਲਿਤ ਹੈ। ਉੱਥੇ ਕੋਈ ਪੁਰਸ਼ ਜਾਂ ਇਸਤਰੀ ਆਪਣੇ ਸਾਥੀ ਦੀ ਮੌਤ ਤੋਂ ਬਾਅਦ ਜਾਂ ਵਿਆਹ ਟੁੱਟ ਜਾਣ 'ਤੇ ਦੁਬਾਰਾ ਵਿਆਹ ਕਰ ਸਕਦੇ ਹਨ।

**ਬਹੁ ਵਿਆਹ** ਤੋਂ ਭਾਵ ਅਜਿਹੇ ਵਿਆਹ ਤੋਂ ਹੈ, ਜਿੱਥੇ ਇਕ ਇਸਤਰੀ, ਇਕ ਸਮੇਂ ਵਿੱਚ ਇਕ ਤੋਂ ਵਧੇਰੇ ਪਤੀ ਹੁੰਦੇ ਹਨ ਜਾਂ ਇਕ ਪੁਰਸ਼ ਦੀਆਂ ਇਕ ਤੋਂ ਵਧੇਰੇ ਪਤਨੀਆਂ ਹੁੰਦੀਆਂ ਹਨ। ਬਹੁਵਿਆਹ ਦੋ ਪ੍ਰਕਾਰ ਦਾ ਹੁੰਦਾ ਹੈ। ਅਰਥਾਤ ਬਹੁ ਪਤਨੀ ਵਿਆਹ ਅਤੇ ਬਹੁ ਪਤੀ ਵਿਆਹ।

1. **ਬਹੁਪਤਨੀ ਵਿਆਹ :-** ਵਿਆਹ ਦੀ ਇਸ ਕਿਸਮ ਵਿੱਚ ਇਕ ਪੁਰਸ਼ ਇਕ ਤੋਂ ਵੱਧ ਇਸਤਰੀਆਂ ਨਾਲ਼ ਵਿਆਹ ਕਰਦਾ ਹੈ। ਮੁਸਲਿਮ ਸਮੁਦਾਇ ਇਕ ਅਜਿਹਾ ਸਮੂਹ ਹੈ, ਜਿਸ ਦੇ ਧਰਮ ਦੇ ਅੰਤਰਗਤ ਬਹੁਪਤਨੀ ਵਿਆਹ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਗਈ ਹੈ। ਭਾਵੇਂ ਬਹੁਪਤਨੀ ਵਿਆਹ ਦੋ ਪ੍ਰਕਾਰ ਦਾ ਹੁੰਦਾ ਹੈ। ਭਾਵ ਸਾਲੀ ਵਿਆਹ ਅਤੇ ਗ਼ੈਰ-ਸਾਲੀ ਵਿਆਹ। ਸਾਲੀ ਬਹੁਪਤਨੀ ਵਿਆਹ ਦੇ ਅੰਤਰਗਤ ਇਕ ਪੁਰਸ਼ ਇਕ ਤੋਂ ਵਧੇਰੇ ਇਸਤਰੀਆਂ ਨਾਲ਼ ਵਿਆਹ ਕਰਦਾ ਹੈ, ਜੋ ਆਪਸ ਵਿੱਚ ਭੈਣਾਂ ਹੁੰਦੀਆਂ ਹਨ। ਜਦੋਂ ਕਿ ਗ਼ੈਰ-ਸਾਲੀ ਬਹੁਪਤਨੀ ਵਿਆਹ ਵਿੱਚ ਪਤਨੀਆਂ ਆਪਸ ਵਿੱਚ ਸੰਬੰਧਿਤ ਨਹੀਂ ਹੁੰਦੀਆਂ।

2. **ਬਹੁਪਤੀ ਵਿਆਹ :-** ਬਹੁਪਤੀ ਵਿਆਹ ਵਿੱਚ ਇਕ ਇਸਤਰੀ ਇਕ ਤੋਂ ਵਧੇਰੇ ਪੁਰਸ਼ਾਂ ਨਾਲ਼ ਵਿਆਹ ਕਰਦੀ ਹੈ। ਬਹੁਪਤੀ ਵਿਆਹ ਦੇ ਵੀ ਦੋ ਸਰੂਪ ਹਨ। ਪਹਿਲਾ ਭਰਾਤਰੀ ਬਹੁਪਤੀ ਵਿਆਹ ਦੂਸਰਾ ਗ਼ੈਰ-ਭਰਾਤਰੀ ਬਹੁਪਤੀ ਵਿਆਹ। ਭਰਾਤਰੀ ਬਹੁਪਤੀ ਵਿਆਹ ਵਿੱਚ ਇਸਤਰੀ ਸਾਰੇ ਭਰਾਵਾਂ ਦੀ ਪਤਨੀ ਮੰਨੀ ਜਾਂਦੀ ਹੈ। ਜਦੋਂ ਕਿ ਗ਼ੈਰ-ਭਰਾਤਰੀ ਵਿਆਹ ਵਿੱਚ ਪਤਨੀ ਦੇ ਸਾਰੇ ਪਤੀ ਆਪਸ ਵਿੱਚ ਭਰਾ ਨਹੀਂ ਹੁੰਦੇ। ਅਕਸਰ ਕਈ ਖੇਤੀ ਪ੍ਰਧਾਨ ਸਮਾਜ ਵਿੱਚ ਖੇਤੀ ਯੋਗ ਭੂਮੀ ਦੀ ਵੰਡ ਤੋਂ ਬਚਣ ਲਈ



Downloaded from https:// www.studiestoday.com

Downloaded from https:// www.studiestoday.com

ਬਹੁਪਤੀ ਵਿਆਹ ਦਾ ਪ੍ਰਚਲਨ ਸੀ। ਦੂਜੇ ਪਾਸੇ ਜਨਜਾਤੀ ਸਮਾਜਾਂ ਵਿੱਚ ਜ਼ਿਆਦਾਤਰ ਵੱਧ ਕੰਨਿਆਂ ਮੁੱਲ ਦੇ ਕਾਰਨ ਗ਼ੈਰ-ਭਰਾਤਰੀ ਬਹੁਪਤੀ ਵਿਆਹ ਹੁੰਦੇ ਸਨ।

## ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ

ਸਮਾਜ ਆਪਣੇ ਮੈਂਬਰਾਂ ਦੇ ਵਿਆਹੁਤਾ ਸੰਬੰਧਾਂ ਨੂੰ ਨਿਯਮਤ ਕਰਨ ਦੇ ਲਈ ਕੁਝ ਨਿਸ਼ਚਿਤ ਨਿਯਮ ਤਿਆਰ ਕਰਦਾ ਹੈ, ਜਿਨ੍ਹਾ ਨੂੰ ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ ਕਹਿੰਦੇ ਹਨ। ਹਰੇਕ ਸਮਾਜ ਜੀਵਨ ਸਾਥੀ ਦੀ ਚੋਣ ਕਰਨ ਦੇ ਆਪਣੇ ਨਿਯਮ ਤਿਆਰ ਕਰਦਾ ਹੈ। ਉਦਾਹਰਨ ਦੇ ਲਈ ਇਕ ਸਮਾਂ ਸੀ ਜਦੋਂ ਭਾਰਤ ਵਿੱਚ ਵਿਆਹ ਦੇ ਲਈ ਕੋਈ ਨਿਸ਼ਚਿਤ ਉਮਰ ਸੀਮਾ ਨਹੀਂ ਸੀ। ਅਸਲ ਵਿੱਚ, ਕਿਸ਼ੋਰ ਅਵਸਥਾ ਤੋਂ ਪਹਿਲਾਂ ਹੀ ਲੜਕੀ ਦੇ ਵਿਆਹ ਕਰਨ ਦਾ ਪ੍ਰਥਾ ਪ੍ਰਚਲਿਤ ਸੀ ਪ੍ਰੰਤੂ ਹੁਣ ਵਿਆਹ ਭਾਰਤ ਸੰਵਿਧਾਨ ਵਿੱਚ ਦੇ ਲਈ ਲੜਕੀ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਨਿਰਧਾਰਿਤ ਹੈ। ਸਮਾਜ ਵਿੱਚ ਵਿਆਹ ਦੇ ਕੁੱਝ ਪ੍ਰਤੀਬੰਧਿਤ ਅਤੇ ਨਿਰਧਾਰਿਤ ਨਿਯਮ ਹਨ, ਜਿਸਦੇ ਆਧਾਰ ਤੇ ਜੀਵਨ ਸਾਥੀ ਦੀ ਚੋਣ ਕਰਨ ਦਾ ਨਿਯਮ ਹੈ।

**ਪ੍ਰਤੀਬੰਧਿਤ ਨਿਯਮ :-** ਇਹ ਉਹ ਨਿਯਮ ਹਨ, ਜੋ ਜੀਵਨ ਸਾਥੀ ਚੁਣਨ ਦੇ ਤਰੀਕਿਆਂ 'ਤੇ ਪ੍ਰਤੀਬੰਧ ਲਗਾਉਂਦੇ ਹਨ। ਇਹ ਨਿਯਮ ਇਸਤਰੀ ਅਤੇ ਪੁਰਸ਼ ਦੇ ਵਿਆਹ ਸੰਬੰਧਾਂ ਵਿੱਚ ਪ੍ਰਵੇਸ਼ ਕਰਨ ਦੇ ਲਈ ਕੁਝ ਨਿਸ਼ਚਿਤ ਸ਼੍ਰੇਣੀਆਂ ਵਿੱਚੋਂ ਜੀਵਨ ਸਾਥੀ ਨੂੰ ਚੁਣਨ ਲਈ ਰੋਕ ਲਗਾਉਂਦੇ ਹਨ, ਜੋ ਉਹਨਾਂ ਦੇ ਧਾਰਮਿਕ ਨਿਯਮਾਂ ਜਾਂ ਸਥਾਨਿਕ ਪ੍ਰਥਾਵਾਂ ਦੇ ਅਨੁਕੂਲ ਹੁੰਦੇ ਹਨ।



**1. ਰਿਸ਼ਤੇਦਾਰੀ ਵਿੱਚ ਵਿਆਹੁਤਾ ਸੰਬੰਧਾਂ ਦੀ ਮਨਾਹੀ :-** ਇਹ ਨਿਯਮ ਦੋ ਵਿਅਕਤੀਆਂ ਦੇ ਵਿਚਕਾਰ ਜੈਵਿਕ ਜਾਂ ਵਿਆਹੁਤਾ ਸੰਬੰਧਾਂ ਤੇ ਲਾਗੂ ਹੁੰਦਾ ਹੈ ਜੋ ਇਕ ਦੂਜੇ ਨਾਲ਼ ਖ਼ੂਨ ਦੇ ਰਿਸ਼ਤਿਆਂ ਜਾਂ ਇਕ ਹੀ ਪਰਿਵਾਰ ਨਾਲ਼ ਸੰਬੰਧਿਤ ਹੁੰਦੇ ਹਨ। ਇਹਨਾਂ ਰਿਸ਼ਤਿਆਂ 'ਤੇ ਕੁਝ ਮਨੁੱਖੀ ਸਮਾਜਾਂ ਵਿੱਚ ਪਾਬੰਧੀ ਲਗਾਈ ਜਾਂਦੀ ਹੈ ਭਾਵੇਂ ਵਿਭਿੰਨ ਸੱਭਿਆਚਾਰਾਂ ਵਿੱਚ ਇਸ ਸੰਬੰਧ ਵਿੱਚ ਵੱਖਰੇ ਨਿਯਮ ਹੋ ਸਕਦੇ ਹਨ, ਕਿਸੇ ਸਮਾਜ ਵਿੱਚ ਖ਼ੂਨ ਦੇ ਰਿਸ਼ਤੇ ਜਾਂ ਯੌਨ ਸੰਬੰਧ ਬਣਾਉਣ ਦੀ ਆਜ਼ਾਦੀ ਹੋ ਸਕਦੀ ਹੈ ਅਤੇ ਕਿਸੇ ਸਮਾਜ ਵਿੱਚ ਨਹੀਂ ਹੋ ਸਕਦੀ। ਕੁਝ ਸਮਾਜਾਂ ਵਿੱਚ ਪਿਤਾ ਅਤੇ ਪੁੱਤਰੀ, ਮਾਤਾ ਅਤੇ ਪੁੱਤਰ, ਭਰਾ ਅਤੇ ਭੈਣ ਦੇ ਵਿਚਕਾਰ ਵਿਆਹ ਸੰਬੰਧਾਂ ਤੇ ਪਾਬੰਧੀ ਹੁੰਦੀ ਹੈ। ਇਨ੍ਹਾਂ ਪਾਬੰਧੀਆਂ ਨੂੰ ਰਿਸ਼ਤੇਦਾਰੀ ਵਿੱਚ ਵਿਆਹ ਪਾਬੰਧੀਆਂ ਦਾ ਨਾਂ ਦਿੱਤਾ ਜਾਂਦਾ ਹੈ। ਕੁਝ ਸਮਾਜਾਂ ਵਿੱਚ ਨੇੜੇ ਦੇ ਸੰਬੰਧਾਂ ਵਿੱਚ ਵਿਆਹ ਦੀ ਆਗਿਆ ਪ੍ਰਦਾਨ ਕੀਤੀ ਜਾਂਦੀ ਹੈ। ਉਦਾਹਰਨ ਦੇ ਲਈ ਕਈ ਸੱਭਿਆਚਾਰਾਂ ਵਿੱਚ ਚਚੇਰੇ ਅਤੇ ਮਮੇਰੇ ਭੈਣ ਭਰਾਵਾਂ ਵਿੱਚ ਵਿਆਹ ਨੂੰ ਰੋਕਿਆ ਨਹੀਂ ਜਾਂਦਾ ਬਲਕਿ ਉਹਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ।



Downloaded from https:// www.studiestoday.com

Downloaded from https:// www.studiestoday.com




## ਅੰਤਰ ਵਿਆਹ

ਇੱਕ ਅਜਿਹੀ ਪ੍ਰਥਾ ਹੈ, ਜਿਸ ਵਿੱਚ ਆਪਣੇ ਸਮਾਜਿਕ ਸਮੂਹ ਵਿੱਚ ਵਿਆਹ ਕੀਤਾ ਜਾਂਦਾ ਹੈ। ਸਮਾਜਿਕ ਸਮੂਹ ਆਪਣੀ ਹੀ ਜਨ ਕਬੀਲਾ ਜਾਤੀ ਜਾਂ ਧਾਰਮਿਕ ਸਮੂਹ ਦਾ ਹੋ ਸਕਦਾ ਹੈ। ਇੱਕ ਧਰਮ ਦੇ ਵਿਅਕਤੀ ਦਾ ਦੂਜੇ ਧਰਮ ਦੇ ਵਿਅਕਤੀ ਨਾਲ਼ ਵਿਆਹ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ। ਜਨਜਾਤੀਆਂ ਵੀ ਅੰਤਰ ਵਿਆਹ ਦੀਆਂ ਸਮਾਜਿਕ ਇਕਾਈਆਂ ਹਨ ਕਿਉਂਕਿ ਆਪਣੀ ਜਨਜਾਤੀ ਤੋਂ ਬਾਹਰ ਵਿਆਹ ਕਰਨ ਦੀ ਪ੍ਰਵਾਨਗੀ ਨਹੀਂ ਹੁੰਦੀ। ਹਿੰਦੂਆਂ ਵਿੱਚ ਜਾਤੀ ਵੀ ਅੰਤਰ ਵਿਆਹ ਸਮੂਹ ਹੈ। ਮੁਸਲਿਮ ਸਮੁਦਾਇ ਵਿੱਚ ਦੋ ਅੰਤਰ ਵਿਆਹ ਸਮੂਹ ਹਨ 'ਸ਼ਿਆ ਅਤੇ ਸੁੰਨੀ' ਈਸਾਈਆਂ ਵਿੱਚ ' ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ' ਅੰਤਰ ਵਿਆਹੀ ਸਮੂਹ ਹਨ।

## ਬਾਹਰੀ ਵਿਆਹ

ਬਾਹਰੀ ਸਮੂਹ ਇੱਕ ਪ੍ਰਥਾ ਹੈ, ਜਿਸ ਵਿੱਚ ਇੱਕ ਵਿਅਕਤੀ ਦੁਆਰਾ ਇੱਕ ਵਿਸ਼ੇਸ਼ ਸਮੂਹ ਜਿਸਦਾ ਉਹ ਮੈਂਬਰ ਹੈ, ਤੋਂ ਬਾਹਰ ਵਿਆਹ ਕਰਦਾ ਹੈ, ਜਿਵੇਂ ਰਿਸ਼ਤੇਦਾਰੀ ਸਮੂਹ, ਇੱਕ ਪਰਿਵਾਰ, ਇੱਕ ਗੋਤ, ਇੱਕ ਪਿੰਡ ਸਮੂਹ ਜਾਂ ਕੋਈ ਸਮਾਜਿਕ ਇਕਾਈ, ਜਿਸ ਨਾਲ਼ ਉਹ ਸੰਬੰਧਿਤ ਹੁੰਦਾ ਹੈ।

ਹਿੰਦੂ ਵਿਆਹ ਵਿੱਚ ਗੋਤਰ ਅਤੇ ਸਪਿੰਡ ਬਾਹਰੀ ਵਿਆਹ ਸਮੂਹ ਹਨ। ਗੋਤਰ ਤੋਂ ਭਾਵ ਪਰਿਵਾਰਾਂ ਦੇ ਅਜਿਹੇ ਸਮੂਹ ਤੋਂ ਹੈ, ਜੋ ਆਪਣੀ ਉਤਪਤੀ ਇੱਕ ਕਾਲਪਨਿਕ ਵੰਸ਼ ਤੋਂ ਮੰਨਦੇ ਹਨ। ਸਪਿੰਡ ਤੋਂ ਭਾਵ ਪਿਤਾ ਦੇ ਵੰਸ਼ ਦੀਆਂ ਸੱਤ ਪੀੜ੍ਹੀਆਂ ਅਤੇ ਮਾਤਾ ਦੇ ਵੰਸ਼ ਦੀਆਂ ਪੰਜ ਪੀੜ੍ਹੀਆਂ ਨਾਲ਼ ਸੰਬੰਧਿਤ ਲੋਕਾਂ ਤੋਂ ਹੈ। ਇੱਕ ਵਿਅਕਤੀ ਨੂੰ ਆਪਣੇ ਹੀ ਗੋਤਰ ਵਿੱਚ ਵਿਆਹ ਕਰਨ ਦੀ ਇਜ਼ਾਜਤ ਨਹੀਂ ਹੁੰਦੀ। ਇਸੇ ਤਰ੍ਹਾਂ ਜੋ ਲੋਕ ਸਮਾਨ ਪਿੰਡ ਜਾਂ ਸਪਿੰਡ ਤੋਂ ਸੰਬੰਧਿਤ ਹੁੰਦੇ ਹਨ ਅੰਤਰ ਵਿਆਹ ਨਹੀਂ ਕਰ ਸਕਦੇ। ਭਾਰਤ ਦੇ ਕੁਝ ਰਾਜਾਂ ਵਿੱਚ ਵਿਸ਼ੇਸ਼ ਰੂਪ ਵਿੱਚ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਗੋਤਰ ਦੇ ਨਿਯਮ (ਵਿਸਤਰਿਤ) ਅਤੇ ਪਿੰਡ ਬਾਹਰੀ ਵਿਆਹ ਦੇ ਨਿਯਮ ਪ੍ਰਚਲਿਤ ਹਨ।




Downloaded from https:// www.studiestoday.com

Downloaded from https:// www.studiestoday.com

ਵਿਅਕਤੀ ਦੁਆਰਾ ਗੋਤਰ ਅਤੇ ਪਿੰਡ ਬਾਹਰੀ ਵਿਆਹ ਦੇ ਨਿਯਮਾਂ ਦਾ ਉਲੰਘਣ ਕਰਨ 'ਤੇ ਉਸ ਨੂੰ ਜਾਤ ਪੰਚਾਇਤ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਪਿੰਡ ਪੰਚਾਇਤਾਂ ਦਾ ਇਕੱਠ ਅਰਥਾਤ ਕਈ ਪਿੰਡਾਂ ਦੀਆਂ ਪੰਚਾਇਤਾਂ ਜਿਨ੍ਹਾਂ ਨੂੰ 'ਖਾਪ ਪੰਚਾਇਤ' ਦਾ ਨਾਂ ਦਿੱਤਾ ਜਾਂਦਾ ਹੈ। ਸਮਾਨ ਪਿੰਡ ਜਾਂ ਸਮਾਨ ਗੋਤਰ ਵਿੱਚ ਵਿਆਹ ਕਰਨ ਦਾ ਵਿਰੋਧ ਕਰਦੇ ਹਨ। ਇਹ ਵਿਰੋਧ ਪਿੰਡਾਂ ਵਿੱਚ ਰਹਿਣ ਵਾਲ਼ੇ ਕਿਸੇ ਇੱਕ ਗੋਤਰ ਸਮੂਹ ਨਾਲ਼ ਹੋ ਸਕਦਾ ਹੈ। ਇਸ ਤਰ੍ਹਾਂ ਦੇ ਪ੍ਰਤੀਬੰਧ ਦਾ ਪ੍ਰਮੁੱਖ ਕਾਰਨ ਪਿੰਡ ਦੇ ਮੈਬਰਾਂ ਵਿੱਚ ਵਿਆਹ ਦਾ ਵਿਰੋਧ ਕਰਨਾ ਸੀ ਕਿਉਂ ਜੋ ਉਨ੍ਹਾਂ ਨੂੰ ਭੈਣ-ਭਰਾ ਜਾਂ ਫਿਰ ਇੱਕ ਸਾਂਝੇ ਪੂਰਵਜ ਦੀ ਸੰਤਾਨ ਮੰਨਿਆ ਜਾਂਦਾ ਹੈ।



**ਅਨੁਲੋਮ** ਇੱਕ ਸਮਾਜਿਕ ਪ੍ਰਥਾ ਹੈ, ਜਿਸ ਵਿੱਚ ਇੱਕ ਉੱਚ ਜਾਤੀ ਦਾ ਲੜਕਾ ਇੱਕ ਨਿਮਨ ਜਾਤੀ ਦੀ ਲੜਕੀ ਨਾਲ ਵਿਆਹ ਕਰ ਸਕਦਾ ਹੈ।

**ਪ੍ਰਤੀਲੋਮ** ਇੱਕ ਅਜਿਹਾ ਵਿਆਹ ਹੈ, ਜਿਸ ਵਿੱਚ ਨੀਵੀਂ ਜਾਤੀ ਦਾ ਲੜਕਾ ਉਚ ਜਾਤੀ ਦੀ ਲੜਕੀ ਨਾਲ ਵਿਆਹ ਕਰਦਾ ਹੈ। ਅਜਿਹੇ ਵਿਆਹਾਂ ਨੂੰ ਪੰਰਪਰਾਗਤ ਭਾਰਤੀ ਸਮਾਜ ਵਿੱਚ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ ਸੀ।

## ਨਿਰਧਾਰਿਤ ਅਤੇ ਪ੍ਰਮਾਣਿਤ ਨਿਯਮ

ਵਿਆਹ ਨਾਲ਼ ਸੰਬੰਧਿਤ ਕੁਝ ਅਜਿਹੇ ਨਿਯਮ ਹਨ ਜੋ ਕੁਝ ਸੰਬੰਧਾਂ ਨੂੰ ਹੋਰ ਸੰਬੰਧਾਂ ਦੀ ਤੁਲਨਾ ਵਿੱਚ ਪਹਿਲ ਦਿੰਦੇ ਹਨ।

1. **ਸਮਾਨਾਂਤਰ ਚਚੇਰੇ/ਮਮੇਰੇ ਵਿਆਹ :** ਇੱਕ ਅਜਿਹਾ ਵਿਆਹ ਜੋ ਦੋ ਭੈਣਾਂ ਜਾਂ ਦੋ ਭਰਾਵਾਂ (ਚਚੇਰੇ ਮਮੇਰੇ ਭੈਣ-ਭਰਾਵਾਂ ਦੇ ਵਿਚਕਾਰ) ਦੀਆਂ ਸੰਤਾਨਾਂ-ਵਿਚਕਾਰ ਹੁੰਦਾ ਹੈ, ਇਸ ਪ੍ਰਕਾਰ ਦੇ ਵਿਆਹ ਮੁਸਲਿਮ ਸਮੁਦਾਇ ਵਿੱਚ ਵਧੇਰੇ ਪ੍ਰਚਲਿਤ ਹਨ।
2. **ਪ੍ਰਤੀਕੂਲ ਚਚੇਰੇ ਮਮੇਰੇ ਵਿਆਹ :** ਅਜਿਹੇ ਵਿਆਹ ਜਿਸ ਵਿੱਚ ਮਾਮੇ ਦੀ ਬੇਟੀ (ਮਾਂ ਦੇ ਭਰਾ ਦੀ ਧੀ) ਜਾਂ ਭੂਆ ਦੀ ਕੁੜੀ ਨਾਲ ਵਿਆਹ ਕੀਤਾ ਜਾਂਦਾ ਹੈ ਇਹ ਵਿਆਹ ਭਾਰਤ ਦੇ ਅਨੇਕ ਭਾਗਾਂ ਸਮੇਤ ਮੱਧ ਪ੍ਰਦੇਸ਼ ਦੀ ਗੌਂਡ ਜਨਜਾਤੀ ਅਤੇ ਝਾਰਖੰਡ ਦੀ ਔਰਾਂ ਅਤੇ ਖਰੀਆ ਜਨਜਾਤੀ ਵਿੱਚ ਪ੍ਰਚਲਿਤ ਸੀ। ਵਿਸ਼ੇਸ਼ ਰੂਪ ਵਿੱਚ ਮਾਮੇ ਦੀ ਕੁੜੀ ਨਾਲ਼ ਵਿਆਹ ਕਰਨਾ ਦੱਖਣ ਭਾਰਤੀ ਹਿੰਦੂਆਂ ਵਿੱਚ ਵਧੇਰੇ ਪ੍ਰਚਲਿਤ ਹੈ।



Downloaded from https:// www.studiestoday.com

Downloaded from https:// www.studiestoday.com

3. **ਦੇਵਰ ਵਿਆਹ :** ਇੱਕ ਅਜਿਹੀ ਪ੍ਰਥਾ ਹੈ, ਜਿਸ ਵਿੱਚ ਇੱਕ ਵਿਧਵਾ ਇਸਤਰੀ ਆਪਣੇ ਮ੍ਰਿਤ ਪਤੀ ਦੇ ਭਰਾ ਨਾਲ ਵਿਆਹ ਕਰਦੀ ਹੈ। ਆਮ ਤੌਰ ਤੇ ਇਹ ਵਿਆਹ ਪਤੀ ਦੇ ਛੋਟੇ ਭਰਾ ਨਾਲ਼ ਕੀਤਾ ਜਾਂਦਾ ਹੈ। ਇਹ ਵਿਆਹ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਅਤੇ ਨੀਲਗਿਰੀ ਦੀਆਂ ਪਹਾੜੀਆਂ ਦੀ ਟੋਡਾ ਜਨਜਾਤੀ ਵਿੱਚ ਪ੍ਰਚਲਿਤ ਹੈ।

4. **ਸਾਲ਼ੀ ਵਿਆਹ :** ਇੱਕ ਅਜਿਹੀ ਪ੍ਰਥਾ ਹੈ, ਜਿਸ ਵਿੱਚ ਇੱਕ ਪਤੀ ਜਿਸਦੀ ਪਤਨੀ ਦਾ ਦਿਹਾਂਤ ਹੋ ਜਾਂਦਾ ਹੈ, ਆਪਣੀ ਮ੍ਰਿਤ ਪਤਨੀ ਦੀ ਛੋਟੀ ਭੈਣ ਨਾਲ਼ ਵਿਆਹ ਕਰਦਾ ਹੈ ਇਹ ਭਾਰਤ ਦੇ ਗੋਂਡ 'ਤੇ ਅਤੇ ਪਾਕਿਸਤਾਨ ਦੇ ਪਖ਼ਤੂਨ ਕਬੀਲੇ ਵਿੱਚ ਪਾਇਆ ਜਾਂਦਾ ਹੈ।

ਹਿੰਦੂ ਸਮਾਜ ਵਿੱਚ ਵਿਆਹ ਨੂੰ ਇੱਕ ਮਹੱਤਵਪੂਰਨ ਧਾਰਮਿਕ ਕਰਤੱਵ ਮੰਨਿਆ ਜਾਂਦਾ ਹੈ। ਹਰੇਕ ਹਿੰਦੂ ਨੂੰ ਧਾਰਮਿਕ ਕਰਤੱਵ ਅਰਥਾਤ ਵਿਆਹ ਕਰਨ ਦੇ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ। ਦੂਜੇ ਪਾਸੇ ਮੁਸਲਿਮ ਸਮੁਦਾਇ ਵਿੱਚ ਵਿਆਹ ਇੱਕ ਸਮਝੌਤਾ ਹੁੰਦਾ ਹੈ ਜਿਸਨੂੰ 'ਨਿਕਾਹ' ਕਹਿੰਦੇ ਹਨ। ਮੁਸਲਿਮ ਵਿਆਹ ਦੇ ਇਕਰਾਰਨਾਮੇ ਨੂੰ ਪਤੀ ਦੀ ਇੱਛਾ ਅਨੁਸਾਰ ਕਦੇ ਵੀ ਸਮਾਪਤ ਕੀਤਾ ਜਾ ਸਕਦਾ ਹੈ।

### ਕਿਰਿਆ 7.2

1. ਕੀ ਤੁਸੀਂ ਵਿਆਹ ਦੇ ਇਸ਼ਤਿਹਾਰ ਦੇਖੇ ਹਨ। ਉਨ੍ਹਾਂ ਵਿੱਚ ਕਿਹੜੀਆਂ ਗੱਲਾਂ ਦਾ ਉਲੇਖ ਕੀਤਾ ਜਾਂਦਾ ਹੈ?
2. ਕੀ ਤੁਸੀਂ ਸੋਚਦੇ ਹੋ ਕਿ ਜੀਵਨ ਸਾਥੀ ਦੀ ਚੋਣ ਕਰਨ ਦੇ ਨਿਯਮ ਅੱਜ ਦੇ ਸਮਾਜ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਆਪਣੇ ਸਿੱਟਿਆਂ ਸਬੰਧੀ ਕਲਾਸ ਵਿੱਚ ਵਿਚਾਰ ਵਟਾਂਦਰਾ ਕਰੋ।

## ਵਿਆਹ ਦੀ ਸੰਸਥਾ ਵਿੱਚ ਤਬਦੀਲੀ

ਉਦਯੋਗੀਕਰਨ, ਸ਼ਹਿਰੀਕਰਨ ਅਤੇ ਸੂਚਨਾਤਕਨੀਕੀ ਦੇ ਨਵੇਂ ਯੁੱਗ ਨੇ ਵਿਆਹ ਦੀ ਪਰੰਪਰਾਗਤ ਸੰਸਥਾ ਵਿੱਚ ਤਬਦੀਲੀ ਲਿਆਂਦੀ ਹੈ। ਮੈਰਿਜ ਬਿਊਰੋ (ਵਿਆਹ ਕੇਂਦਰ), ਰਿਸ਼ਤਿਆਂ ਦੇ ਇਸ਼ਤਿਹਾਰ ਅਤੇ ਕਈ ਵੈਬਸਾਈਟਾਂ, ਸੇਵਾ ਪ੍ਰਦਾਤਾ ਦੇ ਰੂਪ ਵਿੱਚ ਇਹ ਵਿਭਿੰਨ ਏਜੰਸੀਆਂ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਵਿਆਹ ਸਮਾਰੋਹ ਤੇ ਰਸਮਾਂ ਦਾ ਪ੍ਰਬੰਧ ਈਵੈਂਟ ਮੈਨੇਜਰ ਨੂੰ ਸੌਂਪ ਦਿੱਤੇ ਜਾਂਦੇ ਹਨ। ਇਥੋਂ ਤੱਕ ਕਿ ਵਿਆਹ ਸਮਾਰੋਹਾਂ ਵਿੱਚ ਖਰਚ ਕੀਤਾ ਜਾਣ ਵਾਲਾ ਧਨ ਵੀ ਸਮਾਜਿਕ ਪ੍ਰਤਿਸ਼ਠਾ ਦਾ ਹਿੱਸਾ ਬਣ ਗਿਆ ਹੈ। ਵਿਉਪਾਰਕ ਕਿੱਤਿਆਂ ਨੇ ਵਿਆਹ ਦੇ ਪੁਰਾਣੇ ਜਟਿਲ ਪ੍ਰਬੰਧ ਦੀ ਥਾਂ ਲੈ ਲਈ ਹੈ।

ਵਿਆਹ ਦੀਆਂ ਕਿਸਮਾਂ ਵਿੱਚ ਵੀ ਤਬਦੀਲੀ ਆਈ ਹੈ ਅਰਥਾਤ ਬਹੁ ਵਿਆਹ ਦੀ ਤੁਲਨਾ ਵਿੱਚ ਇੱਕ ਵਿਆਹ ਦਾ ਪ੍ਰਚਲਨ ਵਧਿਆ ਹੈ। ਆਧੁਨਿਕ ਯੁਗ ਵਿੱਚ ਇਕ ਵਿਆਹ, ਵਿਆਹ ਦੀ ਸਭ ਤੋਂ ਵੱਧ ਪ੍ਰਚਲਿਤ ਕਿਸਮ ਹੈ। ਅੰਤਰਜਾਤੀ ਵਿਆਹ ਹੁਣ ਆਮ ਹੋ ਰਹੇ ਹਨ ਅਤੇ ਪਰਿਵਾਰ ਅਤੇ ਇਹਨਾਂ ਸਮਾਜ ਦੁਆਰਾ ਪ੍ਰਵਾਨਗੀ ਦਿੱਤੀ ਜਾਂਦੀ ਹੈ। ਵਿਆਹ ਪ੍ਰੇਮ ਤੇ ਆਪਸੀ ਆਕਰਸ਼ਣ 'ਤੇ



Downloaded from https:// www.studiestoday.com

Downloaded from https:// www.studiestoday.com

ਆਧਾਰਿਤ ਹੈ। ਲੜਕੀਆਂ ਨੂੰ ਅੱਜ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਦੀ ਅਜ਼ਾਦੀ ਹੈ ਕਿਉਂਕਿ ਨਵੇਂ ਵਿਚਾਰਾਂ ਨੇ ਉਨ੍ਹਾਂ ਨੂੰ ਇਸ ਚੋਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਕੰਮਕਾਜੀ ਕੁੜੀਆਂ ਨੇ ਵਿਆਹ ਦੇ ਸਬੰਧ ਵਿੱਚ ਆਪਣੇ ਇਸ ਅਧਿਕਾਰ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਕਾਨੂੰਨੀ ਪ੍ਰਤੀਬੰਧਾਂ (ਬਾਲ ਵਿਆਹ ਪ੍ਰਤੀਬੰਧ ਅਧਿਨਿਯਮ 1929) ਦੇ ਅੰਤਰਗਤ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋਂ ਘੱਟ ਅਤੇ ਲੜਕੇ ਦੀ 21 ਸਾਲ ਤੋਂ ਘੱਟ ਉਮਰ ਨੂੰ ਗ਼ੈਰ ਕਾਨੂੰਨੀ ਮੰਨਿਆ ਗਿਆ ਹੈ। ਜੀਵਨ ਸਾਥੀ ਦੀ ਚੋਣ ਵਿੱਚ ਮਾਤਾ-ਪਿਤਾ ਦੀ ਭੂਮਿਕਾ, ਵਿਸ਼ੇਸ਼ ਰੂਪ ਵਿੱਚ ਸ਼ਹਿਰੀ ਖੇਤਰਾਂ ਵਿੱਚ ਘੱਟ ਹੁੰਦੀ ਜਾ ਰਹੀ ਹੈ। ਜਾਤੀ, ਧਰਮ ਅਤੇ ਖੇਤਰੀ ਸੀਮਾਵਾਂ ਦੇ ਬਾਹਰ ਵੀ ਹੁਣ ਜੀਵਨ ਸਾਥੀ ਦੀ ਚੋਣ ਦਾ ਪ੍ਰਚਲਨ ਵਧਿਆ ਹੈ।

ਪੱਛਮੀ ਦੇਸ਼ਾਂ, ਆਧੁਨਿਕ ਸਿੱਖਿਆ ਅਤੇ ਉਦਯੋਗੀਕਰਨ ਦੇ ਪ੍ਰਭਾਵ ਨੇ ਭਾਰਤ ਵਿੱਚ ਵਿਅਕਤੀਵਾਦੀ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ। ਮਹਿਲਾ ਸ਼ਸ਼ਕਤੀਕਰਨ ਅਤੇ ਔਰਤਾਂ ਦੀ ਘਰ ਤੋਂ ਬਾਹਰ ਕੰਮ ਕਰਨ ਦੀ ਭੂਮਿਕਾ ਨੇ ਵਿਆਹ ਸੰਸਥਾ ਵਿੱਚ ਮਹੱਤਵਪੂਰਨ ਤਬਦੀਲੀ ਲਿਆਂਦੀ ਹੈ। ਭਾਵੇਂ ਵਿਆਹ ਟੁੱਟਣ ਦੀ ਦਰ ਵਿਆਹੁਤਾ ਸੰਬੰਧਾਂ ਵਿੱਚ ਅਸਫਲਤਾ ਅਤੇ ਅਸਥਿਰਤਾ ਵਿੱਚ ਵੀ ਵਾਧਾ ਹੋਇਆ ਹੈ। ਇਸਦੇ ਬਾਵਜੂਦ ਵਿਆਹ ਸੰਸਥਾ ਦੇ ਮਹੱਤਵ ਵਿੱਚ ਕਮੀ ਨਹੀਂ ਆਈ ਹੈ।

## ਪਰਿਵਾਰ



ਇੱਕ ਸਰਵਵਿਆਪਕ ਸੰਸਥਾ ਦੇ ਰੂਪ ਵਿੱਚ ਪਰਿਵਾਰ, ਮਨੁੱਖੀ ਸਮਾਜ ਵਿੱਚ ਇੱਕ ਪ੍ਰਮੁੱਖ ਅਤੇ ਮੁੱਢਲਾ ਸਮੂਹ ਮੰਨਿਆ ਜਾਂਦਾ ਹੈ। ਵਿਆਹ ਦੀ ਸੰਸਥਾ ਪਰਿਵਾਰ ਦੇ ਨਿਰਮਾਣ ਦਾ ਆਧਾਰ ਹੈ। ਪਰਿਵਾਰ ਇੱਕ ਮਹੱਤਵਪੂਰਨ ਸੰਸਥਾ ਹੈ ਅਤੇ ਇਸ ਦੁਨੀਆ ਵਿੱਚ ਹਰੇਕ ਵਿਅਕਤੀ ਇੱਕ ਜਾਂ ਦੂਜੇ ਪਰਿਵਾਰ ਦਾ ਹਿੱਸਾ ਹੈ। ਅਸੀਂ ਸਾਰੇ ਪਰਿਵਾਰ ਵਿੱਚ ਜਨਮ ਲੈਂਦੇ ਹਾਂ ਅਤੇ ਪਰਿਵਾਰ ਵਿੱਚ ਹੀ ਵੱਡੇ ਹੁੰਦੇ ਹਾਂ। ਪਰਿਵਾਰ ਵਿਆਹ ਦੇ ਸੰਬੰਧਾਂ ਜਾਂ ਖ਼ੂਨ ਸੰਬੰਧਾਂ ਦੇ ਰਾਹੀਂ ਜੁੜੇ ਵਿਅਕਤੀਆਂ ਤੋਂ ਬਣਦਾ ਹੈ। ਇੱਕ ਛੋਟਾ ਪਰਿਵਾਰ ਪਤੀ-ਪਤਨੀ ਅਤੇ ਉਨ੍ਹਾਂ ਦੇ ਬੱਚਿਆਂ ਜਾਂ ਬੱਚਿਆਂ ਦੇ ਬਿਨਾਂ ਹੋਂਦ ਵਿੱਚ ਆਉਂਦਾ ਹੈ। ਵਿਸ਼ਾਲ ਅਰਥਾਂ ਵਿੱਚ ਇਸ ਤੋਂ ਭਾਵ ਅਨੇਕਾਂ ਪੀੜ੍ਹੀਆਂ ਦੇ ਸਾਰੇ ਰਿਸ਼ਤੇਦਾਰਾਂ ਤੋਂ ਹੈ ਜੋ ਇੱਕ ਦੂਜੇ ਨਾਲ ਖ਼ੂਨ, ਵਿਆਹ ਜਾਂ ਗੋਦ ਲੈਣ ਦੇ ਆਧਾਰ 'ਤੇ ਆਪਸ ਵਿੱਚ ਜੁੜੇ ਹੁੰਦੇ ਹਨ। ਪਰਿਵਾਰ ਦੇ ਮੈਂਬਰ ਹਰੇਕ ਖੇਤਰ ਵਿੱਚ ਇੱਕ ਦੂਜੇ ਨੂੰ ਸਹਿਯੋਗ ਅਤੇ ਸਮਰਥਨ ਪ੍ਰਦਾਨ ਕਰਦੇ ਹਨ।



Downloaded from https:// www.studiestoday.com

Downloaded from https:// www.studiestoday.com

## ਪਰਿਵਾਰ ਦਾ ਮਹੱਤਵ :

ਪਰਿਵਾਰ ਦਾ ਅਧਿਐਨ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਪੁਰਸ਼, ਇਸਤਰੀ ਅਤੇ ਬੱਚਿਆਂ ਨੂੰ ਇੱਕ ਸਥਾਈ ਸੰਬੰਧ ਵਿੱਚ ਬੰਨ੍ਹ ਕੇ ਮਨੁੱਖੀ ਸਮਾਜ ਦੇ ਨਿਰਮਾਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੱਭਿਆਚਾਰ ਦਾ ਸੰਚਾਰ ਪਰਿਵਾਰ ਵਿੱਚ ਹੀ ਹੁੰਦਾ ਹੈ। ਸਮਾਜਿਕ ਪਰਿਮਾਪ, ਪ੍ਰਥਾਵਾਂ, ਰੀਤੀ-ਰਿਵਾਜ ਅਤੇ ਕਦਰਾਂ-ਕੀਮਤਾਂ ਦੇ ਸੰਬੰਧ ਵਿੱਚ ਸੱਭਿਆਚਾਰ ਦੀ ਸਮਝ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਿਤ ਹੁੰਦੀ ਹੈ। ਇੱਕ ਪਰਿਵਾਰ ਜਿਸ ਵਿੱਚ ਬੱਚਾ ਜਨਮ ਲੈਂਦਾ ਹੈ। ਉਸ ਨੂੰ ਜਨਮ ਦਾ ਪਰਿਵਾਰ ਕਹਿੰਦੇ ਹਨ। ਅਜਿਹੇ ਪਰਿਵਾਰ ਨੂੰ ਖ਼ੂਨ ਸੰਬੰਧ ਪਰਿਵਾਰ ਕਿਹਾ ਜਾਂਦਾ ਹੈ। ਜਿਸਦੇ ਮੈਂਬਰ ਖ਼ੂਨ ਦੇ ਸੰਬੰਧਾਂ ਦੇ ਆਧਾਰ 'ਤੇ ਇੱਕ ਦੂਜੇ ਨਾਲ਼ ਜੁੜੇ ਹੁੰਦੇ ਹਨ। ਜਿਵੇਂ ਭਰਾ-ਭੈਣ, ਪਿਤਾ-ਪੁੱਤਰ ਆਦਿ। ਉਹ ਪਰਿਵਾਰ ਜੋ ਵਿਆਹ ਤੋਂ ਬਾਅਦ ਹੋਂਦ ਵਿੱਚ ਆਉਂਦਾ ਹੈ। ਉਸਨੂੰ ਪ੍ਰਜਨਨ ਪਰਿਵਾਰ ਕਹਿੰਦੇ ਹਨ। ਜੋ ਬਾਲਗ ਮੈਂਬਰਾਂ ਤੋਂ ਨਿਰਮਿਤ ਹੁੰਦਾ ਹੈ ਅਤੇ ਜਿਨ੍ਹਾਂ ਵਿੱਚ ਆਪਸੀ ਯੌਨ ਸੰਬੰਧ ਹੁੰਦੇ ਹਨ।

## ਪਰਿਵਾਰ ਦੀਆਂ ਵਿਸ਼ੇਸ਼ਤਾਵਾਂ

1. **ਸਰਵਵਿਆਪਕਤਾ :** ਪਰਿਵਾਰ ਇੱਕ ਸਰਵਵਿਆਪੀ ਇਕਾਈ ਹੈ। ਅਜਿਹਾ ਕੋਈ ਸਮਾਜ ਨਹੀਂ ਹੈ। ਜਿੱਥੇ ਪਰਿਵਾਰ ਦੀ ਸੰਸਥਾ ਦਾ ਕੋਈ ਇੱਕ ਜਾਂ ਦੂਜਾ ਰੂਪ ਨਾ ਮਿਲਦਾ ਹੋਵੇ। ਇਹ ਅਜਿਹੇ ਕਈ ਕੰਮਾਂ ਦਾ ਪਾਲਣ ਕਰਦਾ ਹੈ, ਜੋ ਵਿਅਕਤੀ ਅਤੇ ਸਮਾਜ ਦੇ ਲਈ ਜ਼ਰੂਰੀ ਹਨ। ਪਰਿਵਾਰ ਜੈਵਿਕ, ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਿਕ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਅਤੇ ਮਿਲ਼ਕੇ ਪੂਰਾ ਕਰਦਾ ਹੈ।

2. **ਭਾਵਨਾਤਮਕ ਆਧਾਰ :** ਪਰਿਵਾਰਿਕ ਸੰਬੰਧ ਮਨੁੱਖੀ ਭਾਵਨਾਵਾਂ ਅਤੇ ਭਾਵੁਕਤਾ 'ਤੇ ਆਧਾਰਿਤ ਹਨ ਜਿਵੇਂ ਪ੍ਰੇਮ, ਹਮਦਰਦੀ, ਸਹਿਯੋਗ ਆਦਿ। ਪਰਿਵਾਰ ਦੇ ਮੈਂਬਰ ਇੱਕ ਦੂਜੇ ਨੂੰ ਭਾਵਨਾਤਮਕ ਅਧਾਰ ਤੇ ਸਹਿਯੋਗ ਕਰਦੇ ਹਨ। ਉਹ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਪ੍ਰੇਮ, ਦੇਖਭਾਲ ਅਤੇ ਸੁੱਰਖਿਆ ਪ੍ਰਦਾਨ ਕਰਦੇ ਹਨ ਅਤੇ ਉਹਨਾਂ ਦੇ ਕਲਿਆਣ ਦੇ ਲਈ ਤਿਆਗ ਕਰਨ ਨੂੰ ਤਿਆਰ ਰਹਿੰਦੇ ਹਨ।

3. **ਛੋਟਾ ਆਕਾਰ :** ਪਰਿਵਾਰ ਦਾ ਅਕਾਰ ਆਮ 'ਤੌਰ ਤੇ ਛੋਟਾ ਹੁੰਦਾ ਹੈ ਕਿਉਂਕਿ ਇਹ ਇਕ ਜੈਵਿਕ ਇਕਾਈ ਹੈ, ਜਿਸ ਵਿੱਚ ਉਹਨਾਂ ਵਿਅਕਤੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜੋ ਇਸ ਵਿੱਚ ਜਨਮ ਲੈਂਦੇ ਹਨ ਅਤੇ ਖ਼ੂਨ ਦੇ ਸੰਬੰਧਾਂ ਜਾਂ ਗੋਦ ਰਾਹੀਂ ਇਕ ਦੂਜੇ ਨਾਲ਼ ਬਹੁਤ ਨੇੜਤਾ ਨਾਲ਼ ਜੁੜੇ ਹੁੰਦੇ ਹਨ। ਇਸ ਤਰ੍ਹਾਂ ਇਕ ਪਰਿਵਾਰ ਵਿੱਚ ਮਾਤਾ-ਪਿਤਾ ਅਤੇ ਉਹਨਾਂ ਦੀ ਅਣਵਿਆਹੀ ਸੰਤਾਨ ਸ਼ਾਮਿਲ ਹੁੰਦੀ ਹੈ। ਛੋਟੇ ਆਕਾਰ ਦੇ ਪਰਿਵਾਰ ਵਿੱਚ ਇਕਹਰੇ ਮਾਤਾ ਜਾਂ ਪਿਤਾ ਵਾਲੇ ਪਰਿਵਾਰ ਵੀ ਸ਼ਾਮਿਲ ਹਨ। ਸੌਖੇ ਸ਼ਬਦਾਂ ਵਿੱਚ ਪਰਿਵਾਰ ਦੇ ਵਿੱਚ ਜਾਂ ਤਾਂ ਵਿਆਹ ਸੰਬੰਧ ਜਾਂ ਖ਼ੂਨ ਸੰਬੰਧ ਦੇ ਆਧਾਰ 'ਤੇ ਮੈਂਬਰਸ਼ਿਪ ਪ੍ਰਾਪਤ ਹੁੰਦੀ ਹੈ।

4. **ਕੇਂਦਰੀ ਸਥਾਨ :** ਪਰਿਵਾਰ ਸਾਰੇ ਸਮਾਜਿਕ ਸਮੂਹਾਂ ਦਾ ਕੇਂਦਰ ਹੈ। ਸਮਾਜ ਦੀ ਸੰਪੂਰਨ ਸੰਰਚਨਾ ਦਾ ਨਿਰਮਾਣ ਪਰਿਵਾਰ ਦੇ ਚਾਰੇ ਪਾਸੇ ਹੁੰਦਾ ਹੈ। ਇਹ ਸਮਾਜ ਵਿੱਚ ਵਿਅਕਤੀਆਂ ਦੇ ਲਈ ਸਾਰੇ ਮੁੱਢਲੇ ਕੰਮ ਪੂਰੇ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

**5. ਸਮਾਜਿਕ ਵਿਨਿਯਮ :** ਪਰਿਵਾਰ ਦੇ ਮੈਂਬਰਾਂ ਨੂੰ ਸਮਾਜੀਕਰਨ ਦੀ ਪ੍ਰਕਿਰਿਆ ਦੇ ਰਾਹੀਂ ਸਮਾਜਿਕ ਕਦਰਾਂ - ਕੀਮਤਾਂ ਅਤੇ ਪ੍ਰਥਾਵਾਂ ਦਾ ਪਾਲਨ ਕਰਨ ਦੇ ਲਈ ਸਿਖਲਾਈ ਦਿੱਤੀ ਜਾਂਦੀ ਹੈ। ਪਰਿਵਾਰ ਨੂੰ ਵਿਅਕਤੀ ਅਤੇ ਸਮਾਜ ਵਿਚਕਾਰ ਜੋੜਨ ਦੀ ਕੜੀ ਮੰਨਿਆ ਜਾਂਦਾ ਹੈ। ਪਰਿਵਾਰ ਆਪਣੇ ਮੈਂਬਰਾਂ ਨੂੰ ਸਮਾਜਿਕ ਕਦਰਾਂ-ਕੀਮਤਾਂ ਅਤੇ ਮੁੱਲ ਸਿਖਾ ਕੇ ਉਹਨਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਂਦਾ ਹੈ।

**6. ਸਥਾਈ ਅਤੇ ਅਸਥਾਈ ਸੰਸਥਾ :** ਇੱਕ ਸਰਵਵਿਆਪੀ ਸੰਸਥਾ ਦੇ ਰੂਪ ਵਿੱਚ ਪਰਿਵਾਰ ਆਪਣੀ ਪ੍ਰਕ੍ਰਿਤੀ ਤੋਂ ਉਸ ਸਮੇਂ ਤੱਕ ਸਥਾਈ ਸੰਸਥਾ ਹੈ , ਜਦੋਂ ਤੱਕ ਪਤੀ-ਪਤਨੀ ਇੱਕਠੇ ਰਹਿੰਦੇ ਹਨ। ਪਰ ਇਹ ਇਕ ਅਸਥਾਈ ਸਮੂਹ ਵੀ ਹੈ। ਪਤੀ ਜਾਂ ਪਤਨੀ ਦੀ ਮੌਤ ਜਾਂ ਤਲਾਕ ਤੋਂ ਬਾਅਦ ਪਰਿਵਾਰ ਦੇ ਪੁੱਤਰ ਅਤੇ ਧੀਆਂ ਪਰਿਵਾਰ ਦਾ ਨਾਮ ਅਤੇ ਪਰੰਪਰਾ ਅੱਗੇ ਵਧਾਉਂਦੇ ਹਨ ਅਤੇ ਇਹ ਚੱਕਰ ਨਿਰੰਤਰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਰੀ ਰਹਿੰਦਾ ਹੈ।

**ਗਤੀਵਿਧੀ 7.3**

2011 ਦੀ ਜਨਗਣਨਾ ਦੇ ਅੰਕੜੇ ਇੱਕਠੇ ਕਰਨ ਦੌਰਾਨ ਜਨਗਣਨਾ ਅਧਿਕਾਰੀ ਘਰ-ਘਰ ਗਏ ਅਤੇ ਹਰੇਕ ਪਰਿਵਾਰ ਤੋਂ ਕਈ ਸਵਾਲ ਪੁੱਛੇ। ਉਹ ਕਿਹੜੇ ਸਵਾਲ ਹਨ ਜਿਹੜੇ ਜਨਗਣਨਾ ਸੰਬੰਧੀ ਅੰਕੜੇ ਇੱਕਠੇ ਕਰਨ ਸਮੇਂ ਪਰਿਵਾਰਾਂ ਤੋਂ ਪੁੱਛੇ ਗਏ। ਉਹਨਾਂ ਪ੍ਰਸ਼ਨਾਂ ਦੀ ਇੱਕ ਸੂਚੀ ਬਣਾਓ ਅਤੇ ਵਿਚਾਰ ਵਟਾਂਦਰਾ ਕਰੋ।

## ਪਰਿਵਾਰ ਦੇ ਸਮਾਜਿਕ ਕਾਰਜ

ਪਰਿਵਾਰ ਦਾ ਸਮਾਜ ਵਿੱਚ ਇੱਕ ਕੇਂਦਰੀ ਸਥਾਨ ਹੁੰਦਾ ਹੈ। ਕੁਝ ਕਾਰਜ ਜਿਵੇਂ ਆਰਥਿਕ ਸੇਵਾਵਾਂ ਦਾ ਉਤਪਾਦਨ, ਬੱਚਿਆਂ ਅਤੇ ਰੋਗੀ ਮੈਂਬਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਰਗੇ ਕੰਮ ਪਰਿਵਾਰ ਦੁਆਰਾ ਕੀਤੇ ਜਾਂਦੇ ਹਨ। ਇਸ ਸੰਸਥਾ ਰਾਹੀਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਂਦਾ ਹੈ। ਪਤੀ-ਪਤਨੀ ਜਿਸ ਪਰਿਵਾਰ ਦੀ ਸਥਾਪਨਾ ਕਰਦੇ ਹਨ, ਉਸ ਨੂੰ ਸਮਰਥਨ ਪ੍ਰਦਾਨ ਕਰਨ ਦੇ ਲਈ ਇੱਕਠੇ ਕਾਰਜ ਕਰਦੇ ਹਨ। ਉਹ ਬੱਚਿਆਂ ਦੀ ਜ਼ਰੂਰਤਾਂ ਜਿਵੇਂ ਭੋਜਨ, ਕੱਪੜੇ, ਨਿਵਾਸ, ਸਿੱਖਿਆ, ਡਾਕਟਰੀ ਦੇਖਭਾਲ ਅਤੇ ਮਨੋਰੰਜਨ ਆਦਿ ਸਹੂਲਤਾਂ ਪ੍ਰਦਾਨ ਕਰਦੇ ਹਨ। ਪਰੰਪਰਾਗਤ ਸਮਾਜ ਵਿੱਚ ਕੇਵਲ ਪਤੀ ਹੀ ਰੋਟੀ ਕਮਾਉਂਦਾ ਸੀ ਅਤੇ ਪਤਨੀ ਘਰ ਨੂੰ ਸੰਭਾਲਣ ਦਾ ਕਾਰਜ ਕਰਦੀ ਸੀ, ਪ੍ਰੰਤੂ ਆਧੁਨਿਕ ਸਮੇਂ ਵਿੱਚ ਇਹ ਇਕ ਸਾਧਾਰਨ ਗੱਲ ਬਣ ਗਈ ਹੈ ਕਿ ਪਤੀ ਅਤੇ ਪਤਨੀ ਦੋਨੋਂ ਪਰਿਵਾਰ ਦੀ ਆਮਦਨ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਘਰ ਦੇ ਕੰਮਾਂ ਵਿੱਚ ਵੀ ਦੋਵੇਂ ਸਹਿਯੋਗ ਕਰਦੇ ਹਨ।

ਪਰਿਵਾਰ ਦੇ ਪ੍ਰਮੁੱਖ ਕਾਰਜ ਨਿਮਨਲਿਖਤ ਹਨ।

**1. ਸੰਤਾਨ ਉੱਤਪਤੀ :** ਪਰਿਵਾਰ ਯੌਨ ਸੰਬੰਧਾਂ ਨੂੰ ਨਿਯੰਤਰਨ ਕਰਨ ਦੇ ਲਈ ਇੱਕ ਸੰਸਥਾਗਤ ਢਾਂਚਾ ਪ੍ਰਦਾਨ ਕਰਦਾ ਹੈ। ਬੱਚਿਆਂ ਨੂੰ ਜਨਮ ਦੇਣਾ ਪਰਿਵਾਰ ਦਾ ਸਭ ਤੋਂ ਮਹੱਤਵਪੂਰਨ ਕਾਰਜ ਹੈ ਜੋ ਇਕ ਸਮਾਜ ਅਤੇ ਮਨੁੱਖੀ ਸਮਾਜ ਦੀ ਨਿਰੰਤਰਤਾ ਲਈ ਮਹੱਤਵਪੂਰਨ ਹੈ।

**2. ਪਾਲਣ ਅਤੇ ਪੋਸ਼ਣ :** ਪਰਿਵਾਰ ਦਾ ਕੰਮ ਨਾ ਸਿਰਫ਼ ਬੱਚਿਆਂ ਨੂੰ ਜਨਮ ਦੇਣਾ ਹੈ ਸਗੋਂ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਵੀ ਦੂਜਾ ਮਹੱਤਵਪੂਰਨ ਕਾਰਜ ਹੈ। ਪਰਿਵਾਰ ਵਿੱਚ ਇੱਕ ਨਵਜਾਤ ਬੱਚੇ ਦਾ ਜਨਮ ਲੈਣਾ ਨਾ ਕੇਵਲ ਖੁਸ਼ੀ ਦਿੰਦਾ ਹੈ ਸਗੋਂ ਜ਼ੁੰਮੇਵਾਰੀ ਦੀ ਭਾਵਨਾ ਵੀ ਉਤਪੰਨ ਕਰਦਾ ਹੈ। ਪਰਿਵਾਰ ਨਵਜਾਤ ਬੱਚੇ ਦੀ ਦੇਖਭਾਲ ਕਰਦਾ ਹੈ। ਮਾਂ ਵੀ ਬੱਚੇ ਦੇ ਪਾਲਨ ਪੋਸ਼ਣ ਲਈ ਪਰਿਵਾਰ ਦੇ ਦੂਜੇ ਮੈਂਬਰਾਂ ਤੋਂ ਸਹਿਯੋਗ ਪ੍ਰਾਪਤ ਕਰਦੀ ਹੈ। ਇਸ ਤਰ੍ਹਾਂ ਪਰਿਵਾਰ ਆਪਣੇ ਮੈਂਬਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

**3. ਪਹਿਚਾਣ ਨਿਰਮਾਣ :** ਵਿਅਕਤੀ ਇੱਕ ਪਰਿਵਾਰ ਵਿੱਚ ਇੱਕ ਵਿਸ਼ੇਸ਼ ਪਹਿਚਾਣ ਦੇ ਨਾਲ਼ ਜਨਮ ਲੈਂਦਾ ਹੈ। ਪਰਿਵਾਰ ਵਿਅਕਤੀਆਂ ਦਾ ਇਕ ਅਜਿਹਾ ਸਮੂਹ ਹੈ, ਜੋ ਪ੍ਰਸਥਿਤੀ ਅਤੇ ਭੂਮਿਕਾ ਦੀ ਨਿਸ਼ਚਿਤ ਪ੍ਰਣਾਲੀ ਦੇ ਅੰਦਰ ਇੱਕ ਦੂਜੇ ਨਾਲ਼ ਸੰਬੰਧਿਤ ਹੁੰਦੇ ਹਨ। ਇਕ ਪ੍ਰਸਥਿਤੀ ਜੋ ਵਿਅਕਤੀ ਪਰਿਵਾਰ ਦੇ ਨਾਲ਼ ਜੁੜ ਕੇ ਪ੍ਰਾਪਤ ਕਰਦਾ ਹੈ ਉਹ ਉਸਨੂੰ ਦੂਜੇ ਮੈਂਬਰਾਂ ਨਾਲ਼ ਅੰਤਰ ਕ੍ਰਿਆ ਕਰਨ ਵਿੱਚ ਮੱਦਦ ਕਰਦੀ ਹੈ।

**4. ਸਮਾਜੀਕਰਨ :-** ਪਰਿਵਾਰ ਆਪਣੇ ਮੈਂਬਰਾਂ ਨੂੰ ਸਮਾਜ ਦੇ ਨਿਯਮ ਅਤੇ ਮਾਪਦੰਡ ਸਿੱਖਣ ਵਿੱਚ ਮਦਦ ਕਰਦਾ ਹੈ। ਪਰਿਵਾਰ ਇੱਕ ਸੱਭਿਆਚਾਰ ਦਾ ਹਸਤਾਂਤਰ ਕਰਨ ਵਾਲੀ ਸੰਸਥਾ ਹੈ, ਜੋ ਸਮਾਜ ਦੇ ਨਵੇਂ ਮੈਂਬਰਾਂ ਨੂੰ ਸੱਭਿਆਚਾਰ ਸਿਖਾਉਂਦਾ ਹੈ।

**5. ਸਮਾਜਿਕ ਨਿਯੰਤਰਨ :-** ਪਰਿਵਾਰ ਸਮਾਜਿਕ ਨਿਯੰਤਰਨ ਦੀ ਇੱਕ ਸੰਸਥਾ ਦੇ ਰੂਪ ਵਿੱਚ ਕਾਰਜ ਕਰਦਾ ਹੈ ਜੋ ਬੱਚਿਆਂ ਤੇ ਨਿਯੰਤਰਨ ਰੱਖਦਾ ਹੈ। ਪਰਿਵਾਰ ਦੇ ਵੱਡੇ ਮੈਂਬਰ ਯੁਵਾ ਮੈਂਬਰਾਂ ਦੇ ਵਿਵਹਾਰ ਨੂੰ ਨਿਯੰਤਰਿਤ ਕਰਨ ਦੇ ਲਈ ਸਵੀਕ੍ਰਿਤ ਨਿਯਮਾਂ ਦਾ ਪਾਲਣ ਕਰਵਾਉਂਦੇ ਹਨ।

ਉਪਰੋਕਤ ਮੁੱਢਲੇ ਕੰਮਾਂ ਤੋਂ ਇਲਾਵਾ ਪਰਿਵਾਰ ਵਿੱਚ ਗੌਣ ਕੰਮਾਂ ਅਤੇ ਭੂਮਿਕਾਵਾਂ ਦਾ ਪਾਲਨ ਵੀ ਕਰਦਾ ਹੈ। ਜਿਵੇਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨਾ, ਮੁੱਢਲੀ ਸਿੱਖਿਆ ਪ੍ਰਦਾਨ ਕਰਨਾ, ਧਾਰਮਿਕ ਵਿਸ਼ਵਾਸਾਂ ਨੂੰ ਸੰਚਾਰਿਤ ਕਰਨਾ, ਸਿਹਤ ਦੀ ਦੇਖਭਾਲ ਕਰਨਾ ਅਤੇ ਭਾਵਨਾਤਮਕ ਸੁੱਰਖਿਆ ਪ੍ਰਦਾਨ ਕਰਨਾ ਆਦਿ।

## ਪਰਿਵਾਰ ਦੀਆਂ ਕਿਸਮਾਂ

ਪਰਿਵਾਰ ਨੂੰ ਹੇਠ ਅਨੁਸਾਰ ਪ੍ਰਮੁੱਖ ਆਧਾਰਾਂ ਤੇ ਵੰਡਿਆਂ ਜਾ ਸਕਦਾ ਹੈ।

1. ਮੈਂਬਰਾਂ ਦੀ ਸੰਖਿਆ/ਅਕਾਰ ਦੇ ਅਧਾਰ 'ਤੇ :– ਇਕਹਿਰੇ, ਸੰਯੁਕਤ ਅਤੇ ਵਿਸ਼ਾਲ ਪਰਿਵਾਰ।
2. ਨਿਵਾਸ ਦੇ ਆਧਾਰ 'ਤੇ :– ਪਿੱਤਰ ਸਥਾਨੀ, ਮਾਤਰ ਸਥਾਨੀ ਅਤੇ ਨਵ ਸਥਾਨੀ।
3. ਵੰਸ਼ ਦੇ ਆਧਾਰ 'ਤੇ :– ਪਿੱਤਰ ਵੰਸ਼ੀ, ਮਾਤਰ ਵੰਸ਼ੀ।
4. ਸੱਤਾ ਦੇ ਆਧਾਰ 'ਤੇ : ਪਿੱਤਰ ਪ੍ਰਧਾਨ ਪਰਿਵਾਰ ਅਤੇ ਮਾਤਰੀ ਪ੍ਰਧਾਨ ਪਰਿਵਾਰ।






Downloaded from https:// www.studiestoday.com

Downloaded from https:// www.studiestoday.com

**1. ਮੈਂਬਰਾਂ ਦੀ ਸੰਖਿਆ/ਅਕਾਰ ਦੇ ਅਧਾਰ ਤੇ** : ਅਕਾਰ ਦੇ ਅਧਾਰ 'ਤੇ ਪਰਿਵਾਰ ਇਕਹਿਰੇ, ਸੰਯੁਕਤ ਜਾਂ ਵਿਸ਼ਾਲ ਪ੍ਰਕਾਰ ਦਾ ਹੋ ਸਕਦਾ ਹੈ।

**(ੳ) ਇਕਹਿਰਾ ਪਰਿਵਾਰ** : ਇਸ ਪ੍ਰਕਾਰ ਦਾ ਪਰਿਵਾਰ ਸਾਧਾਰਨ ਰੂਪ ਵਿੱਚ ਸ਼ਹਿਰੀ ਖੇਤਰਾਂ ਵਿੱਚ ਮਿਲ਼ਦਾ ਹੈ। ਜਿਸ ਵਿੱਚ ਪਰਿਵਾਰ ਦਾ ਆਕਾਰ ਛੋਟਾ ਹੁੰਦਾ ਹੈ ਅਤੇ ਜੋ ਪਤੀ, ਪਤਨੀ ਅਤੇ ਉਹਨਾਂ ਦੀ ਅਣਵਿਆਹੀਆਂ ਸੰਤਾਨਾਂ ਤੋਂ ਨਿਰਮਿਤ ਹੁੰਦਾ ਹੈ।

**(ਅ) ਸੰਯੁਕਤ ਪਰਿਵਾਰ** : ਇਸ ਪਰਿਵਾਰ ਦਾ ਆਕਾਰ ਵੱਡਾ ਹੁੰਦਾ ਹੈ ਕਿਉਂਕਿ ਇਹ ਤਿੰਨ ਜਾਂ ਤਿੰਨ ਤੋਂ ਜ਼ਿਆਦਾ ਪੀੜ੍ਹੀਆਂ ਦੇ ਖ਼ੂਨ ਅਤੇ ਵਿਆਹੁਤਾ ਸੰਬੰਧਾਂ ਤੋਂ ਬਣਦਾ ਹੁੰਦਾ ਹੈ। ਪਰਿਵਾਰ ਦੇ ਮੈਂਬਰ ਇੱਕ ਦੂਜੇ ਨੂੰ ਆਰਥਿਕ ਸਹਾਇਤਾ ਅਤੇ ਹੋਰ ਸਹਾਇਤਾ ਪ੍ਰਦਾਨ ਕਰਦੇ ਹਨ ਅਤੇ ਸਾਰੇ ਇੱਕ ਛੱਤ ਦੇ ਥੱਲੇ ਰਹਿੰਦੇ ਹਨ ਅਤੇ ਸਾਂਝੀ ਰਸੋਈ ਦਾ ਪ੍ਰਯੋਗ ਕਰਦੇ ਹਨ।

**(ੲ) ਵਿਸ਼ਾਲ ਪਰਿਵਾਰ** : ਪਰਿਵਾਰ ਦੇ ਇਸ ਰੂਪ ਵਿੱਚ ਪਤੀ-ਪਤਨੀ ਦੇ ਨਾਲ਼ ਕੁਝ ਨੇੜਲੇ ਸੰਬੰਧੀ ਵੀ ਰਹਿੰਦੇ ਹਨ। ਨੇੜਲੇ ਸੰਬੰਧੀਆਂ ਵਿੱਚ ਪਤੀ-ਪਤਨੀ ਦੇ ਇੱਕ ਜਾਂ ਇੱਕ ਤੋਂ ਵੱਧ ਖ਼ੂਨ ਸੰਬੰਧੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪਰਿਵਾਰ ਦਾ ਇਹ ਸਰੂਪ ਇਕਹਿਰੇ ਪਰਿਵਾਰ ਦੇ ਵਿਸ਼ਾਲ ਸਰੂਪ ਵਜੋਂ ਜਾਣਿਆ ਜਾਂਦਾ ਹੈ, ਉਦਾਹਰਨ ਦੇ ਲਈ ਸਾਂਝਾ ਵਪਾਰ ਜਾਂ ਸਾਂਝੀ ਸੰਪਤੀ ਦੇ ਕਾਰਨ ਭਰਾਵਾਂ ਦਾ ਇੱਕਠੇ ਰਹਿਣਾ।



ਇਕਾਕੀ ਪਰਿਵਾਰ



ਸੰਯੁਕਤ ਪਰਿਵਾਰ



ਵਿਸ਼ਾਲ ਪਰਿਵਾਰ

**2. ਨਿਵਾਸ ਦੇ ਅਧਾਰ 'ਤੇ** : ਪਤੀ ਅਤੇ ਪਤਨੀ ਦੇ ਨਿਵਾਸ ਸਥਾਨ ਦੇ ਆਧਾਰ 'ਤੇ ਪਿੱਤਰ ਸਥਾਨੀ, ਮਾਤਰੀ ਸਥਾਨੀ ਜਾਂ ਨਵ ਸਥਾਨੀ ਪਰਿਵਾਰਾਂ ਦੀ ਚਰਚਾ ਕੀਤੀ ਜਾ ਸਕਦੀ ਹੈ।

**(ੳ) ਪਿੱਤਰ ਸਥਾਨੀ** : ਨਿਵਾਸ ਦੇ ਇਸ ਨਿਯਮ ਦੇ ਅੰਤਰਗਤ ਨਵ ਵਿਆਹਿਆ ਜੋੜਾ ਵਿਆਹ ਦੇ ਬਾਅਦ ਵਰ ਦੇ ਮਾਤਾ-ਪਿਤਾ ਦੇ ਘਰ ਰਹਿੰਦਾ ਹੈ। ਇਹ ਕਿਸਮ ਭਾਰਤੀ ਪਰਿਵਾਰਾਂ ਵਿੱਚ ਪਾਈ ਗਈ ਹੈ।



Downloaded from https:// www.studiestoday.com

Downloaded from https:// www.studiestoday.com

**(ਅ) ਮਾਤਰ ਸਥਾਨੀ :** ਨਿਵਾਸ ਦੇ ਇਸ ਨਿਯਮ ਦੇ ਅੰਤਰਗਤ ਨਵ ਵਿਆਹਿਆ ਜੋੜਾ ਪਤਨੀ ਦੇ ਮਾਤਾ-ਪਿਤਾ ਦੇ ਘਰ ਵਿੱਚ ਨਿਵਾਸ ਕਰਦਾ ਹੈ। ਇਹ ਕਿਸਮ ਉੱਤਰ ਪੂਰਵੀ ਕਬੀਲਾ ਜਿਵੇਂ ਕਿ ਗਾਰੋ ਅਤੇ ਮੇਘਾਲਿਆ ਦੀ ਖਾਸੀ ਕਬੀਲੇ ਵਿੱਚ ਪ੍ਰਚਲਿਤ ਹੈ।

**(ੲ) ਨਵ ਸਥਾਨੀ :** ਇਸਦੇ ਅੰਤਰਗਤ ਨਵ ਵਿਆਹਿਆ ਜੋੜਾ ਨਵੇਂ ਘਰ ਵਿੱਚ ਮਾਤਾ-ਪਿਤਾ ਤੋਂ ਵੱਖਰੇ ਅਤੇ ਸੁਤੰਤਰ ਰੂਪ ਵਿੱਚ ਰਹਿੰਦੇ ਹਨ। ਇਹ ਕਿਸਮ ਪੱਛਮੀ ਦੇਸ਼ਾਂ ਅਤੇ ਭਾਰਤ ਦੇ ਸ਼ਹਿਰੀ ਖੇਤਰਾਂ ਵਿੱਚ ਪ੍ਰਚਲਿਤ ਹੈ।

**3. ਵੰਸ਼ ਦੇ ਆਧਾਰ 'ਤੇ :** ਵੰਸ਼ ਦੇ ਆਧਾਰ 'ਤੇ ਪਰਿਵਾਰ ਨੂੰ ਪਿੱਤਰ ਵੰਸ਼ੀ ਅਤੇ ਮਾਤਰ ਵੰਸ਼ੀ ਵਿੱਚ ਵੰਡ ਸਕਦੇ ਹਾਂ।

**(ੳ) ਪਿੱਤਰ ਵੰਸ਼ੀ :** ਜਦੋਂ ਪੂਰਵਜਾਂ ਦਾ ਨਿਰਧਾਰਨ ਪਿਤਾ ਦੇ ਵੰਸ਼ ਤੋਂ ਹੁੰਦਾ ਹੈ ਅਰਥਾਤ ਜਦੋਂ ਵੰਸ਼ ਦਾ ਨਿਰਧਾਰਨ ਪੁਰਸ਼ ਵਾਲੇ ਪਾਸੇ ਤੋਂ ਹੁੰਦਾ ਹੈ ਤਾਂ ਉਸ ਨੂੰ ਪਿੱਤਰ ਵੰਸ਼ੀ ਪਰਿਵਾਰ ਕਹਿੰਦੇ ਹਨ ਇਸ ਵੰਸ਼ ਪ੍ਰਣਾਲੀ ਵਿੱਚ ਪੁੱਤਰ ਆਪਣੇ ਪਿਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਾਧਾਰਨ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ ਸੰਸਾਰ ਵਿੱਚ ਪਿੱਤਰ ਵੰਸ਼ੀ ਪਰਿਵਾਰ ਪਾਏ ਜਾਂਦੇ ਹਨ।

**(ਅ) ਮਾਤਰ ਵੰਸ਼ੀ :** ਜਦੋਂ ਪੂਰਵਜਾਂ ਦਾ ਨਿਰਧਾਰਨ ਮਾਤਾ ਦੇ ਵੰਸ਼ ਤੋਂ ਹੁੰਦਾ ਹੈ ਤਾਂ ਉਸਨੂੰ ਮਾਤਰ ਵੰਸ਼ੀ ਪਰਿਵਾਰ ਕਹਿੰਦੇ ਹਨ। ਮਾਤਰ ਵੰਸ਼ੀ ਪ੍ਰਣਾਲੀ ਵਿੱਚ ਧੀਆਂ ਆਪਣੀ ਮਾਤਾ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਦੂਜੇ ਸ਼ਬਦਾਂ ਵਿੱਚ, ਜੇਕਰ ਕੋਈ ਬੱਚਾ ਕਿਸੇ ਸੱਭਿਆਚਾਰ ਵਿੱਚ ਆਪਣੀ ਮਾਂ ਦਾ ਉਪਨਾਮ ਪ੍ਰਾਪਤ ਕਰਦਾ ਹੈ, ਆਪਣੇ ਪਿਤਾ ਦਾ ਨਹੀਂ ਤਾਂ ਉਸਨੂੰ ਮਾਤਰ ਵੰਸ਼ੀ ਪੰਰਪਰਾ ਕਹਿੰਦੇ ਹਨ।

**5. ਸੱਤਾ ਦੇ ਅਧਾਰ 'ਤੇ :** ਸੱਤਾ ਦੇ ਅਧਾਰ 'ਤੇ ਪਰਿਵਾਰ ਪਿੱਤਰੀ ਸਤਾਤਮਕ ਅਤੇ ਮਾਤਰੀ ਸੱਤਾਤਮਕ ਵਿੱਚ ਵੰਡ ਸਕਦੇ ਹਾਂ।

**(ੳ) ਪਿੱਤਰੀ ਸੱਤਾਤਮਕ :** ਇਸ ਕਿਸਮ ਦੇ ਪਰਿਵਾਰ ਵਿੱਚ ਪੁਰਸ਼ ਦੇ ਕੋਲ ਪਰਿਵਾਰ ਦੀ ਪ੍ਰਮੁੱਖ ਸੱਤਾ ਹੁੰਦੀ ਹੈ। ਉਹ ਰਸਮੀ ਪ੍ਰਮੁੱਖ ਹੁੰਦਾ ਹੈ ਅਤੇ ਪਰਿਵਾਰ ਦੀ ਨਿਯੰਤਰਨ ਸ਼ਕਤੀ ਉਸਦੇ ਹੱਥ ਵਿੱਚ ਹੁੰਦੀ ਹੈ। ਇਹ ਇਕ ਅਜਿਹਾ ਪਰਿਵਾਰ ਹੈ ਜਿਥੇ ਪਿਤਾ ਦੇ ਕੋਲ ਸੱਤਾ ਹੁੰਦੀ ਹੈ ਅਤੇ ਪਰਿਵਾਰ ਦਾ ਹਰੇਕ ਮੈਂਬਰ ਉਸਦੇ ਨਿਯਮਾਂ ਦਾ ਪਾਲਣ ਕਰਦਾ ਹੈ ਜਾਂ ਉਸ ਤੋਂ ਆਗਿਆ ਪ੍ਰਾਪਤ ਕਰਦਾ ਹੈ। ਇਹ ਸਰੂਪ ਅਨੇਕ ਸਭਿਆਚਾਰ ਵਿੱਚ ਵਿਸ਼ੇਸ਼ ਰੂਪ ਵਿੱਚ ਪੰਰਪਰਾਗਤ ਭਾਰਤੀ ਪਰਿਵਾਰਾਂ ਅਤੇ ਚੀਨ ਦੇ ਪਰਿਵਾਰਾਂ ਵਿੱਚ ਪਾਏ ਜਾਂਦੇ ਹਨ।

**(ਅ) ਮਾਤਰੀ ਸੱਤਾਤਮਕ :** ਮਾਤਰੀ ਸੱਤਾਤਮਕ ਇਕ ਅਜਿਹੀ ਸਮਾਜਿਕ ਪ੍ਰਣਾਲੀ ਹੈ ਜਿਸ ਵਿੱਚ ਪਰਿਵਾਰ ਅਤੇ ਰਾਜਨੀਤਿਕ ਸੱਤਾ ਇਸਤਰੀਆਂ ਦੇ ਹੱਥ ਵਿੱਚ ਹੁੰਦੀ ਹੈ। ਪਰਿਵਾਰ ਦੇ ਇਸ ਕਿਸਮ ਵਿੱਚ ਮਾਂ ਦੀ ਸੱਤਾ ਉੱਤਮ ਹੈ ਅਤੇ ਸਾਰੀ ਸ਼ਕਤੀ ਅਤੇ ਪ੍ਰਭਾਵ ਉਸਦੇ ਹੱਥ ਵਿੱਚ ਹੁੰਦਾ ਹੈ। ਉਹ ਪਰਿਵਾਰ ਦੀ ਕੇਂਦਰੀ ਇਕਾਈ ਹੁੰਦੀ ਹੈ। ਭਾਰਤ ਵਿੱਚ ਕੇਰਲ ਦੇ ਨਾਯਰ ਅਤੇ



Downloaded from https:// www.studiestoday.com

Downloaded from https:// www.studiestoday.com

ਉੱਤਰ ਪੂਰਵ ਵਿੱਚ ਮੇਘਾਲਿਆ ਦੀ ਗਾਰੋ ਅਤੇ ਖਾਸੀ ਕਬੀਲਿਆਂ ਵਿੱਚ ਇਹ ਕਿਸਮ ਪ੍ਰਚਲਿਤ ਹੈ।

## ਪਰਿਵਾਰ ਪ੍ਰਣਾਲੀ ਵਿੱਚ ਪਰਿਵਰਤਕ

ਪਰਿਵਾਰ ਸੰਸਥਾ ਵਿੱਚ ਸਮੁੱਚੇ ਵਿਸ਼ਵ ਵਿੱਚ ਪਰਿਵਰਤਨ ਹੋ ਰਹੇ ਹਨ। ਉਦਯੋਗੀਕਰਨ, ਸ਼ਹਿਰੀਕਰਨ, ਪੱਛਮੀਕਰਨ ਅਤੇ ਆਧੁਨਿਕ ਸਿੱਖਿਆ ਕੁੱਝ ਅਜਿਹੇ ਕਾਰਕ ਹਨ, ਜਿਨ੍ਹਾ ਨੇ ਪਰਿਵਾਰ ਦੀ ਸੰਰਚਨਾ ਅਤੇ ਕਾਰਜਾਂ ਦੋਹਾਂ ਵਿੱਚ ਪਰਿਵਰਤਨ ਲਿਆਂਦੇ ਹਨ। ਪਰਿਵਾਰ ਦੇ ਅਕਾਰ ਅਤੇ ਅੰਤਰ ਸੰਬੰਧਾਂ ਵਿੱਚ ਮਹੱਤਵਪੂਰਨ ਪਰਿਵਰਤਨ ਹੋਏ ਹਨ। ਇਸਦੇ ਨਾਲ ਹੀ ਆਧੁਨਿਕ ਯੁੱਗ ਵਿੱਚ ਇਸਦੀ ਭੂਮਿਕਾ ਵਿੱਚ ਵੀ ਅਨੇਕ ਪਰਿਵਰਤਨ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਅਨੁਸਾਰ ਹੈ।

1. **ਛੋਟੇ ਪਰਿਵਾਰ :** ਸ਼ਹਿਰੀਕਰਨ 'ਤੇ ਉਦਯੋਗੀਕਰਨ ਦੇ ਕਾਰਨ ਪਰਿਵਾਰ ਦਾ ਆਕਾਰ ਸੁੰਗੜ ਗਿਆ ਹੈ ਅਤੇ ਸਾਧਾਰਨ ਤੌਰ 'ਤੇ ਪਤੀ-ਪਤਨੀ ਅਤੇ ਉਹਨਾਂ ਦੀ ਅਣਵਿਆਹੀ ਸੰਤਾਨ ਤੱਕ ਸੀਮਿਤ ਹੋ ਗਿਆ ਹੈ। ਅਰਥਾਤ ਸੰਯੁਕਤ ਪਰਿਵਾਰ ਪ੍ਰਣਾਲੀ ਹੌਲ਼ੀ-ਹੌਲ਼ੀ ਇਕਹਿਰੇ ਪਰਿਵਾਰਾਂ ਵਿੱਚ ਪਰੀਵਰਤਿਤ ਹੁੰਦੀ ਜਾ ਰਹੀ ਹੈ। ਕਿਉਂਕਿ ਨੌਜਵਾਨ ਪੀੜ੍ਹੀ ਆਪਣੇ ਜੀਵਨ ਵਿੱਚ ਬਜ਼ੁਰਗਾਂ ਜਾਂ ਵੱਡਿਆਂ ਦੀ ਦਖਲ ਅੰਦਾਜ਼ੀ ਪਸੰਦ ਨਹੀਂ ਕਰਦੀ।
2. **ਲੋਕਤੰਤਰੀਕਰਨ :** ਪਰਿਵਾਰ ਵਧੇਰੇ ਸਮਾਨਤਾਵਾਦੀ ਅਤੇ ਲੋਕਤੰਤਰੀ ਹੋ ਗਏ ਹਨ। ਜਿਵੇਂ-ਜਿਵੇਂ ਇਕਹਿਰੇ ਪਰਿਵਾਰਾਂ ਦੀ ਸੰਖਿਆ ਵਿਚ ਵਾਧਾ ਹੋ ਰਿਹਾ ਹੈ, ਪਰਿਵਾਰ ਵਿਚ ਪੈਦਾ ਹੋਣ ਵਾਲੀਆਂ ਸੱਮਸਿਆਵਾਂ 'ਤੇ ਪਤੀ-ਪਤਨੀ ਚਰਚ ਕਰਕੇ ਫੈਸਲਾ ਲੈਂਦਾ ਹਨ। ਸਾਂਝੇ ਤੌਰ 'ਤੇ ਫੈਸਲੇ ਲੈਣ ਦੀ ਪ੍ਰਕਿਰਿਆ ਲੋਕਤੰਤਰੀ ਪਰਿਵਾਰ ਦੀ ਵਿਸ਼ੇਸ਼ਤਾ ਹੈ।
3. **ਪਰਿਵਾਰ ਦੀ ਵੰਡ :** ਪੀੜ੍ਹੀਆਂ ਦੇ ਅੰਤਰ ਕਾਰਨ ਉਤਪੰਨ ਸੰਘਰਸ਼ ਨਾਲ਼ ਨੌਜਵਾਨ ਪੀੜ੍ਹੀ ਵੱਖਰਾ ਰਹਿਣਾ ਪਸੰਦ ਕਰਦੀ ਹੈ।
4. **ਕਮਜ਼ੋਰ ਨਾਤੇਦਾਰੀ ਸੰਬੰਧ :** ਪਰਿਵਾਰ ਦੇ ਮੈਂਬਰ ਸਵੈ ਨਿਰਭਰ ਅਤੇ ਸਵੈ ਕੇਂਦਰਿਤ ਹੋ ਗਏ ਹਨ। ਇਸ ਲਈ ਨਾਤੇਦਾਰੀ ਸੰਬੰਧ ਪਰਿਵਾਰਾਂ ਵਿੱਚ ਅੱਜ ਪੁਰਾਣੇ ਸਮਿਆਂ ਵਾਂਗ ਮਜਬੂਤ ਨਹੀਂ ਹਨ। ਭਾਵਨਾਤਮਕ ਸੰਬੰਧ ਕਮਜ਼ੋਰ ਹੋ ਰਹੇ ਹਨ ਅਤੇ ਪਰਿਵਾਰ ਵਧੇਰੇ ਵਿਅਕਤੀਵਾਦੀ ਹੁੰਦੇ ਜਾ ਰਹੇ ਹਨ।
5. **ਇਸਤਰੀਆਂ ਦੀ ਭੂਮਿਕਾ ਵਿੱਚ ਪਰਿਵਰਤਨ:** ਵਿਆਹ ਦੀ ਉਮਰ ਵਿੱਚ ਦੇਰੀ ਹੋਣਾ, ਆਰਥਿਕ ਆਤਮ ਨਿਰਭਰਤਾ ਅਤੇ ਪਰਿਵਾਰ ਦੇ ਮੁਖੀਆਂ ਵਿੱਚ ਵਾਧਾ ਹੋਣਾ ਆਦਿ ਅਜਿਹੇ ਕਾਰਨ ਹਨ, ਜਿੰਨ੍ਹਾਂ ਨਾਲ਼ ਇਸਤਰੀਆਂ ਦੀ ਸੋਚ ਅਤੇ ਪਰਿਵਾਰ ਵਿੱਚ ਉਹਨਾਂ ਦੀ ਭੂਮਿਕਾ ਵਿੱਚ ਵਿਆਪਕ ਪਰਿਵਰਤਨ ਹੋਏ ਹਨ। ਭਾਵੇਂ ਪਰਿਵਾਰ ਵਿੱਚ ਵਿਆਹ, ਮਾਂ ਦੀ ਭੂਮਿਕਾ ਵਾਲ਼ੀਆਂ ਇਸਤਰੀਆਂ ਦੇ ਜੀਵਨ ਦਾ ਇੱਕ ਹਿਸਾ ਬਣਿਆ ਹੋਇਆ ਹੈ ਪਰ ਇਸਤਰੀਆਂ ਅਪਣੀ ਭੂਮਿਕਾ ਨੂੰ ਵਧੇਰੇ ਸਵੈ-ਮਾਣ ਅਤੇ ਆਤਮ ਨਿਰਭਰਤਾ ਨਾਲ਼ ਪੁਨਰ ਪਰਿਭਾਸ਼ਤ ਕਰ ਰਹੀਆਂ ਹਨ।
6. **ਕਾਰਜ ਅਤੇ ਭੂਮਿਕਾਵਾਂ ਵਿੱਚ ਪਰਿਵਰਤਨ :** ਇੱਕ ਵੱਡੇ ਪਰਿਵਾਰ ਦੁਆਰਾ ਨਿਭਾਏ ਜਾਣ ਵਾਲ਼ੇ ਕੰਮ ਅੱਜ ਕੱਲ੍ਹ ਬਾਹਰਲੀਆਂ ਏਜੰਸੀਆਂ ਨੇ ਅਪਣਾ ਲਏ ਹਨ। ਜਿਵੇਂ ਕਰੈੱਚ, ਡੇ ਕੇਅਰ ਸੈਂਟਰ, ਓਲਡ ਏਜ਼ ਹੋਮ, ਇਸ ਪਰਿਵਰਤਨ ਦੇ ਕੁਝ ਉਦਾਹਰਨ ਹਨ।



Downloaded from https:// www.studiestoday.com

Downloaded from https:// www.studiestoday.com

**7. ਵਿਆਹ ਟੁੱਟਣ ਵਿੱਚ ਵਾਧਾ :** ਹੁਣ ਪਤੀ-ਪਤਨੀ ਦਾ ਅਲੱਗ ਹੋਣਾ ਅਤੇ ਤਲਾਕ ਸਾਧਾਰਨ ਜਿਹੀ ਗੱਲ ਹੋ ਗਈ ਹੈ, ਜੋ ਅਸਥਿਰਤਾ ਪੈਦਾ ਕਰਦੀ ਹੈ। ਇਸ ਨਾਲ਼ ਪਰਿਵਾਰ ਦੇ ਢਾਂਚੇ ਅਤੇ ਕੰਮਾਂ ਵਿਚ ਪਰਿਵਰਤਨ ਹੋਇਆ ਹੈ।

**8. ਪਰਿਵਾਰ ਦੇ ਨਵੇਂ ਸਰੂਪਾਂ ਦੀ ਉੱਤਪਤੀ :** ਵਿਆਹ ਅਤੇ ਸੰਬੰਧਾਂ ਦੇ ਨਵੇਂ ਸਰੂਪ ਉਤਪੰਨ ਹੋਏ ਹਨ। ਇਸਨੇ ਪਰਿਵਾਰ ਨੂੰ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਸਹਿ-ਜੀਵਨ-ਸੰਬੰਧ (Live-in-relationship) ਜਿੱਥੇ ਜੋੜੇ, ਬਿਨਾ ਵਿਆਹ ਦੇ ਇਕੱਠੇ ਰਹਿੰਦੇ ਹਨ, ਇਸ ਤਰ੍ਹਾਂ ਦਾ ਰੁਝਾਨ ਸ਼ਹਿਰੀ ਖੇਤਰਾਂ ਵਿਚ ਵੱਧ ਰਿਹਾ ਹੈ।

ਪਰਿਵਾਰ ਦੇ ਢਾਂਚੇ ਤੇ ਕੰਮਾਂ ਵਿਚ ਤਬਦੀਲੀ ਹੋਣ ਦੇ ਬਾਵਜੂਦ, ਪਰਿਵਾਰ ਬੱਚਿਆਂ ਦੇ ਸਮਾਜੀਕਰਨ ਤੇ ਪਰਿਵਾਰ ਦੇ ਮੈਂਬਰ ਨੂੰ, ਭਾਵਾਤਮਕ ਸਹਾਰਾ ਦੇਣ ਵਿਚ ਮਦਦ ਕਰਦਾ ਹੈ। ਅੱਜ ਵੀ ਪਰਿਵਾਰ ਸਾਰੇ ਸਮਾਜਾਂ ਦੀ ਮੁੱਢਲੀ ਇਕਾਈ ਹੈ।

**ਨਾਤੇਦਾਰੀ ਜਾਂ ਸਾਂਝੇਦਾਰੀ :** ਵਿਆਹ ਪਰਿਵਾਰ ਤੇ ਸਾਂਝੇਦਾਰੀ ਅਰਥਾਤ ਇੰਨ੍ਹਾਂ ਤਿੰਨ ਧਾਰਨਾਵਾਂ ਦਾ ਸਮੂਹ ਪਰਿਵਾਰਿਕ ਸੰਬੰਧਾਂ ਦਾ ਵਿਸ਼ਾਲ ਰੂਪ ਹੈ। ਪਰਿਵਾਰਿਕ ਸੰਬੰਧ ਨਾਤੇਦਾਰੀ ਸੰਬੰਧਾਂ ਦੇ ਇਕ ਵਿਸ਼ਾਲ ਸਮੂਹ ਦਾ ਹੀ ਇੱਕ ਸਰੂਪ ਹੈ। ਹਰੇਕ ਸਮਾਜ ਵਿੱਚ ਨਾਤੇਦਾਰੀ ਸੰਬੰਧਾਂ ਦੀ ਮੁੱਢਲੀ ਮਹੱਤਤਾ ਹੁੰਦੀ ਹੈ। ਸੰਬੰਧਾਂ ਦੀ ਸਮਾਜਿਕ ਪਹਿਚਾਣ, ਪ੍ਰਜਨਨ ਜਾਂ ਗੋਦ ਸੰਬੰਧਾਂ ਦੇ ਅਧਾਰ 'ਤੇ ਉਸਾਰੀ ਜਾਂਦੀ ਹੈ। ਇਹ ਸਭ ਤੋਂ ਪ੍ਰਾਚੀਨ ਅਤੇ ਲੰਬੇ ਸਮੇਂ ਦੇ ਸਮਾਜਿਕ ਸੰਬੰਧ ਹੁੰਦੇ ਹਨ। ਨਾਤੇਦਾਰੀ ਪ੍ਰਣਾਲੀ ਵਿਅਕਤੀਆਂ ਦਾ ਇੱਕ ਅਸੰਰਚਿਤ ਇੱਕਠ ਨਹੀਂ ਹੈ ਇਹ ਪਰਿਵਾਰ ਵਿੱਚ ਵਿਅਕਤੀਆਂ ਵਿਚਕਾਰ ਸੰਬੰਧਾਂ ਦੀ ਇੱਕ ਸੰਗਠਿਤ ਪ੍ਰਣਾਲੀ ਹੈ। ਮਨੁੱਖ ਵਿਗਿਆਨਿਕ ਨਾਤੇਦਾਰੀ ਪ੍ਰਣਾਲੀ ਨੂੰ ਸਮਾਜਿਕ ਢਾਂਚੇ ਦਾ ਇੱਕ ਅੰਗ ਮੰਨਦੇ ਹਨ ਅਤੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੇ ਰੂਪ ਵਿੱਚ ਇਸਦੇ ਅਧਿਐਨ 'ਤੇ ਜ਼ੋਰ ਦਿੰਦੇ ਹਨ।

## ਨਾਤੇਦਾਰੀ ਦੀਆਂ ਕਿਸਮਾਂ :

**ਸੰਬੰਧਾਂ ਦੇ ਆਧਾਰ 'ਤੇ :** ਨਾਤੇਦਾਰੀ ਸਮੂਹ ਦੇ ਮੈਂਬਰ ਇਕ ਦੂਜੇ ਨਾਲ਼ ਖ਼ੂਨ, ਵਿਆਹ ਜਾਂ ਗੋਦ ਸੰਬੰਧਾਂ ਦੇ ਅਧਾਰ ਤੇ ਜੁੜੇ ਹੁੰਦੇ ਹਨ। ਇਸ ਅਧਾਰ 'ਤੇ ਸਮਾਜਿਕ ਸੰਬੰਧ ਦੀ ਪ੍ਰਕਿਰਤੀ ਨਿਰਧਾਰਿਤ ਹੁੰਦੀ ਹੈ, ਜੋ ਮੈਂਬਰਾਂ ਨੂੰ ਇੱਕ ਦੂਜੇ ਦੇ ਨਜ਼ਦੀਕ ਲਿਆਉਂਦੀ ਹੈ। ਸਮਾਜਿਕ ਸਮੂਹ ਵਿਵਾਹਿਕ, ਖ਼ੂਨ ਸੰਬੰਧ ਅਤੇ ਕਾਲਪਨਿਕ ਸੰਬੰਧਾਂ ਦੇ ਆਧਾਰ 'ਤੇ ਹੀ ਬਣਦੇ ਹਨ।

**ਵਿਆਹ ਨਾਲ਼ ਸੰਬੰਧਿਤ ਨਾਤੇਦਾਰੀ :** ਇਸ ਨਾਤੇਦਾਰੀ ਵਿੱਚ ਮੈਂਬਰ ਵਿਆਹ ਦੇ ਆਧਾਰ 'ਤੇ ਇੱਕ ਦੂਜੇ ਨਾਲ਼ ਸੰਬੰਧਿਤ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਪਤੀ-ਪਤਨੀ, ਸੱਸ, ਸਹੁਰਾ, ਜਵਾਈ ਆਦਿ।

**ਖ਼ੂਨ ਨਾਲ਼ ਸੰਬੰਧਿਤ ਨਾਤੇਦਾਰੀ :** ਇਸ ਵਿਚ ਮੈਂਬਰ ਇੱਕ ਦੂਜੇ ਨਾਲ਼ ਖ਼ੂਨ ਸੰਬੰਧ 'ਤੇ ਅਧਾਰਿਤ ਹਨ। ਇਸਨੂੰ ਖ਼ੂਨ ਸੰਬੰਧ ਕਿਹਾ ਜਾਂਦਾ ਹੈ, ਜਿਵੇਂ ਪਿਤਾ, ਮਾਤਾ, ਲੜਕੀ, ਭਰਾ ਆਦਿ। ਇਸ ਤਰ੍ਹਾਂ ਇਹ ਸੰਬੰਧ ਸਾਂਝੇ ਪੂਰਵਜ ਅਤੇ ਸਾਂਝੇ ਵੰਸ਼ ਦਾ ਨਿਰਮਾਣ ਕਰਦੇ ਹਨ। ਇਹ ਸੰਬੰਧ ਦਸਦੇ ਹਨ ਕਿ ਕਿਵੇਂ ਸਮਾਜਿਕ ਸੰਪਰਕ ਅਤੇ ਇਹਨਾਂ ਦੀ ਪਹਿਚਾਨ ਮਹੱਤਵਪੂਰਨ ਹੁੰਦੀ ਹੈ। ਇੱਕ ਬੱਚੇ ਨੂੰ ਗੋਦ ਲੈਣ ਰਾਹੀਂ ਚੋਣ ਕਰਨ ਦਾ ਉਦਾਹਰਨ ਸਮਾਜਿਕ ਪਹਿਚਾਨ ਦੇ ਰਿਸ਼ਤੇਦਾਰੀ ਦੇ ਨਿਯਮਾਂ ਦੀ ਉਲੰਘਣਾ ਹੈ।

**ਕਾਲਪਨਿਕ ਨਾਤੇਦਾਰੀ :** ਮੈਂਬਰਾਂ ਦੀ ਚੋਣ ਕਰਨ ਦਾ ਇਕ ਹੋਰ ਆਧਾਰ ਕਾਲਪਨਿਕ ਸੰਬੰਧ ਹੁੰਦੇ



Downloaded from https:// www.studiestoday.com

Downloaded from https:// www.studiestoday.com

ਹਨ। ਅਰਥਾਤ ਉਹ ਆਪਸ ਵਿੱਚ ਖ਼ੂਨ ਜਾਂ ਵਿਆਹ (ਉਦਾਹਰਨ ਕਿਸੇ ਪਿੰਡ ਦਾ ਵਾਸੀ) ਦੇ ਸੰਬੰਧ ਰਾਹੀਂ ਜੁੜੇ ਨਹੀਂ ਹੁੰਦੇ। ਇਹਨਾਂ ਨੂੰ ਕਾਲਪਨਿਕ ਸੰਬੰਧ ਕਿਹਾ ਜਾਂਦਾ ਹੈ। ਪਿੰਡ ਦੇ ਮੈਂਬਰ ਖ਼ੂਨ ਜਾਂ ਵਿਆਹ ਰਾਹੀਂ ਇੱਕ ਦੂਜੇ ਨਾਲ਼ ਜੁੜੇ ਨਹੀਂ ਹੁੰਦੇ। ਸਗੋਂ ਉਹ ਨਾਤੇਦਾਰੀ ਦੇ ਕਾਲਪਨਿਕ ਸੰਬੰਧਾਂ ਦਾ ਨਿਰਮਾਣ ਵੀ ਕਰ ਸਕਦੇ ਹਨ । ਇਹ ਨਾਤੇਦਾਰੀ ਦੇ ਇਕ ਵਿਸ਼ਾਲ ਖੇਤਰ ਨੂੰ ਨਿਰਮਤ ਕਰਨ ਦਾ ਤਰੀਕਾ ਹੈ। ਅਜਿਹੇ ਮੈਂਬਰਾਂ ਨੂੰ ਕਾਲਪਨਿਕ ਨਾਤੇਦਾਰ ਕਿਹਾ ਜਾਂਦਾ ਹੈ।

## 2. ਨੇੜਤਾ ਅਤੇ ਦੂਰੀ ਦੇ ਆਧਾਰ 'ਤੇ :

ਨਾਤੇਦਾਰੀ ਮੈਂਬਰਾਂ ਨੂੰ ਇੱਕ ਵਿਅਕਤੀ ਦੇ ਨਾਲ ਸੰਬੰਧਾਂ ਦੇ ਸੰਦਰਭ ਵਿੱਚ ਸ਼੍ਰੇਣੀ ਦਿੱਤੀ ਜਾ ਸਕਦੀ ਹੈ। ਨਾਤੇਦਾਰਾਂ ਵਿੱਚ ਦੂਰੀ ਦੇ ਆਧਾਰ 'ਤੇ ਸਮਝਿਆ ਜਾ ਸਕਦਾ ਹੈ। ਨੇੜਤਾ ਅਤੇ ਦੂਰੀ ਦੇ ਸੰਬੰਧਾਂ ਦੇ ਆਧਾਰ 'ਤੇ ਨਾਤੇਦਾਰਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪ੍ਰਾਥਮਿਕ ਸੰਬੰਧ, ਗੌਣ ਸੰਬੰਧ ਅਤੇ ਤੀਜੇ ਦਰਜੇ ਦੇ ਸੰਬੰਧ।

(ੳ) **ਪ੍ਰਾਥਮਿਕ ਨਾਤੇਦਾਰ :** ਇਹ ਉਹ ਨਾਤੇਦਾਰ ਹੁੰਦੇ ਹਨ, ਜੋ ਨੇੜਤਾ ਨਾਲ ਜੁੜੇ ਹੁੰਦੇ ਹਨ ਅਰਥਾਤ ਇਨ੍ਹਾਂ ਵਿੱਚ ਪ੍ਰਤੱਖ ਸੰਬੰਧ ਹੁੰਦੇ ਹਨ। ਇਸਦੇ ਇਲਾਵਾ ਇਹ ਖ਼ੂਨ ਸੰਬੰਧੀ ਪ੍ਰਾਥਮਿਕ ਨਾਤੇਦਾਰ ਹੋ ਸਕਦੇ ਹਨ ਅਰਥਾਤ ਪਿਤਾ ਨਾਲ ਸੰਬੰਧਿਤ ਹੁੰਦੇ ਹਨ। ਅਰਥਾਤ ਇਹ ਪ੍ਰਾਥਮਿਕ ਵਿਆਹ ਨਾਤੇਦਾਰ ਹੋ ਸਕਦੇ ਹਨ ਅਰਥਾਤ ਮਾਂ ਨਾਲ ਸੰਬੰਧਿਤ ਹੁੰਦੇ ਹਨ। ਅਜਿਹੇ ਸੰਬੰਧਾਂ ਦੀ ਸੰਖਿਆ ਅੱਠ (8) ਹੈ। ਜਿਸ ਵਿੱਚ ਪਤੀ-ਪਤਨੀ, ਪਿਤਾ-ਪੁੱਤਰ, ਪਿਤਾ-ਪੁੱਤਰੀ, ਮਾਤਾ-ਪੁੱਤਰੀ, ਮਾਂ-ਪੁੱਤਰ, ਛੋਟੀ ਅਤੇ ਵੱਡੀ ਭੈਣ, ਛੋਟੇ ਅਤੇ ਵੱਡੇ ਭਰਾ ਅਤੇ ਭਰਾ ਅਤੇ ਭੈਣ ਸ਼ਾਮਿਲ ਹਨ।

(ਅ) **ਗੌਣ ਨਾਤੇਦਾਰ :** ਪਰਿਵਾਰ ਦੇ ਇਹ ਮੈਂਬਰ ਪ੍ਰਾਥਮਿਕ ਨਾਤੇਦਾਰਾਂ ਦੇ ਮਾਧਿਅਮ ਨਾਲ਼ ਜੁੜੇ ਹੁੰਦੇ ਹਨ, ਉਦਾਹਰਨ ਦੇ ਲਈ ਪਿਤਾ ਦੇ ਵੱਲੋਂ ਨਾਤੇਦਾਰ ਜਿਵੇਂ ਵਿਅਕਤੀ ਦੇ ਪਿਤਾ ਦਾ ਭਰਾ ਗੌਣ ਖ਼ੂਨ ਸੰਬੰਧੀ ਨਾਤੇਦਾਰ ਹੈ ਜਦ ਕਿ ਵਿਅਕਤੀ ਦੀ ਮਤਰੇਈ ਮਾਂ ਵਿਅਕਤੀ ਦੀ ਗੌਣ ਖ਼ੂਨ ਸੰਬੰਧੀ ਨਾਤੇਦਾਰ ਹੈ। ਇਸੇ ਤਰ੍ਹਾਂ ਵਿਅਕਤੀ ਦੀ ਮਾਂ ਦਾ ਭਰਾ ਅਤੇ ਮਾਂ ਦਾ ਮਤਰੇਆ ਪਿਤਾ ਵਿਅਕਤੀ ਦਾ ਗੌਣ ਨਾਤੇਦਾਰ ਹੈ। ਇਸ ਤਰ੍ਹਾਂ ਵਿਅਕਤੀ ਦੇ ਪਿਤਾ ਦਾ ਪਿਤਾ, ਭਰਾ ਦੀ ਪੁੱਤਰੀ, ਪਿਤਾ ਦੀ ਭੈਣ, ਭੈਣ ਦਾ ਪਤੀ, ਗੌਣ ਨਾਤੇਦਾਰ ਦੇ ਕੁੱਝ ਉਦਾਹਰਨ ਹਨ। ਗੌਣ ਨਾਤੇਦਾਰਾਂ ਦੀ ਸੰਖਿਆ ਤੇਤੀ (33) ਹੈ।

(ੲ) **ਤੀਜੇ ਦਰਜੇ ਦੇ ਨਾਤੇਦਾਰ :** ਪਰਿਵਾਰ ਦੇ ਇਹ ਮੈਂਬਰ ਗੌਣ ਨਾਤੇਦਾਰ ਦੇ ਮਾਧਿਆਮ ਨਾਲ ਜੁੜੇ ਹੁੰਦੇ ਹਨ। ਹਰੇਕ ਗੌਣ ਨਾਤੇਦਾਰ ਦੇ ਪ੍ਰਾਥਮਿਕ ਨਾਤੇਦਾਰ ਹੁੰਦੇ ਹਨ, ਜੋ ਇੱਕ ਵਿਅਕਤੀ ਦੇ ਨਾ ਹੀ ਪ੍ਰਾਥਮਿਕ ਅਤੇ ਨਾ ਹੀ ਗੌਣ ਨਾਤੇਦਾਰ ਹੁੰਦੇ ਹਨ। ਇਹਨਾਂ ਨੂੰ ਤੀਜੇ ਦਰਜੇ ਦੇ ਨਾਤੇਦਾਰਾਂ ਦੇ ਰੂਪ ਵਿੱਚ ਜਾਣਦੇ ਹਾਂ, ਉਦਾਹਰਨ ਦੇ ਲਈ ਪਤੀ ਦੇ ਭਰਾ ਦੀ ਪਤਨੀ (ਭਾਬੀ), ਪਤਨੀ ਦੀ ਭੈਣ ਦਾ ਪਤੀ (ਸਾਂਢੂ), ਮਸੇਰੇ, ਚਚੇਰੇ (ਭਰਾ) **ਆਦਿ।** ਅਸਾਨ ਸ਼ਬਦਾਂ ਵਿੱਚ, ਹੋਰ ਨਾਤੇਦਾਰ ਉਹ ਵਿਅਕਤੀ ਹੁੰਦੇ ਹਨ ਜੋ ਗੌਣ ਨਾਤੇਦਾਰ ਦੇ **ਪਹਿਲੇ ਨਾਤੇਦਾਰ ਹੁੰਦੇ ਹਨ।** ਇਸ ਤਰ੍ਹਾਂ ਦੇ ਨਾਤੇਦਾਰਾਂ ਵਿੱਚ ਪੜਦਾਦਾ-ਪੜਦਾਦੀ, ਪੜਨਾਨਾ-ਪੜਨਾਨੀ, ਸਾਰੇ ਚਾਚੇ-ਤਾਇਆਂ ਦੀਆਂ ਪਤਨੀਆਂ, ਭਾਣਜਾ-ਭਾਣਜੀ ਅਤੇ ਭਾਂਜਾ-ਭਾਂਜੀ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

**ਬਾਕਸ -2**

ਪ੍ਰੇਮ ਚੌਧਰੀ (2004) ਨੇ ਆਪਣੇ ਅਧਿਐਨ, 'ਹਰਿਆਣਾ ਵਿੱਚ ਜਾਤੀ ਪੰਚਾਇਤ ਅਤੇ ਵਿਆਹ 'ਤੇ ਨਿਅੰਤਰਨ' ਵਿੱਚ ਪਿੰਡ ਦੇ ਨਿਯਮਾਂ ਨੂੰ ਵਿਸਤਾਰ ਨਾਲ ਸਮਝਾਇਆ ਹੈ। ਇੱਕ ਪਿੰਡ ਵਿੱਚ ਰਹਿਣ ਵਾਲੇ ਮੈਂਬਰ ਭਰਾ ਅਤੇ ਭੈਣ ਦੀ ਨੈਤਿਕਤਾ ਵਿੱਚ ਬੰਨ੍ਹੇ ਹੁੰਦੇ ਹਨ। ਇਥੇ ਇਹ ਤੱਥ ਮਹੱਤਵਪੂਰਨ ਹੈ ਕਿ ਪਿੰਡਾਂ ਵਿੱਚ ਭਰਾ ਅਤੇ ਭੈਣ ਸਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਭਾਵੇਂ ਉਹ ਆਪਸ ਵਿੱਚ ਖ਼ੂਨ ਸੰਬੰਧਾਂ ਨਾਲ ਜੁੜੇ ਹੋਏ ਨਾ ਹੋਣ। ਇਸ ਤਰ੍ਹਾਂ ਦੇ ਨਿਸ਼ੇਧ ਭਾਈਚਾਰਾ ਸਥਾਪਿਤ ਕਰਦੇ ਹਨ। ਬਿਰਾਦਰੀ ਇੱਕ ਅਜਿਹੀ ਆਦਰਸ਼ ਧਾਰਨਾ ਹੈ ਜੋ ਕਾਲਪਨਿਕ, ਨਾਤੇਦਾਰੀ ਸੰਬੰਧਾਂ ਦਾ ਪ੍ਰਤੀਕ ਹੈ। ਕੁੱਝ ਉੱਤਰ ਭਾਰਤੀ ਪਿੰਡਾਂ ਵਿੱਚ ਧਰਮ ਭਰਾ ਅਰਥਾਤ ਧਰਮ ਭੈਣ ਦੇ ਰੂਪ ਵਿੱਚ ਵਿਅਕਤੀਆਂ ਨੂੰ ਸਵੀਕਾਰ ਕਰਨ ਦਾ ਪ੍ਰਚਲਨ ਹੈ। ਇਸ ਦੇ ਅਨੁਸਾਰ, ਭਾਈਦੂਜ ਅਤੇ ਰੱਖੜੀ ਦੇ ਮੌਕੇ ਤੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਇਆ ਜਾਂਦਾ ਹੈ।

## ਨਾਤੇਦਾਰੀ ਦੀ ਸ਼ਬਦਾਵਲੀ

ਨਾਤੇਦਾਰੀ ਪ੍ਰਣਾਲੀ ਸਭਿਆਚਾਰਕ ਪ੍ਰਤੀਮਾਨਾਂ/ਨਿਯਮਾਂ ਨਾਲ ਨਿਅੰਤਰਨ ਹੁੰਦੀ ਹੈ। ਹਰੇਕ ਸਭਿਆਚਾਰ ਵਿੱਚ ਅਜਿਹੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਖ਼ੂਨ, ਵਿਆਹ ਗੋਦ ਜਾਂ ਕਾਲਪਨਿਕ ਨਾਤੇਦਾਰੀ ਸੰਬੰਧਾਂ ਦੇ ਆਧਾਰ 'ਤੇ ਇੱਕ ਦੂਜੇ ਦੇ ਨਾਤੇਦਾਰ ਹੋ ਸਕਦੇ ਹਨ। ਨਾਤੇਦਾਰੀ ਸ਼ਬਦਾਵਲੀ ਦੋ ਪ੍ਰਕਾਰ ਦੀ ਹੋ ਸਕਦੀ ਹੈ –ਵਰਗਾਤਮਕ ਅਤੇ ਵਰਣਨਾਤਮਕ ਸ਼ਬਦਾਵਲੀ।

**ਵਰਗਾਤਮਕ :** ਵਰਗਾਤਮਕ ਪ੍ਰਣਾਲੀ ਦੇ ਅੰਤਰਗਤ ਅਨੇਕ ਨਾਤੇਦਾਰ ਮੈਂਬਰ, ਜੋ ਖ਼ੂਨ ਸੰਬੰਧੀ ਜਾਂ ਵਿਆਹ ਸੰਬੰਧੀ ਹੈ, ਦੇ ਲਈ ਇੱਕ ਸਾਧਾਰਨ ਸ਼ਬਦ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਲਈ ਅੰਕਲ ਸ਼ਬਦ ਦਾ ਪ੍ਰਯੋਗ ਪਿਤਾ ਦੇ ਭਰਾ ਅਤੇ ਮਾਤਾ ਦੇ ਭਰਾ ਦੋਹਾਂ ਦੇ ਲਈ ਕੀਤਾ ਜਾ ਸਕਦਾ ਹੈ। ਇੱਥੇ ਮੁੱਖ ਉਦੇਸ਼ ਨਾਤੇਦਾਰੀ ਦੀ ਪਹਿਚਾਣ ਦੇ ਬਜਾਏ ਸੰਬੰਧ ਦੀ ਵਿਆਖਿਆ ਕਰਨਾ ਹੈ। ਕੁੱਝ ਕਬੀਲਾ ਸਮਾਜ ਵਿੱਚ ਮਾਮਾ/ਮਾਮੀ ਅਤੇ ਚਾਚਾ/ਚਾਚੀ ਦੇ ਲਈ ਇੱਕ ਸਾਧਾਰਨ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਦਾਹਰਨ ਦੇ ਲਈ 'ਅੱਪੂ' ਸ਼ਬਦ ਦਾ ਪ੍ਰਯੋਗ ਚਾਚਾ, ਤਾਇਆ, ਫੁੱਫੜ, ਮਾਸੜ ਅਤੇ ਮਾਮੇ ਦੇ ਲਈ ਕੀਤਾ ਜਾਂਦਾ ਹੈ।

**ਵਰਣਨਾਤਮਕ :** ਵਰਣਨਾਤਮਕ ਪ੍ਰਣਾਲੀ ਵਿੱਚ ਅਜਿਹੇ ਸ਼ਬਦਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ, ਜੋ ਅਸਲੀ ਸੰਬੰਧਾਂ ਨੂੰ ਪ੍ਰਗਟ ਕਰਦੇ ਹਨ। ਉਦਾਹਰਨ ਦੇ ਲਈ ਪਿਤਾ ਇੱਕ ਵਰਣਨਾਤਮਕ ਸ਼ਬਦ ਹੈ। ਹੋਰ ਉਦਾਹਰਨ ਜਿਵੇਂ ਮਾਮਾ ਅਰਥਾਤ ਮਾਂ ਦਾ ਭਰਾ, ਚਾਚਾ ਅਰਥਾਤ ਪਿਤਾ ਦਾ ਭਰਾ, ਨਾਨਕੇ ਅਰਥਾਤ ਨਾਨੇ ਵਲੋਂ ਲੋਕ (ਨਾਨਾ/ਮਾਂ ਦਾ ਪਿਤਾ) ਜੋ ਨਾਨੇ ਦੇ ਘਰ ਵਿੱਚ ਰਹਿੰਦੇ ਹਨ ਅਤੇ ਮਾਂ ਵੱਲ ਦੇ ਰਿਸ਼ਤੇਦਾਰ ਨੂੰ ਪ੍ਰਗਟ ਕਰਦੇ ਹਨ। ਜਾਂ ਦਾਦਕੇ ਅਰਥਾਤ ਉਹ ਲੋਕ (ਦਾਦਾ/ਪਿਤਾ ਦੇ ਪਿਤਾ) ਜੋ ਦਾਦੇ ਦੇ ਘਰ ਵਿੱਚ ਰਹਿੰਦੇ ਹਨ ਅਤੇ ਪਿਤਾ ਵੱਲ ਦੇ ਰਿਸ਼ਤੇਦਾਰ ਨੂੰ ਪ੍ਰਗਟ ਕਰਦੇ ਹਨ।



Downloaded from https:// www.studiestoday.com

Downloaded from https:// www.studiestoday.com

## ਬਦਲਦੇ ਹੋਏ ਨਾਤੇਦਾਰੀ ਸੰਬੰਧ

ਪੇਂਡੂ ਅਤੇ ਕਬੀਲਾ ਸਮਾਜਾਂ ਵਿੱਚ ਨਾਤੇਦਾਰੀ ਪ੍ਰਣਾਲੀ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ। ਪਿਤਾ ਅਤੇ ਮਾਤਾ ਦੋਹਾਂ ਵੱਲ ਦੀਆਂ ਕਈ ਪੀੜ੍ਹੀਆਂ ਦੇ ਨਾਤੇਦਾਰ ਨੇੜੇ ਸੰਪਰਕ ਵਿੱਚ ਰਹਿੰਦੇ ਹਨ। ਉਦਯੋਗੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਨਾਲ ਨਾਤੇਦਾਰੀ ਪ੍ਰਣਾਲੀ ਵਿੱਚ ਮਹੱਤਵਪੂਰਨ ਪਰਿਵਰਤਨ ਆਏ। ਪਰਿਵਾਰ ਦਾ ਅਕਾਰ ਬਹੁਤ ਛੋਟਾ ਹੋ ਗਿਆ ਹੈ, ਵਿਸਤ੍ਰਿਤ ਪਰਿਵਾਰ ਪ੍ਰਣਾਲੀ ਹੌਲ਼ੀ-ਹੌਲ਼ੀ ਖਤਮ ਹੋ ਰਹੀ ਹੈ ਅਤੇ ਨਾਤੇਦਾਰੀ ਦੀ ਸੰਖਿਆ ਵੀ ਘੱਟ ਹੋ ਰਹੀ ਹੈ। ਜਿਨ੍ਹਾਂ ਨਾਲ ਪਹਿਲਾਂ ਨਿਯਮਤ ਰੂਪ ਨਾਲ ਸੰਪਰਕ ਬਣੇ ਰਹਿੰਦੇ ਸੀ। ਅੱਜ ਵਿਅਕਤੀਵਾਦ ਨੇ ਲੋਕਾਂ ਨੂੰ ਆਤਮ ਕੇਂਦਰਿਤ ਬਣਨ ਅਤੇ ਕੇਵਲ ਨੇੜੇ ਤੇ ਮੁੱਢਲੇ ਰਿਸ਼ਤੇਦਾਰਾਂ ਦੇ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਇਸ ਤਰ੍ਹਾਂ ਨਿਸ਼ਚਿਤ ਰੂਪ ਨਾਲ਼ ਨਾਤੇਦਾਰੀ ਸੰਬੰਧ ਸੁੰਗੜ ਗਏ ਹਨ ਅਰਥਾਤ ਛੋਟੇ ਹੋਏ ਹਨ। ਜਦੋਂ ਕਿ ਅਸੀਂ ਵਿਆਹ ਅਤੇ ਮੌਤ ਦੇ ਮੌਕੇ ਤੇ ਅੱਜ ਵੀ ਨਾਤੇਦਾਰੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਾਂ। ਇਸ ਨਾਲ ਸਪਸ਼ਟ ਹੁੰਦਾ ਹੈ, ਕਿ ਨਾਤੇਦਾਰੀ ਪ੍ਰਣਾਲੀ ਅੱਜ ਵੀ ਉਸੇ ਤਰ੍ਹਾਂ ਹੀ ਬਣੀ ਹੋਈ ਹੈ ਜਿਸ ਤਰ੍ਹਾਂ ਮਾਨਵ ਸਮਾਜ ਵਿੱਚ ਪਰਿਵਾਰ ਸੰਸਥਾ ਦੀ ਨਿਰੰਤਰਤਾ ਬਣੀ ਹੋਈ ਹੈ।

## ਸਾਰਾਂਸ਼

ਇਹ ਪਾਠ ਪਰਿਵਾਰ, ਵਿਆਹ ਅਤੇ ਰਿਸ਼ਤੇਦਾਰੀ ਦੇ ਭਿੰਨ-ਭਿੰਨ ਪੱਖਾਂ ਨਾਲ਼ ਸੰਬੰਧਿਤ ਹੈ, ਜੋ ਆਪਸ ਵਿੱਚ ਅੰਤਰ-ਸੰਬੰਧਿਤ ਹਨ। ਇਨ੍ਹਾਂ ਨਾਲ ਮੁੱਖ ਅੰਸ਼ਾਂ ਉੱਤੇ ਚਰਚਾ ਕੀਤੀ ਗਈ ਹੈ। ਉਹ ਇਸ ਪ੍ਰਕਾਰ ਹਨ।

1. ਵਿਆਹ, ਪੁਰਸ਼ ਅਤੇ ਇਸਤਰੀ ਦੇ ਵਿਚਕਾਰ ਇੱਕ ਸਥਾਈ ਸੰਬੰਧ ਹੈ।
2. ਨਜ਼ਦੀਕੀ ਰਿਸ਼ਤੇਦਾਰਾਂ ਵਿਚਕਾਰ ਵਿਆਹ ਦੀ ਮਨਾਹੀ ਹੈ।
3. ਪਰਿਵਾਰ ਸਮਾਜ ਦੀ ਸਰਵਵਿਆਪੀ ਅਤੇ ਮੁੱਢਲੀ ਇਕਾਈ ਹੈ।
4. ਪਰਿਵਾਰ ਅਤੇ ਵਿਆਹ ਅੰਤਰ ਸੰਬੰਧਿਤ ਹਨ
5. ਪਰਿਵਾਰ ਜੈਵਿਕ, ਸਮਾਜਿਕ, ਮਨੋਵਿਗਿਆਨਿਕ ਅਤੇ ਆਰਥਿਕ ਕ੍ਰਿਆਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
6. ਪਰਿਵਾਰ ਦਾ ਅਕਾਰ ਅਤੇ ਸਰੂਪ ਸ਼ਕਤੀ, ਨਿਵਾਸ, ਵੰਸ਼, ਪੂਰਵਜ਼ ਅਤੇ ਵਿਆਹ ਦੀਆਂ ਕਿਸਮਾਂ ਦੇ ਅਧਾਰ 'ਤੇ ਨਿਰਧਾਰਿਤ ਹੁੰਦਾ ਹੈ।
7. ਨਾਤੇਦਾਰੀ ਮਨੁੱਖੀ ਸਮਾਜ ਵਿੱਚ ਇੱਕ ਮੁੱਢਲੀ ਵਿਸ਼ੇਸ਼ਤਾ ਅਤੇ ਆਧਾਰ ਹੈ।
8. ਸਾਰੀਆਂ ਨਾਤੇਦਾਰੀ ਪ੍ਰਣਾਲੀਆਂ ਇੱਕ ਨਾਤੇਦਾਰੀ ਸ਼ਬਦਾਵਲੀ ਨੂੰ ਪ੍ਰਦਰਸ਼ਿਤ ਕਰਦੀਆਂ ਹਨ।
9. ਉਦਯੋਗੀਕਰਨ, ਸ਼ਹਿਰੀਕਰਨ ਵਿਚਾਰਧਾਰਾ ਵਰਗੇ ਕਾਰਨਾਂ ਨੇ ਵਿਆਹ, ਪਰਿਵਾਰ ਅਤੇ ਰਿਸ਼ਤੇਦਾਰੀ ਸੰਸਥਾਵਾਂ ਵਿੱਚ ਪਰਿਵਰਤਨ ਉਤਪੰਨ ਕੀਤੇ ਹਨ।



Downloaded from https:// www.studiestoday.com

Downloaded from https:// www.studiestoday.com

## ਸ਼ਬਦਾਵਲੀ

| | |
|---|---|
| ਵਿਆਹਕ ਸਬੰਧ : | ਵਿਆਹ ਨਾਲ ਜੁੜੇ ਸਬੰਧ ਜਿਵੇਂ ਪਤੀ ਪਤਨੀ |
| ਵਰਗਾਤਮਕ ਸਬੰਧ : | ਆਮ ਸ਼ਬਦ ਨਾਲ ਜੁੜੇ ਸਬੰਧਾਂ ਦਾ ਵਰਗ |
| ਖ਼ੂਨ ਸਬੰਧ : | ਇੱਕ ਪੂਰਵਜ ਨਾਲ ਜੁੜੇ ਸਬੰਧ, ਜੋ ਖ਼ੂਨ ਨਾਲ ਜੁੜੇ ਹਨ। |
| ਵੰਸ਼ : | ਜਾਇਦਾਦ ਸਬੰਧੀ ਅਧਿਕਾਰ ਲਈ ਪੂਰਵਜਾਂ ਦੀ ਪਛਾਣ। |
| ਵਰਣਨਾਤਮਿਕ ਸਬੰਧ : | ਇੱਕ ਵਿਅਕਤੀ ਨਾਲ ਵਾਸਤਵਿਕ ਸਬੰਧ ਪ੍ਰਦਰਸ਼ਿਤ ਕਰਨ ਵਾਲੇ ਨਾਤੇਦਾਰੀ ਦਾ ਸਮੂਹ |
| ਅੰਤਰਵਿਆਹ : | ਨਿਸ਼ਚਿਤ ਸਮੂਹ ਵਿਚ ਵਿਆਹ ਜਿਵੇ ਜਾਤੀ, ਨਾਤੇਦਾਰੀ |
| ਬਾਹਰ ਵਿਆਹ : | ਅਪਣੇ ਸਮੂਹ ਤੋਂ ਬਾਹਰ ਵਿਆਹ |
| ਵਿਸਤ੍ਰਿਤ ਪਰਿਵਾਰ: | ਪਰਿਵਾਰ ਜਿਸ ਵਿਚ ਪਤੀ ਅਤੇ ਪਤਨੀ ਅਪਣੇ ਮਾਤਾ ਪਿਤਾ ਨਾਲ਼ ਅਤੇ ਇਕ ਜਾ ਜਿਆਦਾ ਨਾਤੇਦਾਰ ਪਿਤਾ ਪਰਿਵਾਰ ਵਲੋਂ ਇਕੱਠੇ ਰਹਿੰਦੇ ਹਨ। |
| ਅਨੁਲੋਮ ਵਿਆਹ : | ਲੜਕੀ ਦਾ ਵਿਆਹ ਉੱਚ ਜਾਤੀ ਦੇ ਲੜਕੇ ਨਾਲ |
| ਪ੍ਰਤੀਲੋਮ ਵਿਆਹ : | ਲੜਕੀ ਦਾ ਵਿਆਹ ਅਪਨੇ ਤੋ ਨਿਮਨ ਜਾਤੀ ਦੇ ਲੜਕੇ ਨਾਲ |
| ਨਿਸ਼ੇਧ ਵਿਆਹ : | ਪ੍ਰਥਾ ਜੋ ਪ੍ਰਾਥਮਿਕ ਸਬੰਧਾਂ ਵਿੱਚ ਵਿਆਹ ਦੀ ਮਨਾਹੀ ਕਰਦਾ ਹੈ। |
| ਸਾਂਝਾ ਪਰਿਵਾਰ : | ਪਰਿਵਾਰ ਜਿਸ ਵਿਚ ਤਿੰਨ ਪੀੜ੍ਹੀਆਂ ਦੇ ਮੈਂਬਰ ਇੱਕ ਛੱਤ ਥੱਲੇ ਇੱਕਠੇ ਰਹਿੰਦੇ ਹਨ ਅਤੇ ਇਕ ਰਸੋਈ ਵਿੱਚ ਖਾਣਾ ਖਾਂਦੇ ਹਨ। |
| ਨਾਤੇਦਾਰੀ : | ਸੱਚ ਉੱਤੇ ਅਧਾਰਿਤ ਮੰਨੇ ਹੋਏ ਸਮਾਜਿਕ ਸੰਬੰਧ। |
| ਮਾਤਰ ਸੱਤਾਤਮਕ : | ਜਦੋ ਪਰਿਵਾਰ ਵਿਚ ਸੱਤਾ ਮਾਤਾ ਦੇ ਹੱਥ ਵਿੱਚ ਹੁੰਦੀ ਹੈ। |
| ਮਾਤਰਸਥਾਨੀ : | ਲੜਕਾ ਅਤੇ ਲੜਕੀ ਵਿਆਹ ਤੋ ਬਾਦ ਲੜਕੀ ਦੇ ਘਰ ਰਹਿੰਦੇ ਹਨ। |
| ਇੱਕ ਵਿਆਹ : | ਜਦੋ ਇਕ ਪੁਰਸ਼ ਦਾ ਇੱਕ ਇਸਤਰੀ ਨਾਲ ਵਿਆਹ |
| ਇਕਾਈ ਪਰਿਵਾਰ : | ਪਰਿਵਾਰ ਜਿਸ ਵਿਚ ਪਤੀ ਪਤਨੀ ਅਤੇ ਅਣਵਿਆਹੇ ਬੱਚੇ ਹੁੰਦੇ ਹਨ। |
| ਪਿੱਤਰ ਸਤਾਤਮਕ : | ਜਦੋਂ ਪਰਿਵਾਰ ਵਿਚ ਸੱਤਾ ਪਿਤਾ ਰਾਹੀਂ ਪਹਿਚਾਣੀ ਜਾਂਦੀ ਹੈ। |
| ਪਿਤਾ ਵੰਸ਼ੀ : | ਜਦੋਂ ਵੰਸ਼ ਪਿਤਾ ਵਲੋਂ ਚੱਲਦੀ ਹੈ। |



Downloaded from https:// www.studiestoday.com

Downloaded from https:// www.studiestoday.com

**ਬਹੁ ਵਿਆਹ :** ਇਕ ਪੁਰਸ਼ ਦਾ ਇੱਕ ਤੋਂ ਜਿਆਦਾ ਇਸਤਰੀਆਂ ਨਾਲ ਵਿਆਹ, ਇੱਕ ਇਸਤਰੀ ਦਾ ਜਿਆਦਾ ਪੁਰਸ਼ਾਂ ਨਾਲ ਵਿਆਹ

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਅੰਤਰ-ਵਿਆਹ ਤੋਂ ਤੁਸੀਂ ਕੀ ਸਮਝਦੇ ਹੋ ?
2. ਵਿਆਹ ਸੰਸਥਾ ਦੀ ਉੱਤਪਤੀ ਦੇ ਕੋਈ ਦੋ ਮਹੱਤਵਪੂਰਨ ਅਧਾਰ ਦੱਸੋ ?
3. ਇੱਕ ਵਿਆਹ ਕਿਸ ਨੂੰ ਕਹਿੰਦੇ ਹਨ ?
4. ਸਾਲ਼ੀ ਵਿਆਹ ਕਿਸ ਨੂੰ ਕਹਿੰਦੇ ਹਨ ?
5. ਬਹੁ ਪਤੀ ਵਿਆਹ ਦੀਆਂ ਕਿਸਮਾਂ ਦੱਸੋ ?
6. ਬਹੁ ਪਤਨੀ ਵਿਆਹ ਦੀਆਂ ਕਿਸਮਾਂ ਦੱਸੋ ?
7. ਅੰਤਰ ਵਿਆਹ ਦੀਆਂ ਕੁੱਝ ਉਦਾਹਰਨਾਂ ਦੱਸੋ ?
8. ਵਿਆਹ ਦੀ ਪਰਿਭਾਸ਼ਾ ਦਿਓ ?
9. ਪਰਿਵਾਰ ਦੇ ਕੋਈ ਦੋ ਕੰਮ ਦੱਸੋ ?
10. ਅਕਾਰ ਦੇ ਅਧਾਰ 'ਤੇ ਪਰਿਵਾਰ ਦੇ ਸਰੂਪਾਂ ਦੇ ਨਾਂ ਲਿਖੋ ?
11. ਸੱਤਾ ਦੇ ਅਧਾਰ 'ਤੇ ਪਰਿਵਾਰ ਦੇ ਸਰੂਪਾਂ ਦੇ ਨਾਂ ਲਿਖੋ ?
12. ਵਿਆਹ ਸੰਬੰਧ ਕਿਸ ਨੂੰ ਕਹਿੰਦੇ ਹਨ ?
13. ਸੰਯੁਕਤ ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ ?
14. ਨਾਤੇਦਾਰੀ ਤੋਂ ਤੁਸੀਂ ਕੀ ਸਮਝਦੇ ਹੋ ?
15. ਨਾਤੇਦਾਰੀ ਦੀਆਂ ਕਿਸਮਾਂ ਦੱਸੋ ?

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸੰਸਥਾ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ?
2. ਨਿਰਧਾਰਨਾਤਮਕ ਕਿਸ ਨੂੰ ਕਹਿੰਦੇ ਹਨ ?
3. ਅਨੁਲੋਮ ਅਤੇ ਪ੍ਰਤੀਲੋਮ ਕੀ ਹੈ ?
4. ਬਹੁ ਵਿਆਹ ਦੇ ਦੋ ਪ੍ਰਕਾਰਾਂ 'ਤੇ ਸੰਖੇਪ ਟਿੱਪਣੀ ਕਰੋ।
5. ਭਰਾਤਰੀ ਬਹੁਪਤੀ ਵਿਆਹ ਕਿਸ ਨੂੰ ਕਹਿੰਦੇ ਹਨ ?
6. ਵਰਜਿਤ ਮਨਾਹੀ ਦੀ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

7. ਗੋਤਰ ਕਿਸ ਨੂੰ ਕਹਿੰਦੇ ਹਨ।
8. ਸਮਾਂਨਾਤਰ ਅਤੇ ਵਿਪਰੀਤ ਚਚੇਰੇ/ਮਮੇਰੇ ਵਿਆਹ ਦੇ ਵਿਚਕਾਰ ਅੰਤਰ ਦੱਸੋ ?
9. ਨੇੜੇ ਅਤੇ ਦੂਰੀ ਦੇ ਆਧਾਰ 'ਤੇ ਰਿਸ਼ਤੇਦਾਰੀ ਨੂੰ ਪਰਿਭਾਸ਼ਿਤ ਕਰੋ।

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।**

1. ਮਹੱਤਵਪੂਰਨ ਸਮਾਜਿਕ ਸੰਸਥਾਵਾਂ 'ਤੇ ਸੰਖੇਪ ਵਿੱਚ ਚਰਚਾ ਕਰੋ।
2. ਵਿਆਹ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਕਿਹੜੀਆਂ ਹਨ।
3. ਵਿਆਹ ਦੀਆਂ ਕਿਸਮਾਂ ਦੇ ਰੂਪ ਵਿੱਚ ਇੱਕ ਵਿਆਹ ਅਤੇ ਬਹੁਵਿਆਹ ਦੇ ਵਿਚਕਾਰ ਅੰਤਰ ਦੱਸੋ ?
4. ਪਰਿਵਾਰ ਦੇ ਕੰਮਾਂ ਬਾਰੇ ਸਮਝਾਓ।
5. ੳ-ਅਨੁਲੋਮ ਅ-ਪ੍ਰਤੀਲੋਮ ੲ-ਦੇਵਰ ਵਿਆਹ ਸ-ਸਾਲੀ ਵਿਆਹ, ਅਜਿਹੀਆਂ ਧਾਰਨਾਵਾਂ ਦੀ ਵਿਆਖਿਆ ਕਰੋ।

**ਨਿਮਨਲਿਖਤ ਸ਼ਬਦਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।**

1. ਸੰਸਥਾ ਤੋਂ ਤੁਸੀਂ ਕੀ ਸਮਝਦੇ ਹੋ ? ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ।
2. ਇੱਕ ਸਮਾਜਿਕ ਸੰਸਥਾ ਦੇ ਰੂਪ ਵਿੱਚ ਵਿਆਹ 'ਤੇ ਚਰਚਾ ਕਰੋ।
3. ਵਿਆਹ ਦੇ ਭਿੰਨ-ਭਿੰਨ ਪ੍ਰਕਾਰਾਂ ਅਤੇ ਸਰੂਪਾਂ ਨੂੰ ਵਿਸਥਾਰ ਨਾਲ ਸਮਝਾਓ।
4. ਵਿਆਹ ਨੂੰ ਪਰਿਭਾਸ਼ਿਤ ਕਰੋ ? ਜੀਵਨ ਸਾਥੀ ਚੁਣਨ ਦੇ ਨਿਯਮਾਂ ਨੂੰ ਵਿਸਥਾਰ ਨਾਲ ਲਿਖੋ।
5. ਪਰਿਵਾਰ ਕਿਸ ਨੂੰ ਕਹਿੰਦੇ ਹਨ ? ਪਰਿਵਾਰ ਦੀਆਂ ਮੁੱਢਲੀਆਂ ਵਿਸ਼ੇਸ਼ਤਾਵਾਂ ਵਰਣਨ ਕਰੋ ?
6. ਪਰਿਵਾਰ ਦੇ ਭਿੰਨ-ਭਿੰਨ ਪ੍ਰਕਾਰਾਂ ਨੂੰ ਵਿਸਥਾਰ ਨਾਲ ਸਮਝਾਓ।
7. ਸਮਕਾਲੀਨ ਸਮੇਂ ਵਿੱਚ ਪਰਿਵਾਰ ਸੰਸਥਾ ਵਿੱਚ ਹੋਣ ਵਾਲੇ ਪਰਿਵਰਤਨਾਂ 'ਤੇ ਚਾਨਣਾ ਪਾਓ।
8. ਰਿਸ਼ਤੇਦਾਰੀ ਨੂੰ ਪਰਿਭਾਸ਼ਿਤ ਕਰੋ ਅਤੇ ਇਸਦੇ ਪ੍ਰਕਾਰਾਂ ਨੂੰ ਵਿਸਥਾਰ ਨਾਲ ਲਿਖੋ।
9. ਸਮਾਜਿਕ ਜੀਵਨ ਵਿੱਚ ਨਾਤੇਦਾਰੀ ਦੇ ਮਹੱਤਵ ਨੂੰ ਸਮਝਾਓ।
10. ਵਿਆਹ ਅਤੇ ਖ਼ੂਨ ਸੰਬੰਧਾਂ ਵਿੱਚ ਅੰਤਰ ਦੱਸੋ।



Downloaded from https:// www.studiestoday.com

Downloaded from https:// www.studiestoday.com

# ਅਧਿਆਏ 8

# ਰਾਜਨੀਤੀ, ਧਰਮ, ਅਰਥ ਪ੍ਰਣਾਲੀ ਅਤੇ ਸਿੱਖਿਆ

**ਮੁੱਖ ਅੰਸ਼ :**

8.1 ਰਾਜਨੀਤਕ ਸੰਸਥਾਵਾਂ
8.2 ਧਾਰਮਿਕ ਸੰਸਥਾਵਾਂ
8.3 ਆਰਥਿਕ ਸੰਸਥਾਵਾਂ
8.4 ਸਿੱਖਿਆ ਸੰਸਥਾਵਾਂ

## ਜਾਣ ਪਛਾਣ

ਜਿਵੇਂ ਅਸੀਂ ਪਹਿਲੇ ਪਾਠਾਂ ਵਿੱਚ ਪੜ੍ਹਿਆ ਹੈ ਕਿ ਸਮਾਜਿਕ ਸੰਸਥਾਵਾਂ ਨੂੰ ਪ੍ਰਵਾਨਿਤ ਪ੍ਰਤਿਮਾਨਾ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਉਹਨਾਂ ਵਿੱਚ ਪਰਿਵਾਰ, ਵਿਆਹ, ਨਾਤੇਦਾਰੀ, ਸਿੱਖਿਆ ਅਤੇ ਧਰਮ ਦੇ ਨਾਲ਼ ਆਰਥਿਕ ਅਤੇ ਰਾਜਨੀਤਕ ਸੰਸਥਾਵਾਂ ਸ਼ਾਮਿਲ ਹਨ। ਅਸੀਂ ਪਰਿਵਾਰ, ਵਿਆਹ ਅਤੇ ਨਾਤੇਦਾਰੀ ਸੰਸਥਾਵਾਂ ਦੀ ਚਰਚਾ ਪਹਿਲਾਂ ਹੀ ਕਰ ਚੁੱਕੇ ਹਾਂ। ਇਸ ਪਾਠ ਵਿੱਚ ਅਸੀਂ ਸਮਾਜਿਕ ਸੰਸਥਾਵਾਂ ਦੇ ਰੂਪ ਵਿੱਚ ਰਾਜਨੀਤੀ, ਅਰਥ ਵਿਵਸਥਾ, ਧਰਮ ਅਤੇ ਸਿੱਖਿਆ ਦੀ ਚਰਚਾ ਕਰਾਂਗੇ।

## ਰਾਜਨੀਤਿਕ ਸੰਸਥਾਵਾਂ




ਰਾਜਨੀਤਕ ਵਿਵਸਥਾ ਸਮਾਜ ਦੀ ਇੱਕ ਉੱਪ ਪ੍ਰਣਾਲੀ ਹੈ। ਇਹ ਉਹਨਾਂ ਭੂਮਿਕਾਵਾਂ ਨੂੰ ਪ੍ਰਭਾਸ਼ਿਤ ਕਰਦੀ ਹੈ, ਜਿਨ੍ਹਾਂ ਨੂੰ ਮਨੁੱਖ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਲਈ ਗ੍ਰਹਿਣ ਕਰਦਾ ਹੈ। ਰਾਜਨੀਤੀ ਅਤੇ ਸਮਾਜ ਦਾ ਗਹਿਰਾ ਸੰਬੰਧ ਹੁੰਦਾ ਹੈ। ਸਮਾਜ ਸ਼ਾਸ਼ਤਰ ਰਾਜਨੀਤੀ ਸੰਸਥਾਵਾਂ ਦਾ ਅਧਿਐਨ ਰਾਜਨੀਤਿਕ ਤੱਤਾਂ ਸ਼ਕਤੀ, ਅਗਵਾਈ, ਸੱਤਾ, ਮਤਦਾਨ ਵਿਵਹਾਰ ਆਦਿ ਸੰਕਲਪਾਂ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ ਅਤੇ ਕਿਵੇਂ ਇਹ ਸੰਕਲਪ ਜਿਵੇਂ ਜਾਤੀ, ਵਰਗ, ਪ੍ਰਜਾਤੀ, ਖੇਤਰ ਅਤੇ ਧਰਮ ਤੋਂ ਇਹ ਕਿਵੇਂ ਪ੍ਰਭਾਵਿਤ ਹੁੰਦੇ ਹਨ, ਨੂੰ ਸਮਝਨ ਵਿੱਚ ਸਾਡੀ ਮਦਦ ਕਰਦੀ ਹੈ। ਰਾਜਨੀਤਿਕ ਸੰਸਥਾਵਾਂ ਸਮਾਜ ਵਿੱਚ ਸ਼ਾਂਤੀ ਤੇ ਵਿਵਸਥਾ ਬਣਾਈ ਰੱਖਣ ਲਈ ਸ਼ਕਤੀ ਦਾ ਪ੍ਰਯੋਗ ਕਰਨ ਵਾਲੀਆਂ ਏਜੰਸੀਆਂ ਹਨ।



Downloaded from https:// www.studiestoday.com

Downloaded from https:// www.studiestoday.com

ਰਾਜਨੀਤਕ ਸੰਸਥਾਵਾਂ ਸਮਾਜ ਵਿੱਚ ਸ਼ਕਤੀ ਦੀ ਵੰਡ ਨਾਲ਼ ਸੰਬੰਧਿਤ ਹੁੰਦੀਆਂ ਹਨ। ਰਾਜਨੀਤਿਕ ਸੰਸਥਾਵਾਂ ਨੂੰ ਸਮਝਣ ਲਈ ਦੋ ਸੰਕਲਪਾਂ ਦੀ ਸਮਝ ਬਹੁਤ ਜ਼ਰੂਰੀ ਹੈ ਇਹ ਸੰਕਲਪ ਹਨ: ਸ਼ਕਤੀ ਅਤੇ ਸੱਤਾ ।ਮੈਕਸ ਵੈਬਰ ਨੇ ਇਨ੍ਹਾਂ ਦੋਹਾਂ ਵਿੱਚ ਭਿੰਨਤਾ ਕੀਤੀ ਹੈ।

**ਸ਼ਕਤੀ**

ਸ਼ਕਤੀ, ਵਿਅਕਤੀਆਂ ਜਾਂ ਸਮੂਹਾਂ ਨਾਲ਼ ਆਪਣੀਆਂ ਇਛਾਵਾਂ ਨੂੰ ਪੂਰਾ ਕਰਨ ਦੀ ਸਮਰੱਥਾ ਹੈ ਭਾਵੇਂ ਦੂਜੇ ਇਸ ਦਾ ਵਿਰੋਧ ਕਰ ਰਹੇ ਹੋਣ। ਇਸ ਦਾ ਭਾਵ ਹੈ ਕਿ ਜੋ ਲੋਕ ਸ਼ਕਤੀ 'ਤੇ ਕਾਬੂ ਰੱਖਦੇ ਹਨ ਉਹ ਦੂਜਿਆਂ ਦੀ ਕੀਮਤ ਤੇ ਅਜਿਹਾ ਕਰਦੇ ਹਨ। ਕਿਸੇ ਸਮਾਜ ਵਿੱਚ ਸ਼ਕਤੀ ਦੀ ਇਕ ਨਿਸ਼ਚਿਤ ਮਾਤਰਾ ਹੁੰਦੀ ਹੈ ਅਤੇ ਕੁਝ ਜ਼ਿਆਦਾ ਸ਼ਕਤੀਸ਼ਾਲੀ ਵਿਅਕਤੀਗਤ-ਜਾਂ ਸਮੂਹ ਜਾਂ ਸੰਗਠਨ ਆਪਣੇ ਪ੍ਰਭਾਵ ਦਾ ਪ੍ਰਯੋਗ ਘੱਟ ਸ਼ਕਤੀਸ਼ਾਲੀ ਲੋਕਾਂ 'ਤੇ ਕਰਦੇ ਹਨ। ਇਸ ਤਰ੍ਹਾਂ ਸ਼ਕਤੀ ਆਪਣੇ ਜਾਂ ਦੂਜਿਆਂ ਦੇ ਫੈਸਲੇ ਲੈਣ ਜਾਂ ਦੇਖਣ ਦੀ ਸਮਰੱਥਾ ਹੈ ਕਿ ਉਹ ਲਏ ਫੈਸਲਿਆਂ ਦਾ ਪਾਲਣ ਕਰਨ। ਉਦਾਹਰਨ ਲਈ ਪਰਿਵਾਰ ਦਾ ਮੁਖੀ ਅਤੇ ਕਿਸੇ ਕੰਪਨੀ ਦੇ ਜਨਰਲ ਮੈਨੇਜਰ ਕੋਲ਼, ਕ੍ਰਮਵਾਰ ਪਰਿਵਾਰ ਦੇ ਮੁਖੀ ਕੋਲ਼ ਪਰਿਵਾਰ ਅਤੇ ਕੰਪਨੀ ਦੇ ਜਨਰਲ ਮੈਨੇਜਰ ਕੋਲ ਕੰਪਨੀ ਦੇ ਬਾਕੀ ਮੈਂਬਰਾਂ 'ਤੇ ਨਿਯੰਤਰਨ ਰੱਖਣ ਦੀ ਸ਼ਕਤੀ ਹੁੰਦੀ ਹੈ।

**ਸੱਤਾ**

ਸ਼ਕਤੀ ਦੀ ਧਾਰਨਾ ਦਾ ਪ੍ਰਯੋਗ ਸੱਤਾ ਰਾਹੀਂ ਹੁੰਦਾ ਹੈ। ਸੱਤਾ ਸ਼ਕਤੀ ਦਾ ਉਹ ਰੂਪ ਹੈ ਜਿਸ ਨੂੰ ਪ੍ਰਵਾਨਿਤ, ਸਹੀ ਅਤੇ ਉਚਿੱਤ ਮੰਨਿਆ ਜਾਂਦਾ ਹੈ। ਇਹ ਪ੍ਰਵਾਨਿਤ ਅਤੇ ਸੰਸਥਾਗਤ ਹੁੰਦੀ ਹੈ। ਸੱਤਾ ਪ੍ਰਾਪਤ ਲੋਕਾਂ ਦੁਆਰਾ ਸ਼ਕਤੀ ਦਾ ਪ੍ਰਯੋਗ 'ਤੇ ਆਮ ਤੌਰ ਤੇ ਸਾਰਿਆਂ ਨੂੰ ਸਵੀਕਾਰ ਹੁੰਦਾ ਹੈ ਕਿਉਂਕਿ ਇਹ ਸਹੀ ਅਤੇ ਉਚਿੱਤ ਮੰਨਿਆ ਜਾਂਦਾ ਹੈ। ਸੱਤਾ ਦਾ ਸੰਕਲਪ ਕੁਝ ਲੋਕਾਂ 'ਤੇ ਹੀ ਨਹੀਂ ਬਲਕਿ ਸਮੂਹ ਜਾਂ ਸੰਸਥਾ 'ਤੇ ਵੀ ਲਾਗੂ ਹੁੰਦਾ ਹੈ। ਉਦਾਹਰਨ ਦੇ ਲਈ ਰਾਜਾਸ਼ਾਹੀ ਵਿੱਚ ਸੱਤਾ ਇੱਕ ਹੀ ਵਿਅਕਤੀ ਦੇ ਹੱਥ ਵਿੱਚ ਕੇਂਦਰਿਤ ਹੁੰਦੀ ਹੈ, ਜਿਸ ਨੂੰ ਰਾਜਾ ਜਾਂ ਰਾਣੀ ਆਖਦੇ ਹਨ ਪਰ ਸੰਸਦੀ ਲੋਕਤੰਤਰ ਵਿੱਚ ਸੱਤਾ ਰਾਜ ਦੀਆਂ ਭਿੰਨ-ਭਿੰਨ ਸੰਸਥਾਵਾਂ ਕੋਲ਼ ਹੁੰਦੀ ਹੈ। ਇਸੇ ਤਰ੍ਹਾਂ ਅਸੀਂ ਪੁਲਿਸ ਅਧਿਕਾਰੀ ਦੇ ਦਿੱਤੇ ਹੋਏ ਨਿਰਦੇਸ਼ ਦਾ ਪਾਲਣ ਕਰਦੇ ਹਾਂ ਕਿਉਂਕਿ ਅਸੀਂ ਵਿਸ਼ੇਸ਼ ਪਰਿਸਥਿਤੀਆਂ ਵਿੱਚ ਹੀ ਉਹਨਾਂ ਦੀ ਸੱਤਾ ਨੂੰ ਸਵੀਕਾਰਦੇ ਹਾਂ।

ਮੈਕਸ ਵੈਬਰ ਦੇ ਅਨੁਸਾਰ ਸ਼ਕਤੀ ਅਤੇ ਸੱਤਾ ਦੀ ਵੈਧਤਾ ਦੇ ਤਿੰਨ ਆਧਾਰ ਹਨ: ਪਰੰਪਰਾਗਤ ਸੱਤਾ, ਚਮਤਕਾਰੀ ਸੱਤਾ ਅਤੇ ਤਾਰਕਿਕ ਕਾਨੂੰਨੀ ਸੱਤਾ। ਪੰਰਪਰਾਗਤ ਪਿਤਾ-ਸੱਤਾਤਮਕ ਪਰਿਵਾਰ ਪਰੰਪਰਾਗਤ ਸੱਤਾ ਦਾ ਇੱਕ ਉਦਾਹਰਨ ਹੈ। ਚਮਤਕਾਰੀ ਸੱਤਾ ਵਿੱਚ ਲੋਕ ਕਿਸੇ ਵਿਅਕਤੀ ਵਿੱਚ ਵਿਸ਼ਵਾਸ ਅਤੇ ਸਨਮਾਨ ਦੇ ਕਾਰਨ ਉਸਦੀ ਗੱਲ ਮੰਨਦੇ ਹਨ। ਉਦਾਹਰਨ ਦੇ ਲਈ ਪੂਰੇ ਭਾਰਤ ਵਿੱਚ ਮਹਾਤਮਾ ਗਾਂਧੀ ਨੂੰ ਆਗੂ ਮੰਨਿਆ ਕਿਉਂਕਿ ਆਪ ਇਕ ਚਮਤਕਾਰੀ ਸ਼ਖ਼ਸੀਅਤ ਸਨ। ਆਧੁਨਿਕ ਸਮਾਜ ਵਿੱਚ ਸੱਤਾ ਦੀ ਪ੍ਰਕਿਰਤੀ ਤਾਰਕਿਕ ਹੈ, ਜੋ ਕਿ ਰਸਮੀ ਹੈ ਅਤੇ ਕਾਨੂੰਨ ਨਾਲ ਪਰਿਭਾਸ਼ਿਤ ਹੁੰਦਾ ਹੈ ਇਸ ਸੱਤਾ ਵਿੱਚ ਵਾਸਤਵਿਕ ਸ਼ਕਤੀ ਵਿਅਕਤੀ ਦੇ ਕੋਲ਼ ਨਹੀਂ ਹੁੰਦੀ ਜੋ ਉਸਦਾ ਪ੍ਰਯੋਗ ਕਰਦਾ ਹੈ ਸਗੋਂ ਉਸ ਰੁਤਬੇ ਵਿੱਚ ਹੁੰਦੀ ਹੈ ਜਿਸ ਉੱਤੇ ਉਸਦਾ ਕਬਜ਼ਾ ਹੁੰਦਾ ਹੈ। ਸੱਤਾ ਦੀ ਇਹ ਕਿਸਮ ਅਵਿਅਕਤੀਗਤ ਅਤੇ ਤਾਰਕਿਕ ਪ੍ਰਕਿਰਤੀ ਵਾਲ਼ੀ ਹੈ ਅਤੇ ਇਸਦਾ ਉੱਚਿਤ ਉਦਾਹਰਨ ਨੌਕਰਸ਼ਾਹੀ ਹੈ।



Downloaded from https:// www.studiestoday.com

Downloaded from https:// www.studiestoday.com



## ਭਿੰਨ ਤਰ੍ਹਾਂ ਦੇ ਸਮਾਜਾਂ ਵਿੱਚ ਰਾਜਨੀਤਕ ਸੰਸਥਾਵਾਂ :

ਸਮਾਜ ਦੇ ਸਰਲ ਤੋਂ ਜਟਿਲ ਉਦਯੋਗਿਕ ਸਮਾਜਾਂ ਵੱਲ ਹੋਏ ਵਿਕਾਸ ਨਾਲ਼ ਰਾਜਨਤਿਕ ਸੰਸਥਾਵਾਂ ਜਿਆਦਾ ਜਟਿਲ ਅਤੇ ਵਿਖਮ (ਭਿੰਨ) ਹੋ ਗਈਆਂ ਹਨ।

### ਰਾਜਹੀਣ ਸਮਾਜ

ਆਧੁਨਿਕ ਅਰਥਾਂ ਵਿੱਚ ਬਿਨਾ ਰਾਜ ਵਾਲੇ ਸਮਾਜ ਨੂੰ ਰਾਜਹੀਣ ਸਮਾਜ ਕਿਹਾ ਜਾਂਦਾ ਹੈ। ਇਹ ਆਦਮ ਜਾਂ ਸਰਲ ਸਮਾਜ ਸਨ। ਇਨਾ ਸਮਾਜਾਂ ਵਿੱਚ ਘੱਟ ਜਨਸੰਖਿਆਂ ਕਿਸੇ ਰਸਮੀ ਏਜੰਸੀ ਦੀ ਲੋੜ ਨਹੀਂ ਰਹੀ ਜਿਵੇਂ ਰਾਜ ਅਤੇ ਸਰਕਾਰ। ਇਸ ਦੀ ਥਾਂ ਤੇ ਸੱਤਾ ਬਜੁਰਗਾਂ ਦੇ ਹੱਥ ਵਿੱਚ ਜਾਂ ਸਮੁਦਾਇ ਦੇ ਮੁਖੀਆ ਦੇ ਹੱਥ ਵਿੱਚ, ਇਸ ਤਰਾਂ ਰਾਜਨੀਤਕ ਵਿਵਸਥਾ ਨਾਤੇਦਾਰੀ ਅਤੇ ਵਸ਼ਾਵਲੀ ਸੰਬੰਧਾਂ ਰਾਹੀਂ ਅਗੇ ਵੱਧਦੀ ਸੀ।

### ਰਾਜ ਅਤੇ ਆਧੁਨਿਕ ਸਮਾਜ

ਆਧੁਨਿਕ ਉਦਯੋਗਿਕ ਸਮਾਜਾਂ ਵਿੱਚ ਸ਼ਕਤੀ ਰਾਜ ਸੰਸਥਾ ਵਿਚ ਕੇਂਦਰਿਤ ਹੁੰਦੀ ਹੈ ਅਤੇ ਇਹ ਇਸਦੇ ਨਾਗਰਿਕਾਂ ਵਿਚ ਫੈਲੀ ਹੋਈ ਹੈ। ਮੈਕਸ ਵੈਬਰ ਨੇ ਰਾਜ ਨੂੰ ਇਕ ਮਨੁੱਖੀ ਸਮੁਦਾਇ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜੋ, ਇਹ ਨਿਸ਼ਚਿਤ ਖੇਤਰ ਵਿਚ, ਸ਼ਰੀਰਕ ਸ਼ਕਤੀ ਦਾ ਵੈਧਾਨਿਕ ਪ੍ਰਯੋਗ ਕਰਦੇ ਹੋਏ ਏਕਾਧਿਕਾਰ ਦਾ ਦਾਵਾ ਕਰਦੇ ਸਨ।

**ਰਾਜ :** ਰਾਜ ਰਾਜਨੀਤਕ ਵਿਵਸਥਾ ਦੀ ਮੁੱਖ ਸੰਸਥਾ ਹੈ। ਰਾਜ ਦੇ ਚਾਰ ਮੁੱਖ ਤੱਤ ਹਨ।

**ਜਨਸੰਖਿਆ :** ਨਾਗਰਿਕ ਜੋ ਆਪਣੇ ਆਪ ਨੂੰ ਰਾਜ ਦਾ ਜ਼ਰੂਰੀ ਅੰਗ ਮੰਨਦੇ ਹਨ।

**ਪ੍ਰਾਂਤ/ਖੇਤਰ :** ਰਾਜ ਆਪਣੀ ਸੀਮਾ ਤੋਂ ਨਿਰਧਾਰਿਤ ਹੁੰਦਾ ਹੈ, ਜੋ ਕਿ ਉਸ ਪ੍ਰਾਂਤ/ਖੇਤਰ ਨੂੰ ਬਣਾਉਂਦੀ ਹੈ।

**ਪ੍ਰਭੁਸੱਤਾ :** ਪ੍ਰਭੁੱਸੱਤਾ ਰਾਜ ਤੇ ਰਾਜ ਤੋਂ ਬਾਹਰ ਹਕੂਮਤ ਦਾ ਨਾਮ ਹੈ।

**ਸਰਕਾਰ :** ਇਕ ਦੇਸ਼ ਜਾ ਰਾਜ ਨੂੰ ਨਿਯੰਤਰਤ ਕਰਨ ਲਈ ਸੱਤਾ ਨਾਲ਼ ਜੁੜਿਆ ਲੋਕਾਂ ਦਾ ਸਮੂਹ। ਸਰਕਾਰ ਦੇ ਤਿੰਨ ਅੰਗ ਹਨ –

**ਵਿਧਾਨ ਪਾਲਿਕਾ :** ਇਹ ਆਗੂਆਂ ਦਾ ਚੁਣਿਆ ਹੋਇਆ ਸੰਗਠਨ ਹੈ, ਜਿਸ ਵਿਚ ਸਮਾਜ ਨੂੰ ਨਿਯੰਤਰਿਤ ਕਰਨ ਦੇ ਲਈ ਕਾਨੂੰਨ ਬਣਾਉਣ ਅਤੇ ਸਮਾਜ ਨੂੰ ਨਿਯਮਤ ਚਲਾਉਣ ਲਈ ਸੱਤਾ ਹੁੰਦੀ ਹੈ।

**ਕਾਰਜ ਪਾਲਿਕਾ :** ਇਹ ਅੰਗ ਵਿਧਾਨ ਸਭਾ ਵੱਲੋ ਬਣਾਏ ਕਾਨੂੰਨਾ ਨੂੰ ਲਾਗੂ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

**ਨਿਆਂ ਪਾਲਿਕਾ :-** ਸਰਕਾਰ ਦਾ ਇਹ ਅੰਗ ਕਾਨੂੰਨ ਦੀ ਪਰਿਭਾਸ਼ਾ ਅਤੇ ਵਿਆਖਿਆ ਨਿਰਪੱਖ ਨਿਆਂ ਦੇ ਪ੍ਰਸ਼ਾਸਨ ਲਈ ਕਰਦਾ ਹੈ। ਜੋ ਨਾਗਰਿਕਾਂ ਦੇ ਕਲਿਆਣ ਤੇ ਸੁਰੱਖਿਆ ਦੇ ਲਈ ਜ਼ਰੂਰੀ ਹੈ।

ਸਮਾਜਿਕ ਸੰਬੰਧਾਂ ਦੀ ਵਿਵਸਥਾ ਨੂੰ ਬਣਾਈ ਰੱਖਣ ਲਈ ਲੋਕਾਂ ਦਾ ਅਨੁਸ਼ਾਸਿਤ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਰਸਮੀ ਸੰਸਥਾਵਾਂ ਜਿਵੇਂ ਪੁਲਿਸ, ਸੈਨਾ ਜਾਂ ਨਿਆਂ ਪਾਲਿਕਾ ਦਾ ਹੋਣਾ ਕਿਸੇ ਵੀ ਵਿਵਸਥਿਤ ਸਮਾਜ ਜਾਂ ਰਾਜ ਵਿੱਚ ਅਨੁਸ਼ਾਸਨ ਨੂੰ ਮੁੱਲਾਂ ਦੀ ਇੱਛਕ ਸਵੀਕ੍ਰਿਤੀ ਇੱਕ ਜ਼ਰੂਰੀ ਤੱਤ ਹੈ ਜੋ ਨਾਗਰਿਕਾਂ ਨੂੰ ਬੰਧਨ ਦਾ ਇੱਕ ਨੈਤਿਕ ਪੱਖ ਹੈ।

ਆਧੁਨਿਕ ਰਾਜ ਪਰੰਪਰਾਗਤ ਰਾਜਾਂ ਨਾਲੋਂ ਬਹੁਤ ਭਿੰਨ ਹੈ ਕਿਉਂ ਕਿ ਇਹਨਾਂ ਰਾਜਾਂ ਨੂੰ ਪ੍ਰਭੂਸੱਤਾ, ਨਾਗਰਿਕਤਾ ਅਤੇ ਰਾਸ਼ਟਰਵਾਦ ਦੇ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਪ੍ਰਭੂਸੱਤਾ ਤੋਂ ਸਾਡਾ ਭਾਵ ਇੱਕ ਦਿੱਤੇ ਗਏ ਖੇਤਰੀ ਤੇ ਰਾਜ ਦੇ ਰਾਜਨੀਤਿਕ ਸ਼ਾਸਨ ਤੋਂ ਹੈ। ਇਸ ਦਾ ਭਾਵ ਇੱਕ ਰਾਜ ਦੀ ਆਪਣੇ-ਆਪ ਨੂੰ ਜਾਂ ਦੂਸਰੇ ਰਾਜ ਨੂੰ ਨਿਯੰਤਰਿਤ ਕਰਨ ਦੀ ਸਰਵਉੱਤਮ ਸ਼ਕਤੀ ਨਾਲ਼ ਹੈ। ਪ੍ਰਭੂਸੱਤਾ ਸੰਪਨ ਰਾਜ ਅਸਾਨੀ ਨਾਲ਼ ਹੋਂਦ ਵਿੱਚ ਨਹੀਂ ਆਉਂਦਾ। ਇਸ ਲਈ ਹੋਰ ਸੰਘਰਸ਼ ਅਤੇ ਕ੍ਰਾਂਤੀ ਦੀ ਲੋੜ ਹੁੰਦੀ ਹੈ। ਫਰਾਂਸੀਸੀ ਕ੍ਰਾਂਤੀ ਅਤੇ ਭਾਰਤੀ ਸੁਤੰਤਰਤਾ ਸੰਘਰਸ਼ ਦੇ ਅਜਿਹੇ ਅੰਦੋਲਨਾਂ ਦੇ ਉਦਾਹਰਨ ਹਨ।

**ਨਾਗਰਿਕਤਾ :** ਨਾਗਰਿਕਤਾ ਦੇ ਅਧਿਕਾਰਾਂ ਵਿੱਚ ਸਿਵਲ (ਨਾਗਰਿਕ ਅਧਿਕਾਰ) , ਰਾਜਨੀਤਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਨਾਗਰਿਕ ਅਧਿਕਾਰਾਂ ਵਿੱਚ ਵਿਅਕਤੀ ਦੇ ਰਹਿਣ ਦੀ ਆਜ਼ਾਦੀ, ਜਿੱਥੇ ਉਹ ਚਾਹੁੰਦਾ ਹੈ ਜਾਂ ਧਰਮ ਅਤੇ ਬੋਲਣ ਦੀ ਸੁਤੰਤਰਤਾ, ਨਿੱਜੀ ਸੰਪਤੀ ਦਾ ਅਧਿਕਾਰ, ਸਮਾਨਤਾ ਅਤੇ ਨਿਆਂ ਦੇ ਅਧਿਕਾਰ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ । ਰਾਜਨੀਤਿਕ ਅਧਿਕਾਰਾਂ ਵਿੱਚ ਸਰਵਜਨਕ ਅਹੁਦਿਆਂ 'ਤੇ ਚੋਣ ਲੜਨ ਦਾ ਅਧਿਕਾਰ ਅਤੇ ਵੋਟਾਂ ਦੇਣ ਦੇ ਅਧਿਕਾਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਸਮਾਜਿਕ ਅਧਿਕਾਰਾਂ ਵਿੱਚ ਸਿਹਤ ਲਾਭ, ਨਿਊਨਤਮ ਮਜ਼ਦੂਰੀ, ਸਿੱਖਿਆ ਦਾ ਅਧਿਕਾਰ ਆਦਿ ਨੂੰ ਇੱਕਠਾ ਕੀਤਾ ਜਾਂਦਾ ਹੈ। ਇਹ ਇਕ ਵਿਅਕਤੀ ਦੇ ਅਧਿਕਾਰ ਹਨ, ਤਾਂ ਕਿ ਉਹ ਆਰਥਿਕ ਕਲਿਆਣ ਅਤੇ ਸੁਰੱਖਿਆ ਦੇ ਨਿਊਨਤਮ ਮਾਪਾਂ ਦਾ ਪ੍ਰਯੋਗ ਕਰ ਸਕੇ।

**ਰਾਸ਼ਟਰਵਾਦ :** ਰਾਸ਼ਟਰਵਾਦ ਨੂੰ ਪ੍ਰਤੀਕਾਂ ਅਤੇ ਵਿਸ਼ਵਾਸ਼ਾਂ ਦੀ ਸਮੁੱਚਤਾ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜੋ ਨਾਗਰਿਕਾਂ ਵਿੱਚ ਰਾਜਨੀਤਿਕ ਸਮੁਦਾਇ ਦਾ ਹਿੱਸਾ ਹੋਣ ਦਾ ਭਾਵ ਨਿਰਮਤ ਕਰਦਾ ਹੈ। ਇਸ ਤਰ੍ਹਾਂ ਜਦ ਲੋਕ ਆਪਣੇ-ਆਪ ਨੂੰ ਭਾਰਤੀ ਮੰਨਦੇ ਹਨ। ਤਾਂ ਉਹ ਮਾਣ ਅਤੇ ਸੰਬੰਧਿਤ ਹੋਣ ਦੀ ਭਾਵਨਾ ਅਨੁਭਵ ਕਰਦੇ ਹਨ।

**ਗਤੀਵਿਧੀ : 8.1**

ਕੀ ਤੁਸੀਂ ਜਾਣਦੇ ਹੋ ਕਿ ਆਰੰਭਿਕ ਕਾਲ਼ ਵਿੱਚ ਇਸਤਰੀਆਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਸੀ। ਪਤਾ ਕਰੋ ਵਿਭਿੰਨ ਦੇਸ਼ਾਂ ਵਿੱਚ ਕਦੋਂ ਇਸਤਰੀਆਂ ਨੂੰ ਵੋਟ ਦੇਣ ਦਾ ਅਧਿਕਾਰ ਮਿਲਿਆ।

ਸਮਾਜ ਸ਼ਾਸਤਰ ਦਾ ਸੰਬੰਧ ਸਰਕਾਰ ਦੀ ਕੇਵਲ ਰਸਮੀ ਮਸ਼ੀਨਰੀ ਜਾਂ ਪ੍ਰਸ਼ਾਸਨ ਨਾਲ਼ ਰਸਮੀ ਹੀ ਨਹੀਂ ਹੁੰਦਾ ਪ੍ਰੰਤੂ ਇਸ ਦੀ ਰੁਚੀ ਸ਼ਕਤੀ ਦੇ ਵਿਆਪਕ ਪੱਖਾਂ ਦੇ ਅਧਿਐਨ ਵਿੱਚ ਹੁੰਦੀ ਹੈ। ਇਹ ਜਾਤ, ਭਾਸ਼ਾ ਅਤੇ ਧਰਮ 'ਤੇ ਆਧਾਰਿਤ ਦਲਾਂ, ਵਰਗਾਂ, ਜਾਤਾਂ ਅਤੇ ਸਮੁਦਾਇ ਦੇ ਵਿਚ ਸ਼ਕਤੀ ਦੀ



Downloaded from https:// www.studiestoday.com

Downloaded from https:// www.studiestoday.com

ਵੰਡ ਨੂੰ ਸਿੱਖਣ ਦੇ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਇਹ ਰਾਜਨੀਤੀ ਪ੍ਰਣਾਲੀ, ਪੰਚਾਇਤੀ ਰਾਜ, ਰਾਜਨੀਤਿਕ ਦਲਾਂ ਅਤੇ ਹਿੱਤ ਸਮੂਹਾਂ ਦਾ ਅਧਿਐਨ ਕਰਨ ਵਿੱਚ ਰੁਚੀ ਲੈਂਦਾ ਹੈ।

**ਰਾਜਨੀਤਕ ਪ੍ਰਣਾਲੀ :** ਰਾਜਨੀਤਿਕ ਪ੍ਰਣਾਲੀ ਵਿੱਚ ਸੰਸਥਾਂਵਾਂ, ਹਿੱਤ ਸਮੂਹ (ਰਾਜਨਤਿਕ ਪਾਰਟੀਆਂ ਮਜ਼ਦੂਰ ਸੰਘ ਆਦਿ), ਇਹਨਾਂ ਸੰਸਥਾਵਾਂ ਵਿਚਲੇ ਸੰਬੰਧ ਅਤੇ ਰਾਜਨੀਤਿਕ ਪ੍ਰਤਿਮਾਨ, ਤੇ ਨਿਯਮ ਜੋ ਕਾਰਜਸ਼ੀਲਤਾ ਨੂੰ ਵਿਨਿਯਮਤ ਕਰਦੇ ਹਨ, ਸ਼ਾਮਲ ਹੁੰਦੇ ਹਨ। ਪੰਰਪਰਾਗਤ ਮੁੱਲ ਜਿਵੇਂ ਰੂੜੀਵਾਦਿਤਾ ਸੰਸਤਰਨ ਰਾਜਾਸ਼ਾਹੀ, ਸਾਮੰਤਵਾਦ ਅਤੇ ਤਾਨਾਸ਼ਾਹੀ ਆਦਿ ਨੂੰ ਹੌਲ਼ੀ-ਹੌਲ਼ੀ ਤਰਕ, ਸਮਾਨਤਾ ਅਤੇ ਲੋਕਤੰਤਰ ਦੇ ਆਧੁਨਿਕ ਮੁੱਲਾਂ ਨੇ ਖ਼ਤਮ ਕਰ ਦਿੱਤਾ ਹੈ। ਰਾਜਨੀਤਕ ਸੱਤਾ, ਚਰਚ ਅਤੇ ਰਾਜਸ਼ਾਹੀ ਦੇ ਹੱਥਾਂ ਵਿੱਚੋਂ ਨਿਕਲਕੇ ਲੋਕਾਂ ਨੂੰ ਦੁਆਰਾ ਚੁਣੀ ਗਈ ਸਰਕਾਰ ਦੇ ਹੱਥਾਂ ਵਿੱਚ ਚਲੀ ਗਈ ਹੈ। ਸਰਕਾਰ ਦਾ ਲੋਕਤੰਤਰਿਕ ਰੂਪ ਨੂੰ ਵਿਸ਼ਵ ਵਿੱਚ ਸਭ ਤੋਂ ਪ੍ਰਸਿੱਧ ਰਾਜਨੀਤਿਕ ਪ੍ਰਣਾਲੀ ਮੰਨਿਆ ਜਾਂਦਾ ਹੈ। ਲੋਕਤੰਤਰ ਦੀਆਂ ਦੋ ਮੁੱਖ ਸ਼੍ਰੇਣੀਆਂ ਹਨ।

## ਪ੍ਰਤੱਖ ਅਤੇ ਅਪ੍ਰਤੱਖ ਲੋਕਤੰਤਰ

**1.ਪ੍ਰਤੱਖ ਲੋਕਤੰਤਰ** :ਪ੍ਰਤੱਖ ਲੋਕਤੰਤਰ ਵਿੱਚ ਸਾਰੇ ਨਾਗਰਿਕ ਚੁਣੇ ਜਾਂ ਨਿਯੁਕਤ ਕੀਤੇ ਗਏ ਅਧਿਕਾਰੀ ਦੇ ਬਿਨ੍ਹਾਂ ਸਾਰਵਜਨਿਕ ਫ਼ੈਸਲੇ ਲੈਣ ਵਿੱਚ ਹਿੱਸਾ ਲੈ ਸਕਦੇ ਹਨ। ਇਸ ਤਰ੍ਹਾਂ ਦਾ ਲੋਕਤੰਤਰ ਕੇਵਲ ਉਸ ਸਮੇਂ ਸੰਭਵ ਹੈ ਜਦੋਂ ਜੰਨਸੰਖਿਆ ਘੱਟ ਹੋਵੇ। ਉਦਾਹਰਨ ਦੇ ਲਈ ਇਕ ਕਿੱਤਾਕਾਰੀ ਸੰਗਠਨ ਵਿੱਚ ਅਤੇ ਇਕ ਸ਼ਹਿਰੀ ਮਜ਼ਦੂਰ ਸੰਘ ਵਿੱਚ ਜਿੱਥੇ ਸਾਰੇ ਮੈਂਬਰ ਇਕ ਛੱਤ ਹੇਠਾਂ ਇੱਕਠੇ ਹੋ ਸਕਦੇ ਹਨ।

**2. ਅਪ੍ਰਤੱਖ ਲੋਕਤੰਤਰ :** ਅਪ੍ਰਤੱਖ ਲੋਕਤੰਤਰ ਉਹ ਹੁੰਦਾ ਹੈ, ਜਿਸ ਵਿੱਚ ਨਾਗਰਿਕ ਰਾਜਨੀਤਿਕ ਫ਼ੈਸਲੇ ਲੈਣ, ਕਾਨੂੰਨਾਂ ਦਾ ਨਿਰਮਾਣ ਕਰਨ, ਜਨ ਕਲਿਆਣ ਦੇ ਲਈ ਅਤੇ ਪ੍ਰਸ਼ਾਸਨਿਕ ਕੰਮਾਂ ਦੇ ਨਿਰਮਾਣ ਦੇ ਲਈ ਲੋਕ ਪ੍ਰਤੀਨਿਧੀਆਂ ਦੀ ਚੋਣ ਕਰਦੇ ਹਨ। ਭਾਰਤ ਅਪ੍ਰੱਤਖ ਲੋਕਤੰਤਰ ਦਾ ਇਕ ਸਫਲ ਉਦਾਹਰਨ ਹੈ। ਭਾਰਤੀ ਲੋਕਤੰਤਰ ਦੀ ਸਫਲਤਾ ਇਕ ਰਾਜਨੀਤਿਕ ਪ੍ਰਕਿਰਿਆ ਦੇ ਦੁਆਰਾ ਮੂਰਤ ਰੂਪ ਗ੍ਰਹਿਣ ਕਰਦੀ ਹੈ। ਜਿਸਦਾ ਉਦੇਸ਼ ਆਧੁਨਿਕ ਸਮਾਜਾਂ ਦਾ ਲੋਕਤੰਤਰੀਕਰਨ ਅਤੇ ਆਰਥਿਕ ਵਿਕਾਸ ਕਰਨਾ ਹੈ।

## ਪੰਚਾਇਤੀ ਰਾਜ






Downloaded from https:// www.studiestoday.com

Downloaded from https:// www.studiestoday.com

ਪੰਚਾਇਤੀ ਰਾਜ ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਮਹੱਤਵਪੂਰਨ ਸੰਸਥਾ ਹੈ ਜਿਸ ਦਾ ਉਦੇਸ਼ ਸ਼ਕਤੀ ਦਾ ਵਿਕੇਂਦਰੀਕਰਨ ਇਸ ਤਰੀਕੇ ਨਾਲ਼ ਕਰਨਾ ਹੈ ਕਿ ਇਕ ਸਧਾਰਨ ਪੇਂਡੂ ਦਾ ਪਿੰਡ ਦੇ ਵਿਕਾਸ ਪ੍ਰੋਗਰਾਮ ਉੱਤੇ ਨਿਯੰਤਰਨ ਹੋਵੇ। ਇਹ ਸਥਾਨਿਕ ਨਿੱਜੀ ਰਾਜ ਪ੍ਰਬੰਧ ਦੀ ਇੱਕ ਪ੍ਰਣਾਲੀ ਹੈ, ਜਿਸ ਵਿੱਚ ਗ੍ਰਾਮ ਪੰਚਾਇਤ ਸ੍ਵੈ ਸਰਕਾਰ ਦੀ ਇੱਕ ਇਕਾਈ ਦੇ ਰੂਪ ਵਿੱਚ ਕੰਮ ਕਰਦੀ ਹੈ।

ਇਹ ਪ੍ਰਸ਼ਾਸਨ ਦੀ ਤਿੰਨ ਪੱਧਰੀ ਪ੍ਰਣਾਲੀ ਹੈ। ਇਸ ਦੀ ਬੁਨਿਆਦੀ ਇਕਾਈ ਗ੍ਰਾਮ ਪੰਚਾਇਤ ਜਾਂ ਪਿੰਡ ਦੀ ਪੰਚਾਇਤ, ਦੂਸਰੀ ਮੱਧਵਰਤੀ ਪੱਧਰ 'ਤੇ ਪੰਚਾਇਤ ਸੰਮਤੀ ਜਾਂ ਬਲਾਕ ਪੱਧਰ ਦੀ ਪੰਚਾਇਤ ਹੈ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪੰਚਾਇਤ ਹੁੰਦੀ ਹੈ। 73 ਵੀਂ ਸੰਵਿਧਾਨਕ ਸੋਧ ਦੇ ਅਧਿਨਿਯਮ ਨੇ ਪੰਚਾਇਤ ਦੇ ਚੁਣੇ ਹੋਏ ਮੈਂਬਰਾਂ ਨੂੰ ਵਧੇਰੇ ਸ਼ਕਤੀਆਂ ਅਤੇ ਕਰੱਤਵ ਪ੍ਰਦਾਨ ਕੀਤੀ ਹੈ। ਇਸਨੇ ਔਰਤਾਂ ਦੇ ਲਈ ਰਾਜਨੀਤਿਕ ਪ੍ਰਕਿਰਿਆ ਵਿੱਚ ਇੱਕ ਵੱਡੀ ਸੰਖਿਆ ਵਿੱਚ ਪਦ ਰਾਖਵੇਂ ਕੀਤੇ ਹਨ ਅਤੇ ਉਹਨਾਂ ਨੂੰ ਸ਼ਾਮਲ ਹੋਣ ਦੇ ਮੌਕੇ ਪ੍ਰਦਾਨ ਕੀਤੇ ਹਨ। ਵਿਕਾਸ ਦੇ ਸੰਦਰਭ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦੇ ਨਿਮਨਲਿਖਿਤ ਲਾਭ ਜਾਂ ਗੁਣ ਹਨ।

1. ਪੰਚਾਇਤ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੇ ਲਈ ਯੋਜਨਾ ਤਿਆਰ ਕਰਨ ਦਾ ਇੱਕ ਮੰਚ ਉਪਲਬਧ ਕਰਵਾਉਂਦੀ ਹੈ।
2. ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਲੋਕਾਂ ਦੀ ਸਹਿਭਾਗਤਾ ਅਤੇ ਉਹਨਾਂ ਨੂੰ ਲਾਗੂ ਕਰਨਾ, ਸੰਬੰਧਿਤ ਪਿੰਡਾਂ ਦੇ ਟੀਚੇ ਪ੍ਰੋਗਰਾਮਾਂ ਨੂੰ ਚੁਣਨ ਵਿੱਚ ਸਹਾਇਤਾ ਕਰਦੀ ਹੈ।
3. ਪਿੰਡ ਵਿਕਾਸ ਪ੍ਰੋਗਰਾਮ ਲੋਕਾਂ ਦੀ ਸਹਿਭਾਗਤਾ ਦਾ ਨਤੀਜਾ ਹੈ।

**ਪੰਚਾਇਤੀ ਰਾਜ ਪ੍ਰਣਾਲੀ ਦੀਆਂ ਕੁਝ ਕਮੀਆਂ ਵੀ ਹਨ।**

1. ਪੰਚਾਇਤ ਦੇ ਉਦੇਸਾਂ ਦੇ ਵਿਸ਼ੇ ਵਿੱਚ ਸਪੱਸ਼ਟਤਾ ਦੀ ਕਮੀ ਹੈ। ਕੁਝ ਲੋਕ ਮੰਨਦੇ ਹਨ ਕਿ ਇਹ ਕੇਵਲ ਪ੍ਰਸ਼ਾਸਨਿਕ ਸੰਗਠਨ ਹੈ, ਜਦੋਂ ਕਿ ਹੋਰ ਲੋਕਾਂ ਦਾ ਵਿਚਾਰ ਹੈ ਕਿ ਇਹ ਬੁਨਿਆਦੀ ਤੌਰ 'ਤੇ ਲੋਕਤੰਤਰ ਦਾ ਵਿਸਤਾਰ ਹੈ।
2. ਧਨ ਕੋਸ਼ ਦੀ ਕਮੀ ਪੰਚਾਇਤੀ ਰਾਜ ਦੇ ਸਫਲ ਸੰਚਾਲਨ ਵਿੱਚ ਅੜਚਨ ਪਾਉਂਦੀ ਹੈ।
3. ਪੰਚਾਇਤ ਨੂੰ ਤਿੰਨ ਪੜਾਵਾਂ 'ਤੇ ਪ੍ਰਸ਼ਾਸਨਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਸਥਾਨਿਕ ਪ੍ਰਸ਼ਾਸਨ ਵਿੱਚ ਰਾਜਨੀਤਿਕ ਦਖਲ ਹੋਣਾ, ਤਿੰਨਾਂ ਪੜਾਵਾਂ ਦੇ ਵਿਚਕਾਰ ਤਾਲਮੇਲ ਦੀ ਕਮੀ ਹੋਣਾ, ਪ੍ਰਸ਼ਾਸਨਿਕ ਕਰਮਚਾਰੀਆਂ ਦੇ ਲਈ ਪ੍ਰੇਰਣਾ ਅਤੇ ਅੱਗੇ ਵਧਣ ਦੇ ਮੌਕਿਆਂ ਦਾ ਅਭਾਵ ਹੋਣਾ ਅਤੇ ਵਿਕਾਸ ਪ੍ਰੋਗਰਾਮ ਦੇ ਪ੍ਰਤੀ ਸਰਕਾਰੀ ਕਰਮਚਾਰੀਆਂ ਦਾ ਅਣਗਹਿਲੀ ਵਾਲ਼ਾ ਵਿਵਹਾਰ ਹੋਣਾ ਆਦਿ।
4. ਇਹਨਾਂ ਤਿੰਨਾਂ ਪੜਾਵਾਂ ਦੇ ਵਿਚਕਾਰ ਅਸਹਿਯੋਗ ਅਤੇ ਵਿਰੋਧੀ ਸੰਬੰਧ ਹੋਣਾ।
5. ਆਮ ਆਦਮੀ ਅਤੇ ਪੰਚਾਇਤੀ ਰਾਜ ਅਧਿਕਾਰੀਆਂ ਦੇ ਵਿਚਕਾਰ ਸੰਪਰਕ ਦੀ ਘਾਟ ਹੋਣਾ।



Downloaded from https:// www.studiestoday.com

Downloaded from https:// www.studiestoday.com

## ਰਾਜਨੀਤਿਕ ਦਲ਼

ਰਾਜਨੀਤਿਕ ਦਲ਼ ਲੋਕਤੰਤਰ ਵਿੱਚ ਇਕ ਮਹੱਤਵਪੂਰਨ ਸਥਾਨ ਰੱਖਦੇ ਹਨ। ਇੱਕ ਰਾਜਨੀਤਿਕ ਦਲ ਆਮ ਹਿੱਤਾਂ ਅਤੇ ਵਿਚਾਰਧਾਰਵਾਂ ਵਾਲ਼ੇ ਵਿਅਕਤੀਆਂ ਦੀ ਇੱਕ ਸੰਗਠਿਤ ਇਕਾਈ ਹੈ। ਕੁਝ ਰਾਜਨੀਤਿਕ ਦਲ ਰਾਸ਼ਟਰੀ ਪੱਧਰ ਦੇ ਹੁੰਦੇ ਹਨ ਜਿਵੇਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਅਤੇ ਕੁਝ ਰਾਜਨੀਤਿਕ ਦਲ ਖੇਤਰੀ ਪੱਧਰ ਦੇ ਹੁੰਦੇ ਹਨ ਜਿਵੇਂ ਅਕਾਲੀ ਦਲ, ਸਮਾਜਵਾਦੀ ਦਲ, ਸ਼ਿਵਸੈਨਾ ਆਦਿ ਜੋ ਕਿ ਦੇਸ਼ ਕੇ ਕੁਝ ਵਿਸ਼ਿਸਟ ਖੇਤਰਾਂ ਦੇ ਲੋਕਾਂ ਦੀ ਅਗਵਾਈ ਕਰਦੇ ਹਨ।

ਰਾਜਨੀਤਿਕ ਦਲਾਂ ਦਾ ਮੁੱਖ ਕੰਮ ਸਰਕਾਰ ਦੇ ਨਿਯੰਤਰਨ ਨੂੰ ਪ੍ਰਾਪਤ ਕਰਨ ਦੇ ਲਈ ਲੋਕਾਂ ਨੂੰ ਇਕੱਠਾ ਕਰਨਾ ਅਤੇ ਸੰਗਠਿਤ ਕਰਨਾ, ਸਮੂਹਾਂ ਦੇ ਹਿਤ ਵਿੱਚ ਨੀਤੀਆਂ ਦਾ ਵਿਕਾਸ ਕਰਨਾ, ਅਤੇ ਆਪਣੇ ਉਮੀਦਵਾਰ ਦੀ ਚੋਣ ਲਈ ਮਤਦਾਤਾ ਨੂੰ ਸੰਗਠਿਤ ਤਿਆਰ ਕਰਨਾ ਹੈ। ਉਹ ਆਪਣੇ ਚੋਣ ਖੇਤਰ ਦੇ ਹਿਤਾਂ ਲਈ ਕੰਮ ਕਰਦੇ ਹਨ ਅਤੇ ਨੀਤੀਆਂ ਬਣਾਉਣ ਵਿੱਚ ਮਦਦ ਕਰਦੇ ਹਨ। ਪਰ ਦੁੱਖ ਦੀ ਗੱਲ ਹੈ ਕਿ ਇਹ ਭ੍ਰਿਸ਼ਟਾਚਾਰ, ਸ਼ੋਸ਼ਣ ਅਤੇ ਦਮਨ  ਕਰਨ ਵਾਲ਼ੇ ਬਣ ਸਕਦੇ ਹਨ।

ਗਠਬੰਧਨ ਦੀ ਰਾਜਨੀਤੀ ਬਹੁ-ਦਲੀ ਸਥਿਤੀ ਦਾ ਇੱਕ ਮਹੱਤਵਪੂਰਨ ਪੱਖ ਹੈ। ਗਠਬੰਧਨ ਦੇ ਅੰਤਰਗੰਤ, ਸਮਾਨ ਵਿਚਾਰਧਾਰਾ ਵਾਲ਼ੇ ਦਲ ਰਾਜਨੀਤਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਇਕ ਸਾਂਝੇ ਮੋਰਚੇ ਦਾ ਨਿਰਮਾਣ ਕਰਦੇ ਹਨ। ਇਸ ਪ੍ਰਕਾਰ ਦੇ ਗਠਬੰਧਨ ਦੀ ਸਰਕਾਰ ਅਨੇਕਾਂ ਦੇਸ਼ਾਂ ਵਿੱਚ ਮੌਜੂਦ ਹੁੰਦੀ ਹੈ। ਰਾਜਨੀਤਕ ਗਠਬੰਧਨ ਉਸ ਸਮੇਂ ਬਣਾਇਆ ਜਾਂਦਾ ਹੈ। ਜਦੋਂ ਕੋਈ ਇੱਕ ਰਾਜਨੀਤਕ ਦਲ ਸਰਕਾਰ ਬਣਾਉਣ ਤੋਂ ਅਸਮਰੱਥ ਹੁੰਦਾ ਹੈ ਤਾਂ ਰਾਜਨੀਤਿਕ ਸੰਕਟਾਂ ਤੋਂ ਬਚਣ ਅਤੇ ਸਮਾਜ ਵਿੱਚ ਰਾਜਨੀਤਕ ਦਲਾਂ ਦੇ ਵਿਚਕਾਰ ਅੰਤਰਿਕ ਸੰਘਰਸ਼ ਨੂੰ ਘੱਟ ਕਰਨਾ ਹੋਵੇ। ਇਸ ਤਰ੍ਹਾਂ ਜੇਕਰ ਉਹ ਗੰਭੀਰਤਾ ਨਾਲ਼ ਕੰਮ ਕਰਦੇ ਹਨ ਤਾਂ ਰਾਜਨੀਤਿਕ ਦਲ ਲੋਕਾਂ ਅਤੇ ਆਪਣੇ ਪ੍ਰਤੀਨਿਧੀਆਂ ਦੇ ਵਿਚਕਾਰ ਇੱਕ ਮਾਧਿਆਮ ਵਿਕਸਿਤ ਕਰਨ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ।

## ਹਿੱਤ ਸਮੂਹ

ਕੰਮ ਦੀ ਵੰਡ ਵਿੱਚ ਵਾਧੇ ਦੇ ਨਾਲ਼ ਕਿੱਤਾ ਸਮੂਹ ਉੱਭਰ ਦੇ ਸਾਹਮਣੇ ਆਏ ਹਨ। ਇਹ ਸਾਰੇ ਸਮੂਹ ਵਿਸ਼ੇਸ਼ ਪ੍ਰਕਾਰ ਦੇ ਹਿੱਤ ਰੱਖਦੇ ਹਨ, ਜਿਨ੍ਹਾਂ ਨੂੰ ਉਹ ਆਪਣੇ ਦਿਨ-ਪ੍ਰਤੀਦਿਨ ਦੀਆਂ ਗਤੀਵਿਧੀਆਂ ਵਿੱਚ ਪ੍ਰੋਤਸਾਹਿਤ ਕਰਦੇ ਹਨ। ਸਮਾਜ ਵਿੱਚ ਆਪਣੇ ਵਿਸ਼ਿਸਟ ਹਿੱਤਾਂ ਦਾ ਅਗਵਾਈ ਕਰਨ ਵਾਲ਼ੇ ਸਮੂਹ ਜਾਂ ਸੰਗਠਨਾਂ ਨੂੰ ਹਿੱਤ ਸਮੂਹ ਆਖਦੇ ਹਨ। ਉਹਨਾਂ ਦੇ ਆਪਣੇ ਲਈ ਵਿਸ਼ੇਸ਼ ਹਿੱਤ ਹੁੰਦੇ ਹਨ। ਇਹ ਹਿੱਤ ਸਮੂਹ ਰਾਜਨੀਤਿਕ ਨਿਰਣਿਆਂ ਅਤੇ ਲੋਕਤੰਤਰੀ ਰਾਜਾਂ ਦੀਆਂ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਕਰਦੇ ਹਨ।  ਉਦਾਹਰਨ ਦੇ ਲਈ ਕੁਝ ਅਜਿਹੇ ਹਿੱਤ ਸਮੂਹ ਹਨ, ਜੋ ਆਪਣੇ ਮੈਂਬਰਾਂ ਦੇ ਸਮਾਜਿਕ-ਆਰਥਿਕ ਅਤੇ ਸੰਸਕ੍ਰਿਤਕ ਹਿੱਤਾਂ ਨੂੰ ਸੁਰੱਖਿਆ ਦੇਣ ਦੇ ਲਈ ਕੰਮ ਕਰਦੇ ਹਨ। ਇਹ ਰਾਜਨੀਤਿਕ ਦਲਾਂ ਦੇ ਮੈਂਬਰਾਂ ਦੀ ਸਹਾਇਤਾ ਨਾਲ਼ ਸਰਕਾਰ ਦੇ ਨਿਰਨੇ ਲੈਣ ਦੀ ਪ੍ਰਕਿਰਿਆ ਨੂੰ



Downloaded from https:// www.studiestoday.com

Downloaded from https:// www.studiestoday.com

ਪ੍ਰਭਾਵਿਤ ਕਰਨ ਦਾ ਯਤਨ ਕਰਦੇ ਹਨ। ਕੁਝ ਹਿੱਤ ਸਮੂਹਾਂ ਦਾ ਉਦੇਸ਼ ਰਾਸ਼ਟਰੀ ਰਾਜਨੀਤੀ ਵਿੱਚ ਇੱਕ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਪਦ/ਸਥਿਤੀ ਪ੍ਰਾਪਤ ਕਰਨਾ ਹੁੰਦਾ ਹੈ। ਕਿਉਂਕਿ ਇਹ ਸਮੂਹ ਆਪਣੀਆਂ ਮੰਗਾਂ ਨੂੰ ਪੂਰਾ ਕਰਨ ਦੇ ਲਈ ਸਰਕਾਰ ਉੱਤੇ ਦਬਾਅ ਪਾਉਂਦੇ ਹਨ। ਇਸ ਲਈ ਉਹਨਾਂ ਨੂੰ ਦਬਾਅ ਸਮੂਹ ਵੀ ਕਿਹਾ ਜਾਂਦਾ ਹੈ। ਉਹ ਆਰਥਿਕ ਸਮੂਹ ਹੋ ਸਕਦੇ ਹਨ, ਜਿਵੇਂ ਮਜਦੂਰ ਸੰਗਠਨ, ਕਾਰਕ ਸਮੂਹ ਹੋ ਸਕਦੇ ਹਨ ਜਿਵੇਂ ਮਹਿਲਾਵਾਂ ਦੇ ਅਧਿਕਾਰਾਂ ਜਾਂ ਅਪੰਗ ਲੋਕਾਂ ਦੇ ਲੜਨ ਵਾਲ਼ਾ ਸਮੂਹ, ਉਹ ਨਿੱਜੀ ਇਕਾਈਆਂ ਵੀ ਹੋ ਸਕਦੀਆਂ ਹਨ ਜਿਵੇਂ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰ ਰਹੇ ਵਿਸ਼ਵ ਵਿਦਿਆਲੇ/ਸਰਕਾਰੀ ਸੰਸਥਾਵਾਂ ਜਿਵੇਂ ਵਿੱਤੀ ਸਾਧਨਾਂ ਲਈ ਸੰਘਰਸ਼ ਕਰ ਰਹੇ ਵਿੱਦਿਅਕ ਅਦਾਰੇ ਆਦਿ।

**ਗਤੀਵਿਧੀ 8.2**

ਗਠਬੰਧਨ ਸਰਕਾਰ ਦੇ ਪੱਖਾਂ 'ਤੇ ਚਰਚਾ ਕਰੋ ਅਤੇ ਆਪਣੇ ਦੇਸ਼ ਵਿੱਚ ਇਹ ਕਿਸ ਪ੍ਰਕਾਰ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਹੈ, 'ਤੇ ਵਿਚਾਰ ਕਰੋ।

ਰਾਸ਼ਟਰੀ ਪੱਧਰ 'ਤੇ ਕੁੱਲ ਮੁੱਖ ਗਠਬੰਧਨਾਂ ਦੀਆਂ ਉਦਾਹਰਨ ਦਿਓ।

## ਰਾਜਨੀਤਕ ਚਿੰਤਨ ਵਿੱਚ ਵਿਕਾਸ ਦੇ ਨਵੇਂ ਪੱਖ

ਸਮਾਜ ਸ਼ਾਸ਼ਤਰੀ ਲੰਬੇ ਸਮੇਂ ਤੋਂ ਰਾਜਨੀਤਕ ਸੰਸਥਾਵਾਂ ਦਾ ਅਧਿਐਨ ਕਰ ਰਹੇ ਹਨ। ਰਾਜਨੀਤਿਕ ਸੰਸਥਾਵਾਂ ਸਮਾਜ ਸ਼ਾਸਤਰੀ ਵਿਸ਼ਲੇਸ਼ਣ ਕਰਨ ਦੀ ਪ੍ਰਕਿਰਿਆ ਵਿੱਚ ਸਮਾਜ ਸ਼ਾਸਤਰ ਦੀ ਇੱਕ ਸ਼ਾਖਾ ਦੇ ਰੂਪ ਵਿੱਚ, ਰਾਜਨੀਤਿਕ ਸਮਾਜ ਸ਼ਾਸਤਰ ਵਿਸ਼ਾ ਸਾਹਮਣੇ ਆਇਆ ਹੈ। ਇਹ ਵਿਸ਼ਾ ਸਮਾਜ, ਰਾਜ, ਸਰਕਾਰ, ਸਮਾਜਿਕ ਸਰੰਚਨਾ, ਆਰਥਿਕ ਵਿਕਾਸ ਅਤੇ ਰਾਜਨੀਤਿਕ ਵਿਕਾਸ ਦੇ ਵਿਚਕਾਰ ਆਪਸੀ ਸੰਬੰਧਾਂ ਦੇ ਅਧਿਐਨ ਤੇ ਜ਼ੋਰ ਦਿੰਦਾ ਹੈ। ਇਹ ਸਮਾਜਿਕ ਸੰਰਚਨਾ, ਰਾਜਨੀਤਿਕ ਪ੍ਰਣਾਲੀ, ਰਾਜਨੀਤਿਕ ਦਲ਼ਾਂ ਅਤੇ ਵਿਚਾਰਧਾਰਾਵਾਂ ਦੇ ਨਾਲ਼ ਹੀ ਧਰਮ, ਜਾਤੀ ਵਰਗ, ਜਨਜਾਤੀ, ਭਾਸ਼ਾ, ਦਬਾਵ ਸਮੂਹਾਂ ਅਤੇ ਰਾਜਨੀਤਿਕ ਵਿਵਹਾਰਾਂ ਦੇ ਵਿਚਕਾਰ ਸੰਬੰਧਾਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ। ਇਹ ਰਾਜਨੀਤਕ ਪਰਿਵਰਤਨਾਂ, ਰਾਜਨੀਤਕ ਵਿਕਾਸ ਅਤੇ ਸਮਾਜਿਕ ਅੰਦੋਲਨਾਂ ਦੇ ਭਿੰਨ ਪੱਖਾਂ ਦੇ ਅਧਿਐਨ ਦੀਆਂ ਜ਼ਰੂਰਤਾਂ 'ਤੇ ਜ਼ੋਰ ਦਿੰਦਾ ਹੈ।






Downloaded from https:// www.studiestoday.com

Downloaded from https:// www.studiestoday.com

## ਧਾਰਮਿਕ ਸੰਸਥਾ

ਧਰਮ ਮਨੁੱਖੀ ਸਮਾਜ ਦੇ ਸੰਪੂਰਨ ਇਤਿਹਾਸ ਵਿੱਚ ਸਮਾਇਆ ਹੋਇਆ ਹੈ। ਸੱਭਿਆਚਾਰ ਦੇ ਇਕ ਮਹੱਤਵਪੂਰਨ ਅੰਸ਼ ਦੇ ਰੂਪ ਵਿੱਚ, ਇਹ ਮਾਨਵ ਦੇ ਸਮਾਜਿਕ ਜੀਵਨ ਦਾ ਡੂੰਘਾ ਹਿੱਸਾ ਹੈ। ਧਰਮ ਸਮਾਜ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਧਰਮ ਨੂੰ ਨੈਤਿਕਤਾ ਦਾ ਕੇਂਦਰ, ਸਮਾਜਿਕ ਵਿਵਸਥਾ ਅਤੇ ਵਿਅਕਤੀ ਦੀ ਆਂਤਰਿਕ ਸ਼ਾਂਤੀ ਦਾ ਇਕ ਸਰੋਤ ਮੰਨਿਆ ਜਾਂਦਾ ਹੈ। ਧਰਮ ਵਿੱਚ ਤਿੰਨ ਪੱਖ ਹੁੰਦੇ ਹਨ- ਸੰਸਕਾਰ, ਵਿਸ਼ਵਾਸ ਅਤੇ ਸੰਗਠਨ। ਸੰਸਕਾਰਾਂ ਦਾ ਸੰਬੰਧ ਧਾਰਮਿਕ ਵਿਵਹਾਰ ਨਾਲ਼ ਹੁੰਦਾ ਹੈ। ਵਿਸ਼ਵਾਸ ਦਾ ਸੰਬੰਧ ਸਾਧਨਾਂ ਦੇ ਨਾਲ਼ ਹੀ ਵਿਸ਼ਵਾਸ, ਸ਼ਰਧਾ ਦੇ ਸਵਰੂਪਾਂ ਨਾਲ਼ ਹੁੰਦਾ ਹੈ ਅਤੇ ਸੰਗਠਨ ਦਾ ਸੰਬੰਧ ਉਸ ਤੰਤਰ ਜਾਂ ਪ੍ਰਣਾਲੀ ਤੋਂ ਹੁੰਦਾ ਹੈ, ਜਿਸਦੇ ਦੁਆਰਾ ਧਰਮ ਸੰਬੰਧਿਤ ਮੈਂਬਰਾਂ ਦੀਆਂ ਭੂਮਿਕਾਵਾਂ, ਪ੍ਰਸਥਿਤੀਆਂ ਅਤੇ ਤੁਲਨਾਵਾਂ ਦਾ ਪ੍ਰਬੰਧ ਕਰਦਾ ਹੈ।

## ਧਰਮ ਦੀ ਉਤਪਤੀ ਦੇ ਸਿਧਾਂਤ

ਮਾਨਵ ਸ਼ਾਸਤਰੀਆਂ ਅਤੇ ਸਮਾਜ ਸ਼ਾਸ਼ਤਰੀਆਂ ਨੇ ਧਰਮ ਦੀ ਉਤਪਤੀ ਦੇ ਵਿਭਿੰਨ ਸਿਧਾਂਤ ਦਿੱਤੇ ਹਨ। ਈ.ਬੀ. ਟਾਇਲਰ ਨੇ 'ਜੀਵਵਾਦ' ਦਾ ਸਿਧਾਂਤ ਪੇਸ਼ ਕੀਤਾ ਹੈ ਜਿਸਦੇ ਅਨੁਸਾਰ ਧਰਮ ਦੀ ਉਤਪਤੀ ਆਤਮਾ ਦੇ ਵਿਚਾਰ ਤੋਂ ਹੁੰਦੀ ਹੈ। ਉਸ ਦਾ ਮੰਨਣਾ ਹੈ ਕਿ ਧਰਮ ਦੀ ਉਤਪਤੀ ਜੀਵਨ ਅਤੇ ਮੌਤ ਦੇ ਅਨੁਭਵਾਂ ਨੂੰ ਮਹੱਤਵ ਦਿੰਦੀ ਹੈ। ਇਕ ਵਿਅਕਤੀ ਅਪਣੇ ਸੁਪਨਿਆਂ ਵਿਚ ਕੀ ਦੇਖਦਾ ਹੈ ਅਤੇ ਉਸ ਸਮੇਂ ਕੀ ਹੁੰਦਾ ਹੈ ਜਦੋਂ ਮੌਤ ਦੇ ਬਾਅਦ ਆਤਮਾ ਸਰੀਰ ਛੱਡ ਕੇ ਜਾਂਦੀ ਹੈ, ਅਜਿਹੇ ਸਵਾਲ ਹਨ ਜੋ ਕਿ ਆਦਮ ਮਨੁੱਖ ਦੇ ਲਈ ਬੁਝਾਰਤ ਸਨ। ਇਨ੍ਹਾਂ ਪ੍ਰਸ਼ਨਾਂ ਤੋਂ ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਪੈਦਾ ਹੋਇਆ। ਆਦਿਮ ਸਮਾਜਾਂ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਬਹੁਤ ਸਾਰੀਆਂ ਆਤਮਾਵਾਂ ਮਨੁੱਖੀ ਹਿੱਤਾਂ ਨਾਲ਼ ਸਬੰਧਿਤ ਹਨ ਅਤੇ ਜੋ ਲਾਭ ਜਾਂ ਹਾਨੀ ਕਰਨ ਦੀ ਸ਼ਕਤੀ ਰੱਖਦੀਆਂ ਹਨ। ਇਸ ਲਈ ਉਹਨਾਂ ਤੋਂ ਡਰਨ ਅਤੇ ਉਹਨਾਂ ਦੀ ਪੂਜਾ ਕਰਨ ਦੀ ਜ਼ਰੂਰਤ ਹੈ। ਮੈਕਸ ਮੂਲਰ ਨੇ 'ਪ੍ਰਕਿਰਤੀਵਾਦ' ਦੇ ਸਿਧਾਂਤ ਦੇ ਅਧਾਰ 'ਤੇ ਧਰਮ ਦੀ ਉੱਤਪਤੀ ਦੀ ਵਿਆਖਿਆ ਕੀਤੀ। ਉਹ ਮੰਨਦੇ ਹਨ ਕਿ ਮਨੁੱਖ ਵਿਕਾਸ ਦੇ ਪਹਿਲੇ ਚਰਨ ਵਿੱਚ ਆਦਮ ਸਮਾਜ ਦੇ ਪ੍ਰਕਿਰਤੀ ਸਭ ਤੋਂ ਹੈਰਾਨੀਜਨਕ, ਡਰਾਵਣੀ, ਭਿਆਨਕ ਅਤੇ ਅਦਭੁੱਤ ਸ਼ਕਤੀ ਦੇ ਰੂਪ ਵਿੱਚ ਮੌਜੂਦ ਹੁੰਦੀ ਸੀ। ਉਹ ਇਸਨੂੰ ਹੈਰਾਨੀ ਅਤੇ ਡਰ ਦਾ ਵਪਾਰਕ ਖੇਤਰ ਕਹਿੰਦੇ ਸੀ। ਧਰਮ ਦਾ ਆਰੰਭ ਪ੍ਰਕਿਰਤਿਕ ਵਸਤੂਆਂ ਦੀ ਪੂਜਾ ਨਾਲ਼ ਆਰੰਭ ਹੁੰਦਾ ਹੈ, ਜਿਵੇਂ ਸੂਰਜ, ਚੰਦਰਮਾ, ਤਾਰੇ ਆਦਿ ਕਿਉਂਕਿ ਇਹਨਾਂ ਨਾਲ਼ ਲੋਕਾਂ ਵਿੱਚ ਡਰ ਅਤੇ ਹੈਰਾਨੀ ਦੀ ਭਾਵਨਾ ਉਤਪੰਨ ਹੋਈ ਅਤੇ ਇਹ ਉਹਨਾਂ ਦੇ ਨਿਯੰਤਰਨ ਤੋਂ ਦੂਰ ਸੀ। ਪ੍ਰਸਿੱਧ ਸਮਾਜ ਸ਼ਾਸਤਰੀ ਇਮਾਇਲ ਦੁਰਖ਼ੀਮ ਨੇ ਧਰਮ ਦੇ ਉਪਯੁਕਤ ਸਿਧਾਂਤਾਂ ਨੂੰ ਅਸਵੀਕਾਰ ਕੀਤਾ ਅਤੇ ਧਰਮ ਦਾ ਸਮਾਜ ਸ਼ਾਸਤਰੀ ਸਿਧਾਂਤ ਪੇਸ਼ ਕੀਤਾ। ਦੁਰਖ਼ੀਮ ਦੇ ਅਨੁਸਾਰ 'ਟੋਟਮਵਾਦ' ਧਰਮ ਦਾ ਸਭ ਤੋਂ ਆਦਮ ਸਰੂਪ ਸੀ। ਟੋਟਮ ਸਬਦ ਸਭ ਤੋਂ ਪਹਿਲਾਂ ਉੱਤਰੀ ਅਮਰੀਕਾ ਦੀਆਂ ਭਾਰਤੀ ਜਨਜਾਤੀਆਂ ਵਿੱਚ ਉਤਪੰਨ ਹੋਇਆ ਅਤੇ ਪਸ਼ੂਆਂ ਅਤੇ ਪੌਦਿਆਂ ਵਿੱਚ ਅਧਿਆਤਮਕ ਸ਼ਕਤੀ ਹੋਣ ਦੇ ਵਿਸ਼ਵਾਸ ਦੇ ਨਾਲ਼ ਵਿਕਸਿਤ ਹੋਇਆ। ਦੁਰਖ਼ੀਮ ਨੇ ਪਵਿੱਤਰ ਅਤੇ ਆਮ ਵਸਤੂਆਂ ਦੇ ਵਿੱਚ ਅੰਤਰ ਦੱਸਿਆ। ਪਵਿੱਤਰ



Downloaded from https:// www.studiestoday.com

Downloaded from https:// www.studiestoday.com

ਵਸਤੂਆਂ ਉਹ ਹੁੰਦੀਆਂ ਹਨ, ਜਿਨ੍ਹਾਂ ਦੇ ਪ੍ਰਤਿ ਆਦਰ ਅਤੇ ਸਰਵਸ਼੍ਰੇਸ਼ਠਤਾ ਦਾ ਵਿਵਹਾਰ ਕੀਤਾ ਜਾਂਦਾ ਹੈ। ਇਹ, ਜੀਵਨ ਵਿੱਚ ਆਉਣ ਵਾਲੀਆਂ ਅਨੇਕ ਵਸਤੂਆਂ ਤੇ ਹਰ ਰੋਜ਼ ਦੇ ਜੀਵਨ ਦੀਆਂ ਸਧਾਰਨ ਵਸਤੂਆਂ ਤੋਂ ਅਲੱਗ ਕੀਤੀਆਂ ਜਾ ਸਕਦੀਆਂ ਹਨ। ਦੁਰਖ਼ੀਮ ਇਹਨਾਂ ਵਸਤੂਆਂ ਨੂੰ 'ਆਮ' ਕਹਿੰਦੇ ਹਨ। ਸਾਡੇ ਦਿਨ ਪ੍ਰਤੀਦਿਨ ਦੀ ਹੋਂਦ ਨਾਲ ਜੁੜੀਆਂ ਕਈ ਵਸਤੂਆਂ ਪਵਿੱਤਰ ਵਸਤੂਆਂ ਤੋਂ ਦੂਰ ਹੁੰਦੀਆਂ ਹਨ। ਇਸ ਤਰ੍ਹਾਂ ਧਰਮ ਇੱਕ ਅਜਿਹੀ ਸਮਾਜਿਕ ਸੰਸਥਾ ਹੈ ਜੋ ਪਵਿੱਤਰ ਵਸਤੂਆਂ 'ਤੇ ਅਧਾਰਿਤ ਵਿਸ਼ਵਾਸਾਂ ਅਤੇ ਕਿਰਿਆਵਾਂ ਨੂੰ ਇੱਕਠਾ ਕਰਦੀ ਹੈ।

ਦੁਰਖ਼ੀਮ ਦੇ ਅਨੁਸਾਰ ਸਾਰੇ ਧਾਰਮਿਕ ਵਿਚਾਰ ਜਿਵੇਂ ਟੋਟਮ ਸਮਾਜਿਕ ਸਮੂਹ ਨਾਲ਼ ਉਤਪੰਨ ਹੋਏ। ਧਰਮ ਪੂਰਨ ਤੌਰ 'ਤੇ ਸਮਾਜਿਕ ਹੁੰਦਾ ਹੈ। ਇਹ ਸਮਾਜਿਕ ਸੰਦਰਭ ਵਿੱਚ ਉਤਪੰਨ ਹੁੰਦਾ ਹੈ। ਲੋਕ ਟੋਟਮ ਦਾ ਆਦਰ ਕਰਦੇ ਹਨ ਕਿਉਂਕਿ ਟੋਟਮ ਸਮਾਜਿਕ ਮੁੱਲਾਂ ਅਤੇ ਸਮੂਹਿਕ ਚੇਤਨਾ ਦਾ ਪ੍ਰਤੀਨਿਧਤਵ ਕਰਦਾ ਹੈ। ਪਰ ਇੱਕ ਸਮਾਜਿਕ ਦੇਵਤਾ ਹੈ। ਜਦੋਂ ਲੋਕ ਪਵਿੱਤਰ ਵਸਤੂਆਂ ਦੀ ਪੂਜਾ ਕਰਦੇ ਹਨ ਉਹ ਆਪਣੇ ਸਮਾਜ ਦੀ ਸ਼ਕਤੀ ਦਾ ਆਦਰ ਕਰਦੇ ਹਨ। ਉਹ ਦੇਵੀ ਦੇਵਤੇ ਜਿਨ੍ਹਾਂ ਦੀ ਅਸੀਂ ਇੱਕਠੇ ਪੂਜਾ ਕਰਦੇ ਹਾਂ, ਕੇਵਲ ਸਮਾਜ ਦੀ ਸ਼ਕਤੀ ਦਾ ਹੀ ਪ੍ਰਦਰਸ਼ਨ ਹਨ। ਇਸ ਤਰ੍ਹਾਂ ਧਰਮ ਇੱਕ ਸਮੁਦਾਇ ਦੇ ਮੈਂਬਰਾਂ ਨੂੰ ਇੱਕਠੇ ਬੰਨ੍ਹਦਾ/ਜੋੜਦਾ ਹੈ। ਦੁਰਖ਼ੀਮ ਇਸ ਗੱਲ 'ਤੇ ਬਲ ਦਿੰਦੇ ਹਨ ਕਿ ਜੀਵਨ ਵਿੱਚ ਵਸ਼ਿਸਟ ਮੌਕਿਆਂ, ਜਿਵੇਂ ਜਨਮ, ਵਿਆਹ ਅਤੇ ਮੌਤ ਦੇ ਮੌਕਿਆਂ 'ਤੇ ਸਮੂਹਿਕ ਰਸਮ ਅਤੇ ਕਰਮ ਕਾਂਡ ਲੋਕਾਂ ਨੂੰ ਨਵੇਂ ਹਲਾਤਾਂ ਨਾਲ਼ ਅਨੁਕਰਨ ਕਰਨ ਵਿੱਚ ਮਦਦ ਕਰਦਾ ਹੈ।

**ਗਤੀਵਿਧੀ 8.3**

ਹਿੰਦੂਆਂ ਵਿੱਚ ਭਿੰਨ-ਭਿੰਨ ਸੰਸਕਾਰ ਹੁੰਦੇ ਹਨ, ਜੋ ਜਨਮ ਤੋਂ ਲੈ ਕੇ ਮੌਤ ਤੱਕ ਚੱਲਦੇ ਹਨ, ਉਨ੍ਹਾਂ ਵਿੱਚ ਇੱਕ ਜਨੇਉ ਸੰਸਕਾਰ ਹੈ। ਕੀ ਤੁਸੀਂ ਕੁਝ ਹੋਰ ਪਵਿੱਤਰ ਗੀਤਾਂ ਦੇ ਨਾਂ ਦੱਸ ਸਕਦੇ ਹੋ ਜੋ ਨਾ ਕੇਵਲ ਹਿੰਦੂ ਧਰਮ ਸਗੋਂ ਦੂਜੇ ਧਰਮਾਂ ਨਾਲ਼ ਵੀ ਸੰਬੰਧਿਤ ਹੋਣ।

**ਗਤੀਵਿਧੀ 8.4**

ਧਰਮ ਨਾਲ਼ ਸੰਬੰਧਿਤ ਸੰਸਕਾਰਾਂ ਵਿੱਚ ਬਹੁਤ ਵਿਵਧਤਾ ਹੁੰਦੀ ਹੈ। ਸੰਸਕਾਰ ਪੂਰਵ ਕਿਰਿਆਵਾਂ ਵਿੱਚ ਅਰਦਾਸ ਕਰਨਾ, ਮੰਤਰ ਉਚਾਰਨ ਕਰਨਾ ਅਤੇ ਨਿਸ਼ਚਿਤ ਪ੍ਰਕਾਰ ਦਾ ਭੋਜਨ ਗ੍ਰਹਿਣ ਕਰਨਾ ਆਦਿ ਨੂੰ ਇੱਕਠੇ ਕਰ ਸਕਦੇ ਹਾਂ। ਹਿੰਦੂ, ਇਸਲਾਮ, ਸਿੱਖ ਅਤੇ ਇਸਾਈ ਧਰਮ ਨਾਲ਼ ਸੰਬੰਧਿਤ ਵਿਭਿੰਨ ਸੰਸਕਾਰਾਂ ਦੀ ਇੱਕ ਸੂਚੀ ਬਣਾਉ। ਜੋ ਵਿਸ਼ਿਸਟ ਮੌਕਿਆਂ ਅਤੇ ਤਿਉਹਾਰਾਂ 'ਤੇ ਦੇਖੇ ਜਾਂਦੇ ਹਨ।

ਧਰਮ ਨੂੰ ਅਨੇਕਾਂ ਤਰੀਕਿਆਂ ਨਾਲ਼ ਪਰਿਭਾਸ਼ਿਤ ਕੀਤਾ ਗਿਆ ਹੈ। ਈ.ਬ਼ੀ. ਟੇਅਲਰ ਇਸਨੂੰ ਅਧਿਆਤਮਕ ਸ਼ਕਤੀ ਵਿੱਚ 'ਵਿਸ਼ਵਾਸ' ਕਹਿੰਦੇ ਹਨ। ਇਮਾਈਲ ਦੁਰਖੀਮ ਧਰਮ ਨੂੰ ਪਵਿੱਤਰ ਵਸਤੂਆਂ ਨਾਲ ਸੰਬੰਧਿਤ ਵਿਸ਼ਵਾਸ਼ਾਂ ਅਤੇ ਕਿਰਿਆਵਾਂ ਦੀ ਏਕੀਕ੍ਰਿਤ ਪ੍ਰਣਾਲੀ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਅਰਥਾਤ ਅਜਿਹੀਆਂ ਵਸਤੂਆਂ, ਜੋ ਲੋਕਾਂ ਨੂੰ ਇੱਕ ਨੈਤਿਕ ਸਮੁਦਾਇ ਨਾਲ ਜੋੜਦੀਆਂ ਹਨ, ਉਦਾਹਰਨ ਵਜੋਂ ਚਰਚ ਦਾ ਨਾਮ ਦਿੱਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

## ਧਰਮ ਦੀਆਂ ਵਿਸ਼ੇਸ਼ਤਾਵਾਂ

1. ਅਲੌਕਿਕ ਸ਼ਕਤੀ ਵਿੱਚ ਵਿਸ਼ਵਾਸ
2. ਪੂਜਾ ਭਾਵ, ਡਰ, ਖੁਸ਼ੀ, ਹੈਰਾਨੀ ਦੀਆਂ ਭਾਵਨਾਵਾਂ ਨੂੰ ਉਤਪੰਨ ਕਰਨ ਵਾਲ਼ੇ ਪ੍ਰਤੀਕਾਂ ਦੇ ਸਮੁੱਚ ਨਾਲ਼ ਸੰਬੰਧਿਤ ਵਿਸ਼ਵਾਸ।
3. ਧਾਰਮਿਕ ਕਿਰਿਆਵਾਂ ਵਿੱਚ ਸ਼ਾਮਲ ਭੌਤਿਕ ਵਸਤੂਆਂ ਜਿਵੇਂ ਗਹਿਣੇ, ਫੁੱਲ, ਪੱਤੀਆਂ ਪੌਦੇ ਆਦਿ।
4. ਧਾਰਮਿਕ ਕਿਰਿਆਵਾਂ ਨਾਲ਼ ਸੰਬੰਧਿਤ ਭੌਤਿਕ, ਵਸਤੂਆਂ ਇੱਕ ਸੱਭਿਆਚਾਰ ਤੋਂ ਦੂਸਰੇ ਸੱਭਿਆਚਾਰ ਵਿੱਚ ਭਿੰਨ-ਭਿੰਨ ਹੁੰਦੀਆਂ ਹਨ।
5. ਹਰੇਕ ਧਰਮ ਆਪਣੇ ਵਿਸ਼ਿਸ਼ਟ ਸੰਸਕਾਰਾਂ ਨੂੰ ਵਿਕਸਿਤ ਕਰਦਾ ਹੈ, ਜਿਵੇਂ ਨੱਚਣਾ, ਮੰਤਰ ਉਚਾਰਨ, ਵਰਤ, ਵਸ਼ਿਸਟ ਪ੍ਰਕਾਰ ਦਾ ਭੋਜਨ ਗ੍ਰਹਿਣ ਕਰਨਾ ਆਦਿ।
6. ਧਾਰਮਿਕ ਸੰਸਕਾਰ ਵਿਅਕਤੀਗਤ ਪੱਧਰ 'ਤੇ ਕੀਤੇ ਜਾਂਦੇ ਹਨ ਪਰੰਤੂ ਕਦੇ-ਕਦੇ ਖਾਸ ਮੌਕਿਆਂ 'ਤੇ ਸਾਮੂਹਿਕ ਰੂਪ ਨਾਲ਼ ਉਹਨਾਂ ਦਾ ਪਾਲਣ ਕੀਤਾ ਜਾਂਦਾ ਹੈ।
7. ਹਰੇਕ ਧਰਮ ਵਿੱਚ ਪੂਜਾ ਕਰਨ ਦਾ ਇੱਕ ਵਿਸ਼ੇਸ਼ ਤਰੀਕਾ ਅਤੇ ਇੱਕ ਵਿਸ਼ੇਸ਼ ਪੂਜਾ ਦਾ ਸਥਾਨ ਹੁੰਦਾ ਹੈ।
8. ਸਵਰਗ ਅਤੇ ਨਰਕ, ਪਵਿੱਤਰ ਅਤੇ ਸਧਾਰਨ ਦੀਆਂ ਧਾਰਨਾਵਾਂ ਧਰਮ ਨਾਲ਼ ਸੰਬੰਧਿਤ ਹਨ।

## ਪ੍ਰਮੁੱਖ ਧਰਮ

ਆਧੁਨਿਕ ਸਮੇਂ ਵਿੱਚ ਕਈ ਧਰਮ ਪ੍ਰਚੱਲਿਤ ਹਨ, ਜਿਵੇਂ ਹਿੰਦੂ, ਈਸਾਈ, ਇਸਲਾਮ, ਯਹੂਦੀ, ਬੁੱਧ, ਸਿੱਖ ਧਰਮ ਆਦਿ। ਭਾਰਤ ਇੱਕ ਬਹੁ ਧਾਰਮਿਕ ਦੇਸ਼ ਹੈ ਅਤੇ ਭਾਰਤ ਲਗਭਗ ਸਾਰੇ ਧਾਰਮਿਕ ਸਮੂਹਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਹਨਾਂ ਸਮੂਹਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਭਾਰਤੀ ਮੂਲ ਦੇ ਧਰਮ ਅਤੇ ਭਾਰਤ ਵਿੱਚ ਬਾਹਰ ਤੋਂ ਆਏ ਧਰਮ।

ਭਾਰਤੀ ਮੂਲ ਦੇ ਧਰਮਾਂ ਵਿੱਚ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ ਅਤੇ ਸਿੱਖ ਧਰਮ ਸ਼ਾਮਿਲ ਹਨ। ਇਹ ਭਾਰਤ ਵਿੱਚ ਲੰਬੇ ਸਮੇਂ ਤੋਂ ਪ੍ਰਚਲਿਤ ਰਹੇ ਹਨ। ਹਿੰਦੂ ਧਰਮ ਵਿਸ਼ਵ ਦੇ ਸਾਰੇ ਧਰਮਾਂ 'ਚੋਂ ਪ੍ਰਾਚੀਨ ਹੈ ਅਤੇ ਇਸ ਦਾ ਸਰੂਪ ਬਹੁ ਦੇਵਵਾਦ ਵਾਲ਼ਾ ਹੈ। ਇਸ ਵਿੱਚ ਅਨੇਕ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ। ਬੁੱਧ, ਧਰਮ, ਜੈਨ ਧਰਮ ਅਤੇ ਸਿੱਖ ਧਰਮ ਹੋਰ ਧਰਮ ਹਨ, ਜੋ ਹਿੰਦੂ ਧਰਮ ਤੋਂ ਹੀ ਵਿਕਸਿਤ ਹੋਏ ਪਰ ਇਹਨਾਂ ਦੀ ਵਿਚਾਰ ਧਾਰਾ ਤੇ ਵਿਸ਼ਵਾਸ ਹਿੰਦੂ ਧਰਤ ਤੋਂ ਭਿੰਨ ਹਨ। ਸੰਸਕਾਰ ਇੱਕ ਮਹੱਤਵਪੂਰਨ ਧਾਰਮਿਕ ਕਿਰਿਆ ਹੈ, ਜੋ ਕਿ ਪਵਿੱਤਰ ਵਸਤੂਆਂ ਨਾਲ਼ ਸੰਬੰਧਿਤ ਹੁੰਦੀ ਹੈ। ਹਿੰਦੂ ਧਰਮ ਵਿੱਚ ਅਨੇਕ ਸੰਸਕਾਰ ਹੁੰਦੇ ਹਨ, ਜਿਨ੍ਹਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਦੇਖਿਆ ਜਾਂਦਾ ਹੈ। ਜਿਵੇਂ ਗਰਭਧਾਰਨ ਸੰਸਕਾਰ, ਨਾਮ ਸੰਸਕਰਨ, ਜਨੇਊ ਧਾਰਨ ਸੰਸਕਾਰ, ਵਿਆਹ, ਦਾਹ ਸੰਸਕਾਰ ਆਦਿ।
ਭਾਰਤ ਦੇ ਬਾਹਰ ਤੋਂ ਆਏ ਧਰਮ ਜਿਵੇਂ ਯਹੂਦੀ, ਈਸਾਈ ਅਤੇ ਇਸਲਾਮ ਜੋ ਕਿ ਮੱਧ ਪੂਰਬ ਦੇ ਦੇਸ਼ਾਂ ਵਿੱਚ ਉਤਪੰਨ ਹੋਏ ਸਨ। ਇਹ ਇਕ ਦੇਵਵਾਦ ਵਿੱਚ ਵਿਸ਼ਵਾਸ ਰੱਖਦੇ ਹਨ। ਇਹ ਇਕ ਦੇਵਤਾ ਅਤੇ



Downloaded from https:// www.studiestoday.com

Downloaded from https:// www.studiestoday.com

ਆਪਣੇ ਪੈਗੰਬਰ ਦੀ ਪੂਜਾ ਕਰਦੇ ਹਨ। ਅੱਜ ਵਿਸ਼ਵ ਵਿੱਚ ਈਸਾਈ ਧਰਮ ਇਸਲਾਮ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਧਰਮ ਮੰਨਿਆ ਜਾਂਦਾ ਹੈ। ਕੈਥੋਲਿਕ ਧਰਮ ਵਿੱਚ ਅਨੇਕ ਸੰਸਕਾਰ ਜਿਵੇਂ ਬਪਤਿਸਮਾ ਭਾਵ ਦਿਕਸ਼ਾ, ਅਭਿਸ਼ੇਕ ਅਤੇ ਵਿਆਹ ਆਦਿ ਦੇਖੇ ਜਾ ਸਕਦੇ ਹਨ। ਪ੍ਰੋਟੈਸਟੈਂਟ ਧਰਮ ਵਿੱਚ ਇਨ੍ਹਾਂ ਸੰਸਕਾਰਾਂ ਦੇ ਪ੍ਰਤੀ ਉਦਾਰ ਦ੍ਰਿਸ਼ਟੀਕੋਣ ਹੁੰਦਾ ਹੈ। ਇਸਲਾਮ ਧਰਮ ਵੀ ਸੰਸਕਾਰਾਂ ਉੱਤੇ ਜ਼ੋਰ ਦਿੰਦਾ ਹੈ।

**ਧਾਰਮਿਕ ਸੰਗਠਨ :** ਵਿਸ਼ਵਾਸ ਰੱਖਣ ਵਾਲੀਆਂ ਸਮੁਦਾਵਾਂ ਦੇ ਵਿਭਿੰਨ ਰੂਪ ਜਿਵੇਂ ਚਰਚ, ਸੰਪਰਦਾਇ, ਪੰਥ ਅਤੇ ਇਨ੍ਹਾਂ ਸਾਰਿਆਂ ਨਾਲ਼ ਸੰਬੰਧਿਤ ਧਾਰਮਿਕ ਸੰਗਠਨ ਮੌਜੂਦ ਹਨ।

**ਚਰਚ :** ਚਰਚ ਇਕ ਧਾਰਮਿਕ ਸੰਸਥਾ ਹੈ, ਜੋ ਈਸਾਈ ਵਿਅਕਤੀਆਂ ਦਾ ਇਕ ਧਾਰਮਿਕ ਸਥਾਨ ਹੁੰਦਾ ਹੈ। ਚਰਚ ਇੱਕ ਸਥਾਪਿਤ ਸੰਗਠਨ ਹੈ, ਜਿਸ ਵਿੱਚ ਰੁਤਬੇ ਵਾਲਿਆਂ ਦੇ ਵਿਚਕਾਰ ਇੱਕ ਦਰਜਾਬੰਦੀ ਹੁੰਦੀ ਹੈ। ਈਸਾਈਆਂ ਵਿੱਚ ਕੈਥੋਲਿਕ ਅਤੇ ਪ੍ਰੋਟੇਸਟੈਂਟ ਦੋ ਪ੍ਰਮੁੱਖ ਚਰਚ ਹੁੰਦੇ ਹਨ। ਇਹ ਧਰਮ ਬਹੁਤ ਸੰਗਠਿਤ ਹੈ। ਇਸ ਦੇ ਉਲਟ ਹਿੰਦੂ ਧਰਮ ਇੱਕ ਸੰਗਠਿਤ ਇਕਾਈ ਨਹੀਂ ਹੈ। ਇਸ ਵਿੱਚ ਮਹੱਤਵਪੂਰਨ ਮੰਦਿਰ ਹੈ, ਜਿਸਦੀ ਦੇਖਭਾਲ ਵਿਅਕਤੀਆਂ ਦਾ ਇਕ ਸੰਗਠਨ ਕਰਦਾ ਹੈ। ਜਿਸ ਉੱਤੇ ਮੰਦਰਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਪੁਜਾਰੀਆਂ ਦੀ ਚੋਣ ਆਮ ਤੌਰ 'ਤੇ ਪਰੰਪਰਾਗਤ ਢੰਗ ਨਾਲ਼ ਕੀਤੀ ਜਾਂਦੀ ਹੈ।

**ਸੰਪਰਦਾਇ :** ਸੰਪਰਦਾਇ ਧਾਰਮਿਕ ਵਿਸ਼ਵਾਸ ਵਿਵਸਥਾ ਦਾ ਇੱਕ ਉੱਪ ਸਮੂਹ ਹੁੰਦਾ ਹੈ, ਜੋ ਇੱਕ ਵਿਸ਼ਾਲ ਧਰਮ ਦੀ ਸ਼ਾਖਾ ਹੁੰਦਾ ਹੈ। ਇਸ ਦਾ ਅਰਥ ਕਿਸੇ ਵੀ ਸੰਗਠਨ ਤੋਂ ਹੈ, ਜੋ ਕਿਸੇ ਵੱਡੇ ਸੰਗਠਨ ਤੋਂ ਅਲੱਗ ਹੋ ਕੇ ਭਿੰਨ ਪ੍ਰਕਾਰ ਦੇ ਨਿਯਮਾਂ ਅਤੇ ਸਿਧਾਂਤਾਂ ਦਾ ਪਾਲਣ ਕਰਦਾ ਹੈ। ਇਹ ਇੱਕ ਧਾਰਮਿਕ ਸੰਗਠਨ ਹੈ, ਜੋ ਅਕਾਰ ਵਿੱਚ ਛੋਟਾ ਹੁੰਦਾ ਹੈ ਅਤੇ ਜੋ ਪ੍ਰਾਚੀਨ ਧਾਰਮਿਕ ਗਤੀਵਿਧੀਆਂ ਦੇ ਵਿਭਿੰਨ ਪੱਖਾਂ ਨੂੰ ਅਸਵੀਕਾਰ ਕਰਕੇ ਹੋਂਦ ਵਿੱਚ ਆਉਂਦਾ ਹੈ। ਇੱਕ ਸੰਪਰਦਾਇ ਕੁੱਝ ਲੋਕਾਂ ਦੁਆਰਾ ਸ਼ੁਰੂ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਹੋਰ ਲੋਕ ਇਸ ਵਿੱਚ ਸ਼ਾਮਿਲ ਹੋ ਜਾਂਦੇ ਹਨ। ਆਰੀਆ ਸਮਾਜ, ਨਵ-ਬੌਧਵਾਦ ਅਤੇ ਰਾਮ-ਕ੍ਰਿਸ਼ਨ-ਮਿਸ਼ਨ ਸੰਪਰਦਾਇ ਦੇ ਉਦਾਹਰਨ ਹਨ।

**ਪੰਥ :** ਇੱਕ ਧਾਰਮਿਕ ਸੰਗਠਨ ਹੈ, ਜੋ ਇੱਕ ਨੇਤਾ ਦੀ ਵਿਅਕਤੀਗਤ ਸੋਚ ਅਤੇ ਵਿਚਾਰਧਾਰਾ ਦੇ ਅਨੁਸਾਰ ਬਣਦਾ ਹੈ। ਪੰਥ ਅਕਾਰ ਵਿੱਚ ਛੋਟਾ ਹੁੰਦਾ ਹੈ ਅਤੇ ਘੱਟ ਸਮੇਂ ਲਈ ਨਿਰਮਿਤ ਹੁੰਦਾ ਹੈ। ਜੈ ਗੁਰਦੇਵ, ਸਾਂਈ ਬਾਬਾ, ਕਬੀਰ ਪੰਥ ਇਸ ਦੇ ਉਦਾਹਰਨ ਹਨ। ਇੱਕ ਪੰਥ ਦੇ ਮੈਂਬਰ ਹੋਰ ਧਰਮਾਂ ਦੇ ਪੈਰੋਕਾਰ ਵੀ ਹੋ ਸਕਦੇ ਹਨ।

## ਧਰਮ ਦੀ ਸਮਾਜਿਕ ਭੂਮਿਕਾ

ਧਰਮ ਸਮਾਜ ਵਿੱਚ ਅਨੇਕਾਂ ਭੂਮਿਕਾਵਾਂ ਨਿਭਾਉਂਦਾ ਹੈ।

1. ਇਹ ਵਿਅਕਤੀ ਦੀਆਂ ਅਧਿਆਤਮਕ, ਸਮਾਜਿਕ ਅਤੇ ਮਨੋਵਿਗਿਆਨਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।
2. ਇਹ ਕਾਰਜਾਤਮਕ ਹੈ, ਕਿਉਂਕਿ ਸਮਾਜ ਨੂੰ ਜੋੜਦਾ ਹੈ ਅਤੇ ਸਮਾਜ ਦੇ ਲੋਕਾਂ ਵਿੱਚ ਭਾਈਚਾਰੇ ਤੇ ਏਕਤਾ ਦੀ ਭਾਵਨਾ ਨੂੰ ਉਤਪੰਨ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

3. ਧਰਮ ਵਿਅਕਤੀ ਦੇ ਜੀਵਨ ਨੂੰ ਕੰਟਰੋਲ ਕਰਦਾ ਹੈ ਅਤੇ ਸਮਾਜਿਕ ਨਿਯੰਤਰਨ ਦਾ ਇੱਕ ਮਹੱਤਵਪੂਰਨ ਸਾਧਨ ਹੈ।
4. ਧਰਮ ਵਿਅਕਤੀ ਨੂੰ ਇੱਛਤ ਕਿਰਿਆ ਨੂੰ ਕਰਨ ਅਤੇ ਅਣ ਇੱਛਤ ਕਿਰਿਆਵਾਂ ਨੂੰ ਨਿੰਯਤਰਿਤ ਕਰਨ ਦੇ ਸਮੱਰਥ ਬਣਾਉਂਦਾ ਹੈ। ਹੱਥ ਨਾਲ਼ ਲਿਖੇ ਸ਼ਾਸਤਰ, ਪੁਜਾਰੀਆਂ ਦੇ ਉਪਦੇਸ਼, ਪ੍ਰਾਰਥਨਾ ਸਭਾਵਾਂ ਅਤੇ ਸੰਮੇਲਨ ਦਾ ਪ੍ਰਯੋਗ ਸਮਾਜਿਕ ਨਿਯੰਤਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।
5. ਧਰਮ ਇੱਕ ਸੰਗਠਿਤ ਸ਼ਕਤੀ ਦੇ ਰੂਪ ਵਿੱਚ ਕੰਮ ਕਰਦਾ ਹੈ। ਪਰ ਇਹ ਕਦੇ-ਕਦੇ ਇਹ ਵਿਵਾਦ ਅਤੇ ਸੰਪਰਦਾਇਕ ਤਣਾਅ ਦਾ ਕਾਰਨ ਵੀ ਬਣ ਜਾਂਦਾ ਹੈ।

ਆਧੁਨਿਕ ਸਮਾਜ ਤਰਕ ਅਤੇ ਧਰਮ ਨਿਰਪੱਖਤਾ ਦੇ ਮੁੱਲਾਂ ਨੂੰ ਵਧਾਉਂਦਾ ਹੈ। ਅੱਜ ਵਿਗਿਆਨ ਅਤੇ ਤਕਨੀਕ ਲੋਕਾਂ ਦੇ ਆਰਥਿਕ ਜੀਵਨ ਨੂੰ ਨਿਯੰਤਰਿਤ ਕਰਦੀ ਹੈ। ਸਮਾਜਿਕ ਜੀਵਨ ਦੇ ਵਿਭਿੰਨ ਪੱਖਾਂ ਵਿੱਚ ਪਰਿਵਰਤਨ ਹੋਣ ਨਾਲ਼ ਧਰਮ ਵਿੱਚ ਵੀ ਤਬਦੀਲੀ ਆ ਰਹੀ ਹੈ। ਅੱਜ ਅਣਗਿਣਤ ਸਮਾਜ ਧਾਰਮਿਕ ਬਹੁਲਤਾ ਦੀ ਅਗਵਾਈ ਕਰਦੇ ਹਨ, ਇਸਦਾ ਅਰਥ ਹੈ ਵਿਭਿੰਨ ਧਰਮ ਇੱਕਠੇ ਮੌਜੂਦ ਰਹਿੰਦੇ ਹਨ।

## ਆਰਥਿਕ ਸੰਸਥਾਵਾਂ




ਸਮਾਜ ਵਿੱਚ ਹਰੇਕ ਵਿਅਕਤੀ ਨੂੰ ਭੋਜਨ, ਕੱਪੜੇ, ਰਹਿਣ ਸਥਾਨ, ਸਿਹਤ ਸਹੂਲਤਾਂ ਆਦਿ ਦੀ ਜ਼ਰੂਰਤ ਹੁੰਦੀ ਹੈ ਪ੍ਰੰਤੂ ਇਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਲਈ ਧਨ ਦੀ ਲੋੜ ਹੁੰਦੀ ਹੈ। ਇਸ ਲਈ ਹਰੇਕ ਵਿਅਕਤੀ ਨੂੰ ਧਨ ਕਮਾਉਣ ਦੇ ਲਈ ਨਾ ਕੇਵਲ ਕੰਮ ਕਰਨਾ ਪੈਂਦਾ ਹੈ ਸਗੋਂ ਆਪਣੀ ਰੋਜ਼ੀ ਰੋਟੀ ਕਮਾਉਣ ਦੇ ਲਈ ਸਮਾਜ ਦੇ ਹੋਰ ਮੈਂਬਰਾਂ ਦੇ ਨਾਲ਼ ਸਹਿਯੋਗ ਅਤੇ ਉਨ੍ਹਾਂ ਦੀ ਸਹਾਇਤਾ ਵੀ ਕਰਨੀ ਪੈਂਦੀ ਹੈ। ਇਹ ਸਥਿਤੀ ਜਿਨ੍ਹਾਂ ਗਤੀਵਿਧੀਆਂ ਅਤੇ ਕਿਰਿਆਵਾਂ ਨੂੰ ਉਤਪੰਨ ਕਰਦੀ ਹੈ, ਉਹਨਾਂ ਨਾਲ਼ ਆਰਥਿਕ ਸੰਸਥਾ ਸਥਾਪਿਤ ਹੁੰਦੀ ਹੈ। ਮਨੁੱਖੀ ਸਾਧਨਾਂ ਦੇ ਪ੍ਰਬੰਧ, ਉਤਪਾਦਨ ਅਤੇ ਵੰਡ ਨਾਲ਼ ਸੰਬੰਧਿਤ ਸਮਾਜਿਕ ਸੰਸਥਾਵਾਂ ਨੂੰ ਆਰਥਿਕ ਸੰਸਥਾ ਦਾ ਨਾਮ ਦਿੰਦੇ ਹਨ। ਸਮਾਜ ਸ਼ਾਸ਼ਤਰੀਆਂ ਦੇ ਅਨੁਸਾਰ ਵਿਅਕਤੀਆਂ ਦੀਆਂ ਭੋਜਨ ਅਤੇ ਸੰਪਤੀ ਨਾਲ਼ ਸੰਬੰਧਿਤ ਕਿਰਿਆਵਾਂ ਨਾਲ਼ ਆਰਥਿਕ ਸੰਸਥਾ ਦਾ ਨਿਰਮਾਣ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

## ਆਰਥਿਕ ਪ੍ਰਣਾਲੀ ਦੇ ਪ੍ਰਕਾਰ


ਸੰਗ੍ਰਹਿ


ਪਸ਼ੂਪਾਲਕ


ਖੇਤੀਬਾੜੀ


ਉਦਯੋਗਿਕ

ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਆਰਥਿਕ ਪ੍ਰਣਾਲੀਆਂ ਦੇਖੀਆਂ ਜਾ ਸਕਦੀਆਂ ਹਨ।

### ਸ਼ਿਕਾਰ ਅਤੇ ਇਕੱਠ ਨਾਲ਼ ਸੰਬੰਧਿਤ ਅਰਥ ਵਿਵਸਥਾ ਵਾਲ਼ੇ ਸਮਾਜ

ਇਹ ਆਰਥਿਕ ਪ੍ਰਣਾਲੀ ਦਾ ਅਰਭਿੰਕ ਸਰੂਪ ਹੈ, ਜੋ ਛੋਟੇ ਸਮਾਜਾਂ ਵਿੱਚ ਪਾਇਆ ਜਾਂਦਾ ਸੀ। ਇਹਨਾ ਵਿੱਚ ਸੰਗਠਿਤ ਅਤੇ ਰਸਮੀ ਆਰਥਿਕ ਸੰਸਥਾਵਾਂ ਨਹੀਂ ਹੁੰਦੀਆਂ ਸਨ। ਅਮੀਰ ਅਤੇ ਗ਼ਰੀਬ ਦੇ ਵਿਚਕਾਰ ਕੋਈ ਵੰਡ ਨਹੀਂ ਸੀ। ਪੁਰਸ਼ ਸ਼ਿਕਾਰ ਕਰਦੇ ਸਨ ਅਤੇ ਇਸਤਰੀਆਂ ਅਨਾਜ ਇਕੱਠਾ ਕਰਨਾ, ਖਾਣਾ ਬਣਾਉਣਾ ਅਤੇ ਬੱਚਿਆਂ ਦੀ ਦੇਖਭਾਲ ਕਰਨ ਦਾ ਕੰਮ ਕਰਦੀਆਂ ਸਨ।

### ਪਸ਼ੂ ਪਾਲਕ ਅਰਥਵਿਵਸਥਾ ਵਾਲ਼ੇ ਸਮਾਜ

ਇਸ ਪ੍ਰਕਾਰ ਦੀ ਅਰਥ ਪ੍ਰਣਾਲੀ ਵਿੱਚ ਸਮਾਜ ਆਪਣੀ ਰੋਜ਼ੀ-ਰੋਟੀ ਦੇ ਲਈ ਘਰੇਲੂ ਪਸ਼ੂ ਪਾਲਣ 'ਤੇ ਨਿਰਭਰ ਕਰਦੇ ਸਨ। ਇਨ੍ਹਾਂ ਨੂੰ ਪਸ਼ੂ ਪਾਲਕ ਕਿਹਾ ਜਾਂਦਾ ਸੀ। ਉਹ ਭੇਡ, ਬੱਕਰੀ, ਗਊ, ਊਠ ਅਤੇ ਘੋੜਿਆਂ ਦੇ ਝੁੰਡ ਰੱਖਦੇ ਸਨ। ਇਸ ਪ੍ਰਕਾਰ ਦੇ ਸਮਾਜ ਸੰਘਣੇ ਘਾਹ ਦੇ ਮੈਦਾਨਾਂ ਜਾਂ ਪਹਾੜੀ ਖੇਤਰਾਂ ਵਿੱਚ ਰਹਿੰਦੇ ਸਨ। ਲੋਕ ਮੌਸਮ ਵਿੱਚ ਪਰਿਵਰਤਨ ਅਨੁਸਾਰ ਇੱਕ ਥਾਂ ਤੋਂ ਦੂਜੇ ਥਾਂ ਤੇ ਘੁੰਮਦੇ ਰਹਿੰਦੇ ਸਨ। ਭੋਜਨ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਉਹਨਾਂ ਦੁਆਰਾ ਵੱਡੀ ਸੰਖਿਆ ਅਧਿਕਾਰ ਅਧੀਨ ਲਈ ਜ਼ਮੀਨ ਨੇ ਸਮੁਦਾਇਕ ਪੱਧਰ 'ਤੇ ਸੰਸਥਾਗਤ ਕਿਰਿਆਵਾਂ ਨੂੰ ਉਤਪੰਨ ਕੀਤਾ ਹੈ।

### ਖੇਤੀਬਾੜੀ ਅਰਥਵਿਵਸਥਾ ਨਾਲ਼ ਸੰਬੰਧਤ ਸਮਾਜ :

ਇਹ ਅਰਥ ਪ੍ਰਣਾਲੀ ਪਸ਼ੂ ਪਾਲਣ ਅਰਥਪ੍ਰਣਾਲੀ ਦੀ ਸਮਕਾਲੀਨ ਹੈ। ਕੁਝ ਮੈਂਬਰਾਂ ਨੇ ਖਾਧ ਸਮੱਗਰੀ ਇੱਕਠੀ ਕਰਨ ਦੀ ਥਾਂ ਫਸਲ ਬੀਜਣੀ ਸ਼ੁਰੂ ਕਰ ਦਿੱਤੀ। ਛੋਟੇ ਪੱਧਰ 'ਤੇ ਖੇਤੀ ਕਰਨ ਦੀ ਇਸ ਪ੍ਰਕਿਰਿਆ ਨੂੰ ਬਾਗ਼ਬਾਨੀ ਕਿਹਾ ਗਿਆ ਹੈ। ਇਹ ਕਿਰਿਆ ਸ਼ਿਕਾਰ ਅਤੇ ਸੰਗ੍ਰਹਿਨ ਦੀ ਤੁਲਨਾ ਵਿੱਚ ਭੋਜਨ ਪੂਰਤੀ ਦਾ ਇੱਕ ਮਹੱਤਵਪੂਰਨ ਸਾਧਨ ਬਣਿਆ ਹੈ। ਬਾਗ਼ਬਾਨੀ ਨਾਲ਼ ਸੰਬੰਧਤ ਲੋਕਾਂ ਨੇ ਪਿੰਡਾਂ ਦਾ ਨਿਰਮਾਣ ਕਰਨ ਲਈ ਖਾਸ ਸਥਾਨਾਂ 'ਤੇ ਰਹਿਣਾ ਸ਼ੁਰੂ ਕਰ ਦਿੱਤਾ। ਇੱਕ ਵਾਰ ਸਮੂਹ ਸਥਾਈ ਹੋ ਗਏ, ਸਮੇਂ ਦੇ ਨਾਲ਼-ਨਾਲ਼ ਉਹਨਾਂ ਨੇ ਪਿੰਡਾਂ ਦੇ ਵਿੱਚ ਕੁਝ ਮਾਤਰਾ ਵਿੱਚ ਵਪਾਰ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਭੂਮੀ ਤੇ ਨਿੱਜੀ ਮਾਲਕੀ ਆਮ ਹੋ ਗਈ, ਜਿਸ ਨਾਲ਼ ਭੂਮੀ ਮਾਲਕੀ, ਕੁਲੀਨ ਤੰਤਰ ਅਤੇ ਕਿਸਾਨ ਵਰਗ ਉਤਪੰਨ ਹੋਇਆ। ਨਿੱਜੀ ਸੰਪਤੀ ਅਤੇ ਸਧਾਰਨ ਭੂਮੀ ਦੇ ਵਿਚਕਾਰ ਅੰਤਰ ਸਥਾਪਿਤ ਹੋ ਗਿਆ। ਇੱਕ ਵੱਡੇ ਪੈਮਾਨੇ ਤੇ ਖੇਤੀ ਦੇ ਵਿਕਾਸ ਨੇ ਭੋਜਨ ਦੇ ਵਾਧੇ, ਵਪਾਰ ਅਤੇ ਵਣਜ ਦਾ ਵਿਸਥਾਰ ਅਤੇ ਆਵਾਜਾਈ ਪ੍ਰਣਾਲੀ ਦਾ ਵਿਕਾਸ ਕੀਤਾ। ਜਿਸ ਦੇ ਸਿੱਟੇ ਵਜੋਂ ਸ਼ਹਿਰਾਂ ਅਤੇ ਸ਼ਹਿਰੀ ਸੱਭਿਆਚਾਰ ਦਾ ਨਿਰਮਾਣ ਹੋਇਆ। ਇਸ ਪ੍ਰਕਾਰ ਆਧੁਨਿਕ ਉਦਯੋਗਿਕ ਸਮਾਜ ਵਿਕਸਿਤ ਖੇਤੀਬਾੜੀ ਸਮਾਜਾਂ ਦੀ ਦੇਣ ਹਨ।



Downloaded from https:// www.studiestoday.com

Downloaded from https:// www.studiestoday.com

## ਉਦਯੋਗਿਕ ਅਰਥ ਵਿਵਸਥਾ ਵਾਲ਼ੇ ਸਮਾਜ

ਉਦਯੋਗਿਕ ਸਮਾਜ ਇਕ ਸਮਾਜਿਕ ਪ੍ਰਣਾਲੀ ਹੈ ਜਿੱਥੇ ਵਸਤੂਆਂ ਦਾ ਉਤਪਾਦਨ ਮਸ਼ੀਨਾਂ ਦੀ ਸਹਾਇਤਾ ਨਾਲ਼ ਕੀਤਾ ਜਾਂਦਾ ਹੈ। ਇਸਦਾ ਅਰਥ ਉਤਪਾਦਨ ਦੇ ਸਾਧਨਾਂ ਵਿੱਚ ਪਰਿਵਰਤਨ ਹੋਣ ਤੋਂ ਹੈ, ਜੋ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਘਰ ਤੋਂ ਕਾਰਖ਼ਾਨਿਆਂ ਵੱਲ ਹੋਇਆ। ਉਦਯੋਗੀਕਰਨ 18ਵੀਂ ਸ਼ਤਾਬਦੀ ਵਿੱਚ ਇੰਗਲੈਂਡ ਵਿੱਚ ਹੋਈ ਉਦਯੋਗਿਕ ਕ੍ਰਾਂਤੀ ਦਾ ਸਿੱਟਾ ਸੀ। ਇਹ ਪ੍ਰਯੋਗੀ ਕ੍ਰਾਂਤੀ ਦਾ ਇੱਕ ਸਰੂਪ ਸੀ, ਜਿਸ ਨੇ ਉਹਨਾਂ ਸਾਧਨਾਂ ਨੂੰ ਪ੍ਰਭਾਵਿਤ ਕੀਤਾ। ਜਿਨ੍ਹਾ ਦੁਆਰਾ ਲੋਕ ਆਪਣੀ ਰੋਜ਼ੀ-ਰੋਟੀ ਲਈ ਵਸਤੂਆਂ ਦਾ ਉਤਪਾਦਨ ਕਰਦੇ ਸਨ। ਤਕਨੀਕੀ ਪਰਿਵਰਤਨ ਦੀ ਗਤੀ ਐਨੀ ਤੇਜ਼ ਸੀ ਕਿ ਇਸ ਨੇ ਉਦਯੋਗ, ਖੇਤੀ, ਆਵਾਜਾਈ, ਸੰਚਾਰ ਅਤੇ ਹੋਰ ਖੇਤਰਾਂ ਵਿੱਚ ਮਹੱਤਵਪੂਰਨ ਪਰਿਵਰਤਨ ਲਿਆਂਦੇ। ਇਸ ਤਰ੍ਹਾਂ ਵੱਧ ਤੋਂ ਵੱਧ ਲੋਕ ਸ਼ਹਿਰਾਂ ਅਤੇ ਕਸਬਿਆਂ ਵਿੱਚ ਤਬਦੀਲ ਹੋ ਗਏ ਕਿਉਂਕਿ ਉੱਥੇ ਖੇਤੀ ਦੀ ਤੁਲਨਾ ਵਿੱਚ ਦੁਕਾਨਾਂ ਅਤੇ ਕਾਰਖ਼ਾਨਿਆਂ ਵਿੱਚ ਰੋਜ਼ਗਾਰ ਦੇ ਵੱਧ ਮੌਕੇ ਮੌਜੂਦ ਸਨ। ਹੌਲ਼ੀ-ਹੌਲ਼ੀ ਲੋਕ ਨਿਯਮਾਂ ਨਾਲ਼ ਨਿਯੰਤਰਿਤ ਹੋਣ ਲੱਗੇ ਜਿਸ ਨੇ ਉਹਨਾਂ ਦੇ ਜੀਵਨ ਨੂੰ ਰਸਮੀ ਬਣਾ ਦਿੱਤਾ।

## ਪੂੰਜੀਵਾਦੀ ਸਮਾਜ

ਇਹ ਅਰਥ ਵਿਵਸਥਾ ਪੂੰਜੀ ਦੀ ਧਾਰਨਾ 'ਤੇ ਕੇਂਦਰਿਤ ਹੈ ਅਤੇ 16ਵੀਂ ਅਤੇ 17ਵੀਂ ਸਦੀ ਵਿੱਚ ਯੂਰਪ ਵਿੱਚ ਉੱਭਰੀ ਇਸ ਵਿੱਚ ਉਤਪਾਦਨ ਦੇ ਸਾਧਨਾਂ 'ਤੇ ਜਿਨ੍ਹਾ ਦਾ ਨਿਯੰਤਰਨ ਹੁੰਦਾ ਹੈ,ਉਹ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਲਈ ਮਜ਼ਦੂਰਾਂ ਨੂੰ ਮਜ਼ਦੂਰੀ/ਵੇਤਨ ਦੇ ਬਦਲੇ ਨਿਯੁਕਤ ਕਰਦੇ ਹਨ। ਪੂੰਜੀਵਾਦ ਦੇ ਮੁੱਖ ਤੱਤ ਮਜ਼ਦੂਰਾਂ ਦੇ ਵਿਚਕਾਰ ਸੰਬੰਧ, ਉਤਪਾਦਨ ਦੇ ਸਾਧਨ, ਕਾਰਖ਼ਾਨੇ, ਮਸ਼ੀਨ ਉਪਕਰਨ ਅਤੇ ਉਹ ਲੋਕ ਹੁੰਦੇ ਹਨ, ਜਿਨ੍ਹਾ ਦਾ ਉਤਪਾਦਨ ਦੇ ਸਾਧਨਾਂ 'ਤੇ ਕੰਟਰੋਲ ਹੁੰਦਾ ਹੈ। ਪੂੰਜੀਵਾਦ ਵਰਗ ਦੇ ਮੈਂਬਰ ਉਤਪਾਦਨ ਦੇ ਸਾਧਨਾਂ 'ਤੇ ਮਾਲਕੀ ਰੱਖਦੇ ਹਨ ਪ੍ਰੰਤੂ ਵਸਤੂਆਂ/ਸੰਪਤੀ ਦਾ ਉਤਪਾਦਨ ਨਹੀਂ ਕਰਦੇ ਸੀ। ਉਹ ਮਜ਼ਦੂਰੀ ਦੇ ਬਦਲੇ, ਮਜ਼ਦੂਰ ਵਰਗ ਦੀ ਮਿਹਨਤ ਖਰੀਦਦੇ ਹਨ। ਮਜ਼ਦੂਰ ਵਰਗ ਦੇ ਮੈਂਬਰਾਂ ਦਾ ਉਤਪਾਦਨ ਦੇ ਸਾਧਨਾਂ 'ਤੇ ਕੰਟਰੋਲ ਨਹੀਂ ਹੁੰਦਾ ਪ੍ਰੰਤੂ ਉਹ ਉਸਦਾ ਪ੍ਰਯੋਗ ਵਸਤੂਆਂ/ਧਨ ਉਤਪਾਦਨ ਦੇ ਲਈ ਕਰਦੇ ਹਨ।

ਕਾਰਲ ਮਾਰਕਸ ਦੀ ਲਿਖਤਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਦੋ ਪ੍ਰਮੁੱਖ ਵਰਗ ਹੁੰਦੇ ਹਨ। ਪੂੰਜੀਪਤੀ (ਬੁਰਜੁਆ) ਅਤੇ ਮਜ਼ਦੂਰ (ਸਰਵਹਾਰਾ) । ਮਾਰਕਸਵਾਦੀ ਸਿਧਾਂਤ ਦੇ ਅਨੁਸਾਰ ਬੁਰਜੁਆ ਵਰਗ ਸਰਵਹਾਰਾ ਵਰਗ ਦਾ ਸ਼ੋਸ਼ਣ ਕਰਦਾ ਹੈ। ਇਹ ਸਰਵਹਾਰੇ ਦੇ ਹਿੱਤ ਵਿੱਚ ਹੋਵੇਗਾ ਕਿ ਉਹ ਕ੍ਰਾਂਤੀ ਦੇ ਮਾਧਿਆਮ ਨਾਲ਼ ਬੁਰਜੂਆ ਵਰਗ ਨੂੰ ਉਖਾੜ ਸੁੱਟੇ ਅਤੇ ਇੱਕ ਵਰਗਹੀਣ ਸਮਾਜ ਦੀ ਸਥਾਪਨਾ ਕਰੇ। ਆਧੁਨਿਕ ਉਦਯੋਗਿਕ ਸਮਾਜਾਂ ਵਿੱਚ ਪੂੰਜੀਵਾਦ ਵਿਕਸਿਤ ਰੂਪ ਵਿੱਚ ਉੱਭਰ ਕੇ ਆਇਆ ਹੈ। ਜਿਸ ਨੂੰ ਏਕਾਧਿਕਾਰਵਾਦੀ ਪੂੰਜੀਵਾਦ ਦਾ ਨਾਮ ਦਿੱਤਾ ਗਿਆ ਹੈ। ਇਸ ਰੂਪ ਵਿੱਚ, ਵੱਡੇ ਨਿਗਮ ਅਤੇ ਉਦਯੋਗ ਆਰਥਿਕ ਸ਼ਕਤੀ ਦਾ ਵਿਸ਼ਾਲ ਉਦਯੋਗਿਕ ਕੇਂਦਰ ਬਣਨ ਦੇ ਲਈ ਇੱਕ ਦੂਜੇ ਨਾਲ਼ ਮਿਲ ਗਏ ਅਤੇ ਉਤਪਾਦਨ ਅਤੇ ਸੰਸਾਨਾ ਉੱਤੇ ਕੰਟਰੋਲ ਕਰਨ ਲਈ ਸ਼ਕਤੀ ਦਾ



Downloaded from https:// www.studiestoday.com

Downloaded from https:// www.studiestoday.com

ਅਧਿਕ ਪ੍ਰਯੋਗ ਕੀਤਾ, ਜਿਸ ਦੇ ਕਾਰਨ ਉਹ ਰਾਜ ਦੀ ਅਰਥ ਵਿਵਸਥਾ ਦੇ ਨਾਲ਼-ਨਾਲ਼ ਸਾਧਾਰਨ ਤੌਰ 'ਤੇ ਲੋਕਾਂ ਦੇ ਜੀਵਨ ਨੂੰ ਵੀ ਨਿਯੰਤਰਿਤ ਕਰਦੇ ਹਨ।

## ਸਮਾਜਵਾਦੀ ਸਮਾਜ

ਇਸ ਪ੍ਰਣਾਲੀ ਦੀ ਕਲਪਨਾ 19ਵੀਂ ਸ਼ਤਾਬਦੀ ਵਿੱਚ ਮਾਰਕਸ ਨੇ ਪ੍ਰਸਤੁਤ ਕੀਤੀ, ਜਿਸ ਵਿੱਚ ਉਤਪਾਦਨ ਦੇ ਸਾਧਨਾਂ ਤੇ ਮਾਲਕੀ ਅਤੇ ਨਿਯੰਤਰਨ ਇੱਕ ਲੋਕਤੰਤਰਿਕ ਰਾਜ ਜਾਂ ਮਜ਼ਦੂਰਾਂ ਦੇ ਇੱਕ ਸਮੂਹਿਕ ਸੰਗਠਨ ਦਾ ਹੁੰਦਾ ਹੈ। ਮਾਰਕਸ ਦੇ ਅਨੁਸਾਰ ਮਜ਼ਦੂਰ ਕ੍ਰਾਂਤੀ ਦੇ ਸਿੱਟੇ ਵਜੋਂ ਪੂੰਜੀਵਾਦ ਸਮਾਜਵਾਦ ਵਿੱਚ ਤਬਦੀਲ ਹੋ ਜਾਵੇਗਾ। ਸਮਾਜਵਾਦ ਦਾ ਮੁੱਖ ਉਦੇਸ਼ ਵਰਗ ਪ੍ਰਣਾਲੀ ਨੂੰ ਸਮਾਪਤ ਕਰਨਾ ਹੈ ਤਾਂ ਜੋ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਖ਼ਤਮ ਕਰਕੇ ਉਹਨਾਂ ਵਿੱਚ ਉਤਪੰਨ ਵੱਖਵਾਦ ਦੀ ਭਾਵਨਾ ਨੂੰ ਖ਼ਤਮ ਕੀਤਾ ਜਾ ਸਕੇ। ਸਮਾਜਵਾਦ ਦਾ ਉਦੇਸ਼ ਸਮੂਹਿਕ ਕਲਿਆਣ ਕਰਨਾ ਹੈ।

## ਕੰਮ ਦੀ ਵੰਡ ਦੀ ਪ੍ਰਕਿਰਿਆ

ਆਧੁਨਿਕ ਸਮਾਜਾਂ ਵਿੱਚ ਕੰਮ ਨੂੰ ਵਿਭਿੰਨ ਕਿੱਤਿਆਂ ਵਿੱਚ ਵੱਡੀ ਸੰਖਿਆ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਲੋਕ ਵਿਸ਼ੇਸ਼ਤਾ ਦੇ ਅਧਾਰ 'ਤੇ ਜਟਿਲ ਕੰਮ ਦੀ ਵੰਡ ਨੂੰ ਉਤਪਨ ਕਰਦੇ ਹਨ। ਇਸ ਲਈ ਕੰਮ ਦੀ ਵੰਡ ਆਧੁਨਿਕ ਸਮਾਜਾਂ ਦੀ ਅਰਥ ਪ੍ਰਣਾਲੀ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ, ਜਿਸ ਪ੍ਰੰਪਰਾਗਤ ਦੁਆਰਾ ਸਮਾਜਿਕ ਜੀਵਨ ਸਰੂਪ ਗ੍ਰਹਿਣ ਕਰਦਾ ਹੈ ਜਿਸ ਵਿੱਚ ਵਿਅਕਤੀ ਪ੍ਰਤੱਖ ਰੂਪ ਨਾਲ ਯਤਨ ਕਰਦਾ ਹੈ। ਪਰੰਪਰਿਕ ਸਮਾਜਾਂ ਵਿੱਚ ਅਨੇਕ ਪ੍ਰਕਾਰ ਦੇ ਕੰਮ ਕੀਤੇ ਜਾਂਦੇ ਹਨ। ਪ੍ਰੰਤੂ ਸਮਾਜ ਵਿੱਚ ਕੰਮ ਦੀ ਵੰਡ ਸਾਪੇਖਕ ਰੂਪ ਨਾਲ਼ ਸਰਲ ਸੀ ਪ੍ਰੰਤੂ ਆਧੁਨਿਕ ਉਦਯੋਗਿਕ ਸਮਾਜਾਂ ਵਿੱਚ ਸਰਲ ਕੋਸ਼ਲਾਂ ਨੂੰ ਵਿਸ਼ਾਲ ਪੈਮਾਨੇ ਤੇ ਉਤਪਾਦਨ ਕਿਰਿਆ ਵਿੱਚ ਤਬਦੀਲ ਕੀਤਾ ਹੈ। ਵਿਭਿੰਨ ਲੋਕ ਵਿਭਿੰਨ ਕੰਮ ਕਰਨ ਲੱਗੇ, ਜਿਸ ਨਾਲ਼ ਇਹ ਕਿਰਿਆ ਜਟਿਲ ਹੋ ਗਈ। ਈਮਾਈਲ ਦੁਰਖ਼ੀਮ ਦੇ ਅਨੁਸਾਰ ਕੰਮ ਦੀ ਵੰਡ ਸਮਾਜਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦੀ ਹੈ। ਪੂਰਵ ਉਦਯੋਗਿਕ ਸਮਾਜਾਂ ਵਿੱਚ ਸਰਲ ਕੰਮ ਦੀ ਵੰਡ ਲੋਕਾਂ ਦੀ ਇੱਕ ਦੂਸਰੇ ਨਾਲ਼ ਸਮਰੂਪਤਾ 'ਤੇ ਅਧਾਰਿਤ ਸੀ। ਸਮਾਜਿਕ ਏਕਤਾ ਦੇ ਇਸ ਰੂਪ ਨੂੰ ਯੰਤਰਿਕ ਏਕਤਾ ਦਾ ਨਾਂ ਦਿੱਤਾ ਗਿਆ ਹੈ। ਦੂਜੇ ਪਾਸੇ ਉਦਯੋਗਿਕ ਸਮਾਜਾਂ ਵਿੱਚ ਏਕਤਾ ਸਮਰੂਪਤਾ 'ਤੇ ਅਧਾਰਿਤ ਨਹੀਂ ਹੈ, ਸਗੋਂ ਭਿੰਨਤਾਵਾਂ ਉੱਤੇ ਅਧਾਰਿਤ ਹੈ ਕਿਉਂਕਿ ਇਹਨਾਂ ਸਮਾਜਾਂ ਵਿੱਚ ਕੰਮ ਦੀ ਵੰਡ ਜਟਿਲ ਹੈ ਅਤੇ ਅਣਗਿਣਤ ਵਿਸ਼ੇਸ਼ ਕੰਮਾਂ ਨੂੰ ਉਤਪੰਨ ਕਰਦੀ ਹੈ ਜਿੱਥੇ ਸਾਰੇ ਇਕ ਦੂਜੇ ਤੋਂ ਭਿੰਨ ਅਤੇ ਅੰਤਰ ਨਿਰਭਰ ਹਨ। ਇਸ ਪ੍ਰਕਾਰ ਦੀ ਸਮਾਜਿਕ ਏਕਤਾ ਨੂੰ ਜੀਵ ਸਬੰਧੀ ਏਕਤਾ ਕਿਹਾ ਜਾਂਦਾ ਹੈ। ਦੁਰਖ਼ੀਮ ਦੇ ਅਨੁਸਾਰ ਯੰਤਰਿਕ ਸਬੰਧੀ ਕੰਮ ਦੀ ਵੰਡ ਨਾਲ਼ ਜੀਵ ਸਬੰਧੀ ਕੰਮ ਦੀ ਵੰਡ ਵੱਲ ਹੋਇਆ ਪਰਿਵਰਤਨ ਉਸੇ ਤਰ੍ਹਾਂ ਹੀ ਹੈ ਜਿਵੇਂ ਜੀਵ ਦਾ ਵਿਕਾਸ ਸਰਲ ਤੋਂ ਜਟਿਲ ਵੱਲ ਹੋਇਆ।

ਕੰਮ ਦੀ ਵੰਡ ਦਾ ਸੰਸਥਾਗਤ ਪੱਖ ਜਾਤੀ ਪ੍ਰਣਾਲੀ ਵਿੱਚ ਸਪਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ। ਪੰਰਪਰਿਕ ਤੌਰ 'ਤੇ ਪੇਂਡੂ ਅਰਥ ਵਿਵਸਥਾ ਵਿੱਚ ਆਰਥਿਕ ਕੰਮ ਜਾਤਾਂ ਦੇ ਵਿਚਕਾਰ ਸੇਵਾਵਾਂ ਦੀ ਪ੍ਰਤੱਖ ਅਦਲਾ-ਬਦਲੀ ਦੁਆਰਾ ਕੀਤੇ ਜਾਂਦੇ ਸਨ। ਇਸ ਪ੍ਰਣਾਲੀ ਨੂੰ ਜਜਮਾਨੀ ਵਿਵਸਥਾ ਕਿਹਾ



Downloaded from https:// www.studiestoday.com

Downloaded from https:// www.studiestoday.com

ਜਾਂਦਾ ਸੀ, ਇਸ ਵਿੱਚ ਜਜਮਾਨ ਅਤੇ ਕਿਰਤੀ ਵਰਗ ਦੇ ਵਿਚ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸੰਬੰਧ ਹੁੰਦੇ ਸਨ। ਇਹ ਇਕ ਅਜਿਹੀ ਪ੍ਰਣਾਲੀ ਸੀ ਜਿਸ ਵਿੱਚ ਵਿਅਕਤੀ ਆਪਣੇ ਵਿਸ਼ੇਸ਼ ਕਿੱਤੇ ਦੇ ਅਨੁਸਾਰ ਜਾਤੀਆਂ ਨੂੰ ਸੇਵਾਵਾਂ ਦਿੰਦੇ ਸਨ। ਸੇਵਾ ਦੇਣ ਵਾਲ਼ੀਆਂ ਜਾਤੀਆਂ ਅਤੇ ਸੇਵਾਵਾਂ ਲੈਣ ਵਾਲੀਆਂ ਜਾਤੀਆਂ ਦੇ ਵਿਚਕਾਰ ਲੰਮੇ ਸਮੇਂ ਦੇ ਸੰਬੰਧ ਸਨ। ਇਹ ਇਕ ਅਜਿਹੀ ਪ੍ਰਣਾਲੀ ਸੀ ਜਿਥੇ ਉੱਚ ਜਾਤੀ ਦੇ ਭੂਮੀ ਮਾਲਿਕ ਪਰਿਵਾਰਾਂ ਨੂੰ ਵਿਭਿੰਨ ਨਿਮਨ ਜਾਤੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਸਨ। ਅਸਲ ਵਿੱਚ ਸੇਵਾਵਾਂ ਦੇਣ ਵਾਲੀਆਂ ਛੋਟੀਆਂ ਜਾਤੀਆਂ ਨੂੰ ਉਹਨਾਂ ਦੇ ਕੰਮ ਦੇ ਆਧਾਰ 'ਤੇ ਨਾਮ ਦਿੱਤਾ ਜਾਂਦਾ ਸੀ। ਉਦਾਹਰਨ ਦੇ ਲਈ ਲਕੜੀ ਦਾ ਸਾਮਾਨ ਬਣਾਉਣ ਵਾਲੇ ਨੂੰ ਤਰਖਾਣ ਬਰਾਹੀ ਅਤੇ ਖਾਤੀ ਦੇ ਨਾਮ ਨਾਲ਼ ਜਾਣਦੇ ਸਨ। ਵਾਲ਼ ਕਟੱਣ ਵਾਲ਼ੇ ਨੂੰ ਨਾਈ/ਹਜ਼ਾਮ ਦੇ ਨਾਮ ਨਾਲ਼ ਜਾਣਦੇ ਸਨ। ਕੱਪੜੇ ਧੋਣ ਵਾਲੇ ਨੂੰ ਧੋਬੀ ਦੇ ਨਾਮ ਨਾਲ਼ ਜਾਣਦੇ ਸਨ। ਭਾਵੇਂ ਕਿ ਉਦਯੋਗੀਕਰਨ ਵਿੱਚ ਹੋਏ ਤੇਜ਼ ਵਾਧੇ ਅਤੇ ਕਿੱਤਾ ਵਿਵਧਤਾ ਨੇ ਜਾਤੀ ਪ੍ਰਣਾਲੀ ਨੂੰ ਘਟਾਇਆ ਦਿੱਤਾ ਹੈ ਅਤੇ ਅੱਜ ਜਾਤੀ ਅਤੇ ਕੰਮ ਇਕ ਦੂਜੇ ਨਾਲ਼ ਸੰਬੰਧਿਤ ਨਹੀਂ ਹਨ। ਕਾਰਜ ਦੀ ਦ੍ਰਿਸ਼ਟੀ ਨਾਲ਼ ਜਦੋਂ ਇਹ ਦੇਖਿਆ ਜਾਵੇ ਤਾਂ ਕੰਮ ਦੀ ਵੰਡ ਹੋਰ ਅਧਿਕ ਜਟਿਲ ਹੋ ਗਈ ਹੈ ਅਤੇ ਜਾਤੀ ਦਾ ਮਹੱਤਵ ਘੱਟ ਹੋਇਆ ਹੈ।

## ਆਰਥਿਕ ਸੰਸਥਾ ਵਿੱਚ ਪਰਿਵਰਤਨ

20ਵੀਂ ਸਦੀ ਵਿੱਚ ਆਰਥਿਕ ਖੇਤਰ ਵਿੱਚ ਕੁਝ ਪ੍ਰਮੁੱਖ ਵਿਕਾਸ ਕਾਰਜ ਹੋਏ। ਸਮੂਹ ਉਤਪਾਦਨ ਦੇ ਵਿਸ਼ਾਲ ਪ੍ਰਯੋਗ ਨੂੰ ਸੰਯੋਜਨ ਤਕਨੀਕ (ਅਸੈਂਬਲੀ ਲਾਈਨ ਟੈਕਨੀਕਸ) ਕਿਹਾ ਜਾਂਦਾ ਹੈ ਕਿਉਂਕਿ ਇਹ ਉਤਪਾਦਨ ਦੀ ਇੱਕਲੀ ਸਮਰੱਥ ਪ੍ਰਣਾਲੀ ਹੈ, ਜਿਸ ਦੇ ਅੰਤਰਗਤ ਮਨੁੱਖੀ ਅਤੇ ਮਸ਼ੀਨੀ ਕੰਮ ਪ੍ਰਣਾਲੀ ਦੇ ਸੂਖ਼ਮ ਕੰਮਾਂ ਨੂੰ ਪੂਰਾ ਕਰਨ ਲਈ ਲੜੀਬੱਧ ਹੁੰਦੇ ਹਨ ਅਤੇ ਇੱਕਜੁੱਟ ਹੁੰਦੇ ਹਨ। 1980 ਦੇ ਪਿਛਲੇ ਸਾਲਾਂ ਤੋਂ ਅੱਧੇ ਸੰਸਾਰ ਨਾਲ਼ ਭਾਰਤ ਨੇ ਵੀ ਆਪਣੇ ਆਰਥਿਕ ਇਤਿਹਾਸ ਦੇ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕੀਤਾ ਹੈ। ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਕੇਵਲ ਆਰਥਿਕ ਪੱਖ ਦੇ ਸੰਬੰਧ ਵਿੱਚ ਹੀ ਸਮਾਜਾਂ ਨੂੰ ਇੱਕ ਦੂਜੇ ਨਾਲ਼ ਵਿਸ਼ਵ ਪੱਧਰ 'ਤੇ ਅੰਤਰ ਸੰਬੰਧਿਤ ਨਹੀਂ ਕੀਤਾ ਹੈ, ਸਗੋਂ ਵਿਕਾਸ ਨੂੰ ਵੀ ਪ੍ਰੇਰਿਤ ਕੀਤਾ ਹੈ। ਸੋਫਟਵੇਅਰ ਸੇਵਾ ਉਦਯੋਗ ਅਤੇ ਬਿਜਨਸ ਪ੍ਰੋਸੈਸ ਆਉਟਸੋਰਸਿੰਗ (ਬਾਹਰੀ ਸਰੋਤ ਨਾਲ਼ ਸੰਬੰਧਿਤ ਸੇਵਾਵਾਂ ਪ੍ਰਾਪਤ ਕਰਨ ਦੀ ਵਪਾਰਕ ਕਿਰਿਆ) ਉਦਯੋਗੀ (ਜਿਵੇਂ ਕੱਾਲ ਸੈਂਟਰ) ਪ੍ਰਮੁੱਖ ਸਾਧਨ ਹਨ। ਜਿਨ੍ਹਾਂ ਨੇ ਭਾਰਤ ਨੂੰ ਵਿਸ਼ਵ ਅਰਥ ਵਿਵਸਥਾ ਨਾਲ਼ ਜੋੜਿਆ ਹੈ। ਉਤਪਾਦਨ ਦਾ ਮਸ਼ੀਨੀ ਕਰਨ ਸਭ ਪ੍ਰਕਾਰ ਦੇ ਉਦਯੋਗਾਂ ਵਿੱਚ ਫੈਲਿਆ ਹੈ।



Downloaded from https:// www.studiestoday.com

Downloaded from https:// www.studiestoday.com





ਮਸ਼ੀਨੀਕਰਨ  ਬਹੁਰਾਸ਼ਟਰੀ ਕੰਪਨੀਆਂ  ਕਾਲ ਸੈਂਟਰ

**ਸਿੱਖਿਆ ਸੰਸਥਾ**




ਇੱਕ ਵਿਅਕਤੀ ਜੈਵਿਕ ਇਕਾਈ ਦੇ ਰੂਪ ਵਿੱਚ ਜਨਮ ਲੈਂਦਾ ਹੈ ਪ੍ਰੰਤੂ ਜਲਦੀ ਹੀ ਸਮਾਜਿਕ ਇਕਾਈ ਬਣ ਜਾਂਦਾ ਹੈ। ਮਨੁੱਖ ਦਾ ਜੈਵਿਕੀ ਤੋਂ ਸਮਾਜਿਕ ਇਕਾਈ ਵਿੱਚ ਪਰਿਵਰਤਨ ਸਮਾਜੀਕਰਨ ਅਤੇ ਸਿੱਖਿਆ ਦੇ ਨਾਲ਼ ਹੁੰਦਾ ਹੈ। ਸਿੱਖਿਆ ਇਕ ਅਜਿਹੀ ਪ੍ਰਕਿਰਿਆ ਹੈ, ਜੋ ਇੱਕ ਬੱਚੇ ਦੇ ਵਿਅਕਤੀਤਵ ਅਤੇ ਅੰਦਰੂਨੀ ਸਮਰੱਥਾਵਾਂ ਦਾ ਵਿਕਾਸ ਕਰਦੀ ਹੈ। ਸਿੱਖਿਆ ਮਨੁੱਖ ਨੂੰ ਜ਼ਰੂਰੀ ਗਿਆਨ ਅਤੇ ਹੁਨਰ ਉਪਲਬਧ ਕਰਵਾ ਕੇ ਸਮਾਜ ਵਿੱਚ ਬਾਲਗ ਭੂਮਿਕਾਵਾਂ ਦਾ ਪਾਲਣ ਕਰਨ ਲਈ ਸਮਾਜੀਕ੍ਰਿਤ ਕਰਦੀ ਹੈ ਭਾਵ ਕਿ ਵਿਅਕਤੀ ਨੂੰ ਸਮਾਜ ਦਾ ਇੱਕ ਉਤਰਦਾਈ ਨਾਗਰਿਕ ਅਤੇ ਮੈਂਬਰ ਬਣਾਉਂਦੀ ਹੈ। ਭਾਰਤੀ ਸਮਾਜ ਵਿੱਚ, ਪੁਰਾਣੇ ਸਮੇਂ ਤੋਂ ਹੀ ਸਾਡੀਆਂ ਸਿੱਖਿਆ ਸੰਸਥਾਵਾਂ ਗੁਰੂ-ਚੇਲੇ ਪੰਰਪਰਾ 'ਤੇ ਅਧਾਰਿਤ ਸਨ। ਨਾਲੰਦਾ ਅਤੇ ਤਕਸ਼ਿਲਾ ਵਰਗੇ ਵਿਸ਼ਵ ਵਿਦਿਆਲੇ ਸਿੱਖਿਆ ਦੇ ਮਹੱਤਵਪੂਰਨ ਕੇਂਦਰ ਸਨ। ਪੰਰਪਰਾਗਤ ਭਾਰਤੀ ਸਮਾਜ ਵਿੱਚ ਸਿੱਖਿਆ ਅਤੇ ਅਧਿਆਤਮਕ ਪੱਖਾਂ ਦੇ ਵਿਚਕਾਰ ਗਹਿਰਾ ਸੰਬੰਧ ਸੀ। ਇਸ ਤੋਂ ਇਲਾਵਾ ਸਿੱਖਿਆ ਦਾ ਉਦੇਸ਼ ਅੰਤਿਮ ਅਤੇ ਪੂਰਨ ਵਾਸਤਵਿਕਤਾ ਨੂੰ ਪ੍ਰਾਪਤ ਕਰਨ ਵਿੱਚ ਮਨੁੱਖ ਦੀ ਮਦਦ ਕਰਨਾ ਸੀ।

ਸਮਾਜ ਸ਼ਾਸ਼ਤਰੀਆਂ ਦਾ ਵਿਸ਼ੇਸ ਰੂਪ ਨਾਲ਼ ਸਮਾਜ ਦੇ ਸੰਬੰਧ ਵਿੱਚ ਸਿੱਖਿਆ ਦਾ ਅਧਿਐਨ ਕਰਨ ਵਿੱਚ ਰੁਚੀ ਰਹੀ ਹੈ। ਫਰਾਂਸੀਸੀ ਸਮਾਜ ਸ਼ਾਸ਼ਤਰੀ ਦੁਰਖ਼ੀਮ ਨੇ ਸਿੱਖਿਆ ਨੂੰ ਇੱਕ ਅਜਿਹੇ ਪ੍ਰਭਾਵ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ, ਜਿਸ ਨੂੰ ਬਾਲਗ ਪੀੜ੍ਹੀ, ਉਸ ਪੀੜ੍ਹੀ ਉੱਤੇ ਪ੍ਰਯੋਗ ਕਰਦੀ ਹੈ ਜਿਸ



Downloaded from https:// www.studiestoday.com

Downloaded from https:// www.studiestoday.com

ਨੇ ਸਮਾਜਿਕ ਜੀਵਨ ਵਿੱਚ ਪ੍ਰਵੇਸ਼ ਨਹੀਂ ਕੀਤਾ। ਉਹਨਾਂ ਦਾ ਮੰਨਣਾ ਸੀ ਕਿ ਜਦੋਂ ਤੱਕ ਸਮਾਜ ਦੇ ਮੈਂਬਰਾਂ ਵਿਚਕਾਰ ਸਮਰੂਪਤਾ ਬਣੀ ਰਹਿੰਦੀ ਹੈ ਉਦੋਂ ਤੱਕ ਹੀ ਉਹਨਾਂ ਦਾ ਵਜੂਦ ਬਣਿਆ ਰਹਿ ਸਕਦਾ ਹੈ ਅਤੇ ਜਿਸ ਨੂੰ ਸਿੱਖਿਆ ਦੇ ਦੁਆਰਾ ਲਾਗੂ ਕੀਤਾ ਜਾਂਦਾ ਹੈ।

ਸਿੱਖਿਆ ਦੇ ਮਾਧਿਅਮ ਨਾਲ਼ ਹੀ ਇੱਕ ਬੱਚਾ ਸਮਾਜ ਦੇ ਮੁੱਢਲੇ ਨਿਯਮਾਂ, ਅਧਿਨਿਯਮਾਂ, ਪ੍ਰਤਿਮਾਨ ਅਤੇ ਕਦਰਾਂ-ਕੀਮਤਾਂ ਨੂੰ ਸਿੱਖਦਾ ਹੈ। ਸਿੱਖਿਆ ਦੀ ਕਾਰਜਾਤਮਕ ਭੂਮਿਕਾ ਉੱਤੇ ਕਿੰਗਸਲੇ ਡੈਵਿਸ ਅਤੇ ਬਿਲਵਰਟ ਮੂਰ ਨੇ ਵੀ ਰੋਸ਼ਨੀ ਪਾਈ ਹੈ। ਉਹਨਾਂ ਦੇ ਅਨੁਸਾਰ ਸਮਾਜਿਕ ਸੱਤਰੀਕਰਨ ਵਿਅਕਤੀਆਂ ਨੂੰ ਸਮਾਜ ਵਿੱਚ ਰੁਤਬਿਆਂ ਦੀ ਵੰਡ ਦੀ ਪ੍ਰਣਾਲੀ ਹੈ। ਸਿੱਖਿਆ ਪ੍ਰਣਾਲੀ ਇਸ ਉਦੇਸ਼ ਦੀ ਪੂਰਤੀ ਕਰਦੀ ਹੈ ਅਤੇ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਸਮਰੱਥ ਲੋਕ ਸਮਾਜ ਵਿੱਚ ਮਹੱਤਵਪੂਰਨ ਪੱਦਵੀਆਂ ਨੂੰ ਪ੍ਰਾਪਤ ਕਰਨ।

## ਸਿੱਖਿਆ ਦੇ ਕਾਰਜ

ਸਿੱਖਿਆ ਦਾ ਬੁਨਿਆਦੀ ਉਦੇਸ਼ ਸਮਾਜ ਨੂੰ ਵਿਵਸਥਿਤ ਕਰਨਾ ਅਤੇ ਵਿਅਕਤਿੱਤਵ ਦਾ ਵਿਕਾਸ ਕਰਨਾ ਹੈ। ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਸਿੱਖਿਆ ਅਨੇਕ ਕਾਰਜ ਕਰਦੀ ਹੈ। ਇਹ ਹਨ :

1. ਸਿੱਖਿਆ ਵਿਅਕਤੀਆਂ ਨੂੰ ਸਮਾਜ ਦੇ ਨਾਲ਼ ਏਕੀਕ੍ਰਿਤ ਕਰਦੀ ਹੈ।
2. ਇਹ ਸਮਾਜ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ।
3. ਸਿੱਖਿਆ ਸੱਭਿਆਚਾਰ ਨੂੰ ਵਿਕਸਿਤ ਕਰਦੀ ਹੈ।
4. ਇਹ ਵਿਅਕਤੀਆਂ ਦੀ ਸਮਰੱਥਾ ਵਿੱਚ ਵਾਧਾ ਕਰਦੀ ਹੈ।

## ਰਸਮੀ ਅਤੇ ਗ਼ੈਰ-ਰਸਮੀ ਸਿੱਖਿਆ

ਵਿਆਪਕ ਰੂਪ ਨਾਲ਼ ਸਿੱਖਿਆ ਦੀਆਂ ਦੋ ਪ੍ਰਣਾਲੀਆਂ ਹਨ- ਰਸਮੀ ਅਤੇ ਗ਼ੈਰ-ਰਸਮੀ।

## ਰਸਮੀ ਸਿੱਖਿਆ

ਜਿੱਥੇ ਸਿੱਖਿਆ ਇੱਕ ਸੰਸਥਾਗਤ ਢਾਂਚੇ/ਸੰਰਚਨਾ ਵਿੱਚ ਦਿੱਤੀ ਜਾਂਦੀ ਹੈ। ਉਸਨੂੰ ਰਸਮੀ ਸਿੱਖਿਆ ਕਿਹਾ ਜਾਂਦਾ ਹੈ। ਆਧੁਨਿਕ ਸਿੱਖਿਆ ਪ੍ਰਣਾਲੀ ਰਸਮੀ ਸਿੱਖਿਆ ਦਾ ਹੀ ਇੱਕ ਸਰੂਪ ਹੈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ।

1. ਇਸਦਾ ਅਰਥ ਇੱਕ ਰਸਮੀ ਸੰਸਥਾਗਤ ਪ੍ਰਣਾਲੀ ਦੇ ਨਾਲ਼-ਨਾਲ਼ ਇਕ ਸਕੂਲੀ ਸਿੱਖਿਆ ਨਾਲ਼ ਹੈ।

   ਰਸਮੀ ਸਿੱਖਿਆ ਪ੍ਰਣਾਲੀ ਦੇ ਤਿੰਨ ਮਹੱਤਵਪੂਰਨ ਤੱਤ/ਕਾਰਕ ਹਨ-

   (ੳ) ਇੱਕ ਸੰਗਠਿਤ ਰਚਨਾ

   (ਅ) ਸਿੱਖਿਆ ਦੀ ਇੱਕ ਸੁਨਿਸ਼ਚਿਤ ਅਤੇ ਉੱਚਿਤ ਢੰਗ ਨਾਲ਼ ਪਰਿਭਾਸ਼ਿਤ ਵਿਸ਼ਾ ਵਸਤੂ

   (ੲ) ਨਿਸ਼ਚਿਤ ਨਿਯਮ ਅਤੇ ਵਿਨਿਯਮ



Downloaded from https:// www.studiestoday.com

Downloaded from https:// www.studiestoday.com

2. ਰਸਮੀ ਸਿੱਖਿਆ ਦੇ ਤਿੰਨ ਪੱਧਰ ਹਨ- ਮੁੱਢਲੀ ਸਿੱਖਿਆ, ਕਾਲਜ ਦੀ ਸਿੱਖਿਆ ਅਤੇ ਵਿਸ਼ਵ ਵਿਦਿਆਲੇ ਦੀ ਸਿੱਖਿਆ ਅਤੇ ਹਰੇਕ ਪੱਧਰ ਉੱਤੇ ਇਕ ਵਿਸ਼ੇਸ਼ ਪ੍ਰਕਾਰ ਦੀ ਸੰਗਠਨਾਤਮਕ ਸੰਰਚਨਾ ਹੁੰਦੀ ਹੈ, ਜੋ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਸ਼ਾਸਨਿਕ ਕਰਮਚਾਰੀਆਂ ਨਾਲ਼ ਬਣਦੀ ਹੈ।
3. ਆਧੁਨਿਕ ਰਸਮੀ ਸਿੱਖਿਆ ਜਨ (ਸਮੂਹਿਕ) ਸਿੱਖਿਆ ਹੈ। ਕੋਈ ਵੀ ਜਾਤੀ, ਪੰਥ ਜਾਂ ਧਰਮ ਆਦਿ ਦੇ ਆਧਾਰ 'ਤੇ ਵਿਦਿਆਲੇ ਅਤੇ ਮਹਾਂ ਵਿਦਿਆਲੇ ਵਿੱਚ ਪ੍ਰਵੇਸ਼ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਪ੍ਰਾਚੀਨ ਭਾਰਤੀ ਸਮਾਜ ਵਿੱਚ ਕੇਵਲ ਉੱਚ ਜਾਤੀ ਦੇ ਲੋਕਾਂ ਨੂੰ ਹੀ ਸਿੱਖਿਆ ਦਾ ਅਧਿਕਾਰ ਪ੍ਰਾਪਤ ਸੀ। ਛੋਟੀ ਜਾਤੀ ਦੇ ਲੋਕ ਸਿੱਖਿਆ ਤੋਂ ਵਾਂਝੇ ਸਨ ਪ੍ਰੰਤੂ ਸੁਤੰਤਰ ਭਾਰਤ ਦਾ ਸੰਵਿਧਾਨ ਸਰਵ ਵਿਆਪੀ ਸਿੱਖਿਆ ਦੇ ਉਦੇਸ਼ ਦੇ ਅੰਤਰਗਤ ਸਮਾਜ ਦੇ ਹਰੇਕ ਵਰਗ ਲਈ ਸਿੱਖਿਆ ਦੀ ਗਾਰੰਟੀ ਦਿੰਦਾ ਹੈ।
4. ਦੂਰਵਰਤੀ ਸਿੱਖਿਆ ਰਸਮੀ ਸੰਗਠਨ ਦਾ ਇੱਕ ਮਹੱਤਵਪੂਰਨ ਸਰੋਤ ਹੈ, ਜੋ ਉਹਨਾਂ ਲੋਕਾਂ ਨੂੰ ਉੱਚ ਸਿੱਖਿਆ ਉਪਲਬਧ ਕਰਵਾਉਂਦਾ ਹੈ, ਜੋ ਆਪਣੇ-ਆਪ ਨੂੰ ਨਿਯਮਿਤ ਵਿਦਿਆਲਿਆਂ, ਮਹਾਂ ਵਿਦਿਆਲਿਆਂ ਜਾਂ ਵਿਸ਼ਵ ਵਿਦਿਆਲਿਆਂ ਵਿੱਚ ਵਿਦਿਆਰਥੀਆਂ ਦੇ ਰੂਪ ਵਿੱਚ ਪੰਜੀਕ੍ਰਿਤ ਨਹੀਂ ਕਰਵਾ ਸਕਦੇ ਹਨ। ਇਹ ਡਾਕ ਅਤੇ ਇਲੈਕਟ੍ਰੋਨਿਕ ਮੀਡਿਆ ਦੇ ਮਾਧਿਅਮ ਨਾਲ਼ ਸਿੱਖਿਆ ਸੰਸਥਾ ਦੇ ਬਾਹਰ ਆਯੋਜਿਤ ਕੀਤਾ ਜਾਣ ਵਾਲ਼ਾ ਇੱਕ ਸਿੱਖਿਅਕ ਕਾਰਜ ਹੈ।

**ਗਤੀਵਿਧੀ 8.5**

1. ਕੀ ਤੁਸੀਂ ਜਾਣਦੇ ਹੋ ਕਿ ਦਿੱਲੀ ਵਿੱਚ ਪਬਲਿਕ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਆਰਥਿਕ ਰੂਪ ਤੋਂ ਕਮਜ਼ੋਰ ਵਰਗ ਅਤੇ ਵੰਚਿਤ ਸਮੂਹਾਂ ਦੇ ਵਿਦਿਆਰਥੀਆਂ ਲਈ 25% ਸੀਟਾਂ ਰਾਖਵੀਆਂ ਹੁੰਦੀਆਂ ਹਨ।
2. ਸਮਾਜ ਦੇ ਆਰਥਿਕ ਰੂਪ ਨਾਲ਼ ਕਮਜ਼ੋਰ ਵਰਗਾਂ ਨੂੰ ਪਹਿਚਾਣਨ ਦਾ ਕੀ ਮਾਪਦੰਡ ਹੈ।



ਰਸਮੀ ਸਿੱਖਿਆ



ਗ਼ੈਰ-ਰਸਮੀ ਸਿੱਖਿਆ



Downloaded from https:// www.studiestoday.com

Downloaded from https:// www.studiestoday.com

## ਗ਼ੈਰ-ਰਸਮੀ ਸਿੱਖਿਆ

ਗ਼ੈਰ–ਰਸਮੀ ਸਿੱਖਿਆ ਤੋਂ ਭਾਵ ਉਹਨਾਂ ਗਤੀਵਿਧੀਆਂ ਤੋਂ ਹੈ, ਜਿਨ੍ਹਾ ਦੇ ਰਾਹੀਂ ਵਿਅਕਤੀ ਆਪਣੇ ਪਰਿਵਾਰ ਅਤੇ ਬਾਹਰ ਦੇ ਦਿਨ ਪ੍ਰਤੀਦਿਨ ਦੇ ਜੀਵਨ ਸੰਬੰਧੀ ਗਿਆਨ ਪ੍ਰਾਪਤ ਕਰਦਾ ਹੈ। ਇਹ ਮੁੱਖ ਰੂਪ ਨਾਲ਼ ਅਜਿਹੇ ਸਮਾਜਾਂ ਉੱਤੇ ਪ੍ਰਭਾਵੀ ਹੈ ਜਿੱਥੇ ਬੱਚਿਆਂ ਨੂੰ ਉੱਚ ਸਿੱਖਿਆ ਦੇਣ ਲਈ ਸਕੂਲ ਨਹੀਂ ਹਨ ਜਾਂ ਸਕੂਲ ਘੱਟ ਹੁੰਦੇ ਹਨ। ਪਰਿਵਾਰ ਅਤੇ ਨਾਤੇਦਾਰੀ ਸਮੂਹ ਗ਼ੈਰ–ਰਸਮੀ ਸਿੱਖਿਆ ਪ੍ਰਦਾਨ ਕਰਦੇ ਹਨ ਅਤੇ ਇਹ ਆਮ ਤੌਰ 'ਤੇ ਉਹਨਾਂ ਦੀਆਂ ਸਮਾਜਿਕ ਅਤੇ ਆਰਥਿਕ ਜ਼ਰੂਰਤਾਂ ਅਤੇ ਦਿਨ ਪ੍ਰਤੀਦਿਨ ਦੇ ਵਿਵਹਾਰ ਨਾਲ਼ ਜੁੜੀਆਂ ਗਤੀਵਿਧੀਆਂ ਨਾਲ਼ ਸੰਬੰਧਿਤ ਹੁੰਦੀ ਹੈ।

## ਭਾਰਤ ਵਿੱਚ ਸਿੱਖਿਆ ਦੀਆਂ ਨੀਤੀਆਂ

ਸਿੱਖਿਆ ਦੀਆਂ ਨੀਤੀਆਂ ਸੰਬੰਧੀ ਕੁਝ ਇਤਿਹਾਸਿਕ ਘਟਨਾਵਾਂ ਦੀ ਚਰਚਾ ਕੀਤੀ ਜਾ ਸਕਦੀ ਹੈ।

1. ਸਾਡੇ ਸੰਵਿਧਾਨ ਦੇ ਅਨੁਛੇਦ 45 ਦੇ ਅੰਤਰਗਤ 14 ਸਾਲ ਤੱਕ ਦੇ ਸਾਰੇ ਬੱਚਿਆਂ ਲਈ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ।
2. 1960 ਵਿੱਚ ਗਠਿਤ ਕੋਠਾਰੀ ਆਯੋਗ ਸਰਵਵਿਆਪੀ ਦਾਖਲੇ ਦਾ ਇੰਦਰਾਜ ਕਰਨ ਅਤੇ ਉਸ ਨੂੰ ਬਣਾਏ ਰੱਖਣ ਤੇ ਜ਼ੋਰ ਦਿੰਦਾ ਹੈ।
3. ਰਾਸ਼ਟਰੀ ਸਿੱਖਿਆ ਨੀਤੀ ਨੂੰ 1986 ਵਿੱਚ ਅਪਣਾਈ ਗਈ ਸੀ। ਜਿਸ ਵਿੱਚ ਕਿੱਤਾ ਸਿੱਖਿਆ ਅਤੇ ਵੰਚਿਤ ਸਮੂਹਾਂ ਦੇ ਲਈ ਸਿੱਖਿਆ ਦੇ ਬਰਾਬਰ ਅਧਿਕਾਰਾਂ ਉੱਤੇ ਬਲ ਦਿੱਤਾ ਗਿਆ ਸੀ।
4. ਸਰਵ ਸਿੱਖਿਆ ਅਭਿਆਨ 1986 ਅਤੇ 1992 ਵਿੱਚ 6 ਤੋਂ 14 ਸਾਲ ਦੀ ਉਮਰ ਵਰਗ ਦੇ ਸਾਰੇ ਬੱਚਿਆਂ ਦੇ ਲਈ ਉਪਯੋਗੀ ਅਤੇ ਪ੍ਰਾਸੰਗਿਕ ਸਿੱਖਿਆ ਪ੍ਰਦਾਨ ਕਰਨ 'ਤੇ ਬਲ ਦਿੱਤਾ ਗਿਆ।
5. ਬੱਚਿਆਂ ਲਈ ਮਫ਼ਤ ਅਤੇ ਜ਼ਰੂਰੀ ਸਿੱਖਿਆ ਅਧਿਨਿਯਮ (RTE, 2010) ਕਹਿੰਦਾ ਹੈ ਕਿ 6 ਤੋਂ 14 ਸਾਲ ਦੀ ਉਮਰ ਸਮੂਹ ਦੇ ਹਰ ਬੱਚੇ ਦੀ ਉਮਰ ਦੇ ਅਨੁਸਾਰ ਉਸਦੇ ਆਂਢ–ਗੁਆਂਢ ਦੇ ਨਿਕਟਤਮ ਸਥਾਨ ਤੇ ਜਮਾਤਾਂ ਵਿੱਚ 8 ਸਾਲ ਤੱਕ ਦੀ ਮੁੱਢਲੀ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ।









Downloaded from https:// www.studiestoday.com

Downloaded from https:// www.studiestoday.com

ਸਿੱਖਿਆ ਪ੍ਰਣਾਲੀ ਦੀ ਇੱਕ ਪ੍ਰਵਿਰਤੀ ਹੈ ਸਿੱਖਿਆ ਦਾ ਨਿੱਜੀਕਰਨ ਪ੍ਰੰਤੂ ਭਾਰਤ ਵਿੱਚ ਜਿੱਥੇ ਗ਼ਰੀਬ ਵਰਗ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ। ਸਿੱਖਿਆ ਦਾ ਨਿੱਜੀਕਰਨ ਸਾਧਾਰਨ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਨਿੱਜੀਕਰਨ ਪ੍ਰਣਾਲੀ ਸਿੱਖਿਆ ਦਾ ਪ੍ਰਸ਼ਾਸਨ ਅਤੇ ਪ੍ਰਬੰਧ ਨਿੱਜੀ ਇਕਾਈਆਂ ਦੇ ਹੱਥ ਵਿੱਚ ਹੋਏਗਾ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਿੱਖਿਆ ਸ਼੍ਰੇਸ਼ਠ ਵਰਗ ਲਈ ਹੀ ਸੁਰੱਖਿਅਤ ਹੋ ਜਾਏਗੀ। ਅਸਲ ਵਿੱਚ, ਨਿੱਜੀਕਰਨ ਨਾਲ਼ ਅਸਮਾਨਤਾ ਵਿੱਚ ਹੋਰ ਵੀ ਵਾਧਾ ਹੋਏਗਾ। ਇਸ ਲਈ ਦੇਸ਼ ਵਿੱਚ ਇਕ ਅਜਿਹੀ ਸਿੱਖਿਆ ਪ੍ਰਣਾਲੀ ਸਥਾਪਿਤ ਕਰਨ ਦੀ ਜ਼ਰੂਰਤ ਹੈ ਜੋ ਸਧਾਰਨ ਜਨ-ਸਮੂਹ ਨੂੰ ਆਸਾਨੀ ਨਾਲ਼ ਸਿੱਖਿਆ ਉਪਲਬਧ ਕਰਵਾ ਸਕੇ, ਜੋ ਕੇਵਲ ਜਨ ਸਿੱਖਿਆ ਅਧਾਰਿਤ ਨੀਤੀਆਂ ਦੇ ਮਾਧਿਅਮ ਨਾਲ਼ ਹੀ ਸੰਭਵ ਹੋ ਸਕਦਾ ਹੈ। ਭਾਰਤ ਵਿੱਚ ਸਿੱਖਿਆ ਆਧੁਨਿਕੀਕਰਨ, ਸਮਾਜਿਕ ਪਰਿਵਰਤਨ ਅਤੇ ਰਾਸ਼ਟਰੀ ਵਿਕਾਸ ਦਾ ਇੱਕ ਸਰੋਤ ਹੈ। ਸਿੱਖਿਆ ਨਾ ਕੇਵਲ ਗਿਆਨ ਅਤੇ ਕੁਸ਼ਲਤਾ ਵਿੱਚ ਵਾਧਾ ਕਰਦੀ ਹੈ ਬਲਕਿ ਇਕ ਨਗਰੀ, ਉਦਯੋਗਿਕ, ਧਰਮ ਨਿਰਪੱਖ, ਲੋਕਤੰਤਰਿਕ ਉਪਭੋਗਤਾ ਸਮਾਜ ਦੇ ਮੁੱਲਾਂ ਨੂੰ ਵੀ ਵਧਾਉਂਦੀ ਹੈ।

## ਸਿੱਟਾ

- ਸ਼ਕਤੀ ਵਿਅਕਤੀਆਂ ਅਤੇ ਸਮੂਹਾਂ ਦੀ ਸਮੱਰਥਾ ਹੈ, ਜੋ ਵਿਰੋਧ ਦੇ ਬਾਵਜੂਦ ਦੂਜਿਆਂ ਨੂੰ ਨਿਯੰਤਰਿਤ ਕਰਦੀਆਂ ਹਨ।
- ਸੱਤਾ ਸ਼ਕਤੀ ਦਾ ਵਿਧਾਨਿਕ ਪ੍ਰਯੋਗ ਹੈ।
- ਵੈਧਤਾ ਇੱਕ ਪ੍ਰਕਿਰਿਆ ਹੈ। ਜਿਸ ਦੁਆਰਾ ਸ਼ਕਤੀ ਨਾ ਕੇਵਲ ਸੰਸਥਾਗਤ ਰੂਪ ਗ੍ਰਹਿਣ ਕਰਦੀ ਹੈ ਬਲਕਿ ਨੈਤਿਕ ਆਧਾਰ ਵੀ ਪ੍ਰਾਪਤ ਕਰਦੀ ਹੈ। ਲੋਕ ਸ਼ਕਤੀ ਦੀ ਵੰਡ ਨੂੰ ਉੱਚਿਤ ਅਤੇ ਵੈਧ ਮੰਨਦੇ ਹਨ।
- ਰਾਸ਼ਟਰ-ਰਾਜ ਦੇ ਪ੍ਰਮੁੱਖ ਤੱਤਾਂ ਵਿੱਚ ਖੇਤਰ, ਪ੍ਰਭੂਸੱਤਾ, ਸਰਕਾਰ ਅਤੇ ਲੋਕ ਸ਼ਾਮਿਲ ਹਨ।
- ਹਿੱਤ ਸਮੂਹ ਇੱਕ ਸੰਗਠਨ ਹੈ, ਜਿਸਦਾ ਉਦੇਸ਼ ਸਮਾਜ ਵਿੱਚ ਰਾਜਨੀਤਿਕ ਸ਼ਕਤੀ ਦੀ ਵੰਡ ਅਤੇ ਪ੍ਰਯੋਗ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ।
- ਧਰਮ ਲੋਕਾਂ ਦਾ ਇੱਕ ਨੈਤਿਕ ਸਮੁਦਾਇ ਹੈ, ਜੋ ਉਹਨਾਂ ਨੂੰ ਸਾਧਾਰਨ ਵਿਸ਼ਵਾਸਾਂ ਅਤੇ ਵਿਵਹਾਰਾਂ ਦੇ ਮਾਧਿਆਮ ਨਾਲ਼ ਇੱਕ ਜੁੱਟ ਰੱਖਦਾ ਹੈ।
- ਦੁਰਖ਼ੀਮ ਮੰਨਦੇ ਹਨ ਕਿ ਧਰਮ ਪਵਿੱਤਰ ਵਸਤੂਆਂ ਨਾਲ਼ ਸੰਬੰਧਿਤ ਹੁੰਦਾ ਹੈ।
- ਈਸਾਈ, ਇਸਲਾਮ, ਹਿੰਦੂ, ਬੁੱਧ, ਜੈਨ ਅਤੇ ਕੰਨਫਿਊਸ਼ਿਅਸ ਵਿਸ਼ਵ ਦੇ ਪ੍ਰਮੁੱਖ ਧਰਮ ਹਨ।
- ਕਿਰਿਆਤਮਕ ਰੂਪ ਨਾਲ਼ ਧਰਮ ਵਿਅਕਤੀ ਦੀਆਂ ਅਧਿਆਤਮਕ, ਸਮਾਜਿਕ ਅਤੇ ਮਨੋਵਿਗਿਆਨਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।
- ਆਰਥਿਕ ਕਿਰਿਆਵਾਂ ਅਤੇ ਜ਼ਰੂਰਤਾਂ ਨਾਲ਼ ਸੰਬੰਧਿਤ ਨਿਯਮਾਂ ਦੀ ਪ੍ਰਣਾਲੀ ਨੂੰ ਆਰਥਿਕ ਸੰਸਥਾ ਕਿਹਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

- ਸਮਾਜ ਵਿਭਿੰਨ ਆਰਥਿਕ ਅਵਸਥਾਵਾਂ 'ਚੋਂ ਗੁਜ਼ਰੇ ਹਨ।
- ਆਧੁਨਿਕ ਸਮਾਜ ਦੀ ਆਰਥਿਕ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਹੈ, ਵੰਨ-ਸੁਵੰਨੀ ਕੰਮ ਦੀ ਵੰਡ ਅਤੇ ਜਟਿਲਤਾ ਹੈ।
- ਇਤਿਹਾਸਿਕ ਰੂਪ ਨਾਲ਼, ਸਿੱਖਿਆ ਸਾਰੇ ਯੁੱਗਾਂ ਵਿੱਚ ਮੌਜੂਦ ਰਹੀ ਹੈ ਅਤੇ ਇਹ ਨਵੀਂ ਪੀੜ੍ਹੀ ਨੂੰ ਗਿਆਨ, ਕੌਸ਼ਲ, ਪੰਰਪਰਾਵਾਂ ਅਤੇ ਸੱਭਿਆਚਾਰ ਨੂੰ ਹਸਤਾਂਤਰਿਤ ਕਰਨ ਵਿੱਚ ਸਹਾਇਤਾ ਕਰਦੀ ਹੈ।
- ਸਿੱਖਿਆ ਪ੍ਰਣਾਲੀ ਰਸਮੀ ਅਤੇ ਗ਼ੈਰ ਰਸਮੀ ਦੋ ਤਰ੍ਹਾਂ ਦੀ ਹੁੰਦੀ ਹੈ।
- ਭਾਰਤ ਵਿੱਚ ਰਾਸ਼ਟਰੀ ਸਿੱਖਿਆ ਨੀਤੀ ਨੂੰ ਵਿਕਸਿਤ ਕਰਨ ਵਿੱਚ ਸਿੱਖਿਆ ਨੀਤੀਆਂ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ।

## ਸ਼ਬਦਾਵਲੀ

**ਜੀਵਵਾਦ/ਆਤਮਵਾਦ** — ਪਸ਼ੂਆਂ ਅਤੇ ਰੁੱਖਾਂ-ਬੂਟਿਆਂ ਵਿੱਚ ਆਤਮਾ ਦੇ ਵਜੂਦ ਨੂੰ ਸਵੀਕਾਰ ਕਰਕੇ ਸੁਪਨੇ ਅਤੇ ਮੌਤ ਵਰਗੀਆਂ ਘਟਨਾਵਾਂ ਦੀ ਵਿਆਖਿਆ ਕਰਨਾ ।

**ਸੱਤਾ** — ਇਕ ਸਮੁਦਾਇ ਜਾਂ ਸਮਾਜ ਦੇ ਵਿੱਚ ਰਾਜਨੀਤਿਕ ਨਿਯਮਾਂ ਦੁਆਰਾ ਸਥਾਪਿਤ ਸ਼ਕਤੀ

**ਪੰਥ** — ਇੱਕ ਛੋਟਾ ਧਾਰਮਿਕ ਸਮੂਹ, ਜੋ ਭਿੰਨ ਵਿਸ਼ਵਾਸ ਵਿਵਸਥਾ ਅਤੇ ਕਿਰਿਆ ਪ੍ਰਣਾਲੀ ਨਾਲ਼ ਸੰਬੰਧਿਤ ਹੋਵੇ।

**ਕੰਮ ਦੀ ਵੰਡ** — ਅਨੇਕ ਹਿੱਸਿਆਂ ਵਿੱਚ ਵੰਡੀ ਕੰਮ ਪ੍ਰਕਿਰਿਆ, ਜਿਸਦੇ ਹਰੇਕ ਹਿੱਸੇ ਨੂੰ ਕੌਸ਼ਲ ਅਤੇ ਸਮੱਰਥਾ ਦੇ ਆਧਾਰ 'ਤੇ ਇੱਕ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹਾਂ ਵਿੱਚ ਵੰਡਿਆ ਜਾਂਦਾ ਹੈ।

**ਅਰਥ ਵਿਵਸਥਾ** — ਉਤਪਾਦਨ ਅਤੇ ਵੰਡ ਪ੍ਰਣਾਲੀ।

**ਸਿੱਖਿਆ** — ਇੱਕ ਬੱਚੇ ਨੂੰ ਉਸਦੇ ਸਰਵਪੱਖੀ ਵਿਕਾਸ ਦੇ ਲਈ ਬੌਧਿਕ, ਨੈਤਿਕ, ਸਰੀਰਕ, ਅਤੇ ਸਮਾਜਿਕ ਨਿਰਦੇਸ਼ ਦੇਣ ਦੀ ਰਸਮੀ ਅਤੇ ਗ਼ੈਰ-ਰਸਮੀ ਪ੍ਰਕਿਰਿਆ

**ਵਿਸ਼ਵੀਕਰਨ** — ਵਿਸ਼ਵ ਦ੍ਰਿਸ਼ਟੀ, ਉਤਪਾਦਾਂ, ਵਿਚਾਰਾਂ ਅਤੇ ਸੱਭਿਆਚਾਰ ਦੇ ਹੋਰ ਪੱਖਾਂ ਦੇ ਅਦਲਾ-ਬਦਲੀ ਨਾਲ਼ ਉਤਪੰਨ ਅੰਤਰ ਰਾਸ਼ਟਰੀ ਏਕੀਕਰਨ ਦੀ ਪ੍ਰਕਿਰਿਆ ਹੈ।



Downloaded from https:// www.studiestoday.com

Downloaded from https:// www.studiestoday.com

**ਜਜਮਾਨੀ ਵਿਵਸਥਾ** ਜਜਮਾਨ (ਮਾਲਕ) ਅਤੇ ਕਮੀਨ (ਸੇਵਾਦਾਰ) ਦੇ ਵਿਚਕਾਰ ਵਸਤੂਆਂ ਅਤੇ ਸੇਵਾਵਾਂ ਦੇ ਵਿਨਿਯਮ ਦੀ ਪੰਰਪਰਾਗਤ ਪ੍ਰਣਾਲੀ।

**ਰਾਸ਼ਟਰ ਰਾਜ** ਇਕ ਵਿਸ਼ੇਸ਼ ਤਰ੍ਹਾਂ ਦਾ ਰਾਜ ਜੋ ਆਧੁਨਿਕ ਵਿਸ਼ਵ ਦੀ ਵਿਸ਼ੇਸ਼ਤਾ ਹੈ। ਜਿਸ ਵਿੱਚ ਇਕ ਨਿਸ਼ਚਿਤ ਖੇਤਰ ਦੇ ਅੰਦਰ ਸਰਕਾਰ ਨੂੰ ਪ੍ਰਭੁਸੱਤਾ ਦੀ ਸ਼ਕਤੀ ਪ੍ਰਾਪਤ ਹੋਵੇ ਅਤੇ ਜਨਸੰਖਿਆ ਸਮੂਹ ਨਾਗਰਿਕਾਂ ਦੇ ਰੂਪ ਵਿੱਚ ਆਪਣੇ-ਆਪ ਨੂੰ ਇੱਕ ਰਾਸ਼ਟਰ ਦਾ ਹਿੱਸਾ ਮੰਨਦੇ ਹਨ।

**ਦਬਾਵ ਸਮੂਹ** ਇੱਕ ਵਿਸ਼ੇਸ਼ ਸਮੂਹ ਜੋ ਲੋਕਤੰਤਰਿਕ ਰਾਜਾਂ ਵਿੱਚ ਰਾਜਨੀਤਿਕ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦਾ ਜਤਨ ਕਰਦਾ ਹੈ।

**ਸੰਸਕਾਰ** ਪ੍ਰਤੀਕਾਂ ਅਤੇ ਪ੍ਰਤਿਮਾਨਾ ਦੇ ਸਮੁਦਾਇ ਦਾ ਪਾਲਨ ਕਰਨ ਰਸਮੀ ਕਿਰਿਆਵਾਂ।

**ਪਵਿੱਤਰ** ਧਾਰਮਿਕ ਵਿਸ਼ਵਾਸ ਜੋ ਪ੍ਰਤੀਦਿਨ ਦੀਆਂ ਘਟਨਾਵਾਂ ਅਤੇ ਵਸਤੂਆਂ ਨੂੰ ਅਸਧਾਰਨ ਅਤੇ ਬਾਹਰੀ ਮੰਨਦੇ ਹਨ।

**ਸੰਪਰਦਾਇ** ਕੁਝ ਵਿਸ਼ੇਸ਼ ਸੰਸਕਾਰਾਂ ਦੇ ਆਧਾਰ 'ਤੇ ਨਿਰਮਿਤ ਇੱਕ ਧਰਮ ਸਮੂਹ

**ਪ੍ਰਭੁਸੱਤਾ** ਨਿਸ਼ਚਿਤ ਪ੍ਰਾਂਤੀ ਸੀਮਾਵਾਂ ਦੇ ਵਿਚਕਾਰ ਇੱਕ ਰਾਜ ਜਾਂ ਇਸ ਵਿੱਚ ਰਹਿਣ ਵਾਲ਼ੇ ਲੋਕਾਂ ਦੁਆਰਾ ਨਿਯੁਕਤ ਸਰਕਾਰ ਦੀ ਸਰਵ ਉੱਚ ਸ਼ਕਤੀ।

**ਰਾਜ ਸਮਾਜ** ਸਮਾਜ ਜੋ ਸਰਕਾਰ ਦੇ ਰਸਮੀ ਉਪਕਰਨ ਨਾਲ਼ ਅਧੀਨਗੀ ਵਿੱਚ ਹਨ।

**ਰਾਜਹੀਨ ਸਮਾਜ** ਇਕ ਸਮਾਜ ਜੋ ਸਰਕਾਰ ਦੀ ਰਸਮੀ ਸੰਸਥਾ ਤੋਂ ਵਾਂਝਾ ਹੈ।

**ਪ੍ਰਤੀਕ** ਹਾਵ-ਭਾਵ, ਵਾਸਤੂਸ਼ਿਲਪ, ਚਿੰਨ੍ਹ ਅਤੇ ਅਵਧਾਰਨਾ ਆਦਿ ਦਾ ਸਮੁਦਾਇ, ਜੋ ਭਿੰਨ ਅਰਥ ਨੂੰ ਪ੍ਰਦਰਸ਼ਿਤ ਕਰਦੇ ਹਨ।

**ਟੋਟਮ** ਇੱਕ ਬੂਟਾ ਅਤੇ ਪਸ਼ੂ ਜਾਂ ਵਸਤੂ ਜੋ ਇਕ ਪਵਿੱਤਰ ਸਮੂਹ ਦਾ ਪ੍ਰਤੀਕ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸ਼ਕਤੀ ਤੋਂ ਤੁਹਾਡਾ ਕੀ ਭਾਵ ਹੈ ?
2. ਮੈਕਸ ਵੈਬਰ ਦੁਆਰਾ ਪ੍ਰਸਤੁੱਤ ਸੱਤਾ ਦੀਆਂ ਤਿੰਨ ਕਿਸਮਾਂ ਦੱਸੋ।
3. ਅਰਥ ਵਿਵਸਥਾ ਤੋਂ ਤੁਸੀਂ ਕੀ ਸਮਝਦੇ ਹੋ ?
4. ਰਾਜ ਦੇ ਕੋਈ ਦੋ ਤੱਤ ਦੱਸੋ ?
5. ਜੀਵਵਾਦ ਦਾ ਸਿਧਾਂਤ ਕਿਸ ਨੇ ਪ੍ਰਸਤੁਤ ਕੀਤਾ ?
6. ਕਿਸ ਨੇ ਪਵਿੱਤਰ ਅਤੇ ਸਾਧਾਰਨ ਵਸਤੂਆਂ ਵਿਚਕਾਰ ਅੰਤਰ ਕੀਤਾ ?
7. ਪ੍ਰਕਿਰਤੀਵਾਦ ਦੇ ਵਿਚਾਰ ਦੀ ਚਰਚਾ ਕਿਸ ਨੇ ਕੀਤੀ ?
8. ਕਿਸ ਨੇ ਧਰਮ ਨੂੰ ਅਧਿਆਤਮਕ ਸੱਤਾ ਵਿੱਚ ਇੱਕ ਵਿਸ਼ਵਾਸ ਮੰਨਿਆ ਹੈ।
9. ਦੋ ਅਜਿਹੇ ਧਰਮਾਂ ਦੇ ਨਾਮ ਦੱਸੋ ਜੋ ਭਾਰਤ ਵਿੱਚ ਬਾਹਰ ਤੋਂ ਆਏ ਹਨ ?
10. ਸੰਪਰਦਾਇ ਤੋਂ ਤੁਸੀਂ ਕੀ ਸਮਝਦੇ ਹੋ ?
11. ਪੰਥ ਦਾ ਅਰਥ ਸਪਸ਼ਟ ਕਰੋ।
12. ਕਾਰਲ ਮਾਰਕਸ ਦੁਆਰਾ ਪ੍ਰਸਤੁੱਤ ਪੂੰਜੀਵਾਦੀ ਸਮਾਜ ਦੇ ਦੋ ਪ੍ਰਮੁੱਖ ਵਰਗਾਂ ਦੇ ਨਾਮ ਦੱਸੋ।
13. ਰਸਮੀ ਸਿੱਖਿਆ ਕਿਸ ਨੂੰ ਕਹਿੰਦੇ ਹਨ ?
14. ਗ਼ੈਰ-ਰਸਮੀ ਸਿੱਖਿਆ ਦੀ ਪਰਿਭਾਸ਼ਾ ਦਿਉ।

### ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਰਾਜਹੀਣ ਸਮਾਜ ਕਿਸ ਨੂੰ ਕਹਿੰਦੇ ਹਨ ?
2. ਚਮਤਕਾਰੀ ਸੱਤਾ ਉੱਤੇ ਵਿਚਾਰ ਪ੍ਰਗਟ ਕਰੋ।
3. ਵਿਧਾਨਿਕ-ਤਾਰਕਿਕ ਸੱਤਾ ਕਿਸ ਨੂੰ ਕਹਿੰਦੇ ਹਨ ?
4. ਪੰਚਾਇਤੀ ਰਾਜ ਪ੍ਰਣਾਲੀ ਦੇ ਦੋ ਗੁਣ ਲਿਖੋ।
5. ਜੀਵਵਾਦ ਅਤੇ ਪ੍ਰਕਿਰਤੀਵਾਦ ਤੋਂ ਤੁਹਾਡਾ ਕੀ ਭਾਵ ਹੈ ?
6. ਹਿੱਤ ਸਮੂਹ ਕਿਸ ਨੂੰ ਕਹਿੰਦੇ ਹਨ ?
7. ਪਵਿੱਤਰ ਅਤੇ ਸਧਾਰਨ ਉੱਤੇ ਇੱਕ ਸੰਖੇਪ ਟਿੱਪਣੀ ਲਿਖੋ।
8. ਟੋਟਮਵਾਦ ਉੱਤੇ ਇੱਕ ਸੰਖੇਪ ਟਿੱਪਣੀ ਲਿਖੋ।
9. ਪਸ਼ੂਪਾਲਕ ਅਰਥ ਵਿਵਸਥਾ ਕਿਸ ਨੂੰ ਕਹਿੰਦੇ ਹਨ ?
10. ਖੇਤੀਬਾੜੀ ਅਰਥ ਵਿਵਸਥਾ ਕਿਸ ਪ੍ਰਕਾਰ ਉਦਯੋਗਿਕ ਅਰਥ ਵਿਵਸਥਾ ਤੋਂ ਭਿੰਨ ਹੈ ?



Downloaded from https:// www.studiestoday.com

Downloaded from https:// www.studiestoday.com

11. ਜਜਮਾਨੀ ਪ੍ਰਣਾਲੀ ਕਿਸ ਨੂੰ ਕਹਿੰਦੇ ਹਨ ?
12. ਪੂੰਜੀਵਾਦੀ ਸਮਾਜ ਉੱਤੇ ਵਿਚਾਰ ਪ੍ਰਗਟ ਕਰੋ।
13. ਸਮਾਜਵਾਦੀ ਸਮਾਜ ਕਿਸ ਨੂੰ ਕਹਿੰਦੇ ਹਨ ?
14. ਸਿੱਖਿਆ ਦੇ ਨਿੱਜੀਕਰਨ ਦਾ ਉਦਾਹਰਨ ਦਿਓ।

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।**

1. ਧਰਮ ਉੱਤੇ ਇਮਾਇਲ ਦੁਰਖ਼ੀਮ ਦੇ ਵਿਚਾਰਾਂ ਦੀ ਚਰਚਾ ਕਰੋ।
2. ਧਰਮ ਕਿਸ ਤਰ੍ਹਾਂ ਸਮਾਜ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ?
3. ਸਿੱਖਿਆ ਸੰਸਥਾ ਤੋਂ ਤੁਹਾਡਾ ਕੀ ਭਾਵ ਹੈ? ਸਰਕਾਰ ਦੁਆਰਾ ਅਪਣਾਈਆਂ ਗਈਆਂ ਸਿੱਖਿਆ ਨੀਤੀਆਂ ਦੇ ਵਿਸ਼ੇ ਵਿੱਚ ਲਿਖੋ।
4. ਸਿੱਖਿਆ ਦੇ ਕਾਰਜਾਂ ਬਾਰੇ ਸੰਖੇਪ ਵਿੱਚ ਲਿਖੋ।
5. ਮੈਕਸ ਵੈਬਰ ਦੁਆਰਾ ਪ੍ਰਸਤੁੱਤ ਸੱਤਾ ਦੀਆਂ ਕਿਸਮਾਂ 'ਤੇ ਸੰਖੇਪ ਟਿੱਪਣੀ ਲਿਖੋ।
6. ਰਾਜ ਸਮਾਜ ਅਤੇ ਰਾਜਹੀਣ ਸਮਾਜ ਵਿੱਚ ਅੰਤਰ ਕਰੋ।

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।**

1. ਰਾਜਨੀਤਿਕ ਸੰਸਥਾ ਤੋਂ ਤੁਸੀਂ ਕੀ ਸਮਝਦੇ ਹੋ, ਵਿਸਤਾਰ ਨਾਲ਼ ਚਰਚਾ ਕਰੋ।
2. ਪੰਚਾਇਤੀ ਰਾਜ 'ਤੇ ਟਿੱਪਣੀ ਕਰੋ।
3. ਹਿੱਤ ਸਮੂਹ ਕਿਸ ਤਰ੍ਹਾਂ ਦਬਾਵ ਸਮੂਹਾਂ ਦੇ ਰੂਪ ਵਿੱਚ ਕੰਮ ਕਰਦੇ ਹਨ ?
4. ਧਰਮ ਨੂੰ ਪਰਿਭਾਸ਼ਿਤ ਕਰੋ। ਇਸਦੀ ਵਿਸ਼ੇਸਤਾਵਾਂ ਦੀ ਚਰਚਾ ਕਰੋ ?
5. ਧਰਮ ਕਿਸ ਪ੍ਰਕਾਰ ਸਮਾਜ ਦੇ ਲਈ ਉਪਯੋਗੀ ਅਤੇ ਹਾਨੀਕਾਰਕ ਹੈ ?
6. ਆਦਿਮ, ਪਸ਼ੂਪਾਲਕ, ਖੇਤੀ ਅਤੇ ਉਦਯੋਗਿਕ ਅਰਥਵਿਵਸਥਾਵਾਂ ਦੀਆਂ ਵਿਸ਼ੇਸ਼ਤਾਵਾਂ ਸੰਖੇਪ ਵਿੱਚ ਚਰਚਾ ਕਰੋ।
7. 'ਕੰਮ ਦੀ ਵੰਡ' ਉੱਤੇ ਇੱਕ ਟਿੱਪਣੀ ਲਿਖੋ।
8. ਆਰਥਿਕ ਸੰਸਥਾ ਨੂੰ ਪਰਿਭਾਸ਼ਿਤ ਕਰੋ। ਅਰਥ ਪ੍ਰਣਾਲੀ ਵਿੱਚ ਹੋਣ ਵਾਲ਼ੇ ਪਰਿਵਰਤਨਾਂ ਦੀ ਚਰਚਾ ਕਰੋ।
9. ਸਿੱਖਿਆ ਨੂੰ ਪਰਿਭਾਸ਼ਿਤ ਕਰੋ। ਰਸਮੀ ਅਤੇ ਗ਼ੈਰ ਰਸਮੀ ਸਿੱਖਿਆ ਦੇ ਮੱਧ ਉਦਾਹਰਨਾ ਸਹਿਤ ਅੰਤਰ ਕਰੋ।
10. ਸਮਾਜ ਵਿੱਚ ਸਿੱਖਿਆ ਦੀ ਭੂਮਿਕਾ ਤੇ ਕਿਰਿਆਸ਼ੀਲ ਸਮਾਜ ਸ਼ਾਸ਼ਤਰੀਆਂ ਦੇ ਵਿਚਾਰਾਂ ਨੂੰ ਪੇਸ਼ ਕਰੋ।



Downloaded from https:// www.studiestoday.com

Downloaded from https:// www.studiestoday.com

ਇਕਾਈ -V

# ਸਮਾਜਿਕ ਸੰਰਚਨਾ, ਸਮਾਜਿਕ ਸਤਰੀਕਰਨ ਅਤੇ ਸਮਾਜਿਕ ਪਰਿਵਰਤਨ







Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

ਅਧਿਆਏ
9

# ਸਮਾਜਿਕ ਸੰਰਚਨਾ

**ਮੁੱਖ ਅੰਸ਼ :**

9.1 ਅਰਥ

9.2 ਵਿਸ਼ੇਸ਼ਤਾਵਾਂ

9.3 ਤੱਤ

 9.3.1 ਰੁਤਬਾ

 9.3.2 ਭੂਮਿਕਾ

## ਭੂਮਿਕਾ

ਸਮਾਜਿਕ ਸੰਰਚਨਾ, ਸਮਾਜ ਸ਼ਾਸਤਰ ਦਾ ਮੂਲ ਸੰਕਲਪ ਹੈ। ਹਰਬਰਟ ਸਪੈਂਸਰ ਉਹਨਾਂ ਪਹਿਲੇ ਵਿਚਾਰਕਾਂ ਵਿੱਚੋਂ ਸਨ ਜਿਨ੍ਹਾਂ ਨੇ ਸਮਾਜਿਕ ਸੰਰਚਨਾ ਅਤੇ ਉਸ ਦੇ ਵਿਸ਼ਲੇਸ਼ਣ ਵੱਲ ਧਿਆਨ ਕੇਂਦਰਤ ਕੀਤਾ। ਇਸ ਤੋਂ ਬਾਅਦ ਇਹ ਸੰਕਲਪ ਸਮਾਜ ਸ਼ਾਸਤਰੀ ਅਧਿਐਨਾਂ ਵਿੱਚ ਪ੍ਰਚਲਿਤ ਹੋਇਆ ਅਤੇ ਬਹੁਤ ਸਾਰੇ ਸਮਾਜ ਸ਼ਾਸਤਰੀਆਂ ਨੇ ਅਤੇ ਹੋਰ ਸਮਾਜ ਵਿਗਿਆਨੀਆਂ ਨੇ ਇਸ ਬਾਰੇ ਲਿਖਿਆ। ਸੰਰਚਨਾ ਦਾ ਸ਼ਾਬਦਿਕ ਅਰਥ ਵੱਖ-ਵੱਖ ਇਕਾਈਆਂ ਦਾ ਤਰਤੀਬਬੱਧ ਰੂਪ ਹੈ। ਜਿਵੇਂ ਸਾਈਕਲ ਦਾ ਸਮੁੱਚ ਹੀ ਸਾਈਕਲ ਦੀ ਹੋਂਦ ਬਣਾਉਂਦਾ ਹੈ ਜਦੋਂ ਇਸ ਦੇ ਸਾਰੇ ਪੁਰਜੇ ਸਿਲਸਲੇਵਾਰ ਜੋੜੇ ਜਾਣ। ਇਸੇ ਢੰਗ ਨਾਲ਼ ਵਿਆਪਕ ਪੱਧਰ 'ਤੇ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਸੰਰਚਨਾ ਤੋਂ ਭਾਵ ਸਮਾਜ ਦੁਆਰਾ ਸਮੁੱਚੇ ਰੂਪ ਵਿੱਚ ਸਥਾਪਿਤ ਸਮਾਜਿਕ ਢਾਂਚਾ ਹੈ ਜਾਂ ਸਮਾਜ ਦੀਆਂ ਵਿਭਿੰਨ ਇਕਾਈਆਂ ਦਾ ਸਿਲਸਿਲੇਵਾਰ ਪ੍ਰਬੰਧ ਹੈ। ਸਮਾਜ ਸ਼ਾਸਤਰੀ ਦ੍ਰਿਸ਼ਟੀ ਤੋਂ ਸਮਾਜਿਕ ਸੰਰਚਨਾਵਾਂ ਵਿਵਹਾਰ ਦੇ ਲੋੜੀਂਦੇ ਜ਼ੁੱਜ ਹਨ ਅਤੇ ਉਹ ਅੰਤਰ ਕਿਰਿਆਵਾਂ ਹਨ ਜੋ ਨਿਰੰਤਰ, ਸਰਬ ਵਿਆਪੀ ਅਤੇ ਦੂਰਗਾਮੀ ਹੁੰਦੀਆਂ ਹਨ। ਉਹ ਅਦਿੱਖ ਹੁੰਦੀਆਂ ਹਨ ਪਰ ਜ਼ਿੰਦਗੀ ਨੂੰ ਪੂਰਵ-ਅਨੁਮਾਨੀ, ਸੰਗਠਿਤ ਅਤੇ ਪਰਿਵਾਰਿਕ ਬਣਾਉਂਦੀਆਂ ਹਨ।

## ਸਮਾਜਿਕ ਸੰਰਚਨਾ ਦਾ ਅਰਥ

ਸਟਰਕਚਰ → ਲਾਤੀਨੀ ਸ਼ਬਦ ਸਟਰੈਉਅਰ → ਅਰਥ/ਇਮਾਰਤ/ਇਮਾਰਤ ਦਾ ਨਿਰਮਾਣ



Downloaded from https:// www.studiestoday.com

Downloaded from https:// www.studiestoday.com

ਸੰਰਚਨਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਸਟਰਕਚਰ' ਦਾ ਸਮਾਨਾਰਥੀ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਸਟਰੈਊਅਰ' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ 'ਇਮਾਰਤ'। ਸੰਰਚਨਾ ਦਾ ਅੰਗਰੇਜ਼ੀ ਭਾਸ਼ਾ ਵਿੱਚ ਅਰਥ ਹੈ ਸਿਲਸਿਲੇਵਾਰ ਪ੍ਰਬੰਧ ਜਾਂ ਇਮਾਰਤ ਦੀ ਉਸਾਰੀ। ਇਹ ਵੱਖੋ-ਵੱਖਰੇ ਅੰਗਾਂ ਦੇ ਵਿਵਸਥਿਤ ਤਰਤੀਬ ਵਿੱਚ ਹੋਣ ਨਾਲ਼ ਸੰਬੰਧਿਤ ਹੈ। ਜਿਹੜੇ ਬਾਹਰੀ ਵਿਵਸਥਾ, ਬਣਾਵਟ ਦਿੰਦੇ ਹਨ ਜਾਂ ਉਹ ਤੱਤ ਜੋ ਸੰਗਠਨ ਨੂੰ ਬਣਾਉਂਦੇ ਹਨ। ਉਦਾਹਰਨ ਦੇ ਰੂਪ ਵਿੱਚ, ਸੰਗੀਤ ਦੀ ਰਚਨਾ ਇੱਕ ਸੰਰਚਨਾ ਹੈ ਜੋ ਕਿ ਧੁਨਾਂ, ਡਗੇ, ਤੁਕਬੰਦੀ ਆਦਿ ਤੋਂ ਬਣੀ ਹੁੰਦੀ ਹੈ। ਆਮ ਤੌਰ 'ਤੇ ਇੱਕ ਇਮਾਰਤ ਨੂੰ ਵੀ ਸੰਰਚਨਾ ਕਿਹਾ ਜਾਂਦਾ ਹੈ ਜੋ ਵੱਖੋ-ਵੱਖਰੀਆਂ ਚੀਜ਼ਾਂ ਜਿਵੇਂ ਪੱਥਰ, ਰੇਤ, ਇੱਟਾਂ, ਲੋਹੇ ਆਦਿ ਤੋਂ ਮਿਲ਼ਕੇ ਬਣੀ ਹੁੰਦੀ ਹੈ। ਇਸ ਤਰ੍ਹਾਂ ਇਮਾਰਤ ਦੀ ਸਰੰਚਨਾ ਉਦੋਂ ਹੀ ਬਣਦੀ ਹੈ ਜਦੋਂ ਵੱਖੋ-ਵੱਖਰੇ ਭਾਗ ਤਰਤੀਬ ਵਿੱਚ ਜੋੜੇ ਜਾਂਦੇ ਹਨ। ਠੀਕ ਇਸੇ ਤਰ੍ਹਾਂ ਸਮਾਜ ਦੀ ਵੀ ਸੰਰਚਨਾ ਹੁੰਦੀ ਹੈ ਜਿਹੜੀ ਵਿਅਕਤੀਆਂ ਦੁਆਰਾ ਸਮਾਜਿਕ ਸੰਬੰਧਾਂ ਅਤੇ ਅੰਤਰ ਕਿਰਿਆਵਾਂ ਦੇ ਜਾਲ ਤੋਂ ਬਣਦੀ ਹੈ।




ਇਮਾਰਤ ਦੀ ਸੰਰਚਨਾ




ਸਮਾਜ ਦੀ ਸੰਰਚਨਾ

ਉਪਰੋਕਤ ਚਿੱਤਰ ਇਹ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਮਨੁੱਖੀ ਸਮਾਜ ਦੀ ਸੰਰਚਨਾ, ਇੱਕ ਇਮਾਰਤ ਦੇ ਸਮਾਨ ਹੁੰਦੀ ਹੈ ਜਿਸ ਵਿੱਚ ਤਿੰਨ ਵਿਸ਼ੇਸ਼ਤਾਵਾਂ ਹਨ: (i). ਇਸ ਦੀ ਇਮਾਰਤੀ ਸਮੱਗਰੀ ਜਿਵੇਂ ਇੱਟਾਂ, ਗਾਰਾ, ਸੀਮੇਂਟ, ਬੀਮ, ਪਿਲਰ ਆਦਿ ਪ੍ਰਯੋਗ ਹੁੰਦੇ ਹਨ। (ii) ਸਭ ਦੀ ਇੱਕ ਸਥਾਈ ਤਰਤੀਬ ਹੁੰਦੀ ਹੈ ਅਤੇ (iii) ਇਹ ਇਮਾਰਤ ਨੂੰ ਇੱਕ ਇਕਾਈ ਦਾ ਰੂਪ ਦੇਣ ਲਈ ਇਕ ਦੂਜੇ ਨਾਲ਼ ਜੋੜੇ ਜਾਂਦੇ ਹਨ। ਇਸੇ ਤਰ੍ਹਾਂ ਸਮਾਜ ਦੀ ਵੀ ਸੰਰਚਨਾ ਹੈ ਜਿਸ ਵਿੱਚ (i) ਪੁਰਸ਼ ਅਤੇ ਇਸਤਰੀ, ਜਵਾਨ ਅਤੇ ਬੱਚੇ, ਵੰਨ-ਸੁਵੰਨੇ ਕਿੱਤਾਕਾਰ ਅਤੇ ਧਾਰਮਿਕ ਸਮੂਹ ਆਦਿ (ii) ਵਿਭਿੰਨ ਅੰਗਾਂ ਵਿੱਚ ਅੰਤਰ ਸੰਬੰਧ (ਜਿਵੇਂ ਪਤੀ ਤੇ ਪਤਨੀ, ਮਾਪੇ 'ਤੇ ਬੱਚੇ ਅਤੇ ਵਿਭਿੰਨ ਸਮੂਹਾਂ ਵਿੱਚ ਅੰਤਰ-ਸੰਬੰਧ) (iii) ਅਤੇ ਸਮਾਜ ਦੇ ਸਾਰੇ ਅੰਗ ਇੱਕਠੇ ਹੋ ਕੇ ਇੱਕ ਇਕਾਈ ਦੀ ਤਰ੍ਹਾਂ ਕੰਮ ਕਰਦੇ ਹਨ। ਇਸ ਤਰ੍ਹਾਂ ਸਮਾਜਿਕ ਸੰਰਚਨਾ ਸ਼ਬਦ ਇਹ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਸਮਾਜ ਦੇ ਵੱਖਰੇ ਅੰਗ ਸੰਗਠਿਤ ਹੁੰਦੇ ਹਨ ਅਤੇ ਇੱਕਤਰ ਹੋ ਕੇ ਸਮਾਜਿਕ ਨਿਯਮ, ਭੂਮਿਕਾਵਾਂ ਅਤੇ ਕਿਰਿਆਵਾਂ ਦਾ ਪਾਲਨ ਕਰਦੇ ਹਨ। ਸੰਰਚਨਾ ਦਾ ਰੂਪ ਅਦਿੱਖ ਹੈ ਕਿਉਂ ਜੋ ਇਹ ਸਹਿਜ ਹੀ ਵਿਅਕਤੀਆਂ ਦੀਆਂ ਕਿਰਿਆਵਾਂ ਨੂੰ ਆਕਾਰ ਪ੍ਰਦਾਨ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

ਸਮਾਜਿਕ ਸੰਰਚਨਾ ਦੀ ਧਾਰਨਾ ਦਾ ਪ੍ਰਯੋਗ ਸਮਾਜ ਸ਼ਾਸਤਰ ਵਿੱਚ ਜੀਵ ਵਿਗਿਆਨ ਦੇ ਪ੍ਰਭਾਵ ਦੇ ਸਿੱਟੇ ਵਜੋਂ ਸ਼ੁਰੂ ਹੋਇਆ। ਹਰਬਰਟ ਸਪੈਂਸਰ ਪਹਿਲੇ ਸਮਾਜ ਵਿਗਿਆਨੀ ਸਨ ਜਿਨ੍ਹਾਂ ਨੇ 'ਸਮਾਜਿਕ ਸੰਰਚਨਾ' ਸ਼ਬਦ ਦਾ ਪ੍ਰਯੋਗ ਕੀਤਾ ਅਤੇ ਇਸ ਦੀ ਤੁਲਨਾ ਮਨੁੱਖੀ ਸਰੀਰ ਦੀ ਸੰਰਚਨਾ ਜਾਂ ਜੈਵਿਕ ਸੰਗਠਨ ਨਾਲ਼ ਕੀਤੀ ਹੈ। ਉਨ੍ਹਾਂ ਦੇ ਅਨੁਸਾਰ ਸਮਾਜ ਇੱਕ ਸਰਵਉੱਤਮ ਤੱਤ ਹੈ ਜਿਵੇਂ ਮਨੁੱਖੀ ਸਰੀਰ ਦੇ ਵੱਖ-ਵੱਖ ਅੰਗ ਹਨ ਉਸੇ ਤਰ੍ਹਾਂ ਸਮਾਜਿਕ ਸੰਰਚਨਾ ਦੇ ਵੀ ਵੱਖ-ਵੱਖ ਪੱਖ ਹਨ। ਮਨੁੱਖੀ ਸਰੀਰ ਦੀ ਸੰਰਚਨਾ ਵਿੱਚ ਵਿਗਿਆਨਕ ਪੱਧਰ 'ਤੇ ਜਿਵੇਂ ਹੱਥ, ਪੈਰ, ਅੱਖਾਂ, ਕੰਨ, ਸੈੱਲ, ਪੇਟ ਆਦਿ ਅੰਗ ਸ਼ਾਮਿਲ ਹੁੰਦੇ ਹਨ। ਇਹ ਸਾਰੇ ਅੰਗ ਅਪਣੇ-ਆਪ ਵਿੱਚ ਸਰੀਰ ਨਹੀਂ ਹਨ, ਇਨ੍ਹਾਂ ਸਭ ਦਾ ਜੋੜ ਸਰੀਰ ਦਾ ਢਾਂਚਾ ਬਣਾਉਂਦਾ ਹੈ। ਸਰੀਰ ਦੇ ਬਹੁਤ ਸਾਰੇ ਅੰਗ ਹਨ ਜਿਨ੍ਹਾਂ ਦੀ ਆਪਣੀ ਕੋਈ ਹੋਂਦ ਨਹੀਂ ਹੈ। ਜਦੋਂ ਇਹ ਇਕੱਠੇ ਹੁੰਦੇ ਹਨ ਉੱਦੋਂ ਹੀ ਸਰੰਚਨਾ ਹੋਂਦ ਵਿੱਚ ਆਉਂਦੀ ਹੈ। ਸਰੀਰ ਦੇ ਅੰਗ ਸਮੁੱਚੇ ਤੌਰ 'ਤੇ ਸੰਬੰਧਿਤ ਹੁੰਦੇ ਹਨ ਅਤੇ ਆਪਣਾ ਅਸਲ ਕੰਮ ਕਰਦੇ ਹਨ। ਸਮਾਨ ਰੂਪ ਵਿਚ ਸਮਾਜਿਕ ਸੰਰਚਨਾ ਦੇ ਤੱਤ ਜਾਂ ਸਮੂਹ ਉਹ ਵਿਅਕਤੀ ਜਾਂ ਮਨੁੱਖ ਹਨ ਜਿਨ੍ਹਾ ਦਾ ਸਮਾਜਿਕ ਸੰਰਚਨਾ ਵਿਚ ਬਣਦਾ ਸਥਾਨ ਹੈ। ਭਾਵੇਂ ਵਿਅਕਤੀ (ਮੌਤ, ਪਲਾਇਨ ਜਾ ਹੋਰ ਕਾਰਕਾਂ) ਬਦਲਦੇ ਰਹਿੰਦੇ ਹਨ ਪਰ ਸਮਾਜਿਕ ਸੰਰਚਨਾ ਦਾ ਪ੍ਰਬੰਧ ਸਥਿਰ ਰਹਿੰਦਾ ਹੈ। ਸੋ ਇੱਕ ਰਾਸ਼ਟਰ, ਇਕ ਸੰਗਠਨ, ਇਕ ਸਕੂਲ, ਇਕ ਚਰਚ ਅਤੇ ਸਮਾਜਿਕ ਇਕਾਈਆਂ ਸਮਾਜਿਕ ਸੰਰਚਨਾਤਮਕ ਰੂਪ ਵਿਚ ਸਥਿਰ ਰਹਿੰਦੀਆਂ ਹਨ ਭਾਵੇਂ ਕਿ ਇਹਨਾਂ ਵਿਚਲੇ ਵਿਅਕਤੀ, ਸਮੇਂ-ਸਮੇਂ 'ਤੇ ਬਦਲਦੇ ਰਹਿੰਦੇ ਹਨ।

### ਸੰਰਚਨਾ ਦਾ ਚਿੱਤਰ, ਉਦਾਹਰਨ







ਪਰਿਵਾਰ ਦੀ ਸੰਰਚਨਾ



Downloaded from https:// www.studiestoday.com

Downloaded from https:// www.studiestoday.com

ਸਮਾਜਿਕ ਸੰਰਚਨਾ ਦੀਆਂ ਮਹੱਤਵਪੂਰਨ ਪਰਿਭਾਸ਼ਾਵਾਂ ਨਿਮਨਲਿਖਤ ਹਨ।

ਬਾਕਸ–1

1. ਏ. ਆਰ. ਰੈਡਕਲਿਫ ਬਰਾਉਨ ਅਨੁਸਾਰ, "ਸਮਾਜਿਕ ਸੰਰਚਨਾ, ਸੰਸਥਾਗਤ ਨਿਯੰਤਰਨ ਅਧੀਨ ਵਿਅਕਤੀਆਂ ਦਾ ਪ੍ਰਬੰਧ ਹੈ ਜਾਂ ਪਰਿਭਾਸ਼ਿਤ ਸੰਬੰਧ ਹਨ। ਇਹ ਸੰਬੰਧ ਅਜਿਹੇ ਹਨ ਜੋ ਰਾਜੇ ਅਤੇ ਵਿਅਕਤੀ ਜਾਂ ਇਕ ਪਤੀ ਤੇ ਇਕ ਪਤਨੀ ਵਿੱਚ ਹੁੰਦੇ ਹਨ।"
2. ਟਾਲਕਟ ਪਾਰਸਨਜ਼ ਦੇ ਅਨੁਸਾਰ, ਸਮਾਜਿਕ ਸੰਰਚਨਾ ਵਿਚ ਪਰਸਪਰ ਸੰਬੰਧਿਤ ਸੰਸਥਾਵਾਂ, ਏਜੰਸੀਆਂ ਅਤੇ ਸਮਾਜਿਕ ਜ਼ੁੱਜ ਹਨ ਅਤੇ ਨਾਲ਼ ਹੀ ਸਮੂਹ ਵਿੱਚ ਹਰੇਕ ਮੈਂਬਰ ਦੁਆਰਾ ਗ੍ਰਹਿਣ ਕੀਤੇ ਗਏ ਰੁਤਬਿਆਂ ਅਤੇ ਭੂਮਿਕਾਵਾਂ ਦੀ ਵਿਸ਼ੇਸ਼ ਤਰਤੀਬ ਹੈ।

ਇਸ ਲਈ ਸਮਾਜਿਕ ਸੰਰਚਨਾ ਅਮੂਰਤ ਹੈ ਅਤੇ ਇਸ ਦੇ ਅੰਗ ਬਦਲਦੇ ਰਹਿੰਦੇ ਹਨ।

## ਵਿਸ਼ੇਸ਼ਤਾਵਾਂ

ਸਮਾਜਿਕ ਸੰਰਚਨਾਵਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

1. ਸਮਾਜਿਕ ਸੰਰਚਨਾ ਇੱਕ ਅਮੂਰਤ ਵਰਤਾਰਾ ਹੈ। ਭੌਤਿਕ ਪ੍ਰਬੰਧ ਅਧੀਨ ਪਦਾਰਥਕ ਤੌਰ 'ਤੇ ਦੇਖਿਆ ਨਹੀਂ ਜਾ ਸਕਦਾ, ਇਹ ਵਿਆਪਕ ਪੱਧਰ 'ਤੇ ਅਦਿੱਖ ਹੈ, ਪਰ ਇਹ ਸਮਾਜ ਦੇ ਸਾਰੇ ਪੱਧਰਾਂ 'ਤੇ ਫੈਲੀ ਹੋਈ ਹੈ। ਜਿਵੇਂ ਸਮਸ਼ਟੀ ਸਮਾਜ ਸ਼ਾਸਤਰੀ ਪੱਧਰ ਤੇ ਸੰਯੁਕਤ ਰਾਸ਼ਟਰ ਅਤੇ ਸੂਖਮ ਸਮਾਜ ਸ਼ਾਸਤਰੀ ਪੱਧਰ ਤੇ ਮਾਪੇ- ਬੱਚਿਆਂ ਵਿਚਲੀਆਂ ਅੰਤਰ-ਕਿਰਿਆਵਾਂ ਹੁੰਦੀਆਂ ਹਨ।
2. ਵਿਅਕਤੀ ਸਮਾਜ ਵਿੱਚ ਸਭਾ ਅਤੇ ਸੰਸਥਾ ਦੇ ਅੰਗ ਹੁੰਦੇ ਹਨ। ਇਸ ਲਈ ਇਹ ਸਮਾਜਿਕ ਸੰਰਚਨਾ ਦਾ ਹਿੱਸਾ ਬਣਾਉਂਦੇ ਹਨ।
3. ਇਹ ਸਾਰੀਆਂ ਸੰਸਥਾਵਾਂ ਅਤੇ ਸੰਗਠਨ ਆਦਿ ਇਕ-ਦੂਸਰੇ ਨਾਲ਼ ਅੰਤਰ-ਸੰਬੰਧਿਤ ਹੁੰਦੇ ਹਨ, ਉਹ ਸੁਚਾਰੂ ਕਾਰਜਸ਼ੀਲਤਾ ਲਈ ਸਹਿ-ਹੋਂਦ ਰੱਖਦੇ ਹਨ।
4. ਜ਼ੁੱਜ ਅਤੇ ਵੱਖਰਿਉਣ ਵਾਲ਼ੇ ਪ੍ਰਬੰਧ ਮਿਲ਼ ਕੇ ਸਮਾਜਿਕ ਸੰਰਚਨਾ ਦਾ ਮਾਡਲ ਬਣਾਉਂਦੇ ਹਨ।
5. ਸਮਾਜਿਕ ਸੰਰਚਨਾ ਦੀਆਂ ਇਕਾਈਆਂ ਸਾਰੇ ਸਮਾਜਾਂ ਵਿੱਚ ਇਕੋ ਜਿਹੀਆਂ ਹਨ, ਪਰ ਉਹਨਾਂ ਦੇ ਰੂਪ ਇਕ ਸਮਾਜ ਤੋਂ ਦੂਸਰੇ ਸਮਾਜ ਵਿੱਚ ਭਿੰਨ ਹੁੰਦੇ ਹਨ।
6. ਸਮਾਜਿਕ ਸੰਰਚਨਾ ਦਬਾਅ ਪੂਰਨ ਹੈ , ਕਿਉਂਕਿ ਇਹ ਸਮਾਜਿਕ ਸਥਿਤੀ ਵਿੱਚ ਅਸਾਧਾਰਨ ਵਿਵਹਾਰ ਨੂੰ ਨਿਰਧਾਰਿਤ ਕਰਦੀ ਹੈ।
7. ਇਹ ਸਰਵ ਵਿਆਪੀ ਹੈ, ਕਿਉਂਕਿ ਸਮਾਜ ਦੇ ਮੈਂਬਰ ਹੋਣ ਨਾਤੇ ਅਸੀਂ ਗ਼ੈਰ-ਰਸਮੀ ਛੋਟੇ ਸਮੂਹਾਂ ਤੋਂ ਵੱਡੇ ਰਸਮੀ ਸਮੂਹ ਤੱਕ ਅਸੀਂ ਸਮਾਜਿਕ ਸੰਰਚਨਾ ਨਾਲ਼ ਘਿਰੇ ਹੋਏ ਹਾਂ ਇਹ ਸਥਿਰ ਹੁੰਦੇ ਹਨ, ਇਹ ਸਾਡੇ ਜਨਮ ਸਮੇਂ ਵੀ ਹੋਂਦਸ਼ੀਲ ਸਨ, ਆਸ ਹੈ ਕਿ ਸਾਡੀ ਮੌਤ ਸਮੇਂ ਵੀ ਹੋਂਦ ਸ਼ੀਲ ਹੋਣਗੇ ਅਤੇ ਇਹ ਪੀੜ੍ਹੀਆਂ ਤੱਕ ਰਹਿਣਗੇ।



Downloaded from https:// www.studiestoday.com

Downloaded from https:// www.studiestoday.com

8. ਇਹ ਬਾਹਰੀ ਦ੍ਰਿਸ਼ ਨੂੰ ਦਿਖਾਉਂਦੇ ਹਨ, ਜਿਹੜੇ ਹਮੇਸ਼ਾ ਸਮਾਨ ਰਹਿੰਦੇ ਹਨ, ਪਰ ਅੰਦਰੂਨੀ ਪੁਰਜ਼ਿਆਂ ਦੀ ਕਾਰਜ ਸ਼ੀਲਤਾ ਬਦਲਦੀ ਰਹਿੰਦੀ ਹੈ।

**ਬਾਕਸ-2**

## ਸਮਾਜਿਕ ਸੰਰਚਨਾ ਸ਼ਬਦ ਦੀਆਂ ਇਤਿਹਾਸਿਕ ਜੜ੍ਹਾਂ



Herbert Spencer

ਸਮਾਜਿਕ ਸੰਰਚਨਾ ਸ਼ਬਦ ਹਰਬਰਟ ਸਪੈਂਸਰ ਦੇ ਕੰਮ ਨਾਲ਼ ਸਮਾਜ ਸ਼ਾਸਤਰੀ ਅਧਿਐਨ ਲਈ 1850 ਈ : ਤੋਂ ਬਾਅਦ ਪ੍ਰਸਿੱਧ ਹੋਇਆ। ਸਪੈਂਸਰ ਜੀਵ ਵਿਗਿਆਨਕ ਅਧਿਐਨਾ (ਜੀਵ ਸੰਰਚਨਾ ਅਤੇ ਕ੍ਰਮ ਵਿਕਾਸ ) ਤੋਂ ਪ੍ਰਭਾਵਿਤ ਸੀ ਉਸ ਨੇ ਤਕਨੀਕੀ ਸ਼ਬਦ 'ਸੰਰਚਨਾ' ਨੂੰ ਆਪਣੇ ਸਮਾਜਿਕ ਵਿਸ਼ਲੇਸਣ ਲਈ ਵਰਤਿਆ। ਉਹ ਸਮਾਜਿਕ ਸੰਰਚਨਾ ਬਾਰੇ ਆਪਣੀ ਪੁਸਤਕ 'ਪ੍ਰਿੰਸੀਪਲਜ਼ ਆਫ਼ ਸੋਸ਼ਾਲੋਜੀ' ਦੇ ਵਿਚ ਚਰਚਾ ਕਰਦਾ ਹੈ। ਉਸਨੇ ਸਮਾਜਿਕ ਸੰਰਚਨਾ ਦੇ ਸੰਕਲਪ ਦੀ 'ਸਮਾਜਾਂ ਦੀ ਸੰਰਚਨਾ' ਅਤੇ 'ਜੀਵ ਸੰਰਚਨਾ' ਦੀ ਤੁਲਨਾ ਦੇ ਸੰਦਰਭ ਵਿਚ ਚਰਚਾ ਕੀਤੀ ਹੈ। ਹਰ ਜੀਵ ਦੀ ਸੰਰਚਨਾ ਹੁੰਦੀ ਹੈ ਜਿਸ ਵਿੱਚ ਅੰਤਰ ਸੰਬੰਧਿਤ ਹਿੱਸੇ ਹੁੰਦੇ ਹਨ ਜਿਵੇਂ ਸਿਰ, ਅੰਗ ਅਤੇ ਦਿਲ। ਹਰ ਇੱਕ ਅੰਗ ਦੀ ਆਪਣੀ ਕਾਰਜ ਪ੍ਰਣਾਲੀ ਹੁੰਦੀ ਹੈ ਜਿਹੜੀ ਜੀਵਨ ਜਿਉਣ ਲਈ ਜ਼ਰੂਰੀ ਹੁੰਦੀ ਹੈ । ਸਮਾਨ ਰੂਪ ਵਿੱਚ ਸਪੈਂਸਰ ਦਾ ਮੰਨਣਾ ਹੈ ਕਿ ਸਮਾਜ ਦੀ ਵੀ ਸੰਰਚਨਾ ਹੈ ਜਿਸ ਵਿੱਚ ਅੰਤਰ ਸੰਬੰਧਿਤ ਅੰਗ ਹਨ ਜਿਵੇਂ ਪਰਿਵਾਰ, ਧਰਮ ਆਦਿ। ਇਹ ਸਾਰੇ ਅੰਗ ਸਮਾਜਿਕ ਸੰਰਚਨਾ ਨੂੰ ਸਥਾਈ ਬਣਾਉਣ ਲਈ ਹਿੱਸਾ ਪਾਉਂਦੇ ਹਨ।

ਇਸ ਕਰਕੇ ਸਪੈਂਸਰ ਦੇ ਅਨੁਸਾਰ ਸਮੁੱਚਾ ਸਮਾਜ ਇੱਕ ਤਰਤੀਬ ਵਿੱਚ ਜੁੜੇ ਹੋਏ ਅੰਗਾਂ ਦੀ ਪ੍ਰਣਾਲੀ ਹੈ ਜਿਵੇਂ ਜੀਵ ਸੰਰਚਨਾ। ਬਾਅਦ ਵਿੱਚ ਦੁਰਖ਼ੀਮ ਨੇ ਇਸ ਦੇ ਉੱਪਰ ਕੰਮ ਕਰਨਾ ਸ਼ੁਰੂ ਕੀਤਾ ਅਤੇ ਸਮਾਜਿਕ ਸੰਰਚਨਾ ਸ਼ਬਦ ਨੂੰ ਵਰਤਿਆ ਉਸ ਨੇ ਇਸ ਸ਼ਬਦ ਦਾ ਪ੍ਰਯੋਗ ਜੀਵਨ ਦਾ ਸਮਗਰ ਰੂਪ ਵਿੱਚ ਅਧਿਐਨ ਕਰਨ ਲਈ ਕੀਤਾ। ਉਸ ਤੋਂ ਬਾਅਦ ਜੀ. ਪੀ. ਮਰਡੌਕ ਨੇ ਅਮਰੀਕਾ ਵਿੱਚ, ਏ.ਆਰ. ਰੈਡਕਲਿਫ ਬਰਾਉਨ ਅਤੇ ਹੋਰਾਂ ਨੇ ਬ੍ਰਿਟੇਨ ਅਤੇ ਕਲੌਂਡ ਲੈਵੀ ਸਤ੍ਰਾਸ ਨੇ ਫਰਾਂਸ ਵਿੱਚ ਇਸ ਦਾ ਪ੍ਰਯੋਗ ਕੀਤਾ ਹੈ ਅਤੇ ਇਸਨੂੰ ਪ੍ਰਸਿੱਧ ਕੀਤਾ ਹੈ।

ਉਪਰਲੀ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਮਾਜਿਕ ਸੰਰਚਨਾ ਕਿਸੇ ਇੱਕ ਸਮਾਜ ਦੀ ਸੰਰਚਨਾ ਨੂੰ ਦਰਸਾਉਂਦੀ ਹੈ। ਇਹ ਸਥਿਰ ਵੀ ਹੈ, ਅਤੇ ਪਰਿਵਰਤਨਸ਼ੀਲ ਵੀ ਹੈ। ਇਸ ਦਾ ਵਿਕਾਸ ਨਿਸ਼ਚਿਤ ਉਦੇਸ਼ ਨੂੰ ਪੂਰਾ ਕਰਨ ਲਈ ਕੀਤਾ ਜਾਂਦਾ ਹੈ। ਇਹ ਵੱਖ-ਵੱਖ ਤਰਤੀਬ ਬੱਧ ਤੱਤਾਂ ਦੇ ਅੰਗਾਂ ਦੀਆਂ ਕਿਸਮਾਂ ਨਾਲ਼ ਸੰਬੰਧਿਤ ਹੈ। ਇਕ ਰਾਸ਼ਟਰ, ਇੱਕ ਸਭਾ, ਇਕ ਯੂਨੀਵਰਸਿਟੀ, ਇਕ ਧਾਰਮਿਕ ਸੰਗਠਨ ਆਦਿ ਲੰਮੇ ਸਮੇਂ ਤੋਂ ਸੰਰਚਨਾਤਮਕ ਪ੍ਰਬੰਧਾਂ ਵਜੋਂ ਹੋਂਦਸ਼ੀਲ ਹਨ।

**ਗਤੀਵਿਧੀ -9.1**

ਆਪਣੇ ਪਰਿਵਾਰ ਅਤੇ ਆਪਣੇ ਸਮੁਦਾਇ ਦੀ ਸਮਾਜਿਕ ਸੰਰਚਨਾ ਬਾਰੇ ਪਤਾ ਲਗਾਓ।



Downloaded from https:// www.studiestoday.com

Downloaded from https:// www.studiestoday.com

**ਬਾਕਸ-3**

### ਸਕੂਲ ਦੀ ਸਮਾਜਿਕ ਸੰਰਚਨਾ

ਹਰ ਵਿਦਿਅਕ ਅਦਾਰੇ ਜਾਂ ਇੱਕ ਸਕੂਲ ਦੀ ਆਪਣੀ ਹੀ ਸੰਰਚਨਾ ਹੁੰਦੀ ਹੈ। ਇਹ ਅੰਗਾਂ ਦਾ ਤਰਤੀਬਵਾਰ ਪ੍ਰਬੰਧ ਹੈ, ਜਿਨ੍ਹਾਂ ਦੇ ਆਪਣੇ ਕਾਰਜ ਹੁੰਦੇ ਹਨ, ਸਕੂਲ ਦੇ ਕਾਫ਼ੀ ਅੰਗ ਬਦਲ ਜਾਂਦੇ ਹਨ, ਪਰ ਸੰਰਚਨਾ ਸਥਿਰ ਹੀ ਰਹਿੰਦੀ ਹੈ। ਹਰ ਸਾਲ ਵੱਡੇ ਬੱਚੇ ਚਲੇ ਜਾਂਦੇ ਹਨ ਅਤੇ ਨਵੇਂ ਬੱਚੇ ਦਾਖਲਾ ਲੈਂਦੇ ਹਨ। ਕੁੱਝ ਅਧਿਆਪਕਾਂ ਦੀ ਜਗ੍ਹਾ ਵੀ ਨਵੇਂ ਅਧਿਆਪਕ ਆ ਜਾਂਦੇ ਹਨ। ਵਿਦਿਆਰਥੀਆਂ ਦੀ ਹਿੱਸੇਦਾਰੀ ਨਾਲ਼ ਨਵੇਂ ਸੈਸ਼ਨ ਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ ਨਵੀਆਂ ਲੋੜਾਂ ਦੇ ਅਨੁਸਾਰ ਕਿਰਿਆਵਾਂ ਅਤੇ ਕਾਨੂੰਨ ਬਣਾਉਣਾ, ਨਵੇਂ ਕਾਨੂੰਨਾਂ ਦਾ ਪੁਨਰ ਨਿਰਮਾਣ ਕੀਤਾ ਜਾਂਦਾ ਹੈ। ਨਵੇਂ ਮੈਂਬਰ ਉਹਨਾਂ ਦਾ ਪਾਠ-ਕ੍ਰਮ ਤਿਆਰ ਕਰਦੇ ਹਨ, ਉਹਨਾਂ ਦੇ ਕੰਮ ਦੀ ਵੰਡ ਕਰਦੇ ਹਨ ਅਤੇ ਉਹਨਾਂ ਦੀ ਕੁਸ਼ਲਤਾ ਦਾ ਮੁਲਾਂਕਣ ਕਰਦੇ ਹਨ। ਹਰ ਬੱਚੇ ਅਤੇ ਅਧਿਆਪਕ ਦੇ ਕਾਰਜ ਢੰਗ ਵਿੱਚ ਫ਼ਰਕ ਹੁੰਦਾ ਹੈ ਪਰ ਸਕੂਲ ਦੀ ਸੰਰਚਨਾ ਇਕੋ ਜਿਹੀ ਹੀ ਰਹਿੰਦੀ ਹੈ ਅਤੇ ਇਹ ਸਕੂਲ ਜਾਂ ਸਿੱਖਿਅਕ ਸਮੂਹ ਦੀ ਸਮੁੱਚੀ ਸੰਰਚਨਾ ਦੇ ਅਨੁਕੂਲ ਹੁੰਦੀ ਹੈ। ਸੰਰਚਨਾ ਭਾਵੇਂ ਅਦ੍ਰਿਸ਼ ਹੁੰਦੀ ਹੈ ਪਰ ਇਹ ਚੁੱਪ ਚੁਪੀਤੇ ਕਿਰਿਆਵਾਂ ਨੂੰ ਆਕਾਰ ਪ੍ਰਦਾਨ ਕਰਦੀ ਹੈ। ਇਸ ਲਈ ਰੂਪਾਂ ਦਾ ਵਿਸ਼ਲੇਸ਼ਣ ਅਤੇ ਸਮਾਜਿਕ ਸੰਰਚਨਾ 'ਤੇ ਪ੍ਰਭਾਵ ਸਮਾਜ ਸ਼ਾਸਤਰ ਨੂੰ ਸਮਾਜ ਅਤੇ ਮਨੁੱਖੀ ਮਸਲਿਆਂ ਨੂੰ ਸਮਝਣ ਲਈ ਇਕ ਵਿਲੱਖਣ ਪ੍ਰਕਿਰਤੀ ਦਾ ਧਾਰਨੀ ਬਣਾਉਂਦੇ ਹਨ।

## ਸਮਾਜਿਕ ਸੰਰਚਨਾ ਦੀ ਸੰਭਾਲ

ਸਮਾਜਿਕ ਸੰਰਚਨਾ ਵਿੱਚ ਵਿਅਕਤੀ ਆਪਣੇ-ਆਪ ਨੂੰ ਇੱਕ ਸਭਾ ਦਾ ਹਿੱਸਾ ਬਣਾਉਂਦੇ ਹਨ ਤਾਂ ਜੋ ਨਿਰਧਾਰਿਤ ਉਦੇਸ਼ਾਂ ਦੀ ਪੂਰਤੀ ਕੀਤੀ ਜਾ ਸਕੇ। ਇਹ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਇਸਦੇ ਕੰਮ ਕਰਨ ਵਾਲ਼ੇ ਕਾਰਜਸ਼ੀਲ ਪ੍ਰਣਾਲੀਆਂ ਉੱਤੇ ਅਧਾਰਿਤ ਹੋਣ। ਇਸ ਵਿੱਚੋਂ ਕੁਝ ਪ੍ਰਣਾਲੀਆਂ ਹੇਠ ਲਿਖੇ ਅਨੁਸਾਰ ਹਨ:






Downloaded from https:// www.studiestoday.com

Downloaded from https:// www.studiestoday.com

1. **ਪ੍ਰਤਿਮਾਨਿਤ ਪ੍ਰਣਾਲੀ :** ਇਹ ਪ੍ਰਣਾਲੀ ਸਮਾਜ ਦੇ ਮੈਂਬਰਾਂ ਦੇ ਸਾਹਮਣੇ ਆਦਰਸ਼ ਅਤੇ ਕਦਰਾਂ ਕੀਮਤਾਂ ਰੱਖਦੀ ਹੈ, ਜਿਨ੍ਹਾ ਵਿੱਚ ਮੈਂਬਰ ਆਪਣੀਆਂ ਭਾਵਨਾਵਾਂ ਨਾਲ਼ ਜੁੜਦੇ ਹਨ। ਬਹੁਤ ਸਾਰੇ ਸਮੂਹ, ਸੰਸਥਾਵਾਂ ਅਤੇ ਸਭਾਵਾਂ ਆਦਰਸ਼ਾਂ ਅਤੇ ਕੀਮਤਾਂ ਦੇ ਅਨੁਸਾਰ ਆਪਸ ਵਿੱਚ ਜੁੜੀਆਂ ਹੁੰਦੀਆਂ ਹਨ। ਹਰੇਕ ਵਿਅਕਤੀ ਸਮੁਦਾਇ ਵਿੱਚ ਆਪਣੀ ਭੂਮਿਕਾ ਇਨ੍ਹਾਂ ਨਿਯਮਾਂ ਦੇ ਅਨੁਸਾਰ ਹੀ ਨਿਭਾਉਂਦਾ ਹੈ।

2. **ਰੁਤਬਾ ਪ੍ਰਣਾਲੀ :** ਰੁਤਬਾ ਪ੍ਰਣਾਲੀ ਵਿਅਕਤੀ ਦੀ ਭੂਮਿਕਾ ਅਤੇ ਪੱਧਰ ਨਾਲ਼ ਜੁੜੀ ਹੈ। ਵਿਅਕਤੀਆਂ ਦੀਆਂ ਆਸ਼ਾਵਾਂ, ਪ੍ਰੋਤਸਾਹਨ ਅਤੇ ਉਮੀਦਾਂ, ਵੱਖ-ਵੱਖ, ਬਹੁਤ ਸਾਰੀਆਂ ਅਤੇ ਅਮੁੱਕ ਹਨ। ਹਰੇਕ ਸਮਾਜ ਵਿੱਚ ਵਿਅਕਤੀ ਇੱਕ ਤੋਂ ਵੱਧ ਰੁਤਬਿਆਂ ਦਾ ਮਾਲਿਕ ਹੁੰਦਾ ਹੈ। ਉਦਾਹਰਨ ਲਈ ਪਰਿਵਾਰ ਵਿੱਚ ਇੱਕ ਆਦਮੀ, ਪਿਤਾ, ਪੁੱਤਰ, ਭਰਾ, ਪਤੀ ਆਦਿ ਹੁੰਦਾ ਹੈ। ਜਦੋਂ ਉਹ ਆਪਣੀ ਪਤਨੀ ਨਾਲ਼ ਅੰਤਰ-ਕਿਰਿਆ ਕਰਦਾ ਹੈ ਤਾਂ ਉਸਦਾ ਰੁਤਬਾ ਪਤੀ ਵਾਲ਼ਾ ਹੁੰਦਾ ਹੈ ਨਾ ਕਿ ਭਰਾ ਅਤੇ ਪੁੱਤਰ ਵਾਲ਼ਾ। ਦੂਸਰੇ ਸ਼ਬਦਾਂ ਵਿੱਚ, ਸਮਾਜਿਕ ਸੰਰਚਨਾ ਦੀ ਕਾਰਜ ਕੁਸ਼ਲਤਾ ਭੂਮਿਕਾਵਾਂ ਅਤੇ ਰੁਤਬਿਆਂ ਦੀ ਸਹੀ ਵੰਡ ਉੱਤੇ ਨਿਰਭਰ ਕਰਦੀ ਹੈ।

3. **ਅਨੁਮਤੀ ਪ੍ਰਣਾਲੀ :** ਸਮਾਜ ਨੇ ਪਰਿਮਾਪਾਂ ਨੂੰ ਨਿਯਮਤ ਰੂਪ ਵਿਚ ਲਾਗੂ ਕਰਨ ਲਈ ਅਨੁਮਤੀ ਪ੍ਰਣਾਲੀ ਦਿੱਤੀ ਹੈ। ਅੰਤਰ-ਨਿਰਭਰਤਾ ਤੇ ਸਹਿਯੋਗ ਅਲੱਗ ਹਿੱਸੇ ਹਨ ਜੋ ਸਮੁਦਾਇ ਦੇ ਪਰਿਮਾਪਾਂ 'ਤੇ ਅਧਾਰਿਤ ਹੁੰਦੇ ਹਨ। ਅਨੁਮਤੀ ਸਕਾਰਤਾਮਕ ਤੇ ਨਾਕਾਰਾਤਮਕ ਦੋਵੇਂ ਹੀ ਹੋ ਸਕਦੀਆਂ ਹਨ। ਜੋ ਲੋਕ ਪਰਿਮਾਪਾਂ ਦੇ ਅਨੁਸਾਰ ਚੱਲਦੇ ਹਨ ਉਨ੍ਹਾਂ ਨੂੰ ਇਨਾਮ ਮਿਲ਼ਦਾ ਹੈ ਤੇ ਜੋ ਉਲਟ ਚਲ਼ਦੇ ਹਨ ਉਨ੍ਹਾਂ ਨੂੰ ਸਮਾਜ ਸਜ਼ਾ ਦਿੰਦਾ ਹੈ। ਸਮਾਜਿਕ ਸੰਰਚਨਾ ਦੀ ਸਥਿਰਤਾ ਅਨੁਮਤੀ ਪ੍ਰਣਾਲੀ ਦੇ ਪ੍ਰਭਾਵ ਤੇ ਨਿਰਭਰ ਕਰਦੀ ਹੈ।

4. **ਅਨੁਕ੍ਰਿਆ ਪ੍ਰਣਾਲੀ :** ਇਹ ਪ੍ਰਣਾਲੀ ਵਿਅਕਤੀਆਂ ਨੂੰ ਸਮਾਜਿਕ ਵਿਵਸਥਾ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੀ ਹੈ। ਵਿਅਕਤੀਆਂ ਦੀ ਭਾਗੇਦਰੀ ਸਮਾਜਿਕ ਸੰਰਚਨਾ ਦੀ ਗਤੀ ਨੂੰ ਕਾਇਮ ਰੱਖਦੀ ਹੈ। ਕਿਸੇ ਵੀ ਸੰਰਚਨਾ ਦੀ ਕਾਮਯਾਬੀ ਪਿੱਛੇ ਉਸ ਸਮਾਜ ਦੇ ਮੈਂਬਰਾਂ ਦੀ ਆਪਣੇ ਕਰਤਵਾਂ ਬਾਰੇ ਸਮਝ ਉੱਤੇ ਨਿਰਭਰ ਕਰਦੀ ਹੈ। ਸਮਾਜ ਦੇ ਮੈਂਬਰ ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਮਨੁੱਖੀ ਵਿਵਹਾਰ ਨੂੰ ਸਿੱਖਦੇ ਹਨ ਜੋ ਉਹਨਾਂ ਨੂੰ ਹੋਰ ਲੋਕਾਂ ਦੇ ਵਿਵਹਾਰ ਨੂੰ ਹਰ ਸਥਿਤੀ ਵਿੱਚ ਸਮਝਣ ਵਿੱਚ ਮਦਦ ਕਰਦਾ ਹੈ ਅਤੇ ਪ੍ਰਵਾਨਿਤ ਪ੍ਰਕਿਰਤੀ ਅਨੁਸਾਰ ਕੰਮ ਕਰਨ ਵਿੱਚ ਮਦਦ ਕਰਦਾ ਹੈ। ਇਹ ਸਮਾਜਿਕ ਸੰਰਚਨਾ ਦੀ ਸਥਿਰਤਾ ਉਪਰ ਨਿਰਭਰ ਕਰਦੀ ਹੈ।



Downloaded from https:// www.studiestoday.com

Downloaded from https:// www.studiestoday.com

5. **ਕਾਰਜ ਪ੍ਰਣਾਲੀ :** ਟੈਲਕਟ ਪਾਰਸਨਜ਼ ਨੇ ਸਮਾਜਿਕ ਕਿਰਿਆ ਦੇ ਸੰਕਲਪ 'ਤੇ ਜ਼ੋਰ ਦਿੱਤਾ ਹੈ। ਉਸ ਦੇ ਅਨੁਸਾਰ ਸਮਾਜ ਦੇ ਮੈਂਬਰਾਂ ਦੀ ਕਿਰਿਆ ਅਤੇ ਅੰਤਰ-ਕਿਰਿਆ ਸਮਾਜਿਕ ਸੰਬੰਧਾਂ ਦੇ ਜਾਲ ਨੂੰ ਜਨਮ ਦਿੰਦੇ ਹਨ। ਕਾਰਜ ਪ੍ਰਣਾਲੀ ਇੱਕ ਮੁੱਖ ਅੰਗ ਹੈ ਜੋ ਸਮਾਜਿਕ ਸੰਰਚਨਾ ਦੀ ਗਤੀ ਨੂੰ ਕਾਇਮ ਰੱਖਦੀ ਹੈ ਅਤੇ ਸਮਾਜਿਕ ਸੰਬੰਧਾਂ ਦੇ ਜਾਲ ਨੂੰ ਕਿਰਿਆਸ਼ੀਲ ਬਣਾਉਂਦੀ ਹੈ।

## ਸਮਾਜਿਕ ਸੰਰਚਨਾ ਦੇ ਤੱਤ

ਹੈਰੀ.ਐੱਮ. ਜਾਨਸੱਨ ਨੇ ਸਮਾਜਿਕ ਸੰਰਚਨਾ ਦੇ ਮੁੱਖ ਤੱਤ ਜਿਹੜੇ ਸਾਡੀ ਕਿਰਿਆ ਦੇ ਲਈ ਅਗਵਾਈ ਕਰਦੇ ਹਨ ਜਿਵੇਂ : ਰੁਤਬਾ, ਭੂਮਿਕਾ, ਪਰਿਮਾਪ, ਮੂਲ, ਸ਼ਕਤੀ ਅਤੇ ਇਜ਼ੱਤ। ਇਹਨਾਂ ਵਿਚੋਂ ਅਸੀਂ ਭੂਮਿਕਾ ਅਤੇ ਰੁਤਬੇ ਤੇ ਧਿਆਨ ਦਿਆਂਗੇ।

**ਰੁਤਬਾ ਅਤੇ ਭੂਮਿਕਾ** : ਰੁਤਬਾ ਅਤੇ ਭੂਮਿਕਾ ਦੋਵੇਂ ਜੁੜਵੇਂ ਸੰਕਲਪ ਹਨ ਜੋ ਨਾਲ਼-ਨਾਲ਼ ਚੱਲਦੇ ਹਨ। ਹਰ ਰੁਤਬੇ ਨਾਲ਼ ਸੰਬੰਧਤ ਭੂਮਿਕਾ ਹੁੰਦੀ ਹੈ। ਰੁਤਬਾ ਇਕ ਪੱਧਰ ਹੈ ਜੋ ਮਨੁੱਖ ਸਮਾਜ ਵਿਚ ਰੱਖਦਾ ਹੈ ਜਾਂ ਉਹਨਾਂ ਸਮੂਹਾਂ ਵਿਚ ਰੱਖਦਾ ਹੈ ਜਿਨ੍ਹਾ ਦਾ ਉਹ ਮੈਂਬਰ ਹੁੰਦਾ ਹੈ। ਕਿਸੇ ਇਕ ਸਮੇਂ, ਵਿਅਕਤੀ ਵਿਦਿਆਰਥੀ, ਦੌੜਾਕ, ਆਸ਼ਕ ਜਾਂ ਹੋਰ ਜਿਸ ਨਾਲ਼ ਉਸ ਦਾ ਸੰਬੰਧ ਸਥਾਪਿਤ ਹੁੰਦਾ ਹੈ ਦਾ ਰੁਤਬਾ ਰੱਖਦਾ ਹੈ। ਰੁਤਬੇ ਵਿਚ ਹਰ ਤਰ੍ਹਾਂ ਦੀ ਤਬਦੀਲੀ ਨਾਲ਼ ਵਿਅਕਤੀ ਅਲੱਗ ਭੂਮਿਕਾ ਜਾਂ ਭੂਮਿਕਾਵਾਂ ਨਿਭਾਉਂਦਾ ਹੈ। ਇਸ ਲਈ ਹਰ ਸਮਾਜ ਤੇ ਸਮੂਹ ਵਿਚ ਹਰ ਮੈਂਬਰ ਦਾ ਰੁਤਬਾ ਜਾਂ ਪੱਧਰ ਹੁੰਦਾ ਹੈ ਅਤੇ ਉਹ ਉਸੇ ਤਰ੍ਹਾਂ ਹੀ ਭੂਮਿਕਾ ਅਦਾ ਕਰਦਾ ਹੈ ਇਹ ਸਮਾਜ ਦੀ ਨਿਸ਼ਚਿਤ ਕਾਰਜਸ਼ੀਲਤਾ ਬਣਾਈ ਰੱਖਣ ਵਿਚ ਮਦਦਗਾਰ ਹੁੰਦੀ ਹੈ।

**ਰੁਤਬਾ :** ਰੁਤਬੇ ਨੂੰ ਸਧਾਰਨ ਤੌਰ 'ਤੇ, ਇਕ ਸਮੂਹ ਜਾਂ ਸਮਾਜਿਕ ਪ੍ਰਬੰਧ ਵਿਚ ਵਿਅਕਤੀ ਦੇ ਰੈਂਕ ਜਾਂ ਦਰਜੇ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਰੁਤਬਾ, ਸਮੂਹ ਵਿੱਚ ਵਿਅਕਤੀ ਦਾ ਦਰਜਾ ਹੈ ਜਿਵੇਂ ਵਿਅਕਤੀ ਦਾ ਪਰਿਵਾਰ, ਗੁਆਂਢ ਅਤੇ ਕਲੱਬ ਅਦਿ। ਹਰ ਰੁਤਬੇ ਦੇ ਕੁਝ ਅਧਿਕਾਰ ਤੇ ਕਰਤੱਵ ਹੁੰਦੇ ਹਨ। ਹਰੇਕ ਵਿਅਕਤੀ ਬਹੁਤ ਸਾਰੇ ਰੁਤਬੇ ਰੱਖਦਾ ਹੈ। ਪੁਰਾਣੇ ਰੁਤਬਿਆਂ ਦੀ ਸਮਾਪਤੀ ਨਾਲ਼ ਨਵੇਂ ਰੁਤਬੇ ਬਣਦੇ ਰਹਿੰਦੇ ਹਨ।

ਰੈਲਫ਼ ਲਿੰਟਨ ਅਨੁਸਾਰ, ਰੁਤਬਾ ਸਮਾਜਿਕ ਸੰਰਚਨਾ ਦਾ ਮੁੱਢਲਾ ਦਰਜਾ ਹੈ ਜਿਸ ਵਿਚ ਅਧਿਕਾਰ, ਕਰਤੱਵ ਅਤੇ ਪ੍ਰਮਾਣਿਤ ਵਿਵਹਾਰ ਸ਼ਾਮਿਲ ਹੁੰਦੇ ਹਨ, ਜੋ ਰੁਤਬਾ ਧਾਰਕ ਦੀਆਂ ਨਿੱਜੀ ਵਿਸ਼ੇਸ਼ਤਾਈਆਂ ਉੱਤੇ ਅਧਾਰਿਤ ਨਹੀਂ ਹੁੰਦੇ। ਉਸ ਦੇ ਅਨੁਸਾਰ ਇਕ ਵਿਅਕਤੀ ਇਕ ਸਮੇਂ ਵਿੱਚ ਸੈਂਕੜੇ ਰੁਤਬੇ ਰੱਖ ਸਕਦਾ ਹੈ ਉਦਾਹਰਨ ਲਈ ਮਨੁੱਖ ਪਤੀ, ਵਕੀਲ, ਧਰਮ ਅਤੇ ਜਾਤੀ ਦਾ ਮੈਂਬਰ ਹੋ ਸਕਦਾ ਹੈ। ਇਕ ਵਿਅਕਤੀ ਦੋ ਤਰੀਕਿਆਂ ਨਾਲ਼ ਸਮਾਜ ਵਿਚ ਰੁਤਬਾ ਪ੍ਰਾਪਤ ਕਰਦਾ ਹੈ- ਪ੍ਰਦੱਤ ਜਾਂ ਅਰਜਿਤ।



Downloaded from https:// www.studiestoday.com

Downloaded from https:// www.studiestoday.com

**ਪ੍ਰਦੱਤ ਰੁਤਬਾ :** ਪ੍ਰਦੱਤ ਰੁਤਬਾ ਸੌਂਪਿਆ ਗਿਆ ਰੁਤਬਾ ਹੁੰਦਾ ਹੈ। ਇਹ ਸਮਾਜ ਜਾਂ ਸਮਜਿਕ ਸਮੂਹ ਵੱਲੋਂ ਬਿਨਾ ਵਿਸ਼ੇਸ਼ ਗੁਣ, ਰਾਸ਼ਟਰੀਅਤਾ, ਪਿਤਾ ਪੁਰਖੀ ਆਦਿ ਹੁੰਦਾ ਹੈ ਅਤੇ ਇਹ ਅਣਇੱਛਤ ਜਨਮ ਸਮੇਂ ਨਿਰਧਾਰਤ ਹੁੰਦਾ ਹੈ। ਵਿਅਕਤੀ ਦਾ ਲਿੰਗ ਜਾਤ ਜਾਂ ਧਰਮ ਪ੍ਰਦੱਤ ਰੁਤਬੇ ਹਨ। ਜੈਵਿਕਤਾ ਅਧਾਰਿਤ ਪ੍ਰਦੱਤ ਰੁਤਬੇ ਜਿਵੇਂ ਉਮਰ, ਲਿੰਗ ਅਤੇ ਜਾਤ ਤਬਦੀਲ ਨਹੀਂ ਹੁੰਦੇ ਪਰ ਉਪਰੋਕਤ ਦਰਸਾਏ ਰੁਤਬਿਆਂ ਵਿਚ ਰਾਸ਼ਟਰੀਅਤਾ ਤੇ ਧਰਮ ਬਦਲੇ ਜਾ ਸਕਦੇ ਹਨ।

**ਅਰਜਿਤ ਰੁਤਬਾ :** ਅਰਜਿਤ ਰੁਤਬਾ ਵਿਅਕਤੀ ਦੁਆਰਾ ਪ੍ਰਾਪਤ ਕੀਤੀ ਗਈ ਸਮਾਜਿਕ ਸਥਿਤੀ ਹੁੰਦੀ ਹੈ, ਜਿਹੜੀ ਖੁੱਲ੍ਹੇ ਬਾਜ਼ਾਰ ਵਿਚ ਵਿਅਕਤੀ ਅਪਣੀ ਮਿਹਨਤ ਨਾਲ਼ ਪ੍ਰਾਪਤ ਕਰਦਾ ਹੈ। ਇਸ ਵਿੱਚ ਸਿੱਖਿਆ, ਕਿੱਤਾ, ਸ਼ਕਤੀ ਆਦਿ ਆਉਂਦੇ ਹਨ। ਦੂਸਰੇ ਸ਼ਬਦਾਂ ਵਿੱਚ ਇਹ ਜੱਦੀ ਨਹੀਂ ਹਨ। ਵਿਆਹ ਵਾਲ਼ਾ ਰੁਤਬਾ ਪ੍ਰਾਪਤ ਕੀਤਾ ਹੁੰਦਾ ਹੈ। ਇਸੇ ਤਰ੍ਹਾਂ ਸਿੱਖਿਅਕ ਯੋਗਤਾ ਅਤੇ ਪੇਸ਼ਵਾਰ ਯੋਗਤਾ ਹਾਸਿਲ ਕੀਤੀਆਂ ਜਾਂਦੀਆਂ ਹਨ।







## ਰੁਤਬੇ ਦੀਆਂ ਵਿਸ਼ੇਸ਼ਤਾਵਾਂ

1. **ਰੁਤਬੇ ਦੀ ਪਹਿਚਾਣ ਲਈ ਬਾਹਰਲੇ ਚਿੰਨ੍ਹ :** ਕਿੰਗਸਲੇ ਡੇਵਿਸ ਅਨੁਸਾਰ ਵਿਅਕਤੀ ਦੀ ਸਮਾਜਿਕ ਸਥਿਤੀ ਦੀ ਪਛਾਣ ਉਸਦੇ ਰੁਤਬੇ ਨੂੰ ਦਰਸਾਉਂਦੀ ਹੈ। ਹਮੇਸ਼ਾ ਬਾਹਰਲੇ ਚਿੰਨ੍ਹ ਸਮਾਜ ਵਿੱਚ ਵਿਅਕਤੀ ਦੇ ਰੁਤਬੇ ਦੀ ਪਛਾਣ ਲਈ ਸਹਾਈ ਨਹੀਂ ਹੁੰਦੇ। ਵਿਅਕਤੀ ਦਾ ਪਹਿਰਾਵਾ ਇੱਕ ਤਰ੍ਹਾਂ ਦਾ ਸੰਕੇਤ ਹੈ। ਜਿਵੇਂ ਫੌਜੀ ਅਤੇ ਫੌਜੀ ਅਫ਼ਸਰ, ਨਰਸਾਂ, ਡਾਕਟਰ, ਵਕੀਲ, ਪੁਲਿਸਵਾਲ਼ੇ, ਧਾਰਮਿਕ ਆਗੂ ਅਤੇ ਪਾਦਰੀ ਆਦਿ ਸਾਰਿਆਂ ਦਾ ਪਹਿਰਾਵਾ ਵੱਖਰਾ ਹੈ। ਇਨ੍ਹਾਂ ਦੇ ਪਹਿਰਾਵੇ ਤੋਂ ਇਨ੍ਹਾਂ ਦੇ ਰੁਤਬੇ ਦਾ ਪਤਾ ਚਲੱਦਾ ਹੈ।
2. **ਹਰ ਰੁਤਬੇ ਦੇ ਆਪਣੇ ਫਰਜ਼, ਕੰਮ ਅਤੇ ਹੱਕ ਹੁੰਦੇ ਹਨ :** ਅਧਿਕਾਰਾਂ ਅਤੇ ਕਰੱਤਵਾਂ ਦੀ ਪ੍ਰਕਿਰਤੀ ਸਮਾਜ ਦੇ ਪਰਿਮਾਪ ਪ੍ਰਬੰਧ ਰਾਹੀਂ ਨਿਰਧਾਰਿਤ ਹੁੰਦੀ ਹੈ। ਉਦਾਹਰਨ ਲਈ, ਇਹ



Downloaded from https:// www.studiestoday.com

Downloaded from https:// www.studiestoday.com

ਮਾਲਿਕ ਦਾ ਅਧਿਕਾਰ ਹੈ ਕਿ ਉਹ ਨੌਕਰ ਤੋਂ ਵਿਸ਼ੇਸ਼ ਕਿਸਮ ਦੇ ਵਿਵਹਾਰ ਦੀ ਆਸ ਰੱਖੇ ਅਤੇ ਇਹ ਨੌਕਰ ਦਾ ਫਰਜ਼ ਹੈ ਕਿ ਉਹ ਚੰਗੀ ਤਰ੍ਹਾਂ ਦਾ ਵਿਵਹਾਰ ਕਰੇ।

3. **ਪਰਿਮਾਪਾਂ ਨਾਲ਼ ਸੰਬੰਧਿਤ ਰੁਤਬੇ :** ਪਰਿਮਾਪਾਂ ਨਾਲ਼ ਸੰਬੰਧਿਤ ਰੁਤਬੇ ਵੱਖ-ਵੱਖ ਪੱਧਰਾਂ ਅਤੇ ਵੱਖ ਵੱਖ ਹਾਲਾਤਾਂ ਲਈ ਵਿਅਕਤੀ ਤੋਂ ਵਿਅਕਤੀ ਦਰਮਿਆਨ ਅਸਥਿਰ ਹੁੰਦੇ ਹਨ, ਭਾਵੇਂ ਇਹਨਾਂ ਨੂੰ ਸਾਰਿਆਂ ਲਈ ਇਕਸਾਰ ਮੰਨਿਆਂ ਜਾਂਦਾ ਹੈ। ਉਦਾਹਰਨ ਲਈ 'ਇਮਾਨਦਾਰ ਬਣੋ','ਸੱਚੇ ਬਣੋ' ਆਦਿ ਵਰਗੇ ਪਰਿਮਾਪ ਸਾਰਿਆਂ ਲਈ ਸਾਂਝੇ ਹਨ ਪਰ ਵਿਵਹਾਰ ਵਿਚ ਅਸੀਂ ਜਾਣਦੇ ਹਾਂ ਕਿ ਮਰੀਜ ਦੀ ਬਿਮਾਰੀ ਦੇ ਹਾਲਾਤ ਬਾਰੇ ਡਾਕਟਰ ਹਮੇਸ਼ਾਂ ਸੱਚ ਨਹੀਂ ਦੱਸਦਾ, ਇਸ ਲਈ ਪਰਿਮਾਪ ਹਾਲਾਤ ਦੇ ਅਨੁਸਾਰ ਹੁੰਦੇ ਹਨ।

4. **ਇੱਕ ਵਿਅਕਤੀ ਕੋਲ਼ ਕਈ ਰੁਤਬੇ ਹੁੰਦੇ ਹਨ :** ਸਮਾਜ ਵਿੱਚ ਕਈ ਤਰ੍ਹਾਂ ਦੇ ਸਮੂਹ ਹੁੰਦੇ ਹਨ, ਅਤੇ ਹਰ ਸਮੂਹ ਵਿੱਚ ਕਈ ਰੁਤਬੇ ਹੁੰਦੇ ਹਨ। ਹਰ ਵਿਅਕਤੀ ਕਈ ਸਮੂਹਾਂ ਦਾ ਮੈਂਬਰ ਹੁੰਦਾ ਹੈ ਜਿਸ ਕਰਕੇ ਉਸ ਕੋਲ ਕਈ ਰੁਤਬੇ ਹੁੰਦੇ ਹਨ, ਜੋ ਹਾਲਾਤ ਤੋਂ ਹਾਲਾਤਾਂ ਅਨੁਸਾਰ ਬਦਲਦੇ ਰਹਿੰਦੇ ਹਨ। ਵਿਅਕਤੀ ਦਾ ਰੁਤਬਾ ਸਮੂਹ ਦੀ ਕਿਸਮ ਅਨੁਸਾਰ ਬਦਲ ਸਕਦਾ ਹੈ। ਜਿਵੇਂ ਕਿ ਇੱਕ ਕਾਲਜ ਦਾ ਵਿਦਿਆਰਥੀ ਆਪਣੇ ਅਧਿਆਪਕ ਲਈ ਵਿਦਿਆਰਥੀ ਹੈ, ਦੁਕਾਨਦਾਰ ਲਈ ਗ੍ਰਾਹਕ ਹੈ, ਭੈਣ ਲਈ ਭਰਾ ਹੈ, ਪਿਤਾ ਲਈ ਪੁੱਤਰ ਆਦਿ।

5. **ਰੁਤਬਾ ਸਮਾਜਿਕ ਸਥਿਰਤਾ ਅਤੇ ਤਰਤੀਬ ਕਾਇਮ ਰੱਖਦੇ ਹਨ :** ਅਸੀਂ ਸਾਰੇ ਉਸੇ ਤਰ੍ਹਾਂ ਦੇ ਸਮਾਜ ਵਿੱਚ ਜਨਮ ਲੈਂਦੇ ਹਾਂ ਜਿਸ ਵਿੱਚ ਰੁਤਬੇ ਪਹਿਲਾਂ ਤੋਂ ਹੋਂਦਸ਼ੀਲ ਹੁੰਦੇ ਹਨ। ਇਹ ਸਮਾਜ ਦਾ ਅਟੁੱਟ ਅੰਗ ਹਨ। ਅਸੀਂ ਇਨ੍ਹਾਂ ਨੂੰ ਨਵੇਂ ਸਿਰੇ ਤੋਂ ਨਹੀਂ ਬਣਾ ਸਕਦੇ। ਜਿਵੇਂ ਕਿ ਅਧਿਆਪਕ, ਕਲਰਕ, ਡਾਕਟਰ, ਸਿਪਾਹੀ ਆਦਿ ਦਾ ਰੁਤਬਾ ਅਸੀਂ ਨਹੀਂ ਬਣਾ ਸਕਦੇ। ਇਸ ਲਈ ਇਹ ਰੁਤਬੇ ਸਮਾਜ ਵਿੱਚ ਤਰਤੀਬ ਅਤੇ ਸਥਿਰਤਾ ਕਾਇਮ ਰੱਖਦੇ ਹਨ।

## ਭੂਮਿਕਾ (ਰੋਲ)

ਰੁਤਬੇ ਜਿੱਥੇ ਸਮਾਜਿਕ ਸੰਰਚਨਾ ਦੀ ਇੱਕ ਸਥਿਤੀ ਹੈ ਉੱਥੇ ਹੀ ਭੂਮਿਕਾ ਉਸ ਰੁਤਬੇ ਨਾਲ਼ ਜੁੜੀਆਂ ਹੋਈਆਂ ਉਮੀਦਾਂ ਹਨ। ਇੱਕ ਭੂਮਿਕਾ ਹੀ ਇਹ ਨਿਸ਼ਚਿਤ ਕਰਦੀ ਹੈ ਕਿ ਅਸੀਂ ਸਮਾਜ ਵਿਚਲੀਆਂ ਹਾਲਤਾਂ ਅਨੁਸਾਰ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਹੈ ਅਤੇ ਕਿਸ ਤਰ੍ਹਾਂ ਨਾਲ਼ ਅੰਤਰ ਕਿਰਿਆ ਕਰਨੀ ਹੈ। ਇਸ ਲਈ ਅਸੀਂ ਰੁਤਬਾਧਾਰੀ ਹੁੰਦੇ ਹਾਂ ਪਰ ਨਾਲ਼ ਹੀ ਭੂਮਿਕਾਵਾਂ ਵੀ ਨਿਭਾਉਂਦੇ ਹਨ। ਵਿਲਫਰਿਡ ਪਾਰੇਤੋ ਨੇ 1916 ਵਿੱਚ ਭੂਮਿਕਾ ਦੇ ਵਿਸ਼ੇ ਨੂੰ ਸਾਹਮਣੇ ਲਿਆਂਦਾ ਅਤੇ ਸਮਾਜ ਸ਼ਾਸਤਰੀ ਚਿਨ੍ਹਾ ਦੇ ਲੇਬਲਾਂ ਨੂੰ ਪ੍ਰਵਾਨਿਤ ਕੀਤਾ ਜਿਵੇਂ ਵਕੀਲ, ਸਰਜਰੀਕਾਰ ਅਤੇ ਕਲਾਕਾਰ ਆਦਿ ਇਹ ਸਾਰੇ ਭੂਮਿਕਾ ਵੱਲ ਸੰਕੇਤ ਕਰਦੇ ਹਨ।

ਲਿੰਟਨ, ਭੂਮਿਕਾ ਦੀ ਪਰਿਭਾਸ਼ਾ ਦਿੰਦੇ ਹੋਏ ਦੱਸਦੇ ਹਨ ਕਿ, ਭੂਮਿਕਾ ਇੱਕ ਤਰ੍ਹਾਂ ਦਾ ਵਿਵਹਾਰ ਹੈ ਜੋ ਕਿ ਵਿਅਕਤੀ ਤੋਂ ਰੁਤਬੇ ਦੇ ਅਧਾਰ 'ਤੇ ਉਮੀਦ ਕੀਤੀ ਜਾਂਦੀ ਹੈ। ਭੂਮਿਕਾ ਰੁਤਬੇ ਦੀ



Downloaded from https:// www.studiestoday.com

Downloaded from https:// www.studiestoday.com

ਇੱਕ ਪਰਿਵਰਤਨਸ਼ੀਲ ਇਕਾਈ ਹੈ। ਹਰ ਵਿਅਕਤੀ ਕੋਲ਼ ਰੁਤਬਾ ਹੁੰਦਾ ਹੈ ਅਤੇ ਉਹ ਭੂਮਿਕਾ ਨਿਭਾਉਂਦਾ ਹੈ, ਉਦਾਹਰਨ ਲਈ ਵਿਅਕਤੀ ਜੋ ਵਿਦਿਆਰਥੀ ਦਾ ਰੁਤਬਾ ਰੱਖਦਾ ਹੈ, ਉਸ ਨੇ ਆਪਣੀ ਭੂਮਿਕਾ ਅਨੁਸਾਰ ਕਲਾਸਾਂ ਵੀ ਲਗਾਉਣੀਆਂ ਹੁੰਦੀਆਂ ਹਨ ਅਤੇ ਕੰਮ ਵੀ ਪੂਰਾ ਕਰਨਾ ਹੁੰਦਾ ਹੈ। ਇਸ ਦੇ ਨਾਲ਼ ਹੀ ਭੂਮਿਕਾ ਵਿਸ਼ੇਸ਼ ਸਮਾਜਿਕ ਰੁਬਤੇ ਅਨੁਸਾਰ ਅਨੁਮਾਨਿਤ ਵਿਵਹਾਰ ਹੈ। ਹਰ ਵਿਸ਼ੇਸ਼ ਰੁਤਬਾ ਕੁਝ ਉਮੀਦਾਂ ਨਾਲ਼ ਅਰਜਿਤ ਜਾਂ ਪ੍ਰਦੱਤ ਹੋ ਸਕਦਾ ਹੈ। ਜਦੋਂ ਕਿਸੇ ਦਾ ਰੁਤਬਾ ਇੱਕ ਪੁੱਤਰ ਜਾਂ ਧੀ ਵਾਲ਼ਾ ਹੁੰਦਾ ਹੈ ਤਾਂ ਉਹ ਆਪਣੇ ਮਾਤਾ-ਪਿਤਾ ਤੋਂ ਰੋਜ਼ਾਨਾ ਦੀਆਂ ਚੀਜ਼ਾਂ ਜਿਵੇਂ ਖਾਣਾ ਅਤੇ ਰਹਿਣ ਦੀ ਜਗ੍ਹਾ ਦੀ ਉਮੀਦ ਕਰਦਾ ਹੈ ਜਿਸਦੇ ਬਦਲੇ ਵਿੱਚ ਉਨ੍ਹਾਂ ਨੇ ਆਪਣੀ ਪੜ੍ਹਾਈ ਠੀਕ ਢੰਗ ਨਾਲ਼ ਕਰਨੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਇੱਜਤ ਮਾਣ ਬਖਸ਼ਣਾ ਹੁੰਦਾ ਹੈ। ਇਹ ਦੋਵੇਂ ਹੀ ਭੂਮਿਕਾ ਦੇ ਉਦਾਹਰਨ ਹਨ।

## ਭੂਮਿਕਾ ਦੀਆਂ ਪਰਿਭਾਸ਼ਾਵਾਂ

**ਡਬਲਯੂ, ਐੱਫ.ਆਗਬਰਨ ਅਤੇ ਐੱਮ. ਐੱਫ. ਨਿਮਕਾਫ਼ :** ਭੂਮਿਕਾ ਸਮਾਜਿਕ ਤੌਰ 'ਤੇ ਆਸ਼ਾ ਅਤੇ ਪ੍ਰਵਾਨ ਕੀਤੇ ਹੋਏ ਵਿਵਹਾਰ ਦੇ ਉਹ ਤਰੀਕੇ ਹਨ, ਜਿਨ੍ਹਾਂ ਨਾਲ਼ ਵਿਅਕਤੀ ਦੀਆਂ ਜ਼ੁੰਮੇਵਾਰੀਆਂ ਅਤੇ ਅਧਿਕਾਰ ਸਮੂਹ ਵਿੱਚ ਨਿਸ਼ਚਿਤ ਰੁਤਬੇ ਨਾਲ਼ ਜੁੜੇ ਹੁੰਦੇ ਹਨ।

**ਰੈਲਫ਼ ਲਿੰਟਲ :** ਭੂਮਿਕਾ ਤੋਂ ਭਾਵ ਸੱਭਿਆਚਾਰਕ ਪ੍ਰਤਿਮਾਨਾਂ ਦੇ ਉਸ ਯੋਗ ਤੋਂ ਹੈ ਜੋ ਕਿਸੇ ਵਿਸ਼ੇਸ਼ ਰੁਤਬੇ ਨਾਲ਼ ਸੰਬੰਧਿਤ ਹੁੰਦਾ ਹੈ। ਉਸ ਨਾਲ਼ ਰਵੱਈਏ ਕੀਮਤਾਂ ਅਤੇ ਵਿਵਹਾਰ ਵੀ ਸੰਬੰਧਿਤ ਹਨ ਜੋ ਉਹ ਰੁਤਬਾ ਧਾਰਕਾਂ ਨੂੰ ਪ੍ਰਦਾਨ ਕਰਦਾ ਹੈ।

ਭੂਮਿਕਾ ਸਮਾਜਿਕ ਸੰਰਚਨਾ ਦਾ ਅਹਿਮ ਅੰਗ ਹੈ। ਇਹ ਵਿਅਕਤੀਆਂ ਨੂੰ ਦੂਸਰਿਆਂ ਦੇ ਵਿਵਹਾਰ ਨੂੰ ਜਾਣਨ ਅਤੇ ਅਪਣੇ ਵਿਵਹਾਰ ਨੂੰ ਵੀ ਨਿਰਧਾਰਿਤ ਕਰਨ ਵਿੱਚ ਸਹਾਈ ਹੁੰਦੀਆਂ ਹਨ। ਰੁਤਬੇ ਅਤੇ ਭੂਮਿਕਾਵਾਂ ਹਰ ਸੱਭਿਆਚਾਰ ਵਿਚ ਵੱਖਰੀਆਂ ਹੁੰਦੀਆਂ ਹਨ, ਹਰ ਸਮਾਜਿਕ ਭੂਮਿਕਾਵਾਂ ਪਿੱਛੇ ਸੱਭਿਆਚਾਰ ਹੁੰਦਾ ਹੈ।

ਹਰ ਭੂਮਿਕਾ ਨਾਲ਼ ਕੁਝ ਹੱਕ, ਜ਼ੁੰਮੇਵਾਰੀਆਂ ਜੁੜੀਆਂ ਹੋਈਆਂ ਹੁੰਦੀਆਂ ਹਨ। ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਮੈਂਬਰ ਕੋਲ ਭਿੰਨ ਰੁਤਬੇ ਸਮੇਂ ਅਤੇ ਜਗ੍ਹਾਂ ਦੇ ਅਨੁਸਾਰ ਹੁੰਦੇ ਹਨ। ਸਮਾਜ ਵਿੱਚ ਰੁਤਬਿਆਂ ਦਾ ਜਾਲ ਹੈ ਜਿਸ ਨਾਲ ਕੁਝ ਉਮੀਦਾਂ ਜੁੜੀਆਂ ਹੁੰਦੀਆਂ ਹਨ। ਹਰ ਰੁਤਬੇ ਨਾਲ਼ ਇਕ ਤੋਂ ਜ਼ਿਆਦਾ ਭੂਮਿਕਾਵਾਂ ਜੁੜੀਆਂ ਹੁੰਦੀਆਂ ਹਨ ਜਿਸ ਨੂੰ ਭੂਮਿਕਾ ਸੈੱਟ ਵੀ ਕਿਹਾ ਜਾਂਦਾ ਹੈ।

**ਗਤੀਵਿਧੀ 9.2**

1 . ਭਾਰਤ ਅਤੇ ਅਮਰੀਕਾ ਦੇ ਅਧਿਆਪਕ ਦੇ ਫਰਜ਼ ਅਤੇ ਕਰੱਤਵਾਂ ਦੀ ਤੁਲਨਾ ਕਰੋ।
2 . ਭਾਰਤੀ ਅਤੇ ਅਮਰੀਕਨ ਸਮਾਜ ਦੇ ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਦੀ ਤੁਲਨਾ ਕਰੋ।
3 . ਆਪਣੇ ਮਾਤਾ -ਪਿਤਾ ਦੇ ਭਿੰਨ ਰੁਤਬਿਆਂ ਦੀ ਸੂਚੀ ਬਣਾਓ।



Downloaded from https:// www.studiestoday.com

Downloaded from https:// www.studiestoday.com

## ਭੂਮਿਕਾ ਦੀਆਂ ਵਿਸ਼ੇਸ਼ਤਾਵਾਂ

1. **ਭੂਮਿਕਾ ਰੁਤਬੇ ਦੀ ਕਾਰਜ ਪ੍ਰਣਾਲੀ ਹੈ :** ਇਸ ਵਿੱਚ ਭਿੰਨ ਪ੍ਰਕਾਰ ਦੇ ਕਾਰਜ ਹੁੰਦੇ ਹਨ ਜਿਹੜੇ ਕਿ ਹਰ ਵਿਅਕਤੀ ਨੂੰ ਸਮਾਜ ਦੀਆਂ ਉਮੀਦਾਂ ਅਨੁਸਾਰ ਨਿਭਾਉਂਣੇ ਪੈਂਦੇ ਹਨ। ਵਿਅਕਤੀ ਜਿੰਨੀਆਂ ਵੀ ਭੂਮਿਕਾਵਾਂ ਨਿਭਾਉਂਦੇ ਹਨ। ਉਹ ਸਾਡੇ ਰੁਤਬੇ ਦੀ ਮਾਨਤਾ ਅਨੁਸਾਰ ਹੁੰਦੀਆਂ ਹਨ।
2. **ਭੂਮਿਕਾ ਸਿੱਖੀ ਜਾਂਦੀ ਹੈ :** ਭੂਮਿਕਾਵਾਂ ਵਿਵਹਾਰ ਦਾ ਇੱਕ ਜੁੱਟ ਹਨ ਜੋ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਜਾਂ ਕਿਸੇ ਨੂੰ ਦੇਖ ਕੇ ਸਿੱਖੀਆਂ ਜਾਂਦੀਆਂ ਹਨ। ਹਰ ਵਿਅਕਤੀ ਸਮਾਜਿਕ ਭੂਮਿਕਾਵਾਂ ਨੂੰ ਸਿੱਖਦਾ ਹੈ ਅਤੇ ਇਹ ਹਰ ਚੀਜ਼ ਨੂੰ ਅਰਥ ਦਿੰਦੀਆਂ ਹਨ।
3. **ਭੂਮਿਕਾਵਾਂ ਦੇ ਮਨੋਵਿਗਿਆਨਕ ਪੱਖ ਹਨ :** ਭੂਮਿਕਾ ਦਾ ਮਨੋਵਿਗਿਆਨਕ ਪੱਖ ਹੁੰਦਾ ਹੈ। ਵਿਅਕਤੀ ਬਚਪਨ ਤੋਂ ਹੀ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਮਨੋਵਿਗਿਆਨਿਕ ਪੱਖ ਤੋਂ ਆਪਣੀ ਭੂਮਿਕਾ ਨੂੰ ਨਿਭਾਉਣਾ ਸਿੱਖਦਾ ਹੈ। ਭਾਵੇਂ ਉਹ ਭੂਮਿਕਾ ਪੁੱਤਰ ਦੀ ਹੋਵੇ ਜਾਂ ਧੀ ਦੀ, ਭੈਣ ਦੀ ਜਾਂ ਭਰਾ ਦੀ, ਮਾਤਾ-ਪਿਤਾ ਦੀ, ਅਧਿਆਪਕ ਦੀ ਜਾਂ ਕਲਰਕ ਦੀ ਆਦਿ ਦੀ ਹੋਵੇ।
4. **ਭੂਮਿਕਾ ਪਰਸਪਰ ਹੈ :** ਭੂਮਿਕਾ ਪਰਸਪਰ ਹੁੰਦੀ ਹੈ। ਇਹ ਸਿਰਫ ਹਲਾਤ ਵਿਚ ਵਿਅਕਤੀ ਦੇ ਵਿਵਹਾਰ ਨੂੰ ਹੀ ਨਹੀਂ ਅਪਣਾਉਂਦੀ ਪਰ, ਦੂਸਰਿਆਂ ਦੇ ਵਿਅਕਤੀ ਪ੍ਰਤੀ ਵਿਵਹਾਰ ਨੂੰ ਵੀ ਦਰਸਾਉਂਦੀ ਹੈ।
5. **ਮਹੱਤਤਾ ਅਨੁਸਾਰ ਮਾਨਤਾਵਾਂ ਅਲੱਗ ਹੁੰਦੀਆਂ ਹਨ :** ਸਾਰੀਆਂ ਭੂਮਿਕਾਵਾਂ ਦੀ ਇੱਕ ਸਾਰ ਮਹੱਤਤਾ ਨਹੀਂ ਹੁੰਦੀ। ਕੁਝ ਭੂਮਿਕਾਵਾਂ ਦਾ ਮਹੱਤਵ ਜ਼ਿਆਦਾ ਹੁੰਦਾ ਹੈ ਤੇ ਕੁਝ ਦਾ ਘੱਟ। ਜਿਹੜੀਆਂ ਭੂਮਿਕਾਵਾਂ ਮਹੱਤਵਪੂਰਨ ਹੁੰਦੀਆਂ ਹਨ ਉਹਨਾਂ ਨੂੰ 'ਕੁੰਜੀ ਭੂਮਿਕਾਵਾਂ' ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਦਾ ਮਹੱਤਵ ਘੱਟ ਹੈ ਉਹਨਾਂ ਨੂੰ 'ਆਮ ਭੂਮਿਕਾਵਾਂ' ਕਿਹਾ ਜਾਂਦਾ ਹੈ। ਮਹੱਤਵਪੂਰਨ ਭੂਮਿਕਾਵਾਂ ਸੰਸਥਾ ਲਈ ਜ਼ਰੂਰੀ ਹੁੰਦੀਆਂ ਹਨ ਜਦੋਂ ਕਿ ਆਮ ਭੂਮਿਕਾਵਾਂ ਰੋਜ਼ਮਰਾ ਦੀ ਜ਼ਿੰਦਗੀ ਲਈ ਮਹੱਤਵ ਰੱਖਦੀਆਂ ਹਨ।
6. **ਭੂਮਿਕਾ ਪਰਿਵਰਤਨਸ਼ੀਲ ਹੈ :** ਭੂਮਿਕਾ ਬਹੁਤ ਸਾਰੇ ਤਰੀਕਿਆਂ ਨਾਲ਼ ਪਰਿਵਰਤਨਸ਼ੀਲ ਹੈ। ਕਿਉਂਕਿ ਇਹ ਵਿਅਕਤੀ ਵਾਂਗ ਲਗਾਤਾਰ ਬਦਲਦੀ ਅਤੇ ਵੱਧਦੀ ਰਹਿੰਦੀ ਹੈ। ਇਸ ਦੇ ਨਾਲ਼ ਹੀ ਵਿਚਾਰਾਂ, ਕੀਮਤਾਂ ਅਤੇ ਚੀਜ਼ਾਂ ਜੋ ਭੂਮਿਕਾ 'ਤੇ ਅਧਾਰਿਤ ਹੁੰਦੀਆਂ ਹਨ, ਬਦਲਦੀਆਂ ਰਹਿੰਦੀਆਂ ਹਨ ਇਹ ਹੀ ਭੂਮਿਕਾ ਦਾ ਸੰਕਲਪ ਹੈ। ਇੱਕ ਭੂਮਿਕਾ ਇਕ ਸਮੇਂ ਨਾਲ਼ ਨਿਆਂ ਕਰਦੀ ਹੈ, ਤੇ ਦੂਸਰੇ ਹੀ ਸਮੇਂ ਹੀ ਉਹ ਅਨਿਆਂ ਕਰ ਸਕਦੀ ਹੈ।



Downloaded from https:// www.studiestoday.com

Downloaded from https:// www.studiestoday.com

7. **ਭੂਮਿਕਾ ਰੁਤਬੇ ਦਾ ਕਾਰਜ ਹੈ :** ਭੂਮਿਕਾ ਕਾਰਜ ਦਾ ਇਕ ਅੰਗ ਹੈ। ਇਸ ਵਿੱਚ ਕਈ ਪ੍ਰਕਾਰ ਦੀਆਂ ਕਿਰਿਆਵਾਂ ਹੁੰਦੀਆਂ ਹਨ ਜੋ ਹਰ ਵਿਅਕਤੀ ਨੂੰ ਸਮਾਜ ਦੀਆਂ ਉਮੀਦਾਂ ਅਨੁਸਾਰ ਨਿਭਾਉਣੀਆਂ ਪੈਂਦੀਆਂ ਹਨ।
8. **ਕਾਰਜਵਿਧੀ ਦਾ ਦਾਇਰਾ ਘੱਟ ਹੈ :** ਹਰ ਭੂਮਿਕਾ ਦਾ ਦਾਇਰਾ ਘੱਟ ਹੁੰਦਾ ਹੈ ਅਤੇ ਨਿਸ਼ਚਿਤ ਹੁੰਦਾ ਹੈ। ਜਿਵੇਂ ਇੱਕ ਪੁਲਿਸ ਅਫ਼ਸਰ ਦੀ ਭੂਮਿਕਾ ਪੁਲਿਸ ਥਾਣੇ ਤੱਕ ਹੀ ਸੀਮਿਤ ਰਹਿੰਦੀ ਹੈ ਪਰ ਜਦੋਂ ਉਹ ਪਰਿਵਾਰ ਵਿੱਚ ਆਉਂਦਾ ਹੈ ਤਾਂ ਉਸਦੀ ਭੂਮਿਕਾ ਬਦਲ ਜਾਂਦੀ ਹੈ।

**ਗਤੀਵਿਧੀ-9.3**

1. ਕੀ ਤੁਹਾਡੀ ਵਿਦਿਆਰਥੀ ਅਤੇ ਪੁੱਤਰ ਜਾਂ ਧੀ ਦੀ ਭੂਮਿਕਾ ਵਿਚਕਾਰ ਸੰਘਰਸ਼ ਹੈ ?
2. ਕੀ ਤੁਸੀਂ ਕਦੇ ਆਪਣੇ ਮਾਤਾ -ਪਿਤਾ ਦੀ ਭੂਮਿਕਾ ਅਤੇ ਉਨ੍ਹਾਂ ਦੀ ਕਿੱਤਾ ਮੁਖੀ ਭੂਮਿਕਾ ਵਿੱਚ ਸੰਘਰਸ਼ ਦੇਖਿਆ ਹੈ ?

## ਭੂਮਿਕਾ ਅਤੇ ਰੁਤਬੇ ਵਿੱਚ ਰਿਸ਼ਤਾ

- ਭੂਮਿਕਾ ਅਤੇ ਰੁਤਬਾ ਅੰਤਰ ਸੰਬੰਧਿਤ ਹਨ।
- ਰੁਤਬਾ ਸਮਾਜ ਜਾਂ ਸਮੂਹ ਦੀ ਸਥਿਤੀ ਹੈ, ਜਦੋਂ ਕਿ ਭੂਮਿਕਾ ਰੁਤਬੇ ਨਾਲ਼ ਜੁੜਿਆ ਵਿਵਹਾਰ ਹੈ।
- ਰੁਤਬਾ ਪਾਇਆ ਜਾਂਦਾ ਹੈ ਭੂਮਿਕਾ ਨਿਭਾਈ ਜਾਂਦੀ ਹੈ।
- ਦੋਵੇਂ ਰੁਤਬੇ ਅਤੇ ਭੂਮਿਕਾ ਲਗਾਤਾਰ ਬਦਲਦੇ ਰਹਿੰਦੇ ਹਨ। ਭੂਮਿਕਾ ਹਰ ਨਵੇਂ ਰੁਤਬੇ ਨਾਲ਼ ਬਦਲ ਜਾਂਦੀ ਹੈ।
- ਹਰ ਇੱਕ ਕੋਲ਼ ਕਈ ਤਰ੍ਹਾਂ ਦੇ ਰੁਤਬੇ ਹੁੰਦੇ ਹਨ। ਇਸ ਵਿੱਚ ਲਿੰਗ, ਕਿੱਤਾ, ਸਮੂਹ, ਇੱਛੁਕ ਸਭਾਵਾਂ ਅਤੇ ਸਾਡੇ ਸ਼ੌਂਕ ਸ਼ਾਮਿਲ ਹਨ। ਇਸ ਲਈ ਇੱਕ ਵਿਅਕਤੀ ਕੋਲ਼ ਰੁਤਬਿਆਂ ਦਾ ਸਮੂਹ ਹੋ ਸਕਦਾ ਹੈ। ਪੰਜਾਬੀ ਸੱਭਿਆਚਾਰ ਵਿੱਚ ਇੱਕ ਇਸਤਰੀ, ਇੱਕ ਵਿਕਰੇਤਾ ਕੋਲ਼, ਇੱਕ ਮਾਂ, ਇੱਕ ਧੀ, ਇੱਕ ਭੈਣ ਜਾਂ ਸਮਾਜ ਸੇਵਕ ਆਦਿ ਦੇ ਰੁਤਬੇ ਹੁੰਦੇ ਹਨ।
- ਸਮਾਨ ਰੂਪ ਵਿੱਚ ਭੂਮਿਕਾ ਸਮੂਹ ਸ਼ਬਦ ਦੀਆਂ ਭੂਮਿਕਾਵਾਂ ਦੀ ਵੰਨ-ਸੁਵੰਨਤਾ ਨਾਲ਼ ਸੰਬੰਧਿਤ ਹੈ ਜਿਹੜਾ ਕਿ ਸਮਾਜਿਕ ਰੁਤਬੇ ਦਾ ਸਿੱਟਾ ਹੁੰਦੀਆਂ ਹਨ। ਜਿਵੇਂ ਇੱਕ ਹਾਈ ਸਕੂਲ ਦਾ ਵਿਦਿਆਰਥੀ ਕਈ ਲੋਕਾਂ ਨਾਲ਼ ਅੰਤਰ-ਕਿਰਿਆ ਕਰਦਾ ਹੈ ਜਿਨ੍ਹਾ ਵਿੱਚ ਵਿਦਿਆਰਥੀ, ਅਧਿਆਪਕ, ਪ੍ਰਿੰਸੀਪਲ, ਮਾਰਗ ਦਰਸ਼ਕ, ਪ੍ਰਬੰਧਕੀ ਲੋਕ ਆਦਿ ਹੁੰਦੇ ਹਨ। ਭੂਮਿਕਾ



Downloaded from https:// www.studiestoday.com

Downloaded from https:// www.studiestoday.com

ਪਰਿਮਾਪ ਵਿੱਚ ਵਿਭਿੰਨ-ਵਿਭਿੰਨ ਵਿਵਹਾਰਾਂ ਜਾਂ ਭੂਮਿਕਾਵਾਂ ਨੂੰ ਸ਼ਾਮਿਲ ਕਰਦੀ ਹੈ ਪਰ ਉਸ ਨੂੰ ਸਹਿਪਾਠੀਆਂ ਦੀ ਸਮਾਜਿਕ ਪ੍ਰਸਥਿਤੀ ਦੀ ਮੰਗ ਅਨੁਸਾਰ ਵਿਵਹਾਰ ਕਰਨਾ ਪੈਂਦਾ ਹੈ।

**ਸਾਰ**

ਸਮਾਜਿਕ ਸੰਰਚਨਾ ਇੱਕ ਸਮਾਜਿਕ ਸੰਸਥਾ ਦੀ ਇਕਾਈ ਹੈ ਜਿਹੜੀ ਕਿ ਪਰਿਮਾਪਾਂ ਅਤੇ ਕਦਰਾਂ-ਕੀਮਤਾਂ ਉੱਪਰ ਅਧਾਰਿਤ ਹੈ। ਇਸ ਵਿੱਚ ਸਮਾਜਿਕ ਰੁਤਬੇ ਸ਼ਾਮਿਲ ਹਨ ਜਿਹੜੇ ਕਿ ਅਰਜਿਤ ਜਾਂ ਪ੍ਰਦੱਤ ਦੋਵੇਂ ਹੋ ਸਕਦੇ ਹਨ। ਸਮਾਜਿਕ ਸਰੰਚਨਾ ਵਿੱਚ ਭੂਮਿਕਾਵਾਂ ਦਾ ਅਨੁਮਾਨਿਤ ਵਿਵਹਾਰ ਸ਼ਾਮਿਲ ਹੈ।

## ਸ਼ਬਦਾਵਲੀ

**ਅਰਜਿਤ ਰੁਤਬਾ** ਇਹ ਵਿਅਕਤੀ ਦੁਆਰਾ ਆਪਣੀ ਮਿਹਨਤ ਅਤੇ ਕੁਸ਼ਲਤਾ ਦੇ ਆਧਾਰ ’ਤੇ ਹਾਸਿਲ ਕੀਤਾ ਜਾਂਦਾ ਹੈ।

**ਪ੍ਰਦੱਤ ਰੁਤਬਾ** ਇਹ ਜਨਮ ਤੇ ਅਧਾਰਿਤ ਹੁੰਦਾ ਹੈ।

**ਵਿਭਿੰਨ ਭੂਮਿਕਾਵਾਂ** ਇਸ ਵਿੱਚ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਜੁੜੀਆਂ ਹੁੰਦੀਆਂ ਹਨ ਜਿਵੇਂ ਇੱਕ ਪ੍ਰੋਫੈਸਰ ਪਿਤਾ ਵੀ ਹੈ, ਪੁੱਤਰ, ਪਤੀ, ਭਰਾ, ਦੋਸਤ ਆਦਿ ਵੀ ਹੈ।

**ਭੂਮਿਕਾ** ਭੂਮਿਕਾ ਇੱਕ ਰੁਤਬੇ ਨਾਲ਼ ਜੁੜਿਆ ਹੋਇਆ ਵਿਸ਼ੇਸ਼ ਵਿਵਹਾਰ ਹੈ।

**ਭੂਮਿਕਾ ਸੰਘਰਸ** ਜਦੋਂ ਇੱਕ ਵਿਅਕਤੀ ਕੋਲ਼ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਹੁੰਦੀਆਂ ਹਨ ਤਾਂ ਭੂਮਿਕਾ ਸੰਘਰਸ਼ ਪੈਦਾ ਹੁੰਦਾ ਹੈ। ਜਿਵੇਂ ਹੀ ਇੱਕ ਅਧਿਆਪਕ ਆਪਣੇ ਪੁੱਤਰ ਦੇ ਦੋਸਤ ਨੂੰ ਨਕਲ ਮਾਰਦਾ ਫੜ ਲੈਂਦਾ ਹੈ ਤਾਂ ਉਹ ਸੋਚ ਵਿੱਚ ਪੈ ਜਾਂਦਾ ਹੈ ਕਿ ਉਹ ਉਸ ਵਿਦਿਆਰਥੀ ਦੀ ਸੂਚਨਾ ਕਿਸੇ ਹੋਰ ਨੂੰ ਦੇਣੀ ਚਾਹੀਦੀ ਹੈ ਜਾਂ ਨਹੀਂ ਦੇਣੀ ਚਾਹੀਦੀ।

**ਭੂਮਿਕਾ ਜੁੱਟ** ਰਾਬਰਟ ਮਰਟਨ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਸੀ। ਜਦੋਂ ਇੱਕ ਰੁਤਬੇ ਨਾਲ਼ ਕਈ ਭੂਮਿਕਾਵਾਂ ਜੁੜੀਆਂ ਹੋਣ ਉਦੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਇੱਕ ਵਿਦਿਆਰਥੀ, ਦੋਸਤ ਵੀ ਹੈ, ਲਾਇਬਰੇਰੀ ਦੀ ਵਰਤੋਂ ਕਰਨ ਵਾਲ਼ਾ ਵੀ ਤੇ ਸਕੂਲ ਦੀ ਟੀਮ ਦਾ ਮੈਂਬਰ ਵੀ ਹੋ ਸਕਦਾ ਹੈ।

**ਰੁਤਬਾ** ਰੁਤਬਾ ਇੱਕ ਸਮਾਜਿਕ ਸਥਿਤੀ ਹੈ।

**ਰੁਤਬਾ ਜੁੱਟ** ਇਸ ਸ਼ਬਦ ਦਾ ਉਪਯੋਗ ਵੀ ਪਹਿਲੀ ਵਾਰ ਰਾਬਰਟ ਮਰਟਨ ਦੁਆਰਾ ਕੀਤਾ ਗਿਆ ਹੈ। ਹਰ ਰੁਤਬੇ ਨਾਲ਼ ਇੱਕ ਦੂਸਰਾ ਰੁਤਬਾ ਜੁੜਿਆ ਹੁੰਦਾ ਹੈ ਜਿਵੇਂ, ਪਤੀ-ਪਤਨੀ, ਮਾਪੇ-ਬੱਚੇ, ਵਿਦਿਆਰਥੀ -ਅਧਿਆਪਕ, ਡਾਕਟਰ - ਮਰੀਜ਼ ਆਦਿ।

**ਸੰਰਚਨਾ** ਸੰਰਚਨਾ ਬਹੁਤ ਸਾਰੇ ਇੱਕਤਰਿਤ ਅੰਗਾਂ ਦੀ ਤਰਤੀਬ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

### ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿਚ ਦਿਓ।

1. ਸਮਾਜਿਕ ਸੰਰਚਨਾ ਦਾ ਅਰਥ ਦੱਸੋ।
2. ਸਟਰਕਚਰ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ।
3. ਸਮਾਜਿਕ ਸੰਰਚਨਾ ਸ਼ਬਦ ਵਰਤਣ ਵਾਲ਼ਾ ਪਹਿਲਾ ਸਮਾਜ ਸ਼ਾਸ਼ਤਰੀ ਕੌਣ ਸੀ।
4. ਸਮਾਜਿਕ ਸੰਰਚਨਾ ਦੇ ਤੱਤ ਦੱਸੋ।
5. 'ਪ੍ਰਿੰਸੀਪਲ ਆਫ ਸ਼ੋਸ਼ੋਲੋਜੀ' ਕਿਤਾਬ ਕਿਸ ਨੇ ਲਿਖੀ ਹੈ।
6. ਰੁਤਬਾ ਕੀ ਹੈ ?
7. ਦੋ ਤਰ੍ਹਾਂ ਦੇ ਰੁਤਬੇ ਦੱਸੋ।
8. ਅਰਜਿਤ ਰੁਤਬੇ ਤੇ ਪ੍ਰਦੱਤ ਰੁਤਬੇ ਦਾ ਸੰਕਲਪ ਕਿਸ ਨੇ ਦਿੱਤਾ ਹੈ।
9. ਅਰਜਿਤ ਰੁਤਬੇ ਦੀਆਂ ਦੋ ਉਦਾਹਰਨਾਂ ਦਿਓ।
10. ਪ੍ਰਦੱਤ ਰੁਤਬੇ ਦੀਆਂ ਦੋ ਉਦਾਹਰਨਾਂ ਦਿਓ।
11. ਭੂਮਿਕਾ ਨੂੰ ਪਰਿਭਾਸ਼ਿਤ ਕਰੋ।
12. ਭੂਮਿਕਾ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ।

### ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿਚ ਦਿਓ।

1. ਸਮਾਜਿਕ ਸੰਰਚਨਾ ਨੂੰ ਪਰਿਭਾਸ਼ਿਤ ਕਰੋ।
2. ਰੁਤਬੇ ਅਤੇ ਭੂਮਿਕਾ ਵਿੱਚ ਦੋ ਸਮਾਨਤਾਵਾਂ ਦੱਸੋ।
3. ਪਰਿਵਾਰ ਦੀ ਸੰਰਚਨਾ ਦੀ ਤਸਵੀਰ ਬਣਾ ਕੇ ਵਰਣਨ ਕਰੋ।
4. ਅਰਜਿਤ ਅਤੇ ਪ੍ਰਦੱਤ ਰੁਤਬੇ ਵਿੱਚ ਫ਼ਰਕ ਦੱਸੋ।
5. ਭੂਮਿਕਾ ਇੱਕ ਸਿੱਖਿਅਤ ਵਿਵਹਾਰ ਹੈ। ਕਿਵੇਂ ?
6. ਭੂਮਿਕਾ ਅਤੇ ਰੁਤਬੇ 'ਤੇ ਨੋਟ ਲਿਖੋ।
7. ਰੁਤਬਾ ਕੀ ਹੈ ?
8. ਭੂਮਿਕਾ ਸੰਘਰਸ਼ ਕੀ ਹੈ ? ਉਦਾਹਰਨ ਦਿਓ।



Downloaded from https:// www.studiestoday.com

Downloaded from https:// www.studiestoday.com

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿਚ ਦਿਓ।

1. ਸਮਾਜਿਕ ਸੰਰਚਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ।
2. ਪ੍ਰਦੱਤ ਰੁਤਬਾ ਕੀ ਹੈ ? ਉਦਾਹਰਨ ਦਿਓ।
3. ਸੰਖੇਪ ਵਿੱਚ ਭੂਮਿਕਾ ਤੇ ਸਮਾਜਿਕ ਸੰਰਚਨਾ ਦੇ ਤੱਤ ਉਪਰ ਨੋਟ ਲਿਖੋ।
4. ਰੁਤਬੇ 'ਤੇ ਸਮਾਜਿਕ ਸੰਰਚਨਾ ਦੇ ਤੱਤ ਵਜੋਂ ਨੋਟ ਲਿਖੋ।
5. ਰੁਤਬੇ ਅਤੇ ਭੂਮਿਕਾਵਾਂ ਕਿਵੇਂ ਅੰਤਰ ਸੰਬੰਧਿਤ ਹਨ। ਚਰਚਾ ਕਰੋ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿਚ ਦਿਓ।

1. ਸਮਾਜਿਕ ਸੰਰਚਨਾ ਨੂੰ ਪਰਿਭਾਸ਼ਿਤ ਕਰੋ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਦੱਸੋ।
2. ਸਮਾਜਿਕ ਸੰਰਚਨਾ ਨੂੰ ਕਾਇਮ ਰੱਖਣ ਲਈ ਕਿਹੜੀ ਪ੍ਰਣਾਲੀ ਹੈ।
3. ਸਮਾਜਿਕ ਸੰਰਚਨਾ ਕੀ ਹੈ ? ਇਸਦੇ ਤੱਤ ਕਿਹੜੇ ਹਨ।
4. ਰੁਤਬਾ ਕੀ ਹੈ ? ਇਸਦੀਆਂ ਵਿਸ਼ੇਸ਼ਤਾਵਾਂ 'ਤੇ ਵਿਸਤਰਿਤ ਨੋਟ ਲਿਖੋ।
5. ਭੂਮਿਕਾ ਕੀ ਹੈ ? ਇਸਦੀਆਂ ਵਿਸ਼ੇਸ਼ਤਾਵਾਂ ਦੱਸੋ।



Downloaded from https:// www.studiestoday.com

Downloaded from https:// www.studiestoday.com

ਅਧਿਆਏ 10

# ਸਮਾਜਿਕ ਸਤਰੀਕਰਨ

**ਮੁੱਖ ਅੰਸ਼ :**

10.1 ਸਿਧਾਂਤ

10.2 ਕਿਸਮਾਂ

10.2.1 ਜਾਤ

10.2.2 ਵਰਗ

## ਭੂਮਿਕਾ

ਸਮਾਜਿਕ ਅਸਾਮਨਤਾ, ਜ਼ਿੰਦਗੀ ਦਾ ਤੱਥ ਹੈ ਅਤੇ ਇਹ ਹਰ ਸਮਾਜ ਵਿੱਚ ਪਾਇਆ ਜਾਂਦਾ ਹੈ। ਕੁਝ ਛੋਟੇ ਬੱਚੇ ਜਾਂ ਕਿਸ਼ੋਰ ਸਕੂਲ ਜਾਂਦੇ ਹਨ ਜਦੋਂ ਕਿ ਕੁਝ ਬੱਚੇ ਅਖ਼ਬਾਰ ਵੰਡਦੇ ਹਨ ਜਾਂ ਟ੍ਰੈਫ਼ਿਕ ਬੱਤੀਆਂ 'ਤੇ ਉਤਪਾਦ ਵੇਚਦੇ ਹਨ। ਇਸੇ ਤਰ੍ਹਾਂ ਹੀ ਕੁਝ ਛੋਟੇ ਬੱਚੇ ਘਰ ਰਹਿੰਦੇ ਹਨ ਤੇ ਉਹਨਾਂ ਦਾ ਪਰਿਵਾਰ ਉਹਨਾਂ ਦੀ ਦੇਖਭਾਲ ਕਰਦਾ ਹੈ ਉੱਥੇ ਹੀ ਕੁਝ ਬੱਚੇ ਕੁਝ ਪੈਸੇ ਮਿਲ਼ਣ ਦੀ ਆਸ ਵਿੱਚ ਸੜਕਾਂ ਤੇ ਕਰਤੱਬ ਦਿਖਾਉਂਦੇ ਹਨ ਤਾਂ ਜੋ ਉਹ ਖਾਣ ਲਈ ਭੋਜਨ ਖਰੀਦ ਸਕਣ। ਇਹ ਸਾਰੀਆਂ ਸਮਾਜਿਕ ਅਸਮਾਨਤਾਵਾਂ ਦੀਆਂ ਉਦਾਹਰਨਾਂ ਹਨ ਜੋ ਹਰ ਸਮਾਜ ਦਾ ਹਿੱਸਾ ਹਨ ਅਤੇ ਸ਼੍ਰੇਣੀ, ਜਮਾਤ, ਲਿੰਗ ਅਤੇ ਸ਼ਕਤੀ ਨਾਲ ਸੰਬੰਧਾਂ ਰਾਹੀਂ ਨਜ਼ਰ ਆਉਂਦੀਆਂ ਹਨ।







Downloaded from https:// www.studiestoday.com

Downloaded from https:// www.studiestoday.com

ਅਸਮਾਨਤਾ ਦੇ ਵਿਭਿੰਨ ਪੱਧਰ ਹਨ ਜੋ ਸਮਾਜ ਵਿੱਚ ਜਾਇਦਾਦ, ਪ੍ਰਤਿਸ਼ਠਾ ਅਤੇ ਤਾਕਤ ਨਾਲ਼ ਜੁੜੇ ਹੋਏ ਹਨ। ਤੱਥ ਵਜੋਂ, ਅਜਿਹੀਆਂ ਅਸਮਾਨਤਾਵਾਂ ਸਾਰੇ ਸਮਾਜਾਂ ਦੀਆਂ ਆਚਰਨਕ ਵਿਸ਼ੇਸ਼ਤਾਵਾਂ ਹਨ। ਬਹੁਤ ਸਾਰੀਆਂ ਅਸਮਾਨਤਾਵਾਂ ਸਮਾਜਿਕ ਆਦਰਸ਼ ਹਨ ਜੋ ਸਮਾਜਿਕ ਨਿਯਮਾਂ ਤੇ ਕਾਨੂੰਨ ਰਾਹੀਂ ਲਾਗੂ ਹੁੰਦੇ ਹਨ। ਅਸਮਾਨਤਾਵਾਂ ਦੀ ਤਦਾਦ ਅਤੇ ਕਿਸਮਾਂ ਸਮਾਜ ’ਤੇ ਆਧਾਰਿਤ ਹੁੰਦੀਆਂ ਹਨ, ਨਾਲ਼ ਦੀ ਨਾਲ਼ ਹੀ ਉਸ ਸਮਾਜ ਦੇ ਵਿਅਕਤੀਗਤ ਮੈਂਬਰਾਂ ’ਤੇ ਲੋਕ ਜਿਨ੍ਹਾਂ ਕੋਲ਼ ਤਾਕਤ, ਪ੍ਰਤਿਸ਼ਠਾ ਅਤੇ ਜਾਇਦਾਦ ਦੀ ਸਮਾਨਤਾ ਨਹੀਂ ਹੁੰਦੀ ਉਹ ਜ਼ਿੰਦਗੀ ਵਿੱਚ ਵਿਕਾਸ ਦੇ ਮੌਕਿਆਂ, ਵਿਹਾਰ ਦੇ ਸੰਸਥਾਗਤ ਨਮੂਨਿਆਂ, ਉਹਨਾਂ ਦੀ ਜੀਵਨ ਸ਼ੈਲੀ, ਸੱਭਿਆਚਾਰਕ ਨਮੂਨਿਆਂ ਅਤੇ ਉਹਨਾਂ ਦੇ ਦ੍ਰਿਸ਼ਟੀਕੋਣ, ਵਿਚਾਰ ਧਾਰਾਵਾਂ ਅਤੇ ਵਿਸ਼ਵਾਸ਼ਾਂ ਕਾਰਨ ਅਲੱਗ ਹੁੰਦੇ ਹਨ।

ਵਸਤੂਆਂ, ਜਾਇਦਾਦ ਅਤੇ ਸੇਵਾਵਾਂ ਉੱਤੇ ਅਧਿਕਾਰ, ਤਾਕਤ ਜਾਂ ਵਿਰੋਧੀਆਂ ਤੋਂ ਆਪਣੇ ਆਪ ਨੂੰ ਬਚਾਉਣ ਦੀ ਸਮਰੱਥਾ, ਪ੍ਰਤਿਸ਼ਠਾ ਜਾਂ ਸਮਾਜਿਕ ਸਨਮਾਨ ਤਿੰਨੋ ਦੁਰਲਭ ਹਨ, ਹਰ ਸਮਾਜ ਵਿੱਚ ਲੋਕ, ਇਕੋ ਸਮੇਂ ਇਹਨਾਂ ਨੂੰ ਪਾਉਣ ਦੀ ਇੱਛਾ ਰੱਖਦੇ ਹਨ। ਇਹ ਤਿੰਨੇ ਚੀਜ਼ਾ ਲੋਕਾਂ ਕੋਲ਼ ਅੱਲਗ – ਅੱਲਗ ਤਦਾਦ ਵਿੱਚ ਹੁੰਦੀਆਂ ਹਨ। ਜਿਸ ਦੇ ਸਿੱਟੇ ਵਜੋਂ ਹਰ ਸਮਾਜ ਵਿੱਚ ਰੁਤਬਾ ਜਾਂ ਰੁਤਬੇ ਦੇ ਸਮੂਹ ਪੈਦਾ ਹੁੰਦੇ ਹਨ ਜਿਨ੍ਹਾਂ ਨੂੰ ‘ਸਤਰ’ ਕਿਹਾ ਜਾਂਦਾ ਹੈ। ਹਰ ਸਤਰ ਦੂਜੇ ਸਤਰ ਨਾਲ਼ੋਂ ਜਾਇਦਾਦ, ਤਾਕਤ ਅਤੇ ਪ੍ਰਤਿਸ਼ਠਾ ਦੀ ਤਦਾਦ ਕਾਰਨ ਵੱਖਰਾ ਹੁੰਦਾ ਹੈ ਇਸ ਵੱਖਰਤਾ ਨੂੰ ‘ਸਤਰੀਕਰਨ’ ਆਖਦੇ ਹਨ। ਇਸ ਲਈ ‘ਸਤਰੀਕਰਨ’ ਉਹ ਸਮਾਜਿਕ ਪ੍ਰਕਿਰਿਆ ਹੈ ਜਿਸ ਵਿੱਚ ਲੋਕਾਂ ਦੀ ਭੂਮਿਕਾ ਤੇ ਪੱਧਰ ਅਨੁਸਾਰ ਸਮਾਜ ਸਮੂਹਾਂ ਵਿੱਚ ਵੰਡਿਆ ਹੁੰਦਾ ਹੈ। ਇਕ ਸਮੂਹ ਜਾਂ ਸਤਰ ਦੇ ਲੋਕਾਂ ਦੀ ਰੁਚੀ ਸਮਾਨ ਪਹਿਚਾਣ ਅਤੇ ਜੀਵਨ ਸ਼ੈਲੀ ਦੀ ਸਾਂਝ ਹੁੰਦੀ ਹੈ ਜੋ ਉਹਨਾਂ ਨੂੰ ਹੋਰ ਸਮਾਜਿਕ ਸਤਰਾਂ ਤੋਂ ਵੱਖਰਿਆਉਂਦੀ ਹੈ ਇਸ ਲਈ ਸਮਾਜਿਕ ਅਸਮਾਨਤਾ ਹਰ ਸਮਾਜ ਵਿੱਚ ਆਮ ਹੈ ਪਰ ਜਦੋਂ ਇਹ ਵੱਖ-ਵੱਖ ਸਤਰ/ਸਮੂਹ ਬਣਾਉਂਦੀ ਹੈ ਤਾਂ ਇਸ ਦੀ ਪਹੁੰਚ ਸਮਾਜਿਕ ਸਤਰੀਕਰਨ ਵੱਲ ਹੁੰਦੀ ਹੈ।

ਸਮਾਜ ਵਿਗਿਆਨੀ ਇਸ ਸ਼ਬਦ ਦੀ ਵਰਤੋਂ ਲੋਕਾਂ ਦੇ ਵੱਖ-ਵੱਖ ਸਮੂਹਾਂ ਲਈ ਕਰਦੇ ਹਨ ਜਿਹੜੇ ਕੇ ਵੰਡੇ ਹੋਏ ਹਨ। ਇਹ ਕ੍ਰਮਬੱਧਤਾ ਹੀ ਮਨੁੱਖਾਂ ਦੀ ਹੋਂਦ ਅਤੇ ਰਿਸ਼ਤਿਆਂ ਤੇ ਅਸਰ ਪਾਉਂਦੀ ਹੈ ਨਾਲ਼ ਹੀ ਇਹ ਸੋਮਿਆਂ ਅਤੇ ਮੌਕਿਆਂ ’ਤੇ ਕਰਦੀ ਹੈ।



Downloaded from https:// www.studiestoday.com

Downloaded from https:// www.studiestoday.com

**ਬਾਕਸ-1**

**ਪਰਿਭਾਸ਼ਾਵਾਂ**

**ਆਗਬਰਨ ਅਤੇ ਨਿਮਕਾਫ** : 'ਸਤਰੀਕਰਨ ਉਹ ਪ੍ਰਕਿਰਿਆ ਹੈ ਜਿਸ ਵਿੱਚ ਵਿਅਕਤੀਆਂ ਅਤੇ ਸਮੂਹਾਂ ਨੂੰ ਉੱਚਤਾ ਅਤੇ ਨੀਚਤਾ ਦੇ ਰੁਤਬੇ ਵਿੱਚ ਵੰਡਿਆ ਜਾਂਦਾ ਹੈ।'

**ਲੁੰਡਬਰਗ ਅਨੁਸਾਰ** : 'ਸਤਰੀਕ੍ਰਿਤ ਸਮਾਜ ਵਿੱਚ ਲੋਕਾਂ ਵਿੱਚ ਵਿਭੇਦੀਕਰਨ ਅਤੇ ਅਸਮਾਨਤਾ ਪਾਈ ਜਾਂਦੀ ਹੈ ਜਿਸਦੇ ਅਨੁਸਾਰ ਕੁਝ ਨੂੰ ਉੱਚੀ ਅਤੇ ਕੁਝ ਨੂੰ ਨੀਵੀਂ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ'।

**ਪਾਸਕੌਲ ਗਿਜ਼ਬਰਟ ਦੇ ਅਨੁਸਾਰ**: 'ਸਮਾਜਿਕ ਸਤਰੀਕਰਨ ਦਾ ਅਰਥ ਸਮਾਜ ਨੂੰ ਕੁਝ ਅਜਿਹੇ ਸਥਾਈ ਸਮੂਹਾਂ ਵਿੱਚ ਵੰਡਣ ਦੀ ਵਿਵਸਥਾ ਹੈ ਜਿਸ ਵਿੱਚ ਸਭ ਸਮੂਹ ਉੱਚਤਾ ਅਤੇ ਅਧੀਨਤਾ ਦੇ ਸੰਬੰਧਾਂ ਦੁਆਰਾ ਇੱਕ ਦੂਸਰੇ ਨਾਲ਼ ਜੁੜੇ ਹੁੰਦੇ ਹਨ।'

**ਮੈਲਵਿਨ ਟਿਉਮਿਨ** : ਅਨੁਸਾਰ 'ਸਮਾਜਿਕ ਸਤਰੀਕਰਨ ਉਹ ਤਰਤੀਬ ਹੈ ਜਿਸ ਵਿੱਚ ਕਿਸੇ ਵੀ ਸਮੂਹ ਦਾ ਸਥਾਨ, ਤਾਕਤ, ਜਾਇਦਾਦ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤੀ 'ਤੇ ਨਿਰਭਰ ਕਰਦਾ ਹੈ।'

**ਐਂਨਥਨੀ ਗਿੰਡਜ਼ਨ** ਦੇ ਅਨੁਸਾਰ 'ਸਤਰੀਕਰਨ ਵਿੱਚ ਕਾਰਜਆਤਮਕ ਅਸਮਾਨਤਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਵੱਖਰੇ ਲੋਕਾਂ ਦੇ ਸਮੂਹਾਂ ਵਿੱਚ ਪਾਈਆਂ ਜਾਂਦੀਆਂ ਹਨ।'

**ਰੈਮੰਡ ਡਬਲਊ ਮੂਰੇ** : ਸਤਰੀਕਰਨ ਸਮਾਜ ਦੀ ਉੱਚੀ ਅਤੇ ਨੀਵੀਂ ਸਮਾਜਿਕ ਇਕਾਈ ਦੀ ਲੰਬਾਤਮਕ ਵੰਡ ਹੈ।

## ਸਤਰੀਕਰਨ ਦੀਆਂ ਵਿਸ਼ੇਸ਼ਤਾਵਾਂ

ਉੱਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਹੇਠ ਲਿਖਿਆਂ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ :

1. ਸਤਰੀਕਰਨ ਦੀ ਪ੍ਰਕਿਰਤੀ ਸਮਾਜਿਕ ਹੈ, ਇਹ ਵਿਅਕਤੀ ਦੀ ਨਹੀਂ ਸਗੋਂ ਸਮਾਜ ਦੀ ਵਿਸ਼ੇਸ਼ਤਾ ਹੈ।
2. ਇਹ ਪੀੜ੍ਹੀਆਂ ਤੋਂ ਚੱਲੀ ਆ ਰਹੀ ਹੈ ਤੇ ਪੁਰਾਤਨ ਸਮੇਂ ਵਿੱਚ ਵੀ ਇਹ ਪਾਈ ਜਾਂਦੀ ਸੀ ਇਹ ਕੋਈ ਨਵੀਂ ਘਟਨਾ ਨਹੀਂ ਹੈ।
3. ਇਹ ਸਰਵ ਵਿਆਪਕ ਹੈ ਇਸ ਲਈ ਹਰ ਸਮਾਜ ਵਿੱਚ ਪਾਈ ਜਾਂਦੀ ਹੈ।
4. ਇਹ ਅਲੱਗ-ਅਲੱਗ ਸਮਾਜਾਂ ਵਿੱਚ ਵੱਖਰੇ ਪੱਧਰ ਤੇ ਪਾਈ ਜਾਂਦੀ ਹੈ।
5. ਅਸਮਾਨਤਾ ਸਮਾਜ ਵਿੱਚ ਰਹਿੰਦੇ ਮਨੁੱਖਾਂ ਦੇ ਵਿਸ਼ਵਾਸ 'ਤੇ ਨਿਰਭਰ ਕਰਦੀ ਹੈ। ਇੱਕ ਸਮੂਹ ਦੇ ਮੈਂਬਰ ਆਪਣੇ-ਆਪ ਨੂੰ ਦੂਜੇ ਸਮੂਹ ਦੇ ਮੈਂਬਰਾਂ ਤੋਂ ਉੱਤਮ ਮੰਨਦੇ ਹਨ।
6. ਇਹ ਜ਼ਿੰਦਗੀ ਵਿੱਚ ਮੌਕਿਆਂ, ਜੀਵਨ ਸ਼ੈਲੀ ਅਤੇ ਵਿਅਕਤੀਗਤ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦੀ ਹੈ।

## ਸਮਾਜੀਕਰਨ ਸਤਰੀਕਰਨ ਦੇ ਸਿਧਾਂਤ

ਸਤਰੀਕਰਨ ਦੇ ਅਹਿਮ ਸਿਧਾਂਤ ਹੇਠ ਲਿਖੇ ਅਨੁਸਾਰ ਹਨ :



Downloaded from https:// www.studiestoday.com

Downloaded from https:// www.studiestoday.com

1. ਇਹ ਸਮਾਜ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਹੈ ਜਿਸਦੇ ਕਾਰਨ ਸਮਾਜ ਵਿੱਚ ਰਹਿੰਦੇ ਮਨੁੱਖਾਂ ਅੰਦਰ ਅਸਾਮਾਨਤਾ ਦੇ ਅਧਾਰ 'ਤੇ ਸਮਾਜਿਕ ਸਾਧਨਾਂ ਦੀ ਵੰਡ ਉਹਨਾਂ ਦੀ ਕਾਬਲੀਅਤ ਨੂੰ ਜਾਣੇ ਬਿਨਾਂ ਕੀਤੀ ਜਾਂਦੀ ਹੈ ।
2. ਇਹ ਪਰਿਵਾਰ ਦੀ ਸਥਿਤੀ ਨਾਲ਼ ਜੁੜੀ ਹੋਈ ਹੈ ਅਤੇ ਇਸ ਲਈ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਜਾਂਦੀ ਹੈ। ਬੱਚੇ ਆਪਣੇ ਮਾਪਿਆਂ ਦੇ ਸਮਾਜਿਕ ਪੱਧਰ ਨੂੰ ਮੰਨ ਕੇ ਚੱਲਦੇ ਹਨ। ਇਕ ਵਿਅਕਤੀ ਦੀ ਸਮਾਜਿਕ ਸਥਿਤੀ ਪ੍ਰਦੱਤ ਹੁੰਦੀ ਹੈ ਅਤੇ ਵਿਆਹ ਸੰਸਥਾ ਨਾਲ਼ ਹੋਰ ਮਜ਼ਬੂਤ ਹੋ ਜਾਂਦੀ ਹੈ।
3. ਇਹ ਪੱਖਪਾਤ ਦੇ ਸਹਾਰੇ ਪੀੜ੍ਹੀਆਂ ਤੱਕ ਚੱਲਦੀ ਹੈ, ਇਸ ਨੂੰ ਪੂਰਵ-ਨਿਰਧਾਰਤ ਅਚੱਲ ਪ੍ਰਕਿਰਿਆ ਵਜੋਂ ਮੰਨਿਆ ਜਾਂਦਾ ਹੈ ਜਾਂ ਦ੍ਰਿਸ਼ਟੀਕੋਣ ਅਤੇ ਅਬਦਲ ਵਿਸ਼ਵਾਸਾਂ ਵਜੋਂ ਜੋ ਇਕ ਸਮੂਹ ਦੇ ਮੈਂਬਰ ਦੂਜੇ ਸਮੂਹ ਦੇ ਵਿਰੁੱਧ ਰੱਖਦੇ ਹਨ। ਇਹ ਪੱਖਪਾਤ ਪੂਰਵ ਨਿਰਧਾਰਤ, ਰੂੜੀਵਾਦੀ ਅਤੇ ਨਿਸ਼ਚਿਤ ਧਾਰਨਾ ਦੇ ਰਾਹੀਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਸ ਨਾਲ਼ ਦੂਸਰੇ ਸਮੂਹ ਦਾ ਅਕਸ ਬਣਾਇਆ ਜਾ ਸਕਦਾ ਹੈ।
4. ਜਿਹੜੇ ਵਿਅਕਤੀਆਂ ਨੇ ਇਸ ਦੀਆਂ ਸਮਾਜਿਕ ਸਹੂਲਤਾਂ ਮਾਣੀਆਂ ਹੁੰਦੀਆਂ ਹਨ ਉਹ ਇਸ ਪ੍ਰਕਿਰਿਆ ਦੇ ਨਾਲ਼ ਹਨ ਅਤੇ ਦੂਸਰੇ ਪਾਸੇ ਜਿਹੜੇ ਵਿਅਕਤੀਆਂ ਦਾ ਸ਼ੋਸ਼ਣ ਹੁੰਦਾ ਹੈ ਉਹ ਇਸਦੇ ਖਿਲਾਫ਼ ਹਨ।

## ਸਤਰੀਕਰਨ ਦੇ ਮੁੱਖ ਰੂਪ

ਸਤਰੀਕਰਨ ਦੀਆਂ ਮੁੱਖ ਕਿਸਮਾਂ ਤੇ ਵਿਆਖਿਆ ਹੇਠ ਲਿਖੇ ਅਨੁਸਾਰ ਹਨ:

1. ਜਾਤ
2. ਵਰਗ
3. ਜਾਗੀਰਦਾਰੀ
4. ਗੁਲਾਮੀ

ਜਾਤ ਇਕ ਜਨਮ 'ਤੇ ਅਧਾਰਿਤ ਅੰਤਰ -ਜਾਤੀ ਸਮੂਹ ਹੈ ਜਿਸ ਵਿੱਚ ਵਿਅਕਤੀ ਦਾ ਦਰਜਾ, ਉਸਦੇ ਨਾਲ਼ ਰਲੇਵੇਂ ਦੇ ਹੱਕ ਅਤੇ ਸ਼ਕਤੀ ਇੱਕ ਵਿਸ਼ੇਸ਼ ਸਮੂਹ ਵਿਚ ਜਨਮ ਦੇ ਅਧਾਰ 'ਤੇ ਨਿਰਧਾਰਿਤ ਹੁੰਦੀ ਹੈ। ਵਰਗ ਦੇ ਅਧਾਰ 'ਤੇ ਸਤਰੀਕਰਨ ਨਵੀਨ ਸਮਾਜ ਵਿੱਚ ਪ੍ਰਭਾਵੀ ਹੈ। ਇਸ ਵਿੱਚ ਵਿਅਕਤੀ ਦੀ ਸਥਿਤੀ ਉਸਦੀ ਕਾਬਲੀਅਤ, ਨਿਪੁੰਨਤਾ ਅਤੇ ਪੈਸੇ ਦੇ ਅਧਾਰਿਤ ਹੁੰਦੀ ਹੈ। ਜਾਗੀਰਦਾਰੀ ਵਿਵਸਥਾ ਮੱਧਕਾਲੀ ਯੂਰਪ ਦੀ ਸਤਰੀਕਰਨ ਦੀ ਵਿਵਸਥਾ ਹੈ ਜਿਹੜੀ ਕਿ ਜਨਮ ਸੰਪਤੀ ਦੀ ਮਾਲਕੀ ਅਤੇ ਧਨ ਦੇ ਪੱਧਰਾਂ ਨੂੰ ਹੀ ਤਰਜੀਹ ਦਿੰਦੀ ਹੈ। ਗੁਲਾਮੀ ਦਾ ਆਧਾਰ ਆਰਥਿਕ ਹੈ। ਇਸ ਵਿੱਚ ਹਰ ਗੁਲਾਮ ਦਾ ਮਾਲਿਕ ਹੁੰਦਾ ਹੈ। ਗੁਲਾਮ ਉੱਪਰ, ਮਾਲਿਕ ਦੀ ਸ਼ਕਤੀ ਅਨਿਸ਼ਚਿਤ ਹੈ। ਇਸ ਪਾਠਕ੍ਰਮ ਵਿੱਚ ਅਸੀਂ ਜਾਤ ਅਤੇ ਵਰਗ ਬਾਰੇ ਪੜ੍ਹਾਂਗੇ।



Downloaded from https:// www.studiestoday.com

Downloaded from https:// www.studiestoday.com




ਜਾਤੀ ਵਿਵਸਥਾ




ਵਰਗ ਵਿਵਸਥਾ




ਜਾਗੀਰਦਾਰੀ ਵਿਵਸਥਾ



ਗੁਲਾਮੀ ਵਿਵਸਥਾ

## ਜਾਤ

ਜਾਤ ਸ਼ਬਦ ਅੰਗਰੇਜ਼ੀ ਸ਼ਬਦ 'ਕਾਸਟ' ਦਾ ਸਮਰੂਪੀ ਹੈ ਜੋ ਸਪੈਨਿਸ਼ ਅਤੇ ਪੁਰਤਗੀਸ ਭਾਸ਼ਾ ਦੇ ਸ਼ਬਦ 'ਕਾਸਟਾ' ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ 'ਨਸਲ'। ਭਾਰਤੀ ਸੰਬੰਧ ਵਿੱਚ ਇਹ ਇਕ ਵਿਸਤਰਿਤ ਸੰਸਥਾਨਕ ਵਿਵਸਥਾ ਹੈ ਜਿਸ ਵਿੱਚ ਭਾਰਤੀ ਭਾਸ਼ਾ ਵੱਖ-ਵੱਖ ਸ਼ਬਦਾਂ ਨਾਲ਼ ਜੁੜੀ ਹੋਈ ਹੈ ਜਿਵੇਂ ਵਰਨ ਅਤੇ ਜਾਤੀ। ਵਰਨ ਅਤੇ ਜਾਤੀ ਦੋਵੇਂ ਹੀ ਜਾਤੀ ਨੂੰ ਪਰਿਭਾਸ਼ਿਤ ਕਰਦੇ ਹਨ। ਭਾਵੇਂ ਦੋਵੇਂ ਹੀ ਆਪਸ ਵਿੱਚ ਜੁੜੇ ਹੋਏ ਹਨ ਪਰ ਇਹ ਅਲੱਗ ਵੀ ਹਨ। ਵਰਨ ਸਮਾਜ ਦੀ ਵੰਡ ਨੂੰ ਨਾਮ ਦਿੱਤਾ ਗਿਆ ਹੈ ਜਿਵੇਂ ਕਿ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਇਹ ਵਿਵਸਥਾ ਸ਼ਾਂਤੀ ਅਤੇ ਮੇਲ਼-ਜੋਲ਼ ਬਣਾਈ ਰੱਖਣ ਲਈ ਸੀ। ਬ੍ਰਾਹਮਣ ਵਰਨ ਨੂੰ ਬਾਕੀ ਵਰਨਾਂ ਦੁਆਰਾ ਜ਼ਿਆਦਾ ਇੱਜ਼ਤ ਦਿੱਤੀ ਜਾਂਦੀ ਸੀ ਇਸ ਦੇ ਬਾਵਜੂਦ ਅਸਮਾਨਤਾ ਨਹੀਂ ਸੀ, ਪਰ ਜਦੋਂ ਵਰਨ ਨੂੰ ਜਨਮ 'ਤੇ ਅਧਾਰਿਤ ਕੀਤਾ ਗਿਆ ਉਸ ਸਮੇਂ ਇਸਨੇ ਜਾਤੀ ਦਾ ਰੂਪ ਲੈ ਲਿਆ। ਜਾਤੀ ਸ਼ਬਦ ਆਮ ਭਾਸ਼ਾ ਦਾ ਸ਼ਬਦ ਹੈ। ਵਰਨ ਸ਼ਬਦ



Downloaded from https:// www.studiestoday.com

Downloaded from https:// www.studiestoday.com

ਖਾਸ ਕਰਕੇ ਕੰਮ ਦੀ ਵੰਡ ਅਤੇ ਕਿੱਤੇ ’ਤੇ ਅਧਾਰਿਤ ਸੀ ਜਿਵੇਂ ਪੁਜਾਰੀ, ਰੱਖਿਅਕ, ਆਮ ਆਦਮੀ। ਦੁਕਾਨਦਾਰ ਅਤੇ ਨੀਵਾਂ ਕੰਮ ਜਿਵੇਂ ਨਾਈ, ਮੋਚੀ ਆਦਿ। ਵਰਨ ਚਾਰ ਹਨ ਜਦੋਂ ਕਿ ਜਾਤੀਆਂ ਅਣਗਿਣਤ ਹਨ। ਭਾਰਤੀ ਸਮਾਜ ਵਿੱਚ ਤਿੰਨ ਹਜ਼ਾਰ ਤੋਂ ਵੱਧ ਜਾਤਾਂ ਅਤੇ ਉਪ-ਜਾਤਾਂ ਹਨ। ਇਸ ਲਈ ਅਜੋਕੇ ਸਮੇਂ ਦੀ ਜਾਤੀ ਵਿਵਸਥਾ, ਵਰਨ ਵਿਵਸਥਾ ਤੋਂ ਭਿੰਨ ਹੈ।

**ਗਤੀਵਿਧੀ 10.1**

1. ਫਿਲਮਾਂ ਵਿੱਚੋ ਭਾਰਤੀ ਸਮਾਜ ਵਿੱਚ ਅਸਮਾਨਤਾ ਨੂੰ ਦਰਸਾਉਂਦੇ ਕੁਝ ਦ੍ਰਿਸ਼ ਯਾਦ ਕਰੋ।
2. ਜਾਤ ਤੇ ਅਧਾਰਿਤ ਸਮਾਜ ਵਿੱਚ ਵਖਰੇਵੇਂ ਨੂੰ ਪਰਿਭਾਸ਼ਤ ਕਰੋ।

## ਜਾਤ ਦੀਆਂ ਵਿਸ਼ੇਸ਼ਤਾਵਾਂ

ਜੀ. ਐੱਸ. ਗੁਰੀਏ ਨੇ ਜਾਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਨਿਮਨ ਅਨੁਸਾਰ ਦਿੱਤੀਆਂ ਹਨ :

1. **ਸਮਾਜ ਦੀ ਖੰਡਾਤਮਕ ਵੰਡ :** ਖੰਡਾਤਮਕ ਦਾ ਅਰਥ ਹੈ ਪੱਕੇ ਜਾਂ ਸਪੱਸ਼ਟ ਤੌਰ ’ਤੇ ਕੀਤੇ ਗਏ ਹਿੱਸੇ। ਜਾਤੀ ਵਿਵਸਥਾ ਵਿੱਚ ਸਖ਼ਤ ਖੰਡਾਤਮਕ ਵੰਡ ਹੈ ਜਿਹੜੀ ਕਿ ਸਮੂਹਾਂ ਅਤੇ ਜਨਮ-ਜਾਤ ਮੈਂਬਰਸ਼ਿਪ ’ਤੇ ਅਧਾਰਿਤ ਹੈ। ਜਾਤ ਉਪ-ਜਾਤਾਂ ਵਿੱਚ ਵੰਡੀ ਹੁੰਦੀ ਹੈ ਅਤੇ ਉਪ-ਜਾਤਾਂ ਫੇਰ ਹੋਰ ਉਪ ਜਾਤਾਂ ਵਿੱਚ ਵੰਡੀਆਂ ਹੁੰਦੀਆਂ ਹਨ।
2. **ਪ੍ਰਦੱਤ ਰੁਤਬਾ:** ਜਾਤ ਜਨਮ ’ਤੇ ਅਧਾਰਿਤ ਹੈ। ਇਹ ਜੱਦੀ ਹੈ ਕਿਉਂਕਿ ਇਹ ਮਾਤਾ-ਪਿਤਾ ਤੋਂ ਮਿਲ਼ਦੀ ਹੈ। ਇਸ ਨੂੰ ਚੁਣਿਆ ਨਹੀਂ ਜਾ ਸਕਦਾ।
3. **ਪੱਦਕ੍ਰਾਮਤਮਕ:** ਜਾਤੀ ਵਿੱਚ ਪਦਕ੍ਰਮਾਤਮਕ ਵੰਡ ਹੈ। ਹਰ ਜਾਤੀ ਦਾ ਖਾਸ ਸਥਾਨ ਹੈ। ਜਿਸ ਵਿੱਚ ਹਰ ਜਾਤ ਨੂੰ ਇੱਕ ਖਾਸ ਜਗ੍ਹਾ ਤੇ ਰੱਖਿਆ ਗਿਆ ਹੈ।
4. **ਨਿਰਧਾਰਿਤ ਕਿੱਤਾ:** ਜਾਤੀ ਵਿੱਚ ਕਿੱਤੇ ਨਿਰਧਾਰਿਤ ਹਨ ਜਿਸਦਾ ਅਰਥ ਹੈ ਕਿ ਮਨੁੱਖ ਜੱਦੀ ਕਿੱਤੇ ਨੂੰ ਹੀ ਅਪਣਾਉਂਦਾ ਹੈ। ਕੋਈ ਹੋਰ ਜਾਤੀ ਦਾ ਇਨਸਾਨ ਕਿਸੇ ਹੋਰ ਜਾਤੀ ਦੇ ਕਿੱਤੇ ਨੂੰ ਨਹੀਂ ਅਪਣਾ ਸਕਦਾ। ਇਸ ਲਈ ਜਾਤੀ ਵਿੱਚ ਕਿੱਤਿਆਂ ਦੀ ਚੋਣ ਘੱਟ ਹੈ।
5. **ਅੰਤਰ ਜਾਤੀ ਵਿਆਹ :** ਜਾਤ ਇੱਕ ਬੰਦ ਸਮੂਹ ਹੈ ਜਿਸ ਕਰਕੇ ਆਪਣੀ ਜਾਤੀ ਤੋਂ ਬਾਹਰ ਵਿਆਹ ਕਰਨ ਦੀ ਮਨਾਹੀ ਹੈ। ਇਹ ਉਪ-ਜਾਤਾਂ ਤੇ ਆਪਸੀ ਵਿਆਹ ’ਤੇ ਵੀ ਲਾਗੂ ਹੁੰਦਾ ਹੈ।
6. **ਖਾਣ-ਪੀਣ ਸੰਬੰਧੀ ਅਤੇ ਸਮਾਜਿਕ ਅੰਤਰ-ਕਿਰਿਆ ਸੰਬੰਧੀ ਮਨਾਹੀ** : ਜਾਤ ਵਿੱਚ ਖਾਣ-ਪੀਣ ਸੰਬੰਧੀ ਮਨਾਹੀ ਦੇ ਨਿਯਮ ਹਨ ਕਿ ਜਿਸ ਵਿੱਚ ਕੀਤੇ ਕਿਸ ਨਾਲ਼ ਖਾਣਾ ਹੈ ਤੇ ਕਿਸ ਨਾਲ਼



Downloaded from https:// www.studiestoday.com

Downloaded from https:// www.studiestoday.com

ਨਹੀਂ। ਕਿਸ ਤੋਂ ਲੈਣਾ ਹੈ ਕਿਸ ਤੋਂ ਨਹੀਂ, ਇਹ ਵੀ ਨਿਰਧਾਰਿਤ ਹੈ। ਇਹ ਜਾਤ ਦੇ ਨਾਲ਼-ਨਾਲ਼ ਉਪ-ਜਾਤਾਂ ਵਿੱਚ ਵੀ ਲਾਗੂ ਹੁੰਦੀ ਹੈ।

7. **ਸ਼ੁੱਧਤਾ ਅਤੇ ਅਸ਼ੁੱਧਤਾ :** ਪੱਦਕ੍ਰਮਾਤਮਕ ਤਰੀਕੇ ਵਿੱਚ ਜਾਤਾਂ ਵਿੱਚ ਸ਼ੁੱਧਤਾ ਅਤੇ ਅਸ਼ੁੱਧਤਾ ਨੂੰ ਤਰਜੀਹ ਦਿੱਤੀ ਗਈ ਹੈ। ਜਿਹੜੀਆਂ ਜਾਤਾਂ ਨੂੰ ਸ਼ੁੱਧ ਮੰਨਿਆ ਗਿਆ ਹੈ ਉਨ੍ਹਾਂ ਦਾ ਰੁਤਬਾ ਉੱਚਾ ਹੈ ਅਤੇ ਬਾਕੀਆਂ ਨੂੰ ਨੀਵਾਂ ਦਰਜਾ ਦਿੱਤਾ ਗਿਆ ਹੈ।
8. **ਅੰਤਰ ਨਿਰਭਰ :** ਭਾਵੇਂ ਸਭ ਵਿੱਚ ਉਚ-ਨੀਚ ਦੇ ਸੰਬੰਧ ਹਨ ਪਰ ਇਸ ਦੇ ਬਾਵਜੂਦ ਇਹ ਅੰਤਰ ਨਿਰਭਰ ਹਨ। ਇਹ ਅੰਤਰ ਨਿਰਭਰਤਾ ਜਜਮਾਨੀ ਵਿਵਸਥਾ ਨਾਲ ਚੱਲਦੀ ਹੈ। ਜਾਤੀ ਵਿਵਸਥਾ ਵਿੱਚ ਵਿਭਿੰਨ ਪ੍ਰਕਾਰ ਦੀਆਂ ਅੰਤਰ-ਕਿਰਿਆਵਾਂ ਪਾਈਆਂ ਜਾਂਦੀਆਂ ਹਨ। ਇਹ ਜਜਮਾਨੀ ਵਿਵਸਥਾ ਦੁਆਰਾ ਪਿੰਡਾਂ ਅਤੇ ਪਿੰਡਾਂ ਦੇ ਸਮੂਹਾਂ ਵਿੱਚ ਭਿੰਨ ਕਿੱਤਿਆਂ ਵਿੱਚ ਪਾਈ ਜਾਂਦੀ ਹੈ।

ਜਾਤੀ ਵਿਵਸਥਾ ਇਹ ਨਿਸ਼ਚਿਤ ਕਰਦੀ ਹੈ ਕਿ ਪੁਰਾਤਨ ਸਮਾਜਿਕ ਵਿਵਸਥਾ ਬਣੀ ਰਹੇ। ਇਸਦੇ ਨਾਲ਼ ਇਸਦੀਆਂ ਕੁੱਝ ਨਾਕਰਾਤਮਕ ਵਿਸ਼ੇਸ਼ਤਾਵਾਂ ਵੀ ਹਨ ਜਿਵੇਂ ਪਾਬੰਦੀਆਂ, ਸ਼ੁੱਧਤਾ ਅਤੇ ਅਸ਼ੁੱਧਤਾ। ਜਿਹੜੀਆਂ ਜਾਤਾਂ ਨੀਵੀਆਂ ਹਨ ਉਨ੍ਹਾਂ ਦਾ ਬਹੁਤ ਸ਼ੋਸ਼ਣ ਹੋਇਆ ਹੈ। ਖਾਸ ਕਰਕੇ ਅਛੂਤ ਜਾਤਾਂ ਨਾਲ਼। ਛੂਤ-ਛਾਤ ਇਕ ਇਹੋ ਜਿਹੀ ਕਿਰਿਆ ਹੈ ਜਿਸ ਵਿੱਚ ਇੱਕ ਸਮੂਹ ਨੂੰ ਮੁੱਖ ਸਮੂਹ ਤੋਂ ਅਸ਼ੁੱਧ ਕਹਿ ਕੇ ਅਲੱਗ ਕਰ ਦਿੱਤਾ ਜਾਂਦਾ ਹੈ। ਅਛੂਤ ਜਾਤਾਂ ਨੂੰ ਨੀਵਾਂ, ਗੰਦਾ ਅਤੇ ਮਨੁੱਖੀ ਸਮਾਜ ਦੇ ਯੋਗ ਨਹੀਂ ਮੰਨਿਆ ਜਾਂਦਾ ਪਰ ਪੜ੍ਹਾਈ , ਆਧੁਨੀਕਰਨ ਅਤੇ ਪੱਛਮੀਕਰਨ ਨੇ ਜਾਤੀ ਵਿਵਸਥਾ ਦੀ ਸੰਸਥਾ ਵਿੱਚ ਕਾਫ਼ੀ ਬਦਲਾਵ ਲਿਆਂਦੇ ਹਨ।

### ਜਾਤੀ ਵਿਵਸਥਾ ਵਿੱਚ ਪਰਿਵਰਤਨ :

ਇਹ ਅਨੁਭਵ ਕਰਨ ਤੋਂ ਬਾਅਦ ਕਿ ਜਾਤੀ ਵਿਵਸਥਾ ਇੱਕ ਸਮਾਜਿਕ ਬੁਰਾਈ ਹੈ ਅਤੇ ਉਹ ਬਸਤੀਵਾਦੀ (ਕਲੋਨਿਅਲ) ਨੀਤੀ ਸੀ ਜਿਸ ਨਾਲ਼ ਭਾਰਤੀਆਂ ਨੂੰ ਵੰਡਿਆ ਗਿਆ ਸੀ। ਇਸ ਲਈ ਰਾਸ਼ਟਰੀ ਲੀਡਰਾਂ ਨੇ ਨੀਵੀਆਂ ਜਾਤਾਂ ਨੂੰ ਉੱਪਰ ਚੁੱਕਣ ਦਾ ਕੰਮ ਸ਼ੁਰੂ ਕੀਤਾ। ਮਹਾਤਮਾ ਗਾਂਧੀ, ਜੋਤਿਬਾ ਫੂਲੇ, ਬੀ ਅੰਬੇਦਕਰ ਨੇ ਪੂਰਬੀ ਭਾਰਤ, ਪੈਰੀਰ ਰਾਮਾਸੈਮੀ ਨੇ ਦੱਖਣ ਵਿੱਚ ਬਹੁਤ ਸਾਰੀਆਂ ਬਦਲਾਵ ਦੀਆਂ ਗਤੀਵਿਧੀਆਂ ਛੂਤ-ਛਾਤ ਵਿਰੁੱਧ ਕੀਤੀਆਂ। ਮਹਾਤਮਾ ਗਾਂਧੀ ਅਤੇ ਅੰਬੇਦਕਰ ਦਾ ਬਹੁਤ ਵੱਡਾ ਯੋਗਦਾਨ ਰਿਹਾ। ਆਜ਼ਾਦੀ ਤੋਂ ਬਾਅਦ ਇਸ ਵਿੱਚ ਬਹੁਤ ਬਦਲਾਵ ਆਇਆ।

### ਰਚਨਾਆਤਮਕ ਬਦਲਾਵ :

1. ਇਥੇ ਬ੍ਰਹਮਣਾਂ ਦੀ ਪ੍ਰਭੁਤਾ ਘੱਟ ਰਹੀ ਹੈ। ਆਧੁਨਿਕੀਕਰਨ ਦੀ ਪ੍ਰਕਿਰਿਆ ਨਾਲ, ਉਹਨਾਂ ਦਾ ਉਹ ਸਮਾਜਿਕ ਰੁਤਬਾ ਨਹੀਂ ਰਿਹਾ ਜੋ ਪਹਿਲਾਂ ਹੁੰਦਾ ਸੀ।



Downloaded from https:// www.studiestoday.com

Downloaded from https:// www.studiestoday.com

2. ਪੱਛਮੀਕਰਨ ਅਤੇ ਸ਼ਹਿਰੀਕਰਨ ਨਾਲ਼ ਵੀ ਜਾਤ ਦੇ ਰੁਤਬੇ ਤੇ ਕ੍ਰਮਾਤਮਕ ਪੱਖ ਵਿੱਚ ਬਦਲਾਵ ਆਇਆ ਹੈ। ਹੁਣ ਜੱਦੀ ਕਿਤਿਆਂ ਵਿੱਚ ਹੋਰ ਕਿੱਤੇ ਜੁੜ ਗਏ ਹਨ ਜਿਸ ਨਾਲ਼ ਸਾਫ-ਸ਼ਪੱਸ਼ਟ ਵੰਡ ਨਹੀਂ ਰਹੀ। ਨਵੇਂ ਕਿੱਤਿਆਂਨੂੰ ਜੱਦੀ ਕਿੱਤਿਆਂ ਨਾਲ਼ ਨਹੀਂ ਜੋੜਿਆ ਜਾ ਸਕਦਾ।
3. ਸੰਵਿਧਾਨਕ ਮਾਪਦੰਡਾਂ ਰਾਹੀਂ ਨੀਵੀਆਂ ਜਾਤਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਗਿਆ ਹੈ ਜਿਸ ਦੇ ਸਿੱਟੇ ਵਜੋਂ ਉਹਨਾਂ ਦੇ ਸਮਾਜਿਕ ਸਤਰ ਵਿੱਚ ਵੱਡੀ ਪੱਧਰ ’ਤੇ ਵਾਧਾ ਹੋਇਆ ਹੈ।

**ਕਾਰਜਆਤਮਕ ਬਦਲਾਵ :**

1. ਜਨਮ ਹੁਣ ਸਮਾਜਿਕ ਪ੍ਰਤਿਸ਼ਠਾ ਦਾ ਆਧਾਰ ਨਹੀਂ ਰਿਹਾ, ਹੁਣ ਪੈਸਾ, ਯੋਗਤਾ, ਸਿੱਖਿਆ, ਕਾਬਲੀਅਤ ਆਦਿ ਸਮਾਜਿਕ ਪ੍ਰਤਿਸ਼ਠਾ ਦੇ ਚਿੰਨ੍ਹ ਬਣ ਗਏ ਹਨ।
2. ਅਜੋਕੇ ਸਮੇਂ ਵਿੱਚ ਕਿੱਤੇ ’ਤੇ ਏਕਾਧਿਕਾਰ ਜਾਤੀਗਤ ਨਹੀਂ ਰਿਹਾ, ਹਰ ਕੋਈ ਆਪਣੀ ਯੋਗਤਾ ਤੇ ਰੁਝਾਨ ਅਨੁਸਾਰ ਆਪਣਾ ਕਿੱਤਾ ਚੁਣ ਸਕਦਾ ਹੈ। ਨਵੇਂ ਉਦਯੋਗੀਕਰਨ ਨੇ ਨਵੀਆਂ ਨੌਕਰੀਆਂ ਦੀ ਸੰਰਚਨਾ ਕੀਤੀ ਹੈ ਜਿਨ੍ਹਾਂ ਦਾ ਆਧਾਰ ਜਾਤੀ ਨਹੀਂ ਹੈ।
3. ਪੱਛਮੀ ਦਰਸ਼ਕ-ਸ਼ਾਸ਼ਤਰ, ਸਹਿ-ਸਿੱਖਿਆ ਪ੍ਰਬੰਧਾਂ ਅਤੇ ਵੱਖ-ਵੱਖ ਜਾਤ ਦੇ ਮਰਦ-ਔਰਤਾਂ ਦੇ ਇਕ ਸਥਾਨ ’ਤੇ ਕੰਮ ਕਰਨ ਦੀ ਪ੍ਰਵਿਰਤੀ ਨੇ ਜਾਤੀ ਅਧਾਰਿਤ ਬੰਧਸ਼ਾਂ ਨੂੰ ਤੋੜ ਕੇ ਅੰਤਰ ਜਾਤੀ ਵਿਆਹਾਂ ਨੂੰ ਕਾਨੂੰਨੀ ਬਣਾਇਆ ਹੈ। ਭਾਵੇਂ ਕਿ ਬਹੁਤ ਕੁਝ ਬਦਲ ਗਿਆ ਹੈ ਪਰ ਅਜੇ ਵੀ ਜਾਤੀ ਪ੍ਰਬੰਧ ਭਾਰਤੀ ਵਿਆਹ-ਪ੍ਰਬੰਧ ਤੇ ਭਾਰੂ ਹੈ।
4. ਇਥੇ ਜਾਤੀਗਤ ਸਮਾਜਿਕ ਸਹਿ-ਸੰਬੰਧਾਂ ਵਿਚ ਵਾਧਾ ਹੋਇਆ ਹੈ। ਵਿਸ਼ੇਸ਼ ਤੌਰ ’ਤੇ ਸ਼ਹਿਰੀ ਖੇਤਰ ਜਿਥੇ ਅੰਤਰ-ਜਾਤੀ ਸੰਬੰਧਾਂ ’ਤੇ ਰੋਕਾਂ ਘਟੀਆਂ ਹਨ।
5. ਆਧੁਨਿਕੀਕਰਨ ਅਤੇ ਸਿੱਖਿਆ ਪ੍ਰਬੰਧ ਦੇ ਵਾਧੇ ਨਾਲ਼ ਹਿੰਦੂ ਧਰਮ ਵਿਚ ਸ਼ੁੱਧਤਾ ਅਤੇ ਅਸ਼ੁੱਧਤਾ ਦੇ ਸੰਕਲਪ ਵਿਚ ਬਦਲਾਵ ਆਇਆ ਹੈ। ਇਥੋਂ ਤੱਕ ਕਿ ਨਿੱਜੀ ਵਿਹਾਰ ਵਿਚ ਜਾਤੀਗਤ ਸੰਬੰਧਾਂ ਨੂੰ ਅਪਣਾ ਕੇ ਸ਼ਹਿਰੀ ਜ਼ਿੰਦਗੀ ਜਿਉਣੀ ਔਖੀ ਹੋ ਗਈ ਹੈ।
6. ਬਾਜ਼ਾਰੀ ਰਿਸ਼ਤਿਆਂ ਨੇ ਜਜਮਾਨੀ ਰਿਸ਼ਤਿਆਂ ਦੀ ਜਗ੍ਹਾ ਲੈ ਲਈ ਹੈ।
7. ਆਧੁਨਿਕ ਅਤੇ ਪੱਛਮੀਕਰਨ ਦੇ ਨਤੀਜੇ ਵੱਜੋਂ ਹਰ ਜਾਤ ਦੀ ਜੀਵਨ ਸ਼ੈਲੀ ਇਕੋ ਜਿਹੀ ਹੋ ਗਈ ਹੈ। ਅਜੋਕੇ ਸਮੇਂ ਵਿੱਚ ਜਾਤਾਂ ਵਿੱਚ ਵਖਰੇਵਾਂ ਨਜ਼ਰ ਨਹੀਂ ਆਉਂਦਾ ਜਿਵੇਂ ਪਹਿਲਾਂ ਆਉਂਦਾ ਸੀ।

ਜਾਤੀ ਪ੍ਰੰਬਧ ਵਿਚ ਆਈ ਸੰਰਚਨਾਤਮਕ ਅਤੇ ਕਾਰਜਾਤਮਕ ਤਬਦੀਲੀ ਨੇ ਇਸ ਪ੍ਰਬੰਧ ਨੂੰ ਕਮਜ਼ੋਰ ਕੀਤਾ ਹੈ ਅਤੇ ਇਸ ਵਿਚਲੀ ਕੱਟੜਤਾ ਘੱਟ ਗਈ ਹੈ, ਆਧੁਨਿਕ ਸਿੱਖਿਆ, ਵਿਅਕਤੀਵਾਦ ਦੇ ਖੁੱਲ੍ਹੇ ਵਿਚਾਰਾਂ ਦੇ ਸਿੱਟੇ ਵਜੋਂ ਬਹੁਤ ਸਾਰੇ ਜਾਤੀਗਤ ਪ੍ਰਚਲਨ ਘਟੇ ਹਨ।



Downloaded from https:// www.studiestoday.com

Downloaded from https:// www.studiestoday.com

## ਜਾਤ ਵਿਵਸਥਾ ਵਿੱਚ ਬਦਲਾਵ ਦੇ ਕਾਰਨ :

1. **ਸਮਾਜਿਕ ਅਤੇ ਧਾਰਮਿਕ ਸੁਧਾਰ ਦੀਆਂ ਗਤੀਵਿਧੀਆਂ:** ਵੱਖ –ਵੱਖ ਸਮਾਜਿਕ ਧਾਰਮਿਕ ਸੁਧਾਰ ਦੀਆਂ ਗਤੀਵਿਧੀਆਂ ਨੇ ਜਾਤੀ ਵਿਵਸਥਾ ਦੀ ਆਲੋਚਨਾ ਕੀਤੀ ਹੈ। ਉਦਾਹਰਨ ਲਈ ਬ੍ਰਹਮੋ ਸਮਾਜ ਜਿਹੜਾ ਕਿ ਰਾਜਾ ਰਾਮ ਮੋਹਨ ਰਾਏ ਨੇ ਚਲਾਇਆ ਸੀ ਨੇ ਜਾਤ ਨੇ ਵੰਡ ਨੂੰ ਰੱਦ ਕਰ ਦਿੱਤਾ ਅਤੇ ਸਰਵ ਵਿਆਪੀਕਰਨ ਅਤੇ ਭਰਾਤਰੀ ਭਾਵ ਜ਼ੋਰ 'ਤੇ ਦਿੱਤਾ।
2. **ਆਧੁਨਿਕ ਸਿੱਖਿਆ :** ਆਧੁਨਿਕ ਸਿੱਖਿਆ ਜਿਹੜੀ ਕਿ ਬ੍ਰਿਟਿਸ਼ ਨੇ ਲਾਗੂ ਕੀਤੀ ਇਸ ਨੇ ਉਦਾਰਵਾਦੀ ਵਿਚਾਰਾਂ ਦਾ ਪ੍ਰਚਾਰ ਕੀਤਾ ਜਿਸ ਦੇ ਸਿੱਟੇ ਵੱਜੋਂ ਜਾਤੀ ਪ੍ਰਤੀ ਲੋਕਾਂ ਦੇ ਵਿਚਾਰਾਂ ਵਿੱਚ ਖੁੱਲ੍ਹਾਪਣ ਆਇਆ।
3. **ਉਦਯੋਗੀਕਰਨ:** ਉਦਯੋਗੀਕਰਨ ਨੇ ਜੀਵਨ ਜੀਉਣ ਲਈ ਨਵੇਂ ਸੋਮਿਆਂ ਨੂੰ ਜਨਮ ਦਿੱਤਾ ਅਤੇ ਕਿੱਤੇ ਦੀ ਗਤੀਸ਼ੀਲਤਾ ਨੂੰ ਵੀ ਲਾਗੂ ਕੀਤਾ। ਇਸ ਨਾਲ਼ ਜਾਤੀ ਵਿਵਸਥਾ ਵਿੱਚ ਕਮੀ ਆਈ।
4. **ਸ਼ਹਿਰੀਕਰਨ :** ਨਵੇਂ ਬਣਨ ਵਾਲੇ ਸ਼ਹਿਰਾਂ ਵਿੱਚ ਹੋਟਲਾਂ, ਰੈਸਟੋਰੈਂਟਾਂ, ਸਿਨੇਮਾ ਘਰਾਂ ਅਤੇ ਸਕੂਲਾਂ ਰਾਹੀਂ ਜਾਤੀਗਤ ਪਾਬੰਦੀਆਂ ਅਤੇ ਰੋਕਾਂ ਦਾ ਨਿਰੀਖਣ ਸੰਭਵ ਹੋਇਆ, ਸ਼ਹਿਰਾਂ ਵਿੱਚ ਗੁੰਮਨਾਮੀ ਦੀ ਅਵਸਥਾ, ਜੰਨਸੰਖਿਆ ਭਰਮਾਰ, ਗਤੀਸ਼ੀਲਤਾ, ਧਰਮ ਨਿਰਪੱਖਤਾ ਅਤੇ ਲਚਕੀਲੇ ਪਨ, ਨੇ ਜਾਤੀਵਾਦ ਦੀ ਪ੍ਰਕਿਰਿਆ ਦੀ ਕਾਰਜ ਕੁਸ਼ਲਤਾ ਨੂੰ ਔਖਿਆ ਕਰ ਦਿੱਤਾ ਹੈ।
5. **ਆਵਾਜਾਈ ਦੇ ਅਤੇ ਜਨਸੰਚਾਰ ਦੇ ਸਾਧਨਾਂ ਵਿੱਚ ਵਾਧਾ :** ਆਧੁਨਿਕ ਆਵਾਜਾਈ ਦੇ ਸਾਧਨ ਅਤੇ ਜੰਨਸੰਚਾਰ ਦੇ ਸਾਧਨਾਂ ਨੇ ਵੀ ਜਾਤੀਗਤ ਪ੍ਰਬੰਧ ਵਿੱਚ ਬਹੁਤ ਬਦਲਾਵ ਲਿਆਂਦੇ, ਜਾਤਾਂ ਨੂੰ ਨੇੜੇ ਕਰ ਦਿੱਤਾ ਅਤੇ ਜਿਸ ਨਾਲ਼ ਵਿਅਕਤੀਆਂ ਉੱਪਰ ਜਾਤੀਵਾਦ ਦਾ ਪ੍ਰਭਾਵ ਘੱਟ ਗਿਆ ਹੈ।
6. **ਪਦਾਰਥਵਾਦ, ਵਿਅਕਤੀਵਾਦ ਅਤੇ ਗੁਣਵੱਤਾ:** ਵਿਅਕਤੀਵਾਦ 'ਤੇ ਧਨ ਪਾਉਣ ਦੀ ਵੱਧਦੀ ਭੁੱਖ ਨੇ ਅਤੇ ਮੁਕਾਬਲੇ ਦੇ ਯੁੱਗ ਨੇ ਵੀ ਜਾਤੀ ਵਿਵਸਥਾ ਨੂੰ ਕਮਜ਼ੋਰ ਕੀਤਾ ਹੈ।
7. **ਸਰਕਾਰੀ ਕੋਸ਼ਿਸ਼ਾਂ :** ਕਾਨੂੰਨੀ, ਪ੍ਰਸ਼ਾਸਨਿਕ ਅਤੇ ਸੰਵਿਧਾਨਕ ਕੋਸ਼ਿਸ਼ਾਂ ਨੇ ਵੀ ਜਾਤੀ ਵਿਵਸਥਾ ਨੂੰ ਖ਼ਤਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਲਈ ਜਾਤ ਹੁਣ ਰਸਮੀ ਰੁਤਬੇ 'ਤੇ ਨਿਰਧਾਰਿਤ ਨਹੀਂ ਹੈ। ਸਿੱਖਿਆ, ਤਾਕਤ, ਪੈਸਾ, ਰਾਜਨੀਤਿਕ ਰਿਸ਼ਤੇ ਅਤੇ ਸੰਖਿਅਕ ਤਾਕਤ ਅਜੋਕੇ ਸਮੇਂ ਵਿੱਚ ਜਾਤੀ ਦੇ ਪ੍ਰਭਾਵ ਨੂੰ ਨਿਰਧਾਰਤ ਕਰਦੇ ਹਨ। 1980 ਤੋਂ ਜਾਤ ਦਾ ਰਾਜਨੀਤੀਕਰਨ ਹੋਣਾ ਸ਼ੁਰੂ ਹੋਇਆ ਹੈ ਜਿਸ ਵਿੱਚ ਜਾਤ ਤੇ ਅਧਾਰਿਤ



Downloaded from https:// www.studiestoday.com

Downloaded from https:// www.studiestoday.com

ਰਾਜਨੀਤੀ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਨੂੰ ਵੋਟਾਂ ਮਿਲ਼ ਸਕਣ ਜਿਸ ਨਾਲ਼ ਉਨ੍ਹਾਂ ਦੀ ਜਿੱਤ ਹੋ ਸਕੇ। ਪਰੰਪਰਾਗਤ ਸਮੂਹ ਤੋਂ ਇਹ ਹਿੱਤ ਸਮੂਹ ਬਣ ਗਿਆ ਹੈ ।

ਇਹ ਦਿਲਚਸਪ ਹੈ ਕਿ ਅਜੋਕੇ ਸਮੇਂ ਵਿਚ ਉੱਚ ਜਾਤਾਂ ਲਈ ਜਾਤੀ ਪ੍ਰਬੰਧ ਵਿਆਹ, ਰਿਸ਼ਤਿਆਂ ਅਤੇ ਧਾਰਮਿਕ ਰਸਮਾਂ ਤੱਕ ਹੀ ਸੀਮਿਤ ਹੋ ਗਿਆ ਹੈ, ਜਦੋਂ ਕਿ ਨੀਵੀਆਂ ਜਾਤਾਂ ਲਈ ਇਹ ਮਹੱਤਵਪੂਰਨ ਹੋ ਗਿਆ ਹੈ। ਜਾਤੀ ਪਛਾਣ ਦੀ ਇਹ ਨਵੀਂ ਰਾਜਨੀਤੀ ਹੈ। ਜਾਤੀ ਪਛਾਣ ਉਹ ਪ੍ਰਕਿਰਿਆ ਜਿਸ ਵਿੱਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਨੇ ਸ਼ੋਸ਼ਣ ਨੂੰ ਝੱਲਿਆ ਹੋਇਆ ਹੈ। ਇਹੋ ਜਿਹੇ ਸਮੂਹ ਹੁਣ ਸੱਤਾ, ਪ੍ਰਤੀਨਿਧਤਾ ਅਤੇ ਹੋਂਦ ਦੀ ਮੰਗ ਕਰਦੇ ਹਨ। ਉਹ ਉਨ੍ਹਾਂ ਅੰਗਾਂ ਨੂੰ ਹੀ ਅੱਗੇ ਲਿਆਂਉਂਦੇ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਸਥਿਤੀ ਨੂੰ ਨੀਵਾਂ ਕੀਤਾ ਹੈ। ਉਹ ਸਮਾਨਤਾ ਨਹੀਂ ਬਲਕਿ ਵਖਰੇਵੇਂ ਵਜੋਂ ਸ੍ਵੈ-ਹੋਂਦ ਚਾਹੁੰਦੇ ਹਨ।

**ਬਾਕਸ 2**

ਜਾਤੀ ਪੰਚਾਇਤਾਂ ਆਪਣੇ-ਆਪ ਨੂੰ ਪੇਂਡੂ ਕੀਮਤ ਪ੍ਰਬੰਧ ਦੀਆਂ ਰੱਖਿਅਕ ਮੰਨਦੀਆਂ ਹਨ। ਝੱਜਰ ਜ਼ਿਲ੍ਹੇ ਦੇ ਅਸੰਧ ਪਿੰਡ ਦੀ 'ਰਾਠੀ ਖਾਪ ਪੰਚਾਇਤ' ਨੇ ਅਕਤੂਬਰ 2004 ਵਿਚ ਸੋਨੀਆ ਨੂੰ ਹੁਕਮ ਦਿੱਤਾ ਕਿ ਜੇ ਉਹ ਪਿੰਡ ਵਿਚ ਰਹਿਣਾ ਚਾਹੁੰਦੀ ਹੈ ਤਾਂ ਉਹ ਰਾਮਪਾਲ ਨਾਲ਼ ਆਪਣੇ ਵਿਆਹ ਨੂੰ ਤੋੜ ਦੇਵੇ, ਉਹਦੇ ਬੱਚੇ ਦਾ ਗਰਭਪਾਤ ਕਰਵਾ ਦੇਵੇ ਅਤੇ ਉਸ ਨੂੰ ਆਪਣਾ ਭਰਾ ਮੰਨ ਲਵੇ। ਉਹਨਾਂ ਦਾ ਕਸੂਰ ਇਕੋ ਗੋਤ ਦੇ ਹੋਣਾ ਸੀ ਭਾਵੇਂ ਕਿ 'ਹਿੰਦੂ ਵਿਆਹ ਐਕਟ' ਅਜਿਹੇ ਵਿਆਹਾਂ ਨੂੰ ਮਾਣਤਾ ਦਿੰਦਾ ਹੈ। ਮਾਨ ਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਜੋੜੇ ਦੀ ਸੁਰੱਖਿਆ ਕਰਨ ਦੇ ਆਦੇਸ਼ਾਂ ਤੋਂ ਬਾਅਦ ਹੀ ਉਹ ਇੱਕਠੇ ਰਹਿਣ, ਯੋਗ ਹੋ ਸਕੇ।

*Sunday times of India, New Delhi 2006*





Downloaded from https:// www.studiestoday.com

Downloaded from https:// www.studiestoday.com

**ਗਤੀਵਿਧੀ-10.2**

1) ਕੀ ਤੁਸੀਂ ਆਨਰ ਕਿਲਿੰਗ ਦਾ ਮਤਲਬ ਜਾਣਦੇ ਹੋ ?
2) ਉਹ ਕਿਹੜੇ ਕਾਰਨ ਹਨ ਜਿਹੜੇ ਆਨਰ ਕਿਲਿੰਗ ਨੂੰ ਵਧਾਉਂਦੇ ਹਨ ?
3) ਕੀ ਤੁਹਾਡੇ ਖੇਤਰ ਵਿੱਚ ਆਨਰ ਕਿਲਿੰਗ ਦਾ ਕੇਸ ਸਾਹਮਣੇ ਆਇਆ ਹੈ ?
4) ਕੀ ਤੁਸੀਂ ਇਹੋ ਜਿਹੀ ਵਿਵਸਥਾ ਤੋਂ ਸਹਿਮਤ ਹੋ ?

## ਵਰਗ

ਸਮਾਜਿਕ ਵਰਗ, ਉਦਯੋਗਿਕ ਸਮਾਜ ਵਿਚ ਸਮਾਜਿਕ ਸਤਰੀਕਰਨ ਦਾ ਰੂਪ ਹੈ। ਆਮ ਤੌਰ 'ਤੇ ਇਸ ਨੂੰ ਉਹਨਾਂ ਲੋਕਾਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸਮਾਜ ਵਿਚ ਧਨ, ਆਮਦਨ, ਕਿੱਤੇ ਆਦਿ ਦੇ ਆਧਾਰ 'ਤੇ ਸਮਾਨ ਦਰਜਾ ਰੱਖਦੇ ਹਨ। ਇਸ ਤਰ੍ਹਾਂ, ਵਰਗ ਵਿਆਪਕ ਪੱਧਰ 'ਤੇ ਲੋਕਾਂ ਦਾ ਉਹ ਸਮੂਹ ਹੈ ਜੋ ਸਮਾਜ ਦੀਆਂ ਆਰਥਿਕ ਸੰਸਥਾਵਾਂ ਨੂੰ ਸਾਂਝਾ ਕਰਦੇ ਹਨ, ਇਹ ਇਕ ਸ਼੍ਰੇਣੀ ਬੱਧ ਪ੍ਰਸਥਿਤੀ ਹੈ ਜਿਸ ਵਿਚ ਵਿਅਕਤੀਆਂ ਤੇ ਸਮੂਹਾਂ ਨੂੰ ਸਨਮਾਨ ਦੇ ਆਧਾਰ 'ਤੇ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਅਜਿਹਾ ਧਨ ਦੇ ਵਿਕਾਸ ਅਤੇ ਆਰਥਿਕ ਸਫ਼ਲਤਾ ਰਾਹੀਂ ਕੀਤਾ ਜਾਂਦਾ ਹੈ।

ਆਰ. ਐੱਮ. ਮੈਕਾਇਵਰ ਅਤੇ ਸੀ. ਐੱਚ. ਪੇਜ ਅਨੁਸਾਰ ਵਰਗ:

1. ਰੁਤਬੇ ਸਮੂਹਾਂ ਦਾ ਪੱਦਕ੍ਰਮਾਤਕ
2. ਉੱਚਤਾ ਅਤੇ ਨੀਚਤਾ ਦੇ ਸੰਬੰਧ
3. ਸਰੰਚਨਾ ਵਿੱਚ ਇਕ ਪੱਕੀ ਜਗ੍ਹਾ

**ਬਾਕਸ -3**

ਮਾਰਿਸ ਜਿਨਸਬਰਗ, ਅਨੁਸਾਰ," ਇੱਕ ਸਮਾਜਿਕ ਵਰਗ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦਾ ਸਮੂਹ ਹੈ। ਜਿਸ ਵਿੱਚ ਸਮਾਜਿਕ ਤੌਰ 'ਤੇ ਵਿਅਕਤੀਆਂ ਨੂੰ ਉਚ-ਨੀਚ ਦੇ ਅਧਾਰ 'ਤੇ ਵੰਡਿਆ ਜਾਂਦਾ ਹੈ। ਖਾਸ ਵਸਤੂਆਂ ਦੀ ਪ੍ਰਾਪਤੀ ਕਰਨ ਦੇ ਇਕੋ ਜਿਹੇ ਮੌਕੇ ਮਿਲ਼ਦੇ ਹਨ, ਜਿਨ੍ਹਾਂ ਦਾ ਇਕੋ ਜਿਹਾ ਜੀਵਨ ਪੱਧਰ ਹੁੰਦਾ ਹੈ।

## ਵਰਗ ਦੀਆਂ ਕਿਸਮਾਂ :

ਡਬਲਿਊ ਲਿਲਾਇਡ ਵਾਰਨਰ ਨੇ ਵਰਗ ਨੂੰ ਹੇਠ ਲਿਖੀਆਂ ਕਿਸਮਾਂ ਵਿੱਚ ਵੰਡਿਆ ਹੈ:

1. ਉੱਚ ਵਰਗ ਵਿੱਚ ਅਮੀਰ ਮਾਲਕ, ਉਦਯੋਗਪਤੀ ਹੁੰਦੇ ਹਨ ਅਤੇ ਉਹਨਾਂ ਕੋਲ਼ ਉਤਪਾਦਨ ਦੇ ਸਾਧਨਾਂ 'ਤੇ ਵੀ ਨਿਯੰਤਰਨ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

2. ਮੱਧ ਵਰਗ ਵਿੱਚ ਸਫ਼ੈਦਪੋਸ਼ ਕਾਮੇ ਅਤੇ ਕਿੱਤਾਕਾਰ ਜਿਵੇਂ ਕਿ ਡਾਕਟਰ, ਇੰਜੀਨਿਅਰ, ਵਕੀਲ ਆਦਿ।
3. ਕੰਮਕਾਜੀ ਵਰਗ ਵਿੱਚ ਬਲੂ ਕਾਲਰ ਕਾਮੇ ਅਤੇ ਜੋ ਹੱਥੀਂ ਕਿਰਤ ਕਰਨ ਵਾਲ਼ੇ ਸ਼ਾਮਿਲ ਹਨ।

ਦਿਲਚਸਪ ਗੱਲ ਹੈ ਕਿ ਕਿਰਸਾਨੀ ਵਰਗ ਵਿੱਚ ਜੱਦੀ ਖੇਤੀ ਦੇ ਕਿੱਤੇ ਨਾਲ਼ ਜੁੜੇ ਹੋਏ ਲੋਕ ਹਨ। ਇਹ ਵਿਕਸਿਤ ਹੋ ਰਹੇ ਸਮਾਜਾਂ ਜਿਵੇਂ ਭਾਰਤ ਵਿੱਚ ਪਾਏ ਜਾਂਦੇ ਹਨ। ਵਰਗ ਸਤਰੀਕਰਨ ਦੀ ਉਹ ਵਿਵਸਥਾ ਹੈ ਜਿਸ ਵਿਚ ਵਿਅਕਤੀ ਦਾ ਸਮਾਜਿਕ ਰੁਤਬਾ ਆਪਣੀਆਂ ਪ੍ਰਾਪਤੀਆਂ ਉੱਪਰ ਨਿਰਧਾਰਿਤ ਹੁੰਦਾ ਹੈ। ਵਰਗ ਦੀ ਮੈਂਬਰਸ਼ਿਪ ਜੱਦੀ ਨਹੀਂ ਹੁੰਦੀ। ਵਿਅਕਤੀ ਦਾ ਵਰਗ ਕੁੱਝ ਹੱਦ ਤੱਕ ਪ੍ਰਦੱਤ ਹੁੰਦਾ ਹੈ ਅਤੇ ਇਹ ਸਾਰੇ ਸਤਰੀਕਰਨ ਵਿਵਸਥਾ ਵਿੱਚ ਪਾਏ ਜਾਂਦੇ ਹਨ।

## ਵਰਗ ਦੀਆਂ ਵਿਸ਼ੇਸ਼ਤਾਵਾਂ :

ਵਰਗ ਦੀਆਂ ਮਹੱਤਵਪੂਰਨ ਵਿਸ਼ੇਸ਼ਤਵਾਂ ਹੇਠ ਲਿਖੇ ਅਨੁਸਾਰ ਹਨ :

**1. ਰੁਤਬਾ ਸਮੂਹ :** ਵਰਗ ਇੱਕ ਰੁਤਬਾ ਸਮੂਹ ਹੈ। ਸਮਾਜ ਵਿੱਚ ਜਦੋਂ ਵਿਅਕਤੀ ਵੱਖ-ਵੱਖ ਚੀਜ਼ਾਂ, ਗਤੀਵਿਧੀਆਂ ਅਤੇ ਕਿੱਤੇ ਅਪਣਾਉਂਦੇ ਹਨ ਤਾਂ ਰੁਤਬਾ ਸਮੂਹ ਉੱਭਰਦੇ ਹਨ।

**2. ਆਰਥਿਕ ਪ੍ਰਕਿਰਤੀ:** ਵਰਗ ਆਰਥਿਕ ਭਿੰਨਤਾਵਾਂ ਤੇ ਨਿਰਭਰ ਕਰਦਾ ਹੈ ਜਿਵੇਂ ਕਿ ਪਦਾਰਥਵਾਦੀ ਸੋਮਿਆ 'ਤੇ ਅਧਿਕਾਰ ਅਤੇ ਪੱਧਰਾਂ ਵਿੱਚ ਅਸਮਾਨਤਾ ।

**3. ਅਰਜਿਤ ਰੁਤਬਾ :** ਵਰਗ ਅਰਜਿਤ ਰੁਤਬਾ ਹੈ ਭਾਵੇਂ ਅਸੀਂ ਜਨਮ ਨਾਲ਼ ਹੀ ਇਕ ਵਰਗ ਵਿੱਚ ਸ਼ਾਮਿਲ ਹੁੰਦੇ ਹਾਂ ਪਰ ਜਨਮ ਵਰਗ ਨੂੰ ਨਿਰਧਾਰਿਤ ਨਹੀਂ ਕਰਦਾ। ਇਹ ਵਿਅਕਤੀ ਦੀ ਆਪਣੀ ਪ੍ਰਾਪਤੀ ਹੈ ਜੋ ਵਿਅਕਤੀ ਦੇ ਸਤਰ ਨੂੰ ਨਿਰਧਾਰਤ ਕਰਦੀ ਹੈ ਅਤੇ ਇਸ ਨੂੰ ਕਦੇ ਵੀ ਬਦਲਿਆ ਜਾ ਸਕਦਾ ਹੈ।

**4. ਵਿਲੱਖਣ ਜੀਵਨ ਸ਼ੈਲੀ:** ਸਮਾਜਿਕ ਵਰਗ, ਹੋਰ ਵਰਗਾਂ ਨਾਲੋਂ ਵਿਹਾਰ ਦੀਆਂ ਕਿਸਮਾਂ ਨੂੰ ਲਾਗੂ ਕਰਨ ਕਾਰਨ ਵੱਖਰਾ ਹੈ ਜੋ ਵਿਸ਼ੇਸ਼ ਵਰਗ ਦੀ ਜੀਵਨ ਸ਼ੈਲੀ ਨਾਲ਼ ਜੁੜਿਆ ਹੈ। ਇਸ ਵਿੱਚ ਪਹਿਰਾਵਾ, ਜੀਵਨ ਸਤਰ, ਮਨੋਰੰਜਨ, ਸੱਭਿਆਚਾਰਕ ਉਤਪਾਦ ਜੋ ਅਸੀਂ ਮਾਣਦੇ ਹਾਂ ਅਤੇ ਪਰਿਵਾਰ ਨਾਲ਼ ਰਿਸ਼ਤਾ ਸ਼ਾਮਿਲ ਹੈ। ਜੀਵਨ ਸ਼ੈਲੀ ਤੋਂ ਵਰਗ ਦੀਆਂ ਲੋੜਾਂ, ਰੁਚੀਆਂ ਅਤੇ ਕੀਮਤਾਂ ਦਾ ਪਤਾ ਲੱਗਦਾ ਹੈ।

**5. ਖੁੱਲ੍ਹੇ ਸਮੂਹ :** ਸਮਾਜਿਕ ਵਰਗ ਖੁੱਲ੍ਹੇ ਸਮੂਹ ਹਨ। ਇਹ ਇੱਕ ਤਰ੍ਹਾਂ ਦੀ ਖੁੱਲ੍ਹੀ ਸਮਾਜਿਕ ਵਿਵਸਥਾ ਹੈ ਜਿਸ ਵਿੱਚ ਉਪਰ ਵੱਲ ਨੂੰ ਗਤੀਸ਼ਲਤਾ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

**ਗਤੀਵਿਧੀ 10.3**

1. ਜਿਹੜੇ ਸਮੁਦਾਇ ਵਿੱਚ ਤੁਸੀਂ ਰਹਿੰਦੇ ਹੋ ਕੀ ਤੁਸੀਂ ਸਮਝਦੇ ਹੋ ਕੇ ਉਥੇ ਭਿੰਨ ਵਰਗ ਹਨ, ਉਹ ਕਿਹੜੇ ਹਨ।
2. ਉੱਚ ਵਰਗ ਵਿੱਚ ਰਹਿਣ ਦੇ ਕੀ ਲਾਭ ਹਨ।
3. ਤੁਹਾਡੇ ਅਨੁਸਾਰ ਮੱਧ ਵਰਗ ਵਿੱਚ ਕਿਹੜੇ ਲੋਕ ਸ਼ਾਮਿਲ ਹਨ।
4. ਕੀ ਤੁਸੀਂ ਉਪਭੋਗਤਾ ਸੱਭਿਆਚਾਰ ਤੋਂ ਜਾਣੂ ਹੋ ਤੁਸੀ ਇਸ ਨੂੰ ਸਵੀਕਾਰਦੇ ਹੋ ?

## ਵਰਗ ਦੇ ਸਿਧਾਂਤਕ ਪੱਖ -ਕਾਰਲ ਮਾਰਕਸ ਅਤੇ ਮੈਕਸ ਵੈਬਰ

**ਵਰਗ ਦੇ ਸਿਧਾਂਤਕ ਦ੍ਰਿਸ਼ਟੀਕੋਣ :** ਸਮਾਜਿਕ ਵਰਗ ਦੇ ਵਿਕਾਸ ਉੱਪਰ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਹਨ। ਕੁੱਝ ਪ੍ਰਸਿੱਧ ਸਮਾਜਿਕ ਵਿਚਾਰਕਾਂ ਨੇ ਇਹਨਾਂ ਧਾਰਨਾਵਾਂ ਨੂੰ ਨਿਰਦੇਸ਼ਿਤ ਕੀਤਾ ਹੈ। ਵਰਗ ਦਾ ਸਿਧਾਂਤ ਦੋ ਪ੍ਰਮੁੱਖ ਸਮਾਜ ਵਿਗਿਆਨੀਆਂ ਨੇ ਦਿੱਤਾ ਹੈ : ਕਾਰਲ ਮਾਰਕਸ ਅਤੇ ਮੈਕਸ ਵੈਬਰ।

**ਬਾਕਸ -4**

### ਵਰਗ ਸੰਬੰਧੀ ਕਾਰਲ ਮਾਰਕਸ ਦੇ ਵਿਚਾਰ

ਕਾਰਲ ਮਾਰਕਸ ਅਨੁਸਾਰ ਵਰਗ ਉਤਪਾਦਨ ਅਤੇ ਜੀਵਨ ਨਿਰਬਾਹ 'ਤੇ ਅਧਾਰਿਤ ਰਿਸ਼ਤਿਆਂ ਵਿੱਚ ਬੱਝਾ ਹੋਇਆ ਲੋਕ ਸਮੂਹ ਹੈ। ਮਾਰਕਸ ਦੇ ਪੱਖ ਤੋਂ ਵਰਗ ਵਿੱਚ ਉਹ ਲੋਕ ਹੁੰਦੇ ਹਨ ਜਿਨ੍ਹਾਂ ਦੀ ਉਤਪਾਦਨ ਦੀ ਪ੍ਰਕਿਰਿਆ ਵਿੱਚ ਇੱਕੋ ਜਿਹੀ ਭੂਮਿਕਾ ਹੁੰਦੀ ਹੈ। ਪੂੰਜੀਵਾਦੀ ਅਧੀਨ ਮੁੱਖ ਦੋ ਵਰਗ ਹਨ ਇੱਕ ਪੂੰਜੀਪਤੀ ਜਮਾਤ ਹੈ ਜਿਸ ਦਾ ਸਾਰੀ ਉਤਪਾਦਨ ਪ੍ਰਕਿਰਿਆ ਤੇ ਕਬਜ਼ਾ ਹੁੰਦਾ ਹੈ ਦੂਸਰੀ ਮਜ਼ਦੂਰ ਜਮਾਤ ਹੈ ਜਿਨ੍ਹਾਂ ਦਾ ਉਤਪਾਦਨ ਪ੍ਰਕਿਰਿਆ ਤੇ ਕਬਜ਼ਾ ਨਹੀਂ ਹੁੰਦਾ ਤੇ ਉਹ ਰਾਖਵੀਂ ਕੀਮਤ 'ਤੇ ਆਪਣੀ ਕਿਰਤ ਵੇਖਦੇ ਹਨ। ਇਸ ਤਰ੍ਹਾਂ ਸਮਾਜ ਵਿੱਚ ਦੋ ਵਰਗ ਹੁੰਦੇ ਹਨ: ਇੱਕ 'ਬੁਰਜ਼ੂਆ' ਜਮਾਤ ਜਿਨ੍ਹਾਂ ਦੀ ਉਤਪਾਦਨ ਦੇ ਸਾਧਨ 'ਤੇ ਮਾਲਕੀ ਹੁੰਦੀ ਹੈ ਅਤੇ ਦੂਸਰੇ 'ਪ੍ਰੋਲਤਾਰੀ' ਜੋ ਕਾਮੀ ਜਮਾਤ ਹੈ।

ਮਾਰਕਸ ਲਈ ਵਿਸ਼ਵ ਦੇ ਸਾਰੇ ਸਮਾਜਾਂ ਦਾ ਇਤਿਹਾਸ, ਵਰਗ ਸੰਘਰਸ਼ ਦਾ ਇਤਿਹਾਸ ਹੈ। ਜਦੋਂ ਤੋਂ ਮਨੁੱਖੀ ਸਮਾਜ ਹੋਂਦ ਵਿੱਚ ਆਇਆ ਹੈ, ਇਹ ਵਰਗਾਂ ਵਿੱਚ ਵੰਡਿਆ ਹੋਇਆ ਹੈ ਜੋ ਵਰਗ ਦੇ ਲਾਭ ਲਈ ਸੰਘਰਸ਼ ਕਰਦੇ ਹਨ। ਰੂੜੀਵਾਦੀ ਅਤੇ ਗੁਲਾਮ ਸਮਾਜਾਂ ਵਿੱਚ ਵਰਗ ਸੰਘਰਸ਼ ਹੁੰਦਾ ਰਿਹਾ ਹੈ। ਪੂੰਜੀਵਾਦੀ ਸਮਾਜ ਵਿੱਚ ਇਹ ਵਰਗ ਸੰਘਰਸ਼ ਨੂੰ ਭਲੀਭਾਂਤ ਦੇਖਿਆ ਜਾ ਸਕਦਾ ਹੈ। ਮਾਰਕਸ ਲਈ ਹਰ ਸਮਾਜ ਦਾ ਉਤਪਾਦਨ ਤਰੀਕਾ ਅਲੱਗ ਹੁੰਦਾ ਹੈ (ਤਕਨੀਕ ਦੀ ਪ੍ਰਕਿਰਤੀ ਤੇ ਕਿਰਤ ਦੀ ਵੰਡ ਅਨੁਸਾਰ ) ਹਰੇਕ ਉਤਪਾਦਨ ਦਾ ਤਰੀਕਾ ਇੱਕ ਵਿਸ਼ੇਸ਼ ਵਰਗ ਵਿਵਸਥਾ ਨੂੰ ਪੈਦਾ ਕਰਦਾ ਹੈ ਜਿਸ ਵਿੱਚ ਇੱਕ ਵਰਗ ਦਾ ਉਤਪਾਦਨ ਦੀ ਪ੍ਰਕਿਰਿਆ ਉੱਤੇ ਅਧਿਕਾਰ ਹੁੰਦਾ ਹੈ ਤੇ ਦੂਜਾ ਵਰਗ ਉਤਪਾਦਕ ਹੁੰਦਾ ਹੈ ਅਤੇ ਮਾਲਕ ਵਰਗ ਨੂੰ ਆਪਣੀਆਂ ਸੇਵਾਵਾਂ ਦਿੰਦਾ ਹੈ। ਫੈਕਟਰੀ ਦੋ ਵਰਗਾਂ ਵਿੱਚ ਆਪਸੀ ਵਿਰੋਧ/ਦੁਸ਼ਮਣੀ ਦਾ ਕਾਰਨ ਬਣਦੀ ਹੈ– ਪੂੰਜੀਪਤੀ/ਬੁਰਜ਼ੁਆ ਅਤੇ ਕਿਰਤੀ ਵਰਗ/ਪ੍ਰੋਲਤਾਰੀ। ਇਹ ਦੋਵੇਂ ਵਰਗ ਸਾਧਨ ਸੰਪੰਨ ਤੇ ਸਾਧਨ ਵਿਹੂਣੇ, ਸ਼ਾਸ਼ਕ ਤੇ ਸ਼ੋਸਤ, ਕਿਰਤ ਦੇ ਖ਼੍ਰੀਦਦਾਰ ਤੇ ਕਿਰਤ ਵਿਕਰੇਤਾ, ਜਾਲਮ ਤੇ ਮਜ਼ਲੂਮ, ਸ਼ਕਤੀਸ਼ਾਲੀ ਅਤੇ ਸ਼ਕਤੀਹੀਣ ਵਰਗਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਸੰਘਰਸ਼ ਦੀ ਤੀਬਰਤਾ ਵਧਣ ਨਾਲ਼ ਕਿਰਤੀ ਵਰਗ ਸਮਾਜਿਕ ਚੇਤਨਾ ਨੂੰ ਪ੍ਰਾਪਤ ਕਰ ਲੈਂਦੇ ਹਨ



Downloaded from https:// www.studiestoday.com

Downloaded from https:// www.studiestoday.com

(ਸ੍ਵੈ-ਜਾਗਰੁਕਤਾ ਅਤੇ ਆਪਣੀ ਤਰਕਵਾਦੀ ਰੁਚੀਆਂ ਲਈ ਕਿਰਿਆ ਕਰਨ ਦੀ ਸਮਰੱਥਾ ਆ ਜਾਂਦੀ ਹੈ) ਜਿਸ ਨਾਲ਼ ਉਹ ਪੂੰਜੀਪਤੀ ਜਾਂ ਬੁਰਜ਼ੁਆ ਜਮਾਤ ਨੂੰ ਚੁਣੌਤੀ ਦਿੰਦਾ ਹੈ ਜੋ ਵਾਸਤਵਿਕ ਵਿੱਚ ਸਮਾਜ ਦੇ ਮਾਲਕ ਹੁੰਦੇ ਹਨ। ਮਾਰਕਸ ਨੇ 'ਵਰਗ ਆਪਣੇ-ਆਪ ਵਿੱਚ ਕੀ ਹੈ' (class in itself) ਅਤੇ 'ਵਰਗ ਆਪਣੇ ਆਪ ਲਈ ਕੀ ਹੈ' (class for itself) ਵਿੱਚ ਵੱਖਰੇਵਾਂ ਕੀਤਾ। ਇਕ 'ਵਰਗ ਆਪਣੇ-ਆਪ ਵਿੱਚ ਕੀ ਹੈ', ਇਹ ਸਧਾਰਨ ਸਮਾਜਿਕ ਸਮੂਹ ਹੈ ਜਿਸ ਦੇ ਸਾਂਝੀਦਾਰਾਂ ਦਾ ਉਤਪਾਦਨ ਦੀ ਸ਼ਕਤੀ ਨਾਂਲ ਆਪਸੀ ਸੰਬੰਧ ਹੁੰਦਾ ਹੈ। ਮਾਰਕਸ ਦਾ ਤਰਕ ਹੈ ਕਿ ਇਹ ਸਮਾਜਿਕ ਸਮੂਹ ਉਦੋਂ ਪੂਰਨ ਵਰਗ ਬਣਦਾ ਹੈ ਜਦੋਂ 'ਵਰਗ ਆਪਣੇ ਆਪ ਲਈ ਕੀ ਹੈ' ਪ੍ਰਤੀ ਸਮੂਹ ਦੇ ਸਾਂਝੀਕਾਰ ਚੇਤੰਨ ਅਤੇ ਇਕਮੁੱਠ ਹੁੰਦੇ ਹਨ। ਦੋ ਵਿਰੋਧੀ ਰੁਚੀਆਂ ਵਾਲੇ ਵਰਗਾਂ ਵਿਚਲੇ ਸੰਘਰਸ਼ ਦੇ ਸਿੱਟੇ ਵਜੋਂ ਸਮਾਜਿਕ ਇੰਨਕਲਾਬ ਆਉਂਦੇ ਹਨ ਅਤੇ ਵਰਗ ਰਹਿਤ ਸਮਾਜ ਦੀ ਸਥਾਪਨਾ ਹੁੰਦੀ ਹੈ।



ਵਰਗ ਆਪਣੇ ਆਪ ਵਿੱਚ ਕੀ ਹੈ



ਵਗਰ ਆਪਣੇ ਆਪ ਲਈ ਕੀ ਹੈ

**ਬਾਕਸ-5**

## ਵਰਗ ਉੱਪਰ ਵੈਬਰ ਦੇ ਵਿਚਾਰ

ਵੈਬਰ ਦੇ ਅਨੁਸਾਰ ਸੰਪਤੀ, ਸ਼ਕਤੀ ਅਤੇ ਸਤਰ/ਪੱਧਰ ਅਸਮਾਨਤਾ ਦੇ ਰੂਪ ਹਨ। ਵਰਗ, ਆਰਥਿਕ ਪੱਖ ਨਾਲ਼ ਸੰਬੰਧਿਤ ਹੈ, ਸਤਰ/ਪੱਧਰ ਸਮੁਦਾਇ ਦੇ ਨਾਲ਼ ਅਤੇ ਸ਼ਕਤੀ ਰਾਜਨੀਤੀ ਨਾਲ਼ ਸੰਬੰਧਿਤ ਹੈ। ਮਾਰਕਸ ਦੀ ਤਰ੍ਹਾਂ ਵੈਬਰ ਨੇ ਵੀ ਵਰਗ ਨੂੰ ਆਰਥਿਕ ਧਾਰਨਾ 'ਤੇ ਹੀ ਅਧਾਰਿਤ ਕੀਤਾ ਹੈ। ਵੈਬਰ ਦੇ ਅਨੁਸਾਰ ਜਿਨ੍ਹਾਂ ਦੀ ਸਮਾਨ ਵਰਗ ਦੀ ਸਥਿਤੀ ਹੁੰਦੀ ਹੈ। ਉਹਨਾਂ ਕੋਲ਼ ਜਿਉਣ ਦੇ ਸਮਾਨ ਮੌਕੇ ਵੀ ਹੁੰਦੇ ਹਨ।

ਵਰਗ ਸਾਧਨ ਸੰਪੰਨ ਅਤੇ ਸਾਧਨ ਵਿਹੂਣੇ ਪ੍ਰਬੰਧਾਂ 'ਤੇ ਅਧਾਰਿਤ ਹੈ। ਵੈਬਰ ਨੇ ਹੇਠ ਲਿਖੇ ਅਨੁਸਾਰ ਭਿੰਨਤਾ ਦਰਸਾਈ ਹੈ।

1. ਸੰਪਤੀ ਜਾਂ ਜਾਇਦਾਦ ਵਾਲ਼ੇ ਵਰਗ ਜਿਨ੍ਹਾਂ ਕੋਲ਼ ਖ਼ਾਵਾਂ, ਗਾਂ-ਬੈਲ, ਗ਼ੁਲਾਮ ਪੂੰਜੀਵਾਦੀ ਵਸਤੂਆਂ-ਭੰਡਾਰਨ, ਪੈਸਾ, ਜ਼ਮੀਨ ਅਤੇ ਇਮਾਰਤਾਂ ਆਦਿ ਹਨ।

2. ਕਰਮਚਾਰੀ ਵਰਗ ਜਿਨ੍ਹਾਂ ਦੀ ਮਜ਼ਦੂਰੀ ਪੂੰਜੀਵਾਦੀ ਵਰਗ ਦੁਆਰਾ ਸ਼ੋਸ਼ਿਤ ਹੁੰਦੀ ਹੈ।

3. ਕੁਸ਼ਲ ਵਰਗ ਜਿਨ੍ਹਾਂ ਕੋਲ਼ ਸੰਪੰਤੀ ਨਹੀਂ ਹੁੰਦੀ ਪਰ ਵਿਸ਼ੇਸ਼ ਕੁਸ਼ਲਤਾ ਹੁੰਦੀ ਹੈ। ਉਹਨਾਂ ਦੇ ਅਧਾਰ



Downloaded from https:// www.studiestoday.com

Downloaded from https:// www.studiestoday.com

'ਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਦਿੰਦੇ ਹਨ। ਮਾਹਿਰ, ਵਿਲੱਖਣ ਕੁਸ਼ਲਤਾ ਵਾਲ਼ੇ ਵਿਅਕਤੀ, ਮਨੋਰੰਜਕ, ਖਿਡਾਰੀ)

4. ਵਿਉਪਾਰਿਕ ਵਰਗ ਵਿੱਚ ਪ੍ਰਤਿਸ਼ਠਾ ਵਾਲ਼ੇ ਵਿਅਕਤੀ ਜਿਵੇਂ ਵਿਉਪਾਰੀ, ਸ਼ਾਹੂਕਾਰ, ਪੇਸ਼ਾਵਰ, ਉਦਯੋਗਿਕ ਅਤੇ ਖੇਤੀਬਾੜੀ, ਹਿੰਮਤੀ ਆਦਿ ਜਿੰਨ੍ਹਾਂ ਕੋਲ਼ ਇਕੋ ਜਿਹੇ ਵਿੱਤੀ ਸਾਧਨ ਹੁੰਦੇ ਹਨ।

ਵੈਬਰ ਆਪਣੀ ਪੂੰਜੀਵਾਦੀ ਅਤੇ ਵਰਗ ਸੰਰਚਨਾ ਦੇ ਸਿਧਾਂਤ 'ਤੇ ਕਹਿੰਦਾ ਹੈ ਕਿ ਸਮਾਜਿਕ ਸਤਰੀਕਰਨ ਦਾ ਆਧਾਰ ਸ਼ਕਤੀ ਦੀ ਅਸਮਾਨ ਵੰਡ ਹੈ। ਵਰਗਾਂ ਦੀ ਵੰਡ ਵਿਅਕਤੀਆਂ ਦੇ ਬਾਜ਼ਾਰ ਦੇ ਲਈ ਕੀਤੇ ਗਏ ਉਤਪਾਦਿਤ ਵਸਤੂਆਂ ਨਾਲ਼ ਸੰਬੰਧਿਤ ਹੈ। ਦਰਜਾ ਸਮੂਹ ਇਕਸਾਰ ਜੀਵਨ ਸ਼ੈਲੀ ਨੂੰ ਦਰਸਾਉਂਦੀ ਹੈ ਜਿਹੜੀ ਉਹਨਾਂ ਦੀ ਤਨਖ਼ਾਹ ਦੇ ਆਧਾਰ 'ਤੇ ਸਤਰੀਕਰਨ ਨੂੰ ਦਰਸਾਉਂਦੀ ਹੈ। ਇਹ ਸਾਰੇ ਤੱਤ ਵਰਗ ਦੀ ਸਥਿਤੀ ਨੂੰ ਸਪਸ਼ਟ ਕਰਦੇ ਹਨ।

ਵੈਬਰ ਦਾ ਵਿਸ਼ਵਾਸ ਹੈ ਕਿ ਵਰਗ ਸ਼ਕਤੀ ਭੌਤਿਕ ਸਾਧਨਾਂ ਦੀ ਅਸਮਾਨ ਪਹੁੰਚ ਹੈ। ਅਗਰ ਕੋਈ ਕਿਸੇ ਚੀਜ਼ ਉੱਪਰ ਆਪਣਾ ਹੱਕ ਜਤਾਉਂਦਾ ਹੈ ਜਿਸ ਦੀ ਉਸਨੂੰ ਇੱਛਾ ਹੈ ਜਾਂ ਜਿਸਦੀ ਉਸਨੂੰ ਜ਼ਰੂਰਤ ਹੈ ਉਦੋਂ ਉਹ ਹੋਰ ਸ਼ਕਤੀਸ਼ਾਲੀ ਬਣ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਪ੍ਰਭਾਵਸ਼ਾਲੀ ਸਥਿਤੀ ਲਈ ਕਰਮਚਾਰੀ ਅਤੇ ਅਧੀਨ ਸਥਿਤੀ ਦੇ ਕਰਮਚਾਰੀਆਂ ਵਿਚਕਾਰ ਦੇ ਸੰਬੰਧ ਹਨ।

## ਵਰਗ ਵਿਵਸਥਾ ਦੇ ਨਵੇਂ ਝੁਕਾਅ

ਵਰਗ ਇੱਕ ਸਧਾਰਨ ਧਾਰਨਾ ਨਹੀਂ ਹੈ। ਅਜੋਕੇ ਸਮੇਂ ਵਿੱਚ ਬਹੁਤ ਸਾਰੇ ਨਵੇਂ ਵਰਗ ਉੱਭਰ ਕੇ ਆ ਰਹੇ ਹਨ। ਉਦਾਹਰਨ ਦੇ ਤੌਰ 'ਤੇ ਭਾਰਤ ਵਿੱਚ ਭੂਮੀ ਸੁਧਾਰ ਅਤੇ ਹਰੀ ਕ੍ਰਾਂਤੀ ਨੇ ਕਿਰਸਾਨੀ ਵਿਵਸਥਾ ਦਾ ਪੁਨਰ ਨਿਰਮਾਣ ਕੀਤਾ। ਖੇਤੀ ਦੀਆਂ ਨਵੀਆਂ ਤਕਨੀਕਾਂ ਦੇ ਆਉਣ ਤੋਂ ਬਾਅਦ ਖੇਤੀ ਉਤਪਾਦਨ ਢੰਗਾਂ ਵਿੱਚ ਬਹੁਤ ਬਦਲਾਵ ਆਇਆ ਪਰੰਪਰਾਵਾਦੀ ਜ਼ਮੀਨਦਾਰੀ ਵਰਗ ਦੇ ਨਾਲ਼ ਇਕ ਨਵੇਂ ਕਿਸਾਨ ਵਰਗ ਦਾ ਜਨਮ ਹੋਇਆ ਜਿਸ ਦੀਆਂ ਆਪਣੀਆਂ ਭਿੰਨ ਪ੍ਰਕਾਰ ਦੀਆਂ ਕੁਸ਼ਲਤਾਵਾਂ ਅਤੇ ਅਨੁਭਵ ਹਨ। ਇਹ ਉਹ ਲੋਕ ਸਨ ਜਿਹੜੇ ਲੋਕ ਸੇਵਾ(ਨੌਕਰੀ) ਅਤੇ ਫੌਜ ਤੋਂ ਸੇਵਾ ਮੁਕਤ ਹੋਏ ਅਤੇ ਉਨ੍ਹਾਂ ਨੇ ਆਪਣੀ ਜਮਾਂ ਪੂੰਜੀ ਖੇਤੀ ਵਿੱਚ ਲਗਾ ਦਿੱਤੀ। ਪੁਰਾਣੇ ਜ਼ਮੀਨਦਾਰੀ ਵਰਗ ਦੇ ਨਾਲ਼ ਇਸ ਨਵੇਂ ਕਿਸਾਨ ਵਰਗ ਨੂੰ ਸੱਜਣ ਕਿਸਾਨ ਕਿਹਾ ਜਾਣ ਲੱਗ ਪਿਆ।

ਘੱਟ ਗਿਣਤੀ ਵਾਲ਼ੇ ਕਿਸਾਨਾ ਦੀ ਉਸ ਸ਼੍ਰੇਣੀ ਨੂੰ 'ਪੂੰਜੀਵਾਦੀ ਕਿਸਾਨ' ਦਾ ਨਾਮ ਦਿੰਦੇ ਹਨ ਜਿਨ੍ਹਾ ਨੇ ਨਵੀਂ ਤਕਨੀਕ, ਉੱਚ ਪੱਧਰੀ ਬੀਜ, ਬੇਹਤਰ ਖੇਤੀਬਾੜੀ ਤਰੀਕਿਆਂ, ਬੇਹਤਰ ਸਿੰਚਾਈ ਤਰੀਕਿਆਂ, ਕਰਜ਼ ਸਹੂਲਤਾਂ ਅਤੇ ਬੇਹਤਰ ਆਵਾਜਾਈ ਤੇ ਸੰਚਾਰ ਸਹੂਲਤਾਂ ਦੀ ਵਰਤੋਂ ਰਾਹੀਂ ਵਿਉਪਾਰਕ ਖੇਤੀ ਨੂੰ ਤਰਜੀਹ ਦਿੱਤੀ। ਇਹਨਾ ਪੂੰਜੀਵਾਦੀ ਕਿਸਾਨਾ ਦੇ ਉਭਾਰ ਨਾਲ਼, ਕਿਸਾਨੀ ਸਮਾਜਿਕ ਸੰਰਚਨਾ ਵਿੱਚ ਸਿਰਫ਼ ਕੁਸ਼ਲਤਾ ਅਤੇ ਉਤਪਾਦਿਕਤਾ ਦਾ ਹੀ ਵਾਧਾ ਨਹੀਂ ਹੋਇਆ ਸਗੋਂ ਇਸ ਨਾਲ ਉਦਯੋਗਿਕ ਵਾਧਾ ਤੇ ਵਿਕਾਸ ਵੀ ਹੋਇਆ ਹੈ। ਨਵੀਂ ਮੱਧ ਸ਼੍ਰੇਣੀ ਦਾ ਆਮਦ ਅਧੁਨਿਕ ਭਾਰਤ ਵਿੱਚ ਆਰਥਿਕ ਉਦਾਹਰਵਾਦ ਦਾ ਦਿਲਚਸਪ ਵਿਕਾਸ ਹੈ।



Downloaded from https:// www.studiestoday.com

Downloaded from https:// www.studiestoday.com

ਜਿਹੜੇ ਲੋਕ ਉਪਰ ਭੂਮੀ ਉਪਰ ਵਾਸਤਵਿਕ ਤੌਰ ਤੇ ਖੇਤੀ ਕਰਦੇ ਹਨ, ਉਨ੍ਹਾਂ ਨੂੰ ਅੱਜ ਵੀ ਪੂੰਜੀਵਾਦੀ ਵਰਗ ਅਤੇ ਪਰੰਪਰਾਗਤ ਕਿਸਾਨਾਂ ਦੁਆਰਾ ਰੁਜ਼ਗਾਰ ਦਿੱਤਾ ਜਾਂਦਾ ਹੈ। ਇਹ ਸਿਰਫ਼ ਲਾਭ ਪ੍ਰਾਪਤੀ ਦੀਆਂ ਕਿਰਿਆਵਾਂ ਦੁਆਰਾ ਹੀ ਜੁੜੇ ਰਹਿੰਦੇ ਹਨ। ਉੱਚ ਜਾਤੀ ਦੇ ਜ਼ਮੀਨਦਾਰ ਹੋਰ ਅਮੀਰ ਬਣ ਗਏ ਜਦੋਂ ਕਿ ਛੋਟੇ ਕਿਸਾਨ ਗ਼ਰੀਬ ਹੀ ਰਹਿ ਗਏ। ਇਸ ਪ੍ਰਕਾਰ, ਭੂਮੀ ਸੁਧਾਰ ਦੇ ਲਾਭ ਜਾਂ ਨਵੀਆਂ ਤਕਨੀਕਾਂ ਦਾ ਲਾਭ ਇੱਕ ਅਸਮਾਨ ਪਾਇਆ ਗਿਆ ਹੈ। ਇਹ ਮੱਧ ਵਰਗੀ ਕਿਸਾਨ ਹਨ। ਜਿਨ੍ਹਾਂ ਨੇ ਖੇਤੀ ਸੁਧਾਰ ਤੋਂ ਬਹੁਤ ਲਾਭ ਪ੍ਰਾਪਤ ਕੀਤਾ ਹੈ। ਮੱਧ ਜਾਤੀ ਦੇ ਕਿਸਾਨਾਂ ਦੀ ਆਰਥਿਕ ਲਾਭ ਦੇ ਨਾਲ਼ ਰਾਜਨੀਤਿਕ ਸ਼ਕਤੀ ਜਾਂ ਪ੍ਰਭਾਵ ਵਿੱਚ ਵਾਧਾ ਹੋਇਆ ਹੈ ਜਿਵੇਂ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਯਾਦਵ ਅਤੇ ਕਰਨਾਟਕ ਦੇ ਵੋਕਾਲਿਗਸ।

ਉਪਭੋਗੀ ਸੱਭਿਆਚਾਰ ਨੇ ਨਵੀਂ ਮੱਧ ਸ਼੍ਰੇਣੀ ਨੂੰ ਪੈਦਾ ਕੀਤਾ ਹੈ ਜਿਹੜੀ ਕਿ ਸੰਭਾਵੀ ਮਾਰਕਿਟ ਅਤੇ ਬਹੁ ਰਾਸ਼ਟਰੀ ਕੰਪਨੀਆਂ ਵੱਲ ਆਕਰਸ਼ਿਤ ਹੈ। ਵਿਗਿਆਪਨ ਜੋ ਸ਼ਹਿਰੀ ਮੱਧ ਸ਼੍ਰੇਣੀ ਦੇ ਸਮਰਿਧ ਉਪਭੋਗਤਾਵਾਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਦੇ ਹਨ। ਸਾਦਗੀ ਤੇ ਰਾਜ ਵੱਲੋਂ ਸੁਰੱਖਿਆ ਦੀ ਨਿਰਭਰਤਾ ਜੋ ਪਹਿਲੇ ਸਮਾਜ ਵਿੱਚ ਹੋਂਦ ਸ਼ੀਲ ਸੀ ਉਸ ਨੂੰ ਮੱਧ ਵਰਗ ਨੇ ਨਵੀਆਂ ਸਮਾਜਿਕ ਕਿਰਿਆਵਾਂ, ਰੁਚੀਆਂ, ਉਪਭੋਗਤਾ ਅਤੇ ਨਵੇਂ ਸੱਪਿਆਚਾਰਕ ਮਾਪ ਦੰਡਾਂ ਨਾਲ ਗ੍ਰਹਿਣ ਕੀਤਾ ਹੈ।

ਆਧੁਨਿਕ ਭਾਰਤ ਵਿੱਚ, ਸ਼੍ਰੇਣੀ ਸੰਰਚਨਾ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਈਆਂ ਹਨ ਕਿ ਸਾਰੀਆਂ ਸ਼੍ਰੇਣੀਆਂ, ਇਕੱਠੀਆਂ ਹੋ ਕੇ ਇਕ ਸ਼ਾਸ਼ਨ ਪ੍ਰਣਾਲੀ ਅਧੀਨ ਇਕਹਿਰੀ ਰਾਸ਼ਟਰੀ ਆਰਥਿਕਤਾ ਦੀ ਸਥਾਪਨਾ ਕਰਨਾ ਚਾਹੁੰਦੀਆਂ ਹਨ। ਨਵੇਂ ਮੱਧ ਵਰਗ ਵਿੱਚ ਪਿੰਡਾਂ ਦੇ ਉਪਰਲੇ ਤਬਕਿਆਂ 'ਚੋਂ ਮੈਂਬਰ ਜੁੜ ਰਹੇ ਹਨ। ਪਿੰਡਾਂ ਦੇ ਸ਼ਿਲਪਕਾਰ ਜਾਂ ਦਸਤਕਾਰ ਹੁਣ ਅੱਲਗ-ਥਲੱਗ ਨਹੀਂ ਰਹੇ। ਹੁਣ ਕਾਮਿਆਂ ਵਿਚਕਾਰ ਜਾਤੀ ਪ੍ਰਭਾਵ ਘੱਟ ਗਿਆ ਹੈ ਅਤੇ ਵਰਗ ਚੇਤਨਾ ਵਧੀ ਹੈ ਹੇਠਲੇ ਤਬਕੇ ਵਿਚੋਂ ਹਰ ਕੋਈ ਮੱਧ ਵਰਗ ਦਾ ਹਿੱਸਾ ਬਣਨਾ ਚਾਹੁੰਦਾ ਹੈ ਜਿਸ ਨਾਲ ਮੱਧ-ਵਗਰ ਵਿੱਚ ਵੰਨ-ਸੁਵੰਤਾ ਵਧੀ ਹੈ।

**ਸਾਰ**

- ਸਮਾਜਿਕ ਅਸਾਮਨਤਾ, ਸਮਾਜ ਜਾਂ ਸਮੂਹ ਵਿੱਚਲੀਆਂ ਵਿਭਿੰਨ ਸਮਾਜਿਕ ਸਥਿਤੀਆਂ ਅਤੇ ਪ੍ਰਸਥਿਤੀਆਂ ਵਿੱਚ ਅਵਸਰਾਂ ਜਾਂ ਪੁਰਸਕਾਰਾਂ ਦੇ ਵਖਰੇਵੇਂ ਵਜੋਂ ਹੋਂਦ ਵਿੱਚ ਆਉਂਦੀ ਹੈ।
- ਸਮਾਜਿਕ ਅਸਮਾਨਤਾ ਉਦੋਂ ਹੁੰਦੀ ਹੈ ਜਦੋਂ ਸਮਾਜ ਵਿੱਚ ਸੋਮਿਆਂ ਦੀ ਵੰਡ ਇਕਸਾਰ ਨਹੀਂ ਹੁੰਦੀ।
- ਜਾਤ ਅਤੇ ਵਰਗ ਦੋ ਪ੍ਰਮੁੱਖ ਸਤਰੀਕਰਨ ਦੇ ਅਧਾਰ ਹਨ।
- ਪੁਰਾਤਨ ਜਾਤੀ ਵਿਵਸਥਾ ਸ਼ੁੱਧਤਾ ਅਤੇ ਅੱਸ਼ੁਧਤਾ 'ਤੇ ਅਧਾਰਿਤ ਹੈ।
- ਭਾਰਤ ਵਿੱਚ ਜਾਤੀ ਵਿਵਸਥਾ ਵਿੱਚ ਕੁਝ ਸਮਿਆਂ ਤੋਂ ਬਹੁਤ ਬਦਲਾਵ ਆਇਆ ਹੈ।
- ਜਾਤ ਇਕ ਇਛੁੱਕ ਸਮੂਹ ਹੈ।
- ਜਾਤ ਹਿੱਤ ਸਮੂਹ ਦੇ ਅਧਾਰ 'ਤੇ ਸ਼ਕਤੀ ਸਮੂਹ ਮਨਿਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

- ਵਰਗ ਉਹ ਸਮਾਜਿਕ ਸਮੂਹ ਹੈ ਜਿਸ ਵਿੱਚ ਉਤਪਾਦਨ ਦੇ ਇਕੋ ਜਿਹੇ ਰਿਸ਼ਤੇ ਹੁੰਦੇ ਹਨ।
- ਆਧੁਨਿਕ ਵਰਗ ਖੁੱਲ੍ਹੀ ਅਤੇ ਹਾਸਿਲ ਕੀਤੀ ਵਿਵਸਥਾ ਹੈ ।
- ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਬਦਲਾਵ ਨਾਲ਼ ਸਮਾਜ ਵਿੱਚ ਨਵੇਂ ਸਮੂਹ ਅਤੇ ਵਰਗ ਉੱਭਰ ਕੇ ਸਾਹਮਣੇ ਆਏ ਹਨ।

## ਸ਼ਬਦਾਵਲੀ

| | |
|---|---|
| **ਵਰਗ** | ਇਹ ਆਰਥਿਕ ਸਮੂਹ ਉਦਪਾਦਨ, ਪੱਧਰ, ਜੀਵਨ ਸ਼ੈਲੀ ਅਤੇ ਰਾਜਨਿਤੀਕ ਸੰਬੰਧਾਂ ਵਿੱਚ ਇਕਸਾਰ ਸਥਿਤੀ ਉੱਪਰ ਅਧਾਰਿਤ ਹੈ। |
| **ਪ੍ਰਭਾਵਸ਼ਾਲੀ ਜਾਤੀ** | ਇਹ ਉਹ ਸਮੂਹ ਹੈ ਜਿਸ ਵਿੱਚ ਉੱਚਤਾ ਅਤੇ ਨੀਚਤਾ ਦੇ ਸੰਬੰਧ ਹਨ ਪਰ ਇਹਨਾਂ ਦਾ ਆਧਾਰ ਨਵੇਂ ਹਾਸਿਲ ਕੀਤੇ ਗਏ ਜ਼ਮੀਨੀ ਅਧਿਕਾਰਾਂ ਨਾਲ਼ ਹੈ। ਇਨ੍ਹਾਂ ਦੇ ਸੁਮੇਲ ਕਰਕੇ ਇਹ ਜਾਤਾਂ ਦੇਸ਼ ਵਿੱਚ ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੁੰਦੀਆਂ ਹਨ। |
| **ਜਾਤੀ** | ਇਹ 'ਕਾਸਟ' ਸ਼ਬਦ ਲਈ ਵਰਤਿਆ ਜਾਂਦਾ ਹੈ ਜਿਸ ਵਿੱਚ ਜੱਦੀ ਕਿੱਤੇ, ਅੰਤਰ ਜਾਤੀ ਵਿਆਹ ਅਤੇ ਮੈਂਬਰਸ਼ਿਪ ਜਨਮ 'ਤੇ ਅਧਾਰਿਤ ਹੈ। |
| **ਜੀਵਨ ਸ਼ੈਲੀ** | ਇਹ ਖ਼ਾਸ ਕਿਸਮ ਦੀ ਜੀਵਨ ਸ਼ੈਲੀ ਹੈ ਜਿਹੜੀ ਰੋਜ਼ਾਨਾ ਦੇ ਜੀਵਨ ਨੂੰ ਦਰਸਾਉਂਦੀ ਹੈ। |
| **ਸਤਰੀਕਰਨ** | ਪਦਕ੍ਰਮਾਤਮਕ ਤਰਤੀਬ ਜਿਹੜੀ ਕੇ ਸਮਾਜ ਨੂੰ ਵੱਖ- ਵੱਖ ਭਾਗਾਂ ਵਿੱਚ ਵੰਡਦੀ ਹੈ ਇਹ ਅਸਾਮਨਤਾ ਤੇ ਅਧਾਰਿਤ ਹੈ। |
| **ਛੂਤ -ਛਾਤ** | ਇਹ ਸਮਾਜਿਕ ਰੀਤ ਹੈ ਜਿਸ ਵਿੱਚ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਅਸ਼ੁੱਧ ਸਮਝਿਆ ਜਾਂਦਾ ਹੈ ਅਤੇ ਸਮਾਜਿਕ ਸੰਸਥਾਵਾਂ ਤੋਂ ਦੂਰ ਰੱਖਿਆ ਜਾਂਦਾ ਹੈ। |
| **ਵਰਨ** | ਵਰਨ ਜਾਤੀ ਵਿਵਸਥਾ ਨੂੰ ਵੰਡਦਾ ਹੈ ਜਿਸ ਵਿੱਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਸ਼ਾਮਿਲ ਹਨ। |

## ਅਭਿਆਸ

**ਹੇਠ ਲਿਖੇ ਉੱਤਰਾਂ ਨੂੰ 1-15 ਸ਼ਬਦਾ ਵਿੱਚ ਲਿਖੋ।**

1. ਸਮਾਜਿਕ ਸਤਰੀਕਰਨ ਤੋਂ ਤੁਸੀਂ ਕੀ ਸਮਝਦੇ ਹੋ ?
2. ਸਮਾਜਿਕ ਸਤਰੀਕਰਨ ਦੀਆਂ ਕਿਸਮਾਂ ਦੱਸੋ।
3. ਸਮਾਜਿਕ ਸਤਰੀਕਰਨ ਦੇ ਤੱਤਾਂ ਦੇ ਨਾਮ ਲਿਖੋ।
4. ਜਗੀਰਦਾਰੀ ਵਿਵਸਥਾ ਕੀ ਹੈ ?
5. 'ਕਾਸਟ' ਸ਼ਬਦ ਦੀ ਉਤਪਤੀ ਕਿਥੋਂ ਹੋਈ ਹੈ ?



Downloaded from https:// www.studiestoday.com

Downloaded from https:// www.studiestoday.com

6. ਵਰਨ ਵਿਵਸਥਾ ਕੀ ਹੈ ?
7. ਹਿੰਦੂ ਸਮਾਜ ਵਿੱਚ ਪੱਦਕ੍ਰਮਾਤਮਕ ਸਥਿਤੀ ਦੇ ਭਿੰਨ ਨਾਮ ਦੱਸੋ।
8. ਛੂਤ -ਛਾਤ ਤੋਂ ਤੁਸੀਂ ਕੀ ਸਮਝਦੇ ਹੋ ?
9. ਕੁਝ ਸੁਧਾਰਕਾਂ ਦੇ ਨਾਮ ਲਿਖੋ, ਜਿਹਨਾਂ ਨੇ ਛੂਤ-ਛਾਤ ਦੇ ਖਿਲਾਫ਼ ਵਿਰੋਧ ਕੀਤਾ ਹੈ।
10. ਵਰਗ ਕੀ ਹੈ ?
11. ਵਰਗ ਵਿਵਸਥਾ ਦੀਆਂ ਕਿਸਮਾਂ ਦੇ ਨਾਂ ਲਿਖੋ।
12. ਮਾਰਕਸ ਦੁਆਰਾ ਦਿੱਤੇ ਗਏ ਦੋ ਵਰਗਾਂ ਦੇ ਨਾਂ ਲਿਖੋ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਅਸਾਮਾਨਤਾ ਕੀ ਹੈ ?
2. ਸਮਾਜਿਕ ਸਤਰੀਕਰਨ ਦੀਆਂ ਦੋ ਕਿਸਮਾਂ ਲਿਖੋ ?
3. ਜਾਤੀ ਵਿਵਸਥਾ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ ?
4. ਅੰਤਰ ਜਾਤੀ ਵਿਆਹ ਕੀ ਹੈ ?
5. ਸ਼ੁੱਧਤਾ ਅਤੇ ਅਸ਼ੁੱਧਤਾ ਤੋਂ ਤੁਸੀਂ ਕੀ ਸਮਝਦੇ ਹੋ ?
6. ਉਦਯੋਗੀਕਰਨ ਅਤੇ ਸ਼ਹਿਰੀਕਰਨ ਤੇ ਛੋਟਾ ਨੋਟ ਲਿਖੋ।
7. ਵਰਗ ਵਿਵਸਥਾ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ।
8. ਨਵੇਂ ਮੱਧ ਵਰਗ ਤੇ ਛੋਟਾ ਨੋਟ ਲਿਖੋ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਸਤਰੀਕਰਨ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।
2. ਕਿਸ ਪ੍ਰਕਾਰ ਵਰਗ ਸਮਾਜਿਕ ਸਤਰੀਕਰਨ ਨਾਲ਼ ਸੰਬੰਧਿਤ ਹੈ। ਸੰਖੇਪ ਵਿੱਚ ਨੋਟ ਲਿਖੋ।
3. ਜਾਤੀ ਅਤੇ ਵਰਗ ਵਿਵਸਥਾ ਵਿੱਚ ਅੰਤਰ ਦੱਸੋ।
4. ਜਾਤੀ ਵਿਵਸਥਾ ਵਿੱਚ ਪਰਿਵਰਤਨ ਦੇ ਚਾਰ ਕਾਰਕ ਲਿਖੋ।
5. ਸਮਾਜਿਕ ਸਤਰੀਕਰਨ ਦੇ ਦੋ ਪ੍ਰਮੁੱਖ ਰੂਪਾਂ ਦੇ ਰੂਪ ਵਿੱਚ ਜਾਤੀ ਅਤੇ ਵਰਗ ਦੇ ਵਿੱਚ ਅੰਤਰ ਦੱਸੋ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।

1. ਸਤਰੀਕਰਨ ਨੂੰ ਪਰਭਾਸ਼ਿਤ ਕਰੋ ? ਇਸਦੀਆਂ ਵਿਸ਼ੇਸ਼ਤਾਵਾਂ ਕੀ ਹਨ ?
2. ਸਤਰੀਕਰਨ ਦੀਆਂ ਕਿਸਮਾਂ ਤੇ ਵਿਸਤਾਰਪੂਰਵਕ ਨੋਟ ਲਿਖੋ।
3. ਜਾਤੀ ਵਿਵਸਥਾ ਵਿੱਚ ਬਦਲਾਵ ਲਿਆ ਰਹੇ ਕਾਰਨਾਂ ਉੱਪਰ ਨੋਟ ਲਿਖੋ।
4. ਵਰਗ ਵਿਵਸਥਾ ਕੀ ਹੈ ? ਇਸਦੀਆਂ ਵਿਸ਼ੇਸ਼ਤਾਵਾਂ ਕੀ ਹਨ ?
5. ਭਾਰਤ ਵਿੱਚ ਕਿਹੜੇ ਨਵੇਂ ਵਰਗ ਉਭਰੇ ਹਨ।
6. ਭਾਰਤ ਵਿੱਚ ਵਰਗ ਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ?
7. ਮਾਰਕਸ ਅਤੇ ਵੈਬਰ ਦੇ ਵਰਗ ਦੇ ਸਿਧਾਂਤ ਬਾਰੇ ਲਿਖੋ।



Downloaded from https:// www.studiestoday.com

Downloaded from https:// www.studiestoday.com

ਅਧਿਆਏ
11

# ਸਮਾਜਿਕ ਪਰਿਵਰਤਨ

**ਮੁੱਖ ਅੰਸ਼**

11.1 ਅਰਥ
11.2 ਵਿਸ਼ੇਸ਼ਤਾਵਾਂ ਅਤੇ ਕਾਰਕ (ਜੰਨਸੰਖਿਆਤਮਕ, ਸਿੱਖਿਆਤਮਕ ਅਤੇ ਤਕਨੀਕੀ)
11.3 ਰੂਪ
11.4 ਕਾਰਕ

## ਭੁਮਿਕਾ

ਪਰਿਵਰਤਨ ਇੱਕ ਬਹੁਤ ਹੀ ਵਿਸਤਾਰਪੂਰਵਕ ਸਿਧਾਂਤ ਹੈ। ਪਰਿਵਰਤਨ ਹਰ ਪਾਸੇ ਪਾਇਆ ਜਾਂਦਾ ਹੈ ਪਰ ਹਰ ਇੱਕ ਪਰਿਵਰਤਨ ਨੂੰ ਸਮਾਜਿਕ ਪਰਿਵਰਤਨ ਨਹੀਂ ਕਿਹਾ ਜਾ ਸਕਦਾ। ਇਸ ਲਈ ਸਾਲ ਦਰ ਸਾਲ ਸਰੀਰਕ ਵਾਧਾ ਜਾਂ ਮੌਸਮ ਵਿੱਚ ਤਬਦੀਲੀ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਸਮਾਜ ਵਿਗਿਆਨ ਵਿੱਚ ਸਮਾਜਿਕ ਸਰੰਚਨਾ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਪਰਿਵਰਤਨ ਨੂੰ ਸਮਾਜਿਕ ਪਰਿਵਰਤਨ ਕਿਹਾ ਜਾਂਦਾ ਹੈ।

## ਅਰਥ ਅਤੇ ਪਰਿਭਾਸ਼ਾ

ਸਮਾਜਿਕ ਪਰਿਵਰਤਨ ਦਾ ਅਰਥ ਲੋਕਾਂ ਦੀ ਕਰਨੀ ਅਤੇ ਸੋਚ ਵਿਚ ਤਬਦੀਲੀ ਜਾਂ ਸੁਧਾਰ ਹੈ। ਇਹ ਪਰਿਵਰਤਨ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਸੁਧਾਰ ਹੈ ਅਤੇ ਸਮਾਜਿਕ ਰੂਪਾਂ ਦੀ ਕਾਰਜਾਤਮਕਤਾ ਅਤੇ ਸਰੰਚਨਾ ਨੂੰ ਵੀ ਅੰਦਰ ਲਪੇਟ ਲੈਂਦਾ ਹੈ। ਇਹ ਸਾਰਾ ਪਰਿਵਰਤਨ ਸਮਾਜਿਕ ਪ੍ਰਬੰਧ ਵਿੱਚੋਂ ਝਲਕਦਾ ਹੈ, ਉੱਥੇ ਸਮਾਜਿਕ ਰਿਸ਼ਤਿਆਂ ਵਿੱਚ ਰੁਪਾਂਤਰਨ ਹੁੰਦਾ ਹੈ, ਜਿਸ ਨਾਲ ਸਮਾਜਿਕ ਪ੍ਰਕਿਰਿਆ, ਸਮਾਜਿਕ ਪੱਧਰਾਂ ਅਤੇ ਸਮਾਜਿਕ ਮੇਲ਼-ਜੋਲ਼ ਵਿੱਚ ਪਰਿਵਰਤਨ ਆਉਂਦਾ ਹੈ। ਇਹ ਤਬਦੀਲੀ ਪ੍ਰਤੀਮਾਨਾਂ, ਕੀਮਤਾਂ, ਸੱਭਿਆਚਾਰਕ ਉਤਪਾਦਕ ਅਤੇ ਸ਼ੈਲੀ ਅਤੇ ਸੱਭਿਆਚਾਰਕ ਚਿੰਨ੍ਹਾਂ ਵਿਚ ਵੀ ਨਜ਼ਰ ਆਉਂਦੀ ਹੈ। ਸਮੇਂ ਨਾਲ਼ ਸਮਾਜ ਦੇ ਹੋਰ ਪੱਖਾਂ ਵਿੱਚ ਤਬਦੀਲੀ ਨਾਲ਼ ਸਮਾਜਿਕ ਪ੍ਰਕਿਰਿਆ ਵਿੱਚ ਪਰਿਵਰਤਨ ਆਉਂਦਾ ਹੈ। ਸਮਾਜ ਵਿੱਚ ਪਰਿਵਰਤਨ ਤੇਜ਼ੀ ਜਾਂ ਹੌਲ਼ੀ-ਹੌਲ਼ੀ ਆਉਂਦਾ ਹੈ, ਪਰ ਇਹ ਨਿਰੰਤਰ ਪ੍ਰਕਿਰਿਆ ਹੈ ਜੋ ਚਲਦੀ ਰਹੇਗੀ। ਇਹ ਸਭ ਨੂੰ ਪਤਾ ਹੈ ਕਿ ਸਮਾਜ ਵਿੱਚ ਸਮਾਜਿਕ ਸੰਰਚਨਾ ਹੈ ਅਤੇ ਇਹ ਸਮਾਜਿਕ ਰਿਸ਼ਤਿਆਂ ਦਾ ਜਾਲ ਹੈ। ਇਸ ਲਈ ਸਮਾਜਿਕ ਪਰਿਵਰਤਨ ਦਾ



Downloaded from https:// www.studiestoday.com

Downloaded from https:// www.studiestoday.com

ਅਰਥ ਪਰਿਵਰਤਨ ਸਮਾਜਿਕ ਸੰਰਚਨਾ ਅਤੇ ਸਮਾਜਿਕ ਰਿਸ਼ਤਿਆਂ ਤੋਂ ਹੈ। ਦੂਸਰੇ ਸ਼ਬਦਾਂ ਵਿੱਚ ਜਦੋਂ ਸਮਾਜਿਕ ਸੰਸਥਾਵਾਂ, ਰੁਤਬਾ, ਭੂਮਿਕਾ, ਪਰਿਮਾਪ, ਕੀਮਤਾਂ, ਸਭਾਵਾਂ, ਅਦਾਰਿਆਂ ਆਦਿ ਵਿੱਚ ਸਮੇਂ ਦੇ ਨਾਲ ਬਦਲਾਵ ਆਉਂਦਾ ਹੈ ਉਸ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਗਿਆ ਹੈ।

**ਬਾਕਸ=1**

**ਪਰਿਭਾਸ਼ਾਵਾਂ**

- ਸਮਾਜਿਕ ਪਰਿਵਰਤਨ ਤੋਂ ਭਾਵ ਮਨੁੱਖੀ ਰਿਸ਼ਤਿਆਂ ਅਤੇ ਆਚਰਨ ਦੇ ਪੱਧਰ 'ਤੇ ਨਿਸ਼ਚਿਤ ਵਿਵਹਾਰਾਂ ਵਿੱਚ ਸੁਧਾਰ ਤੋਂ ਹੈ। ਜਾਰਜ.ਏ.ਲੁੰਡਬਰਗ
- ਸਮਾਜਿਕ ਪਰਿਵਰਤਨ ਤੋਂ ਭਾਵ ਕੇਵਲ ਉਹਨਾਂ ਪਰਿਵਰਤਨਾਂ ਤੋਂ ਹੈ ਜਿਹੜੇ ਸਮਾਜਿਕ ਸੰਗਠਨਾਂ ਵਿੱਚ ਹੁੰਦੇ ਹਨ ਉਦਾਹਰਨ ਲਈ ਸਮਾਜ ਦੇ ਕਾਰਜਾਂ ਅਤੇ ਸਰੰਚਨਾ ਵਿਚਲੇ ਪਰਿਵਰਤਨ ਲਏ ਜਾ ਸਕਦੇ ਹਨ : ਕਿੰਗਸਲੇ ਡੇਵਿਸ
- ਸਮਾਜਿਕ ਪਰਿਵਰਤਨ ਜ਼ਿੰਦਗੀ ਦੇ ਪ੍ਰਚਲਿਤ ਤਰੀਕਿਆਂ ਵਿੱਚ ਪਾਏ ਗਏ ਉਤਾਰ-ਚੜ੍ਹਾਅ ਨੂੰ ਕਹਿੰਦੇ ਹਨ : ਗਿਲਿਨ ਅਤੇ ਗਿਲਿਨ

ਸਿੱਧੇ ਤੌਰ ਤੇ ਸਮਾਜਿਕ ਪਰਿਵਰਤਨ ਇੱਕ ਮਹੱਤਵਪੂਰਨ ਅਤੇ ਲੰਬੀ ਤਬਦੀਲੀ ਹੈ ਜੋ ਸਮਾਜਿਕ ਸਰੰਚਨਾ ਜਾਂ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਵਿੱਚ ਨਜ਼ਰ ਆਉਂਦਾ ਹੈ ਜਾਂ ਦੋਹਾਂ ਵਿੱਚ ਆਉਂਦਾ ਹੈ। ਉੱਪਰ ਦਿੱਤੀਆਂ ਪਰਿਭਾਸ਼ਾਵਾਂ ਦੇ ਅਨੁਸਾਰ ਅਸੀਂ ਇਹ ਕਹਿ ਸਕਦੇ ਹਾਂ ਕਿ ਪਰਿਵਰਤਨ ਹੇਠ ਲਿਖੇ ਤਿੰਨ ਪੱਖਾਂ ਵਿੱਚ ਆਉਂਦਾ ਹੈ।

(ੳ) ਸਮੂਹ ਦੇ ਵਿਵਹਾਰ ਵਿੱਚ

(ਅ) ਸਮਾਜਿਕ ਸਰੰਚਨਾ

(ੲ) ਸੱਭਿਆਚਾਰ ਤੱਤ

ਪਰਿਵਰਤਨ ਦੀ ਪ੍ਰਕਿਰਿਆ ਨਾਲ਼ ਇਹਨਾਂ ਤਿੰਨਾਂ ਪੱਖਾਂ ਵਿੱਚ ਪਰਿਵਰਤਨ ਆਉਂਦਾ ਹੈ। ਇਸ ਲਈ ਸਮਾਜਿਕ ਪਰਿਵਰਤਨ ਇੱਕ ਵਿਸਤ੍ਰਿਤ ਕ੍ਰਿਆ ਹੈ। ਸਮਾਜ ਦੇ ਕਿਸੇ ਵੀ ਪੱਖ ਵਿੱਚ ਤਬਦੀਲੀ ਜਿਵੇਂ- ਆਰਥਿਕ, ਰਾਜਨੀਤਿਕ, ਧਾਰਮਿਕ, ਸਰੀਰਕ, ਸਮਾਜਿਕ ਆਦਿ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਹੈ। ਇਹ ਪਰਿਵਰਤਨ ਭਾਵੇਂ ਮਨੁੱਖੀ ਸਮਾਜ ਦੁਆਰਾ ਲਿਆਂਦਾ ਜਾਏ ਜਾਂ ਕੁਦਰਤੀ ਤੌਰ 'ਤੇ ਆਏ ਉਹ ਪਰਿਵਰਤਨ ਕਹਾਉਂਦਾ ਹੈ।

## ਸਮਾਜਿਕ ਪਰਿਵਰਤਨ ਦੀਆਂ ਵਿਸ਼ੇਸ਼ਤਾਵਾਂ :

ਸਮਾਜਿਕ ਪਰਿਵਰਤਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :

1. **ਸਮਾਜਿਕ ਪਰਿਵਰਤਨ ਸਰਬ ਵਿਆਪਕ ਹੈ :** ਪਰਿਵਰਤਨ ਹਰ ਸਮਾਜ ਵਿੱਚ ਹੁੰਦਾ ਹੈ। ਕੋਈ ਵੀ ਸਮਾਜ ਸਥਾਈ ਨਹੀਂ ਹੁੰਦਾ। ਇਹ ਪੁਰਾਤਨ ਅਤੇ ਸੱਭਿਅਕ ਸਾਰੇ ਸਮਾਜਾਂ ਦਾ ਸੱਚ



Downloaded from https:// www.studiestoday.com

Downloaded from https:// www.studiestoday.com

ਹੈ। ਪਰਿਵਰਤਨ ਦੀ ਰਫ਼ਤਾਰ ਹਰ ਸਮਾਜ ਵਿੱਚ ਵੱਖਰੀ ਹੋ ਸਕਦੀ ਹੈ। ਪਰ ਕੋਈ ਵੀ ਸਮਾਜ ਇਸ ਤੋਂ ਵਾਂਝਾ ਨਹੀਂ ਰਹਿ ਸਕਦਾ।

2. **ਸਮਾਜਿਕ ਪਰਿਵਰਤਨ ਦੀ ਰਫ਼ਤਾਰ ਵਿੱਚ ਫ਼ਰਕ ਹੁੰਦਾ ਹੈ :** ਭਾਵੇਂ ਸਮਾਜਿਕ ਪਰਿਵਰਤਨ ਹਰ ਸਮਾਜ ਵਿੱਚ ਪਾਇਆ ਜਾਂਦਾ ਹੈ ਪਰ ਹਰ ਸਮਾਜ ਵਿੱਚ ਇਸਦੀ ਰਫ਼ਤਾਰ ਅਲੱਗ ਹੁੰਦੀ ਹੈ ਜਿਵੇਂ ਭਾਰਤ ਵਿੱਚ ਇਸਦੀ ਰਫ਼ਤਾਰ ਬਹੁਤ ਹੌਲ਼ੀ ਸੀ ਜਦੋਂ ਇੱਥੇ ਕੋਈ ਕਾਢ ਅਤੇ ਵਿਕਾਸ ਨਹੀਂ ਸੀ ਪਰ ਇਹਨਾਂ ਦੇ ਆਉਣ ਨਾਲ਼ ਇਸ ਦੀ ਰਫ਼ਤਾਰ ਤੇਜ਼ ਹੋ ਗਈ। ਸਮਾਜਿਕ ਪਰਿਵਰਤਨ ਦੀ ਰਫ਼ਤਾਰ ਪੇਂਡੂ ਸਮਾਜਾਂ ਨਾਲੋਂ ਸ਼ਹਿਰਾਂ ਵਿੱਚ ਜ਼ਿਆਦਾ ਹੈ। ਇਸ ਲਈ ਇਹ ਹੌਲ਼ੀ ਅਤੇ ਤੇਜ਼ ਦੋਵੇਂ ਤਰ੍ਹਾਂ ਦੀ ਹੋ ਸਕਦੀ ਹੈ।

3. **ਸਮਾਜਿਕ ਪਰਿਵਰਤਨ ਸਮੁਦਾਇਕ ਪਰਿਵਰਤਨ ਹੈ :** ਇਹ ਉਹ ਪਰਿਵਰਤਨ ਹੈ ਜਿਹੜਾ ਸਮੁਦਾਇ ਦੇ ਹਰ ਪੱਖ ਵਿੱਚ ਪਾਇਆ ਜਾਂਦਾ ਹੈ ਅਤੇ ਇਹ ਪਰਿਵਰਤਨ ਸਿਰਫ਼ ਇੱਕ ਵਿਅਕਤੀ ਜਾਂ ਕੁੱਝ ਵਿਅਕਤੀਆਂ ਵਿੱਚ ਜਾਂ ਸਮੂਹ 'ਤੇ ਨਹੀਂ ਪਾਇਆ ਜਾਂਦਾ ਹੈ, ਇਹ ਪਰਿਵਰਤਨ ਇਕ ਵਿਅਕਤੀ ਜਾਂ ਬਹੁਤ ਸਾਰੇ ਵਿਅਕਤੀਆਂ ਦੀ ਜੀਵਨ ਸ਼ੈਲੀ 'ਤੇ ਹੀ ਨਿਰਭਰ ਨਹੀਂ ਹੈ। ਸਮਾਜਿਕ ਪਰਿਵਰਤਨ ਸਮਾਜਿਕ ਹੈ ਨਾ ਕਿ ਵਿਅਕਤੀਗਤ।




4. **ਸਮਾਜਿਕ ਪਰਿਵਰਤਨ ਦੀ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ :** ਪਰਿਵਰਤਨ ਇੱਕ ਪ੍ਰਕਿਰਿਆ ਹੈ ਇਸ ਲਈ ਭਵਿੱਖਵਾਣੀ ਕਰਨੀ ਬਹੁਤ ਮੁਸ਼ਕਿਲ ਹੈ। ਇਹ ਇਸ ਲਈ ਮੁਸ਼ਕਿਲ ਹੈ ਕਿਉਂਕਿ ਇਸ ਨਾਲ ਕੁੱਝ ਅਲਪਿਤ ਤੱਤ ਜੁੜੇ ਹੁੰਦੇ ਹਨ ਜਿਵੇਂ ਕਿ ਸਮਾਜ



Downloaded from https:// www.studiestoday.com

Downloaded from https:// www.studiestoday.com

ਸੁਧਾਰ ਅੰਦੋਲਨਾਂ ਨਾਲ਼ ਭਾਰਤ ਵਿੱਚ ਛੂਤਛਾਤ ਨੂੰ ਖ਼ਤਮ ਕੀਤਾ ਹੈ ਅਤੇ ਸਰਕਾਰ ਵੱਲੋਂ ਪਾਸ ਨਿਯਮਾਂ ਰਾਹੀਂ ਵਿਆਹ ਦੇ ਆਦਰਸ਼ ਬਦਲ ਗਏ ਹਨ। ਉਦਯੋਗੀਕਰਨ, ਸ਼ਹਿਰੀਕਰਨ ਦੀ ਗਤੀ ਤੇਜ਼ ਹੈ ਪਰ ਇਹਨਾਂ ਦੀ ਨਿਸ਼ਚਿਤ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ ਕਿ ਆਉਣ ਵਾਲੇ ਸਮੇਂ ਵਿੱਚ ਇਹ ਕੀ ਰੂਪ ਲੈਣਗੇ। ਇਸੇ ਤਰ੍ਹਾਂ ਸਮਾਜਿਕ ਰਿਸ਼ਤੇ, ਵਿਵਹਾਰ, ਵਿਚਾਰ, ਪਰਿਮਾਪ ਅਤੇ ਕੀਮਤਾਂ ਵਿੱਚ ਪਰਿਵਰਤਨ ਬਾਰੇ ਵੀ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ।

5. **ਪਰਿਵਰਤਨ ਸਮੇਂ ਨਾਲ਼ ਸੰਬੰਧਿਤ ਹੈ :** ਜਦੋਂ ਅਸੀਂ ਸਮਾਜਿਕ ਪਰਿਵਰਤਨ ਦੀ ਗੱਲ ਕਰਦੇ ਹਾਂ ਤਾਂ ਅਸੀਂ ਸਮਾਜ ਨੂੰ ਦੋ ਵੱਖਰੇ ਤਰ੍ਹਾਂ ਦੇ ਸਮਿਆਂ ਵਿੱਚ ਦੇਖਦੇ ਹਾਂ ਅਤੇ ਕਿਸੇ ਨਤੀਜੇ ’ਤੇ ਪਹੁੰਚਣ ਤੋਂ ਪਹਿਲਾਂ ਉਹਨਾਂ ਦੀ ਤੁਲਨਾ ਕਰਦੇ ਹਨ। ਪਹਿਲੇ ਸਮੇਂ ਦੇ ਮੁਕਾਬਲੇ ਆਧੁਨਿਕ ਸਮੇਂ ਵਿੱਚ ਪਰਿਵਰਤਨ ਦੀ ਰਫਤਾਰ ਤੇਜ ਹੈ। ਇਸਦਾ ਕਾਰਨ ਇਹ ਹੈ ਕਿ ਸਮਾਜਿਕ ਪਰਿਵਰਤਨ ਕਦੇ ਵੀ ਇਕਸਾਰ ਨਹੀਂ ਹੁੰਦਾ ਹੈ। ਉਦਾਹਰਨ ਦੇ ਤੌਰ ’ਤੇ ਆਜ਼ਾਦੀ ਤੋਂ ਪਹਿਲਾਂ, ਭਾਰਤ ਜਿਸ ਵਿੱਚ ਉਦਯੋਗੀਕਰਨ ਦੀ ਗਤੀ ਘੱਟ ਸੀ ਪਰਿਵਰਤਨ ਬਹੁਤ ਹੌਲ਼ੀ ਆਇਆ। ਪਰ 1947 ਤੋਂ ਬਾਅਦ ਜਦੋਂ ਉਦਯੋਗੀਕਰਨ ਵਿੱਚ ਤੇਜ਼ੀ ਆਈ ਸਮਾਜਿਕ ਪਰਿਵਰਤਨ ਵਿੱਚ ਵੀ ਤੇਜ਼ੀ ਆ ਗਈ।

6. **ਸਮਾਜਿਕ ਪਰਿਵਰਤਨ ਕਿਰਿਆਵਾਂ ਦੀ ਲੜੀ ਬਣਾਉਂਦਾ ਹੈ :** ਸਮਾਜਿਕ ਪਰਿਵਰਤਨ ਕਿਰਿਆਵਾਂ ਦੀ ਲੜੀ ਨੂੰ ਤਰਜੀਹ ਦਿੰਦਾ ਹੈ ਕਿਉਂਕਿ ਜ਼ਿੰਦਗੀ ਦੇ ਇੱਕ ਪੱਖ ਵਿੱਚ ਪਰਿਵਰਤਨ ਨਾਲ਼ ਬਾਕੀ ਪੱਖਾਂ ਵਿੱਚ ਵੀ ਪਰਿਵਰਤਨ ਆ ਜਾਂਦਾ ਹੈ। ਉਦਾਹਰਨ ਲਈ ਉਦਯੋਗੀਕਰਨ ਨੇ ਘਰੇਲੂ ਉਤਪਾਦਨ ਨੂੰ ਤਬਾਹ ਕਰ ਦਿੱਤਾ ਹੈ। ਜਿਸ ਦੇ ਸਿੱਟੇ ਵਜੋਂ ਔਰਤਾਂ ਨੂੰ ਫੈਕਟਰੀਆਂ ਤੇ ਦਫਤਰਾਂ ਵਿੱਚ ਜਾ ਕੇ ਕੰਮ ਕਰਨਾ ਪਿਆ। ਔਰਤਾਂ ਦੇ ਕੰਮ ਕਰਨ ਨਾਲ਼ ਕਿਸੇ ਹੱਦ ਤੱਕ ਉਹਨਾਂ ਨੂੰ ਆਦਮੀਆਂ ਦੀ ਗੁਲਾਮੀ ਤੋਂ ਨਿਜਾਤ ਮਿਲ਼ੀ। ਇਸ ਨਾਲ਼ ਉਹਨਾਂ ਦੇ ਆਤਮ-ਵਿਸ਼ਵਾਸ, ਦ੍ਰਿਸ਼ਟੀਕੋਣ ਅਤੇ ਵਿਚਾਰਾਂ ਵਿੱਚ ਬਹੁਤ ਤਬਦੀਲੀ ਆਈ ਜਿਸ ਨੇ ਉਹਨਾਂ ਦੀ ਪਰਿਵਾਰਿਕ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਿਵੇਂ ਪਰਿਵਾਰਿਕ ਜੀਵਨ,ਪਰਿਵਾਰਿਕ ਰਿਸ਼ਤਿਆਂ, ਪਰਿਵਾਰਿਕ ਸੰਰਚਨਾ ਅਤੇ ਆਰਥਿਕ ਜੀਵਨ ਅਤੇ ਕੁੱਝ ਹੱਦ ਤੱਕ ਰਾਜਨੀਤਿਕ ਸ਼ੈਲੀ ਨੇ ਪੈਂਡੂ ਅਤੇ ਸ਼ਹਿਰੀ ਦੋਨਾਂ ਸਮਾਜਾਂ ਨੇ ਵੀ ਇਕ ਦੂਜੇ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ।



Downloaded from https:// www.studiestoday.com

Downloaded from https:// www.studiestoday.com

7. **ਸਮਾਜਿਕ ਪਰਿਵਰਤਨ ਕਈ ਕਾਰਨਾਂ ਵਿਚਲੀਆਂ ਅੰਤਰ ਕਿਰਿਆਵਾਂ ਦਾ ਨਤੀਜਾ ਹੈ :** ਸਮਾਜਿਕ ਪਰਿਵਰਤਨ ਕਿਸੇ ਇੱਕਲੇ ਕਾਰਨ ਕਰਕੇ ਨਹੀਂ ਸਗੋਂ ਕਈ ਕਾਰਨਾਂ ਦੀ ਲੜੀ ਕਰਕੇ ਹੁੰਦਾ ਹੈ। ਇਹ ਸਮਾਜ ਦੇ ਵੱਖਰੇ ਪੱਖਾਂ ਜਿਵੇਂ ਤਕਨੀਕ, ਸਿੱਖਿਆ, ਆਰਥਿਕ ਵਿਕਾਸ ਆਦਿ ਕਰਕੇ ਹੁੰਦਾ ਹੈ। ਇੱਕਲਾ ਇਕ ਕਾਰਨ ਸਮਾਜ ਵਿੱਚ ਪਰਿਵਰਤਨ ਲਿਆ ਸਕਦਾ ਹੈ, ਪਰ ਇਹ ਆਪਣੇ ਆਪ ਵਿੱਚ ਉਹਨਾਂ ਪੱਖਾਂ ਨਾਲ਼ ਜੁੜਿਆ ਹੁੰਦਾ ਹੈ ਜੋ ਪਰਿਵਰਤਨ ਦੇ ਕਾਰਕ ਬਣਦੇ ਹਨ ਜਿਸ ਨਾਲ਼ ਕਈ ਤਰ੍ਹਾਂ ਦੇ ਪੱਖ ਜੁੜੇ ਹੁੰਦੇ ਹਨ। ਇਸਦਾ ਕਾਰਨ ਇਹ ਹੈ ਕਿ ਇੱਕ ਸਮਾਜਿਕ ਕਾਰਕ ਦੂਜੇ ਉੱਪਰ ਅੰਤਰ ਨਿਰਭਰ ਹੁੰਦੇ ਹਨ ਕਿ ਕੋਈ ਕਾਰਕ ਇੱਕਲੀ ਸ਼ਕਤੀ ਪਰਿਵਰਤਨ ਦਾ ਕਾਰਕ ਨਹੀਂ ਹੋ ਸਕਦਾ। ਸਮੁੱਚ ਵਿੱਚ ਇਕ ਹਿੱਸੇ ਵਿੱਚ ਸੁਧਾਰ ਦੂਜੇ ਹਿੱਸੇ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਦੂਜਾ ਹਿੱਸਾ ਹੋਰ ਭਾਗਾਂ ਨੂੰ ਇਹ ਕਿਰਿਆ ਸੰਪੂਰਨ ਦੇ ਹਿੱਸੇਦਾਰ ਬਣਨ ਤੱਕ ਚਲਦੀ ਰਹਿੰਦੀ ਹੈ।
8. **ਸਮਾਜਿਕ ਪਰਿਵਰਤਨ ਵੀ ਯੋਜਨਾਬੱਧ ਜਾਂ ਅਯੋਜਨਾਬੱਧ ਹੋ ਸਕਦੇ ਹਨ** : ਸਮਾਜਿਕ ਪਰਿਵਰਤਨ ਕੁਦਰਤੀ ਹੁੰਦਾ ਹੈ ਜਾਂ ਯੋਜਨਾਬੱਧ ਕੋਸ਼ਿਸ਼ਾਂ ਦਾ ਸਿੱਟਾ ਹੁੰਦਾ ਹੈ। ਪਰਿਵਰਤਨ ਦੀ ਦਿਸ਼ਾ ਅਤੇ ਦਰ ਨੂੰ ਮਨੁੱਖੀ ਕੋਸ਼ਿਸ਼ਾਂ ਨਿਰਧਾਰਿਤ ਕਰਦੀਆਂ ਹਨ। ਸਮਾਜਿਕ ਪਰਿਵਰਤਨਾਂ ਨੂੰ ਨਿਰਧਾਰਿਤ ਅਤੇ ਕੰਟਰੋਲ ਕਰਨ ਲਈ ਮਨੁੱਖਾਂ ਵੱਲੋਂ ਪ੍ਰੋਗਰਾਮ ਅਤੇ ਪ੍ਰੋਜੈਕਟ ਤਿਆਰ ਕੀਤੇ ਜਾਂਦੇ ਹਨ। ਅਯੋਜਨਾਬੱਧ ਪਰਿਵਰਤਨ ਕੁਦਰਤੀ ਆਫ਼ਤਾਂ ਜਿਵੇਂ ਸੋਕਾ, ਹੜ੍ਹ, ਭੂਚਾਲ, ਤੂਫ਼ਾਨ ਆਦਿ ਦਾ ਸਿੱਟਾ ਹੁੰਦੇ ਹਨ।

## ਸਮਾਜਿਕ ਪਰਿਵਰਤਨ ਅਤੇ ਸੱਭਿਆਚਾਰਿਕ ਪਰਿਵਰਤਨ :

ਸਮਾਜਿਕ ਪਰਿਵਰਤਨ ਅਤੇ ਸੱਭਿਆਚਾਰਿਕ ਪਰਿਵਰਤਨ ਇੱਕ ਦੂਸਰੇ ਨੂੰ ਢੱਕਦੇ ਹਨ। ਕੁਝ ਵਿਅਕਤੀ ਸਮਾਜਿਕ ਅਤੇ ਸੱਭਿਆਚਾਰਿਕ ਪਰਿਵਰਤਨ ਨੂੰ ਇਕੋ ਜਿਹਾ ਸਮਝਦੇ ਹਨ। ਹੋਰ ਵਿਅਕਤੀ ਇਹ ਮੰਨਦੇ ਹਨ ਕਿ ਸਮਾਜਿਕ ਪਰਿਵਰਤਨ, ਸੱਭਿਆਚਾਰ ਪਰਿਵਰਤਨ ਨੂੰ ਅਪਣਾਉਂਦਾ ਹੈ ਜਾਂ ਦੋਵੇਂ ਇੱਕ ਦੂਜੇ ਨੂੰ ਪਰ ਅਜਿਹਾ ਨਹੀਂ ਹੈ ਕਿਉਂਕਿ ਸਾਹਿਤਕ ਪੱਖ ਸੱਭਿਆਚਾਰ ਦਾ ਸੰਕਲਪ ਸਮਾਜ ਤੋਂ ਵਿਆਪਕ ਹੈ। ਸੱਭਿਆਚਾਰਕ ਪਰਿਵਰਤਨ ਵਿੱਚ ਧਰਮ, ਗਿਆਨ, ਵਿਸ਼ਵਾਸ, ਵਿਗਿਆਨ, ਸਾਹਿਤ, ਕਲਾ ਆਦਿ ਸ਼ਾਮਿਲ ਹਨ। ਦੂਸਰੇ ਪਾਸੇ, ਸਮਾਜਿਕ ਪਰਿਵਰਤਨ ਸਮਾਜਿਕ ਸੰਗਠਨ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਪਰਿਵਰਤਨ ਲਿਆਂਦਾ ਹੈ। ਸਮਾਜਿਕ ਪਰਿਵਰਤਨ ਨੂੰ ਸੱਭਿਆਚਾਰ ਦੇ ਪਰਿਵਰਤਨ ਦਾ ਹਿੱਸਾ ਕਿਹਾ ਜਾ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

ਸਮਾਜਿਕ ਪਰਿਵਰਤਨ ਅਤੇ ਸੱਭਿਆਚਾਰਿਕ ਪਰਿਵਰਤਨ ਵਿੱਚ ਫ਼ਰਕ ਹੇਠ ਲਿਖੇ ਅਨੁਸਾਰ ਹੈ :

(ੳ) ਸਮਾਜਿਕ ਪਰਿਵਰਤਨ ਉਹ ਹੈ ਜਿਹੜਾ ਸਮਾਜਿਕ ਰਿਸ਼ਤਿਆਂ ਵਿੱਚ ਹੁੰਦਾ ਹੈ, ਜਦੋਂ ਕਿ ਸੱਭਿਆਚਾਰ ਪਰਿਵਰਤਨ ਧਰਮ, ਗਿਆਨ, ਵਿਸ਼ਵਾਸ, ਰਸਮਾਂ, ਗਿਆਨ, ਕਲਾ, ਕਾਨੂੰਨ ਆਦਿ ਵਿੱਚ ਆਉਂਦਾ ਹੈ।

(ਅ) ਸਮਾਜਿਕ ਪਰਿਵਰਤਨ ਸਮਾਜਿਕ ਸਰੰਚਨਾ ਵਿੱਚ ਤਬਦੀਲੀ ਦਾ ਨਾਮ ਹੈ, ਜਦੋਂ ਕਿ ਪਰਿਵਰਤਨ ਸੱਭਿਆਚਾਰ ਦੇ ਹਰ ਪੱਖ ਵਿੱਚ ਆਉਂਦਾ ਹੈ।

(ੲ) ਸਮਾਜਿਕ ਪਰਿਵਰਤਨ ਚੇਤੰਨ ਜਾਂ ਅਵਚੇਤਨ ਹੋ ਸਕਦਾ ਹੈ ਪਰ ਸੱਭਿਆਚਾਰਕ ਪਰਿਵਰਤਨ ਚੇਤੰਨ ਕੋਸ਼ਿਸ਼ਾਂ ਨਾਲ਼ ਹੁੰਦਾ ਹੈ।

(ਸ) ਸਮਾਜਿਕ ਪਰਿਵਰਤਨ ਦੀ ਰਫ਼ਤਾਰ ਤੇਜ਼ ਹੋ ਸਕਦੀ ਹੈ ਜਦੋਂ ਕਿ ਸੱਭਿਆਚਾਰਕ ਪਰਿਵਰਤਨ ਹੌਲ਼ੀ ਹੁੰਦਾ ਹੈ। ਸਮਾਜਿਕ ਰਿਸ਼ਤਿਆਂ ਵਿੱਚ ਤਬਦੀਲੀ ਦੀ ਗਤੀ ਤੇਜ਼ ਹੋ ਸਕਦੀ ਹੈ ਪਰ ਧਰਮ, ਵਿਸ਼ਵਾਸ਼ ਅਤੇ ਕੀਮਤਾਂ ਬਹੁਤ ਹੌਲ਼ੀ ਬਦਲਦੀਆਂ ਹਨ।

ਇਸ ਲਈ ਇਹ ਸਾਫ਼ ਹੈ ਕਿ ਸਮਾਜਿਕ ਪਰਿਵਰਤਨ ਅਤੇ ਸੱਭਿਆਚਾਰਕ ਪਰਿਵਰਤਨ ਵੱਖ-ਵੱਖ ਹਨ। ਇਸ ਲਈ ਇਹਨਾਂ ਦੋਨਾਂ ਵਿੱਚ ਬਹਤੁ ਨੇੜੇ ਦੇ ਸੰਬੰਧ ਹਨ ਇਹ ਸਿੱਧੇ ਜਾਂ ਅਸਿੱਧੇ ਤੌਰ ਤੇ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਆਮ ਤੌਰ ਤੇ ਸਮਾਜ ਵਿੱਚ ਸੱਭਿਆਚਾਰਕ ਪਰਿਵਰਤਨ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਦੋਹਾਂ ਵਿਚਲੀ ਤਬਦੀਲੀ ਨੂੰ ਪ੍ਰਗਟਾਉਂਦਾ ਹੈ।

## ਸਮਾਜਿਕ ਪਰਿਵਰਤਨ ਦੇ ਤਿੰਨ ਸੋਮੇ

ਵਿਲਿਅਮ, ਐਫ. ਆਗਬਰਨ ਨੇ ਸਮਾਜਿਕ ਪਰਿਵਰਤਨ ਦੇ ਹੇਠ ਲਿਖੇ ਸੋਮੇ ਦੱਸੇ ਹਨ :

- ਕਾਢ
- ਆਵਿਸ਼ਕਾਰ
- ਪ੍ਰਸਾਰ

### ਕਾਢ

ਇਸਦਾ ਅਰਥ ਪਹਿਲਾਂ ਤੋਂ ਮੌਜੂਦ ਤੱਤ ਦੀ ਸਹਾਇਤਾ ਨਾਲ਼ ਕਿਸੇ ਨਵੀਂ ਚੀਜ਼ ਦੀ ਘਾੜਤ ਕਰਨ ਤੋਂ ਹੈ। ਅਕਸਰ ਇਸ ਦੀ ਵਿਆਖਿਆ ਪ੍ਰਾਪਤ ਗਿਆਨ ਤੋਂ ਨਵੀਂ ਸਰੰਚਨਾ ਤਿਆਰ ਕਰਨ ਵਜੋਂ ਕੀਤੀ ਜਾਂਦੀ ਹੈ ਜਿਵੇਂ ਕਿ ਪਹਿਲਾਂ ਤੋਂ ਸਥਾਪਿਤ ਗਿਆਨ ਨਾਲ਼ ਗੱਡੀਆਂ ਦੇ ਸਮਾਨ ਨੂੰ ਜੋੜਨਾ।



Downloaded from https:// www.studiestoday.com

Downloaded from https:// www.studiestoday.com

ਇਹ ਪਦਾਰਥ (ਤਕਨੀਕ) ਅਤੇ ਸਮਾਜਿਕ (ਸ਼ਬਦ, ਵਪਾਰਿਕ ਸਭਾ) ਹੋ ਸਕਦੀ ਹੈ। ਇਹ ਨਵੇਂ ਰੂਪ ਵਿੱਚ (ਸ਼ਕਲ ਅਤੇ ਕ੍ਰਿਆ), ਕਾਰਜ (ਕੀ ਕਰਦਾ ਹੈ), ਅਰਥਾਂ ਵਿੱਚ (ਲੰਮੇ ਸਮੇਂ ਤੱਕ ਦੀਆਂ), ਜਾਂ ਮੂਲ ਸਿਧਾਂਤ ਵਿੱਚ ਹੁੰਦੀ ਹੈ। ਇਹ ਸਮਾਜਿਕ ਸਰੰਚਨਾ ਵਿੱਚ ਬਦਲਾਵ ਲਿਆਉਂਦੀ ਹੈ।

### ਅਵਿਸ਼ਕਾਰ

ਅਵਿਸ਼ਕਾਰ ਵਿੱਚ ਪਹਿਲੀ ਵਾਰ ਲੱਭਣ ਅਤੇ ਸਿੱਖਣ ਦੇ ਕੰਮ ਹੁੰਦੇ ਹਨ, ਉਦਾਹਰਨ ਲਈ ਵਿਗਿਆਨੀ ਪੌਦਿਆਂ ਦੀਆਂ ਨਵੀਆਂ ਪ੍ਰਜਾਤੀਆਂ ਦੀ ਖੋਜ ਕਰਦੇ ਹਨ, ਜਾਂ ਕਿਸੇ ਨਵੀਂ ਪ੍ਰਤਿਭਾ ਦੀ ਪਹਿਚਾਣ, ਨਦੀ ਵਿੱਚ ਫੈਲ ਰਹੇ ਪ੍ਰਦੂਸ਼ਣ ਨੂੰ ਲੱਭਣਾ ਆਵਿਸ਼ਕਾਰ ਹੈ। ਇਸਦਾ ਅਰਥ ਹੈ ਕਿ ਉਹਨਾਂ ਤੱਥਾਂ ਦੀ ਖੋਜ ਕਰਨਾ ਜਿਹੜੇ ਕਿ ਪਹਿਲਾਂ ਹੀ ਸੰਸਾਰ ਵਿੱਚ ਮੌਜੂਦ ਹੁੰਦੇ ਹਨ ਪਰ ਅਸੀਂ ਇਨਾਂ ਤੋਂ ਅਣਜਾਣ ਹਾਂ। ਆਵਿਸ਼ਕਾਰ ਸੱਭਿਆਚਾਰ ਵਿੱਚ ਨਵਾਂ ਵਾਧਾ ਕਰਦਾ ਹੈ ਜੋ ਕਿ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ ਪਰ ਇਹ ਸੱਭਿਆਚਾਰ ਦਾ ਹਿੱਸਾ ਅਵਿਸ਼ਕਾਰ ਹੋਣ ਤੋਂ ਬਾਅਦ ਹੀ ਬਣਦਾ ਹੈ। ਇਸ ਕਰਕੇ ਇਹ ਸਮਾਜਿਕ ਪਰਿਵਰਤਨ ਦਾ ਤੱਤ ਬਣ ਜਾਂਦਾ ਹੈ। ਸਮਾਜਿਕ ਅਤੇ ਸੱਭਿਆਚਾਰਕ ਹਾਲਾਤ ਆਵਿਸ਼ਕਾਰ ਨੂੰ ਪ੍ਰੇਰਿਤ ਕਰਦੇ ਹਨ ਜਾਂ ਨਕਾਰਦੇ ਹਨ।

### ਪ੍ਰਸਾਰ

ਪ੍ਰਸਾਰ ਦਾ ਅਰਥ ਕਿਸੇ ਚੀਜ਼ ਦਾ ਵਿਆਪਕ ਰੂਪ ਵਿੱਚ ਫ਼ੈਲਾਅ ਹੈ। ਉਦਾਹਰਨ, ਜਦੋਂ ਸੱਭਿਆਚਾਰਕ ਵਿਚਾਰ ਇਕ ਸਮੂਹ ਤੋਂ ਦੂਜੇ ਸਮੂਹਾਂ ਵਿਚ ਫ਼ੈਲਦੇ ਹਨ ਤਾਂ ਇਹ ਪ੍ਰਸਾਰ ਦੀ ਵਧੀਆ ਉਦਾਹਰਨ ਹੈ। ਸਭ ਚੰਗੇ ਸਮਾਜਾਂ ਵਿਚ ਸਮਾਜਿਕ ਪਰਿਵਰਤਨ ਪ੍ਰਸਾਰ ਨਹੀਂ ਹੁੰਦਾ ਹੈ। ਇਹ ਸਮਾਜ ਵਿਚ ਜਾਂ ਸਮਾਜਾਂ ਵਿਚ, ਦੋਨੋਂ ਤਰ੍ਹਾਂ ਦਾ ਹੋ ਸਕਦਾ ਹੈ। ਇਹ ਪ੍ਰਕਿਰਿਆ ਉਦੋਂ ਵਾਪਰਦੀ ਹੈ ਜਦੋਂ ਦੋ ਸਮਾਜ ਆਪਸ ਵਿੱਚ ਮਿਲ਼ਦੇ ਹਨ, ਇਹ ਪ੍ਰਕਿਰਿਆ ਦੋ ਪਾਸੀ ਹੁੰਦੀ ਹੈ। ਆਮ ਤੌਰ ’ਤੇ ਪ੍ਰਸਾਰ ਵਿੱਚ ਸੱਭਿਆਚਾਰ ਤੋਂ ਰੂਪ, ਕਾਰਜ ਜਾਂ ਅਰਥ ਦੇ ਆਧਾਰ ’ਤੇ ਉਦਰਤ ਕੀਤੇ ਤੱਤਾਂ ਵਿਚ ਸੁਧਾਰ ਆਉਂਦਾ ਹੈ। ਉਦਾਹਰਨ ਲਈ, ਬ੍ਰਿਟਿਸ਼ ਨੇ ਸਾਨੂੰ ਆਪਣੀ ਭਾਸ਼ਾ ਦਿੱਤੀ ਹੈ। ਭਾਰਤੀ ਵਿਚਲੀ ਅੰਗਰੇਜ਼ੀ ਵੰਨ-ਸੁਵੰਨਤਾ ਸ਼ਬਦ ਚੋਣ ਜਾਂ ਅਰਥਾਂ ਦੇ ਸੰਦਰਭ ਵਿੱਚ ਅਸਲ ਅੰਗਰੇਜ਼ੀ ਨਾਲੋਂ ਵੱਖਰੀ ਹੈ। ਇਸੇ ਦੇ ਵਾਧੇ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਸਾਰ ਵਿਸ਼ੇਸ ਪ੍ਰਕਿਰਿਆ ਹੈ। ਜਿਵੇਂ ਅਸੀਂ ਜਾਣਦੇ ਹਾਂ ਕਿ ਭਾਰਤੀਆਂ ਨੇ ਅੰਗਰੇਜ਼ਾਂ ਦੇ ਚਾਹ ਪੀਣ ਦੇ ਢੰਗ ਨੂੰ ਅਪਣਾਇਆ ਹੈ ਪਰ ਉਹਨਾਂ ਵੱਲੋਂ ਖਾਧਾ ਜਾਂਦਾ ਪਸ਼ੂਆਂ ਦੇ ਮਾਸ ਖਾਣਾ ਨਹੀਂ



Downloaded from https:// www.studiestoday.com

Downloaded from https:// www.studiestoday.com

ਸਵੀਕਾਰਿਆ। ਇਹ ਪ੍ਰਸਾਰ ਤੋਂ ਹੀ ਪਤਾ ਲੱਗਦਾ ਹੈ ਕਿ ਨਵੇਂ ਵਿਚਾਰ ਤੇ ਤਕਨੀਕ ਕਿਵੇਂ, ਕਿਉਂ ਅਤੇ ਕਿੰਨੀ ਪੱਧਰ ਤੇ ਫੈਲਦੀ ਹੈ।


ਕਾਢ


ਖੋਜ



ਪ੍ਰਸਾਰ

**ਬਾਹਰ ਸਮੂਹਿਕ ਅਤੇ ਅੰਤਰ ਸਮੂਹਿਕ ਪਰਿਵਰਤਨ ਦਾ ਉਭਾਰ :**

ਇਸ ਵਿੱਚ ਕਈ ਤਰ੍ਹਾਂ ਦੇ ਸੋਮੇ ਅਤੇ ਕਾਰਕ ਹਨ ਜੋ ਕਿ ਇੱਕ ਸਮਾਜ ਵਿੱਚ ਪਰਿਵਰਤਨ ਲਿਆਉਂਦੇ ਹਨ। ਇਹ ਸੋਮੇ ਤੇ ਹਾਲਾਤ ਸਮਾਜ ਦੀ ਅੰਦਰੂਨੀ ਸਰੰਚਨਾ ਦਾ ਹਿੱਸਾ ਹੋ ਸਕਦੇ ਹਨ ਜਾਂ ਇਹ ਬਾਹਰੀ ਕਾਰਨਾਂ ਕਰਕੇ ਲਾਗੂ ਹੁੰਦੇ ਹਨ।

ਅੰਤਰ ਸਮੂਹਿਕ ਕਾਰਨ
ਬਾਹਰ ਸਮੂਹਿਕ ਕਾਰਨ

**ਗਤੀਵਿਧੀ- 11.1**
ਉਹਨਾਂ ਪਰਿਵਰਤਨਾਂ ਦੀ ਚਰਚਾ ਕਰੋ ਜਿਹੜੇ ਸਮਾਜ ਵਿੱਚ ਸਮੇਂ ਨਾਲ ਹੋਏ ਹਨ।

ਅੰਤਰ ਸਮੂਹਿਕ ਪਰਿਵਰਤਨ ਸਮਾਜ ਦੇ ਅੰਦਰੋਂ ਹੀ ਪੈਦਾ ਹੁੰਦਾ ਹੈ ਅਤੇ ਬਾਹਰ ਸਮੂਹਿਕ ਪਰਿਵਰਤਨ ਬਾਹਰੀ ਕਾਰਕਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਨਿਸ਼ਚਿਤ ਕਰਨਾ ਬਹੁਤ ਮੁਸ਼ਕਿਲ ਹੈ ਕਿ ਪਰਿਵਰਤਨ ਕਦੋਂ ਅਤੇ ਕਿਵੇਂ ਹੁੰਦਾ ਹੈ। ਇਹ ਤਰਕ ਦਿੱਤਾ ਜਾਂਦਾ ਹੈ ਕਿ ਯੁੱਧਾਂ ਅਤੇ ਹਮਲਿਆਂ ਨੇ, ਸੰਸਾਰ ਦੇ ਸਾਰੇ ਸਮਾਜਾਂ ਵਿੱਚ, ਸਮਾਜਿਕ ਤਬਦੀਲੀ ਲਿਆਉਣ ਲਈ ਵਿਸ਼ੇਸ਼ ਭੂਮਿਕਾ ਅਦਾ ਕੀਤੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅਜੋਕੇ ਸੰਸਾਰ ਦੇ ਵਿਕਸਤ ਦੇਸ਼ਾਂ ਵਿੱਚ ਆ ਰਿਹਾ ਪਰਿਵਰਤਨ ਪੱਛਮੀ ਤਕਨਾਲੋਜੀ ਤੋਂ ਪ੍ਰਭਾਵਿਤ ਹੈ, ਜਿਸਦੀ ਸ਼ੁਰੂਆਤ ਬਸਤੀਵਾਦੀ ਯੁੱਗ ਤੋਂ ਬਾਅਦ ਹੋਈ, ਸਾਰੇ ਸਮਾਜਾਂ



Downloaded from https:// www.studiestoday.com

Downloaded from https:// www.studiestoday.com

ਵਿੱਚ ਸਮਾਜ ਵਿਚਲੇ ਸਮੂਹਾਂ ਨੇ ਸਮਾਜਿਕ ਤਬਦੀਲੀ ਲਿਆਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ ਹੈ। ਸਮਾਜ ਸ਼ਾਸਤਰ ਦੇ ਵਿਦਿਆਰਥੀ ਹੋਣ ਦੇ ਨਾਤੇ ਸਾਡਾ ਕੰਮ ਉਹਨਾਂ ਥਾਵਾਂ ਅਤੇ ਸਮੂਹਾਂ ਦੀ ਸ਼ਨਾਖ਼ਤ ਕਰਨਾ ਹੈ ਜਿਨਾਂ 'ਤੇ ਪਰਿਵਰਤਨ ਦਾ ਕਾਫੀ ਪ੍ਰਭਾਵ ਪਿਆ ਹੈ ਅਤੇ ਉਹਨਾਂ ਤਰੀਕਿਆਂ ਨੂੰ ਲੱਭਣਾ ਹੈ ਜਿਨਾਂ ਨਾਲ ਨਵੀ ਕਰਨ ਦਾ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਵੱਲ ਪ੍ਰਸਾਰ ਹੋਇਆ ਹੈ।

## ਸਮਾਜਿਕ ਪਰਿਵਰਤਨ ਦੇ ਰੂਪ :

ਸਮਾਜਿਕ ਪਰਿਵਰਤਨ ਕਈ ਰੂਪਾਂ ਵਿੱਚ ਪਾਇਆ ਜਾਂਦਾ ਹੈ। ਇਸ ਦੇ ਆਮ ਰੂਪ ਹਨ ਕ੍ਰਮ-ਵਿਕਾਸ, ਵਿਕਾਸ, ਪ੍ਰਗਤੀ ਅਤੇ ਕ੍ਰਾਂਤੀ। ਬਹੁਤ ਵਾਰੀ ਇਹ ਸ਼ਬਦ ਸਮਾਨਾਰਥੀ ਰੂਪ ਵਿੱਚ ਵਰਤੇ ਜਾਂਦੇ ਹਨ। ਸਮਾਜ ਵਿਗਿਆਨਕ ਤੌਰ ਤੇ ਇਹ ਇੱਕ ਦੂਜੇ ਤੋਂ ਬਹੁਤ ਭਿੰਨ ਹਨ ਅਤੇ ਵੱਖ-ਵੱਖ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੇ ਹਨ।

1. **ਕ੍ਰਮ-ਵਿਕਾਸ :** ਕ੍ਰਮ ਵਿਕਾਸ ਦਾ ਅਰਥ ਬਾਹਰੀ ਪ੍ਰਭਾਵ ਤੋਂ ਬਿਨਾਂ, ਸਿਲਸਿਲੇਵਾਰ ਅੰਦਰੂਨੀ ਪਰਿਵਰਤਨ ਹੈ। ਇਹ ਆਪਹੁਦਰਾ ਅਤੇ ਆਪਣੇ-ਆਪ ਹੋਣ ਵਾਲਾ ਪਰਿਵਰਤਨ ਹੈ। ਕ੍ਰਮ-ਵਿਕਾਸ ਪਦ ਵਿਸ਼ੇਸ ਤੌਰ 'ਤੇ ਪ੍ਰਾਣੀ ਦੇ ਅੰਦਰੂਨੀ ਵਾਧੇ ਲਈ ਵਰਤਿਆ ਜਾਂਦਾ ਹੈ। ਸਮਾਜ ਸ਼ਾਸਤਰ ਨੇ ਇਹ ਪਦ ਦੀ ਵਰਤੋਂ ਜੀਵ ਵਿਗਿਆਨਕ ਅਧਿਐਨਾਂ ਤੋਂ ਲਈ ਹੈ। ਜੀਵ ਵਿਗਿਆਨ ਦਾ ਪਦ ਜੈਵਿਕ ਕ੍ਰਮ-ਵਿਕਾਸ, ਸਮਾਜ ਸ਼ਾਸਤਰ ਵਿੱਚ ਆ ਕੇ ਸਮਾਜਿਕ ਕ੍ਰਮ-ਵਿਕਾਸ ਹੋ ਗਿਆ ਹੈ। ਸਮਾਜ ਸ਼ਾਸਤਰ ਵਿੱਚ ਇਹ ਪਦ ਮਨੁੱਖੀ ਸਮਾਜ ਦੇ ਕ੍ਰਮ ਵਿਕਾਸ ਨਾਲ ਸੰਬੰਧਿਤ ਹੈ। ਸੋ ਸਮਾਜਿਕ ਕ੍ਰਮ ਵਿਕਾਸ ਵਿੱਚ, ਉਹ ਸੰਸਥਾਵਾਂ ਆਉਂਦੀਆਂ ਹਨ, ਜੋ ਸਾਧਾਰਨ ਤੋਂ ਗੁੰਝਲਦਾਰ ਵੱਲ ਵਿਕਾਸ ਕਰ ਰਹੀਆਂ ਹਨ ਦਾ ਆਪ ਮੁਹਾਰਾ ਅਤੇ ਹੌਲ਼ੀ ਹੋ ਰਿਹਾ ਪਰਿਵਰਤਨ ਆਉਂਦਾ ਹੈ। ਬਹੁਤ ਸਾਰੇ ਵਿਦਵਾਨਾਂ ਦੀ ਸੋਚ ਕ੍ਰਮ-ਵਿਕਾਸ ਦੇ ਸਿਧਾਂਤ ਤੋਂ ਪ੍ਰਭਾਵਿਤ ਹੈ। ਪ੍ਰਾਕ੍ਰਿਤਕ ਇਤਿਹਾਸਕਾਰ ਚਾਰਲਸ ਡਾਰਵਿਨ, ਅਨੁਸਾਰ ਪ੍ਰਾਣੀ ਕ੍ਰਮ ਵਿਕਾਸ ਦੀ ਪ੍ਰਕਿਰਿਆ ਅਧੀਨ ਹੋਂਦ ਵਿੱਚ ਆਏ ਹਨ। ਹਰਬਰਟ ਸਪੈਂਸਰ ਜਿਸ ਦਾ ਸਮਾਜਿਕ ਕ੍ਰਮ-ਵਿਕਾਸ ਦੀ ਧਾਰਨਾ ਨੂੰ ਲੜੀਬੱਧ ਕਰਨ ਵਿੱਚ ਅਹਿਮ ਯੋਗਦਾਨ ਹੈ ਦਾ ਵਿਸ਼ਵਾਸ ਹੈ ਕਿ ਸਮਾਜ ਵੀ ਕ੍ਰਮ-ਵਿਕਾਸ ਅਧੀਨ ਹੀ ਹੋਂਦ ਵਿੱਚ ਆਇਆ ਹੈ। ਅਗਸਤ ਕਾਮਤੇ, ਕਾਰਲ ਮਾਰਕਸ, ਇਮਾਇਲ ਦੁਰਖ਼ੀਮ ਵੀ ਕ੍ਰਮ-ਵਿਕਾਸ ਦੇ ਸਿਧਾਂਤ ਤੋਂ ਪ੍ਰਭਾਵਿਤ ਸਨ।

ਕ੍ਰਮ-ਵਿਕਾਸ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ :

1. ਸਮਾਜ ਉੱਪਰ ਵੱਲ ਸਿੱਧੀ ਰੇਖਾ ਵੱਲ ਵੱਧਦਾ ਹੈ, ਹੇਠਲੇ ਪੱਧਰ ਤੋਂ ਉਪਰਲੇ ਪੱਧਰ ਵੱਲ ਵੱਧਦਾ ਹੈ।
2. ਹੇਠਲੇ ਪੱਧਰ ਤੇ ਸਮਾਜਿਕ ਸਰੰਚਨਾ ਸਾਧਾਰਨ ਅਤੇ ਅੰਤਰ ਸਮੂਹੀ ਹੈ। ਜਿਵੇਂ ਸਮਾਜ ਉੱਪਰ ਵੱਲ ਵੱਧਦਾ ਹੈ ਉਵੇਂ ਹੀ ਗੁੰਝਲਦਾਰ ਹੁੰਦਾ ਹੈ ਅਤੇ ਵਖਰੇਵਾਂ ਵੱਧਦਾ ਜਾਂਦਾ ਹੈ।
3. ਸਪੈਂਸਰ ਦੇ ਅਨੁਸਾਰ ਜੈਵਿਕ ਕ੍ਰਮਵਿਕਾਸ ਹਰ ਤਰ੍ਹਾਂ ਦੇ ਕ੍ਰਮਵਿਕਾਸ ਉੱਪਰ ਲਾਗੂ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

4. ਜੰਨਸੰਖਿਆ ਵਿੱਚ ਵਾਧਾ ਅਤੇ ਸਮਾਜਿਕ ਭਿੰਨਤਾ ਦੋ ਪੱਖ ਹਨ ਜਿਹੜੇ ਕਿ ਸਮਾਜ ਨੂੰ ਨੀਵੇਂ ਪੱਧਰ ਤੋਂ ਉੱਪਰਲੇ ਪੱਧਰ ਵੱਲ ਵਧਾਉਂਦੇ ਹਨ।

### 2. ਵਿਕਾਸ:

ਵਿਕਾਸ, ਸਮਾਜਿਕ ਪਰਿਵਰਤਨ ਦਾ ਇੱਕ ਹੋਰ ਪੱਖ ਹੈ। ਅਜੋਕੀਆਂ ਸਮਾਜਿਕ ਲਿਖਤਾਂ ਵਿੱਚ 'ਪ੍ਰਗਤੀ' ਸਾਰੇ ਸਮਾਜਾਂ ਵਿੱਚ ਉਦਯੋਗੀਕਰਨ ਅਤੇ ਆਧੁਨਿਕ ਤਕਨੀਕ ਲਈ ਵਰਤਿਆ ਜਾਂਦਾ ਹੈ। ਵਿਸ਼ਵ ਵਿਕਸਤ ਅਤੇ ਵਿਕਾਸਸ਼ੀਲ ਸਮਾਜਾਂ ਵਿੱਚ ਵੰਡਿਆ ਹੋਇਆ ਹੈ। ਪਹਿਲੀ ਸ਼੍ਰੇਣੀ ਵਿੱਚ ਉਦਯੋਗਿਕ ਤੌਰ 'ਤੇ ਵਿਕਸਿਤ ਦੇਸ਼ ਆਉਂਦੇ ਹਨ। ਵਿਕਾਸਸ਼ੀਲ ਰਾਸ਼ਟਰਾਂ ਤੋਂ ਭਾਵ ਉਹ ਰਾਸ਼ਟਰ ਹਨ ਜਿਹਨਾਂ ਦੀ ਸਮਾਜਿਕ-ਆਰਥਿਕ ਪ੍ਰਣਾਲੀ ਪੇਂਡੂ ਅਤੇ ਖੇਤੀ ਪ੍ਰਧਾਨ ਹੈ ਅਤੇ ਉਹ ਉਦਯੋਗੀਕਰਨ ਵਿੱਚ ਪਿੱਛੜੇ ਹੋਏ। ਐੱਲ.ਟੀ ਹਾਬਹਾਉਸ ਨੇ ਕ੍ਰਮ-ਵਿਕਾਸ ਦੀ ਜਗ੍ਹਾ ਸਮਾਜਿਕ ਵਿਕਾਸ ਦਾ ਵਿਚਾਰ ਸਪਸ਼ਟ ਕੀਤਾ ਹੈ। ਉਹਨਾਂ ਦੇ ਅਨੁਸਾਰ ਵਿਕਾਸ ਨੂੰ ਮਾਪਣ ਦੇ ਚਾਰ ਤਰੀਕੇ ਹਨ :ਗਿਣਾਤਮਕ, ਕਲਾ, ਕੁਸ਼ਲਤਾ, ਨਿਰਭਰਤਾ ਅਤੇ ਵਿਕਾਸ ਇਸ ਦਿਸ਼ਾ ਵਿੱਚ ਵਾਧੇ ਦੀ ਹਾਲਤ ਹੀ ਵਿਕਾਸ ਨੂੰ ਦਰਸਾਉਂਦੀ ਹੈ। ਕਾਮਤੇ ਅਤੇ ਸਪੈਂਸਰ ਦੇ ਵਿਚਾਰਾਂ ਵਿੱਚ ਕ੍ਰਮ-ਵਿਕਾਸ ਨਜ਼ਰ ਆਉਂਦਾ ਹੈ। ਉਹਨਾਂ ਦੀਆਂ ਲਿਖਤਾਂ ਵਿੱਚ ਵਿਕਾਸ, ਪ੍ਰਗਤੀ ਰਲੇ-ਜੁਲੇ ਸਿਧਾਂਤ ਹਨ।

### 3. ਪ੍ਰਗਤੀ :

ਪ੍ਰਗਤੀ, ਪਰਿਵਰਤਨ ਦਾ ਇਕ ਹੋਰ ਰੂਪ ਹੈ। ਇਸ ਤੋਂ ਭਾਵ ਉਦੇਸ਼ ਵੱਲ ਵੱਧਣਾ ਹੈ। ਪ੍ਰਗਤੀ ਉਦੇਸ਼ ਵੱਲ ਵਧਣ ਦੀ ਵਿਲੱਖਣ ਕੋਸ਼ਿਸ਼ ਹੈ, ਜੋ ਨਿਸ਼ਚਿਤ ਹੁੰਦੀ ਹੈ ਅਤੇ ਇਸ ਨੂੰ ਸਮਾਜਿਕ ਕੀਮਤਾਂ ਦਾ ਸਮਰਥਨ ਪ੍ਰਾਪਤ ਹੁੰਦਾ ਹੈ। ਸੋ ਇਸ ਦਾ ਭਾਵ ਸਮਾਜ ਜਾਂ ਸੱਭਿਅਤਾ ਦਾ ਸਹਿਜ ਸੁਧਾਰ ਹੈ। ਸਪੈਂਸਰ ਅਤੇ ਹਾਬਹਾਉਸ ਉਹ ਪਹਿਲੇ ਵਿਦਵਾਨ ਹਨ ਜਿਨਾਂ ਨੇ ਪ੍ਰਗਤੀ ਦੀ ਗੱਲ ਕੀਤੀ। ਪ੍ਰਗਤੀ ਹੌਲ਼ੀ-ਹੌਲ਼ੀ ਜਾਂ ਤੇਜ਼ ਹੋ ਸਕਦੀ ਹੈ। ਪ੍ਰਗਤੀ ਦੇ ਸਿਧਾਂਤਾਂ ਅਤੇ ਕਾਰਨਾਂ 'ਤੇ ਚਰਚਾ ਕਰਦਿਆਂ ਸਪੈਂਸਰ ਲਿਖਦਾ ਹੈ ਜਦੋਂ ਅਸੀਂ ਪ੍ਰਗਤੀ ਦੇ ਸਿਧਾਂਤਾਂ ਨੂੰ ਲੈਂਦਾ ਹੈ-ਧਰਤੀ, ਜ਼ਿੰਦਗੀ, ਸਮਾਜ, ਸਰਕਾਰ, ਵਣਜ, ਭਾਸ਼ਾ, ਸੱਭਿਆਚਾਰ ਅਤੇ ਵਿਗਿਆਨ ਸਭ ਕੁਝ ਸਧਾਰਨ ਤੋਂ ਜਟਿਲ , ਘੱਟ ਵੱਖਰੇਵਿਆਂ ਤੋਂ ਵੱਧ ਵੱਖਰੇਵਿਆਂ ਵੱਲ ਹਮ-ਜਿਨਸੀ ਤੋਂ ਪਰ-ਜਿਨਸੀ ਰੂਪਾਂ ਵੱਲ ਵਧ ਰਿਹਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਗਤੀ ਦਾ ਸੰਕਲਪ ਵਿਕਾਸ ਦੇ ਸਮਰੂਪੀ ਨਹੀਂ ਹੈ। ਪ੍ਰਗਤੀ ਨੈਤਿਕ ਵਿਕਾਸ 'ਤੇ ਜ਼ੋਰ ਦਿੰਦੀ ਹੈ ਜਦੋਂ ਕਿ ਵਿਕਾਸ ਵਿੱਚ ਅਜਿਹਾ ਨਹੀਂ ਹੁੰਦਾ। ਹਾਬਹਾਉਸ ਦਾ ਵਿਸ਼ਵਾਸ ਹੈ ਕਿ ਆਰਥਿਕ ਵਿਕਾਸ ਤੇ ਸਮੱਰਥਾ ਦੌਰਾਨ ਨੈਤਿਕਤਾ ਵਿੱਚ ਗਿਰਾਵਟ ਆ ਸਕਦੀ ਹੈ। ਪ੍ਰਮਾਣੂ ਉਰਜਾ ਦਾ ਆਵਿਸ਼ਕਾਰ ਵਿਕਾਸ ਵੱਲ ਇਸ਼ਾਰਾ ਕਰਦਾ ਹੈ ਪਰ ਮਨੁੱਖੀ ਤਬਾਹੀ ਦਾ ਡਰ ਨੈਤਿਕ ਗਿਰਾਵਟ ਨਾਲ ਜੁੜਿਆ ਹੋਇਆ ਹੈ।



Downloaded from https:// www.studiestoday.com

Downloaded from https:// www.studiestoday.com

## ਕ੍ਰਮ-ਵਿਕਾਸ, ਪ੍ਰਗਤੀ ਅਤੇ ਵਿਕਾਸ ਦੀ ਤੁਲਨਾ :

ਸਮਾਜਿਕ ਕ੍ਰਮਵਿਕਾਸ ਦਾ ਸਿਧਾਂਤ ਜੈਵਿਕ ਹੈ। ਜਿਸ ਤਰ੍ਹਾਂ ਪਸ਼ੂਆਂ ਦਾ ਵਿਕਾਸ ਹੋਇਆ ਹੈ, ਠੀਕ ਉਸ ਤਰ੍ਹਾਂ ਹੀ ਸਮਾਜ ਵੀ ਸਧਾਰਨ ਤੋਂ ਗੁੰਝਲਦਾਰ ਵੱਲ ਵੱਧ ਰਿਹਾ ਹੈ। ਇਹ ਘੱਟ ਵਿਲੱਖਣਤਾ ਤੋਂ ਵੱਧ ਵਿਲੱਖਣਤਾ ਵੱਲ ਹੈ। ਵਿਕਾਸ ਦਾ ਸਿਧਾਂਤ ਸਮਾਜਿਕ, ਆਰਥਿਕ ਅਤੇ ਤਕਨੀਕੀ ਕਾਰਕਾਂ ਕਰਕੇ ਅੱਗੇ ਵੱਧਦਾ ਹੈ। ਸਿੱਖਿਆ ਦਾ ਪ੍ਰਸਾਰ, ਸਿਹਤ ਵਿੱਚ ਸੁਧਾਰ, ਆਰਥਿਕ ਉਤਪਾਦਨ ਸੰਭਵ ਹੈ ਅਤੇ ਇਹ ਤਰਨੀਕੀ ਵਿਕਾਸ ਦੇ ਚਿੰਨ੍ਹ ਹਨ। ਵਿਕਾਸ ਵਿੱਚ ਕ੍ਰਮ-ਵਿਕਾਸ ਦੇ ਤੱਤ ਵੀ ਹੁੰਦੇ ਹਨ। ਪ੍ਰਗਤੀ ਦਾ ਸਿਧਾਂਤ ਨੈਤਿਕ ਹੈ। ਕ੍ਰਮ-ਵਿਕਾਸ ਅਤੇ ਵਿਕਾਸ ਦੇ ਬਾਵਜੂਦ ਨੈਤਿਕਤਾ ਵਿੱਚ ਪਤਨ ਸੰਭਵ ਹੈ। ਪ੍ਰਗਤੀ ਨੂੰ ਮਰਿਆਦਾ ਜਾਂ ਇਛੁੱਕ ਤੌਰ ਤੇ ਵਿਕਾਸ ਮੰਨਿਆ ਜਾ ਸਕਦਾ ਹੈ। ਤਲਾਕ ਦੀ ਦਰ ਵਿੱਚ ਵਾਧਾ, ਮਰਿਆਦਾ ਅਤੇ ਮਨੁੱਖੀ ਤਬਾਹੀ ਦੇ ਦਰ ਵਿੱਚ ਵਾਧਾ, ਵਿਗਿਆਨਿਕ ਵਿਕਾਸ ਕੁੱਝ ਅਜਿਹੇ ਮੁੱਦੇ ਹਨ, ਜਿਨਾਂ ਤੋਂ ਪ੍ਰਗਤੀ ਅਤੇ ਵਿਕਾਸ ਵਿਚਕਾਰ ਫ਼ਰਕ ਨਜ਼ਰ ਆਉਂਦਾ ਹੈ। ਘੱਟ ਵਖਰੇਵਿਆਂ ਤੋਂ ਵੱਧ ਵਖਰੇਵਿਆਂ ਵੱਲ ਅਤੇ ਹਮ-ਜਿਨਸੀ ਤੋਂ ਪਰ-ਜਿਨਸੀ ਵੱਲ ਵੱਧ ਰਿਹਾ ਹੈ।

## ਕ੍ਰਾਂਤੀ :

ਕ੍ਰਾਂਤੀ ਵੀ ਸਮਾਜਿਕ ਪਰਿਵਰਤਨ ਦਾ ਮਹੱਤਵਪੂਰਨ ਰੂਪ ਹੈ। ਇਹ ਤੇਜ਼ੀ ਨਾਲ਼ ਅਤੇ ਅਚਾਨਕ ਆਉਂਦਾ ਹੈ ਅਤੇ ਇਸ ਨਾਲ਼ ਇਕ ਖ਼ਾਸ ਦਿਸ਼ਾ ਵਿੱਚ ਸਮਾਜ ਦੀ ਸਰੰਚਨਾ ਵਿੱਚ ਸੰਪੂਰਨ ਤਬਦੀਲੀ ਆਉਂਦੀ ਹੈ। ਇਹ ਸਮਾਜ ਦੇ ਰਾਜਨੀਤਿਕ, ਆਰਥਿਕ ਅਤੇ ਸਤਰੀਕਰਨ ਵਿਵਸਥਾ ਵਿੱਚ ਬੁਨਿਆਦੀ ਅਤੇ ਤੇਜ਼ ਪਰਿਵਰਤਨ ਹੈ। ਕ੍ਰਾਂਤੀ ਸਮੂਹਾਂ ਅਤੇ ਰਾਜਨੀਤਿਕ ਸਮੂਹਾਂ ਵਿੱਚ ਸੰਘਰਸ਼ ਕਾਰਨ ਆਉਂਦੀ ਹੈ ਜੋ ਹਿੰਸਕ ਹੋ ਸਕਦੀ ਹੈ। ਇਹਨਾਂ ਵਿਚਲੇ ਵਿਰੋਧ ਸਮਾਜਿਕ ਪਰਿਵਰਤਨ ਲਿਆਉਂਦੇ ਹਨ। ਕ੍ਰਾਂਤੀ ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਸੰਸਥਾਵਾਂ ਵਿੱਚ ਬੁਨਿਆਦੀ ਤਬਦੀਲੀ ਲਿਆਉਂਦੀ ਹੈ। ਮਾਰਕਸ ਲਈ ਕ੍ਰਾਂਤੀ ਉਤਪਾਦਨ ਦੇ ਸਾਧਨਾਂ ਰਾਹੀਂ, ਸਮਾਜ ਵਿੱਚ ਸਰੰਚਨਾਤਮਕ ਪਰਿਵਰਤਨ ਦਾ ਨਾਮ ਹੈ। ਉਤਪਾਦਨ ਦੇ ਨਵੇਂ ਸਾਧਨ ਸਮਾਜ ਵਿੱਚ ਰਾਜਨੀਤਿਕ, ਸਮਾਜਿਕ ਅਤੇ ਹੋਰ ਸੰਸਥਾਗਤ ਪਰਿਵਰਤਨ ਲਿਆਉਂਦੇ ਹਨ।

ਇਸ ਲਈ ਕ੍ਰਾਂਤੀ ਬਹੁਤ ਛੇਤੀ ਤਬਦੀਲੀ ਲਿਆਉਂਦੀ ਹੈ। ਮਨੁੱਖੀ ਸਮਾਜ ਦੇ ਇਤਿਹਾਸ ਕ੍ਰਾਂਤੀ ਨਾਲ ਭਰਿਆ ਪਿਆ ਹੈ। ਕ੍ਰਾਂਤੀ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ ਜਿਵੇਂ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਜਾਂ ਤਕਨੀਕੀ। ਇਹ ਸਥਾਪਿਤ ਸਮਾਜ ਵਿੱਚ ਤਬਦੀਲੀ ਲਿਆਉਂਦੀ ਹੈ। ਇਹ



Downloaded from https:// www.studiestoday.com

Downloaded from https:// www.studiestoday.com

ਪਰਿਵਰਤਨ ਨਵੇਂ ਸਮਾਜਿਕ ਰਿਸ਼ਤਿਆਂ, ਸੱਭਿਆਚਾਰ, ਰਾਜਨੀਤਿਕ ਪ੍ਰਣਾਲੀ, ਨਵੀਂ ਤਕਨੀਕ ਨੂੰ ਜਨਮ ਦਿੰਦੇ ਹਨ।

ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਿਕ ਪਰਿਵਰਤਨ ਇੱਕ ਬਹੁਤ ਹੀ ਵਿਆਪਕ ਸੰਕਲਪ ਹੈ। ਕ੍ਰਮ-ਸਿਧਾਂਤ, ਵਿਕਾਸ ਅਤੇ ਪ੍ਰਗਤੀ ਦੇ ਸੰਕਲਪ ਵਿੱਚ ਕਈ ਪ੍ਰਕਾਰ ਦੀਆਂ ਗਲਤਫ਼ਹਿਮੀਆਂ ਹਨ। ਤਿੰਨਾਂ ਵਿਚਲਾ ਵਖਰੇਵਾਂ ਸਪਸ਼ਟ ਨਹੀਂ ਹੈ। ਇਸ ਲਈ ਇਹ ਸੰਕਲਪ ਵੀ ਸਪੱਸ਼ਟ, ਨਿਸ਼ਚਿਤ ਅਤੇ ਤਕਨੀਕੀ ਕਿਸਮ ਨਹੀਂ ਹੈ। ਸਮਾਜਿਕ ਪਰਿਵਰਤਨ ਇੱਕ ਪਾਰਦਰਸ਼ੀ ਸਿਧਾਂਤ ਹੈ। ਇਸ ਵਿੱਚ ਪਾਰਦਰਸ਼ਿਤਾ ਪਾਈ ਜਾਂਦੀ ਹੈ ਜਿਹੜੀ ਕਿ ਵਿਗਿਆਨਕ ਪੜ੍ਹਾਈ ਲਈ ਜ਼ਰੂਰੀ ਹੈ।

## ਸਮਾਜਿਕ ਪਰਿਵਰਤਨ ਦੀ ਦਿਸ਼ਾ ਅਤੇ ਦਰ ਨੂੰ ਨਿਸ਼ਚਿਤ ਕਰਦੇ ਕਾਰਕ :

ਸਮਾਜਿਕ ਪਰਿਵਰਤਨ ਬਹੁਤ ਸਾਰੇ ਕਾਰਕਾਂ ਕਰਕੇ ਆਉਂਦਾ ਹੈ। ਕੁਝ ਕਾਰਕ ਸੰਬੰਧਿਤ ਸਮਾਜ ਦੇ ਅੰਦਰੂਨੀ ਢਾਂਚੇ ਨਾਲ ਸੰਬੰਧ ਰੱਖਦੇ ਹਨ, ਅਤੇ ਬਾਕੀ ਬਾਹਰੀ ਪ੍ਰਬੰਧ ਨਾਲ਼। ਸਮਾਜਿਕ ਪਰਿਵਰਤਨ ਦੇ ਕੁਝ ਸਿਧਾਂਤ, ਸਮਾਜਿਕ ਸੰਰਚਨਾ ਵਿਚ ਸੁਧਾਰਾਂ ਵਿਚ ਲੋਕਾਂ ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹਨ। ਵਿਲਬਰਟ ਮੂਰੇ ਵਰਗੇ ਸਿਧਾਂਤਕਾਰਾਂ ਦਾ ਸੁਝਾਅ ਹੈ ਕਿ ਲੋਕ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਲੱਭਦੇ ਹਨ ਅਤੇ ਇਹ ਸਮਾਧਾਨ ਸਮਾਜਿਕ ਪਰਿਵਰਤਨ ਲਿਆਉਂਦੇ ਹਨ। ਉਹਨਾਂ ਲਈ ਕਿਸੇ ਵਿਸ਼ੇਸ਼ ਵਿਅਕਤੀ ਦੀ ਸਮਾਜਿਕ ਪਰਿਵਰਤਨ ਵਿਚ ਅਹਿਮ ਭੂਮਿਕਾ ਹੁੰਦੀ ਹੈ। ਉਦਾਹਰਨ ਲਈ ਰੂਸ ਵਿਚ ਵਲਾਦੀਮੀਰ ਲੈਨਿਨ ਅਤੇ ਭਾਰਤ ਵਿੱਚ ਮਹਾਤਮਾ ਗਾਂਧੀ ਦੀ ਸਮਾਜਿਕ ਤਬਦੀਲੀ ਵਿਚ ਅਹਿਮ ਭੂਮਿਕਾ ਹੈ। ਕੁਝ ਹੋਰ ਸਿਧਾਂਤਕਾਰਾਂ ਦਾ ਵਿਚਾਰ ਹੈ ਕਿ ਮਨੁੱਖੀ ਨਿਯੰਤਰਨ ਤੋਂ ਬਾਹਰੀਆਂ ਕੁਝ ਸ਼ਕਤੀਆਂ ਹਨ, ਜੋ ਪਰਿਵਰਤਨ ਦਾ ਕਾਰਕ ਹੁੰਦੀਆਂ ਹਨ। ਇਹਨਾਂ ਵਿੱਚੋਂ ਕੁਝ ਸ਼ਕਤੀਆਂ ਕੁਦਰਤੀ ਆਫ਼ਤਾਂ ਅਤੇ ਤਕਨੀਕ ਵਿੱਚ ਅਣਕਿਆਸਿਆ ਵਿਕਾਸ ਹੈ। ਕੁਝ ਹੋਰ ਵਿਦਵਾਨ ਪਰਿਵਰਤਨ ਨੂੰ ਦੋਹਾਂ ਦਾ ਸਾਂਝਾ ਯਤਨ ਮੰਨਦੇ ਹਨ। ਉਦਾਹਰਨ ਲਈ, ਕਾਰਲ ਮਾਰਕਸ ਦਾ ਵਿਚਾਰ ਹੈ ਕਿ ਤਕਨੀਕੀ ਵਿਕਾਸ ਕਾਰਨ ਆਇਆ ਪਰਿਵਰਤਨ ਮਨੁੱਖੀ ਨਿਯੰਤਰਨ ਤੋਂ ਬਾਹਰ ਹੈ ਪਰ ਉਹਨਾਂ ਦਾ ਇਹ ਵੀ ਵਿਚਾਰ ਹੈ ਕਿ ਸਮਾਜਿਕ ਸ਼੍ਰੇਣੀਆਂ ਆਪਣੇ ਲਾਭ ਲਈ ਜਾਗਰੂਕ ਹੁੰਦੀਆਂ ਹਨ ਤੇ ਇਸ ਲਈ ਉਹ ਕ੍ਰਾਂਤੀ ਪ੍ਰਕਿਰਿਆ ਦਾ ਹਿੱਸਾ ਬਣਦੀਆਂ ਹਨ। ਇਹੋ ਜਿਹੇ ਇਨਕਲਾਬ ਸਮਾਜਿਕ ਪਰਿਵਰਤਨ ਲਿਆਉਂਦੇ ਹਨ।

ਸਮਾਜਿਕ ਪਰਿਵਰਤਨ ਬਹੁਤ ਸਾਰੇ ਕਾਰਕਾਂ ਕਰਕੇ ਆਉਂਦਾ ਹੈ। ਕੁਝ ਕਾਰਕ ਸੰਬੰਧਿਤ ਸਮਾਜ ਦੇ ਅੰਦਰੂਨੀ ਢਾਂਚੇ ਨਾਲ ਸੰਬੰਧ ਰੱਖਦੇ ਹਨ, ਅਤੇ ਬਾਕੀ ਬਾਹਰੀ ਪ੍ਰਬੰਧ ਨਾਲ। ਸਮਾਜਿਕ ਪਰਿਵਰਤਨ ਦੇ ਕੁਝ ਸਿਧਾਂਤ, ਸਮਾਜਿਕ ਸੰਰਚਨਾ ਵਿੱਚ ਸੁਧਾਰਾਂ ਵਿੱਚ ਲੋਕਾਂ ਦੀ ਭੂਮਿਕਾ ਉੱਤੇ ਜੋਰ ਦਿੰਦੇ ਹਨ। ਵਿਲਬਰਟ ਮੂਰੇ ਵਰਗੇ ਸਿਧਾਂਤਕਾਰਾਂ ਦਾ ਸੁਝਾਅ ਹੈ ਕਿ ਲੋਕ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ



Downloaded from https:// www.studiestoday.com

Downloaded from https:// www.studiestoday.com

ਲੱਭਦੇ ਹਨ ਅਤੇ ਇਹ ਸਮਾਧਾਨ ਸਮਾਜਿਕ ਪਰਿਵਰਤਨ ਲਿਆਉਂਦੇ ਹਨ। ਉਹਨਾਂ ਲਈ ਕਿਸੇ ਵਿਸ਼ੇਸ਼ ਵਿਅਕਤੀ ਦੀ ਸਮਾਜਿਕ ਪਰਿਵਰਤਨ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਉਦਾਹਰਨ ਲਈ ਰੂਸ ਵਿੱਚ ਵਲਾਦੀਮੀਰ ਲੈਨਿਨ ਅਤੇ ਭਾਰਤ ਵਿੱਚ ਆਤਮਾ ਗਾਂਧੀ ਦਾ ਸਮਾਜਿਕ ਤਬਦੀਲੀ ਵਿੱਚ ਅਹਿਮ ਭੂਮਿਕਾ ਹੈ। ਕੁਝ ਹੋਰ ਸਿਧਾਂਤਕਾਰਾਂ ਦਾ ਵਿਚਾਰ ਹੈ ਕਿ ਮਨੁੱਖੀ ਨਿਯੰਤਰ ਤੋਂ ਬਾਹਰੀਆਂ ਕੁਝ ਸ਼ਕਤੀਆਂ ਹਨ ਜੋ ਪਰਿਵਰਤਨ ਦਾ ਕਾਰਕ ਹੁੰਦੀਆਂ ਹਨ। ਇਹਨਾਂ ਵਿਚੋਂ ਕੁਝ ਸ਼ਕਤੀਆਂ ਕੁਦਰਤੀ ਆਫ਼ਤਾਂ ਅਤੇ ਤਕਨੀਕ ਵਿੱਚ ਅਣਕਿਆਸਿਆ ਵਿਕਾਸ ਹੈ। ਕੁਝ ਹੋਰ ਵਿਦਵਾਨ ਪਰਿਵਰਤਨ ਨੂੰ ਦੋਹਾਂ ਦਾ ਸਾਂਝਾ ਜਤਨ ਮੰਨਦੇ ਹਨ। ਉਦਾਹਰਨ ਲਈ ਕਾਰਲ ਮਾਰਕਸ ਮੰਨਦਾ ਹੈ ਕਿ ਤਕਨੀਕੀ ਵਿਕਾਸ ਕਾਰਨ ਆਇਆ ਪਰਿਵਰਤਨ ਮਨੁੱਖੀ ਨਿਯੰਤਰਨ ਤੋਂ ਬਾਹਰੀ ਹੈ ਪਰ ਇਹ ਵੀ ਮੰਨਦਾ ਹੈ ਕਿ ਸਮਾਜਿਕ ਸ਼੍ਰੇਣੀਆਂ ਆਪਣੇ ਫਾਇਦਿਆਂ ਲਈ ਜਾਗਰੁਕ ਹੁੰਦੀਆਂ ਹਨ ਅਤੇ ਇਸ ਲਈ ਉਹ ਕ੍ਰਾਂਤੀ ਪ੍ਰਕਿਰਿਆ ਦਾ ਹਿੱਸਾ ਬਣਦੀਆਂ ਹਨ। ਇਹੋ ਜਿਹੇ ਇਨਕਲਾਬ ਸਮਾਜਿਕ ਪਰਿਵਰਤਨ ਲਿਆਉਂਦੇ ਹਨ।

ਇਸ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਗਿਆ ਹੈ :

1. ਪਰਿਆਵਰਨ ਕਾਰਨ
2. ਵਿਸ਼ਵਾਸ ਅਤੇ ਕੀਮਤਾਂ
3. ਮਹਾਨ ਸ਼ਖਸੀਅਤਾਂ
4. ਜੈਵਿਕ ਜਾਂ ਜਨਸੰਖਿਅਕ ਕਾਰਕ
5. ਤਕਨੀਕੀ ਕਾਰਕ
6. ਸਿੱਖਿਆ

1. **ਪਰਿਆਵਰਨ ਕਾਰਕ :** ਪਰਿਆਵਰਨਕ ਜੀਵਾਂ ਅਤੇ ਉਹਨਾਂ ਦੇ ਵਾਤਾਵਰਨ ਦੇ ਰਿਸ਼ਤੇ ਨੂੰ ਦਰਸਾਉਂਦੀ ਹੈ। ਇਸ ਲਈ ਪਰਿਆਵਰਨਕ ਕਾਰਕ ਸਮਾਜਿਕ ਪਰਿਵਰਤਨ ਦੀ ਅੰਤਰ-ਨਿਰਭਰਤਾ ਅਤੇ ਵਾਤਾਵਰਨ ਨੂੰ ਦਰਸਾਉਂਦੇ ਹਨ। ਇਹ ਕਾਰਕ ਇੱਕਦਮ ਬਦਲਾਵ ਲਿਆਉਂਦੇ ਹਨ। ਵਾਤਾਵਰਨ ਦੇ ਹਾਲਾਤ, ਕੁਦਰਤੀ ਸੋਮੇ, ਦੇਸ਼ ਦੀ ਭੌਤਿਕ ਸਥਿਤੀ, ਕੁਦਰਤੀ ਆਫ਼ਤਾਂ ਪਰਿਵਰਤਨ ਦਾ ਸਾਧਨ ਹਨ। ਕੁਦਰਤੀ ਆਫ਼ਤਾਂ ਜਿਵੇਂ, ਹੜ ਸਾਰੀ ਜਨਸੰਖਿਆ ਨੂੰ ਖ਼ਤਮ ਕਰ ਦਿੰਦੇ ਹਨ, ਵਿਅਕਤੀਆਂ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਪ੍ਰਵਾਸ ਲਈ ਮਜ਼ਬੂਰ ਹੋਣਾ ਪੈਂਦਾ ਹੈ ਅਤੇ ਆਪਣੇ ਸਮੁਦਾਇ ਨੂੰ ਮੁੜ ਤੋਂ ਬਨਾਉਣਾ ਪੈਂਦਾ ਹੈ। ਇਸੇ ਤਰ੍ਹਾਂ ਜਨਮ, ਮੌਤ ਅਤੇ ਪ੍ਰਵਾਸ ਵਿੱਚ ਵਾਧੇ ਅਤੇ ਘਾਟੇ ਕਾਰਨ ਕਈ ਤਰ੍ਹਾਂ ਦੀਆਂ ਆਰਥਿਕ ਅਤੇ ਰਾਜਨੀਤਿਕ ਚਣੌਤੀਆਂ ਸਾਹਮਣੇ ਆਉਂਦੀਆਂ ਹਨ। ਅਜੋਕੇ ਸਮੇਂ ਵਿੱਚ ਭੌਤਿਕ ਬਦਲਾਵ ਅਤੇ ਕੁਦਰਤੀ ਆਫਤਾਂ ਦਾ ਕਾਰਨ ਉੱਥੇ ਰਹਿੰਦੇ ਵਿਅਕਤੀਆਂ ਕਾਰਨ ਹੈ। ਬਹੁਤ ਵਾਰੀ ਵਿਅਕਤੀਗਤ ਵਿਵਹਾਰ ਮਿੱਟੀ ਦੇ ਖੁਰਨ, ਪਾਣੀ ਅਤੇ ਹਵਾ ਪ੍ਰਦੂਸ਼ਣ ਲਈ ਜ਼ੁੰਮੇਵਾਰ ਹਨ। ਕੁਦਰਤੀ ਸਰੋਤਾਂ ਨੂੰ ਵਰਤਣ ਅਤੇ ਖ਼ਰਾਬ ਉਤਪਾਦਾਂ ਨੂੰ ਸੁੱਟਣ ਸੰਬੰਧੀ ਕਾਨੂੰਨ ਬਣਾਉਣੇ ਪੈਂਦੇ ਹਨ।



Downloaded from https:// www.studiestoday.com

Downloaded from https:// www.studiestoday.com

2. **ਵਿਸ਼ਵਾਸ ਅਤੇ ਕੀਮਤਾਂ :** ਪਰਿਵਰਤਨ ਵਿੱਚ ਕੀਮਤਾਂ ਦੀ ਭੂਮਿਕਾ ਮੈਕਸ ਵੈਬਰ ਦੀ ਕਿਤਾਬ 'ਪ੍ਰੋਟੈਸਟੈਂਟ ਐਥਿਕ ਅਤੇ ਸਪਿਰਿਟ ਆਫ ਕੈਪਟਿਲਜ਼ਮ' ਵਿੱਚ ਦਰਸਾਈ ਗਈ ਹੈ। ਵੈਬਰ ਦਾ ਮੰਨਣਾ ਹੈ ਕਿ ਧਾਰਮਿਕ ਵਿਚਾਰ ਇੱਕ ਸਮੂਹ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੇ ਹਨ। ਕੁੱਝ ਇਤਿਹਾਸਿਕ ਹਾਲਾਤ, ਵਿਚਾਰ ਅਤੇ ਕੀਮਤਾਂ ਇੱਕ ਖਾਸ ਦਿਸ਼ਾ ਨੂੰ ਪ੍ਰਭਾਵਿਤ ਕਰਦੀਆਂ ਹਨ। ਉਹ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਨਵ ਪੂੰਜੀਵਾਦ ਦਾ ਉਭਾਰ ਦਾ ਅਧਾਰ ਪਰੋਟੈਸਟੈਂਟ ਧਰਮ ਹੈ ਜਾਂ ਨੈਤਿਕ ਸਿਧਾਂਤ ਹਨ। ਵਿਸ਼ਵਾਸ ਤੇ ਕੀਮਤਾਂ ਵਿੱਚ ਸੰਘਰਸ਼ ਵੀ ਪਰਿਵਰਤਨ ਲਈ ਮਹੱਤਵਪੂਰਨ ਹੈ। ਉਦਾਹਰਨ ਲਈ ਜਾਤੀ ਅਤੇ ਨਸਲ ਦੀ ਸ੍ਰੇਸ਼ਠਤਾ ਦਾ ਕੀਮਤਾਂ ਵਿੱਚ ਟਕਰਾਵ ਹੁੰਦਾ ਹੈ। ਨਵੇਂ ਕਾਨੂੰਨ ਵਿਅਕਤੀਆਂ ਦੀ ਰੱਖਿਆ ਕਰਦੇ ਹਨ ਕਿ ਉਹਨਾਂ ਨਾਲ ਜਾਤ ਦੇ ਆਧਾਰ ਤੇ ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ। ਇਸ ਤਰ੍ਹਾਂ ਵੱਖਰੇ ਸਮੂਹਾਂ ਵਿੱਚ ਸੰਘਰਸ਼ ਵੀ ਆਵਿਸ਼ਕਾਰ ਅਤੇ ਪਰਿਵਰਤਨ ਦਾ ਸੋਮਾ ਹੈ। ਉਦਾਹਰਨ ਲਈ ਪੱਛਮੀ ਸਰੂਪ ਵਿੱਚ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਵਰਗ ਸੰਘਰਸ਼ ਦਾ ਨਤੀਜਾ ਹੈ।

3. **ਮਹਾਨ ਸ਼ਖ਼ਸੀਅਤਾਂ :** ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਤਿਹਾਸ ਵਿੱਚ ਮਹਾਨ ਸ਼ਖ਼ਸੀਅਤਾਂ ਦੀ ਭੂਮਿਕਾ ਨੂੰ ਦਰਸਾਇਆ ਗਿਆ ਹੈ ਜਿਨ੍ਹਾ ਦੇ ਵਿਅਕਤੀਆਂ ਉੱਤੇ ਪ੍ਰਭਾਵ ਰਿਹਾ ਹੈ। ਇਹੋ ਜਿਹੇ ਵਿਅਕਤੀ ਆਪਣੇ ਨਿੱਜੀ ਬੁੱਧੀ, ਗਿਆਨ, ਰਾਜਨੀਤਿਕ ਕੁਸ਼ਲਤਾ, ਪ੍ਰਭਾਵਸ਼ਾਲੀ ਸ਼ਖ਼ਸੀਅਤ ਕਾਰਨ ਪਰਿਵਰਤਨ ਲਿਆਉਣ ਵਿੱਚ ਸਹਾਈ ਹੁੰਦੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ ਮਹਾਨ ਸ਼ਖ਼ਸੀਅਤਾਂ ਅਤੇ ਲੀਡਰਾਂ ਨੇ ਸਮਾਜਿਕ ਪਰਿਵਰਤਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹੋ ਜਿਹੇ 'ਖਾਸ ਵਿਅਕਤੀਆਂ' ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਉੱਪਰ ਦਿੱਤੇ ਕਾਰਕ ਸਮਾਜਿਕ ਪਰਿਵਰਤਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਵੇਂ ਕੁੱਝ ਖਾਸ ਕਾਰਕ ਜਿਵੇਂ ਜੰਨਸੰਖਿਅਕ, ਜੈਵਿਕ, ਤਕਨੀਕੀ ਅਤੇ ਸਿੱਖਿਆਤਮਕ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

4. **ਜੈਵਿਕ ਜਾਂ ਜੰਨਸੰਖਿਆਤਮਕ ਕਾਰਕ :** ਜੰਨਸੰਖਿਆਤਮਕ ਕਾਰਕ ਵਿੱਚ ਜੰਨਸੰਖਿਆ ਦਾ ਆਕਾਰ ਅਤੇ ਘਣਤਾ ਹੁੰਦੀ ਹੈ। ਜੈਵਿਕ ਪ੍ਰਕਿਰਿਆ ਵਿੱਚ ਮਨੁੱਖੀ ਉਤਪਤੀ, ਉਪਜਾਇਕਤਾ, ਮੌਤ ਦਰ, ਪ੍ਰਵਾਸ ਅਤੇ ਜਨਸੰਖਿਆ ਦੀ ਘਣਤਾ ਸਮਾਜਿਕ ਪਰਿਵਰਤਨ ਨੂੰ ਪ੍ਰਭਾਵਿਤ ਕਰਦੇ ਹਨ। ਜਦੋਂ ਵੀ ਜਨਸੰਖਿਆ ਵੱਧਦੀ ਹੈ ਜਾਂ ਘੱਟਦੀ ਹੈ ਤਾਂ ਜੰਨਸੰਖਿਆ ਦਾ ਆਕਾਰ ਤਬਦੀਲ ਹੁੰਦਾ ਹੈ। ਆਰਥਿਕ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ। ਜਿਸ ਨਾਲ ਜ਼ਿੰਦਗੀ ਦੇ ਹੋਰ ਪੱਖਾਂ ਵਿੱਚ ਪਰਿਵਰਤਨ ਹੁੰਦਾ ਹੈ। ਉਦਾਹਰਨ ਲਈ ਜਨਸੰਖਿਆ ਵਿੱਚ ਬਹੁਤ ਜ਼ਿਆਦਾ ਵਾਧੇ ਕਾਰਨ ਸੋਮਿਆਂ, ਗੁਣਾਤਮਕਤਾ ਸਿਹਤ ਅਤੇ ਕਲਿਆਣਕਾਰੀ



Downloaded from https:// www.studiestoday.com

Downloaded from https:// www.studiestoday.com

ਪ੍ਰੋਗਰਾਮ ਪ੍ਰਭਾਵਿਤ ਹੁੰਦੇ ਹਨ। ਜਨਸੰਖਿਆ ਦੇ ਦਬਾਵ ਕਾਰਨ ਵਿਕਾਸਸ਼ੀਲ ਦੇਸ਼ਾਂ ਵਿੱਚ ਗ਼ਰੀਬੀ ਵਿੱਚ ਵਾਧਾ ਹੋ ਰਿਹਾ ਹੈ। ਪਿੰਡਾਂ ਤੋਂ ਪ੍ਰਵਾਸ ਨਾਲ਼ ਉਦਯੋਗੀਕਰਨ ਵੱਧ ਰਿਹਾ ਹੈ।

19ਵੀਂ ਸਦੀ ਵਿੱਚ ਜਨਸੰਖਿਆ ਵਿੱਚ ਇਕਦਮ ਵਾਧਾ ਹੋਇਆ ਅਤੇ ਅਤੇ ਉਸਨੇ ਕਈ ਤਰ੍ਹਾਂ ਦੀਆਂ ਸਮਾਜਿਕ ਔਕੜਾਂ ਨੂੰ ਜਨਮ ਦੇ ਦਿੱਤਾ। ਭੋਜਨ ਦੀ ਸਮੱਸਿਆ, ਘਰਾਂ ਦੀ ਸਮੱਸਿਆ, ਬੇਰੁਜ਼ਗਾਰੀ, ਮਾੜੀ ਸਿਹਤ, ਗ਼ਰੀਬੀ ਅਤੇ ਘਟੀਆ ਜੀਵਨ ਪੱਧਰ ਆਦਿ ਦਾ ਉਭਾਰ ਹੋਇਆ। ਦੂਸਰੇ ਪਾਸੇ ਕੁੱਝ ਦੇਸ਼ ਘੱਟ ਜਨਸੰਖਿਆ ਤੋਂ ਪਰੇਸ਼ਾਨ ਹਨ। ਜਨਸੰਖਿਆ ਦੀ ਦਰ ਵਿੱਚ ਘਾਟੇ ਕਾਰਨ ਬਹੁਤ ਸਾਰੇ ਯੂਰਪੀ ਅਤੇ ਪੱਛਮੀ ਦੇਸ਼ ਔਕੜਾਂ ਦਾ ਸਾਹਮਣਾ ਕਰ ਰਹੇ ਹਨ। ਉਪਜਾਇਕਤਾ ਦੀ ਘਾਟ ਕਾਰਨ ਬਹੁਤ ਸਾਰੇ ਦੇਸ਼ਾਂ ਵਿੱਚ ਜਿਵੇਂ ਯੂ.ਕੇ, ਅਮਰੀਕਾ, ਸਵੀਡਨ ਆਦਿ ਵਿੱਚ ਜਵਾਨ ਜਨਸੰਖਿਆ ਘੱਟ ਹੈ। ਦੂਸਰੇ ਪਾਸੇ ਮੌਤ ਦਰ ਦੇ ਘੱਟਣ ਕਰਕੇ ਬਜ਼ੁਰਗ ਦੀ ਜਨਸੰਖਿਆ ਵਿੱਚ ਵਾਧਾ ਹੋ ਗਿਆ ਹੈ ਜਿਸ ਦੇ ਆਪਣੇ ਵੱਖਰੇ ਪ੍ਰਭਾਵ ਹਨ।

ਜਨਸੰਖਿਆ ਵਿੱਚ ਘਾਟੇ ਨਾਲ ਕਾਫ਼ੀ ਔਕੜਾਂ ਦਾ ਹੱਲ ਲੱਭਿਆ ਜਾ ਸਕਦਾ ਹੈ। ਇਹ ਆਰਥਿਕ ਅਸੁਰੱਖਿਆ, ਬੇਰੁਜ਼ਗਾਰੀ ਦੀ ਸਮੱਸਿਆ, ਜੁਰਮ ਅਤੇ ਸਮਾਜਿਕ ਪਰੇਸ਼ਾਨੀ ਨੂੰ ਘਟਾ ਸਕਦੀ ਹੈ। ਦੂਸਰੇ ਪਾਸੇ ਜਨਸੰਖਿਆ ਵਿੱਚ ਵਾਧੇ ਨਾਲ ਕਾਫ਼ੀ ਮੁਸੀਬਤਾਂ ਵੱਧ ਜਾਂਦੀਆਂ ਹਨ। ਇਸ ਲਈ ਜਨਸੰਖਿਆ ਵਿੱਚ ਸੰਤੁਲਨ ਚਾਹੀਦਾ ਹੈ ਤਾਂ ਜੋ ਕਿ ਕੁਦਰਤੀ ਸੋਮਿਆਂ ਨੂੰ ਵੀ ਬਚਾਇਆ ਜਾ ਸਕੇ। ਇਸ ਸੰਤੁਲਨ ਵਿੱਚ ਕੋਈ ਵੀ ਬਦਲਾਵ ਸਮਾਜਿਕ ਪਰਿਵਰਤਨ ਹੁੰਦਾ ਹੈ। ਉਦਯੋਗੀਕਰਨ ਦੇਸ਼ਾਂ ਵਿੱਚ ਇਸ ਸੰਤੁਲਨ ਨੂੰ ਬਣਾਈ ਰੱਖਣ ਦੀ ਲੋੜ ਹੈ, ਨਹੀਂ ਤਾਂ ਉਹ ਸਾਧਨਾਂ ਦੀ ਘਾਟ ਕਾਰਨ ਉਹ ਸਮੁਦਾਇ ਨੂੰ ਵਿਕਾਸ ਵੱਲ ਨਹੀਂ ਲਿਜਾ ਸਕਣਗੇ।

ਇਸੇ ਤਰ੍ਹਾਂ ਜਨਮ ਦਰ, ਮੌਤ ਦਰ ਅਤੇ ਵਿਆਹ ਦੀ ਦਰ ਵੀ ਸਮਾਜਿਕ ਵਿਵਹਾਰਾਂ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਤਬਦੀਲੀ ਲਿਆਉਂਦੇ ਹਨ। ਉਦਾਹਰਨ ਲਈ ਜਿਹੜੇ ਦੇਸ਼ਾਂ ਵਿੱਚ ਜਨਸੰਖਿਆ ਵਿੱਚ ਵਾਧਾ ਹੋ ਰਿਹਾ ਹੈ ਅਤੇ ਉਹਨਾਂ ਕੋਲ ਸੋਮੇ ਸੀਮਿਤ ਹਨ ਉਹ ਮਿਲਟਰੀ ਰਾਜ ਨੂੰ ਵਧਾਉਂਦੇ ਹਨ ਅਤੇ ਨਾਲ ਹੀ ਜਨਸੰਖਿਆ ਵਿੱਚ ਵਾਧਾ ਕਰਦੇ ਹਨ। ਦੂਸਰੇ ਪਾਸੇ ਕੁੱਝ ਦੇਸ਼ਾਂ ਵਿੱਚ ਜਨਸੰਖਿਆ ਵਿੱਚ ਵਾਧਾ ਅਤੇ ਜਨਮ ਦਰ ਨੂੰ ਨਿਯੰਤਰਨ ਦੀ ਕੋਸ਼ਿਸ਼ ਨੇ ਵੀ ਪਰਿਵਰਤਨ ਲਿਆਉਂਦਾ ਹੈ। ਪਰਿਵਾਰ ਦਾ ਆਕਾਰ ਛੋਟਾ ਹੋਣ ਨਾਲ ਪਤੀ-ਪਤਨੀ, ਬੱਚਿਆਂ ਅਤੇ ਮਾਂ-ਬਾਪ ਦੇ ਰਿਸ਼ਤਿਆਂ ਵਿੱਚ ਵੀ ਬਦਲਾਵ ਆਇਆ ਹੈ। ਮਾਂ ਦੀ ਸਥਿਤੀ ਅਤੇ ਆਤਮ-ਨਿਰਭਰਤਾ ਵਿੱਚ ਵੀ ਬਦਲਾਵ ਆ ਰਿਹਾ ਹੈ।

5. **ਤਕਨੀਕੀ ਕਾਰਕ** : ਤਕਨੀਕੀ ਕਾਰਕ ਸਮਾਜਿਕ ਪਰਿਵਰਤਨ ਦੀ ਇੱਕ ਮਹੱਤਵਪੂਰਨ ਇਕਾਈ ਹੈ। ਤਕਨੀਕੀ ਕਾਰਕ ਮਨੁੱਖ ਦੁਆਰਾ ਪੈਦਾ ਕੀਤੀਆਂ ਸਥਿਤੀਆਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨਾਲ ਵਿਅਕਤੀ ਦੀ ਜ਼ਿੰਦਗੀ ਪ੍ਰਭਾਵਿਤ ਹੁੰਦੀ ਹੈ। ਸੱਭਿਅਤਾ ਦਾ ਜਨਮ ਮਨੁੱਖ



Downloaded from https:// www.studiestoday.com

Downloaded from https:// www.studiestoday.com

ਨੇ ਆਪਣੇ ਜੀਵਨ ਨੂੰ ਹੋਰ ਸੁਖਾਲਾ ਬਨਾਉਣ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਅਤੇ ਜਰੂਰਤਾਂ ਨੂੰ ਪੂਰਾ ਕਰਨ ਲਈ ਕੀਤਾ ਹੈ। ਤਕਨੀਕ ਸੱਭਿਅਤਾ ਦੀ ਦੇਣ ਹੈ। ਜਦੋਂ ਵਿਗਿਆਨਕ ਗਿਆਨ ਜੀਵਨ ਦੀਆਂ ਮੁਸ਼ਕਿਲਾਂ 'ਤੇ ਲਾਗੂ ਕੀਤਾ ਜਾਂਦਾ ਹੈ ਉਦੋਂ ਹੀ ਇਹ ਤਕਨੀਕ ਦਾ ਰੂਪ ਲੈ ਲੈਂਦਾ ਹੈ। ਇਸ ਲਈ ਵਿਗਿਆਨ ਅਤੇ ਤਕਨੀਕ ਇੱਕਠੇ ਚਲਦੇ ਹਨ। ਤਕਨਾਲੋਜੀ ਨੂੰ ਮਨੁੱਖ ਦੀ ਸੇਵਾ ਕਰਨ ਵਾਲੇ ਵਿਵਸਥਤ ਗਿਆਨ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। (ਉਦਾਹਰਨ ਲਈ ਆਰਥਿਕ ਉਤਪਾਦਨ ਲਈ ਮਸ਼ੀਨਾਂ ਅਤੇ ਔਜ਼ਾਰਾਂ ਦੀ ਵਰਤੋਂ ਕਰਨ) ਤਕਨਾਲੋਜੀ ਵਿਗਿਆਨਕ ਗਿਆਨ ਦੀ ਵਿਵਹਾਰਕ ਵਰਤੋਂ ਹੈ, ਜਿਸ ਦਾ ਪ੍ਰਯੋਗ ਤੇਜ਼ੀ ਨਾਲ ਹੋ ਰਿਹਾ ਹੈ। ਤਕਨੀਕੀ ਉਤਪਾਦਾਂ ਦੀ ਵਰਤੋਂ ਨਾਲ਼ ਮਨੁੱਖ ਸਮਾਜਿਕ ਪਰਿਵਰਤਨ ਲਿਆ ਰਿਹਾ ਹੈ। ਤਕਨਾਲੋਜੀ ਦੇ ਸਮਾਜਿਕ ਪ੍ਰਭਾਵ ਸਾਡੀ ਪਹੁੰਚ ਤੋਂ ਦੂਰ ਹਨ। ਕਾਰਲ ਮਾਰਕਸ ਅਨੁਸਾਰ ਸਮਾਜਿਕ ਸੰਬੰਧ ਦਾ ਬਣਨਾ, ਮਾਨਸਿਕ ਵਿਵਹਾਰ ਅਤੇ ਦ੍ਰਿਸ਼ਟੀਕੋਣ ਦੀ ਉਸਾਰੀ ਤਕਨੀਕ 'ਤੇ ਨਿਰਭਰ ਕਰਦੀ ਹੈ।

**ਬਾਕਸ -2**

## ਵਿਗਿਆਨ ਅਤੇ ਤਕਨੀਕ ਵਿੱਚ ਅੰਤਰ

ਤਕਨੀਕ ਦਾ ਪ੍ਰਭਾਵ ਪੜ੍ਹਨ ਲਈ ਸਾਨੂੰ ਤਕਨੀਕ ਅਤੇ ਵਿਗਿਆਨ ਵਿੱਚ ਅੰਤਰ ਪਤਾ ਹੋਣਾ ਚਾਹੀਦਾ ਹੈ, ਕਿਉਂਕਿ ਦੋਵੇਂ ਆਪਸ ਵਿੱਚ ਰਲਗੱਡ ਹਨ। ਕਿੰਗਸਲੇ ਡੇਵਿਸ ਨੇ ਇਹ ਕਹਿੰਦਿਆਂ ਹੋਇਆ ਦੋਨਾਂ ਨੂੰ ਵੱਖ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਗਿਆਨ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹੈ ਜੋ ਕੁਦਰਤ ਦਾ ਵਿਵਸਥਤ ਗਿਆਨ ਪ੍ਰਦਾਨ ਕਰਦੀ ਹੈ ਅਤੇ ਤਕਨੀਕ ਉਹ ਹਿੱਸਾ ਹੈ ਜੋ ਇਸ ਗਿਆਨ ਨੂੰ ਵਿਵਹਾਰ ਵਿਚ ਲਿਆਉਂਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਤਕਨੀਕ ਅਨੁਭਵਾਂ ਦਾ ਸਿੱਟਾ ਹੈ ਜੋ ਵਿਵਹਾਰਕ ਹੁੰਦੇ ਹਨ।

**ਤਕਨੀਕ ਵਿੱਚ ਹੇਠ ਲਿਖੇ ਪੱਖ ਹਨ :**

ਮਸ਼ੀਨੀ ਉਦਯੋਗਾਂ ਦੀ ਸ਼ੁਰੂਆਤ
ਸੰਚਾਰ ਦੇ ਸਾਧਨਾਂ ਦਾ ਵਿਕਾਸ
ਆਵਾਜਾਈ ਦੇ ਸਾਧਨਾਂ ਦਾ ਵਿਕਾਸ
ਨਵੀਆਂ ਖੇਤੀ ਤਕਨੀਕਾਂ ਦਾ ਵਿਕਾਸ

ਤਕਨੀਕੀ ਵਿਕਾਸ, ਸਮਾਜਿਕ ਜ਼ਰੂਰਤਾਂ ਆਪਸ ਵਿੱਚ ਪੱਥਰ ਯੁੱਗ ਤੋਂ ਜੁੜੇ ਹੋਏ ਹਨ। ਤਕਨੀਕੀ ਪੱਖ ਬਾਕੀ ਪੱਖਾਂ ਤੋਂ ਜਿਆਦਾ ਤੇਜ਼ੀ ਨਾਲ਼ ਬਦਲਾਵ ਲਿਆਉਂਦੇ ਹਨ। ਨਵੀਆਂ ਤਕਨੀਕਾਂ ਦੇ ਵਿਕਾਸ ਨਾਲ਼ ਨਵੇਂ ਆਵਿਸ਼ਕਾਰ ਅਤੇ ਨਵੇਂ ਉਤਪਾਦਨ ਦੇ ਸਾਧਨਾਂ ਦਾ ਵਿਕਾਸ, ਜੀਵਨ ਦੇ ਨਵੇਂ ਪੱਧਰ ਸਭ ਨਾਲ਼ ਸਮਾਜ ਵਿੱਚ ਬਹੁਤ ਤੇਜ਼ ਪਰਿਵਰਤਨ ਆਇਆ ਹੈ। ਮਸ਼ੀਨੀਕਰਨ ਨੇ ਸਾਡੇ ਜੀਵਨ ਅਤੇ ਸੋਚ 'ਤੇ ਬਹੁਤ ਪ੍ਰਭਾਵ ਪਾਇਆ ਹੈ। ਜ਼ਿਆਦਾ ਤੋਂ ਜ਼ਿਆਦਾ ਵਿਅਕਤੀ ਆਪਣੀ ਜ਼ਿੰਦਗੀ ਜਿਉਂਣ ਦੇ



Downloaded from https:// www.studiestoday.com

Downloaded from https:// www.studiestoday.com

ਤਰੀਕਿਆਂ ਤੇ ਸਮਾਜਿਕ ਸੰਬੰਧਾਂ ਨੂੰ ਬਦਲ ਕੇ ਸ਼ਹਿਰਾਂ ਵਿਚ ਰਹਿਣ ਲੱਗ ਪਏ ਹਨ। ਉਹ ਕੁਦਰਤ ਤੋਂ ਦੂਰ ਹਨ ਤੇ ਸੋਚਦੇ ਹਨ ਕਿ ਮਨੁੱਖ ਵੱਲੋਂ ਬਣਾਈਆਂ ਚੀਜ਼ਾਂ ਕੁਦਰਤ ਤੋਂ ਵਧੇਰੇ ਚੰਗੀਆਂ ਹਨ।

ਤਕਨੀਕ ਬਹੁਤ ਸਾਰੀਆਂ ਅਵਸਥਾਵਾਂ ਵਿਚੋਂ ਗੁਜ਼ਰੀ ਹੈ। ਸਮਾਜਿਕ ਲੋੜਾਂ ਅਤੇ ਕੁਸ਼ਲਤਾ ਪੱਧਰਾਂ ਅਨੁਸਾਰ ਆਵਾਜਾਈ, ਸੰਚਾਰ ਸਾਧਨਾਂ, ਉਤਪਾਦਨ, ਖਾਣਾ ਆਦਿ ਖੇਤਰਾਂ ਵਿਚ ਮਨੁੱਖ ਨੇ ਤਕਨੀਕ ਈਜ਼ਾਦ ਕੀਤਾ ਅਤੇ ਇਸ ਅਨੁਸਾਰ ਸਮਾਜਿਕ ਪ੍ਰਬੰਧ ਵਿਚ ਤਬਦੀਲੀ ਆਈ। ਪੱਥਰ ਯੁੱਗ ਵਿਚ ਸਮਾਜ ਸਧਾਰਨ ਸੀ ਅਤੇ ਮਨੁੱਖ ਦੀਆਂ ਲੋੜਾਂ ਸੀਮਤ ਸਨ। ਖੇਤੀਬਾੜੀ ਅਤੇ ਪੇਂਡੂ ਸਮੁਦਾਇ ਵਿਚ ਹਲ਼ ਅਤੇ ਪਸ਼ੂ ਸ਼ਕਤੀ ਦਾ ਪ੍ਰਯੋਗ ਹੁੰਦਾ ਸੀ। ਸਰਲ ਅਤੇ ਸਧਾਰਨ ਤਕਨੀਕ ਜਿਵੇਂ ਗੱਡੀਆਂ, ਹਸਤਕਲਾ, ਲੋਹਾਰਾਂ ਵੱਲੋਂ ਪਹੀਆ ਬਣਾਉਣਾ, ਪਰਿਵਾਰ ਅਧਾਰਤ ਆਰਥਿਕ ਉਤਪਾਦਨ ਪ੍ਰਬੰਧ ਪਾਇਆ ਜਾਂਦਾ ਸੀ। ਅਜੋਕੇ ਸਮੇਂ ਵਿਚ ਸਮਾਜਿਕ ਸੰਸਥਾਵਾਂ ਜਟਿਲ, ਵਿਸ਼ੇਸ਼, ਗੌਣ, ਅਸਿੱਧੀਆਂ, ਅਵਿਅਕਤੀਗਤ ਅਤੇ ਰਸਮੀ ਹਨ ਕਿਉਂਕਿ ਵਿਸ਼ਾਲ ਮਸ਼ੀਨਰੀ, ਅਤੇ ਜਟਿਲ ਸੰਚਾਰ ਪ੍ਰਬੰਧ ਅਤੇ ਆਵਾਜਾਈ ਦੇ ਸਾਧਨ ਵਿਕਸਤ ਹੋ ਗਏ ਹਨ।

ਆਧੁਨਿਕ ਫੈਕਟਰੀ, ਆਵਾਜਾਈ ਦੇ ਸਾਧਨਾ, ਦਵਾਈਆਂ, ਸਰਜਰੀ, ਸੰਚਾਰ ਸਾਧਨ, ਪੁਲਾੜ ਅਤੇ ਕੰਪਿਊਟਰ ਤਕਨਾਲੋਜੀ ਆਦਿ ਨੇ ਦ੍ਰਿਸ਼ਟੀਕੋਣ ਸਾਰੇ ਸਮਾਜਾਂ ਵਿੱਚ ਦ੍ਰਿਸ਼ਟੀਕੋਣ, ਕੀਮਤਾਂ ਤੇ ਵਿਵਹਾਰ ਨੂੰ ਪ੍ਰਭਾਵਿਤ ਕੀਤਾ ਹੈ। ਉਦਾਹਰਨ ਵਜੋਂ ਆਵਾਜਾਈ ਦੇ ਨਵੇਂ ਸਾਧਨਾ ਦੇ ਸਿੱਟ ਵਜੋਂ ਸੱਭਿਆਚਾਰ ਦਾ ਪ੍ਰਸਾਰ ਹੋਇਆ ਹੈ। ਦੂਰ-ਦੁਰਾਡੇ ਰਹਿੰਦੇ ਲੋਕਾਂ ਵਿਚ ਅੰਤਰ ਕਿਰਿਆ ਵਧੀ ਹੈ। ਆਵਾਜਾਈ ਤੇ ਸੰਚਾਰ ਸਾਧਨਾਂ ਤੇ ਤਕਨੀਕ ਦੇ ਪ੍ਰਭਾਵ ਨਾਲ ਫ਼ੁਰਸਤ ਘਟੀ ਹੈ, ਸਮਾਜਿਕ ਨੈੱਟਵਰਕ ਸਥਾਪਿਤ ਹੋਇਆ ਹੈ ਅਤੇ ਨਵੇਂ ਸਮਾਜਿਕ ਸੰਬੰਧਾਂ ਦੀ ਸਥਾਪਨਾ ਹੋਈ ਹੈ। ਇਹ ਤਕਨੀਕ ਦਾ ਹੀ ਅਸਰ ਹੈ ਕਿ ਅਸੀਂ ਇਕ ਦੂਜੇ ਦੇ ਨੇੜੇ ਆਏ ਹਾਂ ਅਤੇ ਸਾਡੇ ਰਹਿਣ-ਸਹਿਣ ਦੇ ਢੰਗਾਂ, ਸੋਚ ਅਤੇ ਵਿਹਾਰ ਵਿਚ ਤਬਦੀਲੀ ਆਈ ਹੈ। ਤਕਨੀਕ ਨਾਲ ਸਾਡੇ ਸਮਾਜ ਦਾ ਸ਼ਹਿਰੀਕਰਨ ਹੋਇਆ ਹੈ। ਹਰ ਨਵੀਂ ਤਕਨੀਕ ਨਾਲ ਜੀਵਨ ਦੀ ਬਾਹਰੀ ਦਿੱਖ ਬਦਲੀ ਹੈ। ਕੰਮ ਦੀ ਵੰਡ, ਟ੍ਰੇਡ ਯੂਨੀਅਨਾ ਅਤੇ ਮਾਹਿਰਾਂ ਜੋ ਅਜੋਕੇ ਦਿਨਾਂ ਵਿਚ ਆਮ ਹਨ ਅਤੇ ਜਿਨ੍ਹਾ ਦਾ ਸਮਾਜ ਤੇ ਪ੍ਰਭਾਵ ਹੈ, ਤਕਨੀਕ ਦੀ ਪੈਦਾਇਸ਼ ਹਨ। ਤਕਨੀਕ ਦੇ ਵਿਕਾਸ ਨਾਲ਼ ਕੰਮ ਦੀ ਵੰਡ ਦੀਆਂ ਪੁਰਾਤਨ ਰਵਾਇਤਾਂ ਜਟਿਲ ਰੂਪਾਂ ਵਿਚ ਪਰਿਵਰਤਤ ਹੋ ਰਹੀਆਂ ਹਨ। ਕੰਮ ਦੀ ਇਸ ਨਵੀਂ ਵੰਡ ਦੇ ਹੋਂਦ ਵਿਚ ਆਉਣ ਨਾਲ਼ ਕਿੱਤਾਕਾਰ ਮਾਹਿਰਾਂ ਦੀ ਗਿਣਤੀ ਵਧੀ ਹੈ। ਕਿੱਤਾਕਾਰ ਮਾਹਿਰਾਂ ਦੇ ਵਿਕਾਸ ਨਾਲ਼ ਸਮਾਜ ਬਹੁਤ ਸਾਰੇ ਸਮੂਹਾਂ ਵਿਚ ਵੰਡਿਆ ਗਿਆ ਹੈ।

ਇਸ ਤਰ੍ਹਾਂ ਤਕਨੀਕ ਦਾ ਪ੍ਰਸਾਰ ਹੋ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਸਮਾਜਿਕ ਪਰਿਵਰਤਨ ਆ ਰਿਹਾ ਹੈ।

## ਸਿੱਖਿਆਤਮਕ ਕਾਰਨ

ਸਿੱਖਿਆ ਵੀ ਸਮਾਜਿਕ ਪਰਿਵਰਤਨ ਦਾ ਮਹੱਤਵਪੂਰਨ ਕਾਰਕ ਹੈ। ਆਧੁਨਿਕ ਸਮੇਂ ਵਿੱਚ ਸਮਾਜਿਕ ਪਰਿਵਰਤਨ ਤੇ ਵਿਕਾਸ ਵਿੱਚ, ਸਿੱਖਿਆ ਨੂੰ ਸਾਧਨ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਵਿਅਕਤੀਆਂ ਦੇ ਵਿਵਹਾਰਾਂ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਬਦਲਾਵ ਲਿਆਉਂਦੀ ਹੈ। ਇਸ ਰਾਹੀਂ ਸਮਾਜਿਕ ਸੰਬੰਧਾਂ ਦੀ ਸ਼ੈਲੀ ਵਿੱਚ ਪਰਿਵਰਤਨ ਆਉਂਦਾ ਹੈ। ਜਿਸ ਨਾਲ਼ ਸਮਾਜਿਕ ਪਰਿਵਰਤਨ ਹੁੰਦਾ ਹੈ। ਸਿੱਖਿਆ ਦਾ ਮੁੱਖ ਕੰਮ ਵਿਅਕਤੀ ਦੇ ਜੀਵਨ ਅਤੇ ਜੀਵਨ ਸ਼ੈਲੀ ਨੂੰ ਬਦਲਨਾ ਹੈ। ਮਨੁੱਖ ਵਿੱਚ ਪਰਿਵਰਤਨ ਸਮਾਜ ਵਿੱਚ ਆਪੇ ਹੀ ਪਰਿਵਰਤਨ ਲੈ ਆਉਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਸਿੱਖਿਆ ਬਹੁਤ ਸਾਰੇ ਪਰਿਵਰਤਨ ਲੈ ਕੇ ਆਈ ਹੈ। ਇਸ ਨੇ ਸਾਡੇ ਰੀਤੀ-ਰਿਵਾਜਾਂ, ਪੰਰਪਰਾਵਾਂ ਤੇ ਆਦਤਾਂ, ਨੈਤਿਕਤਾ ਅਤੇ ਧਾਰਮਿਕ ਵਿਸ਼ਵਾਸ ਅਤੇ ਦਾਰਸ਼ਨਿਕ ਸਿਧਾਂਤ 'ਤੇ ਬਹੁਤ ਅਸਰ ਪਾਇਆ ਹੈ। ਇਸਨੇ ਅੰਧ ਵਿਸ਼ਵਾਸ ਨੂੰ ਅਤੇ ਡਰ ਨੂੰ ਕਾਫ਼ੀ ਹੱਦ ਤੱਕ ਖ਼ਤਮ ਕਰ ਦਿੱਤਾ ਹੈ। ਇਸਦੇ ਨਾਲ ਹੀ ਸਾਡੇ ਨਜ਼ਰੀਏ ਨੂੰ ਵਧਾਇਆ ਹੈ ਅਤੇ ਸੌੜ੍ਹੇ ਆਦਰਸ਼ਾਂ, ਪੱਖਪਾਤੀ ਰਵੱਈਏ ਅਤੇ ਗ਼ਲਤ-ਫ਼ਹਿਮੀਆਂ ਨੂੰ ਦੂਰ ਕੀਤਾ ਹੈ। ਇਸ ਨੇ ਸਮਾਜ ਵਿੱਚ ਇਸਤਰੀ ਦੇ ਸਤਰ, ਜੀਵਨ ਪ੍ਰਤੀ ਉਸ ਦੀ ਸੋਚ ਅਤੇ ਸਮਾਜਿਕ ਸੰਬੰਧਾਂ ਵਿੱਚ ਬੁਨਿਆਦੀ ਤਬਦੀਲੀ ਲਿਆਂਦੀ ਹੈ। ਇਸ ਨਾਲ ਉਨ੍ਹਾਂ ਨੂੰ ਘਰ ਤੋਂ ਬਾਹਰ ਕੰਮ ਕਰਨ ਦਾ ਮੌਕਾ ਮਿਲਿਆ ਹੈ ਜਿਸਨੇ ਪਰਿਵਾਰਿਕ ਰਿਸ਼ਤਿਆਂ ਵਿੱਚ ਬਦਲਾਵ ਲਿਆਂਦਾ ਹੈ।

ਯੋਜਨਾਬੱਧ ਸਿੱਖਿਅਕ ਆਵਿਸ਼ਕਾਰ, ਨੀਤੀਆਂ ਅਤੇ ਪ੍ਰੋਗਰਾਮਾਂ ਨੇ ਸਮਾਜਿਕ ਨੇੜਤਾ ਨੂੰ ਵਧਾਇਆ ਹੈ ਅਤੇ ਉਹਨਾਂ ਨੂੰ ਚੋਣਕਾਰ ਅਤੇ ਸਿੱਖਿਅਤ ਤੇ ਕੁਸ਼ਲ ਕਾਮੇ ਬਣਾਇਆ ਹੈ। ਸਿੱਖਿਆ ਨੇ ਰਾਜਨੀਤਿਕ ਪਰਿਵਰਤਨ ਲਿਆਂਦਾ ਹੈ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਵਿਅਕਤੀਆਂ ਦੀ ਹਿੱਸੇਦਾਰੀ ਵਿੱਚ ਵੀ ਬਦਲਾਵ ਲਿਆਂਦਾ ਹੈ। ਵਿਅਕਤੀ ਆਪਣੇ ਹੱਕਾਂ ਅਤੇ ਕਰੱਤਵਾਂ ਬਾਰੇ ਹੋਰ ਵੀ ਜਾਗਰੂਕ ਹੋ ਗਏ ਹਨ।

ਐਲਕਸ ਇੰਕਲ ਲਿਖਦਾ ਹੈ ਕਿ ਸਿੱਖਿਆ ਦੇ ਵੱਖ-ਵੱਖ ਪੱਧਰਾਂ ਦਾ ਅਸਰ ਵੀ ਵੱਖ-ਵੱਖ ਪੱਧਰ ' ਤੇ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਜਿਵੇਂ ਭਾਰਤ ਵਿਚ ਪ੍ਰਾਇਮਰੀ ਸਿੱਖਿਆ ਨੇ ਸਾਰੀ ਜਨਸੰਖਿਆ ਨੂੰ ਐਨਾ ਕੁ ਕਾਬਿਲ ਬਣਾ ਦਿੱਤਾ ਹੈ ਕਿ ਉਹ ਜੋ ਪਹਿਲਾਂ ਨਹੀਂ ਸੀ ਕਰ ਸਕਦੇ ਹੁਣ ਕਰ ਸਕਦੇ ਹਨ। ਸਿੱਖਿਆ ਉਹਨਾਂ ਨੂੰ ਕੈਨਾਂ ਉਪਰਲੇ ਲੇਬਲ ਪੜ੍ਹਨ, ਇਸ਼ਤਿਹਾਰ ਪੜ੍ਹਨ, ਅਖ਼ਬਾਰ ਪੜ੍ਹਨ, ਜਨਮ ਦਰ ਨਿਯੰਤਰਨ ਕਰਨ ਵਾਲੇ ਪਰਚੇ ਪੜ੍ਹਨ ਅਤੇ ਅਣਦੇਖੀਆਂ ਥਾਵਾਂ 'ਤੇ ਜਾਣ ਵਿਚ ਮੱਦਦਗਾਰ ਹੁੰਦੀ ਹੈ। ਇਹ ਸਭ ਸਮਾਜਿਕ ਪਰਿਵਰਤਨ ਹਨ। ਵਿਕਾਸਸ਼ੀਲ ਦੇਸ਼ਾਂ ਵਿੱਚ ਪ੍ਰਾਇਮਰੀ ਸਿੱਖਿਆ ਦੀ ਮਹੱਤਤਾ ਸੈਕੰਡਰੀ ਸਿੱਖਿਆ ਨਾਲ਼ੋਂ ਵੱਧ ਹੁੰਦੀ ਹੈ। ਭਾਵੇਂ ਵਿਕਾਸਸ਼ੀਲ ਦੇਸਾਂ ਵਿਚ ਪ੍ਰਾਇਮਰੀ ਸਿੱਖਿਆ ਦੇ ਪ੍ਰਸਾਰ ਦਾ ਲੋਕਾਂ 'ਤੇ ਅਸਰ ਪਿਆ ਹੈ। ਫਿਰ ਵੀ ਪ੍ਰਾਇਮਰੀ ਸਿੱਖਿਆ ਪ੍ਰਤੀ ਵਿਚਾਰਧਰਾਈ ਪਹੁੰਚ ਰੂੜੀਗਤ ਹੈ। ਉੱਥੇ ਨਵੀ ਵਿਚਾਰਧਾਰਾ ਜਾਂ ਨਵੀਂ ਜੀਵਨ ਸ਼ੈਲੀ ਦੀ ਸੰਭਾਵਨਾ ਬਹੁਤ ਘੱਟ ਹੈ ਜਾ ਹੈ ਹੀ ਨਹੀਂ। ਇਸ ਲਈ ਉੱਚ ਸਿੱਖਿਆ ਦੀ ਵੀ ਬਰਾਬਰ ਹੀ ਲੋੜ ਹੈ ਜੋ ਮਨੁੱਖ ਨੂੰ ਰੋਜ਼ਾਨਾ ਜ਼ਿੰਦਗੀ ਦੀਆਂ ਕੀਮਤਾਂ ਨੂੰ ਪ੍ਰਸ਼ਨ ਚਿੰਨ੍ਹਤ ਕਰ ਸਕੇ ਅਤੇ ਅਲੋਚਨਾਤਮਕ ਸੋਚ ਦੀ ਉਸਾਰੀ ਹੋ ਸਕੇ।

## ਸਾਰ

ਇਸ ਪਾਠ ਵਿਚ, ਅਸੀਂ ਸਮਾਜਿਕ ਪਰਿਵਰਤਨ ਦੀ ਜਟਿਲਤਾ ਨੂੰ ਵੱਖ-ਵੱਖ ਪੱਖਾਂ ਤੋਂ ਦੇਖਿਆ ਹੈ। ਅਸੀਂ ਆਪਣੀ ਸ਼ੁਰੂਆਤ ਸਮਾਜਿਕ ਪਰਿਵਰਤਨ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਸੀਮਾ ਰੇਖਾ ਦੀ ਵਿਆਖਿਆ ਨਾਲ਼ ਕੀਤੀ ਹੈ। ਅਸੀਂ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਦੇ ਵੱਖਰੇਵੇਂ ਨਾਲ਼ ਵੀ ਬਾਵਾਸਤਾ ਹੋਏ ਹਾਂ। ਇਸ ਤੋਂ ਅੱਗੇ ਅਸਾਂ ਕਿਹਾ ਕਿ ਨਵੀਨੀਕਰਨ, ਖੋਜ ਅਤੇ ਪ੍ਰਸਾਰ ਪਰਿਵਰਤਨ ਦੇ ਤਿੰਨ ਰਾਸਤੇ ਹਨ ਅਤੇ ਪਰਿਵਰਤਨ ਅੰਤਰ-ਸਮੂਹੀ ਜਾਂ ਬਾਹਰ ਸਮੂਹੀ ਜਾਂ ਦੋਨੋ ਤਰ੍ਹਾਂ ਦਾ ਹੋ ਸਕਦਾ ਹੈ। ਫਿਰ ਅਸੀਂ ਸਮਾਜਿਕ ਪਰਿਵਰਤਨ ਦੇ ਵਿਭਿੰਨ ਰੂਪਾਂ 'ਤੇ ਚਰਚਾ ਕੀਤੀ , ਜਿਵੇਂ ਕ੍ਰਮ-ਵਿਕਾਸ, ਵਿਕਾਸ, ਪ੍ਰਗਤੀ ਅਤੇ ਕ੍ਰਾਂਤੀ। ਇਹ ਪਦ ਹਮੇਸ਼ਾ ਸਮਾਜਿਕ ਪਰਿਵਰਤਨ ਨਾਲ ਰਲਗੱਡ ਹੁੰਦੇ ਹਨ ਅਤੇ ਇਨ੍ਹਾਂ ਦੀ ਸਮਝ ਜ਼ਰੂਰੀ ਹੈ। ਸਾਨੂੰ ਪਤਾ ਲੱਗਾ ਕਿ ਸਮਾਜਿਕ ਪਰਿਵਰਤਨ



Downloaded from https:// www.studiestoday.com

Downloaded from https:// www.studiestoday.com

ਬਹੁਤ ਸਾਰੀਆਂ ਸ਼ਕਤੀਆਂ ਲਿਆਉਂਦੀਆਂ ਹਨ, ਜਿਨ੍ਹਾਂ ਵਿਚ ਵਾਤਾਵਰਨ ਵਿਗਿਆਨ, ਕੀਮਤਾਂ ਅਤੇ ਵਿਸ਼ਵਾਸ, ਵਿਅਕਤੀਗਤ ਪ੍ਰਭਾਵ, ਜੈਵਿਕ ਤੇ ਜੰਨਸੰਖਿਅਕ, ਤਕਨੀਕ ਅਤੇ ਸਿੱਖਿਆ ਦੇ ਪੱਖ ਆਉਂਦੇ ਹਨ। ਸਮਾਜਿਕ ਪਰਿਵਰਤਨਾ ਨੂੰ ਸਮਝਣ ਲਈ ਹੋਰ ਵੀ ਬਹੁਤ ਸਾਰੇ ਪੱਖਾਂ 'ਤੇ ਚਰਚਾ ਕੀਤੀ ਹੈ।

## ਸ਼ਬਦਾਵਲੀ

**ਪ੍ਰਸਾਰ** — ਇਸ ਵਿਚ ਤੱਤਾਂ ਦਾ ਇੱਕ ਸੱਭਿਆਚਾਰ ਤੋਂ ਦੂਸਰੇ ਸੱਭਿਆਚਾਰ ਵਿਚ ਵਟਾਂਦਰਾ ਹੁੰਦਾ ਹੈ।

**ਕ੍ਰਮ ਵਿਕਾਸ** — ਇਹ ਇੱਕ ਜਾਗ੍ਰਿਤ ਨਿਰੰਤਰ ਪ੍ਰਕਿਰਿਆ ਹੈ ਜਿਸ ਦੀ ਇੱਕ ਦਿਸ਼ਾ ਹੈ ਜੋ ਕਿ ਆਕਾਰ ਅਤੇ ਸੰਰਚਨਾ ਵਿੱਚ ਨਜ਼ਰ ਆਉਂਦੀ ਹੈ।

**ਆਵਿਸ਼ਕਾਰ** — ਨਵੇਂ ਵਿਚਾਰ ਨੂੰ ਜਾਗ੍ਰਿਤ ਕਰਨਾ। ਖੋਜ ਅਤੇ ਆਵਿਸ਼ਕਾਰ ਨੂੰ ਇੱਕਠੇ ਤੌਰ ਤੇ ਖੋਜ ਕਹਿੰਦੇ ਹਨ।

**ਪ੍ਰਗਤੀ** — ਇਹ ਉਹ ਪਰਿਵਰਤਨ ਹੈ ਜਿਹੜਾ ਉਦੇਸ਼ ਵੱਲ ਵੱਧਦਾ ਹੈ।।

**ਸਮਾਜਿਕ ਪਰਿਵਰਤਨ** — ਪਰਿਵਰਤਨ ਜਿਹੜਾ ਸਮਾਜਿਕ ਸੰਰਚਨਾ ਅਤੇ ਕਾਰਜ ਪ੍ਰਣਾਲੀ ਵਿੱਚ ਦੇਖਿਆ ਜਾਂਦਾ ਹੈ।

**ਤਕਨੀਕ** — ਗਿਆਨ ਦੇ ਔਜਾਰ ਅਤੇ ਕੁੱਝ ਨਵਾਂ ਉਤਪਾਦ ਕਰਨਾ ਜਿਨ੍ਹਾਂ ਨੂੰ ਸਮਾਜ ਵਿਚ ਵਰਤਿਆ ਜਾ ਸਕੇ।

## ਅਭਿਆਸ

### ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ।

1. ਸਮਾਜਿਕ ਪਰਿਵਰਤਨ ਨੂੰ ਪਰਿਭਾਸ਼ਤ ਕਰੋ।
2. ਸਮਾਜਿਕ ਪਰਿਵਰਤਨ ਦੇ ਦੋ ਸੋਮੇ ਦੱਸੋ।
3. ਸਮਾਜਿਕ ਪਰਿਵਰਤਨ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ।
4. ਬਾਹਰੀ ਪਰਿਵਰਤਨ ਕੀ ਹੈ ?
5. ਸਮਾਜਿਕ ਪਰਿਵਰਤਨ ਦੇ ਕਾਰਨ ਦੱਸੋ।
6. ਪ੍ਰਗਤੀ ਕੀ ਹੈ ?
7. ਯੋਜਨਾਬੱਧ ਪਰਿਵਰਤਨ ਦੀ ਉਦਾਹਰਨ ਦਿਓ।
8. ਅਯੋਜਨਾਬੱਧ ਪਰਿਵਰਤਨ ਦੀ ਉਦਾਹਰਨ ਦਿਓ।



Downloaded from https:// www.studiestoday.com

Downloaded from https:// www.studiestoday.com

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 30-35 ਸ਼ਬਦਾਂ ਵਿਚ ਦਿਓ।**

1. ਸਮਾਜਿਕ ਪਰਿਵਰਤਨ ਦਾ ਅਰਥ ਲਿਖੋ।
2. ਪ੍ਰਸਾਰ ਕੀ ਹੈ ?
3. ਕ੍ਰਮ ਵਿਕਾਸ ਅਤੇ ਕ੍ਰਾਂਤੀ ਬਾਰੇ ਸੰਖੇਪ ਵਿੱਚ ਲਿਖੋ।
4. ਤਿੰਨ ਤਰੀਕੇ ਦੱਸੋ ਜਿਨ੍ਹਾ ਨਾਲ਼ ਪਰਿਵਰਤਨ ਆਉਂਦਾ ਹੈ।
5. ਪਰਿਵਰਤਨ ਦੇ ਤਿੰਨ ਸੋਮੇ ਕੀ ਹਨ ?
6. ਸੰਖੇਪ ਵਿੱਚ ਸਮਾਜਿਕ ਅਤੇ ਸੱਭਿਆਚਾਰ ਪਰਿਵਰਤਨ ਬਾਰੇ ਲਿਖੋ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।**

1. ਸਮਾਜਿਕ ਪਰਿਵਰਤਨ ਦੀਆਂ ਖ਼ਾਸ ਕਿਸਮਾਂ ਦੱਸੋ।
2. ਸੰਖੇਪ ਵਿੱਚ ਜੰਨ ਸੰਖਿਆਤਮਕ ਕਾਰਕ ਬਾਰੇ ਨੋਟ ਲਿਖੋ।
3. ਸਮਾਜਿਕ ਪਰਿਵਰਤਨ ਦੇ ਚਾਰ ਕਾਰਨਾਂ ਬਾਰੇ ਨੋਟ ਲਿਖੋ।
4. ਤਕਨੀਕੀ ਅਤੇ ਸਿੱਖਿਆਤਮਕ ਕਾਰਨ ਵਿੱਚ ਸੰਖੇਪ ਵਿੱਚ ਅੰਤਰ ਦੱਸੋ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 250-300 ਸ਼ਬਦਾਂ ਵਿੱਚ ਦਿਓ।**

1. ਸਮਾਜਿਕ ਪਰਿਵਰਤਨ ਨੂੰ ਪ੍ਰਭਾਸ਼ਿਤ ਕਰੋ। ਇਸਦੀਆਂ ਵਿਸ਼ੇਸ਼ਤਾਵਾਂ ਵਿਸਤਾਰਪੂਰਵਕ ਲਿਖੋ।
2. ਸਮਾਜਿਕ ਪਰਿਵਰਤਨ ਦੇ ਸੋਮਿਆਂ 'ਤੇ ਵਿਸਤਾਰਪੂਰਵਕ ਨੋਟ ਲਿਖੋ।
3. ਸਮਾਜਿਕ ਪਰਿਵਰਤਨ ਦੇ ਕਾਰਨਾਂ 'ਤੇ ਵਿਸਤਾਰਪੂਰਵਕ ਨੋਟ ਲਿਖੋ।
4. ਸਮਾਜਿਕ ਪਰਿਵਰਤਨ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਇਸਦੇ ਜੰਨਸੰਖਿਆਤਮਕ ਕਾਰਨ ਤੇ ਲਿਖੋ।
5. ਸਿੱਖਿਆ ਦੀ ਸਮਾਜਿਕ ਪਰਿਵਰਤਨ ਵਿੱਚ ਭੂਮਿਕਾ ਦਰਸਾਓ।
6. ਤਕਨੀਕੀ ਕਾਰਨ ਤੇ ਵਿਸਤਾਰਪੂਰਵਕ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

ਇਕਾਈ -VI

# ਸਮਾਜ ਸ਼ਾਸਤਰ ਦੇ ਸੰਸਥਾਪਕ ਪਿਤਾਮਾ







Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

ਅਧਿਆਏ 12

# ਪੱਛਮੀ ਸਮਾਜ ਸ਼ਾਸਤਰੀ ਚਿੰਤਕ

## ਮੁੱਖ ਅੰਸ਼

12.1 ਆਗਸਤ ਕਾਮਤੇ
- 12.1.1 ਸਕਰਾਤਮਕਵਾਦ
- 12.1.2 ਤਿੰਨ ਪੜਾਵਾਂ ਦਾ ਸਿਧਾਂਤ

12.2 ਇਮਾਈਲ ਦੁਰਖ਼ੀਮ
- 12.2.1 ਸਮਾਜਿਕ ਤੱਥ
- 12.2.2 ਕੰਮ ਦੀ ਵੰਡ

12.3 ਕਾਰਲ ਮਾਰਕਸ
- 12.3.1 ਵਰਗ ਅਤੇ ਵਰਗ ਸੰਘਰਸ਼

12.4 ਮੈਕਸ ਵੈਬਰ
- 12.4.1 ਸਮਾਜਿਕ ਕਿਰਿਆ
- 12.4.2 ਸੱਤਾ ਦੀਆਂ ਕਿਸਮਾਂ
- 12.4.3 ਧਰਮ

## ਭੂਮਿਕਾ:

ਇੱਕ ਅਕਾਦਮਿਕ ਵਿਸ਼ੇ ਦੇ ਰੂਪ ਵਿੱਚ ਰਸਮੀ ਤੌਰ ’ਤੇ ਸਮਾਜ ਦਾ ਅਧਿਐਨ 19 ਵੀਂ ਸਦੀ ਵਿੱਚ ਯੂਰਪ ਵਿੱਚ ਸ਼ੁਰੂ ਹੋਇਆ। ਇਹ ਮੰਨਿਆ ਜਾਂਦਾ ਹੈ ਕਿ ਸਮਾਜ ਸ਼ਾਸਤਰ ਦੀ ਉਤਪੱਤੀ ਦਾ ਕਾਰਨ ਯੂਰਪੀ ਸਮਾਜ ਵਿੱਚ ਵਾਪਰ ਰਹੇ ਭਿੰਨ-ਭਿੰਨ ਪਰਿਵਰਤਨਾਂ ਨੂੰ ਸਮਝਣ ਲਈ ਹੋਇਆ ਹੈ। ਯੂਰਪੀ ਸਮਾਜ ਵਿੱਚ ਉਦਯੋਗਿਕ ਕ੍ਰਾਂਤੀ, ਫਰੈਂਚ ਕ੍ਰਾਂਤੀ ਅਤੇ ਨਵੇਂ ਵਿਚਾਰਾਂ ਦੇ ਵਿਸਤਾਰ ਨਾਲ਼ ਪਿਛਲੇ ਤਿੰਨ ਦਹਾਕਿਆਂ ਤੋਂ ਸਮਾਜਿਕ ਸੰਸਥਾਵਾਂ ਵਿੱਚ ਵਿਭਿੰਨ ਪਰਿਵਰਤਨ ਆਏ। ਇਹ ਤਿੰਨੋਂ ਕਾਰਨਾਂ ਕਰਕੇ ਹੀ ਸਮਾਜ ਸ਼ਾਸਤਰ ਦਾ ਵਿਕਾਸ ਇੱਕ ਵਿਸ਼ੇ ਵੱਜੋਂ ਹੋਇਆ ਅਤੇ ਇਹ ਇੱਕ ਸੁਤੰਤਰ ਅਨੁਸ਼ਾਸਨ ਨੂੰ



Downloaded from https:// www.studiestoday.com

Downloaded from https:// www.studiestoday.com

ਸਮਝਣ, ਵਿਆਖਿਆ ਕਰਨ ਅਤੇ ਸਮਾਜ ਦੀ ਪ੍ਰਕਿਰਤੀ ਦੇ ਵਿਸ਼ੇ ਵਿਚ ਭਵਿੱਖਬਾਣੀ ਕਰਨ ਵਿੱਚ ਸਹਾਈ ਹੁੰਦਾ ਹੈ।

ਯੂਰਪ ਵਿੱਚ 16ਵੀਂ ਸਦੀ ਦੇ ਅੰਤ ਅਤੇ 17ਵੀਂ, 18ਵੀਂ ਸਦੀ ਦੇ ਦਰਮਿਆਨ ਆਈ ਉਦਯੋਗਿਕ ਕ੍ਰਾਂਤੀ ਦੇ ਸਿੱਟੇ ਵਜੋਂ ਉਦਯੋਗਾਂ ਦਾ ਫੈਲਾਅ ਹੋਇਆ। ਕਿਤਾਈ ਅਤੇ ਛਾਪੇਖਾਨੇ ਦੀਆਂ ਖੋਜਾਂ ਨੇ ਧਰਮ ਅਤੇ ਅੰਧ ਵਿਸ਼ਵਾਸ ਉੱਤੇ ਵਿਗਿਆਨ ਦੀ ਪ੍ਰਭੁਤਾ ਕਾਇਮ ਕਰ ਦਿੱਤੀ। ਉਦਯੋਗਾਂ ਦੁਆਰਾ ਪੈਦਾ ਕੀਤੇ ਸਮੇਂ ਦੀ ਗਣਨਾਂ ਦੇ ਆਧਾਰ ’ਤੇ ਸਮਾਜਿਕ ਜੀਵਨ ਸ਼ੈਲੀ ਵਿਚ ਉਦਾਹਰਨਯੋਗ ਤਬਦੀਲੀ ਆਈ। 17ਵੀਂ-18ਵੀਂ ਸਦੀ ਦੇ ਅੰਤ ਵਿਚ ਨਵਜਾਗਰਨ ਕਾਲ ਵਿੱਚ ਬੌਧਿਕ ਵਿਕਾਸ ਅਤੇ ਦਾਸ਼ਮਿਕ ਤਬਦੀਲ਼ੀ ਆਈ। ਬਹੁਤ ਹੀ ਮਹੱਤਵਪੂਰਨ ਵਿਚਾਰਕ ਚਾਰਲਸ ਮਾਨਟੈਸਕਿਓ, ਜੀਨ ਜੈਕਸ ਰੂਸੋ ਇਸ ਨਵਜਾਗਰਨ ਨਾਲ਼ ਜੁੜੇ ਸਨ। ਇਹ ਵਿਚਾਰਕ ਵਿਗਿਆਨ ਦੀ ਪ੍ਰਭੂਤਾ ਵਿੱਚ ਵਿਸ਼ਾਵਸ ਰੱਖਦੇ ਸਨ ਅਤੇ ਵਿਸ਼ਵਾਸ ਦਾ ਕਾਰਨ ਮੰਨਿਆ। ਇਹਨਾਂ ਵਿਚਾਰਕਾਂ ਨੇ ਸਮਾਜਿਕ ਵਰਤਾਰਿਆਂ ਦੇ ਵਿਗਿਆਨਕ ਅਧਿਐਨ ’ਤੇ ਜੋਰ ਦਿੱਤਾ।

ਫਰਾਂਸ ਕ੍ਰਾਂਤੀ 1789 ਦੀ ਯੂਰਪ ਦੇ ਇਤਿਹਾਸ ਵਿੱਚ ਬੜੀ ਹੀ ਮਹੱਤਵਪੂਰਨ ਘਟਨਾ ਮੰਨੀ ਜਾਂਦੀ ਹੈ ਅਤੇ ਇਸ ਨੇ ਦੁਨੀਆਂ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ। ਇਸਦੇ ਸਿੱਟੇ ਵਜੋਂ ਇਕਸਾਰਤਾ, ਭਰਾਤਰੀ ਭਾਵ ਅਤੇ ਅਜ਼ਾਦੀ ਵਰਗੇ ਵਿਚਾਰਾਂ ਨੂੰ ਉਤਸ਼ਾਹ ਮਿਲਿਆ। ਇਸ ਕ੍ਰਾਂਤੀ ਨੇ ਸਾਮੰਤਵਾਦ ਨੂੰ ਜਨਮ ਦਿੱਤਾ ਅਤੇ ਕਿਸੇ ਹੱਦ ਤੱਕ ਧਾਰਮਿਕ ਵਿਚਾਰਾਂ ਅਤੇ ਰਸਮਾਂ ਦਾ ਬੋਲਬਾਲਾ ਘੱਟਣਾ ਸ਼ੁਰੂ ਹੋ ਗਿਆ।

ਇਹ ਤਿੰਨੇ ਪ੍ਰਮੁੱਖ ਕ੍ਰਾਂਤੀਆਂ ਦੇ ਸਿੱਟੇ ਵਜੋਂ ਵਿਗਿਆਨ, ਤਰਕ ਅਤੇ ਸਮਾਨਤਾ ਦਾ ਵਿਕਾਸ ਹੋਇਆ, ਭਾਵੇਂ ਕਿ ਸਮਾਜ ਵਿੱਚ ਵੱਡੇ ਪਰਿਵਰਤਨਾਂ ਦੇ ਕਾਰਨ ਇਹਨਾਂ ਦੀ ਆਲੋਚਨਾ ਵੀ ਹੋਈ। ਵਿਚਾਰਕ ਜਿਵੇਂ ਲੂਈਸ.ਡੀ. ਬਰਨਾਰਡ (1753-1821) ਇਸ ਕ੍ਰਾਂਤੀਕਾਰੀ ਪਰਿਵਰਤਨ ਤੋਂ ਬੇਚੈਨ ਹੋਇਆ ਸੀ ਤੇ ਉਹ ਸ਼ਾਂਤੀ ਅਤੇ ਭਾਈਚਾਰੇ ਵੱਲ ਮੁੜਨਾ ਚਾਹੁੰਦਾ ਸੀ। ਉਹਨਾਂ ਵਿਚੋਂ ਕੁਝ ਜਿਵੇਂ ਅਗਸਤ ਕਾਮਤੇ ਪੱਛਮੀ ਸਮਾਜ ਦੀ ਸਮਾਜਿਕ ਸੰਰਚਨਾ ਵਿਚ ਵਾਪਰ ਰਹੀ ਤਬਦੀਲੀ ਤੋਂ ਨਾਖੁਸ਼ ਸਨ। ਉਹ ਵਿਗਿਆਨਕ ਸਮਝ ਦੇ ਆਧਾਰ ’ਤੇ ਸਮਾਜਿਕ ਵਿਵਸਥਾ ਨੂੰ ਪੁਨਰ ਸਥਾਪਿਤ ਕਰਨ ਦੇ ਤਰੀਕੇ ਲੱਭ ਰਹੇ ਸਨ।

ਇਸ ਪਾਠ ਵਿੱਚ, ਅਸੀਂ ਸਮਾਜ ਸ਼ਾਸਤਰ ਦੇ ਮੁੱਖ ਸਨਾਤਨੀ ਵਿਚਾਰਕਾਂ ਦੀ ਦੇਣ ਬਾਰੇ ਚਰਚਾ ਕਰਾਂਗੇ। ਆਗਸਤ ਕਾਮਤੇ, ਕਾਰਲ ਮਾਰਕਸ, ਮੈਕਸ ਵੈਬਰ ਅਤੇ ਇਮਾਈਲ ਦੁਰਖ਼ੀਮ ਪ੍ਰਮੁੱਖ ਪੱਛਮੀ



Downloaded from https:// www.studiestoday.com

Downloaded from https:// www.studiestoday.com

ਵਿਚਾਰਕ ਹਨ ਜਿਨ੍ਹਾਂ ਨੇ ਸਮਾਜ ਸ਼ਾਸਤਰ ਦੇ ਵਿਸ਼ੇ ਵਿੱਚ ਯੋਗਦਾਨ ਪਾਇਆ ਹੈ। ਇਹਨਾਂ ਵਿਚਾਰਕਾਂ ਨੇ ਸਿਰਫ਼ ਉੱਚ ਵਿਚਾਰ ਹੀ ਨਹੀਂ ਦਿੱਤੇ ਸਗੋਂ ਸਮਾਜ ਸ਼ਾਸਤਰ ਦੇ ਵਿਚਾਰਕ ਸਕੂਲ ਅਤੇ ਸਮਾਜ ਸ਼ਾਸਤਰੀਆਂ ਦੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

## ਆਗਸਤ ਕਾਮਤੇ (1798-1857)



ਆਗਸਤ ਕਾਮਤੇ, ਇੱਕ ਫਰਾਂਸਿਸੀ ਦਰਸ਼ਨ ਸ਼ਾਸਤਰੀ, ਜੋ ਸਮਾਜ ਸ਼ਾਸਤਰ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ। ਉਹ ਸਕੂਲ ਵਿੱਚ ਹੋਣਹਾਰ ਵਿਦਿਆਰਥੀ ਸੀ ਅਤੇ ਉਹ 1814 ਵਿੱਚ ਪੈਰਿਸ ਵਿੱਚ ਨਵੇਂ ਬਣੇ ਇਕੋਲ ਪੌਲੀਟੈਕਨਿਕ ਵਿੱਚ ਦਾਖਲ ਹੋਇਆ। 1816 ਵਿੱਚ ਜਦੋਂ ਸਕੂਲ ਬੰਦ ਹੋਇਆ ਅਤੇ ਦੁਬਾਰਾ ਖੁੱਲ੍ਹਿਆ ਤਾਂ ਕਾਮਤੇ ਸਕੂਲ ਨਹੀਂ ਗਿਆ। ਉਹ 1817 ਤੱਕ ਪੈਰਿਸ ਵਿੱਚ ਹਿਸਾਬ ਦੀਆਂ ਟਿਉਸ਼ਨਾ ਪੜ੍ਹਾ ਕੇ ਸਧਾਰਨ ਜ਼ਿੰਦਗੀ ਜਿਉਂਦਾ ਰਿਹਾ ਜਦੋਂ ਤੱਕ ਉਹ ਸਮਾਜਵਾਦੀ ਵਿਦਵਾਨ ਹੈਨਰੀ ਦ ਸੇਂਟ ਸਾਈਮਨ ਦਾ ਸੱਕਤਰ ਨਹੀਂ ਬਣਿਆ। ਕਾਮਤੇ ਬੌਧਿਕ ਅਸਹਿਮਤੀ ਕਾਰਨ ਸੇਂਟ ਸਾਈਮਨ ਤੋਂ 1824 ਵਿੱਚ ਅੱਲਗ ਹੋ ਗਿਆ। ਆਗਸਤ ਕਾਮਤੇ ਦੇ ਦਾਰਸ਼ਨਿਕ ਵਿਚਾਰਾਂ 'ਤੇ ਸੇਂਟ ਸਾਈਮਨ ਦਾ ਡੂੰਘਾ ਪ੍ਰਭਾਵ ਸੀ। ਕਾਮਤੇ ਨੇ ਸੈਂਕੜੇ ਪੁਸਤਕਾਂ ਲਿਖੀਆਂ ਜਿਵੇਂ ਕਿ " ਦ ਕੋਰਸ ਆਫ ਪਾਜ਼ਿਟਿਵ ਫਿਲਾਸਫੀ "(1830-1842 ਛੇ ਵੋਲੀਅਮ ) "ਸਿਸਟਮ ਆਫ ਪਾਜ਼ਿਟਿਵ ਪੌਲਿਟੀ" (1851-54, ਚਾਰ ਵੋਲੀਅਮ) "ਅਰਲੀ ਰਾਈਟਿੰਗਸ (1820-29)"

## ਮੁੱਖ ਯੋਗਦਾਨ

### ਪ੍ਰਤੱਖਵਾਦ

ਆਗਸਤ ਕਾਮਤੇ ਨੇ ਤਕਨੀਤੀ ਸ਼ਬਦ 'ਪ੍ਰਤੱਖਵਾਦ' ਘੜਿਆ। ਪ੍ਰਤੱਖਵਾਦੀਆਂ ਦਾ ਵਿਸ਼ਵਾਸ ਸੀ ਕਿ ਸਮਾਜਿਕ ਵਰਤਾਰਿਆਂ ਨੂੰ ਵਿਗਿਆਨਕ ਵਿਆਖਿਆ ਦੇ ਸੰਬੰਧ ਵਿੱਚ ਸਮਝਿਆ ਜਾ ਸਕਦਾ ਹੈ। ਉਸ ਨੇ ਨਵਾਂ ਵਿਸ਼ਾ 'ਸੋਸ਼ਲ ਫਿਜ਼ਿਕਸ' ਸੁਝਾਇਆ। ਉਸ ਦਾ ਵਿਸ਼ਵਾਸ ਸੀ ਕੇ ਪ੍ਰਕਿਰਤਿਕ ਵਿਗਿਆਨੀਆਂ ਦੀ ਤਰ੍ਹਾਂ ਸਮਾਜਿਕ ਵਿਗਿਆਨੀ ਉਹਨਾਂ ਕਾਨੂੰਨਾਂ ਦਾ ਪਤਾ ਲਗਾਉਣ ਜੋ ਸਮਾਜਿਕ ਵਿਵਹਾਰ ਨੂੰ ਚਲਾਉਂਦੇ ਹਨ। ਇਹਨਾਂ ਕਾਨੂੰਨਾਂ ਦੇ ਅਧਾਰ 'ਤੇ ਸਮਾਜਿਕ ਸੰਰਚਨਾ ਦੀ ਭਵਿੱਖਬਾਣੀ ਤੇ ਪਰਿਵਰਨ ਨੂੰ ਸਮਝਣਾ ਸੰਭਵ ਹੋਵੇਗਾ। ਵਿਗਿਆਨ ਦੇ ਨਾਲ਼ ਗਹਿਰੇ ਸੰਬੰਧਾਂ ਕਾਰਨ ਉਹਨਾਂ ਦਾ ਵਿਸ਼ਵਾਸ ਬਣ ਗਿਆ ਕਿ ਮਨੁੱਖੀ ਬੌਧਿਕਤਾ ਦੇ ਵਿਕਾਸ ਵਾਂਗ ਸਮਾਜਾਂ ਦਾ ਵੀ ਵਿਕਾਸ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

ਕਾਮਤੇ ਦਾ ਮੰਨਣਾ ਹੈ ਕਿ ਸਮਾਜ ਦਾ ਨਵਾਂ ਵਿਗਿਆਨ ਜਿਸ ਨੂੰ ਸਮਾਜ ਸ਼ਾਸਤਰ ਆਖਦੇ ਹਨ ਸਾਰੇ ਕੁਦਰਤੀ ਵਿਗਿਆਨਾ ਵਾਂਗ ਤਰਕਸ਼ੀਲਤਾ ਅਤੇ ਨਿਰੀਖਣ ਦੇ ਅਧਾਰ 'ਤੇ ਹੋਣਾ ਚਾਹੀਦਾ ਹੈ। ਜਿਵੇਂ ਵਿਗਿਆਨ ਕੁਦਰਤੀ ਕਾਨੂੰਨ ਦੇ ਅਧਾਰ 'ਤੇ ਸਾਰੇ ਵਰਤਾਰਿਆਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀ ਹੈ, ਸਮਾਜ ਸ਼ਾਸਤਰ ਦਾ ਵੀ ਅਜਿਹਾ ਹੀ ਉਦੇਸ਼ ਹੈ। ਉਦਾਹਰਨ ਲਈ ਸਮਾਜਿਕ ਸਥਿਰਤਾ ਅਤੇ ਪਰਿਵਰਤਨ ਦੇ ਨਿਰਧਾਰਕ ਕਾਨੂੰਨਾ ਦਾ ਆਵਿਸ਼ਕਾਰ ਕਰਨਾ। ਹੋਰ ਮਹੱਤਵਪੂਰਨ ਰੂਪ ਵਿੱਚ ਪ੍ਰਾਕਿਰਤਿਕ ਵਿਗਿਆਨਾਂ ਵਾਂਗ ਸਮਾਜ ਸ਼ਾਸਤਰ ਨੂੰ ਚੰਗੇਰੇ ਸਮਾਜ ਦੀ ਸਥਾਪਨਾ ਲਈ ਵਰਤਿਆ ਜਾ ਸਕਦਾ ਹੈ। ਨਵੇਂ ਵਿਗਿਆਨ ਨੂੰ ਮਨੁੱਖਤਾ ਦੇ ਕਲਿਆਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਨਵੇਂ ਵਿਗਿਆਨ ਨੂੰ ਮਨੁੱਖਤਾ ਦੇ ਕਲਿਆਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਾਜ ਨੂੰ ਬੇਹਤਰ ਬਣਾਉਣ ਲਈ ਇਸ ਨੂੰ ਸਿੱਖਿਆ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਹ ਮਨੁੱਖੀ ਅੰਤਰ-ਕਿਰਿਆ ਅਤੇ ਸੰਬੰਧਾਂ ਦੇ ਕਾਨੂੰਨਾਂ ਨੂੰ ਨਿਰਧਾਰਤ ਕਰੇਗਾ, ਸਮਾਜਿਕ ਕ੍ਰਮ ਨੂੰ ਨਿਸ਼ਚਿਤ ਕਰਨ ਵਾਲ਼ੀਆਂ ਸੰਸਥਾਵਾਂ ਦੀ ਸਥਾਪਨਾ ਕਰੇਗਾ ਅਤੇ ਸਮਾਜਿਕ ਪਰਿਵਰਤਨ ਸੰਬੰਧੀ ਸਾਨੂੰ ਨਿਰਦੇਸ਼ ਦੇਵੇਗਾ।

ਕਾਮਤੇ ਇਹ ਵੀ ਮਹਿਸੂਸ ਕਰਦਾ ਸੀ ਕਿ ਸਮਾਜ ਸ਼ਾਸਤਰ ਦਾ ਸਿਧਾਂਤ ਵੀ ਪ੍ਰਕਿਰਤਿਕ ਵਿਗਿਆਨਾ ਦੇ ਸਮਾਨ ਹੋਣਾ ਚਾਹੀਦਾ ਹੈ ਇਸ ਵਿੱਚ ਨਿਮਨਲਿਖਤ ਅੰਗ ਸ਼ਾਮਿਲ ਹਨ।

1. ਨਿਰੀਖਣ    2. ਪ੍ਰਯੋਗ    3. ਤੁਲਨਾ

1. **ਨਿਰੀਖਣ** : ਇਹ ਮਨੁੱਖੀ ਵਿਵਹਾਰ ਦਾ ਪ੍ਰਤੱਖ ਨਿਰੀਖਣ ਕਰਦਾ ਹੈ ਅਤੇ ਬੁਨਿਆਦੀ ਸਿਧਾਂਤ 'ਇਕ ਵਿਅਕਤੀ ਕੀ ਦੇਖਣਾ ਚਾਹੁੰਦਾ ਹੈ' ਰਾਹੀਂ ਨਿਰਦੇਸ਼ਤ ਹੁੰਦਾ ਹੈ।

2. **ਪ੍ਰਯੋਗ** : ਭਾਵੇਂ ਕਿ ਬਹੁਤ ਸਾਰੇ ਸਮਾਜਿਕ ਵਰਤਾਰਿਆਂ ਵਿੱਚ ਰਸਮੀ ਪ੍ਰਯੋਗ ਵਿਵਹਾਰਕ ਰੂਪ ਵਿੱਚ ਨਹੀਂ ਕੀਤੇ ਜਾਂ ਸਕਦੇ ਜਿਵੇਂ ਮਾਂ ਦਾ ਪਿਆਰ। ਪਰ ਫਿਰ ਵੀ ਪ੍ਰਯੋਗ ਉਸ ਸਮੇਂ ਹੁੰਦਾ ਹੈ ਜਦੋਂ ਸਮਾਜ ਦੇ ਸਧਾਰਨ ਵਰਤਾਰਿਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਅੜਚਣ/ਰੁਕਾਵਟ ਆਉਂਦੀ ਹੈ।

3. **ਤੁਲਨਾ** : ਸੰਸਾਰ ਦੇ ਵੱਖ-ਵੱਖ ਹਿੱਸੇ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਹਨ, ਇਸ ਲਈ ਵੱਖਰੀ ਸਮਾਜਿਕ ਵਿਵਸਥਾ ਦੀ ਤੁਲਨਾ, ਸਾਨੂੰ ਸਮਾਜਿਕ ਤਰਤੀਬ ਅਤੇ ਸਮਾਜਕ ਪਰਿਵਰਤਨ ਨੂੰ ਹੋਰ ਚੰਗਾ ਬਨਾਉਣ ਵਿੱਚ ਮਦਦ ਕਰਦੀ ਹੈ।

ਇਸ ਤਰ੍ਹਾਂ ਕਾਮਤੇ ਨੇ ਸਮਾਜ ਸ਼ਾਸਤਰ ਨੂੰ ਸਮਾਜਿਕ ਵਿਵਸਥਾ ਅਤੇ ਪ੍ਰਗਤੀ ਦੇ ਵਿਗਆਨ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ। ਉਸ ਦਾ ਸੁਝਾਅ ਸੀ ਕਿ ਸਮਾਜ ਸ਼ਾਸਤਰ ਦਾ ਪ੍ਰਮੁੱਖ ਟੀਚਾ ਲੜੀਬੱਧਤਾ ਦੇ ਚਰਨਾਂ ਨੂੰ ਲੱਭਣਾ ਹੈ, ਜਿਸਦੇ ਮਾਧਿਅਮ ਦੁਆਰਾ ਮਨੁੱਖੀ ਸਮਾਜ ਯੂਰਪੀ ਸਮਾਜ ਦੀ ਸੱਭਿਅਤਾ ਦੇ ਚਰਨ ਤੱਕ ਪਹੁੰਚ ਗਿਆ ਹੈ। ਕਾਮਤੇ ਨੇ ਸਮਾਜ ਸ਼ਾਸਤਰ ਦੀਆਂ ਦੋ ਸ਼ਾਖਾਵਾਂ ਦੱਸੀਆਂ ਹਨ-ਸਮਾਜਿਕ ਸਟੈਟਿਕਸ ਅਤੇ ਸਮਾਜਿਕ ਗਤੀਆਤਮਿਕਤਾ (ਡਾਇਨਾਮਿਕਸ)। ਸਮਾਜਿਕ ਸਟੈਟਿਕਸ ਸਮਾਜ ਦੀ ਸੰਰਚਨਾ ਅਤੇ ਵਿਵਸਥਾ ਨਾਲ਼ ਸੰਬੰਧਿਤ ਹੈ। ਸਮਾਜਿਕ ਗਤੀਆਤਮਿਕਤਾ ਸਮਾਜਿਕ ਵਿਕਾਸ ਨਾਲ਼ ਸੰਬੰਧਿਤ ਹੈ।



Downloaded from https:// www.studiestoday.com

Downloaded from https:// www.studiestoday.com

## ਤਿੰਨ ਪੜਾਵਾਂ ਦਾ ਸਿਧਾਂਤ

ਆਗਸਤ ਕਾਮਤੇ ਦੀ ਸਭ ਤੋਂ ਮਹੱਤਵਪੂਰਨ ਦੇਣ 'ਤਿੰਨ ਪੜਾਵਾਂ ਦੇ ਨਿਯਮ' ਹਨ, ਜਿਸ ਵਿੱਚ ਹਰ ਇਕ ਸਮਾਜ ਦਾ ਵਿਕਾਸ ਹੁੰਦਾ ਹੈ। ਤਿੰਨ ਪੜਾਅ ਹੇਠ ਲਿਖੇ ਹਨ :

1. ਅਧਿਆਤਮਕ/ਧਰਮ-ਸ਼ਾਸਤਰੀ ਸਿਧਾਂਤ
2. ਪਰਾ-ਭੌਤਿਕ
3. ਪ੍ਰਤੱਖਵਾਦੀ

1. **ਅਧਿਆਤਮਕ/ਧਰਮ-ਸ਼ਾਸਤਰੀ ਸਿਧਾਂਤ :** ਕਾਮਤੇ ਦਾ ਮੰਨਣਾ ਸੀ ਕਿ ਸਮਾਜ ਦੇ ਆਦਿ ਕਾਲ਼ੀਨ ਰੂਪ ਵਿੱਚ ਲੋਕ ਕੁਦਰਤ ਨੂੰ ਵਿਗਿਆਨਕ ਰੂਪ ਵਿੱਚ ਸਮਝਣ ਤੋਂ ਅਸਮਰੱਥ ਸਨ। ਉਹ ਕੁਦਰਤੀ ਘਟਨਾਵਾਂ ਜਿਵੇਂ ਅਸਮਾਨੀ ਬਿਜਲੀ ਦਾ ਕੜਕਣਾ, ਤੂਫ਼ਾਨ, ਭੂਚਾਲ ਅਤੇ ਮੌਸਮਾਂ ਦੀ ਤਬਦੀਲੀ ਤੋਂ ਡਰਦੇ ਸਨ। ਉਹਨਾਂ ਡਰ ਵਿੱਚੋਂ ਨਿਕਲਣ ਲਈ ਪ੍ਰਕਿਰਤੀ ਦੀ ਪੂਜਾ ਸ਼ੁਰੂ ਕੀਤੀ। ਇਸ ਲਈ ਉਹਨਾ ਕੁਦਰਤੀ ਅਤੇ ਸਮਾਜਿਕ ਗਤੀਵਿਧੀਆਂ ਦੀ ਵਿਆਖਿਆ ਧਰਮ ਤੇ ਰੱਬ ਦੇ ਅਧਾਰ 'ਤੇ ਕੀਤੀ। ਸਾਰੀਆਂ ਸਮਾਜਿਕ ਅੰਤਰ ਕਿਰਿਆਵਾਂ ਅਤੇ ਗਤੀਵਿਧੀਆਂ ਮੌਕੇ ਧਾਰਮਿਕ ਗਤੀਵਿਧੀਆਂ ਕੀਤੀਆਂ ਜਾਣ ਲੱਗੀਆਂ। ਧਰਮ ਨੂੰ ਸਿਰਫ਼ ਵਿਸ਼ਵਾਸ ਦੀ ਜ਼ਰੂਰਤ ਹੁੰਦੀ ਹੈ ਇਸ ਲਈ ਧਰਮ ਸ਼ਾਸਤਰੀ ਕਿਰਿਆ ਸੈਂਕੜੇ ਪੀੜੀਆਂ ਤੱਕ ਚਲਦੀ ਰਹੀ ਹੈ।

   ਕਾਮਤੇ ਦੇ ਅਨੁਸਾਰ ਧਰਮ ਸ਼ਾਸਤਰੀ ਪੜਾਅ ਦੀ ਉਪ-ਵੰਡ ਨਿਮਨ ਅਨੁਸਾਰ ਕੀਤੀ ਜਾ ਸਕਦੀ ਹੈ :

   1. **ਦੈਵਿਕ ਪੜਾਅ :** ਮੁੱਢਲੇ ਸਮਾਜਾਂ ਵਿੱਚ ਇਕ ਪੜਾਅ ਹੋਂਦਸ਼ੀਲ ਸੀ ਜਦੋਂ ਇਹ ਮੰਨਿਆ ਜਾਂਦਾ ਸੀ ਕਿ ਰੱਬ ਪਦਾਰਥਕ ਜਾਂ ਗ਼ੈਰ-ਪਦਾਰਥਕ ਹਰ ਵਸਤੂ ਵਿੱਚ ਮੌਜੂਦ ਹੈ, ਇਸ ਪੜਾਅ ਨੂੰ ਦੈਵਿਕ ਪੜਾਅ ਦਾ ਨਾਂਮ ਦਿੱਤਾ ਜਾਂਦਾ ਹੈ। ਲੋਕ ਕੁਦਰਤ ਦੇ ਡਰ ਕਾਰਨ ਕੁਦਰਤੀ ਵਸਤੂਆਂ ਜਿਵੇਂ ਪੱਥਰ, ਰੁੱਖ, ਖੰਭ, ਧਰਤੀ, ਹਵਾ ਅੱਗ ਅਤੇ ਪਾਣੀ ਦੀ ਪੂਜਾ ਕਰਦੇ ਸਨ।
   2. **ਜੀਵ -ਵਾਦ :** ਇਸ ਪੜਾਅ ਵਿੱਚ ਲੋਕਾਂ ਦਾ ਮੰਨਣਾ ਸੀ ਕਿ ਰੱਬ ਸਿਰਫ ਜੀਵਤ ਅਤੇ ਚੱਲਣ-ਫਿਰਨ ਵਾਲੀਆਂ ਚੀਜ਼ਾਂ ਵਿੱਚ ਹੀ ਹੁੰਦਾ ਹੈ। 'ਅਨੀਮਾ' ਸ਼ਬਦ ਦਾ ਅਰਥ 'ਆਤਮਾ' ਜਾ 'ਹਲਚੱਲ' ਹੈ। ਮਨੁੱਖਾਂ ਨੇ ਜਾਨਵਰਾਂ, ਪੰਛੀਆਂ ਦੇ ਨਾਲ਼, ਧਰਤੀ ਅਤੇ ਹਵਾ ਨੂੰ ਪੂਜਣਾ ਸ਼ੁਰੂ ਕਰ ਦਿੱਤਾ।



Downloaded from https:// www.studiestoday.com

Downloaded from https:// www.studiestoday.com

3. **ਬਹੁ ਦੇਵਤਾ ਵਾਦ:** ਇਸ ਪੜਾਅ ਵਿੱਚ ਲੋਕ ਵੰਨ-ਸੁਵੰਨੇ ਭਗਵਾਨਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਦੇ ਸਨ ਜਿਹੜੇ ਵਰਖਾ, ਤੂਫ਼ਾਨ ਅਤੇ ਉਪਜਾਇਤਾ ਦਾ ਕਾਰਨ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਅਨੇਕ ਵਰਤਾਰਿਆਂ ਲਈ ਭਿੰਨ-ਭਿੰਨ ਦੇਵਤੇ ਜ਼ੁੰਮੇਵਾਰ ਹਨ। ਭਾਰਤੀ ਸੰਦਰਭ ਵਿੱਚ ਹਿੰਦੂ ਇੰਦਰ, ਵਾਯੂ ਅਤੇ ਅੱਗ ਦੇ ਦੇਵਤਿਆਂ ਦੀ ਹੋਂਦ ਵਿੱਚ ਵਿਸ਼ਵਾਸ ਰੱਖਦੇ ਸਨ।
4. **ਇੱਕ ਦੇਵਤਾਵਾਦ:** ਇਸ ਪੜਾਅ ਦਾ ਅਰਥ ਹੈ ਇੱਕ ਰੱਬ ਵਿੱਚ ਵਿਸ਼ਵਾਸ। ਕਾਮਤੇ ਦਾ ਮੰਨਣਾ ਸੀ ਕਿ ਧਰਮ 'ਤੇ ਅਧਾਰਿਤ ਸਮਾਜ ਇੱਕ ਰੱਬ ਵਿੱਚ ਵਿਸ਼ਵਾਸ ਰੱਖਣ ਵੱਲ ਮੁੜਨ ਲੱਗ ਪਏ। ਇਹ ਬੁੱਧੀ ਦੇ ਵਿਕਾਸ ਵੱਲ ਵਧਣ ਦੀ ਸਹਿਜ ਕਿਰਿਆ ਸੀ। ਸਮਾਜ ਵਿਕਾਸ ਕਰਨ ਲੱਗਾ ਅਤੇ ਉਨ੍ਹਾਂ ਨੇ ਬਹੁ ਦੇਵਤਾਵਾਦ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਉਹ ਪਦਾਰਥਕ ਜਾਂ ਗ਼ੈਰ-ਪਦਾਰਥਕ।




**2. ਪਰਾ-ਭੌਤਿਕ ਪੜਾਅ:**

ਪਰਾ-ਭੌਤਿਕ ਪੜਾਅ ਦੂਸਰਾ ਪੜਾਅ ਹੈ। ਪਰਾ-ਭੌਤਿਕ ਤੋਂ ਭਾਵ ਪਦਾਰਥਕ ਸੰਸਾਰ ਤੋਂ ਪਰ੍ਹੇ ਹੋਣ ਤੋਂ ਹੈ। ਇਸ ਪੜਾਅ ਵਿੱਚ ਲੋਕ ਇਸ ਨਤੀਜੇ 'ਤੇ ਪਹੁੰਚੇ ਕਿ ਕੁਝ ਅਲੌਕਿਕ ਸ਼ਕਤੀਆਂ ਇਸ ਬ੍ਰਹਿਮੰਡ ਦੀ ਰਚਨਾ, ਚੱਲਣ ਅਤੇ ਵਿਨਾਸ਼ ਲਈ ਜ਼ੁੰਮੇਵਾਰ ਨਹੀਂ ਹਨ ਪਰ ਇਹ ਕੋਈ ਅਮੂਰਤ ਸ਼ਕਤੀ ਹੈ ਜੋ ਮਨੁੱਖ ਅਤੇ ਪ੍ਰਕਿਰਤੀ ਦੀ ਅਗਵਾਈ ਤੇ ਨਿਯੰਤਰਨ ਲਈ ਜ਼ੁੰਮੇਵਾਰ ਹੈ। ਲੋਕ ਕੁਦਰਤੀ ਸ਼ਕਤੀਆਂ ਨੂੰ ਨਿਯੰਤਰਤ ਕਰਨ ਲਈ ਜਾਦੂ-ਟੂਣੇ ਦਾ ਪ੍ਰਯੋਗ ਕਰਦੇ ਸਨ।



Downloaded from https:// www.studiestoday.com

Downloaded from https:// www.studiestoday.com

ਸਮਾਜ ਵਿੱਚ ਹਰ ਵਰਤਾਰੇ ਦੇ ਵਾਪਰਨ ਦੀ ਵਿਆਖਿਆ ਵਿੱਚ ਜਾਦੂ ਪ੍ਰਭਾਵੀ ਸੀ। ਇਸ ਸਮੇਂ ਲੋਕ ਚੰਗੀਆਂ ਅਤੇ ਬੁਰੀਆਂ ਆਤਮਾਵਾਂ ਦੀ ਹੋਂਦ ਵਿੱਚ ਵਿਸ਼ਵਾਸ ਰੱਖਦੇ ਸਨ। ਭਾਵੇਂ ਕਿ ਇਹਨਾਂ ਆਤਮਾਵਾਂ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਸੀ ਅਤੇ ਦੂਸਰਿਆਂ ਦੀ ਚੰਗਿਆਈ ਤੇ ਵਿਨਾਸ਼ ਲਈ ਨਿਰਦੇਸ਼ ਦਿੱਤੇ ਜਾ ਸਕਦੇ ਸਨ। ਇਹ ਵਿਗਿਆਨਕਤਾ ਵੱਲ ਪਹਿਲਾ ਕਦਮ, ਰੀਤਾਂ ਦੀ ਤਰਕਪੂਰਨ ਵਿਆਖਿਆ ਅਤੇ ਉਹਨਾ ਦੁਆਲ਼ੇ ਵਰਤਮਾਨ ਸਮਾਜ ਦੀ ਹਕੀਕਤ ਕਿਰਿਆਸ਼ੀਲ ਸੀ।

3. **ਪ੍ਰਤੱਖਵਾਦੀ ਪੜਾਅ :** ਇਹ ਮਨੁੱਖੀ ਸਮਾਜ ਦੇ ਵਿਕਾਸ ਦਾ ਆਖ਼ਰੀ ਪੜਾਅ ਹੈ ਜਿਸ ਵਿੱਚ ਸਮਾਜਿਕ ਬਣਤਰ ਵਿਗਿਆਨਕ ਲੀਹਾਂ 'ਤੇ ਹੁੰਦੀ ਹੈ। ਇਸ ਪੜਾਅ ਵਿੱਚ ਲੋਕ ਵਿਗਿਆਨਕ ਦੀ ਪ੍ਰਭੂਤਾ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਹਰ ਗਤੀਵਿਧੀ ਦੀ ਵਿਆਖਿਆ ਵਿਗਿਆਨਕ ਅਧਾਰ 'ਤੇ ਹੁੰਦੀ ਹੈ। ਉਹ ਪਰਾ-ਭੌਤਿਕ ਸ਼ਕਤੀ ਦੀ ਹੋਂਦ ਨੂੰ ਪ੍ਰਸ਼ਨ ਚਿੰਨ੍ਹਤ ਕਰਦੇ ਹਨ ਅਤੇ ਸਮਾਜ ਦੀ ਸਮਝ ਤੇ ਵਿਆਖਿਆ ਲਈ ਤੱਥਾਂ ਨੂੰ ਲਾਗੂ ਕਰਦੇ ਹਨ। ਸਮਾਜਿਕ ਕਿਰਿਆਵਾਂ ਦੀ ਸਥਾਪਨਾ ਲਈ ਕਾਰਨ ਤੇ ਪ੍ਰਭਾਵ ਸੰਬੰਧਾਂ ਨੂੰ ਜਾਣਿਆ ਜਾਂਦਾ ਹੈ। ਆਗਸਤ ਕਾਮਤੇ ਲਈ ਇਹ ਪੜਾਅ ਮਨੁੱਖੀ ਬੁੱਧੀ ਦੇ ਵਿਕਾਸ ਦਾ ਸਰਵਉੱਚ ਪੜਾਅ ਹੈ। ਸਮਾਜਿਕ ਸਮੱਸਿਆਵਾਂ ਦੇ ਹੱਲ ਸਮਾਜਿਕ ਵਰਤਾਰਿਆਂ ਦੇ ਵਿਗਿਆਨਕ ਅਧਿਐਨ ਰਾਹੀਂ ਕੀਤੇ ਜਾਂਦੇ ਹਨ। ਸਮਾਜਿਕ ਸਥਿਰਤਾ ਲਈ ਸਮਾਜ ਨੂੰ ਵਿਗਿਆਨਕ ਸਿਧਾਂਤਾਂ ਦੀ ਲੋੜ ਹੈ।

ਕਾਮਤੇ ਦੇ ਸਿਧਾਂਤ ਦੀ ਆਲੋਚਨਾ ਵੀ ਕੀਤੀ ਗਈ ਹੈ। ਜਿਹੜੇ ਦੇਸ਼ ਜਿਵੇਂ ਕਿ ਭਾਰਤ, ਜਿਨ੍ਹਾਂ ਦਾ ਅਧਾਰ ਧਰਮ ਹੈ, ਉਨ੍ਹਾਂ ਨੇ ਘੱਟ ਵਿਕਾਸ ਕੀਤਾ ਅਤੇ ਦੂਸਰੇ ਪਾਸੇ ਪੱਛਮੀ ਸਮਾਜਾਂ ਨੇ ਜਿਆਦਾ ਵਿਕਾਸ ਕੀਤਾ। ਉਨ੍ਹਾਂ ਦੇ ਸਿਧਾਂਤ ਨੂੰ ਗਲਤ ਸਾਬਤ ਕੀਤਾ ਕਿ ਧਰਮ ਨੂੰ ਵਿਗਿਆਨ ਨਾਲ਼ ਬਦਲਿਆ ਜਾ ਸਕਦਾ ਹੈ। ਅੱਜ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਧਰਮ ਹੀ ਮਨੁੱਖਾਂ ਦੇ ਸਮਾਜਿਕ ਜੀਵਨ ਨੂੰ ਨਿਯੰਤਰਿਤ ਕਰ ਰਿਹਾ ਹੈ।

**ਅਭਿਆਸ -1**

1. ਆਪਣੇ ਰਾਜ ਦੇ ਭਿੰਨ ਪ੍ਰਕਾਰ ਦੇ ਧਰਮ ਅਤੇ ਸੰਪਰਦਾਵਾਂ ਬਾਰੇ ਪਤਾ ਲਗਾਓ।
2. ਧਰਮ ਦੀ ਵਿਅਕਤੀ ਦੇ ਜੀਵਨ ਵਿੱਚ ਕੀ ਭੂਮਿਕਾ ਹੈ ਕੀ ਤੁਹਾਨੂੰ ਲੱਗਦਾ ਹੈ ਕਿ ਆਉਣ ਵਾਲ਼ੇ ਸਮੇਂ ਵਿੱਚ ਧਰਮ ਦੀ ਮਹੱਤਤਾ ਘੱਟ ਜਾਏਗੀ।

## ਕਾਰਲ ਮਾਰਕਸ

ਕਾਰਲ ਮਾਰਕਸ, ਇੱਕ ਜਰਮਨ ਚਿੰਤਕ ਅਤੇ ਰਾਜਨੀਤਕ ਕਿਰਿਆਵਾਦੀ ਸੀ, ਜੋ ਆਪਣੇ ਵਰਗ ਸੰਘਰਸ਼ ਤੇ ਕ੍ਰਾਂਤੀ ਦੇ ਵਿਚਾਰਾਂ ਲਈ ਸਿੱਖਿਆ ਜਗਤ ਵਿੱਚ ਜਾਣਿਆ ਜਾਂਦਾ ਹੈ। 5 ਮਈ 1818 ਨੂੰ ਜਿਊਇਸ਼ ਪਰਿਵਾਰ ਵਿੱਚ ਉਸ ਦਾ ਜਨਮ ਹੋਇਆ। ਉਸ ਨੇ ਪਹਿਲਾਂ ਬਾਨ ਯੂਨੀਵਰਸਿਟੀ ਤੇ ਫਿਰ ਯੂਨੀਵਰਸਿਟੀ ਆਫ਼ ਬਰਲਿਨ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ। ਉਸ ਨੇ ਆਪਣਾ ਡਾਕਟੋਰੀਅਲ ਸ਼ੋਧ



Downloaded from https:// www.studiestoday.com

Downloaded from https:// www.studiestoday.com

ਪ੍ਰਬੰਧ ਦਰਸ਼ਨ ਸ਼ਾਸਤਰ ਵਿੱਚ ਯੂਨੀਵਰਸਿਟੀ ਆਫ਼ ਜੇਨਾ ਤੋਂ ਪੂਰਾ ਕੀਤਾ। ਉਹ ਜੈਨੀ ਵਾਨ ਵੈਸਟਫੈਲਨ ਨਾਲ਼ ਵਿਆਹ ਕਰਵਾਉਣ ਤੋਂ ਬਾਅਦ ਪੈਰਿਸ ਚਲਾ ਗਿਆ। ਪੈਰਿਸ ਵਿੱਚ ਉਹ ਫੈਡਰਿਕ ਏਂਜਲਸ ਨੂੰ ਮਿਲ਼ਿਆ ਜੋ ਲੰਮੇ ਸਮੇਂ ਲਈ ਉਸ ਦਾ ਮਿੱਤਰ ਰਿਹਾ। ਏਂਜਲਸ ਤੋਂ ਵੱਖ ਹੋਣ ਤੋਂ ਬਾਅਦ ਕਾਰਲ ਮਾਰਕਸ ਨੇ ਜਰਮਨ ਦਰਸ਼ਨ ਸ਼ਾਸਤਰੀ ਜਾਰਜ ਹੀਗਲ ਅਤੇ ਲੁਡਵਿਗ ਫਿਉਰਬੈਕ ਦਾ ਪ੍ਰਭਾਵ ਕਬੂਲਿਆ। ਉਸ ਮੁੱਖ ਵਿਚਾਰ ਉਸ ਦੇ ਕੰਮਾਂ 'ਕੈਪੀਟਲ ਵੋਲੀਅਮ 1 ਪ੍ਰਕਾਸ਼ਨ 1867 ਅਤੇ "ਦ ਮੈਨੀਫੈਸਟੋ ਆਫ ਕਮਿਊਨਿਸਟ ਪਾਰਟੀ" ਜੋ ਉਸ ਨੇ ਏਂਜਲਸ ਨਾਲ਼ ਮਿਲਕੇ ਲਿਖੀ ਤੇ 1848 ਵਿੱਚ ਛਪੀ ਵਿਚੋਂ ਸਮਝੇ ਜਾ ਸਕਦੇ ਹਨ।

## ਮੁੱਖ ਯੋਗਦਾਨ

### ਵਰਗ ਅਤੇ ਵਰਗ ਸੰਘਰਸ਼ :

ਕਾਰਲ ਮਾਰਕਸ ਦੀਆਂ ਲਿਖਤਾਂ ਦਾ ਮੁੱਖ ਧਿਆਨ ਸਮਾਜ ਵਿੱਚ ਹੋਂਦਸ਼ੀਲ ਅਸਮਾਨਤਾਵਾਂ ਅਤੇ ਉਹਨਾਂ ਨੂੰ ਖ਼ਤਮ ਕਰਨ ਵੱਲ ਸੀ। ਅਸੀਂ ਜਾਣਦੇ ਹਾਂ ਕਿ ਵਿਸ਼ਵ ਦੇ ਸਮਾਜਾਂ ਦੇ ਲੋਕਾਂ ਵਿੱਚ ਬਹੁਤ ਸਾਰੀਆਂ ਅਸਮਾਨਤਾਵਾਂ ਹੋਂਦ ਰੱਖਦੀਆਂ ਹਨ। ਇਹਨਾਂ ਅਸਮਾਨਤਾਵਾਂ ਦਾ ਅਧਾਰ ਸਮਾਜਿਕ, ਵਿੱਦਿਅਕ, ਆਰਥਿਕ ਅਤੇ ਰਾਜਨੀਤਿਕ ਸਤਰ ਹੈ। ਕਾਰਲ ਮਾਰਕਸ 'ਵਰਗ' ਨੂੰ ਵਿਅਕਤੀਆਂ ਦੀ ਅਜਿਹੀ ਸ਼੍ਰੇਣੀ ਵਜੋਂ ਲੈਂਦਾ ਹੈ ਜੋ ਸਮਾਨ ਆਰਥਿਕ ਪੱਧਰ ਨੂੰ ਸਾਂਝਾ ਕਰਦੇ ਹਨ। ਜਦੋਂ ਤੋਂ ਲੋਕ ਪਦਾਰਥਕ ਸਾਧਨਾ, ਸ਼ਕਤੀ ਅਤੇ ਸਮਾਜਿਕ ਸਹੂਲਤਾਂ ਕਾਰਨ ਇੱਕ ਦੂਸਰੇ ਤੋਂ ਭਿੰਨ ਹੋਏ ਹਨ ਉਦੋਂ ਤੋਂ ਸਮਾਜ ਵਿੱਚ ਅਨੇਕ ਸ਼੍ਰੇਣੀਆਂ ਬਣ ਗਈਆਂ ਹਨ। ਪੱਛਮੀ ਸਮਾਜਾਂ ਦੀ ਸਥਾਪਿਤ ਉਦਾਹਰਨ ਦਿੰਦਿਆਂ ਹੋਇਆ ਮਾਰਕਸ ਵਿਆਖਿਆ ਕਰਦਾ ਹੈ ਕਿ ਇਤਿਹਾਸ ਦੋ ਸ਼੍ਰੇਣੀਆਂ ਵਿਚਕਾਰ ਸੰਘਰਸ਼ ਦੀ ਸਾਖੀ ਕਿਵੇਂ ਭਰਦਾ ਹੈ। ਉਦਾਹਰਨ ਲਈ ਉਤਪਾਦਨ ਪ੍ਰਕਿਰਿਆ ਵਿੱਚ ਮਾਲਕ ਅਤੇ ਗ਼ੈਰ-ਮਾਲਕ ਲਏ ਜਾ ਸਕਦੇ ਹਨ। ਉਸ ਦਾ ਮੁੱਖ ਉਦੇਸ਼ ਸ਼੍ਰੇਣੀ ਰਹਿਤ ਸਮਾਜ ਦੀ ਸਥਾਪਨਾ ਸੀ ਜਿਸ ਦੇ ਸਿੱਟੇ ਵਜੋਂ ਸਮਾਨ ਅਤੇ ਨਿਆਂ ਪ੍ਰਬੰਧ ਵਾਲ਼ਾ ਸਮਾਜਿਕ ਪ੍ਰਬੰਧ ਸਥਾਪਿਤ ਹੋ ਸਕੇ।

ਇਸ ਵਿਚਾਰ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਵਰਗ ਤੇ ਵਰਗ ਸੰਘਰਸ਼ ਦੇ ਸੰਕਲਪ ਨੂੰ ਸਮਝਣ ਦੀ ਲੋੜ ਹੈ। ਇਸ ਦੇ ਨਾਲ਼ ਹੀ ਸਾਨੂੰ ਸਮਾਜਿਕ ਸੰਰਚਨਾਂ ਵਿੱਚ ਆਰਥਿਕ ਸੰਸਥਾਵਾਂ ਦੀ ਭੂਮਿਕਾ ਬਾਰੇ ਕਾਰਲ ਮਾਰਕਸ ਦੇ ਵਿਚਾਰ ਸਮਝਣੇ ਚਾਹੀਦੇ ਹਨ। ਅਸੀਂ ਜਾਣਦੇ ਹਾਂ ਕਿ ਹਰ ਸਮਾਜ ਵਿੱਚ ਬਹੁਤ ਸਾਰੀ ਕਿਸਮ ਦੀਆਂ ਸੰਸਥਾਵਾਂ ਹੁੰਦੀਆਂ ਹਨ ਜਿਵੇਂ ਆਰਥਿਕ, ਰਾਜਨੀਤਿਕ, ਸਿੱਖਿਅਕ, ਸੱਭਿਆਚਾਰਕ ਅਤੇ ਪਰਿਵਾਰ। ਸਾਰੀਆਂ ਸੰਸਥਾਵਾਂ ਅੰਤਰ-ਸੰਬੰਧਿਤ ਹੁੰਦੀਆਂ ਹਨ ਅਤੇ ਇਕ ਦੂਜੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਨਾਲ਼ ਦੇ ਨਾਲ਼ ਹੀ ਇਨ੍ਹਾਂ ਦਾ ਪ੍ਰਭਾਵ ਸਮਾਜ ਦੇ ਵਿਅਕਤੀਗਤ



Downloaded from https:// www.studiestoday.com

Downloaded from https:// www.studiestoday.com

ਮੈਂਬਰਾਂ ਉਪਰ ਹੁੰਦਾ ਹੈ। ਭਾਵੇਂ ਕਿ ਮਾਰਕਸ ਦੇ ਅਨੁਸਾਰ ਕਿਸੇ ਵੀ ਸਮਾਜ ਵਿੱਚ ਆਰਥਿਕ ਸੰਸਥਾਵਾਂ ਮਹੱਤਵ ਪੂਰਨ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਸਮਾਜ ਦੀਆਂ ਸਾਰੀਆਂ ਸਸੰਥਾਵਾਂ 'ਤੇ ਪ੍ਰਭਾਵ ਹੁੰਦਾ ਹੈ।

ਆਰਥਿਕ ਸੰਸਥਾਵਾਂ ਸਧਾਰਨ ਪਦ ਨੂੰ ਵਸਤੂਆਂ ਦੇ ਉਤਪਾਦਨ ਵੰਡ ਤੇ ਉਪਭੋਗ ਅਤੇ ਸਮਾਜ ਵਿੱਚ ਕਿਸੇ ਪ੍ਰਕਾਰ ਦੀਆਂ ਸੇਵਾਵਾਂ ਦੇ ਸੰਦਰਭ ਵਿੱਚ ਵਿਖਿਆਇਆ ਜਾਂਦਾ ਹੈ। ਮਾਰਕਸ ਦੇ ਅਨੁਸਾਰ ਪਦਾਰਥ ਦਾ ਉਤਪਾਦਨ ਵਿਅਕਤੀਆਂ ਦੀ ਮਹੱਤਵਪੂਰਨ ਕਿਰਿਆ ਹੈ ਜਿਵੇਂ ਪਦਾਰਥਕ ਜ਼ਰੂਰਤਾਂ ਵਿਅਕਤੀਆਂ ਲਈ ਮਹੱਤਵ ਰੱਖਦੀਆਂ ਹਨ। ਮਰਦ ਤੇ ਔਰਤਾਂ ਆਪਣੀ ਸਹਿਮਤੀ ਨਾਲ ਉਤਪਾਦਨ ਪ੍ਰਕਿਰਿਆ ਦਾ ਹਿੱਸਾ ਬਣਦੇ ਹਨ। ਸਮਾਜ ਭੋਜਨ, ਛੱਤ, ਅਤੇ ਹੋਰ ਲੋੜਾਂ ਦੇ ਉਤਪਾਦਨ ਲਈ ਵੱਖ-ਵੱਖ ਉਤਪਾਦਨ ਤਰੀਕਿਆਂ ਦੀ ਵਰਤੋਂ ਕਰਦਾ ਹੈ। ਇਹ ਤਰੀਕੇ ਉਸ ਸਮੇਂ ਪ੍ਰਾਪਤ ਤਕਨੀਕ ਦੇ ਪੱਧਰ ਅਨੁਸਾਰ ਹੁੰਦੇ ਹਨ।

ਇੱਥੇ, ਕਾਰਲ ਮਾਰਕਸ ਨੇ 'ਵਰਗ' ਦਾ ਸੰਕਲਪ ਦਿੱਤਾ ਹੈ। ਕੁਝ ਲੋਕ ਉਤਪਾਦਨ ਦੇ ਸਾਧਨਾ ਦੇ ਮਾਲਕ ਬਣ ਜਾਂਦੇ ਹਨ ਅਤੇ ਬਾਕੀ ਉਤਪਾਦਨ ਦੇ ਸਾਧਨਾ ਦੇ ਮਾਲਕ ਨਹੀਂ ਰਹਿੰਦੇ। ਇਸ ਲਈ ਉਦਪਾਦਨ ਵਿੱਚ ਦੋ ਪ੍ਰਕਾਰ ਦੇ ਸੰਬੰਧ ਹੁੰਦੇ ਹਨ ਜਿਨ੍ਹਾਂ ਨੂੰ ਮਾਲਕ ਅਤੇ ਗ਼ੈਰ-ਮਾਲਕਾਂ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਵਿਅਕਤੀਆਂ ਦਾ ਸਮੂਹ ਜੋ ਸਮਾਨ ਉਤਪਾਦਨ ਦੇ ਸਾਧਨਾਂ ਨੂੰ ਸਾਂਝਾ ਕਰਦੇ ਹਨ ਨੂੰ 'ਵਰਗ' ਆਖਿਆ ਜਾਂਦਾ ਹੈ। ਉਸ ਦਾ ਵਿਸ਼ਵਾਸ ਸੀ ਕਿ ਜੇ ਸਾਰੇ ਵਿਅਕਤੀਆਂ ਦਾ ਉਤਪਾਦਨ ਦਾ ਸਾਧਨਾ ਨਾਲ਼ ਸਮਾਨ ਰਿਸ਼ਤਾ ਹੋਵੇ ਤਾਂ ਉਥੇ ਸਮਾਜ ਵਿੱਚ ਇਕ ਹੀ ਸ਼੍ਰੇਣੀ ਰਹਿ ਜਾਵੇਗੀ ਅਤੇ ਸ਼੍ਰੇਣੀ ਰਹਿਤ ਸਮਾਜ ਹੋਂਦ ਵਿੱਚ ਆ ਜਾਵੇਗਾ। ਸਧਾਰਨ ਤੌਰ 'ਤੇ ਉਤਪਾਦਨ ਨੇ ਸਾਧਨਾਂ ਨਾਲ਼ ਮਾਲਕੀ ਅਤੇ ਗ਼ੈਰ-ਮਾਲਕੀ ਵਾਲੇ ਦੋ ਹੀ ਸੰਬੰਧ ਹੁੰਦੇ ਹਨ। ਇਸ ਲਈ ਸਾਰੇ ਸਮਾਜਾਂ ਵਿੱਚ ਲੋਕਾਂ ਦੀਆਂ ਦੋ ਸ਼੍ਰੇਣੀਆਂ ਹੁੰਦੀਆਂ ਹਨ।

ਜਿਹੜੇ ਹੋਰ ਸੰਕਲਪ ਮਾਰਕਸ ਵੱਲੋਂ ਆਪਣੇ 'ਕੈਪੀਟਲ' ਵਾਲੇ ਕੰਮ ਵਿੱਚ ਪ੍ਰਯੋਗ ਕੀਤੇ ਗਏ, ਉਹ ਹਨ ਉਤਪਾਦਨ ਦੇ ਸਾਧਨ, ਉਤਪਾਦਨ ਦੀ ਤਾਕਤ ਅਤੇ ਉਤਪਾਦਨ ਦੇ ਰਿਸ਼ਤੇ। ਇਹ ਸਮਾਜਿਕ ਸੰਗਠਨ ਦਾ ਅਟੁੱਟ ਅੰਗ ਹਨ।

### ਉਤਪਾਦਨ ਦੀਆਂ ਵਿਧੀਆਂ:-

ਇਹ ਮਾਰਕਸਵਾਦ ਦੀ ਇੱਕ ਕੇਂਦਰੀ ਧਾਰਨਾ ਹੈ ਅਤੇ ਇਸ ਨੂੰ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਲਈ ਸਥਾਪਿਤ ਤਰੀਕਿਆਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਵਿੱਚ ਦੋ ਪ੍ਰਮੁੱਖ ਪੱਖ ਹਨ –ਉਤਪਾਦਨ ਦੀਆਂ ਸ਼ਕਤੀਆਂ ਅਤੇ ਉਤਪਾਦਨ ਦੇ ਸੰਬੰਧ।

**ੳ- ਉਤਪਾਦਨ ਦੀਆਂ ਸ਼ਕਤੀਆਂ:** ਉਤਪਾਦਨ ਦੀਆਂ ਸ਼ਕਤੀਆਂ ਵਿੱਚ ਉਹ ਸਾਰੇ ਤੱਤ ਮੌਜੂਦ ਹਨ, ਜਿਨ੍ਹਾਂ ਨੂੰ ਉਤਪਾਦਨ ਕਰਨ ਲਈ ਇਕੱਠਾ ਕੀਤਾ ਜਾਂਦਾ ਹੈ। ਇਸ ਵਿੱਚ ਹੇਠ ਲਿਖੇ ਪੱਖ ਸ਼ਾਮਿਲ ਹਨ।



Downloaded from https:// www.studiestoday.com

Downloaded from https:// www.studiestoday.com

i. **ਕਿਰਤੀਆਂ ਦੀ ਸ਼ਕਤੀ** – ਮਨੁੱਖਾਂ ਦੀ ਮਾਨਸਿਕ ਅਤੇ ਸਰੀਰਕ ਸ਼ਕਤੀ ਜਿਸ ਨਾਲ਼ ਉਪਯੋਗੀ ਕੰਮ ਕੀਤੇ ਜਾਂਦੇ ਹਨ।

ii. **ਉਤਪਾਦਨ ਦੇ ਸਾਧਨ** – ਇਹ ਉਤਪਾਦਨ ਲਈ ਸਮੱਗਰੀ ਹੈ, ਜਿਵੇਂ ਉਪਕਰਨ, ਮਸ਼ੀਨਾਂ, ਪਾਣੀ ਸ਼ਕਤੀ, ਭਾਫ ਸ਼ਕਤੀ, ਪ੍ਰਮਾਣੂ ਸ਼ਕਤੀ ਅਤੇ ਉਤਪਾਦਨ ਦੀ ਕੱਚੀ ਸਮੱਗਰੀ ਜਿਵੇਂ ਕੋਲਾ, ਤਾਬਾਂ, ਯੂਰੇਨੀਅਮ ਆਦਿ। ਅਰਥਾਤ ਇਹੋ ਜਿਹੀਆਂ ਵਾਸਤਵਿਕ ਵਿਧੀਆਂ ਜਿਨ੍ਹਾਂ ਦੇ ਮਾਧਿਅਮ ਨਾਲ਼ ਅਸੀਂ ਜੀਵਿਕਾ ਕਮਾਉਂਦੇ ਹਾਂ, ਭੂਮੀ ਤੋਂ ਅੰਨ ਪੈਦਾ ਕਰਦੇ ਹਾਂ, ਉਦਯੋਗਿਕ ਉਤਪਾਦਨ ਕਰਦੇ ਹਾਂ ਅਤੇ ਲਾਭ ਪ੍ਰਾਪਤ ਕਰਦੇ ਹਾਂ ਆਦਿ।

(ਅ) **ਉਤਪਾਦਨ ਦੇ ਸਮਾਜਿਕ ਸੰਬੰਧ :-** ਇਹ ਸਮਾਜਿਕ ਸੰਬੰਧਾਂ ਦਾ ਇੱਕ ਸੰਗ੍ਰਹਿ ਹੈ, ਜਿਸ ਵਿੱਚ ਵਿਅਕਤੀ ਜੀਵਨ ਦੇ ਸਾਧਨਾਂ ਦਾ ਉਤਪਾਦਨ ਅਤੇ ਪੁਨਰ ਉਤਪਾਦਨ ਕਰਨ ਲਈ ਪ੍ਰਵੇਸ਼ ਕਰਦਾ ਹੈ ਤਾਂ ਕਿ ਆਪਣੇ ਵਜੂਦ ਨੂੰ ਬਣਾਈ ਰੱਖੇ। ਟੋਟੈਲਿਟੀ ਵਿੱਚ ਇਹ ਸੰਬੰਧ ਸਥਾਈ ਅਤੇ ਸਥਿਰ ਸੰਰਚਨਾ ਦਾ ਨਿਰਮਾਣ ਕਰਦੇ ਹਨ, ਜਿਸ ਨੂੰ ਆਰਥਿਕ ਸੰਰਚਨਾ ਆਖਦੇ ਹਨ। ਇਸ ਵਿੱਚ ਭਿੰਨ ਭਿੰਨ ਵਿਅਕਤੀਆਂ ਦੇ ਵਿੱਚ ਸੰਬੰਧਾਂ ਅਤੇ ਉਤਪਾਦਨ ਦੀਆਂ ਸ਼ਕਤੀਆਂ ਦੇ ਨਾਲ਼ ਵਿਅਕਤੀਆਂ ਦੇ ਸੰਬੰਧਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਸਮਾਜਿਕ ਆਰਥਿਕ ਸੰਬੰਧਾਂ ਦੀ ਧਾਰਨਾ ਸਮੇਂ ਦੇ ਵਿਸ਼ੇਸ਼ ਸੰਦਰਭ ਵਿੱਚ ਦੇਖੀ ਜਾਂਦੀ ਹੈ। ਉਦਾਹਰਨ ਲਈ ਦਾਸ ਯੁੱਗ ਵਿੱਚ ਮਾਲਕ ਦੇ ਆਪਣੇ ਦਾਸ ਦੇ ਨਾਲ ਸੰਬੰਧ, ਸਾਮੰਤ ਸਮਾਜ ਵਿੱਚ ਸਾਮੰਤ/ਜਗੀਰਦਾਰ ਦਾ ਆਪਣੀ ਸੰਪਤੀ ਦੇ ਨਾਲ ਸੰਬੰਧ ਅਤੇ ਮੁਜਾਹਰੇ ਦੇ ਸਾਮੰਤ ਦੇ ਨਾਲ ਅਤੇ ਪੂੰਜੀਵਾਦੀ ਯੁੱਗ ਵਿੱਚ ਪੂੰਜੀਪਤੀ ਦਾ ਪੂੰਜੀਗਤ ਵਸਤੂਆਂ ਨਾਲ ਸੰਬੰਧ ਅਤੇ ਦਿਹਾੜੀਦਾਰ ਕਾਮਿਆਂ ਦਾ ਪੂੰਜੀਪਤੀ ਨਾਲ਼ ਸੰਬੰਧ ਲਿਆ ਜਾ ਸਕਦਾ ਹੈ।

ਸਰਲ ਸ਼ਬਦਾਂ ਵਿੱਚ ਮਾਰਕਸ ਉਤਪਾਦਨ ਦੇ ਸਾਧਨ ਅਤੇ ਤਕਨੀਕ ਦੇ ਜੋੜ ਨੂੰ ਉਤਪਾਦਨ ਦੀ ਸ਼ਕਤੀ ਦਾ ਨਾਮ ਦਿੰਦਾ ਹੈ। ਉਤਪਾਦਨ ਦੀਆਂ ਸ਼ਕਤੀਆਂ ਦੇ ਨਾਲ਼ ਵਿਅਕਤੀਆਂ ਦੇ ਸੰਬੰਧ ਨੂੰ ਉਤਪਾਦਨ ਦੇ ਸੰਬੰਧ ਕਿਹਾ ਜਾਂਦਾ ਸੀ। ਉਤਪਾਦਨ ਦੇ ਸੰਬੰਧਾਂ ਅਤੇ ਉਤਪਾਦਨ ਦੀਆਂ ਸ਼ਕਤੀਆਂ ਦੇ ਵਿੱਚ ਸੰਬੰਧਾਂ ਨੂੰ ਸਮਝਣ ਲਈ ਦਵੰਦਾਤਮਕ ਸਿਧਾਂਤ ਦੀ ਲੋੜ ਸੀ। ਉਤਪਾਦਨ ਦੀ ਹਰ ਵਿਧੀ ਨੂੰ ਅਕਾਰ ਦੇਣ ਲਈ ਉਤਪਾਦਨ ਦੇ ਕੁੱਝ ਸਾਧਨਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਉਦਾਹਰਨ ਲਈ ਖੇਤੀ ਸਮਾਜ ਵਿੱਚ ਜਮੀਨ, ਧਰਤੀ, ਬੀਜ ਖਾਦਾਂ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ। ਉਸੇ ਤਰ੍ਹਾਂ ਹੀ ਉਦਯੋਗਿਕ ਸਮਾਜ ਵਿੱਚ ਕਾਰਖ਼ਾਨਿਆਂ ਵਿੱਚ ਮਸ਼ੀਨਾਂ ਅਤੇ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ।



Downloaded from https:// www.studiestoday.com

Downloaded from https:// www.studiestoday.com

ਉੱਪਰ ਦਰਸਾਈ ਗਈ ਸਮਝ ਕਾਰਲ ਮਾਰਕਸ ਦੁਆਰਾ ਕਮਿਊਨਿਸਟ ਮੈਨੀਫੈਸਟੋ ਜਿੱਥੇ ਉਹ ਲਿਖਦਾ ਹੈ ਕਿ ਹਰ ਸਮਾਜ ਨੂੰ ਸਮਾਜਿਕ ਸੰਘਰਸ਼ ਦੀ ਨਜ਼ਰ ਤੋਂ ਦੇਖਿਆ ਜਾ ਸਕਦਾ ਹੈ। "ਮਾਰਕਸ ਵਿਆਖਿਆ ਕਰਦਾ ਹੈ ਕਿ ਪੱਛਮੀ ਸਮਾਜ ਨੂੰ ਸਮਝਣ ਲਈ ਉਤਪਾਦਨ ਦੇ ਸਾਧਨਾਂ ਅਤੇ ਉਤਪਾਦਨ ਦੇ ਰਿਸ਼ਤਿਆਂ ਵਿੱਚ ਆ ਰਹੇ ਬਦਲਾਵ ਨੂੰ ਸਮਝਣ ਦੀ ਲੋੜ ਹੈ।

ਉਹ ਵਿਆਖਿਆ ਕਰਦਾ ਹੈ ਕਿ ਪੱਛਮੀ ਸਮਾਜ ਇਤਿਹਾਸ ਦੇ ਵੱਖ-ਵੱਖ ਕਾਲ਼ਾਂ ਵਿੱਚ ਵੱਖ-ਵੱਖ ਪੜਾਵਾਂ ਵਿਚੋਂ ਗੁਜਰਿਆ ਹੈ। ਸਮਾਜਵਾਦ ਨੂੰ ਛੱਡ ਕੇ ਹਰ ਪੜਾਅ ਵਿੱਚ ਦੋ ਵਿਰੋਧੀ ਹਿੱਤਾਂ ਵਾਲ਼ੀਆਂ ਸ਼੍ਰੇਣੀਆਂ ਸਨ। ਤਕਨੀਕ ਦੇ ਵਿਕਾਸ ਨਾਲ਼ ਉਤਪਾਦਨ ਵਿੱਚ ਵਾਧਾ ਹੋਇਆ ਅਤੇ ਉਤਪਾਦਨ ਦੇ ਸਾਧਨ ਵੀ ਬਦਲ ਗਏ। ਮਾਲਕ ਜਮਾਤ ਹਮੇਸ਼ਾਂ ਉੱਚੇ ਸਤਰ 'ਤੇ ਰਹੀ। ਉਹਨਾਂ ਦਾ ਸਮਾਜ ਵਿੱਚ ਸਿੱਖਿਆ, ਰਾਜਨੀਤਿਕ ਸੰਸਥਾਵਾਂ, ਵਿਆਹ ਤੇ ਹੋਰ ਸੰਸਥਾਵਾਂ 'ਤੇ ਨਿਯੰਤਰਨ ਰਿਹਾ। ਸਮਾਜਿਕ ਪ੍ਰਬੰਧ ਵਿੱਚ ਬਾਕੀ ਸ਼੍ਰੇਣੀਆਂ ਨੂੰ ਨੀਵੇਂ ਪੱਧਰ 'ਤੇ ਰੱਖਿਆ ਗਿਆ ਅਤੇ ਉਹਨਾਂ ਦਾ ਸ਼ੋਸ਼ਣ ਇਸ ਲਈ ਹੋਇਆ ਕਿ ਸਾਰੀਆਂ ਸੰਸਥਾਵਾਂ ਮਾਲਕ ਸ਼੍ਰੇਣੀ ਦੇ ਹੱਕ ਵਿੱਚ ਸਨ। ਇਤਿਹਾਸ ਵਿੱਚ ਉਤਪਾਦਨ ਦੇ ਸਾਧਨਾਂ ਅਤੇ ਸੰਬੰਧਾਂ ਦੀ ਪ੍ਰਕਿਰਤੀ ਸਮੇਂ-ਸਮੇਂ ਬਦਲਦੀ ਰਹੀ।

ਪੱਛਮੀ ਸਮਾਜ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜਰਿਆ ਇਹਨਾਂ ਪੜਾਵਾਂ ਨੂੰ ਉਤਪਾਦਨ ਦੇ ਢੰਗਾਂ ਦੇ ਅਧਾਰ ਤੇ ਮੁੱਢਲਾ ਸਮਾਜਵਾਦ, ਆਦਿ ਕਾਲੀਨ ਸਮਾਜ, ਜਗੀਰਦਾਰੀ ਸਮਾਜ ਅਤੇ ਪੂੰਜੀਵਾਦੀ ਸਮਾਜ ਦਾ ਨਾਮ ਦਿੱਤਾ ਜਾਂਦਾ ਹੈ। ਆਦਿ ਕਾਲੀਨ ਸਮਾਜ ਵਿੱਚ ਉਤਪਾਦਨ ਲਈ ਨੀਵੀਂ ਪੱਧਰ ਦੀ ਤਕਨੀਕ ਵਰਤੀ ਜਾਂਦੀ ਸੀ ਜਿਸ ਵਿੱਚ ਪਸ਼ੂ ਤੇ ਆਦਮੀ ਸਨ। ਇੱਥੇ ਮਾਲਕ ਤੇ ਦਾਸ ਦੋ ਸ਼੍ਰੇਣੀਆਂ ਸਨ। ਖੇਤੀਬਾੜੀ ਅਧਾਰਿਤ ਉਤਪਾਦਨ ਦੇ ਸਿੱਟੇ ਵਜੋਂ ਜਗੀਰਦਾਰ ਅਤੇ ਮੁਜਾਹਰੇ ਨਾਮ ਦੀਆਂ ਦੋ ਸ਼੍ਰੇਣੀਆਂ ਹੋਂਦ ਵਿੱਚ ਆਈਆਂ।

ਪੂੰਜੀਵਾਦ ਦਾ ਚਰਨ ਕਾਰਖ਼ਾਨਿਆਂ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਉਤਪਦਾਨ ਨਾਲ਼ ਜੁੜਿਆ ਹੋਇਆ ਸੀ। ਕਾਰਖ਼ਾਨਿਆਂ ਦੇ ਮਾਲਿਕ ਬੁਰਜੂਆ (ਪੂੰਜੀਪਤੀ) ਵਰਗ ਅਤੇ ਕਿਰਤੀ ਵਰਗ ਨੂੰ ਪਰੋਲਤਾਰੀ (ਮਜ਼ਦੂਰ) ਕਿਹਾ ਜਾਂਦਾ ਸੀ। ਉਤਪਾਦਨ ਦੇ ਪੂੰਜੀਵਾਦ ਦੇ ਚਰਨ ਵਿੱਚ ਤਕਨੀਕ ਦੇ ਵਿਕਾਸ ਕਾਰਨ ਉਤਪਾਦਨ ਵਿੱਚ ਵਾਧਾ ਹੋਇਆ ਹੈ। ਸੁਤੰਤਰ ਪ੍ਰਤੀਯੋਗਤਾ ਦੇ ਕਾਰਨ ਕਾਰਖ਼ਾਨਾ ਮਾਲਕ ਘੱਟ ਕੀਮਤਾਂ ਵਿੱਚ ਵਸਤੂਆਂ ਨੂੰ ਵੇਚ ਕੇ ਮੁਨਾਫ਼ਾ ਕਮਾ ਲੈਂਦੇ ਸਨ। ਇਸ ਲਈ ਉਹ 'ਵਾਧੂ ਮੁੱਲ' ਆਪਣੇ ਕੋਲ਼ ਰੱਖਦੇ ਸਨ ਜਿਸ ਦੇ ਸਿੱਟੇ ਵਜੋਂ ਮਜ਼ਦੂਰਾਂ ਦੀ ਮਜ਼ਦੂਰੀ ਘੱਟ ਗਈ। ਭਾਵੇਂ ਕਿ ਕੰਮਕਾਜੀ ਵਰਗ ਨੂੰ ਵੀ ਸੁਤੰਤਰਤਾ ਸੀ ਕਿ ਉਹ ਉਸ ਮਾਲਿਕ ਦੇ ਕੋਲ਼ ਕੰਮ ਕਰੇ, ਜਿਹੜਾ ਉਨ੍ਹਾਂ ਨੂੰ



Downloaded from https:// www.studiestoday.com

Downloaded from https:// www.studiestoday.com

ਚੰਗਾ ਵੇਤਨ ਜਾਂ ਦਿਹਾੜੀ ਦੇਵੇ। ਮਾਲਕ ਵਰਗ ਵਿੱਚ ਸੁਤੰਤਰ ਮੁਕਾਬਲੇ ਦੇ ਕਾਰਨ ਬਹੁਤ ਸਾਰਿਆਂ ਨੇ ਆਪਣੇ ਕਾਰਖ਼ਾਨੇ ਗੁਆ ਲਏ ਅਤੇ ਗ਼ੈਰ-ਮਾਲਕ ਜਮਾਤ ਦਾ ਹਿੱਸਾ ਬਣ ਗਏ।

ਸਮਾਜਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਗ਼ੈਰਮਾਲਕੀ ਵਰਗ ਵਿੱਚ ਚੇਤਨਾ ਉਭਰਨੀ ਸ਼ੁਰੂ ਹੋਈ। ਮਾਰਕਸ ਦੇ ਅਨੁਸਾਰ, ਇਹ ਕ੍ਰਾਂਤੀ ਵੱਲ ਤੁਰੇਗੀ ਅਤੇ ਸਿੱਟੇ ਵਜੋਂ ਇੱਕ ਵਰਗਹੀਨ ਸਮਾਜ ਦੀ ਸਿਰਜਣਾ ਹੋਵੇਗੀ। ਮਾਰਕਸ ਦਾ ਮੰਨਣਾ ਸੀ ਕਿ ਦੋ ਵਰਗਾਂ ਵਿਚਕਾਰ ਫਾਸਲਾ ਇਤਿਹਾਸ ਦੇ ਇਸ ਪੜਾਅ ਵਿੱਚ ਸਭ ਤੋਂ ਜ਼ਿਆਦਾ ਸੀ ਅਤੇ ਉਤਪਾਦਨ ਦੇ ਸਾਧਨ ਸਮਾਜ ਦੇ ਹਰ ਮੈਂਬਰ ਨੂੰ ਪ੍ਰਾਪਤ ਨਹੀਂ ਸਨ। ਇਸ ਦਾ ਹੱਲ ਪੂੰਜੀਵਾਦ ਤੋਂ ਮਾਰਕਸਵਾਦ ਤੇ ਫਿਰ ਸਮਾਜਵਾਦੀ ਪ੍ਰਣਾਲੀ ਰਾਹੀਂ ਹੀ ਕੱਢਿਆ ਜਾ ਸਕਦਾ ਹੈ।




ਮਾਰਕਸ ਨੇ ਭਵਿੱਖਬਾਣੀ ਕੀਤੀ ਹੈ ਕਿ ਸਾਰੇ ਸਮਾਜਾਂ ਵਿੱਚ ਕ੍ਰਾਂਤੀ ਆਵੇਗੀ ਅਤੇ ਨਤੀਜੇ ਵਜੋਂ ਵਿਸ਼ਵ ਦੇ ਅਨੇਕ ਭਾਗਾਂ ਵਿੱਚ ਪੂੰਜੀਵਾਦੀ ਪ੍ਰਣਾਲੀ ਦਾ ਅੰਤ ਹੋਵੇਗਾ। ਬਿਨਾਂ ਸ਼ੱਕ ਚੀਨ, ਰੂਸ ਅਤੇ ਪੂਰਬੀ ਯੂਰਪ ਵਰਗੇ ਦੇਸ਼ ਮਾਰਕਸਵਾਦੀ ਕ੍ਰਾਂਤੀ ਦੀ ਉਦਾਹਰਨ ਹਨ। ਪਰ ਹਾਲੇ ਵੀ ਵਿਸ਼ਵ ਦੇ ਕਈ ਭਾਗਾਂ ਵਿੱਚ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦਾ ਪਾਲਣ ਕੀਤਾ ਜਾ ਰਿਹਾ ਹੈ। ਕਾਰਲ ਮਾਰਕਸ ਦੀਆਂ ਪੁਸਤਕਾਂ ਅਤੇ ਲੇਖਾਂ ਵਿੱਚ ਕੰਮਕਾਜੀ ਵਰਗ ਅੰਦੋਲਨ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ ਅਤੇ ਸਿੱਟੇ ਵਜੋਂ ਸੰਸਾਰ ਭਰ ਵਿੱਚ ਮਜ਼ਦੂਰ ਯੂਨੀਅਨਾਂ ਦੀ ਸਥਾਪਨਾ ਹੋਈ ਹੈ। ਸਮਾਜ



Downloaded from https:// www.studiestoday.com

Downloaded from https:// www.studiestoday.com

ਸ਼ਾਸਤਰੀ ਸਿਧਾਂਤ ਉੱਪਰ ਮਾਰਕਸ ਦਾ ਪ੍ਰਭਾਵ ਬਹੁਤ ਹੀ ਵਿਆਪਕ ਹੈ ਅਤੇ ਮਾਰਕਸਵਾਦੀ ਸਮਾਜ ਸ਼ਾਸ਼ਤਰ ਇਕ ਸ਼ਾਖਾ ਵਜੋਂ ਇਕ ਵਿਸ਼ੇ ਦੇ ਤੌਰ ਤੇ ਪਹਿਲਾਂ ਹੀ ਸਥਾਪਿਤ ਹੈ।




**ਅਭਿਆਸ - 2**

1. ਆਪਣੇ ਆਲ਼ੇ-ਦੁਆਲ਼ੇ ਦੇ ਕਾਰਖ਼ਾਨਿਆਂ ਵਿੱਚ ਮਜ਼ਦੂਰਾਂ ਦੀ ਭਲਾਈ ਲਈ ਕੰਮ ਕਰ ਰਹੀਆਂ ਮਜ਼ਦੂਰ ਯੂਨੀਅਨਾਂ ਦਾ ਪਤਾ ਲਗਾਓ।
2. ਬੁਰਜੁਆਜ਼ੀ ਅਤੇ ਪਰੋਲਤਾਰੀ ਵਰਗ ਵਿੱਚ ਆਉਣ ਵਾਲ਼ੇ ਲੋਕਾਂ ਦੀ ਉਦਾਹਰਨ ਦਿਉ।



## ਇਮਾਈਲ ਦੁਰਖ਼ੀਮ (1858–1917)

ਆਗਸਤ ਕਾਮਤੇ ਤੋਂ ਵੱਖ ਹੋਣ ਤੋਂ ਬਾਅਦ ਇਮਾਈਲ ਦੁਰਖ਼ੀਮ ਮਹਾਨ ਫਰਾਂਸੀਸੀ ਸਮਾਜਿਕ ਵਿਚਾਰਕ ਦੇ ਤੌਰ 'ਤੇ ਸਥਾਪਿਤ ਹੋਇਆ। ਦੁਰਖ਼ੀਮ ਦਾ ਸਿੱਖਿਆ ਅਧਾਰ ਮਜ਼ਬੂਤ ਸੀ ਅਤੇ ਉਸ ਨੂੰ ਸਮਾਜ-ਸ਼ਾਸਤਰ ਦੇ ਪਹਿਲੇ ਪ੍ਰੋਫੈਸਰ ਵਜੋਂ ਜਾਣਿਆ ਜਾਂਦਾ ਹੈ। ਉਸ ਦਾ ਜਨਮ 1858 ਵਿੱਚ ਇਕ ਰੂੜੀਵਾਦੀ ਜਿਊਇਸ਼ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਤੇ ਪੁਰਖੇ ਜਿਊਇਸ਼ ਪਾਦਰੀ ਸਨ। ਉਸ ਨੇ ਬੁਰਦਿਓ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਸਮਾਜ-ਵਿਗਿਆਨ ਦਾ ਲੈਕਚਰਾਰ ਨਿਯੁਕਤ ਹੋਇਆ। ਉਸ ਦਾ ਡਾਕਟੋਰੀਅਲ ਸ਼ੋਧ ਪ੍ਰਬੰਧ 'ਸਮਾਜ ਵਿੱਚ ਕਿਰਤ ਦੀ ਵੰਡ' ਉੱਤੇ ਸੀ ਜੋ 1893 ਵਿੱਚ ਛਪਿਆ। 1897 ਵਿੱਚ ਉਸ ਨੇ ਸਮਾਜ ਵਿਗਿਆਨ ਦਾ ਪਹਿਲਾ ਰਸਾਲਾ 'ਲੇ ਐਨੇ ਸੋਸਿਓਲੋਜ਼ੀਕਿਉ' ਫਰਾਂਸੀਸੀ ਭਾਸ਼ਾ ਵਿੱਚ ਛਾਪਿਆ।

ਇਮਾਈਲ ਦੁਰਖ਼ੀਮ ਨੇ 1902 ਵਿੱਚ ਪੈਰਿਸ ਦੀ ਯੂਨੀਵਰਸਿਟੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ। 1913 ਵਿੱਚ ਉਹਨਾਂ ਦੀ ਚੇਅਰ ਦਾ ਨਾਮ 'ਚੇਅਰ ਆਫ ਐਜੂਕੇਸ਼ਨ ਐਂਡ ਸਸ਼ੋਲੋਜੀ' ਰੱਖਿਆ ਗਿਆ। ਉਹ ਫਰਾਂਸ ਵਿੱਚ ਕਈ ਸਾਲਾਂ ਤੱਕ ਸਮਾਜ ਵਿਗਿਆਨ ਵਿਸ਼ਾ ਪੜ੍ਹਾਉਂਦੇ ਰਹੇ। ਪਹਿਲਾ ਵਿਸ਼ਵ ਯੁੱਧ ਉਸ ਦੀ ਵਿਆਕੁਲਤਾ ਦਾ ਕਾਰਨ ਬਣਿਆ ਅਤੇ ਉਸ ਦੀ ਸਿਹਤ ਉੱਪਰ ਮਾਨਸਿਕ



Downloaded from https:// www.studiestoday.com

Downloaded from https:// www.studiestoday.com

ਅਤੇ ਸ਼ਰੀਰਕ ਬੁਰਾ ਪ੍ਰਭਾਵ ਪਿਆ। ਇਸ ਦੇ ਦੌਰਾਨ ਹੀ ਉਸ ਨੇ ਬਹੁਤ ਹੀ ਅਜ਼ੀਜ਼ ਦੋਸਤ, ਵਿਦਿਆਰਥੀ ਅਤੇ ਆਪਣੇ ਪੁੱਤਰ ਨੂੰ ਗਵਾ ਦਿੱਤਾ। ਇਮਾਈਲ ਦੁਰਖ਼ੀਮ ਤੋਂ ਇਹ ਬਰਦਾਸ਼ਤ ਨਹੀਂ ਕਰ ਸਕਿਆ ਅਤੇ 15 ਨੰਵਬਰ 1917 ਨੂੰ ਉਸ ਦੀ ਮੌਤ ਹੋ ਗਈ।

ਦੁਰਖ਼ੀਮ ਨੂੰ ਪ੍ਰਤੱਖਵਾਦੀ ਮੰਨਿਆ ਜਾਂਦਾ ਹੈ ਜਿਹੜਾ ਕਾਮਤੇ ਦੀ ਤਰ੍ਹਾਂ ਵਿਸ਼ਵਾਸ ਕਰਦਾ ਸੀ ਕਿ ਸਮਾਜਿਕ ਵਰਤਾਰਿਆਂ ਦਾ ਵਿਗਿਆਨਕ ਅਧਿਐਨ ਸੰਭਵ ਹੈ। ਉਸ ਦਾ ਮੁੱਖ ਯੋਗਦਾਨ ਸਮਾਜ ਸ਼ਾਸਤਰ ਦਾ ਵਿਸ਼ਾ-ਵਸਤੂ ਨਿਸ਼ਚਿਤ ਕਰਨ ਵਿੱਚ ਸੀ। ਉਸ ਨੇ ਸਮਾਜ-ਸ਼ਾਸਤਰੀ ਅਧਿਐਨ ਦੇ ਸਧਾਰਨ ਸਿਧਾਂਤ ਦਿੱਤੇ। ਉਸ ਦਾ ਵਿਸ਼ਵਾਸ ਸੀ ਕਿ ਸਮਾਜ ਵਿਅਕਤੀ ਨਾਲ਼ੋਂ ਵੱਧ ਮਹੱਤਵਪੂਰਨ ਹੈ ਅਤੇ ਉਸ ਨੇ ਵਿਆਖਿਆ ਕੀਤੀ ਕਿ ਸਮਾਜਿਕ ਕ੍ਰਮ ਨੂੰ ਸਮੂਹਿਕ ਚੇਤਨਾ ਨਾਲ਼ ਹੀ ਬਣਾਇਆ ਜਾ ਸਕਦਾ ਹੈ।

## ਮੁੱਖ ਯੋਗਦਾਨ

### ਸਮਾਜਿਕ ਤੱਥ

ਇਮਾਈਲ ਦੁਰਖ਼ੀਮ ਦੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਹ ਮਹੱਤਵਪੂਰਨ ਹੋਵੇਗਾ ਕਿ ਸ਼ੁਰੂਆਤ ਉਸ  ਦੀ ਕਿਤਾਬ 'ਦ ਰੂਲਸ ਆਫ਼ ਸੋਸੋਲਾਜੀਕਲ ਮੈਥਡ' ਨੂੰ ਤੋਂ ਕੀਤੀ ਜਾਵੇ। ਇਹ ਪੁਸਤਕ 1895 ਵਿੱਚ ਛਪੀ ਸੀ, ਦੁਰਖ਼ੀਮ ਨੇ ਵਰਣਨ ਕੀਤਾ ਕਿ ਸਮਾਜ ਸ਼ਾਸਤਰ ਦਾ ਵਿਸ਼ਾ ਵਸਤੂ ਬਾਕੀ ਸਾਰੇ ਵਿਸ਼ਿਆਂ ਤੋਂ ਵੱਖਰਾ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਸੀ ਕਿ ਸਮਾਜ ਸ਼ਾਸ਼ਤਰ ਦੇ ਵਿਸ਼ਾ ਵਸਤੂ ਵਿੱਚ ਤੱਤ ਸ਼ਾਮਿਲ ਹਨ। ਉਸ ਨੇ ਸਮਾਜ ਸ਼ਾਸਤਰ ਨੂੰ ਸਮਾਜਿਕ ਤੱਥਾਂ ਦਾ ਅਧਿਐਨ ਆਖਿਆ।

ਇਹ ਦੇਖਣ ਲਈ ਕਿ ਕਿਹੜੇ ਤੱਥ ਸਮਾਜਿਕ ਤੱਥ ਹਨ ਦੁਰਖ਼ੀਮ ਮੁੱਖ ਤਿੰਨ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦਾ ਹੈ ਜੋ ਸਧਾਰਨ ਤੱਥਾਂ ਨਾਲੋਂ ਸਮਾਜਿਕ ਤੱਥਾਂ ਨੂੰ ਨਿਖੇੜਨ ਵਿੱਚ ਸਾਡੀ ਮਦਦ ਕਰਦੀਆਂ ਹਨ। ਇਹ ਵਿਸ਼ੇਸ਼ਤਾਈਆਂ ਸਧਾਰਨਤਾ, ਬਾਹਰਮੁਖਤਾ ਅਤੇ ਸਮਾਜਿਕ ਦਬਾਅ ਹਨ। ਇਸ ਦਾ ਅਰਥ ਹੈ ਕਿ ਸਮਾਜ ਸ਼ਾਸਤਰ ਵਿੱਚ ਅਸੀਂ ਉਹਨਾਂ ਤੱਥਾਂ ਬਾਰੇ ਪੜ੍ਹਦੇ ਹਾਂ ਜੋ ਸਧਾਰਨ ਤੇ ਵਿਆਪਕ ਹਨ ਦੂਸਰੇ ਉਹ ਤੱਥਾਂ ਦਾ ਅਧਿਐਨ ਕੀਤਾ ਜਾਂਦਾ ਹੈ ਕਿ ਜੋ ਵਿਅਕਤੀਆਂ ਲਈ ਬਾਹਰੀ ਹਨ (ਜੀਵ ਵਿਗਿਆਨ ਵਾਂਗ ਅੰਦਰੂਨੀ ਨਹੀਂ) ਆਖ਼ਿਰ ਵਿੱਚ ਉਹ ਤੱਥ ਲਏ ਜਾ ਸਕਦੇ ਹਨ ਜਿਨ੍ਹਾਂ ਦਾ ਵਿਅਕਤੀਆਂ 'ਤੇ ਪ੍ਰਭਾਵ ਹੁੰਦਾ ਹੈ। ਸਮਾਜਿਕ ਤੱਥਾਂ ਦਾ ਉਦਾਹਰਨ ਵਿਆਹ, ਪਰਿਵਾਰ, ਧਰਮ, ਕਾਨੂੰਨ ਅਤੇ ਸੱਭਿਆਚਾਰ ਹਨ।

ਦੁਰਖ਼ੀਮ ਵੱਲੋਂ ਦਿੱਤੀ ਸਮਾਜਿਕ ਤੱਥਾਂ ਦੀ ਉਦਾਹਰਨ ਆਤਮ-ਹੱਤਿਆ, ਕਿਰਤ ਦੀ ਵੰਡ, ਅਤੇ ਸਮਾਜ ਦੀ ਸਮੂਹਿਕ ਇਕ ਜੁੱਟਤਾ ਹੈ। ਦੁਰਖ਼ੀਮ ਚਰਚਾ ਕਰਦਾ ਹੈ ਕਿ ਸਮਾਜ ਦੀ ਸਮੂਹਿਕ ਚੇਤਨਾ ਵੀ ਸਮਾਜਿਕ ਤੱਥ ਹੈ ਜੋ ਵਿਅਕਤੀਆਂ ਦੀ ਚੇਤਨਾ ਨੂੰ ਨਿਯੰਤਰਿਤ ਤੇ ਮਾਰਗ ਦਰਸ਼ਨ ਕਰਦੀ ਹੈ।



Downloaded from https:// www.studiestoday.com

Downloaded from https:// www.studiestoday.com

**ਅਭਿਆਸ-3**

- ਵਿਆਹ, ਪਰਿਵਾਰ ਅਤੇ ਧਰਮ ਸਮਾਜਿਕ ਤੱਤ ਕਿਵੇਂ ਹਨ? ਜੇਕਰ ਅਸੀਂ ਦੁਰਖ਼ੀਮ ਦੇ ਸਿਧਾਂਤਾਂ ਨੂੰ ਵਿਆਹ, ਪਰਿਵਾਰ ਅਤੇ ਧਰਮ 'ਤੇ ਲਾਗੂ ਕਰੀਏ ਇਨ੍ਹਾਂ ਦੀਆਂ ਸਧਾਰਨ, ਵਿਆਪਕ ਅਤੇ ਸਮਾਜਿਕ ਦਬਾਅ ਵਾਲ਼ੀਆਂ ਵਿਸ਼ੇਸ਼ਤਾਈਆਂ ਦੱਸੋ?
- ਦੁਰਖ਼ੀਮ ਆਤਮ ਹੱਤਿਆ, ਕਿਰਤ ਦੀ ਵੰਡ ਅਤੇ ਸਮੂਹਿਤ ਇਕਜੁੱਟਤਾ ਨੂੰ ਸਮਾਜਿਕ ਤੱਥਾਂ ਵਜੋਂ ਸਮਝਣ ਲਈ ਸਮਾਨ ਮਾਨਤਾਵਾਂ ਲਾਗੂ ਕਰੋ।
- ਕੀ ਤੁਸੀਂ ਆਤਮ-ਹੱਤਿਆ ਨੂੰ ਸਮਾਜਿਕ ਤੱਥ ਮੰਨਣ ਲਈ ਸਮਾਨ ਤਰਕ ਦੀ ਵਰਤੋਂ ਕਰੋਗੇ।

ਦੁਰਖ਼ੀਮ ਦੀ ਸਮਾਜਿਕ ਤੱਥਾਂ ਨੂੰ ਪੜ੍ਹਨ ਦੀ ਇਕ ਹੋਰ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮਾਜਿਕ ਤੱਥਾਂ ਦਾ ਦੂਸਰੇ ਸਮਾਜਿਕ ਤੱਥਾਂ ਉੱਪਰ ਪ੍ਰਭਾਵ ਪੈਂਦਾ ਹੈ। ਸਰਲ ਸ਼ਬਦਾਂ ਵਿੱਚ ਧਰਮ ਦਾ ਵਿਆਹ ਦੀ ਸੰਸਥਾ ਉੱਪਰ ਪ੍ਰਭਾਵ ਅਤੇ ਵਿਆਹ ਪਰਿਵਾਰ ਨਾਲ਼ ਜੁੜਿਆ ਹੈ ਆਦਿ ਅਤੇ ਵਿਦਿਆ ਵਿਅਕਤੀ ਦੀ ਕੰਮ ਦੀ ਵੰਡ ਦਾ ਨਿਰਧਾਰਨ ਕਰਦੀ ਹੈ।

### ਕਿਰਤ ਦੀ ਵੰਡ/ ਕੰਮ ਦੀ ਵੰਡ

ਆਪਣੀ ਪੁਸਤਕ 'ਡਵੀਜ਼ਨ ਆਫ ਲੇਬਰ ਇਨ ਸੋਸਾਇਟੀ' ਜੋ ਕਿ 1893 ਵਿੱਚ ਪ੍ਰਕਾਸ਼ਿਤ ਹੋਈ ਵਿੱਚ ਇਹ ਦਰਸਾਇਆ ਹੈ ਕਿ ਕਿਸ ਤਰ੍ਹਾਂ ਕੰਮ ਦੀ ਵੰਡ ਕਿਸੇ ਵੀ ਸਮਾਜ ਵਿੱਚ ਇਕਜੁੱਟਤਾ ਦੀ ਕਿਸਮ ਦੇ ਬਦਲਾਵ ਦਾ ਕਾਰਨ ਬਣਦੀ ਹੈ। ਇਹ ਹੇਠ ਲਿਖੇ ਪੈਰਿਆਂ ਵਿੱਚ ਦਰਸਾਇਆ ਗਿਆ ਹੈ।

ਕਿਰਤ ਦੀ ਵੰਡ ਆਦਿ ਕਾਲੀਨ ਵਰਤਾਰਾ ਹੈ। ਇਸ ਦੇ ਸਿੱਟੇ ਵਜੋਂ ਸਮਾਜਿਕ ਕੁਸ਼ਲਤਾ ਵਿੱਚ ਵਾਧਾ ਹੋਇਆ। ਲੰਮੇ ਸਮੇਂ ਤੋਂ ਸਾਰੇ ਸਮਾਜਾਂ ਵਿੱਚ ਲਿੰਗ ਅਧਾਰਿਤ 'ਤੇ ਉਮਰ ਅਧਾਰਿਤ ਕੰਮ ਦੀ ਵੰਡ ਪਾਈ ਜਾਂਦੀ ਰਹੀ ਹੈ। ਔਰਤਾਂ ਘਰੇਲੂ ਕੰਮ-ਕਾਜ ਕਰਦੀਆਂ ਅਤੇ ਮਰਦ ਰੋਜ਼ੀ-ਰੋਟੀ ਲਈ ਬਾਹਰ ਜਾਂਦੇ ਰਹੇ ਹਨ। ਔਰਤਾਂ ਦੇ ਕੰਪਨੀਆਂ, ਯੂਨੀਵਰਸਿਟੀਆਂ, ਪੁਲਿਸ ਅਤੇ ਵਿਗਿਆਨਕ ਪ੍ਰਯੋਗਸ਼ਾਲਾਵਾਂ ਵਿੱਚ ਨੌਕਰੀਆਂ ਕਰਨ ਨਾਲ਼ ਪੁਰਾਤਨ ਕਿਰਤ ਦੀ ਵੰਡ ਵਿੱਚ ਤਬਦੀਲ਼ੀ ਆਈ ਹੈ।

ਦੁਰਖ਼ੀਮ ਨੇ ਪਤਾ ਲਗਾਇਆ ਕਿ ਸਮਾਜ ਦਾ ਵਿਕਾਸ ਮੁੱਢਲੇ ਤੋਂ ਆਧੁਨਿਕ ਵੱਲ ਹੋਇਆ ਹੈ। ਉਹ ਸਮਾਜ ਵਿੱਚ ਸਥਾਪਿਤ ਇਕ ਜੁੱਟਤਾ ਦੇ ਅਧਾਰ 'ਤੇ ਸਮਾਜ ਦੀ ਵੰਡ ਕਰਦਾ ਹੈ। ਮੁੱਢਲੇ ਸਮਾਜ ਯੰਤਰਿਕ ਇਕ ਜੁੱਟਤਾ 'ਤੇ ਅਧਾਰਿਤ ਹਨ ਜਿਹੜੀਆਂ ਕਿ ਇਸ ਵਿਚਲੇ ਵਿਅਕਤੀਆਂ ਦੀ ਸਮਾਨਤਾ ਨਾਲ਼ ਪੈਦਾ ਹੁੰਦੀ ਹੈ। ਇਹ ਉੱਥੇ ਪਾਈ ਜਾਂਦੀ ਹੈ ਜਿੱਥੇ ਸਮਾਜ ਦਾ ਅਕਾਰ ਛੋਟਾ ਹੁੰਦਾ ਹੈ ਅਤੇ ਜਿੱਥੇ ਸਮੁਦਾਇਕ ਪ੍ਰਤਿਮਾਨ ਮਹੱਤਤਾ ਰੱਖਦੇ ਹਨ। ਇਹਨਾਂ ਵਿੱਚ ਕਿਸੇ ਵੀ ਪ੍ਰਕਾਰ ਦੀ ਕੁਤਾਹੀ ਸਮੁਦਾਇਕ ਵਿਨਾਸ਼ ਦਾ ਕਾਰਨ ਬਣ ਸਕਦੀ ਹੈ। ਇੱਥੇ ਸਮਾਜ ਸਧਾਰਨ ਹੁੰਦਾ ਹੈ ਅਤੇ ਲੋਕ ਸਮਾਨ ਹੋਣ ਕਾਰਨ ਇੱਕ ਦੂਜੇ ਨਾਲ਼ ਜੁੜੇ ਹੁੰਦੇ ਹਨ। ਲੋਕਾਂ ਵਿੱਚ ਇਸ ਪ੍ਰਕਾਰ ਦੀ ਇੱਕ ਜੁੱਟਤਾ ਨੂੰ 'ਯੰਤਰਿਕ



Downloaded from https:// www.studiestoday.com

Downloaded from https:// www.studiestoday.com

ਇਕਜੁੱਟਤਾ' ਦਾ ਨਾਮ ਦਿੱਤਾ ਜਾਂਦਾ ਹੈ। ਲੋਕਾਂ ਵਿੱਚ ਅਜਿਹੀ ਇਕ ਜੁੱਟਤਾ ਦਾ ਅਧਾਰ ਇਸਾਰਤਾ ਸੀ ਅਤੇ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸਮਾਨਤਾ ਨੂੰ ਸਖ਼ਤ ਕਾਨੂੰਨ ਨਾਲ਼ ਦਬਾਅ ਦਿੱਤਾ ਜਾਂਦਾ ਸੀ। ਵਿਅਕਤੀ ਦਾ ਹਿੱਸਾ ਹੁੰਦੇ ਸਨ।

ਆਧੁਨਿਕ ਯੁੱਗ ਵਿੱਚ ਸਜੀਵ ਇਕਜੁੱਟਤਾ ਵਿਅਕਤੀਆਂ ਵਿੱਚ ਪਾਈ ਜਾਣ ਵਾਲ਼ੇ ਭੇਦਭਾਵ 'ਤੇ ਨਿਰਭਰ ਕਰਦੀ ਹੈ। ਇਹ ਵੱਧ ਜੰਨ ਸੰਖਿਆ ਵਾਲ਼ੇ ਸਮਾਜਾਂ ਵਿੱਚ ਪਾਈ ਜਾਂਦੀ ਹੈ ਜਿੱਥੇ ਸੰਬੰਧ ਅਵਿਅਕਤੀਗਤ ਹੁੰਦੇ ਹਨ। ਆਧੁਨਿਕ ਸਮਾਜ ਵਿੱਚ ਹਰ ਸੰਘਟਕ ਸਮੂਹ ਦੂਸਰੇ ਹੋਰ ਸੰਘਟਕ ਸਮੂਹਾਂ ਤੇ ਨਿਰਭਰ ਹੁੰਦਾ ਹੈ। ਬਾਅਦ ਵਿੱਚ ਕਿਰਤ ਦੀ ਵੰਡ ਵਿੱਚ ਵਾਧੇ ਨਾਲ਼ ਸਮਾਜ ਵਿੱਚ ਭਿੰਨਤਾ ਹੋਰ ਵੱਧ ਜਾਂਦੀ ਹੈ। ਇਹ ਵਿਸ਼ੇਸ਼ ਤੌਰ ਤੇ ਵੰਨ-ਸੁਵੰਨਤਾ ਅਤੇ ਵੱਖਰਤਾ ਵੱਲ ਵੱਧਦੀ ਹੈ। ਵਿਅਕਤੀਆਂ ਅਤੇ ਸੰਸਥਾਵਾਂ ਦੀ ਅੰਤਰ-ਨਿਰਭਰਤਾ ਬਹਾਲਕਾਰੀ ਕਾਨੂੰਨ ਨੂੰ ਜਨਮ ਦਿੰਦੀ ਹੈ ਇਹ ਕਾਨੂੰਨ ਵਿਅਕਤੀਗਤ ਨੁਕਸਾਨ ਨੂੰ ਭਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਹੁਰੂਪਤਾ ਨੂੰ ਸਜ਼ਾ ਨਹੀਂ ਦਿੰਦੇ। ਇਕਜੁੱਟਤਾ ਦੀ ਇਹ ਕਿਸਮ ਵਿਅਕਤੀਆਂ ਦੇ ਇੱਕ ਦੂਜੇ ਤੋਂ ਵੱਖ ਹੋਣ ਨੂੰ ਮਾਨਤਾ ਦਿੰਦੀ ਹੈ ਅਤੇ ਇਕ ਦੂਜੇ ਦੀਆਂ ਬਹੁਤ ਸਾਰੀਆਂ ਭੂਮਿਕਾਵਾਂ ਨੂੰ ਮਾਨਤਾ ਦਿੰਦੇ ਹਨ ਅਤੇ ਸਜੀਵ ਜੋੜ ਨੂੰ ਵੀ। ਵਿਅਕਤੀਆਂ ਨੂੰ ਅਧਿਕਾਰ ਹੁੰਦੇ ਹ ਕਿ ਉਹ ਇਕੱਠੇ ਹੋਣ ਅਤੇ ਇਛੁੱਕ ਤੌਰ 'ਤੇ ਸਮੂਹ ਬਣਾਉਣ। ਦੋ ਤਰ੍ਹਾਂ ਦੀਆਂ ਇੱਕਜੁੱਟਤਾਵਾਂ ਵਿੱਚ ਭਿੰਨਤਾ ਨਿਮਨ ਅਨੁਸਾਰ ਹੈ।

ਦੋਵੇਂ ਤਰ੍ਹਾਂ ਦੀ ਏਕਤਾ ਵਿੱਚ ਹੇਠ ਲਿਖੇ ਚਿੱਤਰ ਵਿੱਚ ਫਰਕ ਦਰਸਾਏ ਗਏ ਹਨ:






Downloaded from https:// www.studiestoday.com

Downloaded from https:// www.studiestoday.com

ਇਸ ਤਰ੍ਹਾਂ, ਦੁਰਖ਼ੀਮ ਨੇ ਕੰਮ ਦੀ ਵੰਡ ਸਮਾਜਿਕ ਤੱਥ ਦੇ ਰੂਪ ਵਿੱਚ ਕੀਤੀ ਅਤੇ ਪੁਰਾਤਨ ਸਮਾਜ ਵਿੱਚ ਵਿਅਕਤੀਆਂ ਨੂੰ ਉਪਰ ਤੇ ਲਿੰਗ ਦੇ ਅਧਾਰ ਉੱਤੇ ਆਪਣੀ ਇੱਛਾ ਨਾਲ਼ ਜਾਂ ਸ਼ਕਤੀ ਨਾਲ਼, ਇਕ ਜਾਂ ਇੱਕ ਤੋਂ ਵੱਧ ਕੰਮ ਚੁਣਨ ਦਾ ਮੌਕਾ ਦਿੰਦਾ ਹੈ ਅਤੇ ਬਾਅਦ ਵਿੱਚ ਉਦਯੋਗਿਕ ਸਮਾਜਾਂ ਵਿੱਚ ਵਿਸ਼ੇਸ਼ਤਾ ਉੱਤੇ ਅਧਾਰਤ ਕੰਮਾਂ ਉੱਤੇ ਜੋਰ ਦਿੱਤਾ ਜਾਂਦਾ ਹੈ। ਉਪਰੋਕਤ ਪੱਖਾਂ ਦੇ ਅਧਾਰ 'ਤੇ ਦੁਰਖ਼ੀਮ ਇਸ ਗੱਲ ਨੂੰ ਸਥਾਪਿਤ ਕਰਦਾ ਹੈ ਕਿ ਕੰਮ-ਵੰਡ ਲੋਕਾਂ ਦੇ ਵਿੱਚ ਇਕਜੁੱਟਤਾ ਦੇ ਅਧਾਰ ਅਤੇ ਪ੍ਰਕਿਰਤੀ ਵਿੱਚ ਪਰਿਵਰਤਨ ਨੂੰ ਪੈਦਾ ਕਰਦੀ ਹੈ। ਉਸ ਦਾ ਸਿਧਾਂਤ ਤਰਕ ਉੱਪਰ ਆਧਾਰਿਤ ਹੈ ਅਤੇ ਉਸ ਦੇ ਇਸ ਉਪਰਾਲੇ ਨੂੰ ਵਿਗਿਆਨਿਕ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਅਮਰੀਕਾ ਅਤੇ ਯੂਰਪ ਉੱਪਰ ਆਪਣੇ ਮੂਲ ਸਮਾਜਿਕ ਵਿਸ਼ਲੇਸ਼ਣ ਦੇ ਸਿਧਾਂਤ ਨਾਲ ਬਹੁਤ ਪ੍ਰਭਾਵ ਪਾਇਆ ਹੈ। ਦੁਰਖ਼ੀਮ ਦਾ ਸਮਾਜ ਨੂੰ ਬੇਲੋੜਾ ਮਹੱਤਵ ਦੇਣ ਅਤੇ ਵਿਅਕਤੀਆਂ ਦੇ ਵਿਸ਼ਾਗੱਤ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਅੱਖੋ-ਪਰੋਖੇ ਕਰਨ ਦਾ ਕਾਰਨ ਉਹ ਅਲੋਚਨਾ ਦਾ ਸ਼ਿਕਾਰ ਬਣ ਗਏ। ਖਾਸ ਕਰਕੇ ਉਦਯੋਗੀ ਸਮਾਜਾਂ ਵਿੱਚ ਵਿਅਕਤੀ ਭਿੰਨ ਪ੍ਰਕਾਰ ਦੇ ਕਿੱਤਿਆਂ ਨੂੰ ਵਿਅਕਤੀਗਤ ਤਰਜੀਹ ਦੇ ਅਨੁਸਾਰ ਚੁਣ ਸਕਦੇ ਹਨ।

## ਮੈਕਸ ਵੈਬਰ (1864-1920)



ਮੈਕਸ ਵੈਬਰ ਦਾ ਜਨਮ ਇਰਫਰਟ ਦੇ ਪਰਸ਼ੀਆ ਸ਼ਹਿਰ ਵਿੱਚ ਇੱਕ ਖੁਸ਼ਹਾਲ ਤੇ ਨਾਮੀ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਮੈਕਸ ਸੀਨਿਅਰ, ਵਪਾਰੀ ਅਤੇ ਕੱਪੜੇ ਦੇ ਉਦਯੋਗਿਕ ਵਪਾਰ ਨਾਲ਼ ਸੰਬੰਧਤ ਸਨ ਜਿਹੜੇ ਬਾਅਦ ਵਿਚ ਇਕ ਪ੍ਰਸਿੱਧ ਰਾਸ਼ਟਰੀ ਉਦਾਰਵਾਦੀ ਸੰਸਦਵਾਦੀ ਬਣ ਗਏ। ਇਸ ਪ੍ਰਕਾਰ ਮੈਕਸ ਵੈਬਰ ਦਾ ਪਾਲਣ-ਪੋਸ਼ਣ ਇਕ ਖੁਸ਼ਹਾਲ, ਮਹਾਨ ਸ਼ਹਿਰੀ ਅਤੇ ਉੱਚ ਸੱਭਿਅਕ ਪਰਿਵਾਰ ਦੇ ਵਾਤਾਵਰਨ ਵਿੱਚ ਹੋਇਆ ਸੀ ਜਿਨ੍ਹਾਂ ਦੇ ਉੱਚ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਸੰਪਰਕ ਸਨ। ਉਨ੍ਹਾਂ ਦੀ ਵਿੱਦਿਆ ਮੁੱਖ ਰੂਪ ਵਿੱਚ ਹੀਡਲਬਰਗ ਅਤੇ ਬਰਲਿਨ ਵਿਸ਼ਵ ਵਿਦਿਆਲੇ ਵਿੱਚ ਹੋਈ ਸੀ ਅਤੇ ਕਾਨੂੰਨ ਵਿੱਚ ਉਨ੍ਹਾਂ ਨੇ ਸਿਖਲਾਈ ਲਈ ਸੀ। ਥੋੜ੍ਹਾ ਚਿਰ ਕਾਨੂੰਨ ਦਾ ਅਭਿਆਸ ਕਰਨ ਉਪਰੰਤ 1894 ਵਿੱਚ ਫਰੀਬਰਗ ਯੂਨੀਵਰਸਿਟੀ ਵਿਚ ਉਨ੍ਹਾਂ ਨੇ ਪਹਿਲੀ ਨੌਕਰੀ ਕੀਤੀ ਅਤੇ ਦੋ ਸਾਲ ਬਾਅਦ ਹੀਡਲਬਰਗ ਯੂਨੀਵਰਸਿਟੀ ਵਿਚ ਹੀ ਰਾਜਨੀਤਿਕ ਅਰਥ ਸ਼ਾਸਤਰ ਦੇ ਪ੍ਰੋਫੈਸਰ ਦੇ ਪਦ ਤੇ ਨਿਯੁਕਤ ਹੋ ਗਏ। ਵਿਅਕਤੀਗਤ ਅਤੇ ਪਰਿਵਾਰਿਕ ਸਮੱਸਿਆਵਾਂ ਦੇ ਕਾਰਨ ਆਪਣੇ ਅਕਾਦਮਿਕ ਜੀਵਨ ਵਿੱਚ ਅਨੇਕ ਅੜਚਨਾਂ ਦੇ ਬਾਵਜੂਦ, ਵੈਬਰ ਨੇ ਵਿਆਪਕ ਰੂਪ ਨਾਲ਼



Downloaded from https:// www.studiestoday.com

Downloaded from https:// www.studiestoday.com

ਲਿਖਿਆ ਅਤੇ ਸਮਾਜ ਸ਼ਾਸ਼ਤਰੀ ਪਰਿਪੇਖ ਨਾਲ਼ ਸਮਾਜਿਕ ਪਰਿਵਰਤਨ ਦੀ ਪ੍ਰਕਿਰਤੀ ਅਤੇ ਸਮਾਜਿਕ ਅਸਮਾਨਤਾ ਨੂੰ ਸਮਝਣ ਵਿਚ ਯੋਗਦਾਨ ਪਾਇਆ।

## ਖਾਸ ਯੋਗਦਾਨ

### ਸਮਾਜਿਕ ਕਿਰਿਆ

ਵੈਬਰ ਨੇ ਆਪਣੀ ਲਿਖਤ ਸਮਾਜਿਕ ਕਿਰਿਆ ਨਾਲ ਆਰੰਭ ਕੀਤੀ। ਉਨ੍ਹਾਂ ਨੇ ਚਾਰ ਪ੍ਰਕਾਰ ਦੀਆਂ ਸਮਾਜਿਕ ਕਿਰਿਆਵਾਂ ਦਾ ਜ਼ਿਕਰ ਕੀਤਾ ਹੈ ਅਰਥਾਤ ਜੈਕਰੈਸ਼ਨਲ ਜਾਂ ਮੰਤਵ ਜੁਗਤੀ ਤਰਕਪੂਰਨ ਕਾਰਜ, ਵਰੈਸ਼ਨਲ ਜਾਂ ਕੀਮਤ 'ਤੇ ਅਧਾਰਿਤ ਤਰਕਪੂਰਨ ਕਾਰਜ, ਭਾਵਾਤਮਕ ਕਾਰਜ ਅਤੇ ਪ੍ਰੰਪਰਾਗਤ ਕਾਰਜ।

**1. ਜੈਕਰੈਸ਼ਨਲ ਕਿਰਿਆ :** ਇਹ ਇਕ ਇਹੋ ਜਿਹੀ ਤਾਰਕਿਕ ਕਿਰਿਆ ਹੈ, ਜਿਹੜੀ ਕਿਸੇ ਟੀਚੇ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ। ਇਸ ਕਿਰਿਆ ਵਿਚ ਕਰਤਾ ਆਪਣੇ ਉਦੇਸ਼ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਉਸ ਉਦੇਸ਼ ਨੂੰ ਪਾਉਣ ਵਾਸਤੇ ਵਿਸ਼ੇਸ਼ ਸਾਧਨਾਂ ਨੂੰ ਵੀ ਚੋਣ ਕਰਦਾ ਹੈ। ਉਦਾਹਰਨ ਦੇ ਲਈ, ਇਕ ਇੰਜੀਨਿਅਰ ਜਿਹੜਾ ਪੁੱਲ ਨਿਰਮਾਣ ਦਾ ਕੰਮ ਕਰ ਰਿਹਾ ਹੈ ਅਤੇ ਇੱਕ ਵਿਦਿਆਰਥੀ ਜਿਹੜਾ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹੈ। ਇਹ ਉਹ ਕਿਰਿਆਵਾਂ ਹਨ, ਜਿਹੜੀਆਂ ਯੋਜਨਾਬੱਧ ਹੁੰਦੀਆਂ ਹਨ ਅਤੇ ਉਦੇਸ਼ ਦਾ ਮੁਲਾਂਕਣ ਕਰਨ ਤੋਂ ਬਾਅਦ ਕੀਤੀਆਂ ਜਾਂਦੀਆਂ ਹਨ ਅਤੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਭਿੰਨ ਪ੍ਰਕਾਰ ਦੇ ਸਾਧਨਾਂ ਅਤੇ ਪਰਿਣਾਮਾਂ ਨੂੰ ਧਿਆਨ ਵਿਚ ਰੱਖ ਕੇ ਕੀਤੀਆਂ ਜਾਂਦੀਆਂ ਹਨ। ਇਹਨਾਂ ਨੂੰ ਮੰਤਵ-ਜੁਗਤੀ ਕਿਰਿਆਵਾਂ ਵੀ ਕਿਹਾ ਜਾਂਦਾ ਹੈ।

**2. ਵਰੈਸ਼ਨਲ ਕਿਰਿਆ :** ਇਹ ਉਹ ਕਿਰਿਆ ਹੈ, ਜਿਸ ਵਿਚ ਤਰਕ ਕਦਰਾਂ-ਕੀਮਤਾਂ ਦੇ ਸੰਦਰਭ ਵਿਚ ਹੁੰਦਾ ਹੈ। ਜਿਵੇਂ ਕਿ ਇਕ ਸੂਰਵੀਰ ਕੈਪਟਨ ਆਪਣੇ ਜਹਾਜ਼ ਦੇ ਡੁੱਬਣ ਨਾਲ ਹੀ ਡੁੱਬ ਜਾਂਦਾ ਹੈ। ਉਸਦੀ ਇਹ ਕਿਰਿਆ ਤਰਕ 'ਤੇ ਅਧਾਰਿਤ ਹੈ ਇਸ ਲਈ ਨਹੀਂ ਹੈ ਕਿ ਉਹ ਕੋਈ ਬਾਹਰੀ ਉਦੇਸ਼ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਸਗੋਂ ਉਹ ਅਜਿਹਾ ਇਸ ਲਈ ਕਰਦਾ ਹੈ ਕਿ ਡੁੱਬਦੇ ਹੋਏ ਜਹਾਜ਼ ਨੂੰ ਨਾ ਬਚਾਅ ਸਕਣਾ ਉਸ ਲਈ ਸ਼ਰਮ ਦੀ ਗੱਲ ਹੈ।



ਇਮਤਿਹਾਨਾਂ ਲਈ ਪੜ੍ਹਾਈ

(ਜ਼ੈਕਰੈਸ਼ਨਲ ਕਿਰਿਆ)




ਕੈਪਟਨ ਦਾ ਜਹਾਜ ਤੋਂ ਉੱਤਰਨਾ

(ਵੈਰੈਸ਼ਨਲ ਕਿਰਿਆ)



Downloaded from https:// www.studiestoday.com

Downloaded from https:// www.studiestoday.com



ਮਾਂ ਦੀ ਗੋਦ ਵਿੱਚ ਬੱਚਾ

(ਭਾਵਨਾਤਮਕ ਕਿਰਿਆ)



ਨਿੱਤ ਨੇਮ ਕਰਨਾ

(ਪ੍ਰੰਪਰਾਗਤ ਕਿਰਿਆ)

3. **ਭਾਵਨਾਤਮਕ ਕਿਰਿਆ** :ਇਹ ਕਿਰਿਆ ਕਿਸੇ ਵੀ ਐਕਟਰ ਦੀ ਭਾਵਨਾਤਮਕ ਅਤੇ ਮੰਨ ਦੀ ਦਸ਼ਾ 'ਤੇ ਨਿਰਧਾਰਿਤ ਹੁੰਦੀ ਹੈ। ਇਹ ਕਿਰਿਆ ਜ਼ੈਕਰੈਸ਼ਨਲ ਵਾਂਗ ਉਦੇਸ਼ਿਤ ਅਤੇ ਵਰੈਸ਼ਨਲ ਵਾਂਗ ਕਦਰਾਂ-ਕੀਮਤਾਂ 'ਤੇ ਅਧਾਰਿਤ ਨਹੀਂ ਹੁੰਦੀ। ਬਲਕਿ ਇਹ ਤਾਂ ਕਿਸੇ ਵੀ ਐਕਟਰ ਦੀਆਂ ਭਾਵਨਾਤਮਕ ਪ੍ਰਕਿਰਿਆਵਾਂ 'ਤੇ ਅਧਾਰਿਤ ਹੁੰਦੀ ਹੈ। ਇਸਦੀ ਉਦਾਹਰਨ ਇਕ ਮਾਂ ਦਾ ਆਪਣੇ ਬੱਚੇ ਨੂੰ ਥਪੜ ਮਾਰਨਾ ਹੈ ਜਦੋਂ ਉਹ ਗ਼ਲਤ ਵਿਵਹਾਰ ਕਰਦਾ ਹੈ।

4. **ਪ੍ਰੰਪਰਾਗਤ ਕਿਰਿਆ** : ਇਹ ਕਿਰਿਆ ਵਿਸ਼ਵਾਸ ਅਤੇ ਰੀਤੀ ਰਿਵਾਜ, ਜਿਹੜੇ ਕਿ ਆਦਤ ਬਣ ਜਾਂਦੇ ਹਨ, ਉਨ੍ਹਾਂ ਨੂੰ ਦਰਸਾਉਂਦੀ ਹੈ। ਇਸ ਵਿਚ ਇਕ ਵਿਅਕਤੀ ਉਹ ਕਾਰਜ ਕਰਦਾ ਹੈ, ਜਿਸ ਵਿਚ ਰੀਤੀ ਰਿਵਾਜਾਂ ਜਾਂ ਰਵਾਇਤਾਂ ਦਾ ਧਿਆਨ ਰੱਖਿਆ ਜਾਵੇ ਅਤੇ ਉਸਦੀ ਸ਼ਖ਼ਸੀਅਤ ਜਿਸ ਤਰ੍ਹਾਂ ਨਾਲ਼ ਨਿਖਾਰੀ ਜਾਂਦੀ ਹੈ। ਇਸਦੀ ਉਦਾਹਰਨ ਇਹ ਹੋ ਸਕਦੀ ਹੈ ਕਿ ਮੈਂਬਰਾਂ ਦਾ ਵਿਵਹਾਰ ਇਕ ਧਾਰਮਿਕ ਸਮੂਹ ਵਿਚ ਲੰਬੇ ਸਮੇਂ ਤੱਕ ਚੱਲਣ ਵਾਲ਼ੀਆਂ ਰਸਮਾਂ ਨਾਲ਼ ਹੈ।

## ਸੱਤਾ ਦੀਆਂ ਕਿਸਮਾਂ

ਵੈਬਰ ਆਣੀਆਂ ਕਿਰਿਆਵਾਂ ਦੀਆਂ ਕਿਸਮਾਂ ਨੂੰ ਸੱਤਾ ਦੀਆਂ ਕਿਸਮਾਂ ਨਾਲ਼ ਜੋੜਨ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਨੂੰ ਉਹ ਸ਼ਕਤੀ ਨਾਲ਼ੋਂ ਵੱਖਿਆਉਂਦਾ ਹੈ। ਸ਼ਕਤੀ ਦੀ ਵਰਤੋਂ ਤਾਕਤ ਜਾਂ ਹਿੰਸਾ ਰਾਹੀਂ ਕੀਤੀ ਜਾ ਸਕਦੀ ਹੈ। ਇਸ ਦੇ ਉਲਟ ਸੱਤਾ ਅਧੀਨ ਸਮੂਹਾਂ ਵੱਲੋਂ ਉੱਚ ਦਰਜੇ ਦੇ ਸਮੂਹਾਂ ਨੂੰ ਸ਼ਕਤੀ ਦੀ ਵਰਤੋਂ ਕਰਨ ਦੀ ਸਹਿਮਤੀ ਨਾਲ਼ ਜੁੜੀ ਹੈ। ਵੈਬਰ ਸੱਤਾ ਨੂੰ ਇਕ ਵਿਸ਼ੇਸ਼ ਸਮੂਹ ਦੇ ਲੋਕਾਂ ਵੱਲੋਂ ਆਦੇਸ਼ਾਂ ਨੂੰ ਮੰਨਣ ਦੀ ਇਕ ਕਿਰਿਆ ਵਜੋਂ ਪਰਿਭਾਸ਼ਤ ਕਰਦਾ ਹੈ। ਵਿਧਾਨਕ ਸੱਤਾ ਉਹ



Downloaded from https:// www.studiestoday.com

Downloaded from https:// www.studiestoday.com

ਸੱਤਾ ਹੁੰਦੀ ਹੈ ਜਿਸ ਨੂੰ ਰਾਜਾ ਅਤੇ ਪਰਜਾ ਦੋਵੇਂ ਪ੍ਰਵਾਨ ਕਰਦੇ ਹਨ। ਉਹ ਸੱਤਾ ਦੀਆਂ ਨਿਮਨਲਿਖਤ ਤਿੰਨ ਕਿਸਮਾਂ ਦੀ ਵਿਆਖਿਆ ਕਰਦਾ ਹੈ:

1. **ਤਾਰਕਿਕ-ਕਾਨੂੰਨੀ ਸੱਤਾ:** ਸੱਤਾ ਦੀ ਇਹ ਕਿਸਮ ਤਾਰਕਿਕ ਧਰਾਤਲ 'ਤੇ ਅਧਾਰਿਤ ਹੁੰਦੀ ਹੈ ਅਤੇ ਕਾਨੂੰਨ, ਨਿਯਮਾਂ ਅਤੇ ਵਿਨਿਯਮਾਂ ਰਾਹੀਂ ਉੱਚਿਤ ਮੰਨੀ ਜਾਂਦੀ ਹੈ। ਇਸ ਦੀਆਂ ਜੜ੍ਹਾਂ ਅਵਿਅਕਤੀਗਤ ਨਿਯਮਾਂ ਵਿੱਚ ਹੁੰਦੀਆਂ ਹਨ ਜਿਹੜੇ ਵਿਧਾਨਿਕ ਰੂਪ ਨਾਲ਼ ਲਾਗੂ ਹੁੰਦੇ ਹਨ ਅਤੇ ਇਕਰਾਰਨਾਮੇ ਅਨੁਸਾਰ ਸਥਾਪਿਤ ਹੁੰਦੇ ਹਨ। ਤਰਕ-ਕਾਨੂੰਨੀ ਸੱਤਾ ਨੇ ਆਧੁਨਿਕ ਸਮਾਜ ਦੇ ਸੰਸਤਰਨ ਸੰਬੰਧਾਂ ਵਿੱਚ ਤੇਜ਼ੀ ਨਾਲ਼ ਵਾਧਾ ਕੀਤਾ ਹੈ। ਤਾਰਕਿਕ ਕਾਨੂੰਨੀ ਸੱਤਾ ਨਿਯਮਾਂ ਦੇ ਵਿਧਾਨਕ ਹੋਣ ਵਿੱਚ ਵਿਸ਼ਵਾਸ ਰੱਖਦੇ ਹੈ ਅਤੇ ਸੱਤਾ ਅਧਿਕਾਰੀ ਹੁਕਮ ਦੇਣ ਦੇ ਸਮਰੱਥ ਹੁੰਦੇ ਹਨ।

2. **ਰਵਾਇਤੀ ਸੱਤਾ :** ਸੱਤਾ ਦੀ ਇਹ ਕਿਸਮ ਭੂਤਕਾਲ਼ ਦੀਆਂ ਰੀਤਾਂ ਅਤੇ ਪ੍ਰੰਪਰਾਵਾਂ ਦੀ ਸ਼ਰੇਸ਼ਟਤਾ 'ਤੇ ਅਧਾਰਿਤ ਹੁੰਦੀ ਹੈ। ਇਏ ਆਮ ਤੌਰ ਤੇ ਪੂਰਵ-ਆਧੁਨਿਕ ਸਮਾਜਾਂ ਵਿੱਚ ਪਾਈ ਜਾਂਦੀ ਹੈ। ਰਵਾਇਤੀ ਸੱਤਾ ਪ੍ਰੰਪਰਾਵਾਂ ਦੀ ਪ੍ਰਮਾਣਿਕਤਾ ਅਤੇ ਪਵਿੱਤਰਤਾ ਵਿੱਚ ਵਿਸ਼ਵਾਸ ਰੱਖਦੀ ਹੈ। ਇਸ ਸੱਤਾ ਨੂੰ ਉਹ ਲੋਕ ਵਰਤਦੇ ਹਨ ਜਿਨ੍ਹਾਂ ਨੂੰ ਇਹ ਜੱਦੀ-ਪੁਸ਼ਤੀ ਮਿਲ਼ਦੀ ਹੈ। ਜਿਵੇਂ ਰਾਜਾਸ਼ਾਹੀ। ਸਧਾਰਨ ਸ਼ਬਦਾਂ ਵਿੱਚ ਰਵਾਇਤੀ ਸੱਤਾ ਦੀ ਪ੍ਰਮਾਣਿਕਤਾ ਭੂਤਕਾਲ਼ ਦੀਆਂ ਪ੍ਰੰਪਰਾਵਾਂ ਦੀ ਪਵਿੱਤਰਤਾ ਵਿੱਚ ਸਥਾਪਿਤ ਵਿਸ਼ਵਾਸ ਅਤੇ ਇਹਨਾਂ ਦੇ ਅਧਾਰ 'ਤੇ ਸੱਤਾਧਾਰੀ ਦੀ ਪ੍ਰਮਾਣਿਕਤਾ ਉਪਰ ਨਿਰਭਰ ਕਰਦੀ ਹੈ।

3. **ਕ੍ਰਿਸ਼ਮਈ ਸੱਤਾ :** ਸੱਤਾ ਦੀ ਇਹ ਕਿਸਮ ਵਿਅਕਤੀ ਦੇ ਆਦਰਸ਼ਾਂ ਜਾਂ ਪਵਿੱਤਰ ਗੁਣਾਂ ਸੰਬੰਧੀ ਬੰਧੇਜ ਅਤੇ ਉਸ ਵੱਲੋਂ ਸਥਾਪਿਤ ਵਿਵਸਥਾ 'ਤੇ ਅਧਾਰਿਤ ਹੁੰਦੀ ਹੈ। ਉਦਾਹਰਨ ਲਈ ਮਹਾਤਮਾ ਗਾਂਧੀ ਵੱਲੋਂ ਵਰਤੀ ਗਈ ਸੱਤਾ ਨੂੰ ਕ੍ਰਿਸ਼ਮਈ ਸੱਤਾ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਦੀ ਸੱਤਾ ਨਾ ਹੀ ਨਿਯਮਾਂ ਦੀ ਤਾਰਕਿਕਤਾ ਅਤੇ ਨਾ ਹੀ ਲੰਮੇ ਸਮੇਂ ਦੀਆਂ ਪ੍ਰੰਪਰਾਵਾਂ 'ਤੇ ਅਧਾਰਿਤ ਹੁੰਦੀ ਹੈ ਸਗੋਂ ਕਿਸੇ ਵਿਅਕਤੀ ਦਾ ਦੂਸਰੇ ਵਿਅਕਤੀਆਂ ਲਈ ਸਮਰਪਣ ਜਿਹੜਾ ਉਹਨਾਂ ਨੂੰ ਚਰਿੱਤਰ, ਗੁਣਾਂ ਅਤੇ ਇਮਾਨਦਾਰੀ ਦੇ ਅਧਾਰ 'ਤੇ ਪ੍ਰਭਾਵਿਤ ਕਰਦਾ ਹੈ, ਵਿੱਚ ਹੁੰਦੀ ਹੈ। ਕ੍ਰਿਸ਼ਮਈ ਸੱਤਾ ਨੇਤਾਵਾਂ ਵੱਲੋਂ ਕੀਤੀ ਗਈ ਅਪੀਲ, ਜਿਹੜੇ ਉਹ ਆਪਣੀ ਅਸਧਾਰਨ ਯੋਗਤਾ- ਨੈਤਿਕਤਾ, ਨਾਇਕਤਵ ਜਾਂ ਧਰਮ ਦਾ ਦਾਅਵਾ ਕਰਦੇ ਹਨ 'ਤੇ ਨਿਰਭਰ ਕਰਦੀ ਹੈ।

## ਧਰਮ ਦਾ ਸਮਾਜ ਸ਼ਾਸਤਰ

'ਪ੍ਰੋਟੈਸਟੈਂਟ ਏਥਿਕਸ ਐਂਡ ਦ ਸਪਿਰਿਟ ਆਫ ਕੈਪਟਿਲਿਜ਼ਮ' ਨਾਮਕ ਵੈਬਰ ਦਾ ਲੇਖ ਧਰਮ ਦੇ ਸਮਾਜ ਸ਼ਾਸਤਰ ਦੇ ਖੇਤਰ ਵਿੱਚ ਇੱਕ ਉੱਚ ਦਰਜੇ ਦਾ ਅਧਿਐਨ ਮੰਨਿਆ ਜਾਂਦਾ ਹੈ। ਇਸ ਕਾਰਜ ਵਿੱਚ ਵੈਬਰ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਾਰਲ ਮਾਰਕਸ ਦਾ ਇਹ ਵਿਚਾਰ ਹੈ ਕਿ ਆਰਥਿਕ



Downloaded from https:// www.studiestoday.com

Downloaded from https:// www.studiestoday.com

ਕਾਰਕ ਸਾਰੀਆਂ ਸਮਾਜਿਕ ਘਟਨਾਵਾਂ ਦਾ ਨਿਰਧਾਰਕ ਕਾਰਕ ਹੈ, ਇਹ ਗਲਤ ਹੈ। ਇਸ ਪੁਸਤਕ ਵਿਚ ਵੈਬਰ ਧਾਰਮਿਕ ਕਦਰਾਂ ਕੀਮਤਾਂ ਅਤੇ ਆਰਥਿਕ ਹਿੱਤਾਂ ਦੇ ਵਿਚ ਸੰਬੰਧਾਂ ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਇਹ ਜਾਨਣ ਦੀ ਕੋਸ਼ਿਸ ਕਰ ਰਹੇ ਸੀ ਕਿ 'ਕੀ ਪ੍ਰੋਟੈਸਟੈਂਟ ਧਰਮ ਦੀ ਮਰਿਯਾਦਾ ਅਤੇ ਪੂੰਜੀਵਾਦੀ ਦੇ ਮੂਲ ਤੱਤਾਂ ਵਿਚ ਕੋਈ ਜ਼ਰੂਰੀ ਸੰਬੰਧ ਹੈ। ਵੈਬਰ ਇਹ ਤਰਕ ਦਿੰਦੇ ਹਨ ਕਿ ਕਾਲਵਿਨਵਾਦੀ (ਕਾਲਵਿਨ ਦੇ ਪੈਰੋਕਾਰ) ਪ੍ਰੋਟੈਸਟੈਂਟ ਸਮੂਹਾਂ ਦੇ ਧਾਰਮਿਕ ਵਿਚਾਰਾਂ ਨੇ ਪੂੰਜੀਵਾਦੀ ਪ੍ਰਣਾਲੀ ਨੂੰ ਨਿਯਮਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਵੈਬਰ ਕਹਿੰਦਾ ਹੈ ਕਿ ਆਧੁਨਿਕ ਪੂੰਜੀਵਾਦ ਲਾਭ ਨੂੰ ਆਰਥਿਕ ਗਤੀਵਿਧੀ ਦੇ ਇਕ ਜ਼ਰੂਰੀ ਤੱਤ ਦੇ ਰੂਪ ਵਿੱਚ ਦੇਖਦਾ ਹੈ, ਅਤੇ ਲਾਭ ਪ੍ਰਾਪਤ ਕਰਨ ਨੂੰ ਚੰਗਾ ਗੁਣ ਮੰਨਦਾ ਹੈ। ਪੂੰਜੀਵਾਦ ਦੇ ਸੋਚ ਨੂੰ ਪਰਿਭਾਸ਼ਿਤ ਕਰਨ ਤੋਂ ਬਾਅਦ, ਵੈਬਰ ਦਾ ਉਦੇਸ਼ ਇਸ ਸੋਚ ਦੇ ਸਰੋਤ ਨੂੰ ਸਮਝਣਾ ਹੈ ਅਤੇ ਉਹ ਇਸਦੀ ਵਿਆਖਿਆ ਦੇ ਲਈ ਪ੍ਰੋਟੈਸਟੈਂਟ ਵਾਦ ਵੱਲ ਮੁੜਦਾ ਹੈ। ਪ੍ਰੋਟੈਸਟੈਂਟਵਾਦ 'ਰੱਬੀ ਰਜ਼ਾ' ਦੀ ਧਾਰਨਾ ਨੂੰ ਪ੍ਰਸਤੁੱਤ ਕਰਦਾ ਹੈ, ਜਿਹੜੀ ਇਸ ਸੰਸਾਰਕ ਗਤੀਵਿਧੀ ਨੂੰ ਇਕ ਧਾਰਮਿਕ ਚਿੱਤਰ ਪ੍ਰਦਾਨ ਕਰਦੀ ਹੈ। ਉਸ ਦਾ ਕਹਿਣਾ ਸੀ ਕਿ ਨਵੇਂ ਪ੍ਰੋਟੈਸਟੈਂਟ ਧਰਮ ਦੇ ਅਨੁਸਾਰ ਵਿਅਕਤੀ ਸੰਸਾਰਕ ਕਿੱਤਿਆਂ ਨੂੰ ਆਪਣੇ ਹਿੱਤ ਵਿੱਚ ਕਰਨ ਲਈ ਧਾਰਮਿਕ ਤੌਰ 'ਤੇ ਬੱਝਾ ਹੋਇਆ ਹੈ। ਇੱਕ ਵਿਅਕਤੀ ਇਸ ਸੰਸਾਰਕ ਦ੍ਰਿਸ਼ਟੀ ਨਾਲ਼ ਜਿਊ ਰਿਹਾ ਹੈ ਉਹ ਧਨ ਪ੍ਰਾਪਤੀ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਤੋਂ ਨਵੇਂ ਧਰਮ ਨੇ ਸੁੱਖ-ਸਾਧਨਾਂ, ਦਾਨ ਜਾਂ ਉਦਾਰਤਾ ਉੱਤੇ ਪਾਬੰਧੀ ਲਗਾਈ ਹੈ ਉਸ ਕੋਲ਼ ਇਕੋ ਚੋਣ ਰਿਹ ਗਈ ਹੈ ਕਿ ਅਗਲੀਆਂ ਆਰਥਿਕ ਕਿਰਿਆਵਾਂ ਲਈ ਉਹ ਪੈਸੇ ਦਾ ਨਿਵੇਸ਼ ਕਰੇ। ਇਸ ਦਾ ਨਾਮ ਹੀ ਪੂੰਜੀਵਾਦ ਹੈ। ਧਾਰਮਿਕ ਕੀਮਤਾਂ ਦੇ ਇਸ ਵਿਲੱਖਣ ਸੰਯੋਜਨ ਨੇ ਪ੍ਰੋਟੈਸਟੈਂਟ ਨੈਤਿਕਤਾ ਜਿਵੇਂ ਧਨ ਇਕੱਠਾ ਕਰਨ ਦਾ ਅਸੀਮਤ ਪ੍ਰਚਲਨ ਅਤੇ ਖੁਸ਼ੀਆਂ ਤੋਂ ਲਾਂਭੇ ਹੋਣ ਨਾਲ਼ ਪੂੰਜੀਵਾਦ ਨੂੰ ਹੁੰਗਾਰਾ ਮਿਲ਼ਨਾ, ਨੂੰ ਸਥਾਪਿਤ ਕੀਤਾ।

ਵੈਬਰ ਇਹ ਦਲੀਲ਼ ਨਹੀਂ ਦਿੰਦਾ ਕਿ ਪ੍ਰੋਟੈਸਟੈਂਟਵਾਦ ਪੂੰਜੀਵਾਦੀ ਸੋਚ ਦਾ ਮੂਲ ਕਾਰਨ ਸੀ ਪਰ ਫਿਰ ਵੀ ਇਹ ਉਸਦੇ ਮਹੱਤਵਪੂਰਨ ਕਾਰਕਾਂ ਵਿਚੋਂ ਇੱਕ ਸੀ। ਉਹ ਇਹ ਵੀ ਮੰਨਦਾ ਹੈ ਕਿ ਪੂੰਜੀਵਾਦ ਖ਼ੁੱਦ ਧਾਰਮਿਕ ਵਿਚਾਰਾਂ ਦੇ ਵਿਕਾਸ ਤੇ ਪ੍ਰਭਾਵ ਪਾਉਂਦਾ ਹੈ।

ਉਸ ਦੇ ਸਮਾਜਿਕ ਕਿਰਿਆ ਨਾਲ ਸੰਬੰਧਿਤ ਪ੍ਰਸਿੱਧ ਵਿਚਾਰਾਂ - ਸੱਤਾ, ਪੂੰਜੀਵਾਦ ਅਤੇ ਧਰਮ ਤੋਂ ਅਲੱਗ ਹੋਣ ਤੋਂ ਬਾਅਦ ਵੈਬਰ ਨੇ ਅਨੇਕ ਵਿਸ਼ਿਆਂ 'ਤੇ ਜਿਵੇਂ ਨੌਕਰਸ਼ਾਹੀ, ਸਮਾਜਿਕ ਸਤਰੀਕਰਨ ਅਤੇ ਸਿਧਾਂਤਕ ਵਿਸ਼ਿਆਂ ਜਿਵੇਂ ਆਦਰਸ਼ ਕਿਸਮਾਂ ਅਤੇ ਵਰਸਥੈਨ ਆਦਿ ਬਾਰੇ ਲਿਖਿਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੈਬਰ ਦਾ ਲੇਖਣ ਕੇਵਲ ਆਧੁਨਿਕ ਸਮਾਜ ਸ਼ਾਸਤਰ ਦਾ ਆਧਾਰ ਨਿਯਮਤ ਕਰਨ ਵਿਚ ਹੀ ਸਹਾਇਤਾ ਨਹੀਂ ਕਰਦਾ ਸਗੋਂ ਉਸਦਾ ਪ੍ਰਭਾਵ ਰਾਜਨੀਤੀ, ਧਰਮ ਅਤੇ ਅਰਥ ਵਿਵਸਥਾ ਉੱਤੇ ਵੀ ਦੇਖਿਆ ਜਾ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

**ਅਭਿਆਸ-4**

1. ਨੌਕਰਸ਼ਾਹੀ 'ਤੇ ਵੈਬਰ ਦੇ ਵਿਚਾਰਾਂ ਨੂੰ ਪੜ੍ਹੋ ਅਤੇ ਨੌਕਰਸ਼ਾਹੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੀ ਇੱਕ ਸੂਚੀ ਬਣਾਓ।
2. ਆਪਣੇ ਆਸ-ਪਾਸ ਹੋਣ ਵਾਲ਼ੀਆਂ ਘਟਨਾਵਾਂ ਅਤੇ ਮੌਜੂਦ ਸੰਗਠਨਾਂ ਦੇ ਆਧਾਰ ਤੇ ਸੱਤਾ ਦੀਆਂ ਤਿੰਨ ਕਿਸਮਾਂ ਦਾ ਉਦਾਹਰਨ ਦਿਓ।
3. ਪੂੰਜੀਵਾਦ ਤੇ ਮਾਰਕਸ, ਦੁਰਖ਼ੀਮ ਅਤੇ ਵੈਬਰ ਦੇ ਵਿਚਾਰਾਂ ਦੀ ਤੁਲਨਾ ਕਰੋ।

## ਸਿੱਟਾ

ਅਗਸਤ ਕਾਮਤੇ, ਕਾਰਲ ਮਾਰਕਸ, ਇਮਾਈਲ ਦੁਰਖ਼ੀਮ ਅਤੇ ਮੈਕਸ ਵੈਬਰ ਇਹੋ ਜਿਹੇ ਚਾਰ ਵਿਚਾਰਕ ਹਨ, ਜਿਨ੍ਹਾਂ ਨੂੰ ਸਮਾਜ ਸ਼ਾਸਤਰ ਵਿਚ ਮਾਰਗ ਦਰਸ਼ਕ ਹੋਣ ਦਾ ਨਾਮ ਦਿੱਤਾ ਜਾਂਦਾ ਹੈ। ਅਗਸਤੇ ਕਾਮਤੇ ਨੇ ਪ੍ਰਤੱਖਵਾਦ ਦਾ ਵਿਚਾਰ ਦਿੱਤਾ ਹੈ ਅਤੇ ਸਮਾਜ ਸ਼ਾਸਤਰ ਦੇ ਅਨੁਸ਼ਾਸਨ ਨੂੰ ਪੈਦਾ ਕਰਕੇ ਨਿਰੰਤਰਤਾ ਵਿੱਚ ਲਿਆਂਦਾ । ਕਾਰਲ ਮਾਰਕਸ ਦੇ ਵਿਚਾਰਾਂ ਨੇ ਦੇਸ਼ ਭਰ ਵਿਚ ਸਮਾਜਵਾਦੀ ਕ੍ਰਾਂਤੀ ਲਿਆਂਦੀ ਹੈ। ਇਮਾਈਲ ਦੁਰਖ਼ੀਮ ਨੂੰ ਸਮਾਜ ਸ਼ਾਸ਼ਤਰ ਦਾ ਪਹਿਲਾ ਪ੍ਰੋਫੈਸਰ ਮੰਨਿਆ ਅਤੇ ਉਨ੍ਹਾਂ ਨੇ ਸਮਾਜ ਸ਼ਾਸਤਰ ਨੂੰ ਅਧਿਐਨ ਕਰਨ ਦੇ ਨਿਯਮ ਬਣਾਏ। ਵੈਬਰ ਦੇ ਪੱਛਮੀ ਸਮਾਜਾਂ ਦੇ ਇਤਿਹਾਸ ਦੇ ਵਿਸ਼ਲੇਸ਼ਣ ਤੋਂ ਜਾਣੂ ਕਰਵਾਇਆ ਅਤੇ ਪੱਛਮੀ ਸੰਸਥਾਵਾਂ, ਜਿਸ ਵਿਚ ਅਰਥ ਵਿਵਸਥਾ, ਰਾਜਨੀਤੀ, ਧਰਮ, ਪਰਿਵਾਰ, ਸਤਰੀਕਰਨ ਵਿਵਸਥਾ ਅਤੇ ਸੰਗੀਤ ਸ਼ਾਮਿਲ ਹਨ।

## ਸ਼ਬਦਾਵਲੀ

**ਸੱਤਾ** — ਇਹ ਸ਼ਕਤੀ ਦਾ ਇੱਕ ਵਿਸ਼ੇਸ਼ ਰੂਪ ਹੈ, ਜਿਸ ਨੂੰ ਸਮਾਜਿਕ ਵਿਵਸਥਾ ਦੇ ਪਰਿਮਾਪਾਂ ਦੁਆਰਾ ਸਮਰਥਨ ਪ੍ਰਾਪਤ ਹੁੰਦਾ ਹੈ ਅਤੇ ਜਿਹੜੇ ਇਸ ਵਿੱਚ ਹਿੱਸਾ ਲੈਂਦੇ ਹਨ, ਉਨ੍ਹਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

**ਜੀਵਨ ਵਿਧੀ** — ਇਹ ਇਕ ਧਾਰਮਿਕ ਧਾਰਨਾ ਹੈ। ਇਹ ਈਸ਼ਵਰ ਦੁਆਰਾ ਨਿਰਧਾਰਿਤ ਇਕ ਕਾਰਜ ਹੈ ਅਕਸਰ ਇਸਦਾ ਪ੍ਰਯੋਗ ਕਿਸੀ ਵੀ ਸੰਸਾਰਿਕ ਗੀਤਵਿਧੀ ਨਾਲ ਸੰਬੰਧਿਤ ਹੁੰਦਾ ਹੈ ਅਤੇ ਇਸਦਾ ਧਾਰਮਿਕ ਮਹੱਤਵ ਹੈ।

**ਵਰਗ** — ਵਿਅਕਤੀਆਂ ਦਾ ਇੱਕ ਸਮੂਹ ਹੈ, ਜਿਸ ਵਿਚ ਉਤਪਾਦਨ ਦੇ ਸਾਧਨਾਂ ਨਾਲ਼ ਸਮਾਨ ਸੰਬੰਧ ਹੁੰਦੇ ਹਨ।



Downloaded from https:// www.studiestoday.com

Downloaded from https:// www.studiestoday.com

| | |
|---|---|
| **ਵਰਗ ਚੇਤਨਾ** | ਇੱਕ ਵਰਗ ਦੇ ਮੈਂਬਰਾਂ ਦੇ ਵਿਚ ਆਪਣੇ ਸਮਾਨ ਹਿੱਤਾਂ ਦੀ ਪ੍ਰਤੀ ਜਾਗਰੂਕਤਾ। |
| **ਵਰਗ ਸੰਘਰਸ਼** | ਗ਼ੈਰ-ਸੰਪਤੀ ਵਰਗਾਂ ਦੇ ਵਿਚ ਆਪਣੇ ਹਿੱਤਾਂ ਦਾ ਸੰਘਰਸ਼ ਹੁੰਦਾ ਹੈ। ਹਿੱਤਾਂ ਦਾ ਇਹ ਸੰਘਰਸ਼ ਦੋ ਵਰਗਾਂ ਦੇ ਵਿਚ ਵਰਗ ਸੰਘਰਸ਼ ਉਤਪੰਨ ਕਰਦਾ ਹੈ। ਭਾਵੇਂ ਕਿ ਵਰਗ-ਸੰਘਰਸ਼ ਉੱਦੋਂ ਹੋਰ ਵੱਧ ਜਾਂਦਾ ਹੈ ਜਦੋਂ ਲੋਕਾਂ ਵਿਚ ਵਰਗ ਚੇਤਨਾ ਉਤਪੰਨ ਹੁੰਦੀ ਹੈ। |
| **ਤੱਥ** | ਜੋ ਕੁੱਝ ਵੀ ਵਜੂਦ ਵਿਚ ਹੈ ਅਤੇ ਜਿਸ ਦੀ ਜਾਂਚ ਕੀਤੀ ਜਾ ਸਕਦੀ ਹੈ, ਉਹ ਤੱਥ ਕਹਾਉਂਦੀ ਹੈ। |
| **ਇਤਿਹਾਸਿਕ ਭੌਤਿਕਵਾਦ** | ਇਤਿਹਾਸ ਨੂੰ ਸਮਝਣ ਦੇ ਲਈ ਲੋਕਾਂ ਦੇ ਸੰਬੰਧਾਂ ਨੂੰ ਉਤਪਾਦਨ ਦੇ ਸਾਧਨਾਂ ਦੇ ਸੰਦਰਭ ਵਿਚ ਸਮਝਣਾ ਪਏਗਾ। |
| **ਯਾਂਤ੍ਰਿਕ ਏਕਤਾ** | ਇਕ ਸਮਾਜ ਦੇ ਮੈਂਬਰਾਂ ਦੇ ਵਿਚ ਸਮਾਨਤਾ ਦੇ ਆਧਾਰ 'ਤੇ ਏਕਤਾ ਦੀ ਭਾਵਨਾ ਹੁੰਦੀ ਹੈ। |
| **ਆਂਗਿਕ ਏਕਤਾ** | ਅੰਤਰ-ਨਿਰਭਰਤਾ ਤੇ ਅਧਾਰਿਤ ਏਕਤਾ ਦੀ ਭਾਵਨਾ ਦਾ ਹੋਣਾ। |
| **ਪ੍ਰਤੱਖਵਾਦ** | ਇਸ ਵਿਚ, ਇਹ ਮੰਨਿਆ ਜਾਂਦਾ ਹੈ ਕਿ ਸਮਾਜ ਦਾ ਸੰਚਾਲਨ ਕੁਝ ਨਿਸ਼ਚਿਤ ਨਿਯਮਾਂ ਦੇ ਅਧਾਰ 'ਤੇ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਖੋਜਿਆ ਜਾ ਸਕਦਾ ਹੈ। |
| **ਤਰਕਸ਼ੀਲਤਾ** | ਤੱਥਾਂ ਜਾਂ ਤਰਕ ਦੇ ਅਧਾਰ 'ਤੇ ਤਰਕ ਸੰਗਤ ਹੋਣ ਦਾ ਗੁਣ ਜਾਂ ਸਥਿਤੀ ਹੈ। |
| **ਸਮਾਜਿਕ ਕਿਰਿਆ** | ਇਹ ਇਕ ਕਿਰਿਆ ਹੈ, ਜਿਹੜੀ ਵਿਅਕਤੀਆਂ ਦੁਆਰਾ ਕੀਤੀਆਂ ਗਈਆਂ ਕਿਰਿਆਵਾਂ ਅਤੇ ਪ੍ਰਤੀਕਿਰਿਆਵਾਂ ਦੇ ਦੁਆਰਾ ਵਜੂਦ ਵਿਚ ਆਉਂਦੀਆਂ ਹਨ। ਇਹ ਸਮਾਜਿਕ ਹੁੰਦੀ ਹੈ ਅਤੇ ਵਿਅਕਤੀ ਇਸ ਕ੍ਰਿਆ ਨੂੰ ਦੂਸਰਿਆਂ ਨਾਲ਼ ਵਿਵਹਾਰ ਦੇ ਸੰਦਰਭ ਵਿੱਚ ਕਰਦਾ ਹੈ। |



Downloaded from https:// www.studiestoday.com

Downloaded from https:// www.studiestoday.com

## ਅਭਿਆਸ

**ਹੇਠ ਲਿਖਿਆਂ ਦੇ ਉੱਤਰ ਬਹੁਤ ਛੋਟੇ ਉੱਤਰਾਂ ਵਿੱਚ 1-15 ਸ਼ਬਦਾਂ ਵਿੱਚ ਦਿਓ।**

1. ਇਕ ਅਕਾਦਮਿਕ ਅਨੁਸ਼ਾਸਨ ਦੇ ਰੂਪ ਵਿੱਚ ਸਮਾਜ ਦਾ ਰਸਮੀ ਅਧਿਐਨ ਕਿਸ ਦੇਸ਼ ਅਤੇ ਕਿਸ ਸ਼ਤਾਬਦੀ ਵਿੱਚ ਸ਼ੁਰੂ ਹੋਇਆ ਸੀ।
2. ਉਨਾਂ ਤਿੰਨ ਕਾਰਕਾਂ ਦੇ ਨਾਂ ਦੱਸੋ ਜਿਹੜੇ ਕਿ ਸਮਾਜ ਸ਼ਾਸਤਰ ਦੇ ਸੁਤੰਤਰ ਰੂਪ ਨੂੰ ਉਭਾਰਨ ਵਿੱਚ ਸਹਾਈ ਹੋਏ।
3. ਗਿਆਨ ਨਾਲ਼ ਜੁੜੇ ਹੋਏ ਦੋ ਚਿੰਤਕਾਂ ਦੇ ਨਾਂ ਦੱਸੋ।
4. ਫਰਾਂਸੀਸੀ ਕ੍ਰਾਂਤੀ ਕਿਹੜੇ ਸੰਨ ਵਿੱਚ ਹੋਏ ਸੀ।
5. ਸਕਾਰਾਤਮਕ ਸ਼ਬਦ ਦਾ ਪ੍ਰਯੋਗ ਕਿਸ ਲਈ ਕੀਤਾ ਜਾਂਦਾ ਹੈ।
6. ਸਮਾਜਿਕ ਸਟੈਟਿਕਸ ਅਤੇ ਸਮਾਜਿਕ ਡਾਇਨਿਮਿਕਸ ਦੀਆਂ ਦੋ ਸ਼ਾਖਾਵਾਂ ਕਿਸ ਨੇ ਦਿੱਤੀਆਂ ਹਨ।
7. ਅਗਸਤ ਕਾਮਤੇ ਦੇ ਤਿੰਨ ਪੜਾਵਾਂ ਦੇ ਸਿਧਾਂਤ ਦਾ ਚਾਰਟ ਬਣਾਓ।
8. ਕਾਰਲ ਮਾਰਕਸ ਦੇ ਵਰਗ ਦਾ ਸਿਧਾਂਤ ਕਿਸ ਉੱਪਰ ਨਿਰਭਰ ਹੈ।
9. "ਕਮਿਊਨਿਸਟ ਮੈਨੀਫੈਸਟੋ" ਕਿਤਾਬ ਕਿਸਨੇ ਲਿਖੀ ਹੈ।
10. ਕਾਰਲ ਮਾਰਕਸ ਦੁਆਰਾ ਸਮਾਜਿਕ ਪਰਿਵਰਤਨ ਦੇ ਕਿਹੜੇ ਪੜਾਅ ਹਨ।
11. ਕਿਸਨੇ ਸਮਾਜ ਵਿੱਚ ਉਪਸਥਿਤ ਏਕਤਾ ਦੀ ਪ੍ਰਕਿਰਤੀ ਦੇ ਆਧਾਰ 'ਤੇ ਸਮਾਜ ਨੂੰ ਵਰਗੀਕ੍ਰਿਤ ਕੀਤਾ।
12. ਇਮਾਈਲ ਦੁਰਖ਼ੀਮ ਦੁਆਰਾ ਦਿੱਤੀਆਂ ਗਈਆਂ ਦੋ ਤਰ੍ਹਾਂ ਦੀਆਂ ਏਕਤਾਵਾਂ ਬਾਰੇ ਦੱਸੋ।
13. ਮੈਕਸ ਵੈਬਰ ਦੁਆਰਾ ਦਿੱਤੇ ਗਏ ਸਮਾਜਿਕ ਕਿਰਿਆ ਦੀਆਂ ਕਿਸਮਾਂ ਦੱਸੋ।
14. ਮੈਕਸ ਵੈਬਰ ਦੁਆਰਾ ਦੱਸੀ ਗਈ ਸੱਤਾ ਦੀਆਂ ਕਿਸਮਾਂ ਦੱਸੋ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ।**

1. ਗਿਆਨ ਕੀ ਹੈ ?
2. ਧਾਰਮਿਕ ਅਤੇ ਅਧਿਆਤਮਕ ਪੜਾਅ 'ਤੇ ਛੋਟਾ ਨੋਟ ਲਿਖੋ।
3. ਜੀਵ-ਵਾਦ ਤੋਂ ਤੁਸੀਂ ਕੀ ਸਮਝਦੇ ਹੋ ?
4. ਵਰਗ ਚੇਤਨਾ ਤੋਂ ਤੁਸੀਂ ਕੀ ਸਮਝਦੇ ਹੋ ?
5. ਇਤਿਹਾਸਿਕ ਪਦਾਰਥਵਾਦ ਨੂੰ ਪਰਿਭਾਸ਼ਿਤ ਕਰੋ।
6. ਸਮਾਜਿਕ ਤੱਥਾਂ 'ਤੇ ਸੰਖੇਪ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

7. ਸਮਾਜਿਕ ਏਕਤਾ ਕੀ ਹੈ ?
8. ਜੈਕਰੈਸ਼ਨਲ ਕਿਰਿਆ ਤੋਂ ਤੁਸੀਂ ਕੀ ਸਮਝਦੇ ਹੋ ?
9. ਭਾਵਨਾਤਮਕ ਕ੍ਰਿਆ ਕੀ ਹੈ ?
10. ਸੱਤਾ ਕੀ ਹੈ ?

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 75-85 ਸ਼ਬਦਾਂ ਵਿੱਚ ਦਿਓ।

1. ਆਗਸਤ ਕਾਮਤੇ ਦਾ ਤਿੰਨ ਪੜਾਵਾਂ ਦਾ ਸਿਧਾਂਤ ਲਿਖੋ।
2. ਏਕਤਾ ਦੀਆਂ ਵਿਸ਼ੇਸ਼ਤਾਵਾਂ ਦੱਸੋ।
3. ਆਂਗਿਕ ਏਕਤਾ ਦੀਆਂ ਵਿਸ਼ੇਸ਼ਤਾਵਾਂ ਦੱਸੋ।
4. ਧਰਮ ਸ਼ਾਸਤਰੀ ਅਤੇ ਪਰਾ-ਭੌਤਿਕ ਪੜਾਅ ਵਿੱਚ ਭਿੰਨਤਾ ਕਰੋ।
5. ਕੀ ਤੁਸੀਂ ਸੋਚਦੇ ਹੋ ਕਿ ਪੂੰਜੀਵਾਦ ਕਮਿਉਨਿਸਟ ਸਮਾਜਾਂ ਵਿੱਚੋਂ ਆਉਣ ਵਾਲ਼ੇ ਸਮੇਂ ਵਿੱਚ ਖ਼ਤਮ ਹੋ ਜਾਏਗਾ।

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 200-250 ਸ਼ਬਦਾਂ ਵਿੱਚ ਦਿਓ।

1. ਕੀ ਸਮਾਜ ਵਿਗਿਆਨ ਜੋ ਕਿ ਆਗਸਤ ਕਾਮਤੇ ਦੁਆਰਾ ਸੋਚਿਆ ਗਿਆ ਸੀ ਉਸੀ ਤਰ੍ਹਾਂ ਪੂਰਨ ਤੌਰ ਤੇ ਵਿਕਸਿਤ ਹੋ ਗਿਆ ਹੈ।
2. ਮਾਰਕਸ ਦੀ ਵਰਗ ਸੰਘਰਸ਼ ਦਾ ਸਿਧਾਂਤ ਕੀ ਹੈ।
3. ਰੂਸ ਅਤੇ ਚੀਨ ਦੀ ਸਮਾਜ ਵਾਦੀ ਕ੍ਰਾਂਤੀ ਉੱਪਰ ਨੋਟ ਲਿਖੋ।
4. ਦੁਰਖ਼ੀਮ ਦੇ ਸਮਾਜ ਵਿਗਿਆਨ ਵਿੱਚ ਦੇਣ ਦੱਸੋ।
5. ਵੈਬਰ ਦੁਆਰਾ ਸਮਾਜਿਕ ਕਿਰਿਆ ਦੀਆਂ ਕਿਸਮਾਂ ਦੀ ਚਰਚਾ ਕਰੋ।
6. ਵੈਬਰ ਕਿਸ ਤਰ੍ਹਾਂ ਧਰਮ ਦਾ ਆਰਥਿਕ ਕਿਰਆ ਨਾਲ਼ ਸੰਬੰਧ ਦੱਸੋ।



Downloaded from https:// www.studiestoday.com

Downloaded from https:// www.studiestoday.com

## ਸਹਾਇਕ ਪੁਸਤਕਾਂ

ਐਬਰਾਹਿਮ, ਐਮ: ਫਰਾਂਸਿਸ 1997 ਮਾਡਰਨ ਸੋਸ਼ੋਲੋਜੀਕਲ ਥਿਊਰੀ: ਐਨ ਇੰਟਰੋਡੈਕਸ਼ਨ, ਨਵੀਂ ਦਿੱਲੀ; ਆਕਸਫੋਰਡ ਯੂਨੀਵਰਸਿਟੀ ਪ੍ਰੈਸ

ਬੈਨੇਡਿਕਟ, ਰੂਥ ਐੱਫ: 1946, ਪੈਟਰਨਜ਼ ਆਫ਼ ਕਲਚਰ, ਨਵੀਂ ਦਿੱਲੀ: ਪੈਂਗੁਅਨ ਬੁੱਕਸ

ਬੋਟੋਮੋਰ, ਟੀ.ਬੀ. 1987 ਸੋਸ਼ਾਲੋਜੀ: ਏ ਗਾਈਡ ਟੂ ਪਰਾਬਲਮਜ਼ ਐਂਡ ਲਿਟਰੇਚਰ (III ਅਡੀਸ਼ਨ) ਲੰਡਨ ਐਲਨ ਐਂਡ ਅਨਵਿਨ

ਬਰੂਮ ਲਿਓਨਰਡ, ਫਿਲਿਪ ਸੇਲਜ਼ਨਿਕ ਐਂਡ ਡੋਰੋਥੀ ਬਰੂਮ ਡਰੋਚ 1991 ਸੋਸ਼ਾਲੋਜੀ, ਨਵੀਂ ਦਿੱਲੀ: ਹੈਪਰ ਐਂਡ ਰਾਅ ਪਬਲਿਸ਼ਰਜ਼

ਕੈਲੀਨਿਕੋਸ ਅਲੈਕਸ, 1999 ਸੋਸ਼ਲ ਥਿਊਰੀ, ਏ ਹਿਸਟੌਰੀਕਲ ਇੰਟਰੋਡੈਕਸ਼ਨ ਕੈਂਮਬਰਜ਼ ਪੋਲੀਟੀ ਪ੍ਰੈਸ

ਕਾਕਲਿਨ, ਜੋਹਨ, ਈ: 1984, ਸੋਸ਼ਾਲੋਜੀ: ਐਨ ਇੰਟਰੋਡੈਕਸ਼ਨ, ਨਿਊ ਯਾਰਕ ਮੈਕਮਿਲਨ ਪਬਲਿਸ਼ਿੰਗ ਕੰਪਨੀ

ਕੂਲੇ, ਸੀ.ਐੱਚ 1983 ਹਿਊੱਮਨ ਨੇਚਰ ਐਂਡ 2 ਸੋਸ਼ਲ ਆਰਡਰ ਨਿਉ ਜਰਸੀ ਟਰਾਂਸੈਕਸ਼ਨ ਪਬਲਿਸ਼ਰਜ

ਦਾਸ ਗੁਪਤਾ, ਸਮੀਰ ਐਂਡ ਪਾਲੋਮੀ ਸਾਹਾ, 2012 ਐਨ ਇੰਟਰੋਡੈਕਸ਼ਨ ਟੂ ਸੋਸ਼ਾਲੋਜੀ ਨਿਉ ਦਿੱਲੀ ਪੀਅਰਸਨ

ਡੇਵਿਸ ਕਿੰਗਸਲੇ 1981, ਹਿਊ ਮੈਨ ਸੁਸਾਇਟੀ ਨਵੀਂ ਦਿੱਲੀ ਸਬਜੈਕਟ ਪਬਲੀਕੇਸ਼ਨ।

ਫਗਾਨ, ਬਰਾਇਨ ਐੱਮ. 1992. ਪੀਪਲ ਆਫ਼ ਦਾ ਅਰਥ, ਲੰਦਨ:ਹਰਪਰ ਕੋਲਿਨਜ਼

ਘੋਸ਼, ਸੁਰੇਸ਼ ਚੰਦਰ 2009, ਦਾ ਹਿਸਟਰੀ ਆਫ਼ ਐਜੂਕੇਸ਼ਨ ਇਨ ਮਾਡਰਨ ਇੰਡੀਆ 1757-2007, ਨਵੀਂ ਦਿੱਲੀ: ਉਰੀਐਂਟ ਬਲੈਕਸਵਾਨ:

ਗਿਡਨਜ਼, ਐਨਥਨੀ. 1993 ਸ਼ਸ਼ੋਲਿਜੀ, ਕੈਮਬਰਿਜ: ਪੋਲਿਟੀ ਪ੍ਰੈੱਸ.

ਗਿਜ਼ਬਰਟ, ਪੀ.1995 ਫੰਡਾਮੈਂਟਲਸ ਆਫ਼ ਸੋਸ਼ਾਲੋਜੀ, ਮੁੰਬਈ: ਉਰੀਐਂਟ ਲਾਂਗਮਨ.

ਗੁਪਤਾ, ਦੀਪਾਂਕਰ 1992 ਪੋਲੀਟੀਕਲ ਸੋਸ਼ਾਲੋਜੀ ਐਂਡ ਇੰਡੀਅਨ ਕਾਨਟੈਂਪਰੇਰੀ ਟ੍ਰੇਂਡਜ, ਨਵੀਂ ਦਿੱਲੀ: ਉਰੀਐਂਟ ਲਾਂਗਮਨ

ਹਿਉਗਸ, ਜਾਨ ਏ., ਵੈੱਸ ਸ਼ੇਰੌਕ ਐਂਡ ਪੀਟਰ ਜੇ. ਮਾਰਟਿਨ. 1995 ਅੰਡਰ ਸਟੈਡਿੰਗ ਕਲਾਸੀਕਲ ਸੋਸ਼ਾਲੋਜੀ: ਮਾਰਕਸ, ਵੈੱਬਰ, ਦੁਰਖ਼ੀਮ, ਸੇਜ ਪਬਲੀਕੇਸ਼ਨ ਲੰਦਨ

ਇਗਨੋ ਦਾ ਸਟੱਡੀ ਅਫ ਸੁਸਾਇਟੀ, ਇੰਦਰਾ ਗਾਂਧੀ ਨੈਸ਼ਨਲ ਉਪਨ ਯੂਨੀਵਰਸਿਟੀ ਯੂਨੀਟ 9 ਏਜੰਸੀਜ਼ ਆਫ਼ ਸੋਸ਼ਲਾਈਜੇਸ਼ਨ

ਇਗਨੋ, ਸੁਸਾਇਟੀ ਇੰਨ ਇੰਡੀਆ, ਇੰਦਰਾ ਗਾਂਧੀ ਉਪਨ ਯੂਨੀਵਰਸਿਟੀ ਜਾਨਸਨ, ਐਲਨ ਜੀ. 1999 ਦਾ ਬਲੈੱਕਵੈੱਲ ਡਿਕਸ਼ਨਰੀ ਆਫ਼ ਸ਼ਸੋਲਿਜੀ, ਆਕਸਫਾਰਡ ਯੂ.ਕੇ. ਬਲੈਕਵੈੱਲ ਪਬਲਿਸ਼ਰਜ਼ ਲਿਮਟਿਡ.

ਜਾਹਨਸਨ, ਹੈਰੀ. ਐੱਮ. 1960 ਸੋਸ਼ਾਲੋਜੀ, ਨਵੀਂ ਦਿੱਲੀ ਅਲਾਈਡ ਪਬਲਿਸ਼ਰਜ਼ ਪ੍ਰਾਈਵੇਟ ਲਿਮਟਿਡ.ਕਲੋਕਹੋਨ, ਕਲਾਈਡ 1949 ਮਿਰਰ ਆਫ਼ ਮੈਨ. ਨਿਊਯਾਰਕ: ਐੱਮ ਸੀ ਗਰਾਓ ਹਿਲ ਬੁੱਕ ਕੰਪਨੀ

ਲੀਅਚ, ਐਡਮੰਡ. 1968 "ਸੋਸ਼ਲ ਸਟਰਕਚਰ"। ਇਨ ਡੇਵਿਡ ਆਈ (ਸੰਪਾਦਿਤ) ਸਿਲਸ ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸ, ਨਿਊਯਾਰਕ: ਮੈਕਮਿਲਨ ਕੰਪਨੀ ਐਂਡ ਦੀ ਫਰੀ ਪਰੈੱਸ,

ਲਿਨਟਨ, ਰਾਲਫ਼ 1936 ਦੀ ਸਟੱਡੀ ਆਫ਼ ਮੈਨ, ਨਿਊ ਯਾਰਕ.ਡੀ. ਐਪਲਟਨ. ਸੈਂਚਰੀ ਕਾਮ

ਮੈਕਾਈਵਰ. ਆਰ. ਐੱਮ. ਐਂਡ ਸੀ. ਐੱਚ ਪੇਜ 1992 ਸੁਸਾਇਟੀ: ਐਨ ਇੰਟਰੋਡਕਟਰੀ ਐਨਾਲਾਈਜ਼ਜ, ਮਦਰਾਸ: ਮੈਕਮਿਲਨ ਲਿਮਟਿਡ

ਮਦਾਨ.ਟੀ.ਐੱਨ. 1992. ਰਲੀਜਨ ਇਨ ਇੰਡੀਆ, ਨਵੀਂ ਦਿੱਲੀ।



Downloaded from https:// www.studiestoday.com

Downloaded from https:// www.studiestoday.com

ਆਕਸਫੋਰਡ ਯੂਨੀਵਰਸਿਟੀ ਪਰੈਸ
ਮਾਰਸ਼ਲ, ਗੋਰਦਨ 1998, ਆਕਸਫੋਰਡ ਡਿਕਸ਼ਨਰੀ ਆਫ ਸ਼ਸ਼ੌਲਿਜੀ ਨਵੀਂ ਦਿੱਲੀ: ਆਕਸਫੋਰਡ ਯੂਨੀਵਰਸਿਟੀ ਪੈਰਸ
ਮਾਰੀਸਨ ਕੇ. 1995 ਮਾਰਕਸ ਦੁਰਖ਼ੀਮ ਵੈੱਬਰ: ਫਾਰਮੇਸ਼ਨਜ਼ ਆਫ਼ ਮਾਡਰਨ ਸੋਸ਼ਲ ਥੌਟ, ਸੇਜ ਪਬਲੀਕੇਸ਼ਨਜ਼ ਲੰਦਨ: ਮੁਖਰਜੀ, ਡੀ. ਪੀ. 1948/1979 ਸ਼ਸ਼ੌਲਿਜੀ ਆਫ਼ ਇੰਡੀਅਨ ਕਲਚਰ, ਜੈਪੁਰ: ਰਾਵਤ ਪਬਲੀਕੇਸ਼ਨਜ਼
ਐੱਨ. ਸੀ. ਈ. ਆਰ.ਟੀ. 2006, ਇਟਰੋਡਿਊਸਿੰਗ ਸੋਸ਼ਾਲੋਜੀ -ਏ.ਟੈਕਸਟ ਬੁੱਕ ਫਾਰ ਕਲਾਸ XI ਨਵੀਂ ਦਿੱਲੀ।
ਨੈਸ਼ਨਲ ਕੌਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ
ਐੱਨ. ਸੀ.ਈ. ਆਰ.ਟੀ, 2006. ਸ਼ਸ਼ੌਲਿਜੀ. ਐਨ ਇੰਟਰੋਡੈਕਸ਼ਨ ਏ ਟੈਕਸਟਬੁੱਕ ਫ਼ਾਰ ਕਲਾਸ XI ਨਵੀਂ ਦਿੱਲੀ: ਨੈਸ਼ਨਲ ਕਾਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ
ਐੱਨ. ਸੀ. ਈ. ਆਰ.ਟੀ, 2006 ਅੰਡਰਸਟੈਂਡਿੰਗ ਸੁਸਾਇਟੀ - ਏ ਟੈਕਸਟਬੁੱਕ ਫ਼ਾਰ ਕਲਾਸ XI ਨਵੀਂ ਦਿੱਲੀ ਨੈਸ਼ਨਲ ਕੌਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ
ਐੱਨ ਆਈ ਓ. ਐੱਸ, ਸੋਸ਼ਾਲੋਜੀ (ਟੈਕਸਟਬੁੱਕ, ਸੀਨੀਅਰ ਸੈਕੰਡਰੀ ਕੋਰਸਿਜ਼), ਨਵੀਂ ਦਿੱਲੀ: ਨੈਸ਼ਨਲ ਇੰਸਟੀਚਿਊਟ ਆਫ਼ ਉਪਨ ਸਕੂਲਿੰਗ
ਓਗਬਰਨ ਡਬਲਿਊ. ਐੱਫ ਐਂਡ ਐੱਮ ਨਿੰਮਕਾਫ਼ 1979 A ਹੈਂਡਬੁੱਕ ਆਫ਼ ਸੋਸ਼ਾਲੋਜੀ, ਨਵੀਂ ਦਿੱਲੀ। ਐਮਾਸਿਕਾ ਪਬਲਿਸ਼ਿੰਗ ਹਾਊਸ,
ਪਾਹਲ, ਆਰ. ਈ. 1984 ਡਵੀਜ਼ਨ ਆਫ਼ ਲੇਬਰ, ਆਕਸਫੋਰਡ: ਬੇਸਿਲ ਬਲੈਕਵੈੱਲ
ਪਾਂਡੇ, ਗੋਬਿੰਦ ਚੰਦਰਾ. 1984, ਫਾਊਂਡੇਸ਼ਨ ਆਫ਼ ਇੰਡੀਅਨ ਕਲਚਰ, ਨਵੀਂ ਦਿੱਲੀ ਬੁੱਕਸ ਐਂਡ ਬੁੱਕਸ.
ਪ੍ਰਾਤਿਚੀ ਐਜੂਕੇਸ਼ਨ ਰਿਪੋਰਟ 2002. ਨਵੀਂ ਦਿੱਲੀ ਦਾ ਪ੍ਰਾਤਿਚੀ ਟਰੱਸਟ
ਰੈਡਕਲਿਫ਼-ਬਰਾਊਨ, ਏ.ਆਰ. 1965 ਸਟਰਗਲਚਰ ਐਂਡ ਫੰਕਸ਼ਨ ਇਨ ਪ੍ਰਮਿਟਵ ਸੁਸਾਇਟੀ. ਐਸੇਜ਼ ਐਂਡ ਐਡਰੈਸਿਸ: ਗਲੈਨਕੋ ਫਰੀ ਪ੍ਰੈੱਸ
ਰਾਓ. ਸੀ. ਐੱਨ ਸ਼ੰਕਰ 2008 ਸੋਸ਼ਾਲੋਜੀ. ਨਵੀਂ ਦਿੱਲੀ. ਐੱਸ ਚੰਦ ਐਂਡ ਕੰਪਨੀ ਲਿਮਟਿਡ
ਰਾਓ, ਸੀ. ਐੱਨ ਸ਼ੰਕਰ 2006 ਪ੍ਰਿੰਸੀਪਲਜ਼ ਆਫ਼ ਸੋਸ਼ਾਲੋਜੀ (ਵਿਦ ਐਨ ਇੰਟਰੋਡੇਕਸ਼ਨ ਟੂ ਸੋਸ਼ਾਲੋਜੀ ਥੌਟ) ਨਵੀਂ ਦਿੱਲੀ
ਐੱਸ ਚਾਂਦ ਐਂਡ ਕੰਪਨੀ ਲਿਮਟਿਡ. ਰਾਮ ਨਗਰ
ਰਾਵਤ, ਐੱਚ. ਕੇ. 2009 ਸੋਸ਼ਾਲੋਜੀ, ਬੇਸਿਕ ਕਾਨਸੈਪਟਸ ਨਵੀਂ ਦਿੱਲੀ ਰਾਵਤ ਪਬਲੀਕੇਸ਼ਨ
ਰਿਟਜ਼ਰ, ਜਾਰਜ ਐਂਡ ਬੈਰੀ ਸਮਾਰਟ 2003 ਹੈਂਡਬੁੱਕ ਆਫ਼ ਸੋਸ਼ਲ ਥਿਊਰੀ. ਨਵੀਂ ਦਿੱਲੀ ਸੇਜ ਪਬਲੀਕੇਸ਼ਨਜ਼,
ਸਾਹ ਏ.ਐੱਮ. 1998 ਫੈਮਿਲੀ ਇਨ ਇੰਡੀਆ ਕਰੀਟੀਕਲ ਐਸੇਜ਼, ਹੈਦਰਾਬਾਦ: ਓਰੀਐਂਟ ਲਾਂਗਮੈਨ ਸਿੰਘ,
ਰੇਨੂ 2014 ਇੰਟਰੋਡਿਊਸਿੰਗ ਸੋਸ਼ਾਲੋਜੀ (ਕਲਾਸ XI) ਜਵਾਹਰ ਨਗਰ, ਨਵੀਂ ਦਿੱਲੀ: ਵਿਵੇਕ ਪ੍ਰਕਾਸ਼ਨ
ਟਾਈਲਰ, ਐਡਵਰਡ ਬੀ. 1871/1958 ਪ੍ਰੀਮੀਟਿਵ ਕਲਚਰ ਵੋਲਸ ਲੰਦਨ: ਜਾਨ ਮੱਰੇ:
ਓਬਰਾਏ, ਪਤਰਿਸੀਆ, 1993 ਫੈਮਿਲੀ, ਮੈਰਿਜ ਐਂਡ ਕਿਨਸ਼ਿਪ, ਨਵੀਂ ਦਿੱਲੀ: ਏਸ਼ੀਆ ਪਬਲਿਸ਼ਿੰਗ ਹਾਊਸ
ਵਾਰਸਲੇ, ਪੀਟਰ 1970 ਇੰਟਰੋਡਿਊਸਿੰਗ ਸੋਸ਼ਾਲੋਜੀ, ਲੰਦਨ: ਪੈਂਗੂਇਨ ਬੁੱਕਸ:
ਸ਼ਬਦ ਅਤੇ ਸ਼ਬਦ ਜੋੜ ਕੋਸ਼- ਡਾ. ਹਰਕੀਰਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ।



Downloaded from https:// www.studiestoday.com